**Reo-Bankowned Properties**
From San Jose to Sacramento
JASSI GILL Broker/Owner
510-304-9292
**Refinance Now**
@ZERO COST
Call Sukhi Gill:510-207-9067
Jassi Gill
CA DRE Lic.#01180969
CA DRE# 00966763

**Hardeep S. Rai**
ਇੰਮੀਗਰੇਸ਼ਨ ਵਕੀਲ
Attorney-at-Law
• ਨੌਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO
TEL: 415.693.9131
FAX. 415.693.9135
rai@hsrai.com
www.hsrai.com
SAN JOSE
TEL: 408.280.1111
FAX. 408.280.1212

**Kuldip Singh Dhariwal**
Attorney At Law
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Tel : (510) 744-1280
Fax: (510) 744-4192
ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com

Twelfth Year in Publication
ਕੈਲੇਫੋਰਨੀਆ ਐਡੀਸ਼ਨ
Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ


# ਪੰਜਾਬ ਟਾਈਮਜ਼

Punjab Times, Vol 12, Issue 27, July 2, 2011
20451 N Plum Grove Rd. Palatine, IL 60074
Ph:847-359-0746, Fax:847-705-9388

# ਯੂ.ਪੀ.ਏ. ਸਰਕਾਰ ਅੰਨਾ ਹਜ਼ਾਰੇ ਨਾਲ ਵੀ ਦੋ-ਦੋ ਹੱਥ ਕਰਨ ਲਈ ਤਿਆਰ

## ਦਬਾਅ ਅੱਗੇ ਲਿਫਣ ਦੀ ਕੋਈ ਲੋੜ ਨਹੀਂ: ਕਾਂਗਰਸ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਕੇਂਦਰ ਸਰਕਾਰ ਨੇ ਭ੍ਰਿਸ਼ਟਾਚਾਰ ਖ਼ਿਲਾਫ਼ ਲੋਕ ਲਹਿਰ ਉਸਾਰਨ ਲਈ ਯਤਨਸ਼ੀਲ ਗਾਂਧੀਵਾਦੀ ਅੰਨਾ ਹਜ਼ਾਰੇ ਦੀ ਟੀਮ ਨਾਲ ਵੀ ਯੋਗ ਗੁਰੂ ਬਾਬਾ ਰਾਮਦੇਵ ਵਾਲਾ ਵਿਹਾਰ ਕਰਨ ਦਾ ਇਰਾਦਾ ਕਰ ਲਿਆ ਹੈ। ਯਾਦ ਰਹੇ ਕਿ ਸਰਕਾਰ ਨੇ ਰਾਤੋ-ਰਾਤ ਵੱਡੀ ਕਾਰਵਾਈ ਕਰਕੇ ਬਾਬਾ ਰਾਮਦੇਵ ਨੂੰ ਨਵੀਂ ਦਿੱਲੀ ਤੋਂ ਖਦੇੜ ਕੇ ਦੇਹਰਾਦੂਨ ਅਪੜਾ ਦਿੱਤਾ ਸੀ ਅਤੇ ਹੁਣ ਸਪਸ਼ਟ ਐਲਾਨ ਕਰ ਦਿੱਤਾ ਹੈ ਕਿ ਲੋਕਪਾਲ ਬਿੱਲ ਦਾ ਖਰੜਾ ਤਿਆਰ ਕਰਨ ਲਈ ਸਰਕਾਰ ਹੋਰ ਸਿਆਸੀ ਦਲਾਂ ਨਾਲ ਸਲਾਹ-ਮਸ਼ਵਰਾ ਤਾਂ ਕਰੇਗੀ ਪਰ ਸਿਵਲ ਸੁਸਾਇਟੀ ਨੂੰ ਇਸ ਅਮਲ ਵਿਚ ਸ਼ਾਮਲ ਕਰਨ ਦੀ ਗਲਤੀ ਦੁਬਾਰਾ ਨਹੀਂ ਕਰੇਗੀ।


ਕਪਿਲ ਸਿੱਬਲ

ਕੇਂਦਰੀ ਮੰਤਰੀ ਕਪਿਲ ਸਿੱਬਲ ਨੇ ਕਿਹਾ ਹੈ ਕਿ ਅੰਨਾ ਹਜ਼ਾਰੇ ਦੀ ਧਿਰ ਨੂੰ ਸ਼ਾਮਲ ਕਰਨ ਕਰਕੇ ਹੋਏ 'ਕੌੜੇ ਤਜਰਬੇ' ਦੇ ਮੱਦੇਨਜ਼ਰ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਇਹ ਭਵਿੱਖ ਵਿਚ ਇਸ ਤਰ੍ਹਾਂ ਦਾ ਤਜਰਬਾ ਮੁੜ ਨਹੀਂ ਕਰੇਗੀ। ਉਧਰ ਸਰਕਾਰ ਦੇ ਇਸ ਰੁਖ਼ ਤੋਂ ਖਫ਼ਾ ਹੋਏ ਅੰਨਾ ਹਜ਼ਾਰੇ ਨੇ 16 ਅਗਸਤ ਤੋਂ ਮੁੜ ਮਰਨ ਵਰਤ ਸ਼ੁਰੂ ਕਰਨ ਦਾ ਐਲਾਨ ਕਰ ਦਿੱਤਾ ਹੈ।

ਜ਼ਿਕਰਯੋਗ ਹੈ ਕਿ ਅੰਨਾ ਹਜ਼ਾਰੇ ਦੇ ਮਰਨ ਵਰਤ ਤੋਂ ਬਾਅਦ ਦੇਸ਼-ਵਿਆਪੀ ਉਭਰੀ ਭ੍ਰਿਸ਼ਟਾਚਾਰ ਖ਼ਿਲਾਫ਼ ਲੋਕ ਲਹਿਰ ਅੱਗੇ ਝੁਕਦਿਆਂ ਕੇਂਦਰ ਦੀ ਯੂ.ਪੀ.ਏ. ਸਰਕਾਰ ਨੇ ਲੋਕ ਪਾਲ ਬਿੱਲ 15 ਅਗਸਤ ਤੱਕ ਪਾਸ ਕਰਨ ਦਾ ਭਰੋਸਾ ਦਿੱਤਾ ਸੀ ਪਰ ਅੰਨਾ ਹਜ਼ਾਰੇ ਟੀਮ ਵੱਲੋਂ ਪ੍ਰਧਾਨ ਮੰਤਰੀ ਦੇ ਅਹੁਦੇ ਨੂੰ ਵੀ ਇਸ ਕਾਨੂੰਨ ਦੇ ਦਾਇਰੇ 'ਚ ਲਿਆਉਣ ਲਾਈ ਪਾਏ ਜਾ ਰਹੇ ਦਬਾਅ ਅੱਗੇ ਸਰਕਾਰ ਨੇ ਝੁਕਣ ਤੋਂ ਇਨਕਾਰ ਦਿੱਤਾ ਹੈ। ਸਰਕਾਰ ਨੇ ਭਾਵੇਂ ਹਜ਼ਾਰੇ ਦੀ ਇਸ ਮੰਗ ਨੂੰ ਮੂਲੋਂ ਰੱਦ ਕਰ ਦਿੱਤਾ ਹੈ ਪਰ ਸਿਵਲ ਸੁਸਾਇਟੀ ਨੂੰ ਵਿਰੋਧੀ ਧਿਰਾਂ ਤੋਂ ਇਲਾਵਾ ਹੋਰ ਵੱਖ-ਵੱਖ ਧਿਰਾਂ ਦੀ ਹਮਾਇਤ ਮਿਲਣੀ ਸ਼ੁਰੂ ਹੋ ਗਈ ਹੈ ਜੋ ਸਰਕਾਰ ਲਈ ਮੁੜ ਮੁਸੀਬਤ ਖੜ੍ਹੀ ਕਰ ਸਕਦੀ ਹੈ।

ਮਨੁੱਖੀ ਵਸੀਲਿਆਂ ਦੇ ਵਿਕਾਸ ਬਾਰੇ ਮੰਤਰੀ ਕਪਿਲ ਸਿੱਬਲ ਨੇ ਤਾਂ ਇਥੋਂ ਤੱਕ ਕਹਿ ਦਿੱਤਾ ਕਿ ਗਾਂਧੀਵਾਦੀ ਨੇਤਾ ਅੰਨਾ ਹਜ਼ਾਰੇ ਲੋਕਪਾਲ ਬਿੱਲ ਰਾਹੀਂ ਬਿਨਾਂ ਜਵਾਬਦੇਹੀ ਵਾਲੀ ਬਰਾਬਰ ਦੀ ਸਰਕਾਰ ਦਾ ਬਣਾਉਣਾ ਚਾਹੁੰਦੇ ਹਨ ਜੋ ਸੰਵਿਧਾਨ ਦੀ ਰਚਨਾ ਦੇ ਵਿਰੁਧ ਹੈ। ਉਨ੍ਹਾਂ ਕਿਹਾ, "ਅੰਨਾ ਹਜ਼ਾਰੇ ਲੋਕਪਾਲ ਲਈ ਜੁਆਬਦੇਹੀ ਤੋਂ ਬਿਨਾਂ ਹੀ ਵਧੇਰੇ ਸ਼ਕਤੀਆਂ ਚਾਹੁੰਦੇ ਹਨ ਜਿਸ ਦਾ ਅਰਥ ਹੈ ਕਿ ਉਹ ਬਰਾਬਰ ਸਰਕਾਰ ਚਾਹੁੰਦੇ ਹਨ।" ਉਨ੍ਹਾਂ ਪੁੱਛਿਆ ਕਿ ਕੀ ਕਦੇ ਸੰਵਿਧਾਨ ਘਾੜਿਆਂ ਨੇ ਇਹ ਸੋਚਿਆ ਹੋਏਗਾ ਕਿ ਭਵਿੱਖ 'ਚ ਅਜਿਹੀ ਮੁਸ਼ਕਲ ਵੀ ਖੜ੍ਹੀ ਹੋ ਸਕਦੀ ਹੈ? ਉਨ੍ਹਾਂ ਕਿਹਾ ਕਿ ਅੰਨਾ ਹਜ਼ਾਰੇ ਚਾਹੁੰਦੇ ਹਨ ਕਿ ਲੋਕਪਾਲ ਨੂੰ ਅਜਿਹੀ ਤਾਕਤ ਮਿਲ ਜਾਵੇ ਕਿ ਉਹ ਬਿਨਾਂ ਕਿਸੇ ਵੀ ਮਨਜ਼ੂਰੀ ਤੋਂ ਕਿਸੇ ਤੋਂ ਵੀ ਪੁੱਛਗਿੱਛ ਕਰ

(ਬਾਕੀ ਸਫਾ 7 'ਤੇ)

## ਭੁੱਲਰ ਦੀ ਫਾਂਸੀ ਖ਼ਿਲਾਫ਼ ਸੁਪਰੀਮ ਕੋਰਟ 'ਚ ਨਵੀਂ ਪਟੀਸ਼ਨ ਦਾਇਰ

**ਨਵੀਂ ਦਿੱਲੀ:** ਸਜ਼ਾ-ਏ-ਮੌਤ ਦਾ ਸਾਹਮਣਾ ਕਰ ਰਹੇ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਪਤਨੀ ਨਵਨੀਤ ਕੌਰ ਨੇ ਸੁਪਰੀਮ ਕੋਰਟ ਵਿਚ ਦਾਇਰ ਕੀਤੀ ਨਵੀਂ ਪਟੀਸ਼ਨ ਵਿਚ ਅਦਾਲਤ ਤੋਂ ਮੰਗ ਕੀਤੀ ਹੈ ਕਿ ਉਸ ਦੇ ਪਤੀ ਦੀ ਮੌਤ ਦੀ ਸਜ਼ਾ ਰੱਦ ਕਰ ਕੇ ਉਮਰ ਕੈਦ ਵਿਚ ਤਬਦੀਲ ਕੀਤੀ ਜਾਵੇ। ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਕੇ.ਟੀ.ਐਸ. ਤੁਲਸੀ ਰਾਹੀਂ ਦਾਇਰ ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਮਾਨਸਿਕ ਤਵਾਜ਼ਨ ਗੁਆ ਚੁੱਕੇ ਬੰਦੇ ਨੂੰ ਮੌਤ ਦੀ ਸਜ਼ਾ ਨਹੀਂ ਦਿੱਤੀ ਜਾਣੀ ਚਾਹੀਦੀ।

ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਮੌਤ ਦੀ ਸਜ਼ਾ ਦੇਣੀ ਨਾ ਸਿਰਫ 'ਜ਼ਾਲਮਾਨਾ' ਅਤੇ 'ਅਣਮਨੁੱਖੀ' ਗੱਲ ਹੋਵੇਗੀ ਸਗੋਂ ਸੰਵਿਧਾਨ ਦੀ

(ਬਾਕੀ ਸਫਾ 6 'ਤੇ)


ਸਮਾਗਮ ਦੇ ਪ੍ਰਬੰਧਕ ਗ੍ਰਹਿ ਮੰਤਰੀ ਪੀ. ਚਿਦੰਬਰਮ ਉਤੇ ਫੁੱਲਾਂ ਦੀ ਬਰਖਾ ਕਰਦੇ ਹੋਏ

# 84 ਦੇ ਕਤਲੇਆਮ ਲਈ ਸਿੱਖ ਹੁਣ ਮੁਆਫ਼ ਕਰ ਦੇਣ: ਚਿਦੰਬਰਮ

**ਨਵੀਂ ਦਿੱਲੀ:** ਭਾਰਤ ਦੇ ਗ੍ਰਹਿ ਮੰਤਰੀ ਪੀ. ਚਿਦੰਬਰਮ ਨੇ ਕਿਹਾ ਹੈ ਕਿ ਸਿੱਖ 1984 ਦੇ ਕਤਲ-ਏ-ਆਮ ਨੂੰ ਹੁਣ ਭੁਲਾ ਦੇਣ ਤੇ ਮੁਆਫ਼ ਕਰ ਦੇਣ। ਨਾਲ ਹੀ ਉਨ੍ਹਾਂ ਨਵੇਂ ਭਾਰਤ ਦੀ ਉਸਾਰੀ ਵਿਚ ਯੋਗਦਾਨ ਪਾਉਣ ਦਾ ਸੱਦਾ ਦਿੱਤਾ ਹੈ। ਉਨ੍ਹਾਂ ਦੇ ਇਸ ਬਿਆਨ 'ਤੇ ਸਿੱਖ ਭਾਈਚਾਰੇ ਵਿਚ ਬੜਾ ਤਿੱਖਾ ਪ੍ਰਤੀਕਰਮ ਹੋਇਆ ਹੈ। ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਅਤੇ ਸਿੱਖਸ ਫ਼ਾਰ ਜਸਟਿਸ ਨੇ ਤਾਂ ਗ੍ਰਹਿ ਮੰਤਰੀ ਖਿਲਾਫ ਕੇਸ ਦਰਜ ਕਰਵਾਉਣ ਦਾ ਫੈਸਲਾ ਕੀਤਾ ਹੈ। ਇਸ ਬਾਰੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਯਾਦ ਪੱਤਰ ਵੀ ਦਿੱਤਾ ਜਾਵੇਗਾ।

ਇੱਥੇ ਕੇਂਦਰੀ ਗੁਰੂ ਸਿੰਘ ਸਭਾ ਦੇ ਪ੍ਰਧਾਨ ਅਤੇ ਜੰਗਪੁਰਾ ਤੋਂ ਕਾਂਗਰਸ ਦੇ ਵਿਧਾਇਕ ਤਰਵਿੰਦਰ ਸਿੰਘ ਮਰਵਾਹਾ ਦੀ ਅਗਵਾਈ ਵਿਚ ਕਰਵਾਏ ਸਮਾਗਮ ਵਿਚ ਸ੍ਰੀ ਚਿਦੰਬਰਮ ਨੇ ਕਿਹਾ, "ਹੁਣ ਸਮਾਂ ਉਨ੍ਹਾਂ ਮਾੜੇ ਸਮਿਆਂ ਨੂੰ ਭੁਲਾਉਣ ਤੇ ਮੁਆਫ਼ ਕਰਨ ਅਤੇ ਅਜਿਹਾ ਨਵਾਂ ਭਾਰਤ ਉਸਾਰਨ ਦਾ ਹੈ ਜਿੱਥੇ ਹਰ ਕਿਸੇ ਨੂੰ ਬਰਾਬਰ ਦਾ ਸਨਮਾਨ ਮਿਲੇ।" ਉਨ੍ਹਾਂ ਯਾਦ ਕਰਵਾਇਆ ਕਿ 2005 ਵਿਚ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਵੀ ਸੰਸਦ ਵਿਚ 1984 ਦੇ ਸਿੱਖ ਕਤਲ-ਏ-ਆਮ ਲਈ ਮੁਆਫ਼ੀ ਮੰਗੀ ਸੀ। ਇਹ ਸਮਾਗਮ 142 ਸਿੱਖਾਂ ਦੇ ਨਾਂ ਕਾਲੀ ਸੂਚੀ ਵਿਚੋਂ ਕੱਢਣ ਦੇ ਮਾਮਲੇ ਨੂੰ ਮੁੱਖ ਰੱਖ ਕੇ ਸਭਾ ਵੱਲੋਂ ਕਰਵਾਇਆ ਗਿਆ ਸੀ।

ਗ੍ਰਹਿ ਮੰਤਰੀ ਨੇ ਕਿਹਾ, "ਮੈਨੂੰ ਖੁਸ਼ੀ ਹੈ ਕਿ ਮੈਂ 142 ਸਿੱਖਾਂ ਦਾ ਨਾਂ ਕਾਲੀ ਸੂਚੀ ਵਿਚੋਂ

(ਬਾਕੀ ਸਫਾ 6 'ਤੇ)

**REAL ESTATE & HOME LOANS**
Low Interest Rate
3.5% Down Payment
Free Credit Report
Free Pre-Approval
Successful Shortsale ਲਈ ਅੱਜ ਹੀ ਕਾਲ ਕਰੋ!
AMAN HUNDAL
Broker / Associate
Century 21
M&M and Associates
209.918.6464
ahundal@c21mm.com

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja SWEETS & CATERING
AUTHORIZED CATERER FOR MAJOR 5-STAR HOTELS
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
Call Makhan Bains or Ravinder Singh for your next Party 1-866-FOR RAJA www.RajaSweets.com

Law Offices Of
**Manpreet S. Gahra**
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
ਬਿਜਨਸ ਲਾਅ
Manpreet S.Gahra
Attorney At Law
Berkeley Office
2161 Shattuck Ave. #304, Berkeley
Ph. 510-841-4582, Fax: 510-217-6847
Sacramento Office
Call For Appointments
Ph. 916-924-1617
Email:manpreet@gahralaw.com

# ਗਦਰ ਮੈਮੋਰੀਅਲ ਕਾਨਫਰੰਸ ਲਈ ਵਿਦਵਾਨ ਅਮਰੀਕਾ ਪਹੁੰਚੇ

**ਸੈਕਰਾਮੈਂਟੋ (ਪੰਜਾਬ ਟਾਈਮਜ਼ ਬਿਊਰੋ):** ਆਉਂਦੀ 2 ਜੁਲਾਈ ਨੂੰ ਇਥੇ ਗਦਰ ਮੈਮੋਰੀਅਲ ਫਾਊਂਡੇਸ਼ਨ ਅਮਰੀਕਾ ਵਲੋਂ ਕਰਵਾਈ ਜਾ ਰਹੀ ਗਦਰ ਮੈਮੋਰੀਅਲ ਕਾਨਫਰੰਸ ਦੇ ਮੁੱਖ ਮਹਿਮਾਨ ਡਾ. ਜਸਵਿੰਦਰ ਸਿੰਘ (ਮੁੱਖੀ, ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ) ਇਥੇ ਪਹੁੰਚ ਚੁਕੇ ਹਨ। ਉਨ੍ਹਾਂ ਦੇ ਨਾਲ ਹੀ ਕਾਨਫਰੰਸ ਵਿਚ ਹਿੱਸਾ ਲੈਣ ਲਈ ਡਾ. ਧਨਵੰਤ ਕੌਰ (ਮੁਖੀ, ਪੰਜਾਬੀ ਵਿਉਂਤ ਵਿਕਾਸ ਵਿਭਾਗ, ਪੰਜਾਬੀ ਯੂਨੀਵਰਸਿਟੀ), ਡਾ. ਰਘਬੀਰ ਸਿੰਘ ਸਿਰਜਣਾ, ਡਾ. ਸਾਧੂ ਸਿੰਘ ਵੈਨਕੂਵਰ ਤੋਂ, ਡਾ. ਅਨੂਪ ਸਿੰਘ ਵਿਰਕ (ਪ੍ਰਧਾਨ, ਕੇਂਦਰੀ ਪੰਜਾਬੀ ਲੇਖਕ ਸਭਾ) ਅਤੇ ਡਾ. ਦੀਪਕ ਮਨਮੋਹਨ ਸਿੰਘ (ਡਾਇਰੈਕਟਰ, ਵਿਸ਼ਵ ਪੰਜਾਬੀ ਕੇਂਦਰ, ਪਟਿਆਲਾ) ਕੈਲੀਫੋਰਨੀਆ ਪਹੁੰਚ ਗਏ ਹਨ।

ਇਹ ਜਾਣਕਾਰੀ ਦਿੰਦਿਆਂ ਫਾਊਂਡੇਸ਼ਨ ਦੇ ਪ੍ਰਧਾਨ ਸ. ਚਰਨ ਸਿੰਘ ਜੱਜ ਨੇ ਦੱਸਿਆ ਕਿ ਹਰਕੂਲੀਸ ਤੋਂ ਡਾ. ਗੁਰਮੁਖ ਸਿੰਘ ਗਿੱਲ, ਡੇਵਿਸ ਤੋਂ ਪੌਧ ਵਿਗਿਆਨੀ ਪ੍ਰੋ. ਗੁਰਦੇਵ ਸਿੰਘ ਖੁਸ਼, ਸੈਨ ਹੋਜ਼ੇ ਤੋਂ ਪ੍ਰਿੰ. ਵੀਰ ਸਿੰਘ ਰੰਧਾਵਾ, ਸ. ਹਰਪਾਲ ਸਿੰਘ ਅਤੇ ਸ. ਉਜਾਗਰ ਸਿੰਘ (ਸਾਬਕਾ ਡੀ ਈ ਓ) ਇਸ ਕਾਨਫਰੰਸ ਵਿਚ ਹਿੱਸਾ ਲੈਣਗੇ। ਗਦਰ ਕਾਨਫਰੰਸ ਦਾ ਉਦਘਾਟਨ ਬਾਅਦ ਦੁਪਹਿਰ ਇਕ ਵਜੇ ਕੈਲੀਫੋਰਨੀਆ ਸਟੇਟ ਯੂਨੀਵਰਸਿਟੀ, ਫਰਿਜ਼ਨੋ ਤੋਂ ਉਘੇ ਵਿਗਿਆਨੀ ਅਤੇ ਸਾਹਿਤਕਾਰ ਡਾ. ਗੁਰੂਮੇਲ ਸਿੰਘ ਕਰਨਗੇ। ਗੁਰਇਕਬਾਲ ਸਿੰਘ ਕੰਗ ਆਏ ਮਹਿਮਾਨਾਂ ਨੂੰ ਜੀ ਆਇਆਂ ਕਹਿਣਗੇ ਅਤੇ ਕਾਨਫਰੰਸ ਦੀ ਕਾਰਵਾਈ ਸੁੱਚਾ ਸਿੰਘ ਕੰਬੋਜ, ਗੁਰਇਕਬਾਲ ਸਿੰਘ ਕੰਗ, ਕੁਲਦੀਪ ਸਿੰਘ ਅਟਵਾਲ, ਹਰਵਿੰਦਰ ਸਿੰਘ ਇੰਡੀਓ ਅਤੇ ਮੁਲਖ ਰਾਜ ਸ਼ਰਮਾ 'ਤੇ ਆਧਾਰਤ ਪ੍ਰਧਾਨਗੀ ਮੰਡਲ ਦੀ ਅਗਵਾਈ ਹੇਠ ਹੋਵੇਗੀ।

ਸਭਿਆਚਾਰਕ ਪ੍ਰੋਗਰਾਮ ਦਾ ਅਰੰਭ ਸਵੇਰੇ 11 ਵਜੇ ਬਲਵਿੰਦਰ ਕੌਰ ਐਮ ਐਸ ਸੀ, ਬਲਵਿੰਦਰ ਤੱਖੜ ਸਟਾਕਟਨ, ਕਹਾਣੀਕਾਰਾ ਮਨਜੀਤ ਸੇਖੋਂ, ਨੀਨਾ ਬਜਾਜ, ਮਾਲਾ ਸਿੰਘ, ਨੀਲਮ ਸੈਣੀ, ਨਵਨੀਤ ਪੰਨੂ ਅਤੇ ਸੁਰਜੀਤ ਕੌਰ ਦੇ ਪ੍ਰਧਾਨਗੀ ਮੰਡਲ ਹੇਠ ਹੋਏਗਾ। ਪ੍ਰੋਗਰਾਮ ਦੀ ਸ਼ੁਰੂਆਤ 5 ਬੱਚਿਆਂ ਵਲੋਂ ਗੁਰਬਾਣੀ ਗਾਇਨ ਨਾਲ ਹੋਏਗੀ।

ਸਟੇਜ ਦੀ ਕਾਰਵਾਈ ਪ੍ਰੋ. ਜਿਓਤੀ ਸਿੰਘ ਚਲਾਉਣਗੇ। ਕਾਨਫਰੰਸ ਦੇ ਤੀਜੇ ਪੜਾਅ ਵਿਚ ਸੁਰਿੰਦਰ ਸਿੰਘ ਧਨੋਆ ਦੇ ਨਿਰਦੇਸ਼ਨ ਹੇਠ ਨਾਟਕ 'ਪੱਤਣਾਂ 'ਤੇ ਰੋਣ ਖੜ੍ਹੀਆਂ' ਖੇਡਿਆ ਜਾਏਗਾ। ਸੰਗੀਤ ਨਿਰਦੇਸ਼ਕ ਰੇਨੂ ਸਿੰਘ, ਪਰਮਜੀਤ ਸਿੰਘ ਕੂਲ ਪੰਜਾਬੀ ਵਿਰਸਾ, ਸਟਾਕਟਨ, ਨਾਟਕ ਦੌਰਾਨ ਸੰਗੀਤ ਦੇਣਗੇ। ਚਾਹ-ਪਾਣੀ, ਭੋਜਨ ਅਤੇ ਫਰੂਟ ਦੀ ਮੁਫਤ ਸੇਵਾ ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ ਜਥੇਦਾਰ ਬਲਬੀਰ ਸਿੰਘ ਦੀ ਕਮਾਂਡ ਹੇਠ ਨਿਰੰਤਰ ਚੱਲੇਗੀ।



ਗੁਰਬਰਿੰਦਰ ਸਿੰਘ ਰਾਜਾ ਨੂੰ ਪੰਜਾਬ ਟਾਈਮਜ਼ ਦਾ ਸੈਕਰਾਮੈਂਟੋ ਲਈ ਪ੍ਰਤੀਨਿਧ ਨਿਯੁਕਤ ਕੀਤਾ ਗਿਆ ਹੈ। ਖਬਰਾਂ ਅਤੇ ਇਸ਼ਤਿਹਾਰ ਵਗੈਰਾ ਲਈ ਉਨ੍ਹਾਂ ਨਾਲ ਸੰਪਰਕ ਫੋਨ 916-533-2678 'ਤੇ ਕੀਤਾ ਜਾ ਸਕਦਾ ਹੈ।

# ਮਨਪ੍ਰੀਤ ਬਾਦਲ ਦਾ ਅਮਰੀਕਾ-ਕੈਨੇਡਾ ਦੌਰਾ 29 ਜੁਲਾਈ ਤੋਂ

## ਅਮਰੀਕਾ ਵਿਚ ਪਹਿਲਾ ਪ੍ਰੋਗਰਾਮ ਸੈਕਰਾਮੈਂਟੋ 'ਚ

**ਸੈਕਰਾਮੈਂਟੋ (ਬਿਊਰੋ):** ਪੀਪਲਜ਼ ਪਾਰਟੀ ਆਫ ਪੰਜਾਬ ਦੇ ਆਗੂ ਸ. ਮਨਪ੍ਰੀਤ ਸਿੰਘ ਬਾਦਲ ਜੁਲਾਈ ਅਤੇ ਅਗਸਤ ਮਹੀਨੇ ਅਮਰੀਕਾ-ਕੈਨੇਡਾ ਦੇ ਦੌਰੇ 'ਤੇ ਆਉਣਗੇ। ਇਸ ਦੌਰੇ ਦੌਰਾਨ ਉਨ੍ਹਾਂ ਦਾ ਪਹਿਲਾ ਪ੍ਰੋਗਰਾਮ 29 ਜੁਲਾਈ ਨੂੰ ਸੈਕਰਾਮੈਂਟੋ 'ਚ ਹੋਵੇਗਾ ਅਤੇ ਇਹ ਪ੍ਰੋਗਰਾਮ ਪਰਫਾਰਮਿੰਗ ਆਰਟਸ ਸੈਂਟਰ (ਸ਼ੈਲਡਨ ਹਾਈ ਸਕੂਲ, 8333 ਕਿੰਗਜ਼ਬ੍ਰਿਜ ਡਰਾਈਵ) ਵਿਚ ਹੋਵੇਗਾ। ਪਾਰਟੀ ਦੇ ਇਸ ਪ੍ਰੋਗਰਾਮ ਦੌਰਾਨ ਪਾਰਟੀ ਆਗੂਆਂ ਦੇ ਨਾਲ ਉਨ੍ਹਾਂ ਦੀਆਂ ਧਰਮ ਪਤਨੀਆਂ ਵੀ ਪਹੁੰਚਣਗੀਆਂ ਅਤੇ ਉਨ੍ਹਾਂ ਦੇ ਸਾਰੇ ਪ੍ਰੋਗਰਾਮ ਪਰਿਵਾਰਕ ਪ੍ਰੋਗਰਾਮ ਹੋਣਗੇ।

ਮਿਥੇ ਪ੍ਰੋਗਰਾਮ ਅਨੁਸਾਰ ਸਨਿਚਰਵਾਰ 30 ਜੁਲਾਈ ਨੂੰ ਉਨ੍ਹਾਂ ਦੀ ਕਾਨਫਰੰਸ ਬੇਏਰੀਆ ਵਿਚ ਹੇਵਰਡ ਵਿਚ ਸਵੇਰੇ 11 ਵਜੇ ਹੋਵੇਗੀ ਅਤੇ ਉਸੇ ਦਿਨ ਸ਼ਾਮ 6 ਵਜੇ ਉਹ ਬੇਕਰਜ਼ਫੀਲਡ ਵਿਚ ਇਕ ਜਨਤਕ ਸਮਾਗਮ ਵਿਚ ਸ਼ਰੀਕ ਹੋਣਗੇ। ਐਤਵਾਰ 31 ਜੁਲਾਈ ਨੂੰ ਸ੍ਰੀ ਮਨਪ੍ਰੀਤ ਬਾਦਲ ਫਰਿਜ਼ਨੋ ਵਿਚ ਸ਼ਾਮੀ 5 ਵਜੇ ਪ੍ਰੋਗਰਾਮ ਵਿਚ ਸ਼ਾਮਲ ਹੋਣਗੇ।



*ਮਨਪ੍ਰੀਤ ਸਿੰਘ ਬਾਦਲ*

ਸ੍ਰੀ ਬਾਦਲ ਦੇ ਇਸ ਦੌਰੇ ਦਾ ਅਗਲਾ ਪੜਾਅ ਕੈਨੇਡਾ ਹੋਵੇਗਾ ਜਿਸ ਦੌਰਾਨ 3 ਅਗਸਤ ਨੂੰ ਸ਼ਾਮੀਂ 7 ਵਜੇ ਹੋ ਰਹੇ ਸਿਆਸੀ ਪ੍ਰੋਗਰਾਮ ਵਿਚ ਉਹ ਸ਼ਾਮਲ ਹੋਣਗੇ ਜਦੋਂਕਿ 4 ਅਗਸਤ ਨੂੰ ਉਹ ਐਡਮੰਟਨ ਵਿਚ ਸ਼ਾਮ 4 ਵਜੇ ਹੋ ਰਹੇ ਸਮਾਗਮ ਵਿਚ ਹਾਜ਼ਰੀ ਭਰਨਗੇ। 7 ਅਗਸਤ ਨੂੰ ਉਹ ਸਰੀ ਵਿਚ ਦੁਪਹਿਰ 12 ਵਜੇ ਪ੍ਰੋਗਰਾਮ ਵਿਚ ਸ਼ਾਮਲ ਹੋਣਗੇ। ਇਸ ਉਪਰੰਤ 9 ਅਗਸਤ ਨੂੰ ਸਿਆਟਲ, 11 ਅਗਸਤ ਨੂੰ ਨਿਊ ਯਾਰਕ ਅਤੇ 12 ਅਗਸਤ ਨੂੰ ਸ਼ਿਕਾਗੋ ਵਿਖੇ ਕਾਨਫਰੰਸ ਵਿਚ ਸ਼ਰੀਕ ਹੋਣ ਉਪਰੰਤ ਐਤਵਾਰ 14 ਅਗਸਤ ਨੂੰ ਉਹ ਟੋਰਾਂਟੋ ਦੇ ਸਮਾਗਮ ਵਿਚ ਸ਼ਾਮਲ ਹੋਣਗੇ।

ਪਾਰਟੀ ਵਲੋਂ ਜਾਰੀ ਇਕ ਬਿਆਨ ਅਨੁਸਾਰ ਸ੍ਰੀ ਮਨਪ੍ਰੀਤ ਬਾਦਲ ਦੇ ਨਾਲ ਇਸ ਦੌਰੇ ਦੌਰਾਨ ਸ. ਜਗਬੀਰ ਸਿੰਘ ਬਰਾੜ, ਸ. ਕੁਸ਼ਲਦੀਪ ਸਿੰਘ ਢਿੱਲੋਂ, ਸ. ਗੁਰਪ੍ਰੀਤ ਸਿੰਘ ਭੱਟੀ, ਸ੍ਰੀ ਭਗਵੰਤ ਮਾਨ ਅਤੇ ਸ. ਦਰਸ਼ਨ ਸ਼ਿੰਘ ਬਰਾੜ ਵੀ ਆ ਰਹੇ ਹਨ। ਇਸ ਪ੍ਰੋਗਰਾਮ ਦੇ ਪਾਰਟੀ ਕੋਆਰਡੀਨੇਟਰ ਭਗਵੰਤ ਮਾਨ ਅਤੇ ਟੂਰ ਕੋਆਰਡੀਨੇਟਰ ਸੁੱਖੀ ਸੰਧੂ ਹੋਣਗੇ ਜਦੋਂਕਿ ਮੀਡੀਆ ਕੋਆਰਡੀਨੇਟਰ ਅਰੁਣਜੋਤ ਸਿੰਘ ਸੋਢੀ ਹੋਣਗੇ।

ਸੈਕਰਾਮੈਂਟੋ ਵਿਚ ਪ੍ਰੋਗਰਾਮ ਗੁਰਿੰਦਰ ਗਿੱਲ, ਕੁਲਦੀਪ ਧਾਲੀਵਾਲ, ਬਲਵਿੰਦਰ ਧਨੋਆ ਅਤੇ ਡਾ. ਜਗਤਾਰ ਸੰਧੂ ਦੀ ਅਗਵਾਈ ਹੇਠ ਕਰਵਾਇਆ ਜਾ ਰਿਹਾ ਹੈ। ਇਨ੍ਹਾਂ ਆਗੂਆਂ ਨੇ ਸਮੂਹ ਪੰਜਾਬੀ ਭਾਈਚਾਰੇ ਨੂੰ ਅਪੀਲ ਕੀਤੀ ਹੈ ਕਿ ਉਹ ਇਨ੍ਹਾਂ ਨਿਰੋਲ ਪਰਿਵਾਰਕ ਪ੍ਰੋਗਰਾਮਾਂ ਵਿਚ ਪਰਿਵਾਰਾਂ ਸਮੇਤ ਹੁਮਹੁਮਾ ਕੇ ਪਹੁੰਚਣ। ਉਨ੍ਹਾਂ ਕਿਹਾ ਕਿ ਸ੍ਰੀ ਮਨਪ੍ਰੀਤ ਬਾਦਲ ਭ੍ਰਿਸ਼ਟਾਚਾਰ ਅਤੇ ਨਸ਼ਾਖੋਰੀ ਵਿਚ ਗਰਕ ਰਹੇ ਪੰਜਾਬ ਨੂੰ ਮੁੜ ਵਿਕਾਸ ਦੇ ਪੰਧ 'ਤੇ ਪਾਉਣ ਲਈ ਤੁਰੇ ਹਨ। ਇਸ ਲਈ ਪੰਜਾਬ ਨੂੰ ਪ੍ਰੇਮ ਕਰਨ ਵਾਲੇ ਸਮੂਹ ਪੰਜਾਬੀਆਂ ਦਾ ਫਰਜ਼ ਬਣਦਾ ਹੈ ਕਿ ਉਨ੍ਹਾਂ ਦਾ ਸਾਥ ਦਿੱਤਾ ਜਾਵੇ। ਸੈਕਰਾਮੈਂਟੋ ਅਤੇ ਬੇਏਰੀਆ ਦੇ ਪ੍ਰੋਗਰਾਮ ਬਾਰੇ ਹੋਰ ਜਾਣਕਾਰੀ ਲਈ ਸ. ਧਾਲੀਵਾਲ ਨਾਲ ਸੰਪਰਕ ਫੋਨ 510-859-5964, ਗੁਰਿੰਦਰ ਗਿੱਲ ਫੋਨ 916-844-5310, ਸ੍ਰੀ ਧਨੋਆ ਨਾਲ ਫੋਨ 510-224-7380 ਅਤੇ ਡਾ. ਸੰਧੂ ਨਾਲ ਫੋਨ 408-489-4559 'ਤੇ ਕੀਤਾ ਜਾ ਸਕਦਾ ਹੈ।

# ਗ੍ਰਹਿ ਮੰਤਰਾਲੇ ਨੂੰ ਨਹੀਂ ਪਤਾ ਦੇਸ਼ ਦਾ ਅਸਲੀ ਨਾਂ!

**ਨਵੀਂ ਦਿੱਲੀ:** ਗ੍ਰਹਿ ਮੰਤਰਾਲੇ ਨੂੰ ਅਜੇ ਤਾਈਂ ਆਪਣੇ ਦੇਸ਼ ਦੇ ਅਸਲੀ ਨਾਂ ਦਾ ਪਤਾ ਨਹੀਂ ਹੈ। ਦੇਸ਼ ਨੂੰ ਹਿੰਦੁਸਤਾਨ, ਭਾਰਤ ਜਾਂ ਇੰਡੀਆ ਵਿਚੋਂ ਕਿਸ ਨਾਂ ਨਾਲ ਪੁਕਾਰਿਆ ਜਾਵੇ? ਇਸ ਬਾਰੇ ਗ੍ਰਹਿ ਮੰਤਰਾਲਾ ਅਜੇ ਸਪਸ਼ਟ ਨਹੀਂ ਹੈ। ਕੇਂਦਰੀ ਗ੍ਰਹਿ ਮੰਤਰਾਲੇ ਨੂੰ ਆਪ ਇਸ ਗੱਲ 'ਤੇ ਸੰਦੇਹ ਹੈ ਕਿ ਦੇਸ਼ ਦਾ ਅਧਿਕਾਰਤ ਨਾਂ ਕੀ ਹੈ।

ਸੂਚਨਾ ਅਧਿਕਾਰ ਕਾਨੂੰਨ ਰਾਹੀਂ ਮੰਗੀ ਗਈ ਸੂਚਨਾ 'ਚ ਇਹ ਖੁਲਾਸਾ ਹੋਇਆ ਹੈ। ਆਰ.ਟੀ.ਆਈ. ਕਾਰਕੁਨ ਮਨੋਰੰਜਨ ਰਾਏ ਨੇ ਸੂਚਨਾ ਦੇ ਅਧਿਕਾਰ ਤਹਿਤ ਗ੍ਰਹਿ ਮੰਤਰਾਲੇ ਤੋਂ ਜਾਣਨਾ ਚਾਹਿਆ ਕਿ ਦੇਸ਼ ਦੇ ਕਈ ਨਾਂ ਹਨ ਪਰ ਅਧਿਕਾਰਤ ਰੂਪ ਵਿਚ ਕਿਹੜੇ ਨਾਂ ਨਾਲ ਜਾਣਿਆ ਜਾਂਦਾ ਹੈ। ਰਾਏ ਦੀ ਅਰਜ਼ੀ ਦੇ ਜਵਾਬ 'ਚ ਗ੍ਰਹਿ ਮੰਤਰਾਲੇ ਨੇ ਕਿਹਾ ਕਿ ਅਜਿਹੀ ਕੋਈ ਸੂਚਨਾ ਮੁਹੱਈਆ ਨਹੀਂ ਹੈ। ਅੰਗਰੇਜ਼ੀ ਵਿਚ ਦੇਸ਼ ਦਾ ਨਾਂ 'ਇੰਡੀਆ', ਹਿੰਦੀ 'ਚ 'ਭਾਰਤ' ਤੇ ਉਰਦੂ ਵਿਚ 'ਹਿੰਦੁਸਤਾਨ' ਹੈ। ਮੰਤਰਾਲੇ ਦੇ ਇਸ ਜਵਾਬ ਤੋਂ ਰਾਏ ਬਹੁਤ ਨਾਰਾਜ਼ ਹਨ ਤੇ ਉਹ ਇਸ ਮਸਲੇ 'ਤੇ ਅਦਾਲਤ ਜਾਣ ਦੀ ਤਿਆਰੀ ਵਿਚ ਹਨ। ਸ੍ਰੀ ਰਾਏ ਨੇ ਜਦ ਮੰਤਰਾਲੇ ਤੋਂ ਰਾਸ਼ਟਰੀ ਭਾਸ਼ਾ ਦੇ ਬਾਰੇ ਵਿਚ ਜਾਣਨਾ ਚਾਹਿਆ ਤਾਂ ਗ੍ਰਹਿ ਮੰਤਰਾਲੇ ਨੇ ਆਪਣੇ ਜਵਾਬ 'ਚ ਕਿਹਾ ਕਿ ਸੰਵਿਧਾਨ 'ਚ ਭਾਸ਼ਾਵਾਂ ਬਾਰੇ ਕੋਈ ਉਲੇਖ ਨਹੀਂ ਹੈ।


Dhillon Truck Stop
Dhillon Road Service
Interstate 40, exit 356, San Jon, NM




ਡੀਜ਼ਲ ਅਤੇ ਰੋਡ ਸਰਵਿਸ
New & Used Tires
Oil Change
ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ
Ph:575-576-4111, 317-918-6776



M.K. Nijjar DDS
Ruchi Nijjar DDS

Laser Dentistry
No shots, No Drill,
No Pain.
Family Dentistry
Cosmetic Dentistry

Esthetic Crowns, Bridges & Dentures Teeth Whitening * Oral Surgery Root Canal Treatments
Treatments & Prevention of Gum Diseases New Patients & Children Welcome

510-794-7058
WWW.DRNIJJAR.COM
(Across From Washigton Hospital & Bart)
1895 Mowry Ave. Ste 104 Fremont

# ਗੁਰਦੁਆਰਾ ਸਾਹਿਬ ਸੈਨ ਹੋਜ਼ੇ (ਕੈਲੀਫੋਰਨੀਆ)

**3636 Murillo Ave, San Jose CA 95148, ਗੁਰਦੁਆਰਾ ਸਾਹਿਬ ਦੀ ਵੈਬ-ਸਾਈਟ: sanjosegurdwara.com**

**ਗੁਰੂ ਪਿਆਰੀ ਸਾਧ ਸੰਗਤ ਜੀ,**

**ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥**

**ਸਿੱਖ ਗੁਰਦੁਆਰਾ ਸਾਹਿਬ ਸੈਨ ਹੋਜ਼ੇ ਦਾ ਨਵਾਂ ਇਲੈਕਸ਼ਨ/ਸਿਲੈਕਸ਼ਨ ਸਿਸਟਮ ਜੋ ਜਨਰਲ ਬਾਡੀ ਨੇ 17 ਅਪਰੈਲ 2011 ਵਾਲੀ ਮੀਟਿੰਗ ਵਿਚ ਪਾਸ ਕੀਤਾ ਸੀ, ਉਸ ਬਾਰੇ ਸੰਗਤ ਦੀ ਜਾਣਕਾਰੀ ਵਾਸਤੇ ਕੁੱਝ ਸਵਾਲ/ਜਵਾਬ ਇਸ ਪ੍ਰਕਾਰ ਹਨ:**

**ਸਵਾਲ 1: ਪੁਰਾਣੇ ਬਾਈਲਾਅਜ਼ ਮੁਤਾਬਕ ਜਿਹੜੇ ਧਾਰਾ 6 'ਚ ਹਨ, ਕੀ ਮੈਂ ਉਨ੍ਹਾਂ ਅਨੁਸਾਰ ਪ੍ਰਬੰਧਕ ਕਮੇਟੀ ਦਾ ਮੈਂਬਰ ਬਣਨ ਦੀਆਂ ਸ਼ਰਤਾਂ ਪੂਰੀਆਂ ਕਰਦਾ ਹਾਂ? ਕੀ ਮੈਂ ਪ੍ਰਬੰਧਕ ਕਮੇਟੀ ਮੈਂਬਰ ਬਣ ਸਕਦਾ ਹਾਂ?**

**ਜਵਾਬ:** ਸੋਧੇ ਹੋਏ ਬਾਈਲਾਅਜ਼ ਮੁਤਾਬਕ ਹਰ ਸਾਲ 4 ਅਤੇ ਪੰਜਵੇਂ ਸਾਲ 5 ਕਮੇਟੀ ਮੈਂਬਰ ਸੇਵਾ ਮੁਕਤ ਹੋਣਗੇ ਅਤੇ ਉਸੇ ਹਿਸਾਬ ਨਾਲ ਹਰ ਸਾਲ ਨਵੇਂ ਕਮੇਟੀ ਮੈਂਬਰ ਇਲੈਕਟ ਕੀਤੇ ਜਾਣਗੇ। ਇਸ ਸਾਲ 3 ਜੁਲਾਈ 2011 ਵਾਲੇ ਦਿਨ ਜਨਰਲ ਬਾਡੀ 4 ਨਵੇਂ ਪ੍ਰਬੰਧਕ ਕਮੇਟੀ ਮੈਂਬਰ ਚੁਣੇਗੀ। ਜੇ ਤੁਸੀ ਕਮੇਟੀ ਮੈਂਬਰ ਬਣਨਾ ਚਾਹੁੰਦੇ ਹੋ ਤਾਂ ਜਨਰਲ ਬਾਡੀ ਦੀ ਮੀਟਿੰਗ ਵਿਚ ਇੱਕ ਮੈਂਬਰ ਨੂੰ ਤੁਹਾਡਾ ਨਾਮ ਪੇਸ਼ ਕਰਨਾ ਪਵੇਗਾ ਅਤੇ ਇੱਕ ਹੋਰ ਮੈਂਬਰ ਨੂੰ ਇਸ ਦੀ ਤਾਈਦ ਕਰਨੀ ਪਵੇਗੀ। ਫਿਰ ਤੁਹਾਡਾ ਨਾਮ ਵੀ ਉਨ੍ਹਾਂ ਚਾਰ ਮੈਂਬਰਾਂ ਦੇ ਨਾਲ ਹੋਵੇਗਾ ਜਿਨ੍ਹਾਂ ਨੂੰ ਨਾਮੀਨੇਸ਼ਨ ਕਮੇਟੀ ਨੇ ਸਿਲੈਕਟ ਕੀਤਾ ਹੋਵੇਗਾ। ਜਨਰਲ ਬਾਡੀ ਮੈਂਬਰ ਉਨ੍ਹਾਂ ਵਿਚੋਂ 4 ਨੂੰ ਹੱਥ ਖੜ੍ਹੇ ਕਰਕੇ ਜਾਂ ਵੋਟ ਪਰਚੀ (ਬੈਲਟ) ਨਾਲ ਚੁਣਨਗੇ।

**ਸਵਾਲ 2: ਪ੍ਰਬੰਧਕ ਕਮੇਟੀ ਮੈਂਬਰ ਦੀ ਨਾਮੀਨੇਸ਼ਨ ਲਈ ਕੀ ਨਾਮੀਨੇਸ਼ਨ ਕਮੇਟੀ ਹੀ ਨਾਮੀਨੇਸ਼ਨ ਕਰ ਸਕਦੀ ਹੈ?**

**ਜਵਾਬ:** ਨਹੀਂ, ਜਿਸ ਤਰ੍ਹਾਂ ਉਪਰ ਦੱਸਿਆ ਗਿਆ ਹੈ, ਪਰ ਜੇਕਰ ਤੁਸੀਂ ਚਾਹੁੰਦੇ ਹੋ ਤਾਂ ਨਾਮੀਨੇਸ਼ਨ ਕਮੇਟੀ ਨਾਲ ਸੰਪਰਕ ਕਰੋ ਅਤੇ ਹੋ ਸਕਦਾ ਹੈ ਉਹ ਤੁਹਾਡਾ ਨਾਮ ਨਾਮਜ਼ਦ ਕਰ ਦੇਵੇ।

**ਸਵਾਲ 3: ਇਸ ਸਾਲ (2011) ਦੌਰਾਨ ਨਾਮੀਨੇਸ਼ਨ ਕਮੇਟੀ ਦੇ ਕਿਹੜੇ 3 ਮੈਂਬਰ ਹਨ?**

**ਜਵਾਬ:** ਹੇਠ ਲਿਖੇ 3 ਨਾਮੀਨੇਸ਼ਨ ਕਮੇਟੀ ਮੈਂਬਰ ਚੁਣੇ ਗਏ ਹਨ:

ਕੁਲਵੰਤ ਸਿੰਘ ਸਿੱਧੂ 408-258-1007 sidhu-k@sbcglobal.net

ਸਰਬਜੀਤ ਸਿੰਘ ਸੰਧੂ 408-504-9365 sandhujugu2@aim.com

ਡਾਕਟਰ ਅਮਰਪਾਲ ਸਿੰਘ ਖੰਨਾ 408-761- 8472 apskhanna@gmail.com

**ਸਵਾਲ 4: ਨਾਮੀਨੇਸ਼ਨ ਕਮੇਟੀ ਬਣਾਉਣ ਦੀ ਬਜਾਏ ਪ੍ਰਬੰਧਕ ਕਮੇਟੀ ਕਿਉਂ ਨਹੀਂ 4 ਮੈਂਬਰ ਨਾਮੀਨੇਟ ਕਰ ਲੈਂਦੀ?**

**ਜਵਾਬ:** ਸੂਝਵਾਨ ਮੈਂਬਰਾਂ, ਜਿਨ੍ਹਾਂ ਨੂੰ ਪ੍ਰਬੰਧਕ ਕਮੇਟੀ ਨੇ ਸਿਲੈਕਟ ਕੀਤਾ ਹੈ, ਉਹ ਆਜ਼ਾਦੀ ਨਾਲ ਸੰਗਤ ਵਿਚੋਂ ਉਹ ਮੈਂਬਰ ਲੱਭ ਸਕਦੇ ਹਨ ਜਿਨ੍ਹਾਂ ਦੀ ਨਵੀਂ ਸੋਚ/ਵਿਚਾਰਧਾਰਾ ਹੋਵੇ ਅਤੇ ਗੁਰਦੁਆਰਾ ਸਾਹਿਬ ਦੀ ਤਰੱਕੀ ਲਈ ਅਗਾਂਹਵਧੂ ਸੋਚ ਵਾਲੇ ਹੋਣ।

**ਸਵਾਲ 5: ਨਾਮੀਨੇਸ਼ਨ ਕਮੇਟੀ ਨੇ ਸਿਲੈਕਸ਼ਨ/ਇਲੈਕਸ਼ਨ ਵਾਲੇ ਦਿਨ ਹੀ ਨਾਮਜ਼ਦ ਮੈਂਬਰਾਂ ਦਾ ਐਲਾਨ ਕਰਨਾ ਹੈ, ਇਹ ਪਹਿਲਾਂ ਕਿਉਂ ਨਹੀਂ ਕਰ ਸਕਦੇ?**

**ਜਵਾਬ:** ਨਾਮੀਨੇਸ਼ਨ ਕਮੇਟੀ ਆਪਣੀ ਮਰਜ਼ੀ ਨਾਲ ਪਹਿਲਾਂ ਵੀ ਐਲਾਨ ਕਰ ਸਕਦੀ ਹੈ ਪਰ ਗੁਰੂ ਘਰਾਂ ਦੀ ਇਲੈਕਸ਼ਨ ਵਿਚ ਇਹ ਆਮ ਦੇਖਿਆ ਗਿਆ ਹੈ ਕਿ ਅਜਿਹਾ ਹੋਵੇ ਤਾਂ ਸਿੱਖ ਕੌਮ ਦਾ ਬਹੁਤਾ ਸਮਾਂ ਤਾਕਤ ਅਤੇ ਮਾਇਆ ਇਲੈਕਸ਼ਨ ਦੇ ਦੌਰ ਵਿਚ ਹੀ ਜਾਇਆ ਚਲੇ ਜਾਂਦੇ ਹਨ ਅਤੇ ਸੇਵਾ ਭਾਵਨਾ ਵਾਲੀ ਕੋਈ ਗੱਲ ਨਹੀਂ ਰਹਿੰਦੀ। ਅਸੀਂ ਆਸ ਕਰਦੇ ਹਾਂ ਕਿ ਨਾਮੀਨੇਸ਼ਨ ਕਮੇਟੀ ਸਿਲੈਕਸ਼ਨ/ਇਲੈਕਸ਼ਨ ਵਾਲੇ ਦਿਨ ਹੀ ਨਾਮਜ਼ਦ ਮੈਂਬਰਾਂ ਦਾ ਐਲਾਨ ਕਰੇਗੀ ਜਿਸ ਨਾਲ ਇੱਕ-ਦੂਜੇ 'ਤੇ ਚਿੱਕੜ ਸੁਟਣ ਤੋਂ ਬਚਾਓ ਹੋ ਜਾਵੇਗਾ ਅਤੇ ਚੁਣੇ ਗਏ ਪ੍ਰਬੰਧਕ ਕਮੇਟੀ ਮੈਂਬਰ ਸੇਵਾ ਭਾਵਨਾ ਨਾਲ ਕੰਮ ਕਰਨਗੇ।

**ਸਵਾਲ 6: ਹਰ ਸਾਲ 4 ਮੈਂਬਰਾਂ ਦੀ ਹੀ ਚੋਣ ਦੀ ਬਜਾਏ, ਫਰੀਮਾਂਟ ਗੁਰੂ ਘਰ ਵਾਂਗ ਹਰ 2 ਸਾਲ ਬਾਅਦ ਸਾਰੀ ਕਮੇਟੀ ਦੀ ਚੋਣ ਕਿਉਂ ਨਹੀ?**

**ਜਵਾਬ:** ਕਮੇਟੀ ਨੂੰ 2 ਸਾਲ ਬਾਅਦ ਬਦਲਣ ਨਾਲ ਕਮੇਟੀ ਮੈਂਬਰ ਲੰਬੇ ਪ੍ਰਾਜੈਕਟਾਂ ਬਾਰੇ ਧਿਆਨ ਨਹੀਂ ਦੇ ਸਕਦੇ। ਇਹ ਹਕੀਕਤ ਹੈ ਕਿ 5 ਸਾਲ ਲਈ ਚੁਣਿਆ ਗਿਆ ਮੈਂਬਰ ਲੰਬੇ ਪ੍ਰਾਜੈਕਟਾਂ ਵੱਲ ਧਿਆਨ ਦੇਣ ਦੀ ਸਮਰਥਾ ਰੱਖਦਾ ਹੋਵੇਗਾ। ਇਸ ਦੇ ਨਾਲ ਹੀ ਸਾਰੀ ਕਮੇਟੀ ਨੂੰ ਬਦਲਣ ਨਾਲ ਚੱਲ ਰਹੇ ਪ੍ਰਾਜੈਕਟਾਂ ਵਿਚ ਵਿਘਨ ਪੈ ਸਕਦਾ ਹੈ ਅਤੇ ਨਵੀਂ ਕਮੇਟੀ ਪਹਿਲੀ ਕਮੇਟੀ ਤੋਂ ਵਧੀਆ ਤਜ਼ਰਬੇ ਵਾਲਾ ਕੰਮ ਵੀ ਨਹੀਂ ਸਿੱਖ ਸਕਦੀ।

**ਸਵਾਲ 7: ਇਸ ਤਰ੍ਹਾਂ ਦਾ ਕੋਈ ਹੋਰ ਵੀ ਜਮਹੂਰੀ ਅਦਾਰਾ ਹੈ ਜਿਥੇ ਥੋੜਿਆਂ ਦੀ ਇਲੈਕਸ਼ਨ/ਸਿਲੈਕਸ਼ਨ ਹੁੰਦੀ ਹੋਵੇ?**

**ਜਵਾਬ:** ਅਮਰੀਕਾ ਦੀ ਸੈਨੇਟ, ਕੈਲੀਫੋਰਨੀਆ ਦੀ ਸੈਨੇਟ ਅਤੇ ਹੋਰ ਕਈ ਅਦਾਰੇ ਹਨ ਜਿੱਥੇ ਸਾਰਿਆਂ ਦੀ ਇੱਕੋ ਸਮੇਂ ਇਲੈਕਸ਼ਨ/ਸਿਲੈਕਸ਼ਨ ਨਹੀਂ ਹੁੰਦੀ।

**ਸਵਾਲ 8: ਜੇਕਰ ਸਾਰੀ ਕਮੇਟੀ ਠੀਕ ਕੰਮ ਨਾ ਕਰੇ ਅਤੇ ਗੁਰੂ ਘਰ ਵੱਲ ਧਿਆਨ ਨਾ ਦੇਵੇ ਤਾਂ ਕੀ ਜਨਰਲ ਬਾਡੀ ਕੋਲ ਕੋਈ ਤਾਕਤ ਹੈ ਉਸ ਵਿਚ ਬਦਲਾਓ ਲਿਆਉਣ ਦੀ?**

**ਜਵਾਬ:** ਜਨਰਲ ਬਾਡੀ ਕੋਲ ਪੂਰੀ ਤਾਕਤ ਹੈ, ਬੇਭਰੋਸਗੀ ਦਾ ਮਤਾ ਜਨਰਲ ਬਾਡੀ ਮੀਟਿੰਗ ਦੇ ਏਜੰਡੇ 'ਤੇ ਲਿਆਂਦਾ ਜਾ ਸਕਦਾ ਹੈ ਅਤੇ ਜੇ ਉਸ ਮੀਟਿੰਗ 'ਚ ਹਾਜ਼ਰ ਦੋ ਤਿਹਾਈ ਤੋਂ ਵੱਧ ਮੈਂਬਰ ਇਹ ਫੈਸਲਾ ਕਰ ਲੈਣ ਕਿ ਕਮੇਟੀ ਠੀਕ ਕੰਮ ਨਹੀਂ ਕਰ ਰਹੀ ਤਾਂ ਸਾਰੀ ਕਮੇਟੀ ਨੂੰ ਭੰਗ ਕੀਤਾ ਜਾ ਸਕਦਾ ਹੈ ਜਿਸ ਨਾਲ ਨਵੀਂ ਕਮੇਟੀ ਦੀ ਚੋਣ ਕਰਨੀ ਪਵੇਗੀ।

## ਸਿੱਖ ਗੁਰਦੁਆਰਾ ਸਾਹਿਬ ਸੈਨ ਹੋਜ਼ੇ ਦੇ ਪ੍ਰਬੰਧਕ ਕਮੇਟੀ ਸੇਵਾਦਾਰਾ ਵਲੋਂ ਅਕਾਲ ਪੁਰਖ ਅਤੇ ਸੰਗਤ ਦਾ ਬਹੁਤ-ਬਹੁਤ ਧੰਨਵਾਦ ਜਿਸ ਸਦਕਾ ਪਿਛਲੇ 2 ਸਾਲ ਦੇ ਸਮੇਂ ਦੌਰਾਨ ਹੇਠ ਲਿਖੀਆਂ ਪ੍ਰਾਪਤੀਆਂ ਕੀਤੀਆਂ ਗਈਆਂ ਹਨ:

### ਨਵੀਂ ਇਮਾਰਤ ਦਾ ਪ੍ਰਾਜੈਕਟ:

1) ਫੇਜ਼ 2, ਨਵੇਂ ਗੁਰੂ ਘਰ ਦੀ ਇਮਾਰਤ ਦੀ ਉਸਾਰੀ ਦਾ ਕੰਮ ਮੁਕੰਮਲ ਕਰਵਾਇਆ ਜਿਹੜਾ ਤਕਰੀਬਨ 80,000 ਸੁਕੇਅਰ ਫੁੱਟ ਦਾ ਹੈ।

2) ਨਵੇਂ ਗੁਰੂ ਘਰ ਦੀ ਬਿਲਡਿੰਗ ਦਾ ਨਿਰਮਾਣ ਸਿੱਖ ਧਰਮ ਦੀਆਂ ਪਰੰਪਰਾਵਾਂ ਅਨੁਸਾਰ ਕਰਵਾਇਆ ਗਿਆ ਹੈ। ਸਾਰੀ ਬਿਲਡਿੰਗ ਏਅਰ ਕੰਡੀਸ਼ੰਡ ਹੈ ਅਤੇ ਸੁੰਦਰ ਲੈਂਡਸਕੇਪਿੰਗ ਦਾ ਕੰਮ ਮੁਕੰਮਲ ਕਰਵਾ ਦਿੱਤਾ ਗਿਆ ਹੈ।

3) ਨਵਾਂ ਪ੍ਰਾਜੈਕਟ ਕਰੀਬ 20 ਮਿਲੀਅਨ ਡਾਲਰ ਵਿਚ ਮੁਕੰਮਲ ਕਰਵਾਇਆ ਗਿਆ ਹੈ ਜਿਸ ਦੇ ਐਸਟੀਮੇਟ 30 ਤੋਂ 40 ਮਿਲੀਅਨ ਡਾਲਰ ਦੇ ਸਨ ।

4) ਗੁਰੂ ਘਰ ਵਿਚ ਇੱਕ ਸੋਲਰ ਸਿਸਟਮ ਲੱਗ ਰਿਹਾ ਹੈ ਜਿਸ ਉਪਰ ਗੁਰੂ ਘਰ ਦਾ ਕੋਈ ਖਰਚਾ ਨਹੀਂ ਹੋਵੇਗਾ ਅਤੇ ਗੁਰੂ ਘਰ ਨੂੰ ਇਸ ਤੋਂ ਸਸਤੇ ਭਾਅ 'ਤੇ ਬਿਜਲੀ ਮਿਲੇਗੀ।

### ਆਰਥਿਕ ਪ੍ਰਾਪਤੀਆਂ

1) ਨਵੀਂ ਬਿਲਡਿੰਗ ਬਣਾਉਣ ਲਈ ਰਿਕਾਰਡ ਤੋੜ ਫੰਡ (4 ਮਿਲੀਅਨ ਡਾਲਰ) ਇਕੱਠਾ ਕੀਤਾ।

2) ਗੁਰੂ ਘਰ ਲਈ ਬਹੁਤ ਸਸਤੇ ਵਿਆਜ (2.71%) ਵਾਲਾ ਲੋਨ ਲੱਭਿਆ।

3) ਗੁਰੂ ਘਰ ਦੇ ਪਿਛਲੇ 25 ਸਾਲ ਦੇ ਇਤਿਹਾਸ ਵਿਚ ਪਹਿਲੀ ਵਾਰੀ ਗੁਰੂ ਘਰ ਦਾ ਆਡਿਟ ਕਰਵਾਇਆ ਗਿਆ। ਇਸ ਦੀ ਰਿਪੋਰਟ ਗੁਰੂ ਘਰ ਦੀ ਵੈਬ ਸਾਈਟ 'ਤੇ ਪਾਈ ਹੋਈ ਹੈ ਅਤੇ ਗੁਰਦੁਆਰਾ ਸਾਹਿਬ 'ਚ ਵੀ ਉਪਲਬਧ ਹੈ। web site: Sikhgurudwarasj.org

4) ਗੁਰੂ ਘਰ ਦੀ ਜ਼ਮੀਨ 'ਚ ਸੈਲ ਫੋਨ ਕੰਪਨੀ ਦਾ ਟਾਵਰ ਲਗਵਾਇਆ ਗਿਆ ਜਿਸ ਦੀ 1985 ਡਾਲਰ ਪ੍ਰਤੀ ਮਹੀਨਾ ਆਮਦਨ ਹੈ।

### ਧਾਰਮਿਕ ਪ੍ਰੋਗਰਾਮਾਂ ਦੀਆਂ ਪ੍ਰਾਪਤੀਆਂ

1) ਦਰਬਾਰ ਸਾਹਿਬ ਅੰਮ੍ਰਿਤਸਰ ਦੇ ਦੋ ਸਾਬਕਾ ਜਥਿਆਂ ਨੂੰ ਪੱਕੇ ਤੌਰ 'ਤੇ ਰੱਖਿਆ: ਭਾਈ ਅਤਰ ਸਿੰਘ ਦਾ ਜਥਾ, ਭਾਈ ਬਲਵਿੰਦਰ ਸਿੰਘ ਦਾ ਜਥਾ।

2) ਪਿਛਲੇ 2 ਸਾਲ ਦੇ ਸਮੇਂ ਦੌਰਾਨ ਬਹੁਤ ਸਾਰੇ ਪੰਥ ਪ੍ਰਸਿਧ ਕੀਰਤਨੀ ਜਥੇ ਅਤੇ ਕਥਾਵਾਚਕ ਲਿਆਂਦੇ।

3) ਰਾਗੀ ਜਥਿਆਂ ਅਤੇ ਕਥਾਵਾਚਕਾਂ ਦੇ ਰਹਿਣ ਲਈ ਚੰਗੀ ਸਹੂਲਤ ਵਾਲੇ ਕਮਰੇ ਬਣਾਏ ਅਤੇ ਹੋਰ ਇੰਤਜ਼ਾਮ ਕੀਤਾ।

4) ਨਵੇਂ ਕੀਰਤਨ ਹਾਲ ਵਿਚ 2500 ਤੋਂ ਵੱਧ ਸੰਗਤ ਦੇ ਬੈਠਣ ਦੀ ਸਹੂਲਤ ਹੈ ਅਤੇ ਕੀਰਤਨ ਸੁਣਨ ਲਈ ਬਹੁਤ ਵਧੀਆ ਸਾਊਂਡ ਸਿਸਟਮ ਲਗਵਾਇਆ ਗਿਆ ਹੈ।

5) ਦੁਨੀਆਂ ਦੇ ਹੋਰ ਧਰਮਾਂ ਨਾਲ ਰਾਬਤਾ: ਸਿੱਖ ਗੁਰਦੁਆਰਾ ਸੈਨ ਹੋਜ਼ੇ ਹੁਣ ਇੰਟਰਫੇਥ (ਦੁਨੀਆਂ ਦੇ ਕਈ ਧਰਮਾਂ ਦੀ ਸੰਸਥਾ) ਦਾ ਮੈਂਬਰ ਹੈ।

### ਲੰਗਰ ਦਾ ਵਧੀਆ ਇੰਤਜ਼ਾਮ

1) ਨਵੇਂ ਲੰਗਰ ਹਾਲ 'ਚ 1000 ਤੋਂ ਵੱਧ ਸੰਗਤ ਇੱਕੋ ਸਮੇਂ ਆਰਾਮ ਨਾਲ ਬੈਠ ਕੇ ਲੰਗਰ ਛੱਕ ਸਕਦੀ ਹੈ।

2) ਦੋ ਵੱਡੀਆਂ ਰਸੋਈਆਂ ਜਿਨ੍ਹਾਂ ਵਿਚ ਵਧੀਆ ਤੋਂ ਵਧੀਆ ਸਮਾਨ ਲਗਵਾਇਆ ਗਿਆ ਹੈ, ਜਿਵੇਂ ਕਿ ਭਾਂਡੇ ਧੋਣ ਵਾਲੀ ਮਸ਼ੀਨ, ਕੂਲਰ ਰੂਮ ਵਗੈਰਾ।

3) ਪ੍ਰਦੂਸ਼ਨ ਘਟਾਉਣ ਲਈ ਸਟੀਲ ਦੀਆਂ ਪਲੇਟਾਂ, ਚਮਚੇ ਅਤੇ ਗਲਾਸ ਵਗੈਰਾ ਦਾ ਇੰਤਜ਼ਾਮ ਕੀਤਾ ਗਿਆ ਹੈ। ਹੁਣ ਪੇਪਰ ਜਾਂ ਫੋਮ ਦੇ ਭਾਂਡੇ ਵਰਤਣ ਦੀ ਲੋੜ ਨਹੀਂ ਅਤੇ ਲੰਗਰ ਕਰਵਾਉਣ ਲਈ ਖਰਚ ਵੀ ਘੱਟ ਆਵੇਗਾ।

4) ਅੰਗਹੀਣਾਂ ਅਤੇ ਸਰੀਰਕ ਤੌਰ 'ਤੇ ਅਪਾਹਜ ਵਿਅਕਤੀਆਂ ਦੀ ਸਹੂਲਤ ਲਈ ਕੁਰਸੀਆਂ ਅਤੇ ਮੇਜਾਂ ਦਾ ਇੰਤਜ਼ਾਮ ਕੀਤਾ ਗਿਆ ਹੈ ਤਾਂ ਕਿ ਉਹ ਆਰਾਮ ਨਾਲ ਬੈਠ ਕੇ ਲੰਗਰ ਛੱਕ ਸਕਣ।

### ਖਾਲਸਾ ਸਕੂਲ/ਨੌਜਵਾਨ ਬੱਚਿਆਂ ਲਈ ਪ੍ਰਾਪਤੀਆਂ

1) ਛੋਟੇ ਬੱਚਿਆਂ (3-5 ਸਾਲ) ਲਈ ਇੱਕ ਨਵਾਂ ਪ੍ਰੋਗਰਾਮ "ਬਾਲ ਵਾੜੀ" ਸ਼ੁਰੂ ਕੀਤਾ ਗਿਆ ਹੈ ਜਿਸ ਵਿਚ 70 ਤੋਂ ਵੱਧ ਬੱਚੇ ਹਿੱਸਾ ਲੈ ਰਹੇ ਹਨ।

2) ਖਾਲਸਾ ਸਕੂਲ ਲਈ 14 ਨਵੇਂ ਕਮਰੇ ਅਤੇ ਲਾਇਬਰੇਰੀ ਤਿਆਰ ਕੀਤੀ ਗਈ ਹੈ ਜਿਨ੍ਹਾਂ ਵਿਚ ਕੁਰਸੀਆਂ, ਡੈਸਕ, ਕੰਪਿਊਟਰ, ਇੰਟਰਨੈਟ, ਪ੍ਰਾਜੈਕਟਰ ਲੱਗ ਰਹੇ ਹਨ।

3) 600 ਤੋਂ ਵੱਧ ਬੱਚੇ ਖਾਲਸਾ ਸਕੂਲ 'ਚ ਦਾਖਲਾ ਲੈ ਕੇ ਪੰਜਾਬੀ ਤੇ ਗੁਰਬਾਣੀ ਦੀ ਸਿੱਖਿਆ ਲੈ ਰਹੇ ਹਨ।

4) ਖਾਲਸਾ ਸਕੂਲ ਹੁਣ ਸ੍ਰੀ ਹੇਮਕੁੰਟ ਫਾਊਂਡੇਸ਼ਨ ਪੱਛਮੀ ਰੀਜ਼ਨ ਕੀਰਤਨ ਦਰਬਾਰ ਦੇ ਕੇਂਦਰ ਵਜੋਂ ਜਾਣਿਆ ਜਾਂਦਾ ਹੈ।

5) ਸਿੱਖ ਬੁਆਏ ਸਕਾਊਟ ਦੇ ਕੈਂਪ ਸ਼ੁਰੂ ਕੀਤੇ ਗਏ ਅਤੇ ਹੁਣ ਉਨ੍ਹਾਂ ਨੂੰ ਬਾਕਾਇਦਾ ਬੁਆਏ ਸਕਾਊਟ ਆਫ ਅਮੈਰਿਕਾ ਦੇ ਦਾਇਰੇ 'ਚ ਜਾਣਿਆ ਜਾਂਦਾ ਹੈ।

6) 2011 ਵਿਚ ਤਿੰਨ ਗੁਰਮਤਿ ਕੈਂਪਾਂ ਦਾ ਇੰਤਜ਼ਾਮ ਕੀਤਾ ਜਾ ਰਿਹਾ ਹੈ ਜਿਨ੍ਹਾਂ ਵਿਚ ਬੱਚਿਆਂ ਨੂੰ ਗੁਰਬਾਣੀ, ਸਿੱਖ ਫਿਲਾਸਫੀ ਅਤੇ ਲੀਡਰਸ਼ਿੱਪ ਦੀ ਟਰੇਨਿੰਗ ਦਿਤੀ ਜਾਏਗੀ।

7) ਕਾਲਜ ਜਾਂ ਯੂਨੀਵਰਸਿਟੀ 'ਚ ਦਾਖਲਾ ਲੈਣ ਲਈ ਸੈਟ (ਐਸ ਏ ਟੀ) ਦੀਆਂ ਕਲਾਸਾਂ ਚੱਲ ਰਹੀਆਂ ਹਨ।

### ਗੁਰਦੁਆਰਾ ਸਾਹਿਬ ਦੇ ਪ੍ਰਬੰਧ ਬਾਰੇ ਪ੍ਰਾਪਤੀਆਂ

1) ਗੁਰੂਘਰ ਦੇ ਇਤਿਹਾਸ ਵਿਚ ਪਹਿਲੀ ਵਾਰੀ ਮੈਂਬਰਸ਼ਿਪ ਰਜਿਸਟਰੇਸ਼ਨ ਸ਼ੁਰੂ ਕਰਵਾਈ ਗਈ ਜਿਸ ਨਾਲ ਅੱਜ 4000 ਤੋਂ ਵੱਧ ਸੰਗਤ ਗੁਰੂ ਘਰ ਦੀ ਜਨਰਲ ਬਾਡੀ ਦੀ ਮੈਂਬਰ ਬਣ ਗਈ ਹੈ।

2) ਗੁਰਦੁਆਰੇ ਦੇ ਇਤਿਹਾਸ ਵਿਚ ਪਹਿਲੀ ਵਾਰੀ ਕਿਸੇ ਔਰਤ ਨੂੰ ਪ੍ਰਬੰਧਕ ਕਮੇਟੀ ਮੈਂਬਰ ਬਣਾਇਆ ਗਿਆ ਹੈ।

**ਜਾਰੀ ਕਰਤਾ: ਹਰਦੇਵ ਸਿੰਘ ਤੱਖਰ (ਪ੍ਰਧਾਨ), ਭੁਪਿੰਦਰ ਸਿੰਘ ਢਿੱਲੋਂ (ਸਕੱਤਰ)**

**ਅਤੇ ਸਮੂਹ ਪ੍ਰਬੰਧਕ ਕਮੇਟੀ, ਗੁਰਦੁਆਰਾ ਸੈਨ ਹੋਜ਼ੇ**

*Advt.*

# ਐਨ.ਆਰ.ਆਈ. ਕਮਿਸ਼ਨ ਦੀ ਸਥਾਪਨਾ ਮਹਿਜ ਚੋਣ ਸਟੰਟ-ਜੱਸੀ ਖੰਗੂੜਾ

**ਲੁਧਿਆਣਾ:** ਕਿਲ੍ਹਾ ਰਾਏਪੁਰ ਤੋਂ ਕਾਂਗਰਸੀ ਵਿਧਾਇਕ ਸ੍ਰੀ ਜੱਸੀ ਖੰਗੂੜਾ ਨੇ ਕਿਹਾ ਹੈ ਕਿ ਸੱਤਾਧਾਰੀ ਅਕਾਲੀ-ਭਾਜਪਾ ਸਰਕਾਰ ਵੱਲੋਂ ਚਾਰ ਮੈਂਬਰੀ ਐਨ.ਆਰ.ਆਈ. ਕਮਿਸ਼ਨ ਬਣਾਉਣ ਸਬੰਧੀ ਤਜਵੀਜ ਬਹੁਤ ਦੇਰ ਨਾਲ ਲਿਆਂਦੀ ਗਈ ਹੈ ਅਤੇ ਇਸ ਸਮੇਂ ਇਸ ਦਾ ਇਕੋ ਇਕ ਮਨੋਰਥ ਅਗਲੇ ਸਾਲ ਹੋ ਰਹੀਆਂ ਚੋਣਾਂ ਵਿਚ ਲਾਹਾ ਖੱਟਣਾ ਹੈ ਨਾ ਕਿ ਕਿਸੇ ਵੀ ਤਰ੍ਹਾਂ ਨਾਲ ਪਰਵਾਸੀ ਪੰਜਾਬੀਆਂ ਨੂੰ ਕੋਈ ਰਾਹਤ ਪਹੁੰਚਾਉਣਾ। ਖੁਦ ਪਰਵਾਸੀ ਭਾਰਤੀ ਰਹੇ ਸ੍ਰੀ ਖੰਗੂੜਾ ਨੇ ਮੁੱਖ ਮੰਤਰੀ ਸ. ਬਾਦਲ ਤੋਂ ਮੰਗ ਕੀਤੀ ਹੈ ਕਿ ਉਹ ਜਨਵਰੀ 2009 ਵਿਚ ਜਲੰਧਰ ਵਿਖੇ ਹੋਏ ਐਨ.ਆਰ.ਆਈ. ਸੰਮੇਲਨ ਦੌਰਾਨ ਕੀਤੇ ਵਾਅਦਿਆਂ ਨੂੰ ਲਾਗੂ ਕਰਨ 'ਚ ਅਸਫਲ ਰਹਿਣ ਲਈ ਪਰਵਾਸੀ ਪੰਜਾਬੀਆਂ ਪਾਸੋਂ ਮੁਆਫੀ ਮੰਗਣ।

ਸ੍ਰੀ ਖੰਗੂੜਾ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਨੇ 30 ਦਿਨਾਂ ਦੇ ਅੰਦਰ ਪਰਵਾਸੀ ਭਾਰਤੀਆਂ ਨਾਲ ਸਬੰਧਤ ਮਾਮਲਿਆਂ ਦੇ ਦੋਸ਼ੀਆਂ ਅਤੇ ਤਿੰਨ ਮਹੀਨੇ ਦੇ ਅੰਦਰ ਪਰਵਾਸੀ ਭਾਰਤੀਆਂ ਨਾਲ ਸਬੰਧਤ ਕੋਰਟ ਕੇਸਾਂ ਦੀ ਸੂਚੀ ਇੰਟਰਨੈਟ 'ਤੇ ਜਾਰੀ ਕਰਨ ਦਾ ਵਾਅਦਾ ਕੀਤਾ ਸੀ। ਇਸ ਦੇ ਨਾਲ ਹੀ ਉਨ੍ਹਾਂ ਐਫ.ਆਈ.ਆਰ. ਦਰਜ ਹੋਣ ਦੇ ਸੱਤ ਦਿਨਾਂ ਦੇ ਅੰਦਰ ਪਰਵਾਸੀਆਂ ਨਾਲ ਸਬੰਧਤ ਪੁਲਿਸ ਤਫਤੀਸ਼ਾਂ ਦੀ ਕਿਸੇ ਐਸ.ਪੀ. ਰੈਂਕ ਦੇ ਅਧਿਕਾਰੀ ਤੋਂ ਸਮੀਖਿਆ ਕਰਵਾਉਣ ਦਾ ਵਾਅਦਾ ਕੀਤਾ ਸੀ ਪ੍ਰੰਤੂ ਇਨ੍ਹਾਂ 'ਚੋਂ ਕੋਈ ਵੀ ਵਾਅਦਾ ਪੂਰਾ ਨਹੀਂ ਕੀਤਾ ਗਿਆ ਬਲਕਿ ਪਰਵਾਸੀ ਪੰਜਾਬੀਆਂ ਨੂੰ ਮਹਿਜ ਮੂਰਖ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਸ੍ਰੀ ਖੰਗੂੜਾ ਨੇ ਦੋਸ਼ ਲਾਇਆ ਕਿ ਮੌਜੂਦਾ ਅਕਾਲੀ-ਭਾਜਪਾ ਸਰਕਾਰ ਦੌਰਾਨ ਅਧਿਕਾਰੀਆਂ ਵਲੋਂ ਪਰਵਾਸੀ ਪੰਜਾਬੀਆਂ ਨਾਲ ਧੋਖੇਬਾਜ਼ੀ ਕੀਤੀ ਗਈ ਹੈ ਅਤੇ ਸੱਤਾਧਾਰੀ ਸਿਆਸਤਦਾਨਾਂ ਦੀ ਮਿਲੀਭੁਗਤ ਨਾਲ ਪਰਵਾਸੀਆਂ ਦੀ ਕਰੋੜਾਂ ਰੁਪਏ ਦੀ ਜਾਇਦਾਦ ਉਤੇ ਨਾਜਾਇਜ਼ ਕਬਜ਼ੇ ਹੋਣ ਦਿੱਤੇ ਗਏ ਹਨ। ਇੰਨਾ ਹੀ ਨਹੀਂ, ਇਸ ਸਰਕਾਰ ਦੌਰਾਨ ਪਰਵਾਸੀ ਪੰਜਾਬੀਆਂ ਵਿਰੁਧ 10 ਹਜ਼ਾਰ ਦੇ ਕਰੀਬ ਗਲਤ ਕੇਸ ਦਰਜ ਕੀਤੇ ਗਏ। ਉਨ੍ਹਾਂ ਕਿਹਾ ਕਿ ਪਰਵਾਸੀ ਪੰਜਾਬੀਆਂ ਦੀਆਂ ਜ਼ਮੀਨਾਂ ਤੇ ਸੰਪਤੀਆਂ 'ਤੇ ਨਾਜਾਇਜ਼ ਕਬਜ਼ੇ ਸੱਤਾਧਾਰੀ ਪਰਿਵਾਰ ਦੀ ਸਹਿਮਤੀ ਤੋਂ ਬਿਨਾਂ ਕਦੇ ਵੀ ਨਹੀਂ ਹੋ ਸਕਦੇ। ਸੱਤਾਧਾਰੀ ਉਚ ਵਰਗ, ਉਸ ਦੇ ਮੰਤਰੀ, ਵਿਧਾਇਕ ਅਤੇ ਨਜ਼ਦੀਕੀ ਰਿਸ਼ਤੇਦਾਰ ਸ਼ੱਕੀ ਏਜੰਟਾਂ, ਅਪਰਾਧੀਆਂ ਅਤੇ ਪੁਲਿਸ ਅਧਿਕਾਰੀਆਂ ਦੇ ਨੈਟਵਰਕ ਦੇ ਨਾਲ ਮਿਲ ਕੇ ਪਰਵਾਸੀ ਪੰਜਾਬੀਆਂ ਦੀਆਂ ਜਾਇਦਾਦਾਂ ਦਬਾਉਣ ਦੇ ਧੰਦੇ ਵਿਚ ਸ਼ਾਮਿਲ ਹੈ। ਉਨ੍ਹਾਂ ਜਾਨਣਾ ਚਾਹਿਆ ਕਿ ਮੁੱਖ ਮੰਤਰੀ ਅਤੇ ਉਨ੍ਹਾਂ ਦਾ ਪੁੱਤਰ ਇਹ ਤਾਂ ਦੱਸਣ ਕਿ ਉਨ੍ਹਾਂ ਕਿੰਨੇ ਪਰਵਾਸੀਆਂ ਦੀਆਂ ਜਾਇਦਾਦਾਂ ਉਤੇ ਨਾਜਾਇਜ਼ ਕਬਜ਼ੇ ਛੁਡਾ ਕੇ ਉਨ੍ਹਾਂ ਦੇ ਅਸਲ ਮਾਲਕਾਂ ਨੂੰ ਮੋੜੀਆਂ ਹਨ।

ਵਿਧਾਇਕ ਨੇ ਦੋਸ਼ ਲਾਇਆ ਕਿ ਮੌਜੂਦਾ ਸਰਕਾਰ ਦਾ ਐਨ ਆਰ ਆਈ ਮਾਮਲਿਆਂ ਸਬੰਧੀ ਵਿਭਾਗ ਪਰਵਾਸੀ ਪੰਜਾਬੀਆਂ ਲਈ ਮਹਿਜ ਸਿਰਦਰਦੀ ਹੀ ਬਣਿਆ ਹੈ ਅਤੇ ਮੁੱਖ ਮੰਤਰੀ ਵਲੋਂ ਤਜਵੀਜਸ਼ੁਦਾ ਐਨ ਆਰ ਆਈ ਕਮਿਸ਼ਨ ਦਾ ਵੀ ਕਿਸੇ ਨੂੰ ਕੋਈ ਲਾਭ ਨਹੀਂ ਹੋਣ ਲੱਗਾ। ਜੇ ਉਹ ਜਰਾ ਵੀ ਗੰਭੀਰ ਹੁੰਦੇ ਤਾਂ ਇਹ ਕਮਿਸ਼ਨ ਆਪਣੀ ਸਰਕਾਰ ਦੇ ਕਾਰਜਕਾਲ ਦੇ ਪਹਿਲੇ ਦਿਨਾਂ ਵਿਚ ਹੀ ਬਣਾਉਂਦੇ, ਨਾ ਕਿ ਐਨ ਆਖਰੀ ਮੌਕੇ 'ਤੇ।

ਸ੍ਰੀ ਜੱਸੀ ਖੰਗੂੜਾ ਨੇ ਪਰਵਾਸੀ ਪੰਜਾਬੀਆਂ ਨੂੰ ਅਗਲੇ ਸਾਲ ਹੋਣ ਵਾਲੀਆਂ ਚੋਣਾਂ ਵਿਚ ਪੂਰੀ ਤਰ੍ਹਾਂ ਸਰਗਰਮ ਹੋ ਕੇ ਅਜਿਹੇ ਵਿਧਾਇਕ ਚੁਣਨ ਦਾ ਸੱਦਾ ਦਿੱਤਾ ਜੋ ਸੱਚਮੁੱਚ ਹੀ ਪਰਵਾਸੀਆਂ ਦੇ ਭਲੇ ਲਈ ਸੋਚ ਸਕਣ ਅਤੇ ਕੰਮ ਕਰ ਸਕਣ।

# ਇੰਡਸ ਵੈਲੀ ਚੈਂਬਰ ਦੇ ਨਵੇਂ ਅਹੁਦੇਦਾਰਾਂ ਨੇ ਅਹੁਦੇ ਦਾ ਹਲਫ ਲਿਆ

**ਸੈਕਰਾਮੈਂਟੋ (ਬਿਊਰੋ):** ਇੰਡਸ ਵੈਲੀ ਚੈਂਬਰ ਆਫ ਕਾਮਰਸ ਦੇ ਨਵੇਂ ਅਹੁਦੇਦਾਰਾਂ ਨੇ ਚੈਂਬਰ ਵਲੋਂ ਇਥੇ ਕਰਵਾਏ ਗਏ ਇਕ ਵਿਸ਼ੇਸ਼ ਪ੍ਰੋਗਰਾਮ ਦੌਰਾਨ ਅਹੁਦੇ ਦਾ ਹਲਫ ਲਿਆ। ਨਵੇਂ ਨਿਯੁਕਤ ਅਹੁਦੇਦਾਰਾਂ ਵਿਚ ਪ੍ਰਧਾਨ ਇਕਬਾਲ ਬਡਵਾਲ, ਮੀਤ ਪ੍ਰਧਾਨ ਡਾ. ਗੈਰੀ ਸਿੱਧੂ, ਖਜ਼ਾਨਚੀ ਪਵਿੱਤਰ ਨਾਹਲ ਤੋਂ ਇਲਾਵਾ ਸੁਖਚੈਨ ਅਤੇ ਮਨਜੀਤ ਸਿਬੀਆ ਸ਼ਾਮਲ ਹਨ।

ਜਿਨ੍ਹਾਂ ਨੇ ਇਕ ਗੀਤ ਪੇਸ਼ ਕਰਕੇ ਸਰੋਤਿਆਂ ਨੂੰ ਜੀ ਆਇਆਂ ਕਿਹਾ। ਉਪਰੰਤ ਬੋਰਡ ਮੈਂਬਰਾਂ ਕਮਲ ਜੱਜ ਅਤੇ ਪਾਲ ਬਿੰਦਰਾ ਦੀ ਅਗਵਾਈ ਹੇਠ ਮੁੱਖ ਮਹਿਮਾਨ ਐਲਨ ਨਾਕਾਨਿਸ਼ੀ ਅਤੇ ਯੂਬਾ ਸਿਟੀ ਦੇ ਕੌਂਸਲਮੈਨ ਤੇਜ ਮਾਨ ਨੂੰ ਸਟੇਜ 'ਤੇ ਬੁਲਾਇਆ ਗਿਆ ਜਿਨ੍ਹਾਂ ਚੈਂਬਰ ਦੇ ਕੰਮਾਂ-ਕਾਰਾਂ ਦੀ ਸ਼ਲਾਘਾ ਕੀਤੀ।

ਇਸ ਮੌਕੇ ਰੰਗਾਰੰਗ ਪ੍ਰੋਗਰਾਮ ਵਿਚ ਪੰਮੀ ਮਾਨ, ਪੂਨਮ



ਇਸ ਸਬੰਧੀ ਇਥੇ ਸਾਜ਼ ਰੈਸਟੋਰੈਂਟ ਵਿਚ ਕੀਤੇ ਗਏ ਇਕ ਰੰਗਾਰੰਗ ਪ੍ਰੋਗਰਾਮ ਦੇ ਸ਼ੁਰੂ ਵਿਚ ਚੈਂਬਰ ਦੇ ਜਨਰਲ ਸਕੱਤਰ ਸੁਖਚੈਨ ਸਿੰਘ ਨੇ ਚੈਂਬਰ ਦੀਆਂ ਗਤੀਵਿਧੀਆਂ ਬਾਰੇ ਚਾਨਣਾ ਪਾਉਂਦੇ ਹੋਏ ਦੱਸਿਆ ਕਿ ਇਸ ਵਲੋਂ ਸਿਆਸੀ, ਆਰਥਕ ਅਤੇ ਸਭਿਆਚਾਰਕ ਪ੍ਰੋਗਰਾਮ ਕਰਵਾਏ ਜਾਂਦੇ ਹਨ ਜਿਨ੍ਹਾਂ ਵਿਚ ਅਮਰੀਕੀ ਮੁੱਖ ਧਾਰਾ ਦੇ ਆਗੂਆਂ ਨੂੰ ਵੀ ਸ਼ਰੀਕ ਕੀਤਾ ਜਾਂਦਾ ਹੈ। ਨਵੇਂ ਸਾਲ ਮੌਕੇ ਇਸ ਵਲੋਂ ਇਕ ਡਿਨਰ ਦਿੱਤਾ ਜਾਂਦਾ ਹੈ ਅਤੇ ਭਾਈਚਾਰੇ ਦੇ ਮਨੋਰੰਜਨ ਲਈ ਅਗਸਤ ਮਹੀਨੇ ਇਕ ਪਿਕਨਿਕ ਵੀ ਕਰਵਾਈ ਜਾਂਦੀ ਹੈ। ਸਟੇਜ ਦੀ ਜ਼ਿੰਮੇਵਾਰੀ ਸੰਭਾਲਦਿਆਂ ਪੀ ਜੇ ਥਿਆੜਾ ਨੇ ਦੋ ਬੱਚੀਆਂ ਮੁਸਕਾਨ ਮਾਨ ਅਤੇ ਅਰਮਾਨ ਸਿੱਧੂ ਨੂੰ ਸਟੇਜ 'ਤੇ ਬੁਲਾਇਆ ਮਲਹੋਤਰਾ ਤੇ ਸੈਨ ਮਾਈਕ ਨੇ ਗੀਤ ਪੇਸ਼ ਕੀਤੇ ਜਦੋਂਕਿ ਸ਼ੇਰੇ ਪੰਜਾਬ ਕਲੱਬ ਦੀ ਭੰਗੜੇ ਦੀ ਟੀਮ ਨੇ ਭੰਗੜੇ ਦਾ ਵਾਹ ਵਾਹ ਰੰਗ ਬੰਨ੍ਹਿਆ। ਕਲਾਕਾਰਾਂ ਦਾ ਸੁਰਿੰਦਰ ਬਿੰਦਰਾ, ਪਰਮਿੰਦਰ ਕੌਰ ਸੁੱਖ, ਕਮਲ ਬੰਗਾ ਅਤੇ ਡਾ. ਲਖਵਿੰਦਰ ਰੰਧਾਵਾ ਵਲੋਂ ਸਨਮਾਨ ਕੀਤਾ ਗਿਆ। ਚੈਂਬਰ ਦੇ ਨਵੇਂ ਪ੍ਰਧਾਨ ਡਾ. ਇਕਬਾਲ ਬਡਵਾਲ ਨੇ ਆਪਣੀ ਟੀਮ ਵਲੋਂ ਆਏ ਸਾਰੇ ਸੱਜਣਾਂ ਦਾ ਧੰਨਵਾਦ ਕੀਤਾ। ਇਸ ਮੌਕੇ ਹਾਜ਼ਰ ਪਤਵੰਤੇ ਸੱਜਣਾਂ ਵਿਚ ਡਾ. ਅਮਰੀਕ ਸਿੰਘ, ਬੌਬੀ ਗੋਸਲ, ਸਤਿੰਦਰਪਾਲ ਸਰਹੱਦੀ, ਸ਼ਾਰਲਾ ਪਰਲਾਟਾ, ਜੋ ਦਿਓਲ, ਜਾਵੇਦ ਅਖਤਰ, ਕੁਲਦੀਪ ਸਿੰਘ ਬੈਂਸ, ਡਾਇਨਾ ਪਰਪੇਅਰ, ਬਲਜੀਤ ਗਿੱਲ, ਡਾ. ਟੌਮ, ਲਿੰਡ ਜਿਨ ਅਤੇ ਕਰਨ ਥਿਆਰਾ ਸ਼ਾਮਲ ਸਨ।

# 'ਗਿੰਨ੍ਹੀ ਸਿਮ੍ਰਤੀ ਗ੍ਰੰਥ' 'ਤੇ ਗੋਸ਼ਟੀ

**ਹੇਵਰਡ (ਬਿਊਰੋ):** ਪੰਜਾਬੀ ਸਾਹਿਤ ਸਭਾ ਕੈਲੀਫ਼ੋਰਨੀਆ ਦੀ ਬੇਅ ਏਰੀਆ ਯੂਨਿਟ ਵਲੋਂ ਪਰਮਿੰਦਰ ਸਿੰਘ ਪਰਵਾਨਾ ਦੀ ਆਪਣੀ ਮਰਹੂਮ ਬੇਟੀ ਗਿੰਨੀ ਦੀ ਯਾਦ ਵਿਚ ਸੰਪਾਦਿਤ ਪੁਸਤਕ 'ਗਿੰਨੀ ਸਿਮ੍ਰਤੀ ਗ੍ਰੰਥ' ਉਤੇ ਗੋਸ਼ਟੀ ਕਰਵਾਈ ਗਈ। ਗੋਸ਼ਟੀ ਦੇ ਪ੍ਰਧਾਨਗੀ ਮੰਡਲ ਵਿਚ ਜਸਟਿਸ ਸੱਯਦ ਆਸਫ਼ ਸ਼ਾਹਕਾਰ, ਸ਼ਿਰੋਮਣੀ ਕਵੀ ਡਾ. ਅਨੂਪ ਸਿੰਘ ਵਿਰਕ (ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ), ਡਾ. ਕੁਲਵੰਤ ਕੌਰ, ਕਮਲ ਦੇਵ ਪਾਲ ਸਿੰਘ ਅਤੇ ਗ਼ਜ਼ਲਗੋ ਸ. ਈਸ਼ਰ ਸਿੰਘ ਮੋਮਨ ਸ਼ਾਮਿਲ ਹੋਏ।

ਪਰਮਿੰਦਰ ਸਿੰਘ ਪਰਵਾਨਾ ਨੇ 'ਗਿੰਨੀ ਸਿਮ੍ਰਤੀ ਗ੍ਰੰਥ' ਦੇ ਉਦੇਸ਼ ਬਾਰੇ ਗੱਲ ਕਰਦਿਆਂ ਉਨ੍ਹਾਂ ਸਾਰੇ ਸਾਹਿਤਕਾਰਾਂ ਦਾ ਧੰਨਵਾਦ ਕੀਤਾ ਜਿਨ੍ਹਾਂ ਦੀਆਂ ਰਚਨਾਵਾਂ ਸਦਕਾ ਉਹ ਇਸ ਨੂੰ ਪ੍ਰਕਾਸ਼ਿਤ ਕਰਨ ਵਿਚ ਕਾਮਯਾਬ ਹੋਏ। ਉਨ੍ਹਾਂ ਇਹ ਦੀ ਦੱਸਿਆ ਕਿ ਉਹ ਬਿਨ੍ਹਾਂ ਕਿਸੇ ਨਿੱਜੀ ਹਿੱਤ ਦੇ ਇਸ ਦਾ ਦੂਜਾ ਸੰਸਕਰਣ ਪ੍ਰਕਾਸ਼ਿਤ ਕਰਨ ਦੇ ਯਤਨ ਵਿਚ ਹਨ। ਨਵਨੀਤ ਪਨੂੰ ਵਲੋਂ ਡਾ. ਸ਼ਰਨਜੀਤ ਕੌਰ ਦਾ ਲਿਖਿਆ 'ਗਿੰਨੀ ਦੀਆਂ ਸਿਮਤ੍ਰੀਆਂ ਦੀ ਪੇਸ਼ਕਾਰੀ' ਅਤੇ ਪ੍ਰੋ. ਸੁਰਜੀਤ ਸਿੰਘ ਨਨੂਆ ਵਲੋਂ 'ਗਿੰਨੀ ਸਿਮ੍ਰਤੀ ਗ੍ਰੰਥ-ਹਾਂ ਪੱਖੀ ਮੁਲਾਂਕਣ' ਪਰਚੇ ਪੇਸ਼ ਕੀਤੇ ਗਏ। ਚਰਨਜੀਤ ਸਿੰਘ ਪਨੂੰ, ਸੁਰਿੰਦਰ ਸ਼ਰਮਾ, ਗੁਰਮੀਤ



ਬਾਸੀ ਅਤੇ ਹਰਸਿਮਰਨ ਕੌਰ ਖ਼ਾਲਸਾ ਨੇ ਇਸ ਉਦਮ ਦੀ ਸਰਾਹਨਾ ਕੀਤੀ। ਡਾ. ਕੁਲਵੰਤ ਕੌਰ ਨੇ ਕਿਹਾ ਕਿ ਮੈਂ ਦਾਅਵੇ ਨਾਲ ਕਹਿ ਸਕਦੀ ਹਾਂ ਕਿ ਇਸ ਤੋਂ ਪਹਿਲਾਂ ਕਦੀ ਵੀ ਕਿਸੇ ਬਾਪ ਨੇ ਆਪਣੀ ਧੀ ਦੀ ਯਾਦ ਨੂੰ ਇਸ ਤਰੀਕੇ ਨਾਲ ਨਹੀਂ ਸੰਭਾਲਿਆ। ਪ੍ਰੋ. ਅਨੂਪ ਸਿੰਘ ਨੇ ਕਿਹਾ ਕਿ ਉਹ ਇਸ ਪੁਸਤਕ ਤੋਂ ਬਹੁਤ ਪ੍ਰਭਾਵਿਤ ਹੋਏ ਹਨ। ਜਸਟਿਸ ਸ਼ਾਹਕਾਰ ਨੇ ਕਿਹਾ ਕਿ ਮੈਂ ਮਹਿਸੂਸ ਕਰਦਾ ਹਾਂ ਕਿ ਇਸ ਪੁਸਤਕ ਵਿਚ ਲਹਿੰਦੇ ਪੰਜਾਬ ਤੋਂ ਵੀ ਸਾਹਿਤਕਾਰਾਂ ਦੀਆਂ ਰਚਨਾਵਾਂ ਸ਼ਾਮਿਲ ਕੀਤੀਆਂ ਜਾਣੀਆਂ ਚਾਹੀਦੀਆਂ ਸਨ। ਕਮਲ ਦੇਵ ਪਾਲ ਨੇ ਕਿਹਾ ਕਿ ਉਹ 16 ਸਾਲ ਬਾਅਦ ਪੰਜਾਬੀ ਸਾਹਿਤ ਸਭਾ ਦੀ ਮਿਲਣੀ ਵਿਚ ਆਏ ਹਨ ਅਤੇ ਅੱਜ ਦੇ ਸਮਾਗਮ ਤੋਂ ਪ੍ਰਭਾਵਿਤ ਵੀ ਹੋਏ ਹਨ। ਸ. ਈਸ਼ਰ ਸਿੰਘ ਮੋਮਨ ਨੇ ਕਿਹਾ ਕਿ ਪਰਵਾਨਾ ਇਕ ਮਿਹਨਤੀ ਇਨਸਾਨ ਹੈ ਅਤੇ ਉਨ੍ਹਾਂ ਦੀ ਮਿਹਨਤ ਦੀ ਝਲਕ ਇਸ ਪੁਸਤਕ ਵਿਚ ਵੀ ਮਿਲਦੀ ਹੈ।

ਸਾਬਕਾ ਪ੍ਰਧਾਨ ਤਾਰਾ ਸਿੰਘ ਸਾਗਰ ਨੇ ਕਿਹਾ ਕਿ ਪਰਵਾਨਾ ਨੇ ਇਹ ਉਸਾਰੂ ਕੰਮ ਕਰ ਕੇ ਭਰੂਣ ਹੱਤਿਆ ਜਿਹੀ ਬੁਰਾਈ ਨੂੰ ਲਾਹਨਤ ਪਾਈ ਹੈ। ਨੀਲਮ ਸੈਣੀ ਨੇ ਸ੍ਰੀ ਵੇਦ ਵਟੁਕ, ਯੂਬਾ ਸਿਟੀ ਸੈਕਰਾਮੈਂਟੋ ਇਕਾਈ ਦੇ ਪ੍ਰਧਾਨ ਹਰਬੰਸ ਸਿੰਘ ਜਗਿਆਸੂ, ਮਨਜੀਤ ਕੌਰ ਸੇਖੋਂ, ਪਿਆਰਾ ਸਿੰਘ ਕੁੱਦੋਵਾਲ, ਮਹਿੰਦਰ ਸਿੰਘ ਘੱਗ, ਸ਼ਿਰੋਮਣੀ ਕਵੀ ਆਜ਼ਾਦ ਜਲੰਧਰੀ ਦੇ ਸੰਦੇਸ਼ ਪੜ੍ਹੇ ਅਤੇ ਅੰਤਰਰਾਸ਼ਟਰੀ ਗਦਰ ਇਤਿਹਾਸਕ ਸਮੂਹ ਵਲੋਂ ਸੁਦੇਸ਼ ਅਟਵਾਲ ਅਤੇ ਇਕਬਾਲ ਸਿੰਘ ਢਿੱਲੋਂ ਦਾ ਚਾਹ-ਪਾਣੀ ਸਪਾਂਸਰ ਕਰਨ ਲਈ ਧੰਨਵਾਦ ਕੀਤਾ। ਉਪਰੰਤ ਜਸਟਿਸ ਸ਼ਾਹਕਾਰ, ਪ੍ਰੋ. ਅਨੂਪ ਸਿੰਘ ਅਤੇ ਡਾ. ਕੁਲਵੰਤ ਕੌਰ ਦਾ ਮਾਣ ਸਨਮਾਨ ਕੀਤਾ ਗਿਆ। ਪਰਮਿੰਦਰ ਸਿੰਘ ਪਰਵਾਨਾ ਦਾ 'ਗਿੰਨੀ ਸਿਮ੍ਰਤੀ ਗ੍ਰੰਥ' ਦੀ ਸੰਪਾਦਨਾ ਲਈ ਅਤੇ ਪੰਜਾਬੀ ਸਾਹਿਤ ਸਭਾ ਦੇ ਪ੍ਰਬੰਧਕ ਦੀਆਂ ਸੇਵਾਵਾਂ ਕੁਸ਼ਲਤਾ ਨਾਲ ਨਿਭਾਉਣ ਲਈ ਸਨਮਾਨ ਕੀਤਾ ਗਿਆ।

ਬਾਅਦ ਵਿਚ ਹੋਏ ਕਵੀ ਦਰਬਾਰ ਵਿਚ ਸੁਰਿੰਦਰ ਸ਼ਰਮਾ, ਮਾਸਟਰ ਰਿੰਕੂ, ਗਾਇਕ ਸੁਲਤਾਨ ਅਖ਼ਤਰ, ਜਸਦੀਪ ਸਿੰਘ, ਗੁਰਮੀਤ ਸਿੰਘ ਬਰਸਾਲ, ਪ੍ਰੋ. ਸੁਰਜੀਤ ਸਿੰਘ ਨਨੂਆ, ਇੰਦਰਜੀਤ ਸਿੰਘ ਗਰੇਵਾਲ, ਪਰਮਜੀਤ ਸਿੰਘ ਦਾਖਾ, ਅਮਰਜੀਤ ਕੌਰ ਪਨੂੰ, ਗੁਲਸ਼ਨ ਦਿਆਲ, ਨਵਨੀਤ ਪਨੂੰ, ਪਰਮਿੰਦਰ ਸਿੰਘ ਪਰਵਾਨਾ, ਤਾਰਾ ਸਿੰਘ ਸਾਗਰ, ਪ੍ਰੋ, ਅਨੂਪ ਸਿੰਘ ਵਿਰਕ, ਜਸਟਿਸ ਸ਼ਾਹਕਾਰ, ਕਮਲਦੇਵ ਪਾਲ ਸਿੰਘ, ਚਰਨਜੀਤ ਸਿੰਘ ਪਨੂੰ, ਤਰਲੋਚਨ ਸਿੰਘ ਲਾਲੀ, ਨੀਲਮ ਸੈਣੀ, ਕੁਲਦੀਪ ਸਿੰਘ ਢੀਂਡਸਾ, ਹਿੰਮਤ ਸਿੰਘ ਹਿੰਮਤ, ਈਸ਼ਰ ਸਿੰਘ ਮੋਮਨ ਆਦਿ ਨੇ ਆਪਣੀਆਂ ਰਚਨਾਵਾਂ ਪੜ੍ਹੀਆਂ। ਮੰਚ ਸੰਚਾਲਨ ਨੀਲਮ ਸੈਣੀ ਨੇ ਕੀਤਾ।

ਸਮਾਗਮ ਦੇ ਅਰੰਭ ਵਿਚ ਪ੍ਰਧਾਨ ਕੁਲਦੀਪ ਸਿੰਘ ਢੀਂਡਸਾ ਨੇ ਆਏ ਮਹਿਮਾਨਾਂ ਨੂੰ ਜੀਅ ਆਇਆਂ ਆਖਿਆ ਅਤੇ ਮਰਹੂਮ ਗਿੰਨੀ ਤੇ ਮਰਹੂਮ ਡਾ. ਆਤਮਜੀਤ ਸਿੰਘ ਦੀ ਧਰਮ ਪਤਨੀ ਸ. ਸਵਰਨਜੀਤ ਕੌਰ ਦੀ ਆਤਮਿਕ ਸ਼ਾਂਤੀ ਲਈ ਮੌਨ ਧਾਰਿਆ ਗਿਆ।

# ਪਾਕਿਸਤਾਨ ਹੋਰ ਪ੍ਰਮਾਣੂ ਪਲਾਂਟ ਲਗਾਵੇਗਾ: ਗਿਲਾਨੀ

**ਇਸਲਾਮਾਬਾਦ:** ਪਾਕਿਸਤਾਨ ਦੇ ਪ੍ਰਧਾਨ ਮੰਤਰੀ ਯੂਸਫ ਰਜ਼ਾ ਗਿਲਾਨੀ ਨੇ ਕਿਹਾ ਕਿ ਪਾਕਿਸਤਾਨ ਦੀ ਪ੍ਰਮਾਣੂ ਸਮਰੱਥਾ ਕੇਵਲ ਸ਼ਾਂਤੀ ਮੰਤਵ ਲਈ ਹੈ ਤੇ ਉਨ੍ਹਾਂ ਐਲਾਨ ਕੀਤਾ ਕਿ ਇਸ ਦੀਆਂ ਜ਼ਰੂਰਤਾਂ ਨੂੰ ਮੁੱਖ ਰੱਖਦੇ ਹੋਏ ਦੇਸ਼ ਹੋਰ ਬਿਜਲੀ ਪਲਾਂਟ ਖੜ੍ਹੇ ਕਰੇਗਾ।

ਇਕ ਸੈਮੀਨਾਰ ਦੌਰਾਨ ਸ੍ਰੀ ਗਿਲਾਨੀ ਨੇ ਕਿਹਾ ਕਿ ਪਾਕਿਸਤਾਨ ਕੌਮਾਂਤਰੀ ਪ੍ਰਮਾਣੂ ਸ਼ਕਤੀ ਏਜੰਸੀ ਦੀਆਂ ਰੱਖਿਆਤਮਿਕ ਸਮਝੌਤਿਆਂ ਵਾਲੀਆਂ ਜ਼ਰੂਰਤਾਂ ਪੂਰੀਆਂ ਕਰਦਾ ਰਹੇਗਾ। ਉਨ੍ਹਾਂ ਦੱਸਿਆ ਕਿ ਪ੍ਰਮਾਣੂ ਊਰਜਾ ਕਮਿਸ਼ਨ 2030 ਤੱਕ 8,800 ਮੈਗਾਵਾਟ ਪ੍ਰਮਾਣੂ ਬਿਜਲੀ ਉਤਪਾਦਨ ਹਾਸਿਲ ਕਰਨ ਲਈ ਦ੍ਰਿੜ੍ਹ ਹੈ ਤੇ ਉਨ੍ਹਾਂ ਆਸ ਪ੍ਰਗਟਾਈ ਕਿ 2030 ਤੋਂ ਬਾਅਦ ਹੋਰ ਪ੍ਰਮਾਣੂ ਊਰਜਾ ਪਲਾਂਟ ਖੜ੍ਹੇ ਕੀਤੇ ਜਾਣਗੇ।

ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ

ਜਸਪ੍ਰੀਤ ਸਿੰਘ

ਅਟਾਰਨੀ ਐਟ ਲਾਅ

*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ

ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ



Attorny At Law

**Law Offices Of Jaspreet Singh**

4491 W. Shaw Ave.,
Suite 300 B
(Near Costco)
Fresno, CA 93722
Ph: 559-271-5511

44790 S. Grimmer
Blvd. #204
Fremont CA-94538
Ph:510-657-6444
Fax: 510-657-6443

2945 W. Capitol Ave,
Sacramento CA-95691
Ph: 916-372-4448
Fax: 916-372-4440



# ਗੁਰਦੁਆਰਾ ਸੈਨ ਹੋਜ਼ੇ ਦੀ ਪ੍ਰਬੰਧਕ ਕਮੇਟੀ ਚੋਣ ਰੁਕਵਾਉਣ ਲਈ ਮੋਸ਼ਨ ਰੱਦ

**ਸੈਨ ਹੋਜ਼ੇ (ਬਿਊਰੋ):** ਗੁਰਦੁਆਰਾ ਸੁਧਾਰ ਕਮੇਟੀ ਦੇ ਨੁਮਾਇੰਦਿਆਂ ਸ. ਤਰਲੋਚਨ ਸਿੰਘ ਨਾਹਲ, ਸ. ਗੁਰਮੇਲ ਸਿੰਘ ਖਾਲਸਾ, ਸ. ਜਗਜੀਤ ਸਿੰਘ ਮੰਡ ਅਤੇ ਸ. ਦਲਜੀਤ ਸਿੰਘ ਵਲੋਂ ਗੁਰਦੁਆਰਾ ਸੈਨ ਹੋਜ਼ੇ ਦੀ ਪ੍ਰਬੰਧਕ ਕਮੇਟੀ ਦੀ ਹੋ ਰਹੀ ਇਲੈਕਸ਼ਨ/ਸਿਲੈਕਸ਼ਨ ਨੂੰ ਆਰਜ਼ੀ ਤੌਰ 'ਤੇ ਰੁਕਵਾਉਣ ਲਈ ਦਾਇਰ ਕੀਤੀ ਗਈ ਮੋਸ਼ਨ ਕੈਲੀਫੋਰਨੀਆ ਸੁਪੀਰੀਅਰ ਕੋਰਟ, ਸੈਨ ਹੋਜ਼ੇ ਨੇ ਰੱਦ ਕਰ ਦਿੱਤੀ ਹੈ। ਹੁਣ ਇਹ ਚੋਣ ਮਿਥੇ ਅਨੁਸਾਰ 3 ਜੁਲਾਈ ਨੂੰ ਹੀ ਹੋਵੇਗੀ। ਮੁੱਦਈਆਂ ਨੇ ਦਾਅਵਾ ਕੀਤਾ ਸੀ ਕਿ 17 ਅਪਰੈਲ 2011 ਨੂੰ ਮੌਜੂਦਾ ਪ੍ਰਬੰਧਕਾਂ ਵਲੋਂ ਗੁਰੂ ਘਰ ਦੀ ਜਨਰਲ ਬਾਡੀ ਦੀ ਬੁਲਾਈ ਗਈ ਮੀਟਿੰਗ ਗੈਰ ਵਿਧਾਨਕ ਸੀ ਅਤੇ 3 ਜੁਲਾਈ ਨੂੰ ਹੋ ਰਹੀ ਚੋਣ ਸਬੰਧੀ ਸਹੀ ਤਰੀਕੇ ਨਾਲ ਸੂਚਨਾ ਨਸ਼ਰ ਨਹੀਂ ਕੀਤੀ ਗਈ। ਇਥੇ ਜ਼ਿਕਰਯੋਗ ਹੈ ਕਿ ਗੁਰਦੁਆਰਾ ਸੈਨ ਹੋਜ਼ੇ ਦੀ ਜਨਰਲ ਬਾਡੀ ਦੀ ਇਸ ਮੀਟਿੰਗ ਵਿਚ ਪਾਸ ਮਤੇ ਰਾਹੀਂ ਸੰਵਿਧਾਨ ਵਿਚ ਸੋਧ ਕੀਤੀ ਗਈ ਸੀ ਜਿਸ ਮੁਤਾਬਕ ਹਰ ਸਾਲ 4 ਅਤੇ ਪੰਜਵੇਂ ਸਾਲ 5 ਕਮੇਟੀ ਮੈਂਬਰ ਸੇਵਾ ਮੁਕਤ ਹੋਣਗੇ ਅਤੇ ਉਸੇ ਹਿਸਾਬ ਨਾਲ ਹਰ ਸਾਲ ਨਵੇਂ ਕਮੇਟੀ ਮੈਂਬਰ ਇਲੈਕਟ/ਸਿਲੈਕਟ ਕੀਤੇ ਜਾਣਗੇ। ਇਸ ਸਾਲ ਆਉਂਦੀ 3 ਜੁਲਾਈ ਨੂੰ ਜਨਰਲ ਬਾਡੀ ਨੇ 4 ਨਵੇਂ ਮੈਂਬਰ ਚੁਣਨੇ ਹਨ।

ਮਾਣਯੋਗ ਜੱਜ ਕੈਵਿਨ ਈ. ਮਕੈਨੀ ਦੀ ਅਦਾਲਤ ਵਿਚ 24 ਜੂਨ ਨੂੰ ਹੋਈ ਸੁਣਵਾਈ ਦੌਰਾਨ ਗੁਰਦੁਆਰਾ ਸੈਨ ਹੋਜ਼ੇ ਦੇ ਵਕੀਲ ਨੇ ਦਲੀਲ ਦਿੱਤੀ ਕਿ ਗੁਰੂ ਘਰ ਦੇ ਬੋਰਡ ਉਤੇ ਲਾਇਆ ਗਿਆ ਨੋਟਿਸ ਅਤੇ ਗੁਰਦੁਆਰਾ ਸਾਹਿਬ ਦੇ ਦੀਵਾਨ ਹਾਲ ਵਿਚ ਸੰਗਤ ਨੂੰ ਦਿੱਤੀ ਗਈ ਸੂਚਨਾ ਗੁਰੂ ਘਰ ਦੇ ਬਾਈਲਾਅਜ਼ ਅਤੇ ਗੁਰੂ ਘਰ ਦੀ ਸਥਾਪਤ ਵਿਧੀ ਅਨੁਸਾਰ ਸੀ। ਵਕੀਲ ਨੇ ਅਦਾਲਤ ਨੂੰ ਸੈਨ ਹੋਜ਼ੇ ਗੁਰਦੁਆਰੇ ਦਾ ਜੂਨ ਮਹੀਨੇ ਦਾ ਨਿਊਜ਼ ਲੈਟਰ ਵੀ ਵਿਖਾਇਆ ਜਿਸ ਵਿਚ ਆ ਰਹੀ ਚੋਣ ਬਾਰੇ ਬਾਕਾਇਦਾ ਦੱਸਿਆ ਗਿਆ ਸੀ। ਦੋਹਾਂ ਧਿਰਾਂ ਦੀਆਂ ਦਲੀਲਾਂ ਸੁਣਨ ਉਪਰੰਤ ਜੱਜ ਮਕੈਨੀ ਨੇ ਮੁੱਦਈਆਂ ਦੀ ਆਰਜ਼ੀ ਰਿਸਟਰੇਨਿੰਗ ਆਰਡਰ ਦੇਣ ਸਬੰਧੀ ਬੇਨਤੀ ਰੱਦ ਕਰ ਦਿੱਤੀ। ਅਦਾਲਤ ਦੇ ਹੁਕਮਾਂ ਅਨੁਸਾਰ ਇਹ ਚੋਣ ਹੁਣ ਮਿਥੇ ਅਨੁਸਾਰ 3 ਜੁਲਾਈ ਨੂੰ ਹੀ ਹੋਵੇਗੀ।

ਇਸ ਕੇਸ ਸਬੰਧੀ ਹੋਰ ਜਾਣਕਾਰੀ ਲੈਣ ਲਈ ਸਿੱਖ ਗੁਰਦੁਆਰਾ, ਸੈਨ ਹੋਜ਼ੇ ਦੇ ਵਕੀਲ ਸਟੀਵਨ ਟਿਡਰਿਕ, ਟਿਡਰਿਕ ਲਾਅ ਫਰਮ, ਓਕਲੈਂਡ, ਕੈਲੀਫੋਰਨੀਆ ਫੋਨ 510-788-5100 ਜਾਂ ਈਮੇਲ sgt@tidricklaw.com 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਕੇਸ ਦਾ ਨੰਬਰ 1-11-ਸੀ ਵੀ-203351 ਹੈ।

# 'ਚੋਣਾਂ ਰੁਕਵਾਉਣ ਬਾਰੇ ਮੋਸ਼ਨ ਦਾ ਰੱਦ ਹੋਣਾ ਵਿਰੋਧੀ ਧਿਰ ਦੀ ਇਖਲਾਕੀ ਹਾਰ'

**ਸੈਨ ਹੋਜ਼ੇ (ਬਿਊਰੋ):** ਗੁਰਦੁਆਰਾ ਸੈਨ ਹੋਜ਼ੇ ਦੇ ਮੌਜੂਦਾ ਪ੍ਰਬੰਧਕਾਂ ਨੇ ਇਥੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਅਖਾਉਤੀ ਗੁਰਦੁਆਰਾ ਸੁਧਾਰ ਕਮੇਟੀ ਦੇ ਸਭ ਹੀਲਿਆਂ-ਵਸੀਲਿਆਂ ਦੇ ਬਾਵਜੂਦ 3 ਜੁਲਾਈ ਨੂੰ ਗੁਰਦੁਆਰਾ ਕਮੇਟੀ ਦੀਆਂ ਚੋਣਾਂ ਹੋਣਗੀਆਂ। ਬਿਆਨ ਵਿਚ ਕਿਹਾ ਗਿਆ ਹੈ ਕਿ ਵਿਰੋਧੀ ਧਿਰ ਗੁਰਦੁਆਰਾ ਸਾਹਿਬ ਨੂੰ ਅਦਾਲਤ ਵਿਚ ਘੜੀਸ ਕੇ ਲੈ ਗਈ ਹੈ ਅਤੇ ਤਰਲੋਚਨ ਸਿੰਘ ਨਾਹਲ, ਗੁਰਮੇਲ ਸਿੰਘ ਬਾਠ (ਖਾਲਸਾ), ਦਲਜੀਤ ਸਿੰਘ ਅਤੇ ਜਗਜੀਤ ਸਿੰਘ ਮੰਡ ਵਲੋਂ ਗੁਰਦੁਆਰਾ ਚੋਣਾਂ ਰੁਕਵਾਉਣ ਲਈ ਦਾਇਰ ਕਤਿੀ ਗਈ ਮੋਸ਼ਨ ਰੱਦ ਹੋਣਾ ਉਨ੍ਹਾਂ ਦੀ ਇਖਲਾਕੀ ਹਾਰ ਹੈ। ਇਨ੍ਹਾਂ 4 ਜਾਣਿਆ ਨੇ ਤਿੰਨ ਜੁਲਾਈ ਨੂੰ ਹੋ ਰਹੀਆਂ ਚੋਣਾਂ ਰੁਕਵਾਉਣ ਲਈ ਕੋਰਟ ਵਿਚੋਂ ਸਟੇਅ ਲੈਣ ਦੀ ਕੋਸ਼ਿਸ਼ ਕੀਤੀ ਪਰ ਕਾਮਯਾਬ ਨਹੀ ਹੋ ਸਕੇ।

ਬਿਆਨ ਵਿਚ ਦੋਸ਼ ਲਾਇਆ ਗਿਆ ਹੈ ਕਿ ਵਿਰੋਧੀ ਧਿਰ ਦੇ ਇਹ ਆਗੂ ਕੋਰਟ ਰਾਹੀਂ ਰਿਸੀਵਰ ਲਵਾਉਣਾ ਚਾਹੁੰਦੇ ਹਨ ਪਰ ਉਨ੍ਹਾਂ ਨੂੰ ਇਹ ਨਹੀਂ ਪਤਾ ਕਿ ਰਿਸੀਵਰ ਲੱਗਣ ਨਾਲ ਫਿਰ ਗੁਰੂ ਘਰ ਉਤੇ ਕਿੰਨਾ ਮਾਲੀ ਬੋਝ ਪਵੇਗਾ। ਬਿਆਨ ਵਿਚ ਸੰਗਤ ਨੂੰ ਯਾਦ ਕਰਵਾਇਆ ਗਿਆ ਹੈ ਕਿ ਨਾਹਲ, ਬਾਠ ਅਤੇ ਹੋਠੀ ਧੜਾ ਇੱਕ ਦੂਸਰੇ ਦੇ ਹਮੇਸ਼ਾ ਰਾਜਸੀ ਵਿਰੋਧੀ ਰਹੇ ਹਨ ਅਤੇ ਫਰੀਮਾਂਟ ਦੀਆਂ ਚੋਣਾਂ ਵਿਚ ਇੱਕ ਦੂਸਰੇ ਦੇ ਵਿਰੁਧ ਨਿਭੇ ਹਨ ਪਰ ਹੁਣ ਇਹ ਧੜੇ ਗੁਰਦੁਆਰਾ ਸੈਨ ਹੋਜ਼ੇ 'ਤੇ ਕਬਜ਼ਾ ਕਰਨ ਦੇ ਮਨੋਰਥ ਨਾਲ ਇਕੱਠੇ ਹੋ ਗਏ ਹਨ।

# ਸਿਆਟਲ ਸਪੋਰਟਸ ਕਲੱਬ ਦਾ ਕਬੱਡੀ ਮੇਲਾ 28 ਅਗਸਤ ਨੂੰ

**ਸਿਆਟਲ, ਵਾਸ਼ਿੰਗਟਨ (ਬਿਊਰੋ):** ਸਿਆਟਲ ਸਪੋਰਟਸ ਕਲੱਬ ਦਾ ਕਬੱਡੀ ਮੇਲਾ ਇਸ ਸਾਲ ਆਉਂਦੀ 28 ਅਗਸਤ ਨੂੰ ਕਰਵਾਇਆ ਜਾਏਗਾ ਜਿਸ ਵਿਚ ਕਬੱਡੀ ਤੋਂ ਇਲਾਵਾ ਹੋਰ ਖੇਡਾਂ ਵੀ ਕਰਵਾਈਆਂ ਜਾਣਗੀਆਂ। ਇਹ ਜਾਣਕਾਰੀ ਦਿੰਦਿਆਂ ਕਲੱਬ ਦੇ ਇਕ ਬੁਲਾਰੇ ਸ੍ਰੀ ਚੰਨਾ ਆਲਮਗੀਰ ਨੇ ਦਸਿਆ ਕਿ ਇਸ ਸਬੰਧੀ ਫੈਸਲਾ ਕਲੱਬ ਦੇ ਮੈਂਬਰਾਂ ਦੀ ਪਿਛਲੇ ਦਿਨੀਂ ਹੋਈ ਮੀਟਿੰਗ ਵਿਚ ਲਿਆ ਗਿਆ। ਉਨ੍ਹਾਂ ਕਿਹਾ ਕਿ ਇਸ ਖੇਡ ਮੇਲੇ ਨੂੰ ਸਿਆਟਲ ਦਾ ਰਿਕਾਰਡ ਤੋੜ ਮੇਲਾ ਬਣਾਉਣ ਲਈ ਕਲੱਬ ਦੇ ਮੈਂਬਰਾਂ ਨੇ ਕਮਰਕੱਸੇ ਕਰ ਲਏ ਹਨ ਅਤੇ ਇਹ ਪੂਰੀ ਤਰ੍ਹਾਂ ਇਕ ਪਰਿਵਾਰਕ ਮੇਲਾ ਹੋਵੇਗਾ।

ਪੰਜਾਬ ਟਾਈਮਜ਼ ਨੂੰ ਭੇਜੇ ਇਕ ਬਿਆਨ ਵਿਚ ਚੰਨਾ ਆਲਮਗੀਰ ਨੇ ਕਿਹਾ ਕਿ ਇਸ ਮੇਲੇ ਲਈ ਡਾ. ਹਰਚਰਨ ਸਿੰਘ, ਚੇਤ ਸਿੰਘ ਸਿੱਧੂ, ਜਸਦੇਵ ਸਿੰਘ ਸੰਧੂ, ਪਰਮਿੰਦਰ ਭੱਟੀ, ਬਲਜਿੰਦਰ ਲਤਾਲਾ, ਛਿੰਦਾ ਸੋਹਲ, ਕਰਨ ਸਿੱਧੂ, ਹਰਪਾਲ ਸਿੱਧੂ, ਸਰਬਜੀਤ ਸੰਧੂ, ਦਵਿੰਦਰ ਸਿੱਧੂ, ਰਵਿੰਦਰ ਕੰਗ, ਮਹਿੰਦਰ ਮਾਹੀ, ਹਰਪ੍ਰੀਤ ਦਿਲਬਾਗ, ਦਲਜੀਤ ਦਿੱਲੀ, ਬਲਜੀਤ ਸੰਧੂ, ਸਾਬਰ ਖਾਨ, ਜਤਿੰਦਰ ਸਪਰਾਏ, ਪ੍ਰਿਤਪਾਲ ਧਾਲੀਵਾਲ, ਗੁਰਲਾਲ ਬਰਾੜ, ਗੁਰਮੇਲ ਸਿੰਘ, ਗੁਰਿੰਦਰ ਸਿੰਘ, ਪਰਮਿੰਦਰ ਸਿੰਘ, ਹਰਜੀਤ ਸੰਧੂ, ਸੁੱਖੀ ਰਖੜਾ, ਜਸਮੇਲ ਸੰਘਾ, ਬਲਵੰਤ ਸਿੰਘ ਔਲਖ, ਜਗਜੀਤ ਸਿੰਘ ਘੋਨਾ, ਹਰਮੋਹਨ ਸਮੇਤ ਸਭ ਨੇ ਸੁਝਾਅ ਦਿੱਤਾ ਕਿ ਮੇਲੇ ਵਿਚ ਕਬੱਡੀ ਦੀਆਂ ਚੋਟੀ ਦੀਆਂ ਟੀਮਾਂ ਲਿਆਂਦੀਆਂ ਜਾਣ। ਮੇਲੇ ਦੌਰਾਨ ਖਾਣ-ਪੀਣ ਅਤੇ ਸਿਕਓਰਟੀ ਦਾ ਵਧੀਆ ਪ੍ਰਬੰਧ ਹੋਵੇਗਾ। ਹੋਰ ਜਾਣਕਾਰੀ ਲਈ ਫੋਨ 206-778-7744 'ਤੇ ਸੰਪਰਕ ਕੀਤਾ ਜਾ ਸਕਦਾ ਹੈ।


ਟਰੱਕ ਡਰਾਈਵਰਾਂ ਦੀ ਲੋੜ ਹੈ



Good Pay
Weekend
Home

ਸੰਪਰਕ ਕਰੋ
ਫੋਨ 317-837-4279
317-408-3211



*To Advertise with Punjab Times Call: 847-359-0746*
*Fax:847-705-9388, e-mail:punjabtimes1@sbcglobal.net*
*Visit us on the web:**wwwpunjabtimesusa.com***





Amandeep Singh
**Ph:916-712-2735**
DRE#01357217

**Buy a Home With Zero Cash! No Money Down!**

**For FREE list of properties and pre-recorded information on how "NO MONEY DOWN" Program Work.**
**Govt. Loans, USDA, VA, Down Assistance Program and many more. Call Toll Free:1-888-450-6603 ID#4074**



**$169,000**
**Rancho Cordova - $645 Payment**
Quite street. Bright living & family room. Perfect home. Private Shaded backyard. Cozy fireplace.
**FREE INFO: 1-888-450-6603**
ID#4230



**$199,000**
**Elk Grove - $806 Payment**
Great School. Cul-de-sac. Ready to move. Clean. Family Home. Safe Neighborhood
**FREE INFO: 1-888-450-6603**
ID#4243



**$149,000**
**Sacramento – $604 Payment**
Open floor plan. First time homebuyer. Bank Owned. Clean. Less than Rent. Beautiful
**FREE INFO: 1-888-450-6603**
ID#4241



**$139,900**
**Vintage – $566 Payment**
Great deal for home buyer. Walking distance to school, park, shopping plazas. Desirable location. Family Home.
**FREE INFO: 1-888-450-6603**
ID#4234




**179,900**
**Vintage – $728 Payment**
4 Beds. 3 Car garage. Quite Street. Private backyard. Eat in Kitchen. Near school & par. Great Home. Bright rooms
**FREE INFO: 1-888-450-6603**
ID#4242



**$99,000**
**Sacramento – $405 Payment**
Safe Neighborhood. Investor dream. Easy access to highway. Great School. Open floor plan. RV access.
**FREE INFO: 1-888-450-6603**
ID#4247



**$189,000**
**Elk Grove – $765 Payment**
2 story. Separate family living room. Desirable location. Great Area. Beautiful. Tree lined streets.
**FREE INFO: 1-888-450-6603**
ID#4240



**$120,000**
**Sacramento – $479**
Nice 4 bedroom 2 bath house. Clean. Family room. Desirable location. Private back yard.
**FREE INFO: 1-888-450-6603**
ID#4244



**$149,000**
**Sacramento**
Preferable area. Quite Street. Open lay out. Good neighborhood. Lively, Walking distance to park.
**FREE INFO: 1-888-450-6603**
ID#4246



**$240,000**
**Elk Grove – $953**
5 Beds. Preferable location. Quite area. Tree lined street. Hardwood Floors. Formal Dining. Granite Counters
**FREE INFO: 1-888-450-6603**
ID#4238



**$168,000**
**Natomas - $667**
2 Story. Beautiful area. Newer homes. Club house. Walking trails. Remodel kitchen. Bright rooms.
**FREE INFO: 1-888-450-6603**
ID#4245




**For Short Sale I received over $4,500**
**FREE** cash back money when we did our short sale. Both my first, second loans, utility bills and property taxes were forgiven by the lenders. Mike and family

**Get Free list of Homes at www.statewideteam.net**

**Punjab Times**

**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mann Mandeep
Bureau Chief
661-889-1927
Shiara Dhindsa
Photographer
661-703-6664
Charanjit Singh Pannu
408-608-4961

**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, New York, Missouri

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 85 ਡਾਲਰ,**
**ਪੰਜ ਸਾਲ ਲਈ: 400 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਚਿਦੰਬਰਮ ਦੇ 'ਮਸ਼ਵਰੇ' 'ਤੇ ਤਿੱਖਾ ਪ੍ਰਤੀਕਰਮ

**ਚੰਡੀਗੜ੍ਹ:** ਦਿੱਲੀ ਵਿਖੇ ਸਮਾਗਮ ਦੌਰਾਨ ਕੇਂਦਰੀ ਗ੍ਰਹਿ ਮੰਤਰੀ ਪੀ. ਚਿਦੰਬਰਮ ਵੱਲੋਂ ਨਵੰਬਰ 1984 ਦੇ ਕਤਲੇਆਮ ਨੂੰ ਭੁੱਲ ਕੇ ਅੱਗੇ ਵਧਣ ਦੇ ਦਿੱਤੇ ਗਏ ਮਸ਼ਵਰੇ ਦਾ ਸਿੱਖ ਜਗਤ 'ਚ ਤਿੱਖਾ ਪ੍ਰਤੀਕਰਮ ਹੋਇਆ ਹੈ। ਵੱਖ-ਵੱਖ ਸਿੱਖ ਜਥੇਬੰਦੀਆਂ ਅਤੇ ਉਨ੍ਹਾਂ ਦੇ ਨੁਮਾਇੰਦਿਆਂ ਨੇ ਕਿਹਾ ਕਿ 84 ਦੇ ਕਤਲੇਆਮ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਉਨ੍ਹਾਂ ਕਿਹਾ ਕਿ ਚਾਹੀਦਾ ਤਾਂ ਇਹ ਸੀ ਕਿ ਸ੍ਰੀ ਚਿਦੰਬਰਮ ਸਰਕਾਰ ਵਲੋਂ ਹੁਣ ਤੱਕ ਸਿੱਖ ਕਤਲ-ਏ-ਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਕੀਤੇ ਗਏ ਯਤਨਾਂ ਤੇ ਪੀੜਤਾਂ ਨੂੰ ਇਨਸਾਫ ਦਿਵਾਉਣ ਲਈ ਸਰਕਾਰ ਵਲੋਂ ਕੀਤੀਆਂ ਗਈਆਂ ਕੋਸ਼ਿਸ਼ਾਂ ਬਾਰੇ ਜਾਣਕਾਰੀ ਦਿੰਦੇ ਪਰ ਉਨ੍ਹਾਂ ਦਾ ਅਜਿਹਾ ਕਰਨ ਦੀ ਬਜਾਏ ਸਿੱਖਾਂ ਨੂੰ ਇਹ ਸਲਾਹ ਦੇਣਾ ਕਿ ਉਹ ਕਤਲੇਆਮ ਨੂੰ ਹੀ ਭੁੱਲ ਜਾਣ, ਸਿੱਖਾਂ ਅਤੇ ਘੱਟ ਗਿਣਤੀਆਂ ਨਾਲ ਇਕ ਤਰ੍ਹਾਂ ਦੀ ਵਧੀਕੀ ਹੈ।

ਸੰਸਦ ਮੈਂਬਰ ਸ. ਤਰਲੋਚਨ ਸਿੰਘ ਨੇ ਕਿਹਾ ਹੈ ਕਿ ਜਦ ਜਾਪਾਨੀ ਹੀਰੋਸ਼ੀਮਾ ਅਤੇ ਨਾਗਾਸਾਕੀ ਦੀ ਘਟਨਾ ਨੂੰ ਨਹੀਂ ਭੁਲ ਸਕੇ ਤੇ ਹਰ ਸਾਲ ਇਸ ਨੂੰ ਮਨਾਉਂਦੇ ਆ ਰਹੇ ਹਨ ਤਾਂ ਸਿੱਖ 84 ਦੇ ਕਤਲੇਆਮ ਨੂੰ ਕਿਸ ਤਰ੍ਹਾਂ ਭੁੱਲ ਸਕਦੇ ਹਨ। ਉਨ੍ਹਾਂ ਇਸ ਗੱਲ 'ਤੇ ਹੈਰਾਨੀ ਪ੍ਰਗਟਾਈ ਕਿ ਅਕਾਲੀ ਆਗੂਆਂ ਵਲੋਂ ਇਸ ਮਾਮਲੇ ਵਿਚ ਚੁੱਪ ਵੱਟੀ ਜਾ ਰਹੀ ਹੈ। ਕੇਂਦਰ ਸਰਕਾਰ ਗੁਜਰਾਤ ਵਿਚ ਭਾਜਪਾ ਦੀ ਸਰਕਾਰ ਹੋਣ ਕਾਰਨ ਉਥੇ 11 ਸਾਲ ਪਹਿਲਾਂ ਵਾਪਰੇ ਗੋਧਰਾ ਕਾਂਡ ਦੇ ਦੋਸ਼ੀਆਂ ਖਿਲਾਫ ਕਾਰਵਾਈ ਲਈ ਤਾਂ ਸਰਗਰਮ ਰਹੀ ਪਰ ਸਿੱਖ ਕਤਲ-ਏ-ਆਮ ਦੇ ਪੀੜਤਾਂ ਨੂੰ ਅਜੇ ਤੱਕ ਇਨਸਾਫ ਹੀ ਨਹੀਂ ਦਿੱਤਾ ਗਿਆ।

ਉਨ੍ਹਾਂ ਕਿਹਾ ਕਿ ਉਹ ਕਾਲੀ ਸੂਚੀ ਵਿਚੋਂ ਸਿੱਖਾਂ ਦਾ ਨਾਂ ਕੱਢਣ ਲਈ ਸ੍ਰੀ ਚਿਦੰਬਰਮ ਵਲੋਂ ਨਿਭਾਈ ਭੂਮਿਕਾ ਲਈ ਉਨ੍ਹਾਂ ਦੀ ਸ਼ਲਾਘਾ ਕਰਦੇ ਹਨ ਪਰ ਉਨ੍ਹਾਂ ਵਲੋਂ ਅਜਿਹੇ ਮੌਕੇ ਸਿੱਖਾਂ ਨੂੰ ਅਜਿਹੀ ਸਲਾਹ ਦੇਣ ਦੀ ਕੋਈ ਤੁਕ ਨਹੀਂ।

ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਤਰਲੋਚਨ ਸਿੰਘ ਨੇ ਸ੍ਰੀ ਚਿਦੰਬਰਮ ਦੇ ਬਿਆਨ ਨੂੰ ਸਿੱਖਾਂ ਦੇ ਜ਼ਖ਼ਮਾਂ 'ਤੇ ਲੂਣ ਛਿੜਕਣ ਦੇ ਤੁਲ ਦੱਸਿਆ ਹੈ। ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਸ. ਕਰਨੈਲ ਸਿੰਘ ਪੀਰ ਮੁਹੰਮਦ ਨੇ ਕਿਹਾ ਕਿ ਗ੍ਰਹਿ ਮੰਤਰੀ ਦਾ ਇਹ ਬਿਆਨ ਉਸ ਸਮੇਂ ਆਇਆ ਹੈ, ਜਦੋਂ ਹੋਂਦ ਚਿੱਲੜ ਤੋਂ ਲੈ ਕੇ ਹਰਿਆਣਾ 'ਚ ਪਟੌਦੀ, ਗੁੜਗਾਉਂ, ਨਾਂਗਲੋਈ, ਪੱਛਮੀ ਬੰਗਾਲ ਅਤੇ ਜੰਮੂ ਕਸ਼ਮੀਰ 'ਚ ਰਿਆਸੀ ਸਮੇਤ ਦੇਸ਼ ਦੇ ਹੋਰਨਾਂ ਹਿੱਸਿਆਂ 'ਚ ਸਿੱਖਾਂ ਦਾ ਨਾਮੋ-ਨਿਸ਼ਾਨ ਮਿਟਾ ਦੇਣ, ਗੁਰਦੁਆਰਿਆਂ ਨੂੰ ਸਾੜ ਦੇਣ ਦੇ ਖੁਲਾਸੇ ਹੋਏ ਹਨ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵਲੋਂ 84 ਕਤਲ-ਏ-ਆਮ ਦੇ ਦੋਸ਼ੀਆਂ ਖਿਲਾਫ ਕਾਰਵਾਈ ਨਾ ਕਰਨ ਕਾਰਨ ਹੀ ਦੇਸ਼ ਦੇ ਵੱਖ-ਵੱਖ ਭਾਗਾਂ ਵਿਚ ਘੱਟ ਗਿਣਤੀਆਂ 'ਤੇ ਹਮਲੇ ਕਰਨ ਦੇ ਹੌਸਲੇ ਵਧੇ ਹਨ।

ਪੀਪਲਜ਼ ਪਾਰਟੀ ਆਫ਼ ਪੰਜਾਬ ਦੇ ਮੁਖੀ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਹੈ ਕਿ ਪੀ. ਚਿਦੰਬਰਮ ਦਾ 1984 ਦੇ ਸਿੱਖ ਕਤਲ-ਏ-ਆਮ ਬਾਰੇ ਬਿਆਨ ਬਹੁਤ ਹੀ ਸ਼ਰਮਨਾਕ ਅਤੇ ਦੁਖਦਾਈ ਹੈ। ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰੀ ਦੇਸ਼ ਦੇ ਗ੍ਰਹਿ ਮੰਤਰੀ ਵਲੋਂ ਜ਼ਾਲਮਾਂ ਨੂੰ ਸਜ਼ਾ ਦੇਣ ਦੀ ਬਜਾਏ ਇਹ ਕਹਿਣਾ ਕਿ ਸਿੱਖਾਂ ਨਾਲ ਹੋਏ ਜ਼ੁਲਮਾਂ ਨੂੰ ਭੁਲਾ ਦਿੱਤਾ ਜਾਵੇ, ਬਹੁਤ ਨਿੰਦਣਯੋਗ ਹੈ। ਉਨ੍ਹਾਂ ਕਿਹਾ ਕਿ ਸਿੱਖ ਇਸ ਕਤਲ-ਏ-ਆਮ ਬਾਰੇ ਪਹਿਲਾਂ ਹੀ ਸਪਸ਼ਟ ਹਨ, ਇਸੇ ਕਰਕੇ ਸਿੱਖ ਇੰਨੇ ਜ਼ੁਲਮ ਸਹਿ ਕੇ ਵੀ ਅਪਣੇ-ਆਪ ਨੂੰ ਮੁੱਖ ਧਾਰਾ ਵਿਚ ਕਾਇਮ ਹਨ ਅਤੇ ਇਨ੍ਹਾਂ ਨੇ ਹਰ ਖੇਤਰ ਵਿਚ ਮੱਲਾਂ ਮਾਰੀਆਂ ਹਨ।

# 84 ਦੇ ਕਤਲੇਆਮ ਲਈ ਸਿੱਖ ਹੁਣ ਮੁਆਫ਼ ਕਰ ਦੇਣ: ਚਿਦੰਬਰਮ

*(ਸਫਾ ਇਕ ਦੀ ਬਾਕੀ)*

ਕੱਢਣ ਲਈ ਛੋਟੀ ਜਿਹੀ ਭੂਮਿਕਾ ਨਿਭਾਈ ਹੈ। ਹੁਣ ਸਰਕਾਰ ਸਿੱਖਾਂ ਦੀਆਂ ਸਾਰੀਆਂ ਸ਼ਿਕਾਇਤਾਂ



*ਸਮਾਗਮ ਦੌਰਾਨ ਤਲਵਾਰਾਂ ਲਹਿਰਾ ਰਹੇ ਗ੍ਰਹਿ ਮੰਤਰੀ ਪੀ. ਚਿਦੰਬਰਮ ਅਤੇ ਮੁੱਖ ਮੰਤਰੀ ਸ਼ੀਲਾ ਦੀਕਸ਼ਤ*

ਅਤੇ ਮੁਸ਼ਕਲਾਂ ਦੇ ਹੱਲ ਲਈ ਹਰ ਸੰਭਵ ਕੋਸ਼ਿਸ਼ ਕਰੇਗੀ। ਸਰਕਾਰ ਵੱਲੋਂ ਅਫ਼ਗਾਨਿਸਤਾਨ ਤੋਂ ਆ ਰਹੇ ਸਿੱਖਾਂ ਦੀ ਮਦਦ ਲਈ ਛੇਤੀ ਹੀ ਹੁਕਮ ਜਾਰੀ ਕੀਤੇ ਜਾ ਰਹੇ ਹਨ। ਦੁਨੀਆਂ ਦੇ ਕਿਸੇ ਵੀ ਕੋਨੇ ਵਿਚ ਜਿੱਥੇ ਕਿਤੇ ਵੀ ਸਿੱਖ ਰਹਿੰਦੇ ਹਨ, ਭਾਰਤ ਉਨ੍ਹਾਂ ਦੀ ਮਾਤਭੂਮੀ ਹੈ। ਇਸ ਲਈ ਦੁਨੀਆਂ ਦੇ ਕਿਸੇ ਵੀ ਹਿੱਸੇ ਵਿਚੋਂ ਕੋਈ ਸਿੱਖ ਆਪਣੇ ਘਰ ਮੁੜਦਾ ਹੈ ਤਾਂ ਸਾਡਾ ਫਰਜ਼ ਹੈ ਕਿ ਅਸੀਂ ਉਸ ਦਾ ਸੁਆਗਤ ਕਰੀਏ।" ਸਮਾਗਮ ਵਿਚ ਸਭਾ ਨੇ ਸ੍ਰੀ ਚਿਦੰਬਰਮ ਨੂੰ ਬੇਨਤੀ ਕੀਤੀ ਸੀ ਕਿ ਅਫ਼ਗਾਨਿਸਤਾਨ ਤੋਂ ਇੱਥੇ ਆਏ ਸਿੱਖ ਕਾਫ਼ੀ ਮੁਸੀਬਤਾਂ ਝੱਲ ਰਹੇ ਹਨ ਅਤੇ ਸਰਕਾਰ ਉਨ੍ਹਾਂ ਦੀ ਢੁੱਕਵੀਂ ਮਦਦ ਕਰੇ।

ਸ੍ਰੀ ਚਿਦੰਬਰਮ ਨੇ ਮੰਨਿਆ ਕਿ ਨਨਕਾਣਾ ਸਾਹਿਬ ਦੇ ਦਰਸ਼ਨ ਕਰਨ ਲਈ ਜਾਣ ਵਾਲੇ ਸ਼ਰਧਾਲੂਆਂ ਨੂੰ ਵੀਜ਼ੇ ਸੌਖੇ ਨਹੀਂ ਮਿਲਦੇ, ਸਰਕਾਰ ਇਸ ਸਮੱਸਿਆ ਦਾ ਹੱਲ ਕੱਢਣ ਲਈ ਵੀ ਯਤਨਸ਼ੀਲ ਹੈ। ਸਿੱਖਾਂ ਵੱਲੋਂ ਦੇਸ਼ ਦੀ ਤਰੱਕੀ ਵਿਚ ਪਾਏ ਜਾ ਰਹੇ ਯੋਗਦਾਨ ਦਾ ਜ਼ਿਕਰ ਕਰਦਿਆਂ ਉਨ੍ਹਾਂ ਭਰੋਸਾ ਦਿੱਤਾ ਕਿ ਸਰਕਾਰ ਭਾਈਚਾਰੇ ਦੀ ਹਰ ਸੰਭਵ ਮਦਦ ਕਰੇਗੀ। ਸਮਾਗਮ ਦੌਰਾਨ ਦਿੱਲੀ ਦੀ ਮੁੱਖ ਮੰਤਰੀ ਸ਼ੀਲਾ ਦੀਕਸ਼ਤ ਨੇ ਵੀ ਕਾਲੀ ਸੂਚੀ ਵਿਚੋਂ 142 ਸਿੱਖਾਂ ਦੇ ਨਾਂ ਹਟਾਉਣ ਲਈ ਗ੍ਰਹਿ ਮੰਤਰੀ ਦਾ ਧੰਨਵਾਦ ਕੀਤਾ।

ਇਸ ਮੌਕੇ ਸ. ਤਰਵਿੰਦਰ ਸਿੰਘ ਮਰਵਾਹਾ ਨੇ ਪ੍ਰੋ. ਦਵਿੰਦਰ ਸਿੰਘ ਭੁੱਲਰ ਦੀ ਸਜ਼ਾ ਖਤਮ ਕਰਨ, ਅਫ਼ਗਾਨਿਸਤਾਨ ਦੇ ਸਿੱਖਾਂ ਨੂੰ ਭਾਰਤੀ ਨਾਗਰਿਕਤਾ ਦੇਣ, 1984 ਦੇ ਪੀੜਤਾਂ ਲਈ ਮੁਆਵਜ਼ੇ ਦਾ ਭੁਗਤਾਨ, ਬਗਦਾਦ ਵਿਚ ਇਤਿਹਾਸਕ ਗੁਰਦੁਆਰੇ ਦੀ ਸੇਵਾ-ਸੰਭਾਲ, ਹਰਿਦੁਆਰ ਵਿਚ ਗਿਆਨ ਗੋਦੜੀ ਵਾਲੇ ਅਸਥਾਨ 'ਤੇ ਗੁਰਦੁਆਰਾ ਬਣਾਉਣ ਅਤੇ ਘੱਲੂਘਾਰੇ ਤੋਂ ਬਾਅਦ ਸਿੱਖ ਨੌਜਵਾਨਾਂ ਵਿਰੁਧ ਦਿੱਲੀ ਪੁਲਿਸ ਵੱਲੋਂ ਦਰਜ ਕੀਤੇ ਗਏ ਕੇਸ ਵਾਪਸ ਲੈਣ ਆਦਿ ਮੁੱਖ ਮੰਗਾਂ ਤੋਂ ਸ੍ਰੀ ਚਿਦੰਬਰਮ ਨੂੰ ਜਾਣੂ ਕਰਵਾਇਆ। ਕੇਂਦਰੀ ਗੁਰੂ ਸਿੰਘ ਸਭਾ ਨੇ ਗ੍ਰਹਿ ਮੰਤਰੀ ਨੂੰ ਨੌਂ ਮੰਗਾਂ ਵਾਲਾ ਮੰਗ ਪੱਤਰ ਪੇਸ਼ ਕੀਤਾ। ਇਸ ਸਮਾਗਮ ਵਿਚ ਦਿੱਲੀ ਘੱਟ ਗਿਣਤੀ ਕਮਿਸ਼ਨ ਦੇ ਮੈਂਬਰ ਪ੍ਰਸ਼ਪਿੰਦਰ ਸਿੰਘ, ਸੰਸਥਾ ਦੇ ਸਕੱਤਰ ਜਨਰਲ ਡੀ.ਪੀ.ਸਿੰਘ ਪੱਪੂ ਵੀ ਹਾਜ਼ਰ ਸਨ।

**ਫੈਡਰੇਸ਼ਨ ਚਿਦੰਬਰਮ ਖਿਲਾਫ਼ ਕੇਸ ਦਾਇਰ ਕਰਵਾਏਗੀ:** ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਅਤੇ ਸਿੱਖਜ਼ ਫ਼ਾਰ ਜਸਟਿਸ ਨੇ ਐਲਾਨ ਕੀਤਾ ਹੈ ਕਿ ਨਵੰਬਰ 1984 ਦੇ ਕਤਲ-ਏ-ਆਮ ਲਈ ਮੁਆਫ਼ੀ ਦੇਣ ਅਤੇ ਅੱਗੇ ਵਧਣ ਲਈ ਕੇਂਦਰੀ ਗ੍ਰਹਿ ਮੰਤਰੀ ਦੇ ਬਿਆਨ ਲਈ ਉਨ੍ਹਾਂ ਖਿਲਾਫ਼ 15 ਜੁਲਾਈ ਨੂੰ ਜੰਤਰ ਮੰਤਰ ਵਿਖੇ ਕੀਤੀ ਜਾਣ ਵਾਲੀ ਇਨਸਾਫ਼ ਰੈਲੀ ਤੋਂ ਬਾਅਦ ਫੌਜਦਾਰੀ ਕੇਸ ਦਰਜ ਕਰਵਾਇਆ ਜਾਵੇਗਾ।

ਫੈਡਰੇਸ਼ਨ ਦੇ ਪ੍ਰਧਾਨ ਕਰਨੈਲ ਸਿੰਘ ਪੀਰ ਮੁਹੰਮਦ ਨੇ ਕਿਹਾ ਕਿ ਨਵੰਬਰ '84 ਵਿਚ ਸਿੱਖਾਂ 'ਤੇ ਜ਼ੁਲਮਾਂ ਲਈ ਭਾਰਤ ਦੇ ਨਾਗਰਿਕ ਹੋਣ ਦੇ ਨਾਤੇ ਇਨਸਾਫ਼ ਲੈਣ ਨੂੰ ਭੁਲਾ ਦੇਣ ਲਈ ਘੱਟ-ਗਿਣਤੀ ਸਿੱਖ ਭਾਈਚਾਰੇ ਨੂੰ ਸਲਾਹ ਦੇਣ ਲਈ ਚਿਦੰਬਰਮ ਦੇ ਖ਼ਿਲਾਫ਼ ਆਈ.ਪੀ.ਸੀ. ਦੀ ਧਾਰਾ 153 ਬੀ (1) (ਬੀ) ਤਹਿਤ ਕੇਸ ਦਰਜ ਕਰਵਾਇਆ ਜਾਵੇਗਾ। ਇਸ ਮਸਲੇ ਬਾਰੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਯਾਦ ਪੱਤਰ ਵੀ ਦਿੱਤਾ ਜਾਵੇਗਾ। ਸ. ਪੀਰ ਮੁਹੰਮਦ ਨੇ ਚਿਦੰਬਰਮ ਨੂੰ ਸਿੱਖਾਂ ਤੋਂ ਮੁਆਫ਼ੀ ਮੰਗਣ ਅਤੇ 15 ਜੁਲਾਈ ਤੋਂ ਪਹਿਲਾਂ-ਪਹਿਲਾਂ ਆਪਣਾ ਬਿਆਨ ਵਾਪਸ ਲੈਣ ਲਈ ਕਿਹਾ ਹੈ।

ਪੀੜਤਾਂ ਨੂੰ ਨਿਆਂ ਨਹੀਂ ਮਿਲਿਆ: ਭਾਜਪਾ ਨੇ ਗ੍ਰਹਿ ਮੰਤਰੀ ਪੀ. ਚਿਦੰਬਰਮ ਦੇ ਸਿੱਖਾਂ ਨੂੰ 1984 ਦੇ ਕਤਲੇਆਮ ਨੂੰ 'ਭੁਲਾਉਣ' ਅਤੇ 'ਮੁਆਫ ਕਰਨ' ਦੇ ਬਿਆਨ ਦੀ ਨੁਕਤਾਚੀਨੀ ਕੀਤੀ ਹੈ। ਪਾਰਟੀ ਦੇ ਬੁਲਾਰੇ ਸ਼ਾਹਨਵਾਜ਼ ਹੁਸੈਨ ਨੇ ਕਿਹਾ ਕਿ ਅਜੇ ਤੱਕ ਕਤਲੇਆਮ ਦੇ ਪੀੜਤਾਂ ਨੂੰ ਇਨਸਾਫ਼ ਨਹੀਂ ਮਿਲਿਆ। ਗੁਨਾਹਗਾਰ ਸ਼ਰੇਆਮ ਘੁੰਮ ਰਹੇ ਹਨ। ਉਨ੍ਹਾਂ ਦੀ ਪਾਰਟੀ ਤਾਂ ਇਸ ਗੱਲ ਨੂੰ ਨਹੀਂ ਭੁੱਲੇਗੀ। ਜਦੋਂ ਉਨ੍ਹਾਂ ਨੂੰ ਪੁੱਛਿਆ ਕਿ ਉਨ੍ਹਾਂ ਦੀ ਪਾਰਟੀ (ਭਾਜਪਾ) ਵੀ ਤਾਂ ਸੱਤਾ ਵਿਚ ਆਈ ਸੀ, ਉਦੋਂ ਵੀ ਸਿੱਖਾਂ ਨੂੰ ਨਿਆਂ ਦਿਵਾਉਣ ਲਈ ਕੁਝ ਨਹੀਂ ਸੀ ਕੀਤਾ ਗਿਆ ਤਾਂ ਉਹ ਇਸ ਸਵਾਲ ਨੂੰ ਟਾਲ ਹੀ ਗਏ।

# ਭੁੱਲਰ ਦੀ ਫਾਂਸੀ ਖ਼ਿਲਾਫ਼ ਸੁਪਰੀਮ ਕੋਰਟ 'ਚ ਨਵੀਂ ਪਟੀਸ਼ਨ ਦਾਇਰ

ਧਾਰਾ 21 ਦੀ ਉਲੰਘਣਾ ਵੀ ਹੋਵੇਗੀ ਜਿਸ ਮੁਤਾਬਕ ਮਾਨਸਿਕ ਪ੍ਰੇਸ਼ਾਨੀ ਦਾ ਸ਼ਿਕਾਰ ਕਿਸੇ ਬੰਦੇ ਨੂੰ ਫਾਂਸੀ ਨਹੀਂ ਲਾਇਆ ਜਾ ਸਕਦਾ। ਯਾਦ ਰਹੇ ਕਿ ਪ੍ਰੋ. ਭੁੱਲਰ ਨੂੰ 10 ਸਤੰਬਰ, 1993 ਨੂੰ ਉਦੋਂ ਦੇ ਯੂਥ ਕਾਂਗਰਸ ਪ੍ਰਧਾਨ ਮਨਿੰਦਰਜੀਤ ਸਿੰਘ ਬਿੱਟਾ ਦੇ ਕਾਫ਼ਲੇ ਨੂੰ ਨਿਸ਼ਾਨਾ ਬਣਾ ਕੇ ਦਿੱਲੀ ਵਿਚ ਕੀਤੇ ਗਏ ਬੰਬ ਧਮਾਕੇ ਸਬੰਧੀ ਟਾਡਾ ਅਦਾਲਤ ਨੇ 25 ਅਗਸਤ, 2001 ਨੂੰ ਇਹ ਸਜ਼ਾ ਸੁਣਾਈ ਸੀ। ਇਸ ਧਮਾਕੇ ਵਿਚ ਬਿੱਟਾ ਸਖ਼ਤ ਜ਼ਖ਼ਮੀ ਹੋਇਆ ਸੀ ਅਤੇ ਉਸ ਦੇ 9 ਸੁਰੱਖਿਆ ਮੁਲਾਜ਼ਮ ਮਾਰੇ ਗਏ ਸਨ।

ਸੁਪਰੀਮ ਕੋਰਟ ਇਸ ਤੋਂ ਪਹਿਲਾਂ ਪ੍ਰੋ. ਭੁੱਲਰ ਦੀ ਅਪੀਲ 'ਤੇ ਨਜ਼ਰਸਾਨੀ ਅਪੀਲ ਰੱਦ ਕਰ ਚੁੱਕੀ ਹੈ। ਰਾਸ਼ਟਰਪਤੀ ਪ੍ਰਤਿਭਾ ਪਾਟਿਲ ਨੇ ਵੀ 25 ਮਈ ਨੂੰ ਉਸ ਦੀ ਰਹਿਮ ਦੀ ਅਪੀਲ ਖ਼ਾਰਜ ਕਰ ਦਿੱਤੀ ਸੀ। ਇਸ ਨਵੀਂ ਪਟੀਸ਼ਨ ਵਿਚ ਪਟੀਸ਼ਨਰ ਨੇ ਕਿਹਾ ਹੈ ਕਿ ਰਾਸ਼ਟਰਪਤੀ ਦੇ 25 ਮਈ ਦੇ ਹੁਕਮਾਂ ਨੂੰ ਰੱਦ ਕਰ ਦਿੱਤਾ ਜਾਵੇ ਕਿਉਂਕਿ ਇਹ 'ਬਿਨਾਂ ਧਿਆਨ ਦਿੱਤਿਆਂ ਅਤੇ ਬਿਨਾਂ ਸਬੰਧਤ ਹਾਲਾਤ ਨੂੰ ਵਿਚਾਰਿਆਂ ਅਪੀਲ ਰੱਦ ਕਰ ਦਿੱਤੀ ਗਈ ਹੈ।'

ਪਟੀਸ਼ਨਰ ਨੇ ਦਾਅਵਾ ਕੀਤਾ ਹੈ ਕਿ ਪ੍ਰੋ. ਭੁੱਲਰ ਦੀ ਰਹਿਮ ਦੀ ਅਪੀਲ ਉਤੇ ਫੈਸਲਾ 5700 ਦਿਨ ਲੇਟ ਹੋ ਜਾਣ ਕਾਰਨ ਉਹ 'ਮੰਦਬੁੱਧੀ' ਹੋ ਗਿਆ ਹੈ। ਜਦੋਂ ਉਹ ਉਸ ਨੂੰ ਆਖਰੀ ਵਾਰ ਹਸਪਤਾਲ ਵਿਚ ਮਿਲੀ ਸੀ ਤਾਂ ਉਸ ਦੀ ਮਾਨਸਿਕ ਹਾਲਤ ਅਸਥਿਰ ਸੀ। ਪਟੀਸ਼ਨ ਮੁਤਾਬਕ 2003 ਤੋਂ ਬਾਅਦ ਪ੍ਰੋ. ਭੁੱਲਰ ਦੀ ਹਾਲਤ ਖ਼ਰਾਬ ਹੋ ਰਹੀ ਹੈ। ਪਹਿਲਾਂ ਪਟੀਸ਼ਨਰ ਨੂੰ ਜਾਪਦਾ ਸੀ ਕਿ ਉਸ ਨੂੰ ਖ਼ੂਨ ਦੇ ਵੱਧ ਦਬਾਅ ਅਤੇ ਗਠੀਏ ਦੀ ਸ਼ਿਕਾਇਤ ਸੀ ਪਰ ਹੁਣ ਉਸ ਨੂੰ ਅਹਿਸਾਸ ਹੋਇਆ ਹੈ ਕਿ ਉਹ ਮਾਨਸਿਕ ਪ੍ਰੇਸ਼ਾਨੀ ਦਾ ਸ਼ਿਕਾਰ ਹੈ। ਉਨ੍ਹਾਂ ਇਸ ਸਬੰਧੀ ਸੁਪਰੀਮ ਕੋਰਟ ਦੇ ਇਕ ਫੈਸਲੇ ਦਾ ਵੀ ਹਵਾਲਾ ਦਿੱਤਾ ਹੈ।

ਚੇਤੇ ਰਹੇ ਕਿ ਪ੍ਰੋ. ਭੁੱਲਰ ਦੀ ਫਾਂਸੀ ਰੱਦ ਕਰਵਾਉਣ ਲਈ ਸਿੱਖ ਜਥੇਬੰਦੀਆਂ ਵਲੋਂ ਚਲਾਈ ਮੁਹਿੰਮ ਨੂੰ ਸੰਸਾਰ ਪੱਧਰ 'ਤੇ ਭਰਵਾਂ ਹੁੰਗਾਰਾ ਮਿਲਿਆ ਹੈ। ਪੰਜਾਬ ਸਰਕਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੱਖਰੇ ਤੌਰ 'ਤੇ ਇਸ ਬਾਰੇ ਕੇਂਦਰ ਸਰਕਾਰ ਨਾਲ ਸੰਪਰਕ ਕੀਤਾ ਹੈ। ਇਸ ਤੋਂ ਇਲਾਵਾ ਹੋਰ ਜਥੇਬੰਦੀਆਂ ਲਗਾਤਾਰ ਸਰਗਰਮੀ ਕਰ ਰਹੀਆਂ ਹਨ। ਨਾਲ ਦੀ ਨਾਲ ਥਾਂ-ਥਾਂ ਵਿਖਾਵੇ ਵੀ ਕੀਤੇ ਜਾ ਰਹੇ ਹਨ।

ਇਸ ਸਮੇਂ ਪੰਥਕ ਹਲਕਿਆਂ ਵਿਚ ਪ੍ਰੋ. ਭੁੱਲਰ ਲਈ ਯਤਨ ਕੀਤੇ ਜਾ ਰਹੇ ਹਨ ਅਤੇ ਕਾਨੂੰਨੀ ਮਾਹਿਰਾਂ ਵਲੋਂ ਜੋ ਰਾਇ ਦਿੱਤੀ ਜਾ ਰਹੀ ਹੈ ਉਸ ਤੋਂ ਜਾਪਦਾ ਹੈ ਕਿ ਉਨ੍ਹਾਂ ਦੀ ਪਟੀਸ਼ਨ ਉਤੇ ਹਾਂ ਪੱਖੀ ਫੈਸਲਾ ਹੋਵੇਗਾ।

## ਹਰ ਵਰ੍ਹੇ 1000 ਪੰਜਾਬੀ ਹੋ ਰਹੇ ਨੇ ਡੀਪੋਰਟ

**ਚੰਡੀਗੜ੍ਹ:** ਗੈਰ-ਕਾਨੂੰਨੀ ਤਰੀਕੇ ਨਾਲ ਰਹਿ ਰਹੇ ਭਾਰਤੀਆਂ ਨੂੰ ਵਿਦੇਸ਼ਾਂ ਤੋਂ ਕੱਢਣ ਦੀ ਗਿਣਤੀ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਟਰੈਵਲ ਏਜੰਟਾਂ ਵੱਲੋਂ ਗੈਰ-ਕਾਨੂੰਨੀ ਤਰੀਕੇ ਨਾਲ ਮੋਟੀਆਂ ਰਕਮਾਂ ਲੈ ਕੇ ਲੋਕਾਂ ਨੂੰ ਵਿਦੇਸ਼ਾਂ ਭੇਜਣ ਦੇ ਨਾਂ 'ਤੇ ਠੱਗੀ ਹੋਣ ਦੇ ਮਾਮਲੇ ਸਾਹਮਣੇ ਆਉਣ ਦੇ ਬਾਵਜੂਦ ਲੋਕ ਮਨੁੱਖੀ ਤਸਕਰਾਂ ਦਾ ਸ਼ਿਕਾਰ ਹੋ ਰਹੇ ਹਨ।

ਜਲੰਧਰ ਦੇ ਖੇਤਰੀ ਪਾਸਪੋਰਟ ਦਫ਼ਤਰ ਵਿਚ ਪਹਿਲਾਂ 700 ਤੋਂ 800 ਦੇ ਕਰੀਬ ਪੰਜਾਬੀ ਵਿਦੇਸ਼ਾਂ ਤੋਂ ਕੱਢੇ ਜਾਂਦੇ ਰਹੇ ਹਨ। ਜਿਹੜੇ ਪੰਜਾਬੀ ਵਿਦੇਸ਼ਾਂ ਤੋਂ ਕੱਢੇ ਗਏ ਸਨ ਉਹ ਵਿਦੇਸ਼ਾਂ ਵਿਚ ਗੈਰ-ਕਾਨੂੰਨੀ ਤਰੀਕੇ ਨਾਲ ਰਹਿ ਰਹੇ ਸਨ। ਖੇਤਰੀ ਪਾਸਪੋਰਟ ਦਫ਼ਤਰ ਕੋਲ ਇਸ ਵੇਲੇ 1000 ਦੇ ਕਰੀਬ ਹਰ ਸਾਲ ਇਹੋ ਜਿਹੇ ਕੇਸ ਆ ਜਾਂਦੇ ਹਨ ਜਿਹੜੇ ਵਿਦੇਸ਼ਾਂ ਵਿਚ ਗੈਰ ਕਾਨੂੰਨੀ ਤਰੀਕੇ ਨਾਲ ਰਹਿਣ ਕਰਕੇ ਫੜੇ ਜਾਣ 'ਤੇ ਵਾਪਸ ਭੇਜ ਦਿੱਤਾ ਜਾਂਦਾ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਹਰਜੀਤ ਸਿੰਘ ਸਾਹੀ
ਸ੍ਰੀ ਸਰਵਣ ਸਿੰਘ ਟਿਵਾਣਾ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ੍ਰੀ ਗੁਰਿੰਦਰ ਸਿੰਘ ਗਿੱਲ
ਸ੍ਰੀ ਹੈਪੀ ਹੀਰ

# ਕੈਪਟਨ ਅਮਰਿੰਦਰ ਸਿੰਘ ਨੇ ਭਖਾਈ ਸੰਪਰਕ ਮੁਹਿੰਮ

**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਆਪਣੀ ਸੰਪਰਕ ਮੁਹਿੰਮ ਪੂਰੀ ਤਰ੍ਹਾਂ ਭਖਾ ਲਈ ਹੈ। ਪੰਜਾਬ ਪ੍ਰਦੇਸ਼ ਕਾਂਗਰਸ ਵੱਲੋਂ ਪਾਰਟੀ ਨੂੰ ਸਰਗਰਮ ਕਰਨ ਤੇ ਸੰਭਾਵੀ ਉਮੀਦਵਾਰਾਂ ਬਾਰੇ ਵਰਕਰਾਂ ਦੀ ਰਾਏ ਲੈਣ ਬਾਰੇ ਆਰੰਭੀਆਂ ਹਲਕਾਵਾਰ ਮੀਟਿੰਗਾਂ ਹੁਣ ਕੈਪਟਨ ਦੀ ਸੰਪਰਕ ਮੁਹਿੰਮ ਦਾ ਰੂਪ ਲੈ ਗਈਆਂ ਹਨ। ਪ੍ਰਦੇਸ਼ ਕਾਂਗਰਸ ਨੇ ਪੰਜਾਬ ਦੇ ਸਾਰੇ ਵਿਧਾਨ ਸਭਾ ਹਲਕਿਆਂ ਨੂੰ 3 ਗੇੜਾਂ ਵਿਚ ਵੰਡ ਕੇ ਮੀਟਿੰਗਾਂ ਦਾ ਸਿਲਸਲਾ ਆਰੰਭ ਕੀਤਾ ਸੀ।

ਪਾਰਟੀ ਦੇ ਸੰਭਾਵੀ ਉਮੀਦਵਾਰਾਂ ਬਾਰੇ ਵਰਕਰਾਂ ਦੀ ਰਾਏ ਲੈਣ ਦਾ ਤਜਰਬਾ ਪਾਰਟੀ ਨੂੰ ਰਾਸ ਨਹੀਂ ਆਇਆ ਸਗੋਂ ਇਸ ਨਾਲ ਪਾਰਟੀ ਅੰਦਰ ਹੇਠਲੇ ਪੱਧਰ ਤੱਕ ਨਵੇਂ ਬਖੇੜੇ ਖੜ੍ਹੇ ਹੋਣ ਤੇ ਧੜੇਬੰਦੀ ਹੋਰ ਵਧੇਰੇ ਵੱਡੇ ਪੱਧਰ 'ਤੇ ਫੈਲਣ ਦੇ ਅਸਾਰ ਬਣਦੇ ਨਜ਼ਰ ਆਏ। ਬਹੁਤ ਸਾਰੇ ਥਾਂਈਂ ਹੋਈਆਂ ਅਜਿਹੀਆਂ ਮੀਟਿੰਗਾਂ ਵਿਚ ਸਥਾਨਕ ਆਗੂਆਂ ਤੇ ਉਨ੍ਹਾਂ ਦੇ ਸਮਰਥਕਾਂ ਵਿਚਕਾਰ ਤਲਖ ਕਲਾਮੀ ਦੀਆਂ ਘਟਨਾਵਾਂ ਨੇ ਪ੍ਰਦੇਸ਼ ਪ੍ਰਧਾਨ ਸਮੇਤ ਸੀਨੀਅਰ ਲੀਡਰਸ਼ਿਪ ਨੂੰ ਚਿੰਤਾ ਵਿਚ ਪਾ ਦਿੱਤਾ ਸੀ। ਗਰਮੀ ਦੇ ਮੌਸਮ ਤੇ ਬਰਸਾਤ ਕਾਰਨ ਇਨ੍ਹਾਂ ਦਿਨਾਂ ਵਿਚ ਮੀਟਿੰਗਾਂ ਨੂੰ ਰੈਲੀ ਦਾ ਰੂਪ ਦੇ ਦੇਣ ਦੀ ਤਜਵੀਜ਼ ਵੀ ਪ੍ਰਵਾਨ ਨਹੀਂ ਹੋਈ। ਕੈਪਟਨ ਤੇ ਉਨ੍ਹਾਂ ਦੀ ਨੇੜਲੀ ਟੀਮ ਨੇ ਪਾਰਟੀ ਅੰਦਰ ਤਲਖੀ ਤੇ ਗੁਟਬੰਦੀ ਦਾ ਕਾਰਨ ਬਣਦੀਆਂ ਹਲਕਾਵਾਰ ਮੀਟਿੰਗਾਂ ਨੂੰ ਕੈਪਟਨ ਦੀ 'ਵਰਕਰ ਸੰਪਰਕ' ਮੁਹਿੰਮ ਦਾ ਨਵਾਂ ਰੂਪ ਦੇ ਦਿੱਤਾ ਹੈ। ਹੁਣ ਨਵੇਂ ਫੈਸਲੇ ਤਹਿਤ ਹਰ ਹਲਕੇ ਦੇ ਡੇਢ ਸੌ ਮੋਹਰੀ ਕਾਂਗਰਸ ਆਗੂਆਂ ਨਾਲ ਕੈਪਟਨ ਅਮਰਿੰਦਰ ਸਿੰਘ ਮਿਲ ਕੇ ਗੱਲਬਾਤ ਕਰਦੇ ਹਨ। ਇਨ੍ਹਾਂ ਮੀਟਿੰਗਾਂ ਵਿਚ ਕਾਂਗਰਸ ਦੇ ਬਲਾਕ ਪ੍ਰਧਾਨ, ਜ਼ਿਲ੍ਹਾ ਕਮੇਟੀਆਂ ਦੇ ਮੈਂਬਰ ਤੇ ਹੋਰ ਸਥਾਨਕ ਆਗੂ ਜਿਨ੍ਹਾਂ ਨੂੰ ਪ੍ਰਦੇਸ਼ ਪ੍ਰਧਾਨ ਨਾਲ ਮਿਲਣ ਦਾ ਕਦੇ ਮੌਕਾ ਨਸੀਬ ਨਹੀਂ ਸੀ ਹੁੰਦਾ, ਉਹ ਸਿੱਧੇ ਤੌਰ 'ਤੇ ਮਿਲ ਸਕਦੇ ਹਨ ਤੇ ਆਪਣੇ ਵਿਚਾਰ ਪੇਸ਼ ਕਰਨ ਦਾ ਵੀ ਮੌਕਾ ਮਿਲਦਾ ਹੈ। ਕੈਪਟਨ ਤੇ ਉਨ੍ਹਾਂ ਦੇ ਸਾਥੀ ਹਲਕਾਵਾਰ ਮੀਟਿੰਗਾਂ ਨੂੰ ਦਿੱਤੇ ਨਵੇਂ ਮੋੜ ਤੋਂ ਬੇਹੱਦ ਸੰਤੁਸ਼ਟ ਹਨ ਤੇ ਉਨ੍ਹਾਂ ਦਾ ਦਾਅਵਾ ਹੈ ਕਿ ਹਲਕਾਵਾਰ ਮੀਟਿੰਗਾਂ ਦੇ ਵਰਕਰ ਸੰਪਰਕ ਮੁਹਿੰਮ 'ਚ ਬਦਲਣ ਦੇ ਫ਼ੈਸਲੇ ਨੇ ਪਾਰਟੀ ਅੰਦਰ ਇਕਮੁਠਤਾ ਤੇ ਲੀਡਰਸ਼ਿਪ 'ਚ ਭਰੋਸੇ ਦਾ ਨਵਾਂ ਮਾਹੌਲ ਪੈਦਾ ਕਰਨਾ ਸ਼ੁਰੂ ਕੀਤਾ ਹੈ।

## ਯੂ.ਪੀ.ਏ. ਸਰਕਾਰ ਅੰਨਾ ਹਜ਼ਾਰੇ ਨਾਲ ਵੀ ਦੋ-ਦੋ ਹੱਥ ਕਰਨ ਲਈ ਤਿਆਰ

*(ਸਫਾ ਇਕ ਦੀ ਬਾਕੀ)*

ਸਕੇ। ਕਿਸੇ ਦਾ ਵੀ ਟੈਲੀਫੋਨ ਟੈਪ ਕਰ ਸਕੇ ਜਿਹੜਾ ਭਾਰਤੀ ਟੈਲੀਫੋਨ ਮੰਤਰਾਲੇ ਨਾਲ ਧੋਖਾ ਹੈ। ਸਰਕਾਰ ਸੰਸਦ ਦੇ ਪ੍ਰਤੀ ਜਵਾਬਦੇਹ ਹੈ ਤੇ ਕੋਈ ਵੀ ਸੰਸਦ ਮੈਂਬਰ ਲੋਕ ਪਾਲ ਬਿੱਲ 'ਤੇ ਸਪੱਸ਼ਟੀਕਰਨ ਮੰਗ ਸਕਦਾ ਹੈ ਤੇ ਸੁਪਰੀਮ ਕੋਰਟ ਵਿਚ ਜਾ ਸਕਦਾ ਹੈ। ਇਹ ਹੱਕ ਸੰਵਿਧਾਨ ਵਿਚ ਦਿੱਤਾ ਗਿਆ ਹੈ।

ਸ੍ਰੀ ਸਿੱਬਲ ਨੇ ਕਿਹਾ ਕਿ ਸਿਵਲ ਸੁਸਾਇਟੀ ਦੇ ਮੈਂਬਰ ਪ੍ਰਧਾਨ ਮੰਤਰੀ ਦੇ ਦਫਤਰ ਅਤੇ ਅਦਾਲਤਾਂ ਨੂੰ ਵੀ ਇਸ ਦੇ ਘੇਰੇ ਵਿਚ ਲਿਆਉਣਾ ਚਾਹੁੰਦੇ ਹਨ। ਉਨ੍ਹਾਂ ਭਾਜਪਾ ਅਤੇ ਆਰ. ਐਸ. ਐਸ. 'ਤੇ ਦੋਸ਼ ਲਾਇਆ ਕਿ ਉਹ ਲੋਕਪਾਲ ਦੇ ਦੁਆਲੇ ਰਾਜਨੀਤੀ ਖੇਡ ਕੇ ਦੇਸ਼ ਵਿਚ ਅਸਿਥਰਤਾ ਪੈਦਾ ਕਰ ਰਹੀ ਹੈ, ਕਿਉਂਕਿ ਇਨ੍ਹਾਂ ਜਥੇਬੰਦੀਆਂ ਨੂੰ ਪਤਾ ਹੈ ਕਿ ਅਗਲੇ ਦਸ ਸਾਲਾਂ ਤੱਕ ਉਹ ਸੱਤਾ 'ਚ ਨਹੀਂ ਆ ਸਕਦੇ। ਉਨ੍ਹਾਂ ਕਿਹਾ ਕਿ ਭ੍ਰਿਸ਼ਟਾਚਾਰ ਕਿਸੇ ਇਕ ਰਾਜਨੀਤਕ ਪਾਰਟੀ ਲਈ ਵੰਗਾਰ ਨਹੀਂ ਸਗੋਂ ਇਹ ਸਾਰੇ ਦੇਸ਼ ਦੀ ਚੁਣੌਤੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਕਾਂਗਰਸ ਭ੍ਰਿਸ਼ਟਾਚਾਰ ਨੂੰ ਜੜ੍ਹ ਤੋਂ ਖਤਮ ਕਰਨਾ ਚਾਹੁੰਦੀ ਹੈ।

ਉਧਰ ਕਾਂਗਰਸ ਦੀ ਵਰਕਿੰਗ ਕਮੇਟੀ ਨੇ ਅੰਨਾ ਹਜ਼ਾਰੇ ਖ਼ਿਲਾਫ਼ ਸਖ਼ਤ ਰੁਖ਼ ਅਖ਼ਤਿਆਰ ਕਰਦਿਆਂ ਸਰਕਾਰ ਨੂੰ ਕਿਹਾ ਹੈ ਕਿ ਸਿਵਲ ਸੁਸਾਇਟੀ ਦੇ 'ਆਪੇ ਬਣੇ ਪ੍ਰਤੀਨਿਧਾਂ' ਅੱਗੇ ਨਿਤਾਣੇ ਜਾਪਣ ਅਤੇ ਦਬਾਅ ਅੱਗੇ ਲਿਫਣ ਦੀ ਕੋਈ ਲੋੜ ਨਹੀਂ ਹੈ। ਨੀਤੀਆਂ ਘੜਨ ਲਈ ਕਮੇਟੀ ਦੀ ਪਹਿਲੀ ਮੀਟਿੰਗ ਕਿਹਾ ਗਿਆ ਕਿ ਸਰਕਾਰ ਨੂੰ ਅਜਿਹੇ ਗਰੁਪਾਂ ਦੀਆਂ ਮੰਗਾਂ ਨਹੀਂ ਮੰਨਣੀਆਂ ਚਾਹੀਦੀਆਂ ਕਿਉਂਕਿ ਇਸ ਨਾਲ ਜਮਹੂਰੀ ਅਮਲ 'ਚ ਅਜਿਹੀਆਂ ਮੰਗਾਂ ਬਾਰੇ ਪੰਡ ਹੀ ਖੁੱਲ੍ਹ ਜਾਏਗੀ ਕਿਉਂਕਿ ਸਭ ਲੋਕਾਂ ਦੀ ਰਾਏ ਤਾਂ ਅੱਡ-ਅੱਡ ਹੀ ਹੁੰਦੀ ਹੈ। ਮੀਟਿੰਗ 'ਚ ਅੰਨਾ ਹਜ਼ਾਰੇ ਨੂੰ ਉਸ ਦੇ ਹੀ ਸ਼ਬਦਾਂ 'ਚ ਸੰਕੇਤ ਦਿੱਤੇ ਗਏ ਕਿ ਦਬਾਅ ਦੀ ਰਾਜਨੀਤੀ ਨਹੀਂ ਚੱਲੇਗੀ।





ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

National Truck Driving School

ਸੈਕਰਾਮੈਂਟੋ, ਕੈਲੀਫੋਰਨੀਆ
ਜੋਰਦਾਰ ਮੰਗ 'ਤੇ ਹੁਣ ਯੂਬਾ ਸਿਟੀ ਲੋਕੇਸ਼ਨ ਵੀ ਸ਼ੁਰੂ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-383-2785

4585 Pell Dr. Secramento CA, 95838

Short Sale Specialist

We Can Sell Your Home in Short Sale at No Cost to You



Sohanpreet (Sam) Chahal
CA Lic. 01504071
Realtor/Notary Public
email:samchahal@hotmail.com

For Buying & Selling Residential And For Loans

Call: Sohanpreet 'Sam' Chahal
@916-612-5773

Serving from Bay Area to Sacramento

Call for free listing of Reo-Bankowned Properties

Multi-Million Dollars Producer-2007, 2008 & 2009

ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ, ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ

Golden State Realty

Sacramento Office: 8695 Territorial Way, Elk Grove CA 95624
Tel: 916-612-5773 Fax: 916-689-5707

# ਭਾਰਤ ਵੱਲੋਂ ਅਮਰੀਕਾ ਨੂੰ ਆਰਥਿਕ ਸੁਧਾਰਾਂ 'ਚ ਤੇਜ਼ੀ ਦਾ ਭਰੋਸਾ

**ਵਾਸ਼ਿੰਗਟਨ:** ਭਾਰਤ ਨੂੰ ਮਜ਼ਬੂਤ ਰਾਸ਼ਟਰ ਵਜੋਂ ਪੇਸ਼ ਕਰਦਿਆਂ ਵਿੱਤ ਮੰਤਰੀ ਪ੍ਰਣਾਬ ਮੁਖਰਜੀ ਨੇ ਅਮਰੀਕੀ ਵਪਾਰਕ ਭਾਈਚਾਰੇ ਨੂੰ ਯਕੀਨ ਦਿਵਾਇਆ ਹੈ ਕਿ ਭਾਰਤ ਵੱਲੋਂ ਆਰਥਿਕ ਸੁਧਾਰਾਂ ਆਉਣ ਵਾਲੇ ਦਿਨਾਂ ਵਿਚ ਆਰਥਿਕ ਵਿਕਾਸ ਨੂੰ ਹੋਰ ਰਫ਼ਤਾਰ ਮਿਲੇਗੀ। ਹਾਲਾਂਕਿ ਉਨ੍ਹਾਂ ਕਿਹਾ ਕਿ ਭਾਰਤ ਵਿਚ ਸੁਧਾਰ ਲਈ ਰਾਜਸੀ ਆਮ ਸਹਿਮਤੀ ਦੀ ਲੋੜ ਹੈ ਜਿਸ 'ਤੇ ਪ੍ਰਧਾਨ ਮੰਤਰੀ ਢਾਂਚਾਗਤ ਸੁਧਾਰਾਂ ਲਈ ਅਸੀਂ ਕਈ ਕਦਮ ਚੁੱਕੇ ਹਨ। ਹੁਣੇ ਜਿਹੇ ਕਰਜ਼ਾ ਬਾਂਡ ਲਈ ਦਿਸ਼ਾ-ਨਿਰਦੇਸ਼ਾਂ ਨੂੰ ਅੰਤਿਮ ਰੂਪ ਦਿੱਤਾ ਹੈ। ਇਹ ਵੀ ਫੈਸਲਾ ਲਿਆ ਹੈ ਕਿ ਐਫ.ਡੀ.ਆਈ. ਜ਼ਿਆਦਾ ਨਿਵੇਸ਼ ਅਨੁਕੂਲ ਹੋਵੇ ਤੇ ਇਸ ਨਾਲ ਸੰਬੰਧਿਤ ਦਿਸ਼ਾ-ਨਿਰਦੇਸ਼ਾਂ ਨੂੰ ਲੈ ਕੇ ਵੱਡੀ ਪੱਧਰ 'ਤੇ ਦਸਤਾਵੇਜ਼ ਤਿਆਰ ਕੀਤਾ ਗਿਆ ਹੈ ਜਿਸ ਦੀ ਹਰ ਛੇ ਮਹੀਨੇ ਬਾਅਦ ਸਮੀਖਿਆ ਹੋਵੇਗੀ।

ਸ੍ਰੀ ਮੁਖਰਜੀ ਨੇ ਕਿਹਾ ਕਿ ਭਾਰਤੀ ਅਰਥਵਿਵਸਥਾ ਲਈ ਹੋਰ ਸਮੱਸਿਆਵਾਂ ਤੋਂ ਇਲਾਵਾ ਮੁਦਰਾ ਸਫ਼ੀਤੀ ਵੱਡੀ ਚੁਣੌਤੀ ਹੈ। ਇਸ ਸਾਲ ਮਹਿੰਗਾਈ ਦਰ 6.5 ਫੀਸਦੀ ਰਹਿਣ ਦਾ ਅਨੁਮਾਨ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਹੁਣੇ ਜਿਹੇ ਉਠਾਏ ਮਹੱਤਵਪੂਰਨ ਕਦਮਾਂ ਕਾਰਨ ਭਾਰਤ ਨੇ 8.5 ਫੀਸਦੀ ਵਿਕਾਸ ਦੀ ਦਰ ਨੂੰ ਹਾਸਲ ਕਰਨ ਦਾ ਟੀਚਾ ਮਿਥਿਆ ਹੈ। ਉਨ੍ਹਾਂ ਕਿਹਾ ਕਿ ਮੁਦਰਾ-ਸਫ਼ੀਤੀ ਦੇ ਨਾਲ ਬਿਹਤਰ ਆਰਥਿਕ ਵਾਧਾ ਵੀ ਹੋ ਰਿਹਾ ਹੈ। ਮੁਦਰਾ ਸਫੀਤੀ 'ਤੇ ਰੋਕ ਲਾਉਣ ਲਈ ਮੁਦਰਿਕ ਤੇ ਰਾਜਕੋਸ਼ੀ ਨੀਤੀ ਦਾ ਉਪਯੋਗ ਵੀ ਨਾਲ-ਨਾਲ ਕੀਤਾ ਜਾ ਰਿਹਾ ਹੈ। ਭਾਰਤ ਵਿਚ ਵਿਕਾਸ ਦੀ ਸੰਭਾਵਨਾ ਮੌਜੂਦ ਹੈ ਤੇ ਬੱਚਤ ਤੇ ਨਿਵੇਸ਼ ਦਰ ਉੱਚੀ ਹੈ।




*ਵਾਸ਼ਿੰਗਟਨ ਵਿਚ ਵਿੱਤ ਮੰਤਰੀ ਪ੍ਰਣਬ ਮੁਖਰਜੀ ਕਾਨਫਰੰਸ ਵਿਚ, ਨਾਲ ਹਨ ਅਮਰੀਕੀ ਵਿੱਤ ਮੰਤਰੀ ਟਿਮ ਗਿਬਨਰ*

ਦਾ ਅਮਲ ਜਾਰੀ ਰੱਖਿਆ ਜਾਵੇਗਾ ਤੇ ਸਰਕਾਰ ਇਸ ਤੋਂ ਪਿਛੇ ਨਹੀਂ ਹਟੇਗੀ ਤੇ ਵਿਦੇਸ਼ੀ ਨਿਵੇਸ਼ ਲਈ ਉਦਾਰੀਕਰਨ ਦੀਆਂ ਨੀਤੀਆਂ ਜਾਰੀ ਰੱਖੀਆਂ ਜਾਣਗੀਆਂ। ਉਨ੍ਹਾਂ ਅਮਰੀਕੀ ਸਰਕਾਰ, ਵਿਦਵਾਨਾਂ ਤੇ ਉਦਯੋਗ ਜਗਤ ਦੇ ਉਨ੍ਹਾਂ ਵਿਚਾਰਾਂ ਨੂੰ ਸਿਰੇ ਤੋਂ ਰੱਦ ਕੀਤਾ ਕਿ ਭਾਰਤ ਦੀ ਆਰਥਿਕ ਸੁਧਾਰਾਂ ਦੀ ਰਫ਼ਤਾਰ ਹੌਲੀ ਹੈ।

ਇਸ ਮੌਕੇ ਮੌਜੂਦ ਅਮਰੀਕੀ ਵਿੱਤ ਮੰਤਰੀ ਟਿਮੋਥੀ ਗੇਈਥਨਰ ਨੇ ਕਿਹਾ ਕਿ ਭਾਰਤ ਦਾ ਵਿਕਾਸ ਅਮਰੀਕਾ ਲਈ ਚੰਗਾ ਹੈ ਤੇ ਅਮਰੀਕਾ ਨੂੰ ਇਸ ਤੋਂ ਕੋਈ ਖਤਰਾ ਨਹੀਂ ਹੈ।

ਸ੍ਰੀ ਮੁਖਰਜੀ ਨੇ ਜ਼ੋਰਦਾਰ ਢੰਗ ਨਾਲ ਕਿਹਾ ਕਿ ਕਈ ਖੇਤਰਾਂ ਵਿਚ ਸੁਧਾਰ ਜਾਰੀ ਹਨ ਤੇ ਮਨਮੋਹਨ ਸਿੰਘ ਦੀ ਅਗਵਾਈ ਵਿਚ ਸਰਕਾਰ ਵੱਲੋਂ ਕੰਮ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸੁਧਾਰ ਲਗਾਤਾਰ ਹੋਣ ਵਾਲਾ ਅਮਲ ਹੈ ਤੇ ਸਾਂਝਾ ਪ੍ਰਗਤੀਸ਼ੀਲ ਗਠਜੋੜ ਸਰਕਾਰ ਇਸ ਲਈ ਵਚਨਬੱਧ ਹੈ। ਇਥੇ 'ਭਾਰਤ-ਅਮਰੀਕਾ ਆਰਥਿਕ ਤੇ ਵਿੱਤੀ ਸਹਿਯੋਗ' ਵਿਸ਼ੇ 'ਤੇ ਆਧਾਰਿਤ ਕਨਫੈਡਰੇਸ਼ਨ ਆਫ਼ ਇੰਡੀਅਨ ਇੰਡਸਟਰੀ (ਸੀ.ਆਈ.ਆਈ.) ਤੇ ਬਰੁਕਿੰਗਸ ਇੰਸਟੀਚਿਊਟ ਵੱਲੋਂ ਕਰਵਾਈ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸ੍ਰੀ ਮੁਖਰਜੀ ਨੇ ਕਿਹਾ ਕਿ ਤੁਸੀਂ ਸੁਧਾਰ ਕਰਦੇ ਹੋ ਤੇ ਇਸ ਤੋਂ ਬਾਅਦ ਹੋਰ ਸੁਧਾਰਾਂ ਦੀ ਲੋੜ ਪੈਂਦੀ ਹੈ। ਇਕ ਉਚ ਪੱਧਰੀ ਵਫ਼ਦ ਨਾਲ ਇਥੇ ਪੁੱਜੇ ਮੁਖਰਜੀ ਨੇ ਕਿਹਾ ਕਿ

## ਆਸਟਰੇਲੀਆ ਪਹੁੰਚਣ ਵਾਲਿਆਂ ਦੀ ਗਿਣਤੀ 50 ਫੀਸਦੀ ਘਟੀ

**ਮੈਲਬਰਨ:** ਆਸਟਰੇਲੀਆ ਵਿਦੇਸ਼ੀਆਂ ਖਾਸ ਕਰ ਭਾਰਤੀਆਂ ਨੂੰ ਆਕਰਸ਼ਿਤ ਨਹੀਂ ਕਰ ਰਿਹਾ ਕਿਉਂਕਿ ਦੇਸ਼ ਦੇ ਤਾਜ਼ਾ ਅੰਕੜੇ ਦੱਸਦੇ ਹਨ ਕਿ ਪਿਛਲੇ ਦੋ ਸਾਲਾਂ 'ਚ ਦੇਸ਼ 'ਚ ਆਉਂਦੇ ਲੋਕਾਂ ਦੀ ਗਿਣਤੀ ਤਕਰੀਬਨ ਅੱਧੀ ਰਹਿ ਗਈ ਹੈ। ਮੀਡੀਆ ਰਿਪੋਰਟਾਂ 'ਚ ਆਸਟਰੇਲੀਆ ਦੇ ਅੰਕੜਿਆਂ ਬਾਰੇ ਬਿਊਰੋ ਦੇ ਹਵਾਲੇ ਨਾਲ ਦੱਸਿਆ ਗਿਆ ਹੈ ਕਿ 2010 'ਚ ਦੇਸ਼ 'ਚ ਹੋਏ ਪਰਵਾਸ ਦਾ ਅੰਕੜਾ ਸਿਰਫ 171,000 ਰਹਿ ਗਿਆ ਸੀ ਜੋ 2008 'ਚ 316,000 ਸੀ।

2006 ਦੇ ਅਖੀਰ 'ਚ ਬਿਊਰੋ ਵੱਲੋਂ ਮਾਪਦੰਡ ਬਦਲਣ ਮਗਰੋਂ ਇਹ ਸਭ ਤੋਂ ਛੋਟੀ ਗਿਣਤੀ ਹੈ। ਰਿਪੋਰਟ 'ਚ ਖੁਲਾਸਾ ਕੀਤਾ ਗਿਆ ਹੈ ਕਿ ਦੇਸ਼ ਦਾ ਆਬਾਦੀ ਵਾਧਾ 2008 ਦੇ 467,300 ਤੋਂ 2010 'ਚ 325,500 ਰਹਿ ਗਿਆ। ਦਸੰਬਰ ਤੋਂ ਛੇ ਮਹੀਨਿਆਂ 'ਚ ਸਾਲ ਦਰ ਸਾਲ ਇਹ ਗਿਰਾਵਟ 37 ਫ਼ੀਸਦੀ ਰਹੀ ਜੋ 121500 ਤੋਂ 77000 ਰਹਿ ਗਈ। ਵਿਕਟੋਰੀਆ ਸੂਬੇ 'ਚ ਇਹ ਪ੍ਰਤੀਸ਼ਤਤਾ ਹੋਰ ਵੀ ਵਧ ਸੀ। 2003 ਤੋਂ ਵਿਕਟੋਰੀਆ 'ਚ ਭਾਰਤੀ ਹੀ ਸਥਾਈ ਰੂਪ 'ਚ ਵੱਸਣ ਲਈ ਪੁੱਜ ਰਹੇ ਸਨ ਪਰ 2009-10 'ਚ ਉਨ੍ਹਾਂ ਦੀ ਗਿਣਤੀ 14 ਫ਼ੀਸਦੀ ਘਟ ਗਈ ਤੇ ਚੀਨ ਵਾਲੇ ਨੰਬਰ ਇਕ 'ਤੇ ਆ ਗਏ।

2010 'ਚ ਭਾਰਤ ਤੋਂ ਵਿਕਟੋਰੀਆ ਆ ਕੇ ਵੱਸਣ ਵਾਲਿਆਂ ਦੀ ਗਿਣਤੀ 76000 ਤੋਂ 48,000 'ਤੇ ਆ ਗਈ। ਇਸ ਦਾ ਇਕ ਕਾਰਨ ਭਾਰਤੀ ਵਿਦਿਆਰਥੀਆਂ 'ਤੇ ਹੋਈ ਹਿੰਸਾ ਦੀ ਮੀਡੀਆ 'ਚ ਵਿਆਪਕ ਕਵਰੇਜ ਵੀ ਸੀ। ਵਿਕਟੋਰੀਆ 'ਚ ਚੀਨੀ 8151, ਭਾਰਤੀ 7737, ਬਰਤਾਨਵੀ 4282 ਤੇ ਨਿਊਜ਼ੀਲੈਂਡ ਵਾਲੇ 3696 ਸਨ। ਇਸ ਤੋਂ ਮਗਰੋਂ ਸ੍ਰੀਲੰਕਾ 2484, ਫਿਲਪੀਨਜ਼ 2112, ਮਲੇਸ਼ੀਆ 1638, ਦੱਖਣੀ ਅਫਰੀਕਾ 1477 ਤੇ ਵੀਅਤਨਾਮ 1347 ਦਾ ਨੰਬਰ ਆਉਂਦਾ ਹੈ। ਬਿਊਰੋ ਦੇ ਹੋਰ ਅੰਕੜਿਆਂ ਅਨੁਸਾਰ ਇਹ ਗਿਰਾਵਟ 2011 'ਚ ਵੀ ਜਾਰੀ ਹੈ।

## ਭਾਰਤ-ਪਾਕਿ ਵਿਦੇਸ਼ ਮੰਤਰੀਆਂ ਦੀ ਬੈਠਕ ਅਗਲੇ ਮਹੀਨੇ

**ਨਵੀਂ ਦਿੱਲੀ:** ਪਾਕਿਸਤਾਨ ਨੇ ਭਾਰਤ ਕੋਲ 11-12 ਜੁਲਾਈ ਜਾਂ 25-26 ਜੁਲਾਈ ਨੂੰ ਵਿਦੇਸ਼ ਮੰਤਰੀ ਪੱਧਰ ਦੀ ਗੱਲਬਾਤ ਦਿੱਲੀ ਵਿਖੇ ਕਰਨ ਦੀ ਤਜਵੀਜ਼ ਰੱਖੀ ਹੈ।

ਇਸ ਤਜਵੀਜ਼ ਬਾਰੇ ਭਾਰਤ ਦੀ ਪ੍ਰਤੀਕਿਰਿਆ ਤੋਂ ਬਾਅਦ ਹੀ ਤਰੀਕਾਂ ਤੈਅ ਕੀਤੀਆਂ ਜਾਣਗੀਆਂ। ਵਿਦੇਸ਼ ਮੰਤਰੀ ਸਕੱਤਰ ਪੱਧਰ ਦੀਆਂ ਹੋਈਆਂ ਮੀਟਿੰਗਾਂ ਵਿਚ ਵਿਚਾਰੇ ਗਏ ਵੱਖ-ਵੱਖ ਮੁੱਦੇ ਜਿਨ੍ਹਾਂ ਵਿਚ ਅਤਿਵਾਦ, ਜੰਮੂ ਤੇ ਕਸ਼ਮੀਰ, ਸਿਆਚਿਨ ਆਦਿ ਮੁੱਖ ਹਨ, ਦੀ ਸਮੀਖਿਆ ਕੀਤੀ ਜਾਵੇਗੀ।

## ਭਾਰਤ ਹੈਰੋਇਨ ਦੀ ਸਭ ਤੋਂ ਵੱਡੀ ਮੰਡੀ

**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ ਦੀ ਨਸ਼ਿਆਂ ਬਾਰੇ ਸਾਲਾਨਾ ਰਿਪੋਰਟ ਮੁਤਾਬਕ ਦੱਖਣੀ ਏਸ਼ੀਆ ਮੰਡੀ 'ਚ ਹੈਰੋਇਨ ਦਾ ਵੱਡਾ ਹਿੱਸਾ ਭਾਰਤ ਦੇ ਸਥਾਨਕ ਅਪਰਾਧਿਕ ਸੰਗਠਨਾਂ ਵੱਲੋਂ ਵਪਾਰ ਕੀਤਾ ਜਾ ਰਿਹਾ ਹੈ।

ਸੰਯੁਕਤ ਰਾਸ਼ਟਰ ਦੇ ਨਸ਼ਿਆਂ ਤੇ ਅਪਰਾਧ ਬਾਰੇ ਦਫ਼ਤਰ ਨੇ ਸੰਸਾਰ ਪੱਧਰ ਦੀ ਨਸ਼ਿਆਂ ਬਾਰੇ ਰਿਪੋਰਟ 2011 ਪੇਸ਼ ਕਰਦਿਆਂ ਦੱਸਿਆ ਕਿ 2009 'ਚ ਦੱਖਣੀ ਏਸ਼ੀਆ 'ਚੋਂ ਤਕਰੀਬਨ 1.9 ਅਰਬ ਡਾਲਰ ਤੋਂ ਜ਼ਿਆਦਾ ਕੀਮਤ ਦੀ ਹੈਰੋਇਨ ਭਾਰਤ ਦੇ ਸਥਾਨਕ ਅਪਰਾਧਿਕ ਸੰਗਠਨਾਂ ਤਕ ਪਹੁੰਚੀ।

ਰਿਪੋਰਟ ਮੁਤਾਬਕ 1.4 ਅਰਬ ਡਾਲਰਾਂ ਦੀ ਕੀਮਤ ਨਾਲ ਭਾਰਤ ਇਸ ਸਮੇਂ ਸਭ ਤੋਂ ਵੱਡੀ ਮੰਡੀ ਹੈ। ਏਸ਼ੀਆ 'ਚੋਂ ਹੈਰੋਇਨ ਦੀ ਖਪਤ ਲਈ ਚੀਨ, ਪਾਕਿਸਤਾਨ, ਇਰਾਨ ਤੇ ਭਾਰਤ ਵੱਡੀਆਂ ਮੰਡੀਆਂ ਹਨ। ਰਿਪੋਰਟ 'ਚ ਦੱਸਿਆ ਗਿਆ ਕਿ 2009 'ਚ ਦੱਖਣੀ ਏਸ਼ੀਆ ਨੇ ਹੈਰੋਇਨ ਦੀ ਖਪਤ ਲਈ ਅਫਗਾਨਿਸਤਾਨ ਨੂੰ ਸਪਲਾਈ ਦਾ ਮੁੱਖ ਕੇਂਦਰ ਬਣਾਇਆ ਸੀ।

ਰਿਪੋਰਟ ਮੁਤਾਬਕ ਹੈਰੋਇਨ ਤੇ ਅਫੀਮ ਦੀ ਘਰੇਲੂ ਉਪਜ ਦਾ ਅੱਧਾ ਹਿੱਸਾ ਭਾਰਤ ਵਿਚ ਖਪਤ ਹੁੰਦਾ ਹੈ। ਹਾਲਾਂਕਿ ਭਾਰਤ ਵਿਚ ਜ਼ਿਆਦਾਤਰ ਭਾਰਤੀ ਹੈਰੋਇਨ ਵਰਤੀ ਜਾਂਦੀ ਹੈ ਪਰ ਨਸ਼ਿਆਂ ਦੇ ਸੌਦਾਗਰ ਅਫਗਾਨ ਹੈਰੋਇਨ ਦੀ ਬਰਾਮਦ ਨੂੰ ਤਰਜੀਹ ਦਿੰਦੇ ਹਨ ਕਿਉਂਕਿ ਉਹ ਜ਼ਿਆਦਾ ਸ਼ੁੱਧ ਹੁੰਦੀ ਹੈ। ਰਿਪੋਰਟ ਅਨੁਸਾਰ ਅਫਗਾਨਿਸਤਾਨ ਵਿਚ ਅਫੀਮ ਦੀ ਕਾਸ਼ਤ ਵਿਚ ਸਥਿਰਤਾ ਆ ਰਹੀ ਹੈ ਪਰ 2009 'ਚ ਮਿਆਂਮਾਰ ਵਿਚ 20 ਪ੍ਰਤੀਸ਼ਤ ਵਾਧਾ ਹੋਇਆ।

# ਜੇਲ੍ਹਾਂ ਵਿਚ ਬੰਦ ਨੇ ਢਾਈ ਸੌ ਨਕਾਰਾ ਕੈਦੀ

**ਬਠਿੰਡਾ:** ਪੰਜਾਬ ਦੀਆਂ ਜੇਲ੍ਹਾਂ ਵਿਚ ਬੰਦ ਕਰੀਬ ਢਾਈ ਸੌ ਕੈਦੀ ਹੁਣ ਮੁਸ਼ੱਕਤ ਕਰਨ ਜੋਗੇ ਨਹੀਂ ਰਹੇ। ਜੇਲ੍ਹ ਵਿਭਾਗ ਨੇ ਉਨ੍ਹਾਂ ਨੂੰ ਨਕਾਰਾ ਐਲਾਨ ਦਿੱਤਾ ਹੈ ਅਤੇ ਉਨ੍ਹਾਂ ਤੋਂ ਕੰਮ ਲੈਣਾ ਬੰਦ ਕਰ ਦਿੱਤਾ ਗਿਆ ਹੈ। ਜੇਲ੍ਹਾਂ ਵਿਚੋਂ ਜੋ ਬਜ਼ੁਰਗ ਹਨ, ਉਨ੍ਹਾਂ ਵਿਚੋਂ ਬਹੁਤੇ ਨਕਾਰਾ ਐਲਾਨੇ ਗਏ ਹਨ।

ਕੇਂਦਰੀ ਜੇਲ੍ਹ ਬਠਿੰਡਾ ਵਿਚ ਇਸ ਵੇਲੇ 19 ਕੈਦੀ ਨਕਾਰਾ ਐਲਾਨੇ ਹੋਏ ਹਨ ਜਿਨ੍ਹਾਂ ਵਿਚੋਂ ਦਰਜਨ ਦੇ ਕਰੀਬ ਤਾਂ ਬਜ਼ੁਰਗ ਕੈਦੀ ਹਨ ਜਿਨ੍ਹਾਂ ਦੀ ਉਮਰ 65 ਤੋਂ 70 ਸਾਲ ਦੇ ਦਰਮਿਆਨ ਹੈ। ਕੁਝ ਕੈਦੀਆਂ ਨੂੰ ਗੰਭੀਰ ਬਿਮਾਰੀ ਹੈ ਜਿਸ ਕਰਕੇ ਉਨ੍ਹਾਂ ਤੋਂ ਕੰਮ ਲੈਣਾ ਬੰਦ ਕਰ ਦਿੱਤਾ ਗਿਆ ਹੈ। ਟੀਬੀ. ਦੀ ਬਿਮਾਰੀ ਤੋਂ ਪੀੜਤ ਕੈਦੀ ਵੀ ਨਕਾਰਾ ਐਲਾਨ ਦਿੱਤੇ ਜਾਂਦੇ ਹਨ। ਜੇਲ੍ਹ ਦੇ ਡਾਕਟਰ ਵੱਲੋਂ ਕੈਦੀਆਂ ਨੂੰ ਨਕਾਰਾ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਨਕਾਰਾ ਕੈਦੀਆਂ ਨੂੰ ਜੇਲ੍ਹ ਪ੍ਰਸ਼ਾਸਨ ਵੱਲੋਂ ਪ੍ਰਤੀ ਦਿਨ ਮਿਲਦਾ ਮਿਹਨਤਾਨਾ ਦੇਣਾ ਵੀ ਬੰਦ ਕਰ ਦਿੱਤਾ ਜਾਂਦਾ ਹੈ।

ਬਠਿੰਡਾ ਜੇਲ੍ਹ ਦੇ ਸਹਾਇਕ ਜੇਲ੍ਹ ਸੁਪਰਡੈਂਟ ਬਲਦੇਵ ਸਿੰਘ ਮੁਤਾਬਕ ਜੇਲ੍ਹ ਵਿਚ ਉਨ੍ਹਾਂ ਕੈਦੀਆਂ ਨੂੰ ਹੀ ਡਾਕਟਰ ਦੀ ਸਿਫਾਰਸ਼ 'ਤੇ ਨਕਾਰਾ ਐਲਾਨਿਆ ਗਿਆ ਹੈ ਜੋ ਬਜ਼ੁਰਗ ਹਨ ਜਾਂ ਫਿਰ ਗੰਭੀਰ ਬਿਮਾਰੀ ਦੀ ਮਾਰ ਹੇਠ ਹਨ। ਇਨ੍ਹਾਂ ਕੈਦੀਆਂ ਤੋਂ ਕੋਈ ਕੰਮ ਨਹੀਂ ਲਿਆ ਜਾਂਦਾ ਹੈ। ਸੰਗਰੂਰ ਅਤੇ ਪਟਿਆਲਾ ਜੇਲ੍ਹ ਵਿਚ ਵੀ ਨਕਾਰਾ ਕੈਦੀਆਂ ਦੀ ਗਿਣਤੀ ਡੇਢ ਦਰਜਨ ਤੋਂ ਜ਼ਿਆਦਾ ਹੈ। ਇਨ੍ਹਾਂ ਜੇਲ੍ਹਾਂ ਵਿਚ ਜ਼ਿਆਦਾ ਬਿਮਾਰ ਕੈਦੀਆਂ ਨੂੰ ਹੀ ਨਕਾਰਾ ਐਲਾਨਿਆ ਹੋਇਆ ਹੈ। ਇਸ ਤੋਂ ਇਲਾਵਾ ਲੁਧਿਆਣਾ ਅਤੇ ਜਲੰਧਰ ਦੀ ਜੇਲ੍ਹ ਦੇ ਦੋ ਦਰਜਨ ਕੈਦੀ ਵੀ ਨਕਾਰਾ ਐਲਾਨੇ ਗਏ ਹਨ। ਉਂਜ ਜਿਨ੍ਹਾਂ ਕੈਦੀਆਂ ਨੂੰ ਨਕਾਰਾ ਐਲਾਨ ਦਿੱਤਾ ਜਾਂਦਾ ਹੈ, ਉਨ੍ਹਾਂ ਨੂੰ ਸੁਪਰਡੈਂਟ ਜੇਲ੍ਹ ਵੱਲੋਂ ਦਿੱਤੀ ਜਾਣ ਵਾਲੀ ਵਿਸ਼ੇਸ਼ ਮੁਆਫੀ ਨਹੀਂ ਮਿਲਦੀ। ਜੇਲ੍ਹ ਸੁਪਰਡੈਂਟ ਚੰਗਾ ਕੰਮ ਕਰਨ ਵਾਲੇ ਅਤੇ ਚੰਗੇ ਵਿਹਾਰ ਵਾਲੇ ਕੈਦੀ ਨੂੰ ਇਕ ਸਾਲ ਵਿਚ ਇਕ ਮਹੀਨੇ ਦੀ ਮੁਆਫ਼ੀ ਦੇ ਸਕਦਾ ਹੈ। ਕਰੀਬ ਤਿੰਨ ਮਹੀਨੇ ਵਿਚ ਛੇ ਦਿਨਾਂ ਦੀ ਮੁਆਫ਼ੀ ਦਿੱਤੀ ਜਾ ਸਕਦੀ ਹੈ। ਜੋ ਨਕਾਰਾ ਕੈਦੀ ਹੁੰਦੇ ਹਨ, ਉਹ ਇਸ ਵਿਸ਼ੇਸ਼ ਮੁਆਫੀ ਤੋਂ ਵਾਂਝੇ ਹੋ ਜਾਂਦੇ ਹਨ। ਪੰਜਾਬ ਸਰਕਾਰ ਵੱਲੋਂ ਜੋ ਵਿਸ਼ੇਸ਼ ਮੁਆਫੀ ਦਿੱਤੀ ਜਾਂਦੀ ਹੈ, ਉਸ ਦਾ ਫਾਇਦਾ ਇਨ੍ਹਾਂ ਨਕਾਰਾ ਕੈਦੀਆਂ ਨੂੰ ਵੀ ਮਿਲਦਾ ਹੈ।

ਸਖ਼ਤ ਸਜ਼ਾ ਵਾਲੇ ਤੋਂ ਸਖ਼ਤ ਕੰਮ ਲੈਣ ਦੀ ਵਿਵਸਥਾ: ਜ਼ਿਲ੍ਹਾ ਅਟਾਰਨੀ ਛਿੰਦਰਪਾਲ ਸਿੰਘ ਬਰਾੜ ਮੁਤਾਬਕ ਜਿਨ੍ਹਾਂ ਦੋਸ਼ੀਆਂ ਨੂੰ ਅਦਾਲਤ ਵੱਲੋਂ ਸਖ਼ਤ ਸਜ਼ਾ ਸੁਣਾਈ ਜਾਂਦੀ ਹੈ, ਉਨ੍ਹਾਂ ਤੋਂ ਜੇਲ੍ਹ ਪ੍ਰਸ਼ਾਸਨ ਨਿਯਮਾਂ ਮੁਤਾਬਕ ਕੋਈ ਵੀ ਸਖ਼ਤ ਕੰਮ ਲੈ ਸਕਦਾ ਹੈ। ਜਿਨ੍ਹਾਂ ਗੰਭੀਰ ਜੁਰਮਾਂ ਵਿਚ ਤਿੰਨ ਸਾਲ ਤੋਂ ਜ਼ਿਆਦਾ ਕੈਦ ਹੁੰਦੀ ਹੈ, ਉਸ ਵਿਚ ਸਖ਼ਤ ਸਜ਼ਾ ਸੁਣਾਈ ਜਾਂਦੀ ਹੈ। ਜੇਲ੍ਹ ਨਿਯਮਾਂ ਮੁਤਾਬਕ ਅਜਿਹੇ ਕੈਦੀਆਂ ਨੂੰ ਸਖ਼ਤ ਕੰਮ ਕਰਨਾ ਪੈਂਦਾ ਹੈ। ਜਿਨ੍ਹਾਂ ਨੂੰ ਅਦਾਲਤ ਵੱਲੋਂ ਸਾਧਾਰਨ ਸਜ਼ਾ ਸੁਣਾਈ ਜਾਂਦੀ ਹੈ, ਉਨ੍ਹਾਂ ਦੀ ਜ਼ਮਾਨਤ ਹੋ ਜਾਂਦੀ ਹੈ।

# ਠੇਕੇ 'ਤੇ ਭਰਤੀ ਬਣੀ ਚੋਣਾਂ 'ਚ ਅੜਿੱਕਾ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਪੀ.ਸੀ.ਐਸ. ਅਫ਼ਸਰਾਂ ਦੀ ਜ਼ਿਲ੍ਹਾ ਅਤੇ ਤਹਿਸੀਲ ਪੱਧਰ 'ਤੇ ਠੇਕੇ 'ਤੇ ਕੀਤੀ ਗਈ ਭਰਤੀ ਨੂੰ ਚੋਣ ਕਮਿਸ਼ਨ ਨੇ ਚੋਣ ਪ੍ਰਕਿਰਿਆ ਵਿਚ ਅੜਿੱਕਾ ਮੰਨਿਆ ਹੈ। ਪੰਜਾਬ ਦੀ ਮੁੱਖ ਚੋਣ ਅਧਿਕਾਰੀ ਕੁਮਾਰੀ ਕੁਸੁਮਜੀਤ ਸਿੱਧੂ ਨੇ ਸੂਬਾ ਸਰਕਾਰ ਨੂੰ ਕਿਹਾ ਹੈ ਕਿ ਸੇਵਾਮੁਕਤੀ ਤੋਂ ਬਾਅਦ ਨੌਕਰੀਆਂ 'ਤੇ ਰੱਖੇ ਅਫਸਰਾਂ ਦੀ ਥਾਂ ਪੱਕੀਆਂ ਨੌਕਰੀਆਂ ਵਾਲਿਆਂ ਨੂੰ ਤਾਇਨਾਤ ਕੀਤਾ ਜਾਵੇ। ਚੋਣਾਂ ਦੌਰਾਨ ਕਮਿਸ਼ਨ ਵੱਲੋਂ ਐਸ.ਡੀ.ਐਮ, ਏ.ਡੀ.ਸੀ. ਅਤੇ ਜ਼ਿਲ੍ਹਿਆਂ 'ਚ ਤਾਇਨਾਤ ਹੋਰਨਾਂ ਆਈ.ਏ.ਐਸ. ਤੇ ਪੀ.ਸੀ.ਐਸ. ਅਫਸਰਾਂ ਨੂੰ ਚੋਣ ਅਧਿਕਾਰੀਆਂ ਵਜੋਂ ਨਿਯੁਕਤ ਕੀਤਾ ਜਾਂਦਾ ਹੈ। ਪੰਜਾਬ ਸਰਕਾਰ ਵੱਲੋਂ ਪਿਛਲੇ ਸਾਲ 25 ਪੀ.ਸੀ.ਐਸ. ਅਫਸਰਾਂ ਨੂੰ ਸੇਵਾਮੁਕਤੀ ਤੋਂ ਬਾਅਦ ਨੌਕਰੀਆਂ ਦਿੱਤੀਆਂ ਹੋਈਆਂ ਹਨ। ਇਨ੍ਹਾਂ ਵਿਚ 10 ਏ.ਡੀ.ਸੀ. ਤੇ 8 ਐਸ.ਡੀ.ਐਮ. ਵਜੋਂ ਤਾਇਨਾਤ ਹਨ। ਚੋਣ ਕਮਿਸ਼ਨ ਦਾ ਮੰਨਣਾ ਹੈ ਕਿ ਸੇਵਾਮੁਕਤੀ ਤੋਂ ਬਾਅਦ ਨੌਕਰੀਆਂ ਕਰ ਰਹੇ ਅਫ਼ਸਰਾਂ ਨੂੰ ਚੋਣ ਡਿਊਟੀ ਨਹੀਂ ਦਿੱਤੀ ਜਾ ਸਕਦੀ।

ਪੰਜਾਬ ਵਿਧਾਨ ਸਭਾ ਦੀਆਂ ਆਮ ਚੋਣਾਂ ਫਰਵਰੀ 2012 ਵਿਚ ਹੋਣੀਆਂ ਹਨ ਅਤੇ ਚੋਣ ਕਮਿਸ਼ਨ ਨੇ ਆਪਣੇ ਵੱਲੋਂ ਇਸ ਦੀਆਂ ਤਿਆਰੀਆਂ ਅਰੰਭ ਦਿੱਤੀਆਂ ਹਨ। ਕੁਮਾਰੀ ਸਿੱਧੂ ਦਾ ਕਹਿਣਾ ਹੈ ਕਿ ਚੋਣ ਕਮਿਸ਼ਨ ਜ਼ਿੰਮੇਵਾਰੀ ਵਾਲੇ ਅਹੁਦਿਆਂ 'ਤੇ ਪੱਕੇ ਅਫਸਰਾਂ ਦੀ ਤਾਇਨਾਤੀ ਚਾਹੁੰਦਾ ਹੈ। ਪੰਜਾਬ ਦੇ ਮੁੱਖ ਸਕੱਤਰ ਨੂੰ ਇਸ ਬਾਰੇ ਪੱਤਰ ਲਿਖੇ ਜਾ ਰਹੇ ਹਨ। ਜੇਕਰ ਸਰਕਾਰ ਨੇ ਚੋਣਾਂ ਦਾ ਐਲਾਨ ਹੋਣ ਤੋਂ ਪਹਿਲਾਂ ਇਨ੍ਹਾਂ ਅਧਿਕਾਰੀਆਂ ਨੂੰ ਤਬਦੀਲ ਨਾ ਕੀਤਾ ਤਾਂ ਚੋਣ ਜ਼ਾਬਤਾ ਲੱਗਣ ਤੋਂ ਬਾਅਦ ਕਮਿਸ਼ਨ ਵੱਲੋਂ ਤਬਾਦਲਿਆਂ ਦੇ ਹੁਕਮ ਦਿੱਤੇ ਜਾ ਸਕਦੇ ਹਨ।

ਉਨ੍ਹਾਂ ਮੰਨਿਆ ਕਿ ਸੇਵਾਮੁਕਤੀ ਤੋਂ ਬਾਅਦ ਨੌਕਰੀਆਂ 'ਤੇ ਤਾਇਨਾਤ ਅਧਿਕਾਰੀਆਂ ਵੱਲੋਂ ਚੋਣ ਕੰਮਾਂ ਵਿਚ ਦਿਲਚਸਪੀ ਨਹੀਂ ਦਿਖਾਈ ਜਾ ਰਹੀ ਜਿਸ ਕਾਰਨ ਚੋਣਾਂ ਦੀਆਂ ਤਿਆਰੀਆਂ ਦਾ ਕੰਮ ਪ੍ਰਭਾਵਤ ਹੋ ਰਿਹਾ ਹੈ। ਆਮ ਚੋਣਾਂ ਵਿਚ ਮਹਿਜ਼ 7 ਕੁ ਮਹੀਨੇ ਦਾ ਸਮਾਂ ਰਹਿ ਜਾਣ ਕਾਰਨ ਜੁਲਾਈ ਮਹੀਨੇ ਤੋਂ ਚੋਣਾਂ ਦੀਆਂ ਤਿਆਰੀਆਂ ਦਾ ਕੰਮ ਵਧ ਜਾਵੇਗਾ।

ਕਮਿਸ਼ਨ ਦੇ ਅਧਿਕਾਰੀਆਂ ਦਾ ਇਹ ਵੀ ਕਹਿਣਾ ਹੈ ਕਿ ਚੋਣ ਕਮਿਸ਼ਨ ਵੱਲੋਂ ਵੋਟਾਂ ਦੇ ਭੁਗਤਾਨ ਦੀ ਪ੍ਰਤੀਸ਼ਤਤਾ ਵਧਾਉਣ ਲਈ ਕਈ ਤਰ੍ਹਾਂ ਦੀਆਂ ਜਾਗਰੂਕਤਾ ਮੁਹਿੰਮਾਂ ਵਿੱਢਣ ਦਾ ਫੈਸਲਾ ਕੀਤਾ ਗਿਆ ਹੈ। ਇਸ ਕਰਕੇ ਚੋਣ ਅਧਿਕਾਰੀਆਂ ਕੋਲ ਕੰਮ ਪਹਿਲਾਂ ਦੇ ਮੁਕਾਬਲੇ ਵਧ ਗਿਆ ਹੈ। ਇਸੇ ਦੌਰਾਨ ਕਮਿਸ਼ਨ ਨੇ ਅਜਿਹੇ ਅਧਿਕਾਰੀਆਂ ਨੂੰ ਵੀ ਹੁਣੇ ਤੋਂ ਜ਼ਿੰਮੇਵਾਰੀ ਵਾਲੇ ਅਹੁਦਿਆਂ ਤੋਂ ਲਾਂਭੇ ਕਰਨ ਲਈ ਕਿਹਾ ਹੈ ਜਿਨ੍ਹਾਂ ਨੂੰ ਕਮਿਸ਼ਨ ਨੇ ਪਹਿਲਾਂ ਕਦੇ ਚੋਣ ਡਿਊਟੀ ਤੋਂ ਤਬਦੀਲ ਕਰਨ ਦੇ ਹੁਕਮ ਦਿੱਤੇ ਹੋਣ। ਕਮਿਸ਼ਨ ਨੇ ਗ੍ਰਹਿ ਸਕੱਤਰ ਨੂੰ ਵੱਖਰਾ ਪੱਤਰ ਲਿਖਦਿਆਂ ਭਗੌੜਿਆਂ, ਅਪਰਾਧਿਕ ਗਤੀਵਿਧੀਆਂ ਵਿਚ ਸ਼ਾਮਲ ਬੰਦਿਆਂ ਅਤੇ ਹਥਿਆਰਾਂ ਬਾਰੇ ਵੀ ਜਾਣਕਾਰੀ ਦੇਣ ਲਈ ਕਿਹਾ ਹੈ।

## ਪਰਵਾਸੀ ਮਸਲੇ ਸੰਸਦ 'ਚ ਉਠਾਉਣ ਲਈ ਵਚਨਬੱਧ ਹਾਂ-ਮਹਿੰਦਰ ਸਿੰਘ ਕੇ ਪੀ

**ਨਿਊ ਯਾਰਕ (ਬਿਊਰੋ):** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਸਾਬਕਾ ਪ੍ਰਧਾਨ ਤੇ ਮੌਜੂਦਾ ਪਾਰਲੀਮੈਂਟ ਮਹਿੰਦਰ ਸਿੰਘ ਕੇ ਪੀ ਅਜਕੱਲ੍ਹ ਅਮਰੀਕਾ ਦੇ ਨਿੱਜੀ ਦੌਰੇ 'ਤੇ ਹਨ। ਬੀਤੇ ਦਿਨੀਂ ਉਹ ਐਨ ਆਰ ਆਈ ਸਭਾ ਅਮਰੀਕਾ ਦੇ ਪ੍ਰਧਾਨ ਅਤੇ ਵਕੀਲ ਜਸਪ੍ਰੀਤ ਸਿੰਘ ਅਟਾਰਨੀ ਦੇ ਨਿਊ ਯਾਰਕ ਦਫਤਰ ਪਧਾਰੇ। ਇਸ ਮੌਕੇ ਉਨ੍ਹਾਂ ਦੇ ਨਾਲ ਉਨ੍ਹਾਂ ਦੇ ਸਪੁੱਤਰ ਤੋਂ ਇਲਾਵਾ ਉਨ੍ਹਾਂ ਦੇ ਪਰਿਵਾਰਕ ਦੋਸਤ ਮੁਖਤਿਆਰ ਸਿੰਘ ਸਿੰਮਕ, ਬਹਾਦਰ ਸਿੰਘ ਅਤੇ ਸ੍ਰੀ ਸ਼ਰਮਾ ਵੀ ਨਾਲ ਸਨ।

ਇਸ ਮੌਕੇ ਪਰਵਾਸੀ ਮਸਲਿਆਂ 'ਤੇ ਵਿਚਾਰਾਂ ਕਰਦਿਆਂ ਸ੍ਰੀ ਜਸਪ੍ਰੀਤ ਸਿੰਘ ਨੇ ਪਰਵਾਸੀਆਂ



ਨੂੰ ਭਾਰਤੀ ਦੂਤਾਵਾਸ ਵਿਚ ਪਾਸਪੋਰਟ ਪ੍ਰਾਪਤ ਕਰਨ ਵਿਚ ਆ ਰਹੀਆਂ ਮੁਸ਼ਕਿਲਾਂ ਅਤੇ ਦੂਤਾਵਾਸ ਵਿਚ ਹੁੰਦੀ ਖੱਜਲ ਖੁਆਰੀ ਦੇ ਮਾਮਲੇ ਸ੍ਰੀ ਕੇ ਪੀ ਦੇ ਧਿਆਨ ਵਿਚ ਲਿਆਂਦੇ। ਉਨ੍ਹਾਂ ਅਮਰੀਕਨ ਸਿਟੀਜ਼ਨ ਭਾਰਤੀਆਂ ਨੂੰ ਭਾਰਤ ਦਾ ਵੀਜ਼ਾ ਲੈਣ ਲਈ ਆਉਂਦੀਆਂ ਮੁਸ਼ਕਿਲਾਂ ਬਾਰੇ ਵੀ ਦੱਸਿਆ ਅਤੇ ਪਰਵਾਸੀ ਭਾਰਤੀਆਂ ਦੀਆਂ ਜਾਇਦਾਦਾਂ 'ਤੇ ਕਬਜ਼ਿਆਂ ਬਾਰੇ ਵੀ ਗੱਲ ਕੀਤੀ।

ਸ੍ਰੀ ਕੇ ਪੀ ਨੇ ਕਿਹਾ ਕਿ ਉਹ ਕੇਂਦਰ ਸਰਕਾਰ ਦੇ ਅਧੀਨ ਆਉਂਦੇ ਮਸਲਿਆਂ ਲਈ ਪਾਰਲੀਮੈਂਟ ਵਿਚ ਆਵਾਜ਼ ਬੁਲੰਦ ਕਰਨ ਲਈ ਵਚਨਬੱਧ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਅਧੀਨ ਆਉਂਦੇ ਮਸਲਿਆਂ ਸਬੰਧੀ ਉਹ ਕੁਝ ਨਹੀਂ ਕਰ ਸਕਦੇ ਪਰ ਕਾਂਗਰਸ ਸਰਕਾਰ ਆਉਣ 'ਤੇ ਪ੍ਰਵਾਸੀਆਂ ਦੇ ਸਾਰੇ ਹੀ ਮਸਲੇ ਹੱਲ ਕਰਨਾ ਕਾਂਗਰਸ ਦੀ ਪਹਿਲੀ ਤਰਜ਼ੀਹ ਹੋਵੇਗੀ।

FARMERS INSURANCE GROUP
Symbol of Superior Service

# FARMERS®

Now at new location: 2774 Aborn Road , San Jose, CA 95121

ਆਪਣੀ ਕਾਰ ਜਾਂ ਆਪਣੇ ਘਰ ਦੀ ਇੰਸ਼ੋਰੈਂਸ ਕਵਰੇਜ ਬਾਰੇ ਤੁਹਾਡੇ ਮਨ ਵਿਚ ਕੋਈ ਸਵਾਲ ਹੈ? ਬਿਨਾਂ ਝਿਜਕ ਸਾਨੂੰ ਕਾਲ ਕਰੋ।

*"Call for a review of any of your insurance policies or to get a quote"*
*Totally Free and No Obligation to buy from us!!*



***Auto *Home *Life *Business *Workers Compensation**

Call for consultation

**Ph: 408-771-2438**

*408-580-6063, 408-687-7566*

Fax: 408-273-6001

ssingh6@farmeragent.com

Satwant Singh
Insurance Agent
License # OH11256

ਪਾਲਿਸੀ (ਅਤੇ ਪ੍ਰਾਸਪੈਕਟਸ, ਜਿਥੇ ਲਾਗੂ ਹੋਵੇ) ਸਿਰਫ ਅੰਗ੍ਰੇਜ਼ੀ ਵਿਚ ਉਪਲਬਧ ਹੈ। ਝਗੜੇ ਦੀ ਸੂਰਤ ਵਿਚ ਇਹੋ ਰੂਪ ਸਹੀ ਮੰਨਿਆ ਜਾਏਗਾ।

*Call us to know about special discounts for nurses, teachers, engineers, pharmacists, doctors and more professionals to get low prices.**

*"Discounts apply to selected property and casualty coverages, perils, and policy types only and may vary by state and eligibility. To the extent permitted by law, applicants are individually underwritten; not all applicants may qualify."



# Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ ਫੋਨ: 209-815-1869

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay

We Specialize in Bankowned, Foreclosure and Short Sale Homes

ਜੇ ਤੁਸੀਂ ਆਪਣਾ ਘਰ ਸ਼ਾਰਟਸੇਲ 'ਤੇ ਵੇਚਣਾ ਚਾਹੁੰਦੇ ਹੋ

**If you want to sell your house in shortsale, first call 209-815-1869**

*We are certified Home Afordable Foreclosure Alternative (HAFA) specilist in shortsale of homes.*



Gurbans Singh Gill
Realtor
13 Years Experiance in Real Estate
e-mail: gurbans@gotracy.com

Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ

REALTY WORLD® Millennium

Fax: 209-836-0706
www.gotracy.com

**Gurbans Gill 209-815-1869**



24 ਘੰਟੇ 11 ਸਟੇਸ਼ਨਾਂ ਤੋਂ ਚੱਲਣ ਵਾਲਾ ਪੰਜਾਬੀ ਰੇਡੀਓ

San Jose, Livermore, Berkeley, Tracy, Sacramento, Yuba City, Stocton, Modesto, Fresno, Bakersfield, Reno

ਪੰਜਾਬੀ ਰੇਡੀਓ ਯੂਐਸਏ
Punjabi RADIO USA
ON THE AIR
*Uniting Punjabi's All Over*

**PUNJABI RADIO USA**
ਦੁਨੀਆਂ ਵਿਚ ਪਹਿਲਾ ਪੰਜਾਬੀ ਰੇਡੀਓ ਹੈ, ਜਿਸ ਦੀ
**I-Phone ਤੇ Android Application**
ਤੁਸੀਂ ਕਿਸੇ ਸਮੇਂ ਵੀ ਮੁਫ਼ਤ ਡਾਊਨਲੋਡ ਕਰ ਸਕਦੇ ਹੋ।

# ਛੋਟੇ ਰੇਡੀਓ ਦੀ ਕੀਮਤ $ 25 • ਵੱਡੇ ਰੇਡੀਓ ਦੀ ਕੀਮਤ $ 35

# ਇੰਟਰਨੈਟ ਰੇਡੀਓ $ 140 ਵਾਲਾ ਹੁਣ $ 99 ਨੂੰ

(ਇਸ ਉਪਰ 15000 ਤੋਂ ਵੱਧ ਤੇ ਸਾਰੀ ਦੁਨੀਆਂ ਦੇ ਪੰਜਾਬੀ ਸਟੇਸ਼ਨ ਸੁਣ ਸਕਦੇ ਹੋ)

## ਕਿਸੇ ਵੀ ਭਾਰਤੀ ਸਟੋਰ ਤੋਂ ਖਰੀਦ ਸਕਦੇ ਹੋ

ਹੋਰ ਜਾਣਕਾਰੀ ਲਈ **408.722.7698**

Listen LIVE
www.punjabiradiousa.com

Email: info@punjabiradiousa.com
3750 McKee Road, # B, San Jose CA 95127

# ਖ਼ਾਲਸਾ ਹੈਰੀਟੇਜ ਕੰਪਲੈਕਸ ਦਾ ਕੰਮ ਫਿਰ ਲਟਕਿਆ

**ਅਨੰਦਪੁਰ ਸਾਹਿਬ:** ਅਨੰਦਪੁਰ ਸਾਹਿਬ ਵਿਚ ਅੱਠਵੇਂ ਅਜੂਬੇ ਦੇ ਨਾਂ ਨਾਲ ਮਸ਼ਹੂਰ ਸਿੱਖ ਯਾਦਗਾਰੀ ਕੰਪਲੈਕਸ ਤਿਆਰ ਹੋਣ ਤੋਂ ਬਾਅਦ ਦੁਨਿਆਂ ਭਰ ਵਿਚ ਧਰਮ ਤੇ ਸਭਿਅਤਾ ਦੇ ਇਤਿਹਾਸ ਨੂੰ ਦਰਸਾਉਣ ਵਾਲਾ ਸਭ ਤੋਂ ਵੱਡਾ ਤੇ ਨਿਵੇਕਲਾ ਅਜਾਇਬ ਘਰ ਹੋਵੇਗਾ ਪਰ ਸਰਕਾਰ ਦੀ ਢਿੱਲੀ ਰਫ਼ਤਾਰ ਕਾਰਨ ਇਹ ਪ੍ਰਾਜੈਕਟ ਛੇਤੀ ਸਿਰੇ ਚੜ੍ਹਦਾ ਦਿਖਾਈ ਨਹੀਂ ਦੇ ਰਿਹਾ।

ਸਰਕਾਰ ਵੱਲੋਂ ਇਸ ਨੂੰ ਛੇਤੀ ਖੋਲ੍ਹਣ ਦੇ ਦਾਅਵੇ ਠੁੱਸ ਹੁੰਦੇ ਦਿਖਾਈ ਦੇ ਰਹੇ ਹਨ। ਪਿਛਲੇ ਦਿਨੀਂ ਇਸ ਪ੍ਰਾਜੈਕਟ ਦੀ ਚੈਅਰਮੈਨ ਡਾ. ਉਪਿੰਦਰਜੀਤ ਕੌਰ ਨੇ 31 ਅਗਸਤ ਤਕ ਲੋਕਾਂ ਲਈ 5 ਗੈਲਰੀਆ ਖੋਲ੍ਹਣ ਦਾ ਐਲਾਨ ਕੀਤਾ ਸੀ ਪਰ ਸੂਤਰਾਂ ਅਨੁਸਾਰ ਇਹ ਪ੍ਰਾਜੈਕਟ ਹਾਲੇ ਪੂਰੀ ਤਰ੍ਹਾਂ ਤਿਆਰ ਨਹੀਂ



ਹੋਇਆ ਤੇ ਇਸ ਨੂੰ ਹੋਰ ਸਮਾਂ ਲੱਗ ਸਕਦਾ ਹੈ। ਇਸ ਗੱਲ ਦੀ ਪੁਸ਼ਟੀ ਇਸ ਪ੍ਰਾਜੈਕਟ ਦੇ ਐਮ.ਡੀ ਕਰਮਜੀਤ ਸਿੰਘ ਸਰਾਂ ਨੇ ਇਹ ਕਹਿ ਕੇ ਕੀਤੀ ਕਿ ਛੇਤੀ ਹੀ ਵਿਦੇਸ਼ੀ ਆਰਟੀਟੈਕਟਾਂ ਦੀ ਟੀਮ ਇਸ ਪ੍ਰਾਜੈਕਟ ਦਾ ਦੌਰਾ ਕਰਨ ਆਉਣ ਵਾਲੀ ਹੈ ਜੋ ਇਹ ਤੈਅ ਕਰੇਗੀ ਕਿ ਇਸ ਪ੍ਰਾਜੈਕਟ ਦਾ ਕਿੰਨਾ ਕੰਮ ਬਾਕੀ ਹੈ।

ਇਸ ਤੋਂ ਵੱਧ ਹੈਰਾਨੀ ਵਾਲੀ ਗੱਲ ਇਹ ਹੈ ਕਿ ਖ਼ਾਲਸਾ ਹੈਰੀਟੇਜ ਕੰਪਲੈਕਸ ਦੀ ਵੈਬਸਾਈਟ 2008 ਤੋਂ ਬਾਅਦ ਅਪਗ੍ਰੇਡ ਨਹੀਂ ਕੀਤੀ ਗਈ ਜਿਸ ਕਾਰਨ ਦੇਸ਼ ਵਿਦੇਸ਼ ਤੋਂ ਅਨੰਦਪੁਰ ਸਾਹਿਬ ਆਉਣ ਵਾਲੇ ਸੈਲਾਨੀਆਂ ਨੂੰ ਨਿਰਾਸ਼ਾ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਪ੍ਰਾਜੈਕਟ ਦੀ ਵੈਬਸਾਈਟ 'ਤੇ ਪਾਈ ਜਾਣਕਾਰੀ ਅਨੁਸਾਰ ਇਸ ਪ੍ਰੋਜੈਕਟ ਦਾ ਇਕ ਹਿੱਸਾ ਅਪਰੈਲ 2009 ਵਿਚ ਤੇ ਦੂਜਾ ਮਾਰਚ 2010 ਵਿਚ ਲੋਕਾਂ ਨੂੰ ਸਮਰਪਿਤ ਕਰਨ ਦੀ ਗੱਲ ਕਹੀ ਗਈ ਹੈ ਪਰ ਅੱਜ ਕਰੀਬ ਡੇਢ ਸਾਲ ਤੋਂ ਬਾਅਦ ਵੀ ਇਹ ਪ੍ਰਾਜੈਕਟ ਪੂਰਾ ਨਹੀਂ ਹੋਇਆ। ਸਾਈਟ 'ਤੇ ਇਸ ਅਧੂਰੀ ਜਾਣਕਾਰੀ ਕਾਰਨ ਖ਼ਾਲਸਾ ਵਿਰਾਸਤ ਕੰਪਲੈਕਸ ਦੇਖਣ ਵਾਲੇ ਸੈਲਾਨੀਆਂ ਨੂੰ ਖ਼ਾਲੀ ਹੱਥ ਜਾਣਾ ਪੈਂਦਾ ਹੈ। ਸੈਲਾਨੀਆ ਲਈ ਅਜੇ ਨੌਂ ਐਂਟਰੀ ਦਾ ਬੋਰਡ ਲੱਗਿਆ ਹੋਇਆ ਹੈ।

# ਪੰਥਕ ਆਗੂਆਂ ਵੱਲੋਂ ਬਾਦਲ 'ਤੇ ਦੋਗਲੀ ਨੀਤੀ ਅਪਨਾਉਣ ਦਾ ਦੋਸ਼

**ਚੰਡੀਗੜ੍ਹ:** ਖਾਲਸਾ ਐਕਸ਼ਨ ਕਮੇਟੀ ਦੇ ਕਨਵੀਨਰ ਤੇ ਦਮਦਮੀ ਟਕਸਾਲ ਦੇ ਮੁੱਖ ਬੁਲਾਰੇ ਭਾਈ ਮੋਹਕਮ ਸਿੰਘ, ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਮਨਜੀਤ ਸਿੰਘ ਭੋਮਾ, ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਤੇ ਸਿੱਖ ਫਾਰ ਜਸਟਿਸ ਦੇ ਕੋਆਰਡੀਨੇਟਰ ਕਰਨੈਲ ਸਿੰਘ ਪੀਰ ਮੁਹੰਮਦ, ਖਾਲਸਾ ਐਕਸ਼ਨ ਕਮੇਟੀ ਦੇ ਮੁੱਖ ਆਗੂ ਸਰਬਜੀਤ ਸਿੰਘ ਸੋਹਲ, ਬਲਵਿੰਦਰ ਸਿੰਘ ਖੋਜਕੀਪੁਰ, ਜਗੀਰ ਸਿੰਘ ਵਡਾਲਾ, ਸਤਨਾਮ ਸਿੰਘ ਮਨਾਵਾ, ਸਰਬਜੀਤ ਸਿੰਘ ਜੰਮੂ ਤੇ ਸੋਹਨ ਸਿੰਘ ਬੱਲ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ 'ਤੇ ਪ੍ਰੋ. ਦਵਿੰਦਰ ਪਾਲ ਸਿੰਘ ਭੁੱਲਰ ਦੇ ਮਾਮਲੇ 'ਤੇ ਦੋਗਲੀ ਨੀਤੀ ਅਪਨਾਉਣ ਅਤੇ ਮਗਰਮੱਛ ਦੇ ਹੰਝੂ ਵਹਾਉਣ ਵਾਲੀ ਨੀਤੀ ਅਪਨਾਉਣ ਦੇ ਦੋਸ਼ ਲਾਏ ਹਨ। ਇਨ੍ਹਾਂ ਆਗੂਆਂ ਨੇ ਕਿਹਾ ਕਿ ਸ. ਬਾਦਲ ਇਸ ਮਾਮਲੇ 'ਤੇ ਜੇਕਰ ਵਾਕਿਆ ਹੀ ਸੰਜੀਦਾ ਹਨ ਤਾਂ ਉਨ੍ਹਾਂ ਨੂੰ ਪੰਜਾਬ ਵਿਧਾਨ ਸਭਾ ਵਿਚ ਮਤਾ ਲਿਆਉਣਾ ਚਾਹੀਦਾ ਸੀ। ਉਨ੍ਹਾਂ ਦੋਸ਼ ਲਾਇਆ ਕਿ ਮੁੱਖ ਮੰਤਰੀ ਫੋਕੀ ਸ਼ੋਹਰਤ ਲਈ ਬਿਆਨਬਾਜ਼ੀ ਕਰ ਰਹੇ ਹਨ ਤੇ ਮਤਾ ਪਾਸ ਕਰਨ ਤੋਂ ਭੱਜ ਗਏ।

ਪੰਥਕ ਆਗੂਆਂ ਨੇ ਕਿਹਾ ਕਿ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਜਨਤਕ ਤੌਰ 'ਤੇ ਪ੍ਰੋ. ਭੁੱਲਰ ਦੀ ਫਾਂਸੀ ਦੀ ਸ਼ਜ਼ਾ ਮੁਆਫ਼ ਕਰਨ ਬਾਰੇ ਬਿਆਨ ਦੇ ਚੁੱਕੇ ਹਨ। ਇਸ ਲਈ ਜਦੋਂ ਵਿਰੋਧੀ ਧਿਰ ਸਿੱਖਾਂ ਦੀਆਂ ਭਾਵਨਾਵਾਂ ਨਾਲ ਜੁੜੇ ਇਸ ਮਾਮਲੇ 'ਤੇ ਆਪਣੀ ਸਥਿਤੀ ਸਪੱਸ਼ਟ ਕਰ ਚੁੱਕੀ ਹੈ ਤਾਂ ਸ਼੍ਰੋਮਣੀ ਅਕਾਲੀ ਦਲ ਨੂੰ ਪਿੱਛੇ ਨਹੀਂ ਸੀ ਹਟਣਾ ਚਾਹੀਦਾ। ਉਨ੍ਹਾਂ ਕਿਹਾ ਕਿ ਵਿਰੋਧੀ ਧਿਰ ਦੇ ਆਗੂਆਂ ਦੇ ਬਿਆਨਾਂ ਤੋਂ ਬਾਅਦ ਸ. ਬਾਦਲ ਝੂਠ ਨਹੀਂ ਬੋਲ ਸਕਦੇ ਤੇ ਨਾ ਹੀ ਸਿੱਖ ਕੌਮ ਤੇ ਪੰਜਾਬੀਆਂ ਨੂੰ ਗੁੰਮਰਾਹ ਕਰ ਸਕਦੇ ਹਨ। ਇਨ੍ਹਾਂ ਆਗੂਆਂ ਨੇ ਮੁੱਖ ਮੰਤਰੀ 'ਤੇ ਦੋਗਲੀ ਨੀਤੀ ਖੇਡਣ ਦੇ ਦੋਸ਼ ਲਾਏ। ਉਨ੍ਹਾਂ ਕਿਹਾ ਕਿ ਇਕ ਪਾਸੇ ਤਾਂ ਸਰਕਾਰ ਵੱਲੋਂ ਪ੍ਰੋ. ਭੁੱਲਰ ਨੂੰ ਖ਼ਤਰਨਾਕ ਅਤਿਵਾਦੀ ਗਰਦਾਨ ਕੇ ਪੰਜਾਬ ਦੀ ਕਿਸੇ ਜੇਲ੍ਹ ਵਿਚ ਤਬਦੀਲ ਕਰਨ ਤੋਂ ਇਨਕਾਰ ਕਰ ਦਿੱਤਾ ਗਿਆ ਤੇ ਦੂਜੇ ਪਾਸੇ ਫੋਕੀ ਹਮਦਰਦੀ ਜਤਾਉਣ ਲਈ ਸਿਰਫ਼ ਬਿਆਨਬਾਜ਼ੀ ਕੀਤੀ ਜਾ ਰਹੀ ਹੈ।

ਖਾਲਸਾ ਐਕਸ਼ਨ ਕਮੇਟੀ ਤੇ ਸਿੱਖ ਸਟੂਡੈਂਟਸ ਫੈਡਰੇਸ਼ਨਾਂ ਦੇ ਇਨ੍ਹਾਂ ਆਗੂਆਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ 'ਤੇ ਵੀ ਨਿਸ਼ਾਨਾ ਸੇਧਦਿਆਂ ਕਿਹਾ ਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਨੂੰ ਇਸ ਮੁੱਦੇ 'ਤੇ ਸਾਰੀਆਂ ਪੰਥਕ ਧਿਰਾਂ ਨੂੰ ਨਾਲ ਲੈ ਕੇ ਚਲਣਾ ਚਾਹੀਦਾ ਸੀ। ਉਨ੍ਹਾਂ ਕਿਹਾ ਕਿ ਚੰਡੀਗੜ੍ਹ ਵਿਚ ਪੰਜਾਬ ਦੇ ਰਾਜਪਾਲ ਨੂੰ ਮੈਮੋਰੰਡਮ ਦੇਣ ਦਾ ਸਮਾਂ ਆਇਆ ਤਾਂ ਸ. ਮੱਕੜ ਨੇ ਕਿਸੇ ਵੀ ਹੋਰ ਪੰਥਕ ਆਗੂ ਨੂੰ ਨਾਲ ਨਹੀਂ ਲਿਆ।

## ਰਾਸ਼ਟਰਪਤੀ ਵੱਲੋਂ ਨਕਸਲੀਆਂ ਨੂੰ ਗੱਲਬਾਤ ਲਈ ਸੱਦਾ

**ਰਾਏਪੁਰ:** ਰਾਸ਼ਟਰਪਤੀ ਪ੍ਰਤਿਭਾ ਪਾਟਿਲ ਨੇ ਨਕਸਲੀਆਂ ਨੂੰ ਹਿੰਸਾ ਦਾ ਰਾਹ ਛੱਡ ਕੇ ਗੱਲਬਾਤ ਲਈ ਅੱਗੇ ਆਉਣ ਤੇ ਕਬਾਇਲੀ ਵਸੋਂ ਦੀ ਉਨਤੀ ਲਈ ਸਰਕਾਰ ਨਾਲ ਮਿਲ ਕੇ ਕੰਮ ਕਰਨ ਦਾ ਸੱਦਾ ਦਿੱਤਾ ਹੈ।

ਛੱਤੀਸਗੜ੍ਹ ਦੇ ਦੋ ਰੋਜ਼ਾ ਦੌਰੇ ਦੌਰਾਨ ਪ੍ਰਤਿਭਾ ਪਾਟਿਲ ਨੇ ਵਿਧਾਨ ਸਭਾ ਹਾਲ ਵਿਚ ਵਿਧਾਇਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਨਕਸਲੀਆਂ ਨੂੰ ਹਿੰਸਾ ਦਾ ਰਾਹ ਤਿਆਗਣ ਤੇ ਸਮਾਜ ਦੀ ਮੁੱਖ ਧਾਰਾ ਵਿਚ ਆਉਣ ਦਾ ਸੱਦਾ ਦਿੰਦੀ ਹੈ ਤਾਂ ਜੋ ਉਨ੍ਹਾਂ ਦੇ ਆਪਣੇ ਕਬਾਇਲੀ ਲੋਕਾਂ ਦੀ ਪ੍ਰਗਤੀ ਨੂੰ ਯਕੀਨੀ ਬਣਾਇਆ ਜਾ ਸਕੇ।

ਪਿੱਛੇ ਜਿਹੇ ਹੋਈਆਂ ਨਕਸਲੀ ਹਿੰਸਾ ਦੀਆਂ ਘਟਨਾਵਾਂ ਜਿਨ੍ਹਾਂ ਵਿਚ ਕਈ ਲੋਕ ਮਾਰੇ ਗਏ ਸਨ 'ਤੇ ਦੁੱਖ ਪ੍ਰਗਟ ਕਰਦਿਆਂ ਰਾਸ਼ਟਰਪਤੀ ਨੇ ਕਿਹਾ ਕਿ ਵੱਡੀ ਤੋਂ ਵੱਡੀ ਸਮੱਸਿਆ ਗੱਲਬਾਤ ਰਾਹੀਂ ਹੱਲ ਕੀਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਸ਼ਾਂਤੀ ਦੇਸ਼ ਦੀ ਤਰੱਕੀ ਲਈ ਜ਼ਰੂਰੀ ਹੈ।

# ਰਸੋਈ ਗੈਸ ਸਿਲੰਡਰ 50 ਰੁਪਏ ਮਹਿੰਗਾ

**ਨਵੀਂ ਦਿੱਲੀ:** ਕਈ ਮਹੀਨਿਆਂ ਦੀ ਨਾਂਹ-ਨੁੱਕਰ ਮਗਰੋਂ ਸਰਕਾਰ ਨੇ ਤੇਲ ਕੰਪਨੀਆਂ ਨੂੰ ਪੈ ਰਹੇ ਘਾਟੇ ਦਾ ਵਾਸਤਾ ਦਿੰਦਿਆਂ ਡੀਜ਼ਲ 3 ਰੁਪਏ ਪ੍ਰਤੀ ਲੀਟਰ, ਮਿੱਟੀ ਦਾ ਤੇਲ 2 ਰੁਪਏ ਪ੍ਰਤੀ ਲੀਟਰ ਅਤੇ ਘਰੇਲੂ ਰਸੋਈ ਗੈਸ 50 ਰੁਪਏ ਪ੍ਰਤੀ ਸਿਲੰਡਰ ਮਹਿੰਗੀ ਕਰ ਦਿੱਤੀ ਹੈ। ਇਸ ਵਾਧੇ ਨਾਲ ਤੇਲ ਕੰਪਨੀਆਂ ਦਾ ਘਾਟਾ 21000 ਕਰੋੜ ਰੁਪਏ ਘਟੇਗਾ।

ਵਿੱਤ ਮੰਤਰੀ ਪ੍ਰਣਬ ਮੁਖਰਜੀ ਦੀ ਅਗਵਾਈ ਵਿਚ ਮੰਤਰੀ ਸਮੂਹ ਦੀ ਬੈਠਕ ਵਿਚ ਇਹ ਫੈਸਲਾ ਕੀਤਾ ਗਿਆ। ਬੈਠਕ ਤੋਂ ਬਾਅਦ ਤੇਲ ਤੇ ਕੁਦਰਤੀ ਗੈਸ ਮੰਤਰੀ ਜੈਪਾਲ ਰੈਡੀ ਨੇ ਇਸ ਵਾਧੇ ਨੂੰ ਸਹੀ ਅਤੇ ਘੱਟੋ-ਘੱਟ ਕਿਹਾ ਹੈ। ਉਨ੍ਹਾਂ ਦੱਸਿਆ ਕਿ ਮੀਟਿੰਗ ਵਿਚ ਕੱਚੇ ਤੇਲ ਤੇ ਸਾਰੇ ਪੈਟਰੋਲੀਅਮ ਉਤਪਾਦਾਂ ਉਪਰੋਂ 5 ਫੀਸਦੀ ਕਸਟਮ ਡਿਊਟੀ ਹਟਾ ਲਈ ਗਈ ਹੈ। ਇਸ ਨਾਲ ਸਰਕਾਰ ਨੂੰ ਇਸ ਵਿੱਤੀ ਵਰ੍ਹੇ ਦੌਰਾਨ 26000 ਕਰੋੜ ਰੁਪਏ ਦਾ ਨੁਕਸਾਨ ਹੋਵੇਗਾ। ਤੇਲ ਮੰਤਰੀ ਮੁਤਾਬਕ ਕੌਮਾਂਤਰੀ ਪੱਧਰ ਉਪਰ ਕੱਚੇ ਤੇਲ ਦੀ ਕੀਮਤ 'ਚ ਲਗਾਤਾਰ ਵਾਧੇ ਕਾਰਨ ਤੇਲ ਕੰਪਨੀਆਂ ਦਾ ਘਾਟਾ 1,71,140 ਕਰੋੜ ਰੁਪਏ ਤਕ ਪੁੱਜ ਗਿਆ ਹੈ। ਇਸ ਤਾਜ਼ਾ ਵਾਧੇ 'ਤੇ ਕਰ ਘਟਾਉਣ ਦੇ ਬਾਵਜੂਦ ਇਹ ਘਾਟਾ 1,01,140 ਕਰੋੜ ਰੁਪਏ ਦਾ ਰਹੇਗਾ। ਇਸ ਦੌਰਾਨ ਉੱਘੇ ਅਰਥ ਸ਼ਾਸਤਰੀ ਡੀ.ਕੇ. ਜੋਸ਼ੀ ਨੇ ਦੱਸਿਆ ਕਿ ਇਸ ਵਾਧੇ ਨਾਲ ਮਹਿੰਗਾਈ ਦਰ 9 ਫੀਸਦ ਤੋਂ ਉਪਰ ਰਹੇਗੀ। ਇਸ ਵਾਧੇ ਦਾ ਦੇਸ਼ ਵਿਆਪੀ ਵਿਰੋਧ ਹੋਇਆ ਹੈ। ਵਿਰੋਧੀ ਧਿਰ ਨੇ ਥਾਂ-ਥਾਂ ਧਰਨੇ ਦਿੱਤੇ ਅਤੇ ਵਿਖਾਵੇ ਕੀਤੇ।

# ਕ੍ਰਿਕਟ ਲਈ ਕਰੋੜਾਂ ਪਰ ਅੰਗਹੀਣਾਂ ਲਈ ਫੰਡਾਂ ਦੀ ਘਾਟ

**ਜਨੇਵਾ:** ਭਾਰਤ ਸਰਕਾਰ ਦੇ ਸਮਾਜ ਭਲਾਈ ਬਜਟ 'ਚੋਂ ਦੇਸ਼ ਦੇ ਕਰੋੜਾਂ ਅੰਗਹੀਣ ਲੋਕਾਂ ਦੇ ਹਿੱਸੇ ਬੇਹੱਦ ਮਾਮੂਲੀ ਹਿੱਸਾ ਆਉਂਦਾ ਹੈ ਜਦਕਿ ਇਸ ਦੇ ਮੁਕਾਬਲੇ ਕ੍ਰਿਕਟ ਤੇ ਕਾਰਪੋਰੇਟ ਸੈਕਟਰ 'ਤੇ ਅਰਬਾਂ ਰੁਪਏ ਲੁਟਾਏ ਜਾਂਦੇ ਹਨ। ਇਹ ਅੰਗਹੀਣ ਸਮਾਜ ਦੇ ਸਭ ਤੋਂ ਵੱਧ ਗਰੀਬ ਤਬਕਿਆਂ 'ਚ ਆਉਂਦੇ ਹਨ।

ਸੰਸਾਰ ਸਿਹਤ ਅਦਾਰੇ ਅਤੇ ਸੰਸਾਰ ਬੈਂਕ ਵੱਲੋਂ ਸਾਂਝੇ ਤੌਰ 'ਤੇ ਜਾਰੀ ਨਵੀਂ ਰਿਪੋਰਟ ਵਿਚ ਕਿਹਾ ਗਿਆ ਕਿ ਭਾਰਤ 'ਚ 2005-06 ਵਿਚ ਅੰਗਹੀਣ ਲੋਕਾਂ ਦੀ ਭਲਾਈ 'ਤੇ ਕੀਤਾ ਖਰਚ ਸਮਾਜਕ ਨਿਆਂ ਤੇ ਭਲਾਈ ਮੰਤਰਾਲੇ ਦੇ ਕੁੱਲ ਖਰਚ ਦਾ 0.05 ਫੀਸਦੀ ਬਣਦਾ ਸੀ। ਇਸ ਤਹਿਤ ਕੌਮੀ ਅਪੰਗਤਾ ਸੰਸਥਾਵਾਂ ਤੇ ਸੇਵਾਵਾਂ ਤੇ ਇਮਦਾਦ ਮੁਹੱਈਆ ਕਰਾਉਣ ਵਾਲੀਆਂ ਗੈਰ-ਸਰਕਾਰੀ ਸੰਸਥਾਵਾਂ ਲਈ ਮਦਦ 'ਤੇ ਮੁੱਖ ਜ਼ੋਰ ਦਿੱਤਾ ਜਾਂਦਾ ਹੈ। 'ਆਲਮੀ ਅਪੰਗਤਾ' ਨਾਮੀ ਇਸ ਰਿਪੋਰਟ ਵਿਚ ਕਿਹਾ ਗਿਆ ਕਿ"ਮਦਦ ਲਈ ਢੁਕਵੇਂ ਵਿੱਤ ਜਾਂ ਦੇਸ਼ ਅੰਦਰ ਵੰਡ ਦੀ ਘਾਟ ਟਿਕਾਊ ਸੇਵਾਵਾਂ ਦੇ ਰਾਹ ਵਿਚ ਇਕ ਮੁੱਖ ਅੜਿੱਕਾ ਹੈ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ ਭਾਰਤ 'ਚ ਜਿਥੇ ਕ੍ਰਿਕਟ ਤੇ ਕਾਰਪੋਰੇਟ ਸੈਕਟਰ 'ਤੇ ਅਰਬਾਂ ਰੁਪਏ ਲੁਟਾਏ ਜਾਂਦੇ ਹਨ, ਵਿਚ ਅਪੰਗ ਲੋਕਾਂ ਦੀ ਚੋਖੀ ਤਾਦਾਦ ਹੈ ਜਿਨ੍ਹਾਂ ਦੀ ਮਦਦ ਲਈ ਢੁਕਵੇਂ ਨਿਵੇਸ਼ ਦੀ ਲੋੜ ਹੈ। ਰਿਪੋਰਟ ਅਨੁਸਾਰ ਦੁਨੀਆਂ ਭਰ ਵਿਚ ਇਕ ਅਰਬ ਤੋਂ ਵੱਧ ਲੋਕੀਂ ਅੰਗਹੀਣਤਾ ਦਾ ਸ਼ਿਕਾਰ ਹਨ ਤੇ ਸਰਕਾਰਾਂ ਨੂੰ ਇਨ੍ਹਾਂ ਦੀ ਮਦਦ ਦੀ ਲੋੜ ਹੈ ਤਾਂ ਕਿ ਇਨ੍ਹਾਂ ਲਈ ਮੁੱਖ ਧਾਰਾ ਦੀਆਂ ਸੇਵਾਵਾਂ ਤੇ ਉਨ੍ਹਾਂ ਦੀਆਂ ਅਸੀਮ ਸੰਭਾਵਨਾਵਾਂ ਦੇ ਰਾਹ ਖੋਲ੍ਹੇ ਜਾ ਸਕਣ। ਅਪੰਗਤਾ ਦਾ ਸ਼ਿਕਾਰ ਵਿਅਕਤੀਆਂ ਨੂੰ ਆਪਣੇ ਨਿੱਤ ਦੇ ਜੀਵਨ ਵਿਚ ਨਾਕਾਫ਼ੀ ਨੀਤੀਆਂ ਤੇ ਮਿਆਰਾਂ, ਨਾਂਹਮੁਖੀ ਵਤੀਰੇ, ਸੇਵਾਵਾਂ ਦੀ ਘਾਟ ਤੇ ਫੰਡਾਂ ਦੀ ਘਾਟ ਜਿਹੀਆਂ ਸਮੱਸਿਆਵਾਂ ਨਾਲ ਜੂਝਣਾ ਪੈਂਦਾ ਹੈ।

## ਸੋਮਾਲੀ ਡਾਕੂਆਂ ਕੋਲੋਂ ਰਿਹਾਅ ਛੇ ਭਾਰਤੀ ਕਾਮੇ ਦਿੱਲੀ ਪੁੱਜੇ

ਨਵੀਂ ਦਿੱਲੀ: ਸੋਮਾਲੀ ਸਮੁੰਦਰੀ ਲੁਟੇਰਿਆਂ ਤੋਂ ਰਿਹਾਅ ਕਰਾਏ ਗਏ ਜਹਾਜ਼ੀ ਕਾਮਿਆਂ ਵਿਚੋਂ ਛੇ ਭਾਰਤੀ ਕਾਮੇ ਭਾਰਤ ਪੁੱਜ ਗਏ। 10 ਮਹੀਨਿਆਂ ਦੀ ਕੈਦ ਮਗਰੋਂ ਰਿਹਾਅ ਹੋਏ ਇਨ੍ਹਾਂ ਕਾਮਿਆਂ ਦੇ ਪਰਿਵਾਰ ਪਹਿਲਾਂ ਹੀ ਉਨ੍ਹਾਂ ਨੂੰ ਲੈਣ ਲਈ ਦਿੱਲੀ ਹਵਾਈ ਅੱਡੇ ਉਤੇ ਪੁੱਜੇ ਹੋਏ ਸਨ। ਜਿਉਂ ਹੀ ਇਹ ਕਾਮੇ ਹਵਾਈ ਅੱਡੇ 'ਚੋਂ ਬਾਹਰ ਨਿਕਲ ਕੇ ਆਪਣੇ ਘਰਦਿਆਂ ਦੇ ਰੂ-ਬ-ਰੂ ਹੋਏ ਤਾਂ ਦੋਵੇਂ ਪਾਸੀਂ ਹੰਝੂਆਂ ਦਾ ਸੈਲਾਬ ਵਹਿ ਤੁਰਿਆ।

ਇਹ ਕਾਮੇ ਸੋਮਾਲੀ ਸਮੁੰਦਰੀ ਲੁਟੇਰਿਆਂ ਵੱਲੋਂ ਅਗਵਾ ਕੀਤੇ ਐਮ.ਵੀ. ਸੁਏਜ਼ ਜਹਾਜ਼ 'ਤੇ ਤਾਇਨਾਤ ਸਨ। ਰਿਹਾਅ ਹੋ ਕੇ ਆਏ ਭਾਰਤੀ ਕਾਮਿਆਂ ਦਾ ਕਹਿਣਾ ਸੀ ਕਿ ਸਮੁੰਦਰੀ ਲੁਟੇਰੇ ਨਸ਼ੇ 'ਚ ਟੁੰਨ ਹੋ ਕੇ ਉਨ੍ਹਾਂ ਨੂੰ ਬਹੁਤ ਤੰਗ ਪ੍ਰੇਸ਼ਾਨ ਕਰਦੇ ਸਨ, ਤੇ ਉਨ੍ਹਾਂ ਨੇ ਤਾਂ ਆਪਣੇ ਪਰਿਵਾਰਾਂ ਨਾਲ ਮੇਲ ਹੋਣ ਦੀ ਆਸ ਹੀ ਲਾਹ ਦਿੱਤੀ ਸੀ। ਐਮ.ਵੀ. ਸੁਏਜ਼ ਜਹਾਜ਼ ਵਿਚ ਚਾਰ ਪਾਕਿਸਤਾਨੀ, ਸ੍ਰੀਲੰਕਾ ਦਾ ਇਕ ਅਤੇ ਮਿਸਰ ਦੇ ਗਿਆਰਾਂ ਨਾਗਰਿਕ ਸਵਾਰ ਸਨ। ਸਮੁੰਦਰੀ ਲੁਟੇਰਿਆਂ ਨੂੰ 20 ਲੱਖ ਡਾਲਰ ਤੋਂ ਵੱਧ ਰਕਮ ਫਿਰੌਤੀ ਵਜੋਂ ਦਿੱਤੀ ਗਈ ਸੀ।

ਸ਼ਿਮਲਾ: ਹਿਮਾਚਲ ਪ੍ਰਦੇਸ਼ ਨਾਲ ਸਬੰਧਤ ਜਹਾਜ਼ੀ ਕਾਮੇ ਪ੍ਰਸ਼ਾਂਤ ਚੌਹਾਨ ਦਾ ਪਰਿਵਾਰ ਭਾਵੇਂ ਉਹਦੀ ਰਿਹਾਈ ਤੋਂ ਖੁਸ਼ ਹੈ ਪਰ ਉਹ ਭਾਰਤ ਸਰਕਾਰ ਦੇ ਵਤੀਰੇ ਤੋਂ ਬੇਹੱਦ ਖਫ਼ਾ ਹੈ। ਕਾਮੇ ਪ੍ਰਸ਼ਾਂਤ ਚੌਹਾਨ ਦੇ ਪਿਤਾ ਅਮਰ ਸਿੰਘ ਚੌਹਾਨ ਨੇ ਦੱਸਿਆ ਕਿ ਕਾਮਿਆਂ ਦੀ ਪਹੁੰਚ ਸਬੰਧੀ ਭਾਰਤ ਸਰਕਾਰ ਵੱਲੋਂ ਕਿਸੇ ਨੇ ਉਨ੍ਹਾਂ ਨਾਲ ਸੰਪਰਕ ਨਹੀਂ ਕੀਤਾ। ਹੋਰ ਤਾਂ ਹੋਰ ਦਿੱਲੀ 'ਚ ਵੀ ਉਨ੍ਹਾਂ ਨੂੰ ਕਿਸੇ ਨੇ ਲੜ ਪੱਲਾ ਨਹੀਂ ਫੜਾਇਆ।

## ਅਮਰੀਕੀ ਮੁਸਲਿਮ ਔਰਤ ਵੱਲੋਂ ਪਹਿਰਾਵੇ ਸਬੰਧੀ ਕੰਪਨੀ 'ਤੇ ਕੇਸ

**ਕੈਲੀਫੋਰਨੀਆ:** ਅਮਰੀਕੀ ਮੁਸਲਿਮ ਔਰਤ ਹਨੀ ਖਾਨ ਵੱਲੋਂ 'ਅਬੇਰਕਰੌਂਬੀ ਐਂਡ ਫਿਚ' ਕੰਪਨੀ 'ਤੇ ਮੁਕੱਦਮਾ ਦਰਜ ਕਰਵਾਇਆ ਗਿਆ ਹੈ। ਕੰਪਨੀ ਵੱਲੋਂ ਉਸ ਨੂੰ ਹਿਜਾਬ (ਸਕਾਰਫ) ਬੰਨ੍ਹਣ ਕਾਰਨ ਨੌਕਰੀ ਤੋਂ ਕੱਢ ਦਿੱਤਾ ਗਿਆ ਸੀ।

ਹਨੀ ਖਾਨ ਨੇ ਦੱਸਿਆ ਕਿ ਸਟੋਰ ਮੈਨੇਜਰ ਨੇ ਉਸ ਨੂੰ ਹਿਜਾਬ ਉਤਾਰਨ ਲਈ ਕਿਹਾ ਸੀ। 'ਕੌਂਸਲ ਆਫ ਅਮਰੀਕਾ ਇਸਾਲਾਮਿਕ ਰਿਲੇਸ਼ਨ' ਮੁਤਾਬਕ ਹਨੀ ਖਾਨ ਨੂੰ ਫਰਵਰੀ 2010 ਵਿਚ ਨੌਕਰੀ ਤੋਂ ਕੱਢ ਦਿੱਤਾ ਗਿਆ ਸੀ ਜਿਥੇ ਉਹ ਚਾਰ ਮਹੀਨੇ ਤੋਂ ਕੰਮ ਕਰ ਰਹੀ ਸੀ। ਨੌਕਰੀ ਤੋਂ ਕੱਢੇ ਜਾਣ ਤੋਂ ਬਾਅਦ ਖਾਨ ਨੇ ਸ਼ਿਕਾਇਤ ਦਰਜ ਕਰਵਾਈ ਸੀ।



**Akal Immigration**


In Association with

Max Berger Law Corporation



Canadian Immigration





**Max Berger B.F.A. LL.B.**
*Immigration Lawyer since 1983*

***Narinder Paul Singh B.Sc.***
*(Kashmir University -1971)*

**ਤੁਹਾਡੇ ਰਿਸ਼ਤੇਦਾਰ/ਦੋਸਤ ਨੂੰ ਇਕ ਸਾਲ ਦੇ ਅੰਦਰ ਕੈਨੇਡਾ ਦੀ ਇਮੀਗਰੇਸ਼ਨ ਮਿਲ ਸਕਦੀ ਹੈ**

WE SPECIALIZE IN:
⇒ Investor, Business, Self Employed, Skilled Worker
⇒ Family Class, Spousal, Parents, Grand-Parents
⇒ Student, Visitor Visas, Refugee Cases in Toronto, Montreal
⇒ Family, Federal Court Appeals & ADRs
⇒ Temporary Work Permits for Cooks, Chefs for Banquet Halls etc.

**ਫੋਨ:(905) 795-1516**

**Need Agents in the USA**

*Nanak Plaza 1380- Cardiff Blvd. #: 2 Mississauga (On.) L5S1P9 Canada*
*E-mail: info@akalimmigration.com Website: www.akalimmigration.com*

# ਨਿਊਜ਼ੀਲੈਂਡ ਵੱਲੋਂ ਭਾਰਤ ਨਾਲ ਮੁਕਤ ਵਪਾਰਕ ਸੰਧੀ ਲਈ ਸਹਿਮਤੀ

**ਨਵੀਂ ਦਿੱਲੀ:** ਭਾਰਤ ਵਿਚ ਵਪਾਰ ਦੀਆਂ ਭਾਰੀ ਸੰਭਾਵਨਾਵਾਂ ਨੂੰ ਦੇਖਦੇ ਹੋਏ ਨਿਊਜ਼ੀਲੈਂਡ ਨੇ ਕਿਹਾ ਹੈ ਕਿ 2012 ਤੱਕ ਉਹ ਭਾਰਤ ਨਾਲ ਮੁਕਤ ਵਪਾਰਕ ਸੰਧੀ ਕਰ ਲਵੇਗਾ ਜਿਸ ਨਾਲ ਦੋਵਾਂ ਦੇਸ਼ਾਂ ਦੇ ਵਪਾਰ ਵਿਚ ਬਹੁਤ ਉਛਾਲ ਆਵੇਗਾ। ਭਾਰਤ ਦੇ ਦੌਰੇ 'ਤੇ ਆਏ ਹੋਏ ਨਿਊਜ਼ੀਲੈਂਡ ਦੇ ਪ੍ਰਧਾਨ ਮੰਤਰੀ ਜੌਹਨ ਕੀ ਨੇ ਕਿਹਾ ਕਿ ਵਪਾਰੀਆਂ ਲਈ ਇਕ ਦੂਜੇ ਦੇ ਦੇਸ਼ ਵਿਚ ਨਿਵੇਸ਼ ਕਰਨ ਦੀਆਂ ਬਹੁਤ ਸੰਭਾਵਨਾਵਾਂ ਹਨ।

ਜੌਹਨ ਕੀ ਨੇ ਵਪਾਰੀਆਂ ਨਾਲ ਮੀਟਿੰਗ ਦੌਰਾਨ ਕਿਹਾ ਕਿ ਸਾਡੀਆਂ ਸਾਂਝਾਂ ਵਧ ਰਹੀਆਂ ਹਨ ਤੇ ਇਸ ਕਰਕੇ ਅਸੀਂ ਮੁਕਤ ਵਪਾਰ ਸੰਧੀ ਕਰਨ ਲਈ ਉਤਸੁਕ ਹਾਂ ਤੇ ਉਮੀਦ ਹੈ ਕਿ ਇਹ 2012 ਤੱਕ ਹੋ ਜਾਵੇਗੀ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਲੋਕਾਂ ਨੂੰ ਲੋਕਾਂ ਨਾਲ ਸੰਪਰਕ ਬਣਾਉਣ ਦੀ ਜ਼ਰੂਰਤ ਹੈ ਤੇ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਪੜ੍ਹਾਈ ਲਈ ਨਿਊਜ਼ੀਲੈਂਡ ਆਉਣ ਦਾ ਸੱਦਾ ਦਿੱਤਾ। ਕੀ ਆਪਣੇ ਭਾਰਤ ਦੇ ਪਹਿਲੇ ਦੌਰੇ 'ਤੇ ਵਪਾਰੀਆਂ ਦੇ ਇਕ ਵੱਡੇ ਦਲ ਦੀ ਅਗਵਾਈ ਕਰ ਰਹੇ ਹਨ। ਇਸ ਮੌਕੇ ਭਾਰਤ ਦੇ ਵਪਾਰ ਤੇ ਉਦਯੋਗ ਮੰਤਰੀ ਅਨੰਦ ਸ਼ਰਮਾ ਨੇ ਨਿਵੇਸ਼ਕਾਂ ਨੂੰ ਆਈ.ਟੀ. ਬੁਨਿਆਦੀ ਢਾਂਚੇ ਤੇ ਅਨਰਜ਼ੀ ਦੇ ਖੇਤਰ ਵਿਚ ਨਿਵੇਸ਼ ਕਰਨ ਲਈ ਕਿਹਾ। ਨਿਊਜ਼ੀਲੈਂਡ ਵਿਚ ਡੇਅਰੀ ਉਦਯੋਗ ਵਿਚ ਵਰਤੀ ਜਾਣ ਵਾਲੀ ਸਟੇਟ ਆਫ ਆਰਟ ਤਕਨੀਕ ਦੀ ਸ਼ਲਾਘਾ ਕਰਦਿਆਂ ਸ਼ਰਮਾ ਨੇ ਇਹ ਤਕਨੀਕ ਭਾਰਤ ਵਿਚ ਲਿਆਉਣ ਲਈ ਕਿਹਾ। 2010-2011 ਵਿਚ ਭਾਰਤ ਨੇ ਨਿਊਜ਼ੀਲੈਂਡ ਵਿਚ 191.39 ਮਿਲੀਅਨ ਅਮਰੀਕੀ ਡਾਲਰ ਦਾ ਨਿਰਯਾਤ ਕੀਤਾ ਜਦੋਂਕਿ 621.55 ਮਿਲੀਅਨ ਅਮਰੀਕੀ ਡਾਲਰ ਦਾ ਆਯਾਤ ਕੀਤਾ।

## ਆਸਟਰੇਲੀਆ ਕਰੇਗਾ ਭਾਰਤ ਨੂੰ ਯੂਰੇਨੀਅਮ ਸਪਲਾਈ

**ਮੈਲਬਰਨ (ਬਿਊਰੋ):** ਆਸਟਰੇਲੀਆ ਵੱਲੋਂ ਇਸ ਸਾਲ ਦੇ ਅਖੀਰ ਤੱਕ ਭਾਰਤ ਨੂੰ ਗੈਰ ਫੌਜੀ ਪਰਮਾਣੂ ਜ਼ਰੂਰਤਾਂ ਲਈ ਯੂਰੇਨੀਅਮ ਦੀ ਬਰਾਮਦ ਸ਼ੁਰੂ ਕੀਤੀ ਜਾ ਸਕਦੀ ਹੈ। ਅਜਿਹਾ ਹੋਣ ਨਾਲ ਦੋਵਾਂ ਮੁਲਕਾਂ ਵਿਚਾਲੇ ਦੁਵੱਲੇ ਸਬੰਧਾਂ ਵਿਚ ਨਵਾਂ ਮੋੜ ਆਵੇਗਾ।

ਜ਼ਿਕਰਯੋਗ ਹੈ ਕਿ ਪਰਮਾਣੂ ਅਪਸਾਰ ਸੰਧੀ 'ਤੇ ਦਸਤਖ਼ਤ ਨਾ ਕਰਨ ਕਰਕੇ ਆਸਟਰੇਲੀਆ ਨੇ ਭਾਰਤ ਨੂੰ ਯੂਰੇਨੀਅਮ ਦੀ ਬਰਾਮਦ 'ਤੇ ਪਾਬੰਦੀ ਲਾਈ ਹੋਈ ਹੈ।

## Matrimonials

### ਜੀਵਨ ਸਾਥੀ ਦੀ ਲੋੜ

Looking for a widow/ divorcee independent professional lady in 60s to share walk & talk, views & cruises with retired US citizen physician, 78, wife died five years ago. No responsibilities. Call:315-383-2008

Indian Attorney in 60s, Height 5'-6", slim body, is looking for a sincere, educated, God fearing, companion, caste no bar,serious inquiries only. email: Ph - 323-573-9315, Email: singhb1@yahoo.com

ਇੰਡੀਆ ਰਹਿੰਦੇ ਖੂਬਸੂਰਤ 25 ਸਾਲਾ, 5'-11" ਗੁਰਸਿੱਖ ਢਿਲੋਂ ਜੱਟ ਲੜਕੇ ਲਈ ਅਮਰੀਕੀ ਜਾਂ ਕੈਨੇਡੀਅਨ ਸਿਟੀਜ਼ਨ ਲੜਕੀ ਦੀ ਲੋੜ ਹੈ। ਸੰਪਰਕ ਕਰੋ: 847-454-4062

US/Canadian citizen girl sought for Canadian citizen Kamboj Sikh cleanshave boy 27, 5' 7", Chem. engg., working with SNC Lavalin. No bars. Pl. contact: e-mail at: ravhanda@hotmail.com

*To Advertise with Punjab Times*
**Call: 847-359-0746**
*web:wwwpunjabtimesusa.com*


**SUPER TRAVEL**
847-676-9090, 773-465-5566
*E-mail: supertravel2003@yahoo.com*
*Lowest Fares With Excellent Service*
AMERICAN AIR, CONTINENTAL AIR

JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250



# ਰੇਡੀਓ ਚੜ੍ਹਦੀ ਕਲਾ ਸੁਣੋ

RADIO CHARDI KALA

ਹੁਣ ਦੁਨੀਆਂ ਭਰ ਵਿਚ
www.radiock.com 'ਤੇ

ਬੇਏਰੀਆ ਅਤੇ ਯੂਬਾ ਸਿਟੀ
ਹਫਤੇ ਦੇ ਸੱਤੇ ਦਿਨ, 24 ਘੰਟੇ

ਧਾਰਮਿਕ, ਸਭਿਆਚਾਰਕ ਪ੍ਰੋਗਰਾਮ, ਤਾਜ਼ਾ ਖਬਰਾਂ, ਟਾਕ ਸ਼ੋਅ, ਗੁਰਦੁਆਰਾ ਸੈਨ ਹੋਜ਼ੇ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਣ
ਹੁਣ $40 ਵਾਲਾ ਵੱਡਾ ਰੇਡੀਓ ਸਿਰਫ $30 ਵਿਚ ਖਰੀਦੋ
ਬਹੁਤ ਹੀ ਵਧੀਆ ਕੁਆਲਿਟੀ

> Royal Bazar, San Jose
> Preet Fabric, Fremont
> Sidhartha International, Fremont
> Roshni, Union City
> Kash Fabrics, Hayward
> Maya Fashion, Newark
> LA Merchandise, Yuba City

DESI WORLD RADIO

ਰੇਡੀਓ ਚੜ੍ਹਦੀ ਕਲਾ ਚੈਨਲ 1 'ਤੇ ਸੁਣੋ

ਹੋਰ ਜਾਣਕਾਰੀ ਲਈ ਕਾਲ ਕਰੋ
ਗੁਰਚਰਨ ਸਿੰਘ ਮਾਨ ਫੋਨ 510-557-0061
ਲਖਬੀਰ ਸਿੰਘ ਫੋਨ 510-760-9882
ਹੋਰ ਜਾਣਕਾਰੀ ਲਈ ਸਾਡੀ ਵੈਬਸਾਈਟ 'ਤੇ ਜਾਓ www.radiock.com
**Radio CK, PO Box 296, Fremont, CA 94537**






**Business Opportunity**
International Company looking for serious people to work from home-part time or full time. Great earning potential, full training and support provided. To attend training in your area.
For more info. call:
**Sukhpreet Kaur Indiana**
**Ph:317-884-3557**
*spkaurus@yahoo.co.in*
*www.shopherbalife.com/skaur*



**MRP TRAVEL**
*Lowest International and Domestic Fares*
ARC FLY ANY AIRLINE OF YOUR CHOICE IATA
*Providing the lowest Air-fare, Cruise and Travel Packages to Asia, Africa, Europe, the Middle East and North America*
**408-929-8005**
E-mail:mrptravel@gmail.com
2123 Port Way, San Jose, CA 95133
*CST: 2097308-40*

Asiana Airlines Emirates SINGAPORE AIRLINES CATHAY PACIFIC KOREAN AIR Lufthansa CHINA AIRLINES
**We Also Offer Notary Service**



**Desi Cuts and Color Plus**
For Men, Women & Children

Grand Opening
Ph:510-429-0786

Mandeep 510-200-4415
Tony (510) 825-0820
Monday to Friday 9:00-7:30 (Tuesday Closed)
Saturday 9:00-7:00, Sunday 10:00-6:00

ਜਿੰਦਗੀ ਵਿਚ ਕਾਮਯਾਬੀ ਲਈ ਸਮਾਰਟ ਹੋਣਾ ਹੀ ਜਰੂਰੀ ਨਹੀਂ ਬਲਕਿ ਵਧੀਆ ਦਿਖਣਾ ਵੀ ਜਰੂਰੀ ਹੈ। ਵਧੀਆ ਹੇਅਰ ਕਟਿੰਗ ਤੇ ਆਪਣੀ ਦੱਖ ਹੋਰ ਸੋਹਣੀ ਬਣਾਉਣ ਲਈ ਅਜ ਹੀ ਮਿਲੋ ਮਿਸਟਰ ਟੋਨੀ ਨੂੰ, ਜੋ ਕਿ ਇੰਡੀਆ, ਇੰਗਲੈਂਡ ਯੂ ਕੇ, ਅਮਰੀਕਾ ਕੁਆਲੀਫਾਈਡ ਬਾਰਬਰ ਨੇ।

Hair cut
Beard Perm
Hair styler
Color
Facial, Threading and Waxing (Special Lady)

34685 Alvarado Niles Rd., Union City, CA 94587 *( Behind Tacobell )*



FARMERS INSURANCE GROUP Symbol of Superior Service
**FARMERS**
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
***Auto *Home *Life *Umbrella**
***Business Work Comp.**
**Duabba Insurance Agency**
2450 Peralta Blvd Suite 120, Fremont CA 94536
**Phone: 510-797-7989 Fax: 510-794-7398**
visit us@ farmers.com

Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

# ਅੰਮ੍ਰਿਤਾ ਪ੍ਰੀਤਮ ਦਾ ਹੌਜ਼ ਖਾਸ ਵਾਲਾ ਘਰ ਵਿਕਿਆ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਪੰਜਾਬੀ ਦੀ ਸਿਰਮੌਰ ਲੇਖਕਾ ਅੰਮ੍ਰਿਤਾ ਪ੍ਰੀਤਮ ਦੇ ਹੌਜ਼ ਖਾਸ ਸਥਿਤ ਘਰ ਕੇ-25 ਨੂੰ ਉਸ ਦੀ ਅਗਲੀ ਪੀੜ੍ਹੀ ਨੇ ਵੇਚ ਦਿੱਤਾ ਹੈ। ਭਾਵੇਂ ਇਹ ਅੰਮ੍ਰਿਤਾ ਪ੍ਰੀਤਮ ਦੇ ਪਰਿਵਾਰ ਦਾ ਨਿੱਜੀ ਮਾਮਲਾ ਹੈ ਪਰ ਫਿਰ ਵੀ ਪੰਜਾਬੀ ਸਾਹਿਤ ਨਾਲ ਜੁੜੇ ਲੋਕਾਂ ਨੂੰ ਅੰਮ੍ਰਿਤਾ ਦਾ ਘਰ ਵੇਚੇ ਜਾਣ ਦਾ ਸ਼ਿਕਵਾ ਹੈ। ਇਨ੍ਹਾਂ ਲੋਕਾਂ ਦਾ ਕਹਿਣਾ ਹੈ ਕਿ ਅੰਮ੍ਰਿਤਾ ਤੇ ਇਮਰੋਜ਼ ਸਮੇਤ ਹੋਰ ਸਾਹਿਤਕ, ਕਲਾ ਹਸਤੀਆਂ ਦੀਆਂ ਸਰਗਰਮੀਆਂ ਦਾ ਕੇਂਦਰ ਰਹੇ ਇਸ ਘਰ ਨੂੰ ਸਾਂਝੇ ਉੱਦਮ ਨਾਲ ਉਵੇਂ ਹੀ ਸਾਂਭਿਆ ਜਾਣਾ ਚਾਹੀਦਾ ਸੀ ਜਿਵੇਂ ਹੋਰ ਭਾਸ਼ਾਵਾਂ ਦੇ ਨਾਮੀਂ ਲੇਖਕਾਂ ਦੀਆਂ ਰਿਹਾਇਸ਼ਾਂ ਨੂੰ ਉਨ੍ਹਾਂ ਦੀ ਫੌਤ ਤੋਂ ਬਾਅਦ ਯਾਦਗਾਰ ਵਜੋਂ ਰੱਖਿਆ ਗਿਆ ਹੈ।

ਅੰਮ੍ਰਿਤਾ ਪ੍ਰੀਤਮ ਦੇ ਕਰੀਬੀ ਅਮੀਆ ਕੰਵਰ ਨੇ ਕਿਹਾ ਕਿ ਕਦੇ ਸਾਹਿਤਕ ਸਰਗਰਮੀਆਂ ਦਾ ਦਿੱਲੀ ਵਿਚ ਗੜ੍ਹ ਰਹੇ ਇਸ ਮਕਾਨ ਨੂੰ ਸਾਂਝੇ ਯਤਨਾਂ ਨਾਲ ਪਰਿਵਾਰ ਨੂੰ ਵਾਜਬ ਭਾਅ ਦੇ ਕੇ ਖਰੀਦ ਲਿਆ ਜਾਣਾ ਚਾਹੀਦਾ ਸੀ ਤਾਂ ਜੋ ਉਸ ਤਰ੍ਹਾਂ ਦੀ ਯਾਦਗਾਰ ਬਣਾਈ ਜਾਂਦੀ ਜਿਵੇਂ ਟੈਗੋਰ ਆਦਿ ਹੋਰ ਲੇਖਕਾਂ ਦੇ ਘਰਾਂ ਤੇ ਨਿਸ਼ਾਨੀਆਂ ਨੂੰ ਕਦਰ ਦਿੱਤੀ ਗਈ ਹੈ। ਅਮੀਆ ਕੰਵਰ ਨੇ ਅੰਮ੍ਰਿਤਾ ਪ੍ਰੀਤਮ ਦੇ ਪਰਿਵਾਰ ਦੀਆਂ ਆਰਥਿਕ ਲੋੜਾਂ ਦਾ ਖਿਆਲ ਕਰਨ 'ਤੇ ਵੀ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਪਰਿਵਾਰ ਵੱਲੋਂ ਆਰਥਿਕ ਲੋੜਾਂ ਕਰਕੇ ਹੀ ਮਕਾਨ ਵੇਚਿਆ ਗਿਆ ਤੇ ਏਨੇ ਵੱਡੇ ਘਰ ਦੀ ਸਾਂਭ-ਸੰਭਾਲ ਵੀ ਮਹਿੰਗਾ ਕਾਰਜ ਹੈ। ਅਮੀਆ ਕੰਵਰ ਮੁਤਾਬਕ ਅੰਮ੍ਰਿਤਾ ਦੇ ਪਰਿਵਾਰ ਨੇ ਇਮਰੋਜ਼ ਲਈ ਵੀ ਪ੍ਰਬੰਧ ਕੀਤੇ ਹਨ।

ਅਸਲ 'ਚ 25 ਹੌਜ਼ ਖਾਸ, ਦਿੱਲੀ।ਇਹ ਮਹਿਜ ਇਕ ਘਰ ਦਾ ਸਿਰਨਾਵਾਂ ਨਹੀਂ ਸੀ। ਇਕ ਕਲਮ ਲਿਖਦੀ ਸੀ ਤੇ ਇਕ ਕਲਮ ਵਾਹੁੰਦੀ ਸੀ ਤੇ ਇਹ ਦੋਹਾਂ ਕਲਮਾਂ ਦਾ ਸਾਂਝਾ ਸਿਰਨਾਵਾਂ ਸੀ। ਇਹ ਪੰਜਾਬੀ ਦੀ ਵਿਸ਼ਵ ਪ੍ਰਸਿੱਧ, ਗਿਆਨਪੀਠ ਐਵਾਰਡ ਪ੍ਰਾਪਤ ਲੇਖਕਾ ਅੰਮ੍ਰਿਤਾ ਪੀਤਮ ਤੇ ਉਸ ਦੇ ਹਮਸਫ਼ਰ ਕਲਾਕਾਰ ਇਮਰੋਜ਼ ਦਾ ਸਾਂਝਾ ਸਿਰਨਾਵਾਂ।ਹੀ ਨਹੀਂ ਸਗੋਂ ਇਹ ਦੋਹਾਂ ਦਾ ਨਹੀਂ ਤਿੰਨਾਂ ਦਾ ਸਾਂਝਾ ਸਿਰਨਾਵਾਂ ਸੀ ਕਿਉਂਕਿ ਇਸ ਘਰ ਦੇ ਬਾਹਰ ਜਿਥੇ ਅੰਮ੍ਰਿਤਾ-ਇਮਰੋਜ਼ ਦੀ ਤਖ਼ਤੀ ਲੱਗੀ ਸੀ, ਉਥੇ 'ਨਾਗਮਣੀ' ਦਾ ਨਾਮ ਵੀ ਸੀ। ਅੰਮ੍ਰਿਤਾ ਚਾਹੁੰਦੀ ਸੀ ਕਿ ਇਸ ਘਰ ਵਿਚਲਾ ਉਸ ਦਾ ਕਮਰਾ ਇਕ 'ਮਿਊਜ਼ੀਅਮ' ਹੋਵੇ ਪਰ ਅੰਮ੍ਰਿਤਾ ਦੇ ਘਰ ਦੀ ਹੋਂਦ ਮਿਟ ਗਈ ਹੈ। ਦੇਸ਼ ਦੀ ਰਾਜਧਾਨੀ ਦਿੱਲੀ ਵਿਚ ਦਹਾਕਿਆਂ ਤਕ ਪੰਜਾਬੀ ਲੇਖਕਾਂ ਤੇ ਸਾਹਿਤ ਰਸੀਆਂ ਦਾ ਮੱਕਾ ਰਿਹਾ ਇਹ ਘਰ ਹੁਣ ਵਿਕ ਗਿਆ ਹੈ।

ਅੰਮ੍ਰਿਤਾ ਤਾਂ ਸਰੀਰ ਰੂਪ ਵਿਚ ਇਥੋਂ ਛੇ ਸਾਲ ਪਹਿਲਾਂ ਹੀ ਵਿਦਾ ਹੋ ਗਈ ਸੀ ਪਰ ਹੁਣ ਇਥੇ ਇਮਰੋਜ਼ ਵੀ ਨਹੀਂ ਹੈ। ਅੰਮ੍ਰਿਤਾ ਦਾ ਬੇਟਾ ਤੇ ਪਰਵਾਰ ਵੀ ਨਹੀਂ। ਇਹ ਘਰ ਇਕ ਬਿਲਡਰ ਨੂੰ ਵੇਚ ਦਿਤਾ ਗਿਆ ਹੈ ਜਿਹੜਾ ਇਸ 'ਤੇ ਇਕ ਬਹੁਮੰਜ਼ਲਾ ਇਮਾਰਤ ਬਣਾਏਗਾ। ਇਹ ਘਰ ਇਕ ਵਿਰਾਸਤੀ ਘਰ ਹੋ ਸਕਦਾ ਸੀ ਪਰ ਹੁਣ ਇਹ ਘਰ ਢਹਿ ਗਿਆ ਹੈ ਤੇ ਇਸ ਦੇ ਬਾਹਰ ਲੱਗਾ ਹੈ ਇਕ ਛੋਟਾ ਜਿਹਾ ਪੀਲੇ ਰੰਗ ਦਾ ਬੋਰਡ ਜਿਹੜਾ ਦਸਦਾ ਹੈ ਕਿ ਇਸ ਘਰ ਦੇ ਬਾਸ਼ਿੰਦੇ ਹੁਣ ਇਥੋਂ 13 ਗਰੇਟਰ ਕੈਲਾਸ਼, 1 ਵਿਖੇ ਚਲੇ ਗਏ ਹਨ। ਇਥੇ ਇਮਰੋਜ਼ ਹੁਰਾਂ ਨੇ ਇਕ ਫ਼ਲੈਟ ਲਿਆ ਹੈ। ਲੇਖਕਾ ਅਮੀਆ ਕੰਵਰ ਅਨੁਸਾਰ ਅੰਮ੍ਰਿਤਾ ਦੀ ਯਾਦ ਜ਼ਿੰਦਾ ਰੱਖਣ ਲਈ ਇਕ ਕਮਰੇ ਵਿਚ ਉਸ ਦਾ ਬੈੱਡ, ਉਸ ਦੇ ਐਵਾਰਡ, ਉਸ ਦੀਆਂ ਤਸਵੀਰਾਂ, ਉਸ ਦੀਆਂ ਪੁਸਤਕਾਂ ਤੇ ਹੋਰ ਸਾਮਾਨ ਸਾਂਭਿਆ ਤੇ ਸਜਾਇਆ ਗਿਆ ਹੈ। ਇਹ ਹੀ ਨਹੀਂ ਹੌਜ਼ ਖਾਸ ਵਾਲੇ ਘਰ ਦਾ ਉਹ ਦਰਵਾਜ਼ਾ ਵੀ ਪੁੱਟ ਕੇ ਨਵੇਂ ਫ਼ਲੈਟ ਵਿਚ ਲਿਜਾਇਆ ਗਿਆ ਹੈ ਜਿਸ 'ਤੇ ਲਿਖਿਆ ਸੀ 'ਪਰਛਾਵਿਆਂ ਨੂੰ ਪਕੜਣ ਵਾਲਿਓ, ਛਾਤੀ 'ਚ ਬਲਦੀ ਅੱਗ ਦਾ ਪ੍ਰਛਾਵਾਂ ਨਹੀਂ ਹੁੰਦਾ।'

ਇਹ ਤਾਂ ਸਪਸ਼ਟ ਹੀ ਹੈ ਕਿ ਇਸ ਘਰ ਨੂੰ ਵੇਚਣ ਦਾ ਫੈਸਲਾ ਪਰਿਵਾਰ ਲਈ ਕੋਈ ਸੌਖਾ ਨਹੀਂ ਰਿਹਾ ਹੋਵੇਗਾ। ਉਨ੍ਹਾਂ ਦੇ ਬੇਟੇ ਨੂੰ ਕੁਝ ਸਰੀਰਕ ਮੁਸ਼ਕਿਲਾਂ ਹਨ ਜਿਸ ਕਰਕੇ ਉਹ ਬਹੁਤੀ ਮਿਹਨਤ ਵਾਲਾ ਕੰਮ ਨਹੀਂ ਕਰ ਸਕਦਾ ਤੇ ਆਰਥਿਕ ਤੰਗੀ ਦੇ ਚੱਲਦਿਆਂ ਇਹ ਫੈਸਲਾ ਲਿਆ ਗਿਆ ਹੋਵੇਗਾ। ਅਮੀਆ ਕੰਵਰ ਅਨੁਸਾਰ ਅੰਮ੍ਰਿਤਾ ਪ੍ਰੀਤਮ ਦੇ ਘਰ ਨੂੰ ਉਸ ਦੀ ਯਾਦਗਾਰ ਵੱਲੋਂ ਸੰਭਾਲਣ ਜਾਂ ਉਸ ਦੀ ਯਾਦਗਾਰ ਉਸਾਰਣ ਦਾ ਮਤਾ ਉਨ੍ਹਾਂ ਨੇ ਇਸ ਘਰ ਦੀ ਸਾਹਿਤਕ ਅਹਿਮੀਅਤ ਵੇਖਦਿਆਂ ਪਾਇਆ ਸੀ ਪਰ ਇਹ ਮਤਾ ਵੀ ਗੁੱਟਬਾਜ਼ੀ ਦਾ ਸ਼ਿਕਾਰ ਹੋ ਗਿਆ ਸੀ। ਉਨ੍ਹਾਂ ਅਨੁਸਾਰ ਵਿਸ਼ਵ ਭਰ ਵਿਚ ਹੀ ਨਹੀਂ ਸਗੋਂ ਦੇਸ਼ ਵਿਚ ਵੀ ਨਾਮਵਰ ਲੇਖਕਾਂ, ਕਲਾਕਾਰਾਂ ਦੇ ਘਰਾਂ ਨੂੰ ਵਿਰਾਸਤੀ ਇਮਾਰਤਾਂ ਵਾਂਗ ਸਾਂਭ ਕੇ ਰੱਖਣ ਦੀ ਰਵਾਇਤ ਹੈ ਪਰ ਇਹ ਕਿਸੇ ਪਰਿਵਾਰ ਦਾ ਨਹੀਂ ਸਗੋਂ ਸੰਸਥਾਵਾਂ ਤੇ ਸਰਕਾਰਾਂ ਦਾ ਕੰਮ ਸੀ। ਜ਼ਿਕਰਯੋਗ ਹੈ ਕਿ ਪੰਜਾਬੀ ਲੇਖਕਾਂ ਵਿਚੋਂ ਭਾਈ ਵੀਰ ਸਿੰਘ ਨੂੰ ਛੱਡ ਕੇ ਕਿਸੇ ਦੀ ਰਿਹਾਇਸ਼ ਯਾਦਗਾਰ ਵਾਂਗ ਸਾਂਭੇ ਜਾਣ ਦੀ ਮਿਸਾਲ ਨਹੀਂ ਹੈ ਤੇ ਵਿਰਾਸਤੀ ਨਿਸ਼ਾਨੀਆਂ ਗਾਇਬ ਹੋ ਰਹੀਆਂ ਹਨ। ਇਸ ਲਈ ਨਾ ਸਰਕਾਰ ਅੱਗੇ ਆਉਂਦੀ ਹੈ, ਨਾ ਭਾਸ਼ਾ ਵਿਭਾਗ ਤੇ ਨਾ ਹੀ ਸਾਹਿਤ ਅਕਾਦਮੀਆਂ।



*25 ਹੌਜ਼ ਖ਼ਾਸ, ਦਿੱਲੀ।ਇਹ ਮਹਿਜ਼ ਕਿਸੇ ਘਰ ਦਾ ਸਿਰਨਾਵਾਂ ਨਹੀਂ ਸੀ। ਇਕ ਕਲਮ ਲਿਖਦੀ ਸੀ, ਤੇ ਇਕ ਕਲਮ ਵਾਹੁੰਦੀ ਸੀ; ਤੇ ਇਹ ਦੋਹਾਂ ਕਲਮਾਂ ਦਾ ਸਾਂਝਾ ਸਿਰਨਾਵਾਂ ਸੀ। ਇਹ ਪੰਜਾਬੀ ਦੀ ਵਿਸ਼ਵ ਪ੍ਰਸਿੱਧ ਲੇਖਿਕਾ ਅੰਮ੍ਰਿਤਾ ਪ੍ਰੀਤਮ ਤੇ ਉਸ ਦੇ ਹਮਸਫ਼ਰ ਕਲਾਕਾਰ ਇਮਰੋਜ਼ ਦਾ ਸਾਂਝਾ ਸਿਰਨਾਵਾਂ ਹੀ ਨਹੀਂ ਸਗੋਂ ਤਿੰਨਾਂ ਦਾ ਸਾਂਝਾ ਸਿਰਨਾਵਾਂ ਸੀ; ਕਿਉਂਕਿ ਇਸ ਘਰ ਦੇ ਬਾਹਰ ਜਿਥੇ ਅੰਮ੍ਰਿਤਾ-ਇਮਰੋਜ਼ ਦੀ ਤਖ਼ਤੀ ਲੱਗੀ ਸੀ, ਉਥੇ 'ਨਾਗਮਣੀ' ਦਾ ਨਾਮ ਵੀ ਸੀ। ਅੰਮ੍ਰਿਤਾ ਚਾਹੁੰਦੀ ਸੀ ਕਿ ਇਸ ਘਰ ਵਿਚਲਾ ਉਸ ਦਾ ਕਮਰਾ ਮਿਊਜ਼ੀਅਮ ਬਣੇ।*

## ਅੰਮ੍ਰਿਤਾ ਦੀ ਇੱਛਾ ਸੀ ਘਰ ਮਿਊਜ਼ੀਅਮ ਬਣੇ: ਅਜੀਤ ਕੌਰ

**ਚੰਡੀਗੜ੍ਹ:** ਪੰਜਾਬੀ ਲੇਖਕਾ ਅਜੀਤ ਕੌਰ ਜੋ ਅੰਮ੍ਰਿਤਾ ਪ੍ਰੀਤਮ ਦੇ ਕਾਫੀ ਨੇੜੇ ਸੀ, ਨੇ ਇਸ ਮਕਾਨ ਨੂੰ ਵੇਚੇ ਜਾਣ 'ਤੇ ਸ਼ਿਕਵਾ ਜ਼ਾਹਰ ਕੀਤਾ ਹੈ। ਉਨ੍ਹਾਂ ਅੰਮ੍ਰਿਤਾ ਪ੍ਰੀਤਮ ਦੀਆਂ ਇਸ ਮਕਾਨ ਦੇ ਭਵਿੱਖ ਦੀਆਂ ਯੋਜਨਾਵਾਂ ਬਾਰੇ ਵੀ ਦੱਸਿਆ ਜਿਨ੍ਹਾਂ ਤਹਿਤ ਇਹ ਮਕਾਨ ਸੰਵਾਰਿਆ ਜਾਣਾ ਸੀ। ਅਜੀਤ ਕੌਰ ਨੇ ਕਿਹਾ ਕਿ ਅੰਮ੍ਰਿਤਾ ਚਾਹੁੰਦੀ ਸੀ ਕਿ ਇਸ ਮਕਾਨ ਵਿਚ ਅੰਮ੍ਰਿਤਾ ਦੇ ਸਾਹਿਤ ਤੋਂ ਇਲਾਵਾ ਇਮਰੋਜ਼ ਦੀਆਂ ਕਲਾ ਕਿਰਤਾਂ ਦਾ ਅਜਾਇਬ ਘਰ ਵੀ ਬਣੇ। ਅੰਮ੍ਰਿਤਾ ਦੇ ਬੋਲ ਅਜੇ ਤਾਈਂ ਮੇਰੇ ਕੰਨਾਂ ਵਿਚ ਵੱਜਦੇ ਹਨ। ਉਸ ਦਾ ਕਹਿਣਾ ਸੀ ਕਿ ਸਜਿਆ ਹੋਇਆ ਕਮਰਾ ਮੇਰਾ 'ਮਿਊਜ਼ੀਅਮ' ਬਣੇਗਾ। ਉਨ੍ਹਾਂ ਅਨੁਸਾਰ ਇਸ ਘਰ ਲਈ ਅੰਮ੍ਰਿਤਾ ਨੇ ਆਪਣਾ ਵੈਸਟ ਪਟੇਲ ਨਗਰ ਦਾ ਘਰ ਵੇਚਿਆ ਸੀ ਤੇ ਉਸ ਕੋਲ 5 ਹਜ਼ਾਰ ਰੁਪਏ ਦੀ ਉਹ ਰਕਮ ਵੀ ਸੀ ਜਿਹੜੀ ਉਸ ਨੂੰ ਉਸ ਵੇਲੇ ਸਾਹਿਤ ਅਕਾਦਮੀ ਐਵਾਰਡ ਦੀ ਰਾਸ਼ੀ ਵਜੋਂ ਮਿਲੀ ਸੀ। ਇਸ ਘਰ ਵਿਚ ਇਮਰੋਜ਼ ਦੇ ਯੋਗਦਾਨ ਦਾ ਜ਼ਿਕਰ ਕਰਦਿਆਂ ਅਜੀਤ ਕੌਰ ਨੇ ਕਿਹਾ ਕਿ ਇਮਰੋਜ਼ ਵੀ ਅੰਮ੍ਰਿਤਸਰ ਦੇ ਖਾਂਦੇ ਪੀਂਦੇ ਜੱਟਾਂ ਦਾ ਪੁੱਤਰ ਸੀ। ਕੁਝ ਘਰੋਂ ਉਹ ਵੀ ਲਿਆਇਆ, ਈਸਟ ਪਟੇਲ ਨਗਰ ਤੋਂ ਅਪਣਾ ਸਾਰਾ ਕੁਝ ਵੇਚਿਆ ਤੇ ਦੋਹਾਂ ਦੇ ਪੈਸੇ ਰਲਾ ਕੇ ਹੀ ਘਰ ਬਣਿਆ। ਉਹ ਇਹ ਵੀ ਜ਼ਿਕਰ ਕਰਦੇ ਹਨ ਕਿ ਕਿਵੇਂ ਇਮਰੋਜ਼ ਨੇ ਇਹ ਘਰ ਸਜਾਇਆ।



# ਚੀਫ ਖਾਲਸਾ ਦੀਵਾਨ ਦਾ ਵਿਵਾਦ ਹੱਲ ਕਰਨ ਲਈ ਸ੍ਰੀ ਅਕਾਲ ਤਖ਼ਤ ਕੋਲ ਪਹੁੰਚ

**ਅੰਮ੍ਰਿਤਸਰ (ਪੰਜਾਬ ਟਾਈਮਜ਼ ਬਿਊਰੋ):** ਚੀਫ ਖਾਲਸਾ ਦੀਵਾਨ ਦੇ ਆਗੂਆਂ ਵਿਚਾਲੇ ਆਪਸੀ ਖਿੱਚੋਤਾਣ ਕਾਰਨ ਸੰਸਥਾ ਦੀ ਸਾਖ ਨੂੰ ਲੱਗ ਰਹੀ ਢਾਹ ਤੋਂ ਖਫ਼ਾ ਸੰਸਥਾ ਦੇ ਹਿਤੈਸ਼ੀ ਸਿੱਖ ਆਗੂਆਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤਕ ਪਹੁੰਚ ਕੀਤੀ ਹੈ। ਇਸ ਬਾਰੇ ਸਿੱਖ ਵਿਦਵਾਨ ਮਨਜੀਤ ਸਿੰਘ ਕਲਕੱਤਾ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਪੱਤਰ ਲਿਖ ਕੇ ਇਸ ਸੰਸਥਾ ਨੂੰ ਬਚਾਉਣ ਦੀ ਅਪੀਲ ਕੀਤੀ ਹੈ। ਇਸ ਤੋਂ ਪਹਿਲਾਂ ਦਿੱਲੀ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਵੀ ਜਥੇਦਾਰ ਨੂੰ ਦਖਲਅੰਦਾਜ਼ੀ ਦੀ ਅਪੀਲ ਕਰ ਚੁੱਕੇ ਹਨ।

ਤਿੰਨ ਸਫ਼ਿਆਂ ਦੇ ਪੱਤਰ ਵਿਚ ਸ. ਕਲਕੱਤਾ ਨੇ ਆਖਿਆ ਹੈ ਕਿ ਇਸ ਵੇਲੇ ਵੀ ਕਾਰਜਸ਼ੀਲ ਪ੍ਰਬੰਧਕੀ ਕਮੇਟੀ ਜਿਸ ਦਾ ਗਠਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਹੀ 2009 ਵਿਚ ਕੀਤਾ ਗਿਆ ਸੀ, ਨੂੰ ਸੰਸਥਾ ਦਾ ਵਿਧਾਨ ਬਦਲਣ ਦਾ ਕੋਈ ਹੱਕ ਨਹੀਂ ਹੈ। ਉਨ੍ਹਾਂ ਨੇ ਸਕੱਤਰ ਦੀ ਥਾਂ ਪ੍ਰਧਾਨ ਵੱਲੋਂ ਕਾਨਪੁਰ ਵਿਖੇ ਸੱਦੇ ਗਏ ਜਨਰਲ ਹਾਊਸ ਨੂੰ ਗ਼ੈਰ ਵਿਧਾਨਕ ਕਰਾਰ ਦਿੰਦਿਆਂ ਇਸ ਵਿਚ ਲਏ ਸਾਰੇ ਫੈਸਲਿਆਂ ਨੂੰ ਗ਼ੈਰ ਵਿਧਾਨਕ ਕਰਾਰ ਦਿੱਤਾ ਤੇ ਇਹ ਫੈਸਲੇ ਰੱਦ ਕਰਨ ਦੀ ਅਪੀਲ ਕੀਤੀ ਹੈ। ਉਨ੍ਹਾਂ ਨੇ ਸੰਸਥਾ ਦੇ ਪ੍ਰਧਾਨ 'ਤੇ ਦੀਵਾਨ ਵਿਚ ਵੰਡ ਪਾਉਣ ਦਾ ਦੋਸ਼ ਲਾਇਆ ਤੇ ਜਥੇਦਾਰ ਨੂੰ ਅਪੀਲ ਕੀਤੀ ਹੈ ਕਿ ਇਸ ਕਾਰਵਾਈ ਲਈ ਉਸ ਨੂੰ ਸਖ਼ਤ ਤਾੜਨਾ ਕੀਤੀ ਜਾਵੇ।

ਉਨ੍ਹਾਂ ਦੋਸ਼ ਲਾਇਆ ਕਿ ਇਸ ਸੰਸਥਾ ਵਿਚ ਧੜੇਬੰਦੀ 2003 ਵਿਚ ਉਦੋਂ ਸ਼ੁਰੂ ਹੋਈ ਸੀ ਜਦੋਂ ਉਸ ਵੇਲੇ ਦੀ ਕਾਂਗਰਸ ਸਰਕਾਰ ਦੀ ਮਦਦ ਨਾਲ ਸੰਸਥਾ 'ਤੇ ਕਬਜ਼ਾ ਕਰਨ ਦਾ ਯਤਨ ਹੋਇਆ ਸੀ। ਉਸ ਵੇਲੇ ਐਸ.ਡੀ.ਐਮ. ਨੂੰ ਦੀਵਾਨ ਦਾ ਰਸੀਵਰ ਲਾ ਦਿੱਤਾ ਗਿਆ ਸੀ ਤੇ ਸੰਸਥਾ ਦੇ ਦਫਤਰ ਨੂੰ ਤਾਲੇ ਲੱਗ ਗਏ ਸਨ। ਸ੍ਰੀ ਕਲਕੱਤਾ ਨੇ ਕਿਹਾ ਕਿ ਉਸ ਵੇਲੇ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਵਜੋਂ ਉਨ੍ਹਾਂ ਨੇ ਇਸ ਸੰਸਥਾ ਨੂੰ ਬਚਾਉਣ ਲਈ ਯਤਨ ਕੀਤੇ ਸਨ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਉਸ ਵੇਲੇ ਦੇ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਨੇ ਦੀਵਾਨ ਦੇ ਨਿਤ ਦਿਨ ਦੇ ਕਾਰਜ ਚਲਾਉਣ ਲਈ ਸਿੱਖ ਵਿਦਵਾਨਾਂ ਦੀ ਪੰਜ ਮੈਂਬਰੀ ਕਮੇਟੀ ਬਣਾਈ ਸੀ। ਉਸ ਤੋਂ ਬਾਅਦ ਇਕ 21 ਮੈਂਬਰੀ ਕਮੇਟੀ ਵੀ ਬਣਾਈ ਗਈ।2009 ਵਿਚ ਮੁੜ ਜਥੇਦਾਰ ਵੱਲੋਂ ਹੀ ਦੂਜੀ ਵਾਰ ਕਮੇਟੀ ਦਾ ਗਠਨ ਕੀਤਾ ਗਿਆ ਤੇ ਪ੍ਰਬੰਧਕਾਂ ਕੋਲੋਂ ਹਲਫ਼ ਲਿਆ ਸੀ ਕਿ ਉਹ ਰਲ-ਮਿਲ ਕੇ ਕੰਮ ਕਰਨਗੇ।ਪਰ ਦੀਵਾਨ 'ਤੇ ਆਪਣਾ ਕਬਜ਼ਾ ਬਣਾਈ ਰੱਖਣ ਦੀ ਭਾਵਨਾ ਨੇ ਸੰਸਥਾ ਦੇ ਅਹੁਦੇਦਾਰਾਂ ਵਿਚਾਲੇ ਮੁੜ ਇੱਟ-ਖੜੱਕਾ ਸ਼ੁਰੂ ਕਰਵਾ ਦਿੱਤਾ ਹੈ। ਇਸੇ ਤਹਿਤ ਹੀ ਕਾਬਜ਼ ਧਿਰ ਵੱਲੋਂ ਮੁੜ ਦੀਵਾਨ 'ਤੇ ਪੱਕਾ ਕਬਜ਼ਾ ਕਰਨ ਦੀ ਰਣਨੀਤੀ ਬਣਾਈ ਗਈ ਤੇ ਅੰਮ੍ਰਿਤਸਰ ਦੀ ਥਾਂ ਕਾਨਪੁਰ ਵਿਖੇ ਇਕੱਤਰਤਾ ਸੱਦ ਕੇ ਆਪਣੇ ਸਮਰਥਕ ਮੈਂਬਰਾਂ ਦੀ ਹਾਜ਼ਰੀ ਵਿਚ ਮਨਮਰਜ਼ੀ ਦੇ ਫੈਸਲੇ ਕੀਤੇ ਗਏ। ਕਾਨਪੁਰ ਵਿਖੇ ਕੀਤੀ ਗਈ ਇਕੱਤਰਤਾ ਵਿਚ ਪ੍ਰਧਾਨ ਦੇ ਅਹੁਦੇ ਦੀ ਮਿਆਦ ਤਿੰਨ ਸਾਲ ਤੋਂ ਪੰਜ ਸਾਲ ਕਰ ਦਿੱਤੀ ਗਈ ਹੈ। ਆਨਰੇਰੀ ਸਕੱਤਰ ਨੂੰ ਸੈਂਟਰਲ ਖਾਲਸਾ ਯਤੀਮਖਾਨਾ ਦੇ ਮੈਂਬਰ ਇੰਚਾਰਜ ਦੇ ਅਹੁਦੇ ਤੋਂ ਹਟਾਉਣ ਤੋਂ ਬਾਅਦ ਮੁਢਲੀ ਮੈਂਬਰਸ਼ਿਪ ਤੋਂ ਵੀ ਖਾਰਜ ਕਰ ਦਿੱਤਾ ਗਿਆ। 108 ਪੱਕੇ ਮੈਂਬਰ ਸ਼ਾਮਲ ਕਰ ਲਏ ਗਏ ਹਨ ਜਿਸ ਵਿਚ ਵਧੇਰੇ ਮੌਜੂਦਾ ਧਿਰ ਦੇ ਆਗੂਆਂ ਦੇ ਰਿਸ਼ਤੇਦਾਰ ਹਨ। ਉਨ੍ਹਾਂ ਦੋਸ਼ ਲਾਇਆ ਕਿ ਨਵੇਂ ਬਣਾਏ ਗਏ ਮੈਂਬਰਾਂ ਵਿਚ ਕਈ ਅੰਮ੍ਰਿਤਧਾਰੀ ਵੀ ਨਹੀਂ ਹਨ ਤੇ ਕਈ ਪਤਿਤ ਹਨ ਜੋ ਸਿੱਖ ਸੰਸਥਾ ਦੇ ਨਿਯਮਾਂ ਦੀ ਵੱਡੀ ਉਲੰਘਣਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਕੀਤੀ ਗਈ ਇਕੱਤਰਤਾ ਵਿਚ ਲਏ ਫੈਸਲਿਆਂ ਬਾਰੇ ਮੈਂਬਰਾਂ ਨੂੰ ਪਹਿਲਾਂ ਕੋਈ ਏਜੰਡਾ ਵੀ ਨਹੀਂ ਭੇਜਿਆ ਗਿਆ ਤੇ ਇਹ ਸਭ ਫੈਸਲੇ ਫੁਟਕਲ ਏਜੰਡੇ ਵਿਚ ਪਾ ਕੇ ਕਾਰਵਾਈ ਕੀਤੀ ਗਈ। ਉਨ੍ਹਾਂ ਅਪੀਲ ਕੀਤੀ ਹੈ ਕਿ ਇਸ ਸੰਸਥਾ ਨੂੰ ਆਪਸੀ ਕਲੇਸ਼ ਤੇ ਧੜੇਬੰਦੀ ਦਾ ਸ਼ਿਕਾਰ ਨਾ ਬਣਨ ਦਿੱਤਾ ਜਾਵੇ। ਇਸ ਦੇ ਮੈਂਬਰ ਗੁਰਮਤਿ ਜੀਵਨ ਦੇ ਧਾਰਨੀ ਤੇ ਅੰਮ੍ਰਿਤਧਾਰੀ ਹੋਣ। ਇਸ ਸੰਸਥਾ 'ਤੇ ਕਿਸੇ ਇਕ ਵਿਅਕਤੀ ਦਾ ਕਬਜ਼ਾ ਨਾ ਹੋ ਕੇ ਇਸ ਨੂੰ ਸਿੱਖ ਪੰਥ ਦੀ ਸੰਸਥਾ ਬਣਾਇਆ ਜਾਵੇ।

ਦੱਸਣਯੋਗ ਹੈ ਕਿ ਸੰਸਥਾ ਵਿਚਾਲੇ ਚੱਲ ਰਹੇ ਵਿਵਾਦ ਦਾ ਮਾਮਲਾ ਇਸ ਵੇਲੇ ਅਦਾਲਤ ਦੇ ਵਿਚਾਰ-ਅਧੀਨ ਹੈ। ਦੀਵਾਨ ਦੇ ਫਾਰਗ ਕੀਤੇ ਗਏ ਆਨਰੇਰੀ ਸਕੱਤਰ ਭਾਗ ਸਿੰਘ ਅਣਖੀ ਵੱਲੋਂ ਕਾਨਪੁਰ ਵਿਖੇ ਕੀਤੀ ਗਈ ਇਕੱਤਰਤਾ ਨੂੰ ਅਦਾਲਤ ਵਿਚ ਚੁਣੌਤੀ ਦਿੱਤੀ ਹੋਈ ਹੈ ਤੇ ਅਦਾਲਤ ਵੱਲੋਂ ਫਿਲਹਾਲ ਇਸ ਸਬੰਧੀ ਕੋਈ ਫੈਸਲਾ ਨਹੀਂ ਕੀਤਾ ਗਿਆ ਜਦੋਂਕਿ ਹਾਕਮ ਧਿਰ ਵਲੋਂ ਕਾਨਪੁਰ ਦੀ ਇਕੱਤਰਤਾ ਵਿਚ ਕੀਤੇ ਗਏ ਫੈਸਲਿਆਂ ਦੀ ਪੁਸ਼ਟੀ ਤੇ ਲੇਖਾ ਦਰੁਸਤੀ ਲਈ 3 ਜੁਲਾਈ ਨੂੰ ਕਾਰਜਸਾਧਕ ਕਮੇਟੀ ਤੇ ਜਨਰਲ ਹਾਊਸ ਸੱਦਿਆ ਜਾ ਚੁੱਕਿਆ ਹੈ।

**ਮਨਜੀਤ ਸਿੰਘ ਕਲਕੱਤਾ ਵੱਲੋਂ ਗਿਆਨੀ ਗੁਰਬਚਨ ਸਿੰਘ ਨੂੰ ਚਿੱਠੀ**



ਮਨਜੀਤ ਸਿੰਘ ਕਲਕੱਤਾ



ਗਿਆਨੀ ਗੁਰਬਚਨ ਸਿੰਘ

# ਮਨਪ੍ਰੀਤ ਵੱਲੋਂ ਪੁਲਿਸ ਅਧਿਕਾਰੀਆਂ ਖ਼ਿਲਾਫ਼ ਕਮਿਸ਼ਨ ਕੋਲ ਸ਼ਿਕਾਇਤ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੀਪਲਜ਼ ਪਾਰਟੀ ਆਫ਼ ਪੰਜਾਬ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਨੇ ਪੰਜਾਬ ਪੁਲੀਸ ਦੇ ਤਿੰਨ ਵੱਡੇ ਅਧਿਕਾਰੀਆਂ ਡੀ.ਜੀ.ਪੀ. ਪਰਮਦੀਪ ਸਿੰਘ ਗਿੱਲ, ਇੰਟੈਲੀਜੈਂਸ ਵਿੰਗ ਦੇ ਮੁਖੀ ਸੁਰੇਸ਼ ਕੁਮਾਰ ਅਰੋੜਾ ਤੇ ਵਿਜੀਲੈਂਸ ਦੇ ਮੁਖੀ ਸੁਮੇਧ ਸਿੰਘ ਸੈਣੀ 'ਤੇ ਹਾਕਮ ਸ਼੍ਰੋਮਣੀ ਅਕਾਲੀ ਦਲ ਦੇ ਇਸ਼ਾਰੇ 'ਤੇ ਰਾਜਨੀਤਕ ਵਿਰੋਧੀਆਂ ਉਪਰ ਝੂਠੇ ਕੇਸ ਮੜ੍ਹਨ ਦੇ ਦੋਸ਼ ਲਾਏ ਹਨ। ਸਾਬਕਾ ਵਿੱਤ ਮੰਤਰੀ ਨੇ ਇਨ੍ਹਾਂ ਤਿੰਨ ਸੀਨੀਅਰ ਪੁਲੀਸ ਅਧਿਕਾਰੀਆਂ 'ਤੇ ਰਾਜਸੀ ਆਗੂਆਂ ਵਾਂਗ ਭੂਮਿਕਾ ਨਿਭਾਉਣ ਦੇ ਦੋਸ਼ ਲਾਏ। ਉਨ੍ਹਾਂ ਪੰਜਾਬ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਸ਼ਿਕਾਇਤ ਕਰ ਕੇ ਪੁਲਿਸ ਅਧਿਕਾਰੀਆਂ ਵਿਰੁੱਧ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਪ੍ਰੈਸ ਕਾਨਫਰੰਸ ਦੌਰਾਨ ਉਨ੍ਹਾਂ ਕਿਹਾ ਕਿ ਪੀ.ਪੀ.ਪੀ. ਦੇ ਆਗੂਆਂ ਵਿਰੁੱਧ ਸਰਕਾਰ ਦੇ ਇਸ਼ਾਰੇ 'ਤੇ ਪੰਜਾਬ ਪੁਲਿਸ ਤੇ ਵਿਜੀਲੈਂਸ ਬਿਊਰੋ ਵੱਲੋਂ ਝੂਠੇ ਮਾਮਲੇ ਦਰਜ ਕੀਤੇ ਜਾ ਰਹੇ ਹਨ। ਇੰਟੈਲੀਜੈਂਸ ਵਿੰਗ ਤਾਂ ਸ਼੍ਰੋਮਣੀ ਅਕਾਲੀ ਦਲ ਦੇ ਏਜੰਟ ਵਜੋਂ ਕੰਮ ਕਰ ਰਿਹਾ ਹੈ ਤੇ ਸੀ.ਆਈ.ਡੀ. ਵੱਲੋਂ ਜਸੂਸੀ ਕੀਤੀ ਜਾ ਰਹੀ ਹੈ।

**ਗਿੱਲ, ਅਰੋੜਾ ਤੇ ਸੈਣੀ 'ਤੇ ਗੰਭੀਰ ਦੋਸ਼**

ਪੀ.ਪੀ.ਪੀ. ਦੇ ਪ੍ਰਧਾਨ ਨੇ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਕੀਤੀ ਸ਼ਿਕਾਇਤ ਵਿਚ ਸੱਤ ਮਾਮਲਿਆਂ ਦਾ ਜ਼ਿਕਰ ਕੀਤਾ ਹੈ। ਉਨ੍ਹਾਂ ਕਿਹਾ ਕਿ ਪੀ.ਪੀ.ਪੀ. ਦੇ ਆਗੂਆਂ ਵਿਰੁੱਧ ਮਾਮਲੇ ਦਰਜ ਕਰਨ ਲਈ ਇਹ ਅਫ਼ਸਰ ਸਿੱਧੇ ਤੌਰ 'ਤੇ ਜ਼ਿੰਮੇਵਾਰ ਹਨ। ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਉਨ੍ਹਾਂ ਦੇ ਪਿਤਾ ਦੇ ਨਿੱਜੀ ਸਹਾਇਕ ਸਤਿੰਦਰਜੀਤ ਸਿੰਘ ਮੰਟਾ ਵਿਰੁੱਧ ਜੋ ਮਾਮਲੇ ਦਰਜ ਕੀਤੇ ਹਨ, ਉਹ ਪੂਰੀ ਤਰ੍ਹਾਂ ਰਾਜਨੀਤੀ ਤੋਂ ਪ੍ਰੇਰਤ ਹਨ। ਉਨ੍ਹਾਂ ਇਹ ਵੀ ਕਿਹਾ 'ਮੇਰੇ ਸਾਬਕਾ ਓ.ਐਸ.ਡੀ. ਚਰਨਜੀਤ ਸਿੰਘ ਬਰਾੜ ਤੇ ਉਸ ਦੇ ਪਰਿਵਾਰਕ ਮੈਂਬਰਾਂ ਵਿਰੁੱਧ ਵੀ ਰਾਜਨੀਤਕ ਬਦਲੇਖੋਰੀ ਤਹਿਤ ਹੀ ਪਰਚੇ ਦਰਜ ਕੀਤੇ ਗਏ ਹਨ। ਸਾਬਕਾ ਵਿੱਤ ਮੰਤਰੀ ਨੇ ਕਿਹਾ ਕਿ ਪੀਪਲਜ਼ ਪਾਰਟੀ ਆਫ਼ ਪੰਜਾਬ ਨੂੰ ਲੋਕਾਂ ਦੇ ਮਿਲ ਰਹੇ ਹੁੰਗਾਰੇ ਕਾਰਨ ਹਾਕਮ ਪਾਰਟੀ ਦੇ ਆਗੂ ਹਤਾਸ਼ ਹੋ ਗਏ ਹਨ। ਇਹੀ ਕਾਰਨ ਹੈ ਕਿ ਰਾਜਨੀਤਕ ਵਿਰੋਧੀਆਂ ਖ਼ਿਲਾਫ਼ ਮਾਮਲੇ ਦਰਜ ਕਰਾਏ ਜਾ ਰਹੇ ਹਨ ਪਰ ਲੋਕ ਇਸ ਦਾ ਜਵਾਬ ਚੋਣਾਂ ਸਮੇਂ ਇਨ੍ਹਾਂ ਆਗੂਆਂ ਨੂੰ ਦੇ ਦੇਣਗੇ। ਸ. ਬਾਦਲ ਨੇ ਦੱਸਿਆ ਕਿ ਉਹ ਕੈਨੇਡਾ ਤੇ ਅਮਰੀਕਾ ਦੇ ਵਿਦੇਸ਼ ਦੌਰੇ 'ਤੇ ਜਾ ਰਹੇ ਹਨ ਜਿਥੇ ਪਰਵਾਸੀ ਪੰਜਾਬੀਆਂ ਨਾਲ ਮੀਟਿੰਗਾਂ ਕੀਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਦਾ ਵੱਡਾ ਹਿੱਸਾ ਵਿਦੇਸ਼ਾਂ ਵਿਚ ਬੈਠਾ ਹੈ ਜੋ ਸੂਬੇ ਦਾ ਭਲਾ ਚਾਹੁੰਦਾ ਹੈ। ਸਾਬਕਾ ਵਿੱਤ ਮੰਤਰੀ ਨੇ ਕਿਹਾ ਕਿ ਪਰਵਾਸੀਆਂ ਨੂੰ ਪੰਜਾਬ ਦੀ ਅਸਲੀ ਹਾਲਤ ਦੱਸੀ ਜਾਵੇਗੀ ਤੇ ਪੰਜਾਬ ਨੂੰ ਬਚਾਉਣ ਲਈ ਮੋਹਰੀ ਭੂਮਿਕਾ ਨਿਭਾਉਣ ਲਈ ਕਿਹਾ ਜਾਵੇਗਾ। ਉਨ੍ਹਾਂ ਦੱਸਿਆ ਕਿ ਦੋਹਾਂ ਮੁਲਕਾਂ ਵਿਚ ਪਰਵਾਸੀ ਆਗੂਆਂ ਨਾਲ 14 ਮੀਟਿੰਗਾਂ ਕੀਤੀਆਂ ਜਾਣਗੀਆਂ। ਰਾਜਸੀ ਆਗੂਆਂ ਵੱਲੋਂ ਬਦਲੇਖੋਰੀ ਦੇ ਲਾਏ ਜਾ ਰਹੇ ਦੋਸ਼ਾਂ ਨੂੰ ਗਲਤ ਕਰਾਰ ਦਿੰਦਿਆਂ ਮਨਪ੍ਰੀਤ ਬਾਦਲ ਨੇ ਕਿਹਾ ਕਿ ਜੇ ਗਿੱਦੜਬਾਹਾ ਦੇ ਲੋਕਾਂ ਨਾਲ ਅਜਿਹਾ ਹੋਇਆ ਹੁੰਦਾ ਤਾਂ ਉਹ ਲਗਾਤਾਰ ਚੌਥੀ ਵਾਰੀ ਇਸ ਹਲਕੇ ਤੋਂ ਵਿਧਾਇਕ ਨਾ ਚੁਣੇ ਜਾਂਦੇ।



# ਬਾਦਲ ਸਰਕਾਰ ਥਰਮਲ ਪਲਾਂਟਾਂ ਬਾਰੇ ਤੋਲ ਰਹੀ ਹੈ ਕੂਫ਼ਰ

**ਫ਼ਰੀਦਕੋਟ:** ਬਾਦਲ ਸਰਕਾਰ ਨੇ ਸੂਬੇ ਵਿਚ ਬਿਜਲੀ ਦੀ ਘਾਟ ਨੂੰ ਪੂਰਾ ਕਰਨ ਲਈ ਲਾਏ ਜਾ ਰਹੇ ਥਰਮਲ ਪਲਾਂਟਾਂ ਬਾਰੇ ਪੂਰਾ ਸੱਚ ਲੋਕਾਂ ਨੂੰ ਨਹੀਂ ਦੱਸ ਰਹੀ। ਸਰਕਾਰ ਬੇਸ਼ੱਕ ਲੋਕਾਂ ਨੂੰ ਇਹ ਜਚਾਉਣ ਵਿਚ ਤਾਂ ਸਫ਼ਲ ਰਹੀ ਹੈ ਕਿ ਸਰਕਾਰ ਥਰਮਲ ਪਲਾਂਟ ਲਾ ਰਹੀ ਹੈ ਅਤੇ ਇਸ ਉਪਰ ਵੱਡੀ ਪੱਧਰ ‘ਤੇ ਪੈਸਾ ਖਰਚ ਰਹੀ ਹੈ, ਪਰ ਸਰਕਾਰੀ ਫਾਈਲਾਂ ਦੇ ਤੱਥ ਕੁਝ ਹੋਰ ਕਹਾਣੀ ਬਿਆਨ ਕਰ ਰਹੇ ਹਨ। ਸਰਕਾਰ ਨੇ ਬਿਜਲੀ ਉਤਪਾਦਨ ਬਾਰੇ ਤਿੰਨਾਂ ਸਾਲਾਂ ਦੌਰਾਨ ਲੋਕਾਂ ਸਾਹਮਣੇ ਇਹ ਗੱਲ ਬਿਲਕੁਲ ਵੀ ਨਹੀਂ ਆਉਣ ਦਿੱਤੀ ਕਿ ਥਰਮਲ ਪਲਾਂਟਾਂ ਲਈ ਪੈਸਾ ਕਿੱਥੋਂ ਆ ਰਿਹਾ ਹੈ ਅਤੇ ਇਹ ਥਰਮਲ ਪਲਾਂਟ ਅਸਲ ਵਿਚ ਕਿਸ ਦੀ ਮਲਕੀਅਤ ਹਨ?

ਅਸਲ ਵਿਚ ਸਰਕਾਰ ਦੇ ਸਾਰੇ ਦਾਅਵਿਆਂ ਨੂੰ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਨੇ ਹੀ ਰੱਦ ਕੀਤਾ ਹੈ ਅਤੇ ਸਪੱਸ਼ਟ ਕੀਤਾ ਹੈ ਕਿ ਸਰਕਾਰ ਵੱਲੋਂ ਬਿਜਲੀ ਉਤਪਾਦਨ ਲਈ ਕੋਈ ਵੀ ਥਰਮਲ ਪਲਾਂਟ ਨਹੀਂ ਲਾਇਆ ਜਾ ਰਿਹਾ ਅਤੇ ਨਾ ਹੀ ਇਸ ਕੰਮ ਲਈ ਕੋਈ ਵਿਸ਼ੇਸ਼ ਫੰਡ ਦਿੱਤੇ ਹਨ।

ਸੂਚਨਾ ਅਧਿਕਾਰ ਤਹਿਤ ਹਾਸਲ ਜਾਣਕਾਰੀ ਅਨੁਸਾਰ ਬਾਦਲ ਸਰਕਾਰ ਨੇ ਆਪਣੇ ਹੁਣ ਤੱਕ ਦੇ ਕਾਰਜਕਾਲ ਦੌਰਾਨ ਬਿਜਲੀ ਦੀ ਥੁੜ੍ਹ ਨੂੰ ਪੂਰਾ ਕਰਨ ਲਈ ਕਿਸੇ ਵੀ ਨਵੇਂ ਥਰਮਲ ਪਲਾਂਟ ਦਾ ਨਿਰਮਾਣ ਨਹੀਂ ਕੀਤਾ ਹੈ। ਪੰਜਾਬ ਸਰਕਾਰ ਦੀ 660 ਮੈਗਾਵਾਟ ਦੇ ਦੋ ਪ੍ਰਾਜੈਕਟ ਲਾਉਣ ਦੀ ਤਜਵੀਜ਼ ਹੈ ਪਰ ਇਹ ਪ੍ਰਾਜੈਕਟ ਕਿੱਥੇ ਲੱਗਣੇ ਹਨ, ਇਸ ‘ਤੇ ਕਿੰਨਾ ਪੈਸਾ ਖਰਚ ਆਉਣਾ ਹੈ ਅਤੇ ਇਹ ਪ੍ਰਾਜੈਕਟ ਕਦੋਂ ਲਾਏ ਜਾਣਗੇ? ਬਾਰੇ ਕੁਝ ਵੀ ਸਪੱਸ਼ਟ ਨਹੀਂ ਹੈ। ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਦੇ ਉਪ ਮੁੱਖ ਇੰਜੀਨੀਅਰ ਵੱਲੋਂ ਜਾਰੀ ਸੂਚਨਾ ਵਿਚ ਦੱਸਿਆ ਗਿਆ ਹੈ ਕਿ ਪੰਜਾਬ ਸਰਕਾਰ ਵੱਲੋਂ 660 ਮੈਗਾਵਾਟ ਦੇ ਲਾਏ ਜਾਣ ਵਾਲੇ ਦੋ ਪ੍ਰਾਜੈਕਟ ਅਜੇ ਵਿਚਾਰ ਅਧੀਨ ਹੀ ਹਨ ਅਤੇ ਇਹ ਤਜਵੀਜ਼ ਬਿਲਕੁਲ ਮੁੱਢਲੇ ਪੜਾਅ ‘ਤੇ ਹੈ।

ਇਸ ਦੇ ਉਲਟ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਲੋਕਾਂ ਨੂੰ ਦੱਸਿਆ ਗਿਆ ਸੀ ਕਿ 9494 ਮੈਗਾਵਾਟ ਬਿਜਲੀ ਪੈਦਾ ਕਰਨ ਲਈ ਤਲਵੰਡੀ ਸਾਬੋ ਵਿਖੇ 2640 ਮੈਗਾਵਾਟ, ਗੋਇੰਦਵਾਲ ਸਾਹਿਬ 540 ਮੈਗਾਵਾਟ, ਰਾਜਪੁਰਾ ਵਿਖੇ 2100 ਮੈਗਾਵਾਟ ਅਤੇ ਗਿੱਦੜਬਾਹਾ ਵਿਖੇ 2640 ਮੈਗਾਵਾਟ ਬਿਜਲੀ ਦੇ ਉਤਪਾਦਨ ਲਈ ਸਰਕਾਰ ਥਰਮਲ ਪਲਾਂਟ ਲਾ ਰਹੀ ਹੈ ਅਤੇ ਇਨ੍ਹਾਂ ਥਰਮਲ ਪਲਾਂਟਾਂ ਉਪਰ 36 ਹਜ਼ਾਰ ਕਰੋੜ ਤੋਂ ਲੈ ਕੇ 50 ਹਜ਼ਾਰ ਕਰੋੜ ਰੁਪਏ ਖਰਚ ਹੋਣ ਦਾ ਅਨੁਮਾਨ ਹੈ।

ਸੂਚਨਾ ਅਧਿਕਾਰ ਤਹਿਤ ਮਿਲੀ ਜਾਣਕਾਰੀ ਤੋਂ ਪਤਾ ਲੱਗਦਾ ਹੈ ਕਿ ਪੰਜਾਬ ਵਿਚ ਲੱਗ ਰਹੇ ਇਹ ਚਾਰੇ ਥਰਮਲ ਪਲਾਂਟ ਪੰਜਾਬ ਸਰਕਾਰ ਨਹੀਂ ਬਲਕਿ ਐਨ.ਟੀ.ਪੀ. ਅਤੇ ਇੰਡੀਆ ਬੁਲਜ਼ ਨਾਮ ਦੀਆਂ ਕੰਪਨੀਆਂ ਲਾ ਰਹੀਆਂ ਹਨ ਅਤੇ ਇਨ੍ਹਾਂ ਥਰਮਲ ਪਲਾਂਟਾਂ ਵਿਚ ਪੰਜਾਬ ਸਰਕਾਰ ਦੀ ਇਕ ਰੁਪਏ ਦੀ ਵੀ ਹਿੱਸੇਦਾਰੀ ਨਹੀਂ ਅਤੇ ਇਹ ਥਰਮਲ ਪਲਾਂਟ ਇਹ ਕੰਪਨੀਆਂ ਨਿੱਜੀ ਤੌਰ ‘ਤੇ 100 ਫ਼ੀਸਦੀ ਆਪਣੇ ਖਰਚੇ ਉਪਰ ਲਾ ਰਹੀਆਂ ਹਨ। ਪੰਜਾਬ ਸਰਕਾਰ ਦਾਅਵੇ ਕਰ ਰਹੀ ਹੈ ਕਿ ਉਨ੍ਹਾਂ ਵੱਲੋਂ ਵਿਸ਼ੇਸ਼ ਫੰਡ ਜੁਟਾ ਕੇ ਬਿਜਲੀ ਦੀ ਘਾਟ ਨੂੰ ਪੂਰਾ ਕਰਨ ਲਈ 4 ਥਰਮਲ ਪਲਾਂਟ ਲਾਏ ਜਾ ਰਹੇ ਹਨ ਅਤੇ ਇਨ੍ਹਾਂ ਪ੍ਰਾਜੈਕਟਾਂ ਉਪਰ ਪੰਜਾਬ ਸਰਕਾਰ 36 ਹਜ਼ਾਰ ਕਰੋੜ ਰੁਪਏ ਖਰਚ ਰਹੀ ਹੈ।

ਇਸ ਵੇਲੇ ਪੰਜਾਬ ’ਚ 9 ਕਰੋੜ 13 ਲੱਖ ਯੂਨਿਟ ਬਿਜਲੀ ਰੋਜ਼ਾਨਾ ਪੈਦਾ ਹੁੰਦੀ ਹੈ। ਨਾਲ ਹੀ 1 ਕਰੋੜ 32 ਲੱਖ ਯੂਨਿਟ ਬਿਜਲੀ 4 ਰੁਪਏ ਪ੍ਰਤੀ ਯੂਨਿਟ ਦੇ ਹਿਸਾਬ ਨਾਲ ਬਾਹਰਲੇ ਸੂਬਿਆਂ ਤੋਂ ਖਰੀਦੀ ਜਾ ਰਹੀ ਹੈ। ਪੰਜਾਬ ਵਿਚ 17 ਕਰੋੜ 79 ਹਜ਼ਾਰ ਯੂਨਿਟ ਰੋਜ਼ਾਨਾ ਬਿਜਲੀ ਦੀ ਮੰਗ ਹੈ ਜਿਸ ਵਿਚ ਇਕ ਫ਼ੀਸਦੀ ਵਾਧਾ-ਘਾਟਾ ਹੁੰਦਾ ਰਹਿੰਦਾ ਹੈ।

# 2-ਜੀ ਸਪੈਕਟ੍ਰਮ ਬਾਰੇ ਰਿਪੋਰਟ ‘ਤੇ ਡੀ.ਐਮ.ਕੇ. ਤੇ ਬਸਪਾ ਨੇ ਸੁਰ ਬਦਲੀ

## ਜੋਸ਼ੀ ਵੱਲੋਂ ਪੁਰਾਣੀ ਰਿਪੋਰਟ ਮੁੜ ਪੇਸ਼ ਕਰਨ ਦੀ ਕੋਸ਼ਿਸ਼

**ਨਵੀਂ ਦਿੱਲੀ:** ਸੰਸਦ ਦੀ ਲੋਕ ਲੇਖਾ ਕਮੇਟੀ (ਪੀ.ਏ.ਸੀ.) ਦੇ ਚੇਅਰਮੈਨ ਮੁਰਲੀ ਮਨੋਹਰ ਜੋਸ਼ੀ ਨੇ 2-ਜੀ ਸਪੈਕਟ੍ਰਮ ਘੁਟਾਲੇ ‘ਤੇ ਤਿਆਰ ਕੀਤੀ ਪਿਛਲੀ ਜਾਂਚ ਰਿਪੋਰਟ ਨੂੰ ਮੁੜ ਕਮੇਟੀ ਅੱਗੇ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਪਰ ਕਾਂਗਰਸ ਤੇ ਸਰਕਾਰ ਦੀਆਂ ਹੋਰ ਸਹਾਇਕ ਪਾਰਟੀਆਂ ਦੇ ਮੈਂਬਰਾਂ ਨੇ ਇਸ ਦਾ ਖੁੱਲ੍ਹੇਆਮ ਵਿਰੋਧ ਕੀਤਾ ਕਿ ਪੁਰਾਣੀ ਕਮੇਟੀ ਦੀ ਰਿਪੋਰਟ ਨਵੀਂ ਕਮੇਟੀ ਅੱਗੇ ਪੇਸ਼ ਨਹੀਂ ਹੋ ਸਕਦੀ। ਕਾਂਗਰਸ ਨੇ ਕਿਹਾ ਕਿ ਇਹ ਰਿਪੋਰਟ ਪਿਛਲੀ ਕਮੇਟੀ ਨੇ ਵੀ ਰੱਦ ਕਰ ਦਿੱਤੀ ਸੀ।

ਹਾਲਤ ਉਸ ਵੇਲੇ ਬਦਲ ਗਈ ਜਦੋਂ ਬਸਪਾ ਤੇ ਡੀ.ਐਮ.ਕੇ. ਨੇ ਸ੍ਰੀ ਜੋਸ਼ੀ ਦੀ ਖੁੱਲ੍ਹ ਕੇ ਹਮਾਇਤ ਕਰ ਦਿੱਤੀ। ਸ੍ਰੀ ਜੋਸ਼ੀ ਦੀ ਕੌਮੀ ਜਮਹੂਰੀ ਮੋਰਚੇ (ਐਨ.ਡੀ.ਏ.) ਦੇ ਮੈਂਬਰਾਂ ਤੋਂ ਇਲਾਵਾ ਡੀ.ਐਮ.ਕੇ. ਤੇ ਬਸਪਾ ਦੇ ਮੈਂਬਰਾਂ ਵੱਲੋਂ ਕੀਤੀ ਖੁੱਲ੍ਹ ਹਮਾਇਤ ਤੋਂ ਸਪੱਸ਼ਟ ਹੈ ਕਿ ਕੌਮੀ ਪੱਧਰ ਉਤੇ ਸਿਆਸੀ ਸਮੀਕਰਨ ਬਦਲ ਰਹੇ ਹਨ ਤੇ ਸਾਂਝੇ ਪ੍ਰਗਤੀਸ਼ੀਲ ਮੋਰਚੇ ਵਿਚ ਸ਼ਾਮਲ ਡੀ.ਐਮ.ਕੇ. ਦੇ ਮੈਂਬਰ ਸਰਕਾਰ ਦੇ ਵਿਰੋਧ ਵਿਚ ਜਾ ਖੜ੍ਹੇ ਹਨ। ਇਹ ਰਿਪੋਰਟ ਪਹਿਲੀ ਲੇਖਾਕਾਰ ਕਮੇਟੀ ਦੇ ਸਮੇਂ ਚੇਅਰਮੈਨ ਸ੍ਰੀ ਜੋਸ਼ੀ ਦੀ ਪ੍ਰਧਾਨਗੀ ਹੇਠ ਤਿਆਰ ਹੋਈ ਸੀ ਪਰ ਇਹ ਰਿਪੋਰਟ ਸਰਬਸੰਮਤੀ ਨਾਲ ਪਾਸ ਨਹੀਂ ਹੋ ਸਕੀ ਸੀ ਸਗੋਂ ਕਾਂਗਰਸ ਨੇ ਬਹੁਮਤ ਹਾਸਲ ਕਰਕੇ ਮੀਟਿੰਗ ਵਿਚ ਇਸ ਨੂੰ ਰੱਦ ਕਰਨ ਦਾ ਮਤਾ ਪਾ ਦਿੱਤਾ ਸੀ। ਬੇਸ਼ੱਕ ਪਹਿਲੀ ਕਮੇਟੀ ਵਿਚ ਸ੍ਰੀ ਜੋਸ਼ੀ ਦੀ ਪ੍ਰਧਾਨਗੀ ਹੇਠ ਤਿਆਰ ਹੋਈ ਜਾਂਚ ਰਿਪੋਰਟ ਵਿਵਾਦ ਦਾ ਸ਼ਿਕਾਰ ਹੋ ਗਈ ਸੀ ਪਰ ਫਿਰ ਵੀ ਸ੍ਰੀ ਜੋਸ਼ੀ ਆਪਣੇ ਪੱਧਰ ‘ਤੇ ਹੀ ਇਹ ਰਿਪੋਰਟ ਲੋਕ ਸਭਾ ਦੀ ਸਪੀਕਰ ਮੀਰਾ ਕੁਮਾਰ ਨੂੰ ਸੌਂਪ ਆਏ ਸਨ। 30 ਅਪਰੈਲ ਨੂੰ ਮਿਆਦ ਪੂਰੀ ਹੋਣ ਤੋਂ ਬਾਅਦ ਜਦੋਂ ਦੂਜੀ ਵਾਰ ਲੇਖਾਕਾਰ ਕਮੇਟੀ ਖੜ੍ਹੀ ਕੀਤੀ ਗਈ ਤਾਂ ਸ੍ਰੀ ਜੋਸ਼ੀ ਫਿਰ ਨਵੀਂ ਕਮੇਟੀ ਦੇ ਚੇਅਰਮੈਨ ਚੁਣੇ ਗਏ। ਉਸੇ ਨਵੀਂ ਕਮੇਟੀ ਦੀ 28 ਜੂਨ ਨੂੰ ਬੈਠਕ ਸੀ ਜਿਸ ਵਿਚ ਸ੍ਰੀ ਜੋਸ਼ੀ ਨੇ ਪਹਿਲੀ ਕਮੇਟੀ ਵਾਲੀ ਰਿਪੋਰਟ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ।

ਇਹ ਰਿਪੋਰਟ ਸ੍ਰੀਮਤੀ ਮੀਰਾ ਕੁਮਾਰ ਨੇ ਮਨਜ਼ੂਰ ਨਹੀਂ ਕੀਤੀ ਸੀ ਤੇ ਵਾਪਸ ਸ੍ਰੀ ਜੋਸ਼ੀ ਕੋਲ ਇਹ ਕਹਿ ਕੇ ਭੇਜ ਦਿੱਤੀ ਸੀ ਇਸ ਰਿਪੋਰਟ ਨੂੰ ਮੁੜ ਪੂਰਾ ਕਰਕੇ ਭੇਜਿਆ ਜਾਵੇ। 28 ਜੂਨ ਨੂੰ ਕਮੇਟੀ ਦੀ ਮੀਟਿੰਗ ਵਿਚ ਜਿਉਂ ਹੀ ਸ੍ਰੀ ਜੋਸ਼ੀ ਨੇ ਪੁਰਾਣੀ ਰਿਪੋਰਟ ਨੂੰ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਤਾਂ ਕਾਂਗਰਸ ਦੀ ਮੈਂਬਰ ਜਯੰਤੀ ਨਟਰਾਜਨ ਨੇ ਇਸ ਦਾ ਸਖਤ ਵਿਰੋਧ ਕੀਤਾ। ਉਨ੍ਹਾਂ ਨਾਲ ਕਾਂਗਰਸ ਦੇ ਦੂਜੇ ਮੈਂਬਰ ਕੇ. ਸੁਧਾਕਰਨ, ਸੰਜੇ ਨਿਰੂਪਮ, ਗਿਰਜਾ ਵਿਆਸ ਤੇ ਕੇ. ਐਸ. ਰਾਓ ਵੀ ਖੜ੍ਹੇ ਹੋ ਗਏ ਤੇ ਉਨ੍ਹਾਂ ਨੇ ਕਿਹਾ ਪੁਰਾਣੀ ਰੱਦ ਕੀਤੀ ਰਿਪੋਰਟ ਨਵੀਂ ਕਮੇਟੀ ਵਿਚ ਨਹੀਂ ਲਿਆਂਦੀ ਜਾ ਸਕਦੀ। ਸ੍ਰੀ ਜੋਸ਼ੀ ਨੇ ਕਾਂਗਰਸ ਮੈਂਬਰਾਂ ਨੂੰ ਬੋਲਣ ਤੋਂ ਰੋਕਿਆ ਤੇ ਇਸ ‘ਤੇ ਹੰਗਾਮਾ ਖੜ੍ਹਾ ਹੋ ਗਿਆ। ਭਾਜਪਾ ਤੇ ਉਸ ਦੇ ਸਹਿਯੋਗੀ ਪਾਰਟੀਆਂ ਦੇ ਮੈਂਬਰਾਂ ਨੇ ਕਿਹਾ ਕਿ ਰਿਪੋਰਟ ਮੁੜ ਵਿਚਾਰਨ ਲਈ ਮੀਟਿੰਗ ਵਿਚ ਪੇਸ਼ ਹੋਣੀ ਚਾਹੀਦੀ ਹੈ।

ਬਸਪਾ ਦੇ ਮੈਂਬਰ ਸਤੀਸ਼ ਚੰਦਰ ਮਿਸ਼ਰਾ ਨੇ ਰਿਪੋਰਟ ਨੂੰ ਮੀਟਿੰਗ ਵਿਚ ਵੰਡਣ ਦੇ ਹੱਕ ਵਿਚ ਬੋਲੇ ਤੇ ਡੀ.ਐਮ.ਕੇ. ਜਿਸ ਨੇ ਪਹਿਲਾਂ ਸ੍ਰੀ ਜੋਸ਼ੀ ਦੀ ਰਿਪੋਰਟ ਦਾ ਖੁੱਲ੍ਹ ਕੇ ਵਿਰੋਧ ਕੀਤਾ ਸੀ, ਦੇ ਮੈਂਬਰ ਅਧੀ ਸ਼ੰਕਰ ਨੇ ਰਿਪੋਰਟ ਦਾ ਵਿਰੋਧ ਨਹੀਂ ਕੀਤਾ ਸਗੋਂ ਕਿਹਾ ਕਿ ਹੋਰ ਗਵਾਹਾਂ ਦੇ ਬਿਆਨ ਲੈ ਕੇ ਇਸ ਰਿਪੋਰਟ ਨੂੰ ਪੂਰਾ ਕਰ ਲਿਆ ਜਾਵੇ। ਕਾਂਗਰਸ ਸ੍ਰੀ ਜੋਸ਼ੀ ਦੀ ਰਿਪੋਰਟ ਦਾ ਇਸ ਕਰਕੇ ਸਖਤ ਵਿਰੋਧ ਕਰ ਰਹੀ ਹੈ ਕਿਉਂਕਿ ਰਿਪੋਰਟ ਵਿਚ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਤੇ ਗ੍ਰਿਹ ਮੰਤਰੀ ਪੀ. ਚਿਦੰਬਰਮ ਦੀ 2-ਜੀ ਸਪੈਕਟ੍ਰਮ ਵੰਡ ਘੁਟਾਲੇ ਵਿਚ ਕਥਿਤ ‘ਗੈਰ-ਜ਼ਿੰਮੇਵਾਰ’ ਭੂਮਿਕਾ ਦਾ ਉਲੇਖ ਕੀਤਾ ਹੈ।

ਨਵੀਂ ਬਣੀ ਕਮੇਟੀ ਦੇ ਕਾਂਗਰਸ ਮੈਂਬਰ ਇਹ ਵੀ ਕਹਿ ਚੁੱਕੇ ਹਨ ਕਿ ਜਦੋਂ 2-ਜੀ ਸਪੈਕਟ੍ਰਮ ਵੰਡ ਘੁਟਾਲਾ ਦਾ ਸਾਂਝੀ ਸੰਸਦੀ ਕਮੇਟੀ (ਜੇ.ਪੀ.ਸੀ.) ਜਾਂਚ-ਪੜਤਾਲ ਕਰ ਰਹੀ ਹੈ ਤਾਂ ਸੰਸਦੀ ਲੇਖਾਕਾਰ ਕਮੇਟੀ ਨੂੰ ਘੁਟਾਲੇ ਦੀ ਜਾਂਚ ਕਰਨ ਦੀ ਜ਼ਰੂਰਤ ਨਹੀਂ ਹੈ। ਸ੍ਰੀ ਜੋਸ਼ੀ ਨੇ ਪੁਰਾਣੀ ਕਮੇਟੀ ਦੀ ਰਿਪੋਰਟ 30 ਅਪਰੈਲ 2011 ਨੂੰ ਸ੍ਰੀਮਤੀ ਮੀਰਾ ਕੁਮਾਰ ਨੂੰ ਸੌਂਪੀ ਸੀ ਜਿਸ ਦਿਨ ਉਸ ਕਮੇਟੀ ਦੀ ਮਿਆਦ ਪੂਰੀ ਹੋ ਰਹੀ ਸੀ। 28 ਜੂਨ ਦੀ ਬੈਠਕ ਵਿਚ ਡਾ. ਜੋਸ਼ੀ ਨੇ ਸਰਬਸੰਮਤੀ ਬਣਾਉਣ ਦੀ ਕੋਸ਼ਿਸ਼ ਕੀਤੀ। 2-ਜੀ ਸਪੈਕਟ੍ਰਮ ਘੁਟਾਲੇ ਵਿਚ ਸਰਕਾਰੀ ਖਜ਼ਾਨੇ ਨੂੰ 1.76 ਲੱਖ ਕਰੋੜ ਦਾ ਨੁਕਸਾਨ ਹੋਇਆ ਦੱਸਿਆ ਜਾਂਦਾ ਹੈ ਕਿਉਂਕਿ 2007-2008 ਵਿਚ ਸਾਬਕਾ ਟੈਲੀਕਾਮ ਮੰਤਰੀ ਏ. ਰਾਜਾ ਨੇ ਆਪਣੀਆਂ ਚਹੇਤੀਆਂ ਕੰਪਨੀਆਂ ਨੂੰ ‘ਕੂੜੇ ਦੇ ਭਾਅ’ ਸਪੈਕਟ੍ਰਮ ਵੇਚ ਦਿੱਤਾ ਸੀ। ਉਸ ਸਮੇਂ ਸ੍ਰੀ ਚਿਦੰਬਰਮ ਕੇਂਦਰੀ ਵਿੱਤ ਮੰਤਰੀ ਸਨ।


**Law Offices of Gill & Heridis**

Immigration Services
- Family Petitions
- Marriage Petitions
- Fiance Visas
- Vawa Petitions
- Consular Processing
- Worker Visas

- 9th Circuit Appeals
- BIA Appeals
- Removal Defense
- Asylum

Personal Injury
- Auto Collision



*Bhupinder Gill*
*Attorney at Law*
*(Admitted in CA)*

*Call for free initial consultation*

**(408) 940-6065, (408) 736-5203**

Email: gill@ghfirm.com Web: www.ghfirm.com

830 Stewart Drive, Suite#231, Sunnyvale, CA 94085

**Punjab Insurance Agency**

7212 Florin Mall Dr., Sacramento, CA, (CA Lic. 0C53799)

Ph: 916-391-7447, 916-391-7553, Fax: 916-391-7337

**ਅਸੀਂ ਹੇਠ ਲਿਖੀਆਂ ਸੇਵਾਵਾਂ ਮੁਹਈਆ ਕਰਦੇ ਹਾਂ:**

ਇਮੀਗਰੇਸ਼ਨ: ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, ਐਫੀਡੈਵਿਟ ਆਫ ਸੁਪੋਰਟ, ਰਿਸ਼ਤੇਦਾਰਾਂ ਦੀ ਪਟੀਸ਼ਨ, ਰੀ-ਐਂਟਰੀ ਪਰਮਿਟ।

ਵੀਜ਼ਾ, ਪਾਸਪੋਰਟ: ਦੋਹਰੀ ਨਾਗਰਿਕਤਾ, ਪਾਵਰ ਆਫ ਅਟਾਰਨੀ, ਪਾਸਪੋਰਟ ਸੁਰੈਂਡਰ ਅਤੇ ਰੀਨਾਊਂਸੀਏਸ਼ਨ।

**ਇੰਸ਼ੋਰੈਂਸ ਸੇਵਾਵਾਂ:**

- Trucker Insurance and IFTA Filing.
- Liquor Store, Mini-Mart, Grocery Store
- Restaurant, Motel/Hotel
- Gas Station and Garage Coverage
- Ice Cream Vehicle & General Liability
- E&O and Professional Liability
- Apartment Complexes and Office Buildings
- Home, Auto and Flood Insurance, One day events.

**Notary Public, Live Certificate, Translation**

ਅਸੀਂ ਅੰਗਰੇਜ਼ੀ, ਹਿੰਦੀ, ਪੰਜਾਬੀ ਅਤੇ ਉਰਦੂ ਬੋਲਦੇ ਹਾਂ।
ਇੰਸ਼ੋਰੈਂਸ ਦੀ ਕੋਟੇਸ਼ਨ ਲੈਣ ਵਾਸਤੇ ਜਾਂ ਆਪਣੀ ਮੌਜੂਦਾ ਇੰਸ਼ੋਰੈਂਟ ਪਾਲਿਸੀ ਦੇ ਮੁਲੰਕਣ ਲਈ ਸਾਡੇ ਪਾਸ ਆਓ ਜਾਂ ਕਾਲ ਕਰੋ।

*ਸਾਨੂੰ ਇੰਸ਼ੋਰੈਂਸ ਲਾਈਨ ਵਿਚ 10 ਸਾਲ ਤੋਂ ਵੱਧ ਦਾ ਤਜ਼ਰਬਾ ਹੈ*

ਮਨਜੀਤ ਸਿੰਘ 916-391-7447

ਸਜਵੀਰ ਸਿੰਘ 916-391-7553

**ATM's & Credit Card Terminals at Lowest Prices! No Hidden Fees.**

Merchant Accounts-Grocery, Motels, Limos/Taxis, Gas stations.

Credit card terminals -Verifone, Hypercom...

Transfer existing CC processing to us for lower rates.

*99% approved same day.* We specialize in high risk businesses.

ATMs – TRANAX/TRITON/WRG, starting at $69/mo.*
*(Perfect for retail stores, hotels, gas stations, etc.)*

*Need Money?* We provide cash advance against credit card processing with NO collateral or personal guarantee.

Online Data Corp. is a registered ISO/MSP of Wells Fargo Bank N.A.
*Credit restrictions apply.

Call SAGAR HANDA at: 773-416-8526
or 773-935-VISA, SagarATM@yahoo.com

www.GoldCoastATM.com



# ਪੰਜਾਬ ਟਾਈਮਜ਼

*ਸਨਿਚਰਵਾਰ, 2 ਜੁਲਾਈ 2011*

## ਚਿਦੰਬਰਮ ਅਤੇ ਚੁਰਾਸੀ ਦੀ ਚੀਸ

ਭਾਰਤ ਦੇ ਗ੍ਰਹਿ ਮੰਤਰੀ ਪੀ. ਚਿਦੰਬਰਮ ਨੇ ਨਵੀਂ ਦਿੱਲੀ ਵਿਚ ਇਕ ਸਮਾਗਮ ਦੌਰਾਨ ਕਿਹਾ ਹੈ ਕਿ ਸਿੱਖ 1984 ਵਿਚ ਸਿੱਖਾਂ ਦੇ ਹੋਏ ਕਤਲੇ-ਏ-ਆਮ ਨੂੰ ਹੁਣ ਭੁੱਲ ਜਾਣ ਅਤੇ ਮੁਆਫ਼ ਕਰ ਦੇਣ। ਇਹ ਪਹਿਲੀ ਵਾਰ ਨਹੀਂ ਹੈ ਤੇ ਸ਼ਾਇਦ ਅੰਤਿਮ ਵਾਰ ਵੀ ਨਹੀਂ ਕਿ ਕਿਸੇ ਕਾਂਗਰਸੀ ਲੀਡਰ ਨੇ ਸਿੱਖਾਂ ਉਤੇ 1984 ਵਿਚ ਹੋਏ ਕਹਿਰ ਨੂੰ ਭੁੱਲ ਜਾਣ ਅਤੇ ਮੁਆਫ਼ ਕਰਨ ਬਾਰੇ ਕਿਹਾ ਹੈ। ਉਨ੍ਹਾਂ ਤੋਂ ਪਹਿਲਾਂ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਅਤੇ ਸਿੱਖ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਵੀ ਸ੍ਰੀ ਹਰਿਮੰਦਰ ਸਾਹਿਬ ਵਿਚ ਫੌਜ ਦੀ ਚੜ੍ਹਾਈ ਦੇ ਮਾਮਲੇ ਵਿਚ ਇਸੇ ਤਰ੍ਹਾਂ ਦੀਆਂ ਗੱਲਾਂ ਕੀਤੀਆਂ ਸਨ। ਫਰਕ ਸਿਰਫ਼ ਇੰਨਾ ਕੁ ਹੈ ਕਿ ਸੋਨੀਆ ਗਾਂਧੀ ਅਤੇ ਡਾ. ਮਨਮੋਹਨ ਸਿੰਘ ਨੇ ਉਦੋਂ ਗੱਲ ਘੁਮਾ-ਫਿਰਾ ਕੇ ਕੀਤੀ ਸੀ, ਐਤਕੀਂ ਪੀ. ਚਿਦੰਬਰਮ ਨੇ ਉਹੀ ਗੱਲ ਰਤਾ ਕੁ ਸਿੱਧੀ ਕਹਿ ਦਿੱਤੀ ਹੈ। ਹੁਣ ਹੋਰ ਕਿਸੇ ਵੀ ਬਹਿਸ ਵਿਚ ਪੈਣ ਦੀ ਥਾਂ, ਸਭ ਤੋਂ ਪਹਿਲਾਂ ਅਤੇ ਜ਼ਰੂਰੀ ਵਿਚਾਰਨ ਵਾਲਾ ਮੁੱਦਾ ਇਹ ਹੈ ਕਿ ਇਹ ਗੱਲਾਂ ਇਨ੍ਹਾਂ ਕਾਂਗਰਸੀ ਲੀਡਰਾਂ ਨੇ ਕਦੋਂ, ਕਿਉਂ ਅਤੇ ਕਿਸ ਪ੍ਰਸੰਗ ਵਿਚ ਕੀਤੀਆਂ ਹਨ। ਇਹ ਪੁਣ-ਛਾਣ ਕਰਨ ਨਾਲ ਇਨ੍ਹਾਂ ਲੀਡਰਾਂ ਦੀ ਦਿਆਨਤਦਾਰੀ ਅਤੇ ਗੈਰ-ਦਿਆਨਤਦਾਰੀ ਦਾ ਨਿਖੇੜਾ ਵੀ ਹੋ ਜਾਵੇਗਾ। ਨਾਲ ਹੀ ਇਕ ਵਾਰ ਫਿਰ, ਇਹ ਰਿੜਕਣ ਦਾ ਮੌਕਾ ਵੀ ਮੁਹੱਈਆ ਹੋ ਜਾਵੇਗਾ ਕਿ ਸਿੱਖ ਭਾਈਚਾਰੇ ਨੇ ਇਸ ਬਾਰੇ ਅਗਾਂਹ ਅਜਿਹਾ ਕੀ ਪੈਂਤੜਾ ਮੱਲਣਾ ਹੈ ਕਿ ਨਵੀਂ ਪੀੜ੍ਹੀ ਪੂਰੇ ਜ਼ੋਰ ਅਤੇ ਜਬ੍ਹੇ ਨਾਲ ਅੰਬਰੀਂ ਪਰਵਾਜ਼ ਭਰ ਸਕੇ।

ਜਿਸ ਸਮਾਗਮ ਵਿਚ ਪੀ. ਚਿਦੰਬਰਮ ਨੇ ਇਹ ਗੱਲ ਆਖੀ ਹੈ, ਉਹ ਉਨ੍ਹਾਂ ਦੇ ਸਨਮਾਨ ਵਿਚ ਕਿਸੇ ਸਿੱਖ ਜਥੇਬੰਦੀ ਨੇ ਹੀ ਕਰਵਾਇਆ ਸੀ। ਭਾਰਤੀ ਸਿਆਸਤਦਾਨਾਂ ਦਾ ਇਹ ਖਾਸਾ ਰਿਹਾ ਹੈ ਕਿ ਉਹ ਜਿਸ ਸਮਾਗਮ, ਸੂਬੇ ਜਾਂ ਇਲਾਕੇ ਵਿਚ ਜਾਂਦੇ ਹਨ; ਅਕਸਰ ਹੀ ਉਹ ਉਸੇ ਤਰ੍ਹਾਂ ਦੀ ਬੋਲੀ ਬੋਲਦੇ ਹਨ। ਅਜਿਹਾ ਕਰਨਾ ਕਿਸੇ ਵੀ ਸਿਆਸਤਦਾਨ ਦਾ ਕਸੂਰ ਨਹੀਂ, ਸਗੋਂ ਇਹ ਉਨ੍ਹਾਂ ਦੀ ਸਿਆਸੀ ਹੋਂਦ ਬਰਕਰਾਰ ਰੱਖਣ ਦੀ ਮਜਬੂਰੀ ਹੈ ਤੇ ਇਹ ਮਜਬੂਰੀ ਸਿਰਫ਼ ਤੇ ਸਿਰਫ਼ ਵੋਟਾਂ ਬਟੋਰਨ ਦੀ ਸਿਆਸਤ ਨਾਲ ਜੁੜੀ ਹੋਈ ਹੈ। ਇਸ 'ਮਜਬੂਰੀ' (ਅਸਲ ਵਿਚ ਮੌਕਾਪ੍ਰਸਤੀ) ਦੀਆਂ ਅਣਗਿਣਤ ਮਿਸਾਲਾਂ ਕਿਸੇ ਵੀ ਇਲਾਕੇ ਵਿਚੋਂ, ਕਿਸੇ ਵੀ ਲੀਡਰ ਜਾਂ ਕਿਸੇ ਵੀ ਪਾਰਟੀ ਬਾਰੇ ਦਿੱਤੀਆਂ ਜਾ ਸਕਦੀਆਂ ਹਨ। ਇਸ ਸਿਆਸੀ ਮਜਬੂਰੀ ਵਿਚੋਂ ਹੀ ਲੀਡਰ ਅਜਿਹੇ ਬਿਆਨ ਦਿੰਦੇ ਹਨ। ਇਹ ਸਰਾਸਰ ਸਿਆਸੀ ਬੇਈਮਾਨੀ ਤੇ ਗੈਰ-ਦਿਆਨਤਦਾਰੀ ਹੈ। ਜੇ ਕਿਸੇ ਦੇ ਦਰਦ ਨੇ ਤੁਹਾਨੂੰ ਇੰਨਾ ਹੀ ਪੀੜ-ਪੀੜ ਕੀਤਾ ਹੈ; ਇੰਨਾ ਹੀ ਤੜਫਾਇਆ ਹੈ; ਤਾਂ ਇਹ ਪੀੜ ਤੁਹਾਡੇ ਕੰਮਾਂ-ਕਾਰਜਾਂ ਵਿਚੋਂ ਬਾਕਾਇਦਾ ਜ਼ਾਹਿਰ ਹੋਣੀ ਚਾਹੀਦੀ ਹੈ, ਫਿਰ ਇਹ ਸਿਆਸੀ ਈਮਾਨਦਾਰੀ ਤੇ ਦਿਆਨਤਦਾਰੀ ਹੋਣੀ ਸੀ; ਇਸ ਸੂਰਤ ਵਿਚ ਕਿਸੇ ਨੂੰ ਅਜਿਹੇ ਬਿਆਨਾਂ ਦੀ ਲੋੜ ਹੀ ਨਹੀਂ ਸੀ ਪੈਣੀ। ਜਦੋਂ ਤੁਸੀਂ ਸਮੁੱਚੇ ਸਿਸਟਮ, ਸਣੇ ਜੁਡੀਸ਼ਰੀ, ਜਿੱਥੋਂ ਆਵਾਮ ਨੂੰ ਨਿਆਂ ਦੀ ਮਾੜੀ-ਮੋਟੀ ਆਸ ਬੱਝਦੀ ਹੁੰਦੀ ਹੈ, ਨੂੰ ਤਾਕ ਵਿਚ ਰੱਖ ਕੇ, ਆਵਾਮ ਦੀਆਂ ਮੰਗਾਂ-ਮਸਲਿਆਂ ਨੂੰ ਦਰੜ ਕੇ ਲੰਘਦੇ ਹੋ, ਤਾਂ ਅਜਿਹੇ ਬਿਆਨਾਂ ਦਾ ਕੋਈ ਮਤਲਬ ਹੀ ਨਹੀਂ ਰਹਿ ਜਾਂਦਾ। ਪੀ. ਚਿਦੰਬਰਮ ਦਾ ਬਿਆਨ ਵੀ ਇਸੇ ਸ਼੍ਰੇਣੀ ਵਿਚ ਆਉਂਦਾ ਹੈ।

ਦਰਅਸਲ, ਸਿੱਖਾਂ ਉਤੇ ਕਹਿਰ ਬਾਰੇ ਹੁਣ ਤੱਕ ਸਿਆਸਤ ਹੀ ਹੋਈ ਹੈ। ਸਿਤਮਜ਼ਰੀਫ਼ੀ ਇਹ ਹੈ ਕਿ ਕਹਿਰ ਕਰਨ ਵਾਲਿਆਂ ਨੇ ਤਾਂ ਅਜਿਹਾ ਕਰਨਾ ਹੀ ਸੀ, ਇਨ੍ਹਾਂ ਤੋਂ ਕਿਸੇ ਨੇ ਕਦੇ ਕੋਈ ਆਸ ਵੀ ਨਹੀਂ ਸੀ ਰੱਖੀ ਪਰ ਸਿੱਖਾਂ ਦੇ ਆਪੂੰ ਬਣੇ ਖੈਰ-ਖਵਾਹਾਂ ਨੇ ਵੀ ਇਸ ਮਸਲੇ 'ਤੇ ਆਮ ਕਰਕੇ ਸਿਆਸਤ ਹੀ ਕੀਤੀ ਹੈ। ਸਤਾਈ ਸਾਲ ਪਿਛਾਂਹ ਝਾਤੀ ਮਾਰਨ ਨਾਲ ਹੀ ਪਤਾ ਲੱਗ ਜਾਵੇਗਾ ਕਿ ਇਸ ਮਸਲੇ ਬਾਰੇ ਸਰਗਰਮੀ ਕਦੋਂ, ਕਿੱਥੇ, ਕਿੱਦਾਂ ਅਤੇ ਕਿਸ ਰੂਪ ਵਿਚ ਹੁੰਦੀ ਰਹੀ ਹੈ। ਜੇ ਅਜਿਹਾ ਨਾ ਹੁੰਦਾ ਤਾਂ ਇਸ ਕਹਿਰ ਦੀ ਮਾਰ ਹੇਠ ਆਏ ਲੋਕਾਂ ਦੀ ਹਾਲਤ ਉਹ ਨਾ ਹੁੰਦੀ ਜਿਸ ਵਿਚੋਂ ਅੱਜ ਉਹ ਲੰਘ ਰਹੇ ਹਨ। ਪੀੜ-ਪੀੜ ਹੋਏ ਇਨ੍ਹਾਂ ਲੋਕਾਂ ਦੀਆਂ ਦੋ-ਦੋ ਪੀੜ੍ਹੀਆਂ ਨੂੰ ਖੁਆਰੀ ਤੋਂ ਸਿਵਾ ਕੁਝ ਨਹੀਂ ਮਿਲਿਆ। ਇਹ ਪੀੜ੍ਹੀਆਂ ਅੱਜ ਵੀ ਬੇਗਾਨਗੀ ਦੇ ਉਸੇ ਚੌਰਾਹੇ ਵਿਚ ਖੜ੍ਹੀਆਂ ਹਨ। ਅੱਜ ਵੀ ਅਖੌਤੀ ਸਵੈ-ਸੇਵੀ ਜਥੇਬੰਦੀਆਂ ਜਾਂ ਦਰਦ ਦਾ ਦਿਖਾਵਾ ਕਰਨ ਵਾਲੇ ਲੀਡਰ ਇਨ੍ਹਾਂ ਨੂੰ ਵਰ੍ਹੇਗੰਢਾਂ ਦੇ ਹਿਸਾਬ ਨਾਲ ਸਾਲ ਬਾਅਦ ਹੀ ਮਿਲਣ ਜਾਂ ਇਮਦਾਦ ਕਰਨ ਪੁੱਜਦੇ ਹਨ। ਇਨ੍ਹਾਂ ਦਾ ਸਾਰਾ ਸਾਲ ਕਿਵੇਂ ਲੰਘਦਾ ਹੈ, ਕੋਈ ਨਹੀਂ ਪੁੱਛਦਾ। ਬੇਰੁਜ਼ਗਾਰੀ ਦੀ ਮਾਰ ਨੇ ਇਨ੍ਹਾਂ ਦੇ ਜ਼ਿਹਨ ਨੂੰ ਬਹੁਤ ਬੁਰੀ ਤਰ੍ਹਾਂ ਛਿੱਲਿਆ ਹੋਇਆ ਹੈ। 1984 ਦੇ ਜ਼ਖ਼ਮ ਤਾਂ ਹਨ ਹੀ, ਇਨ੍ਹਾਂ ਜ਼ਖ਼ਮਾਂ ਦੀ ਪੀੜ ਵੀ ਉਨ੍ਹਾਂ ਨੂੰ ਹੰਢਾਉਣੀ ਪੈ ਰਹੀ ਹੈ। ਕੀ ਇਹ ਵੀ ਉਸੇ ਸਿਆਸਤ ਦੇ ਸ਼ਿਕਾਰ ਤਾਂ ਨਹੀਂ ਹੋ ਰਹੇ ਜੋ ਮਹਿਜ਼ ਵੋਟਾਂ ਬਟੋਰਨ ਲਈ ਲੀਡਰ ਕਰਦੇ ਹਨ?

ਚੁਰਾਸੀ ਦੀ ਚੀਸ ਸਿੱਖਾਂ ਲਈ ਕਦੀ ਵੀ ਨਾ ਮੁੱਕਣ ਵਾਲੀ ਚੀਸ ਹੈ। ਇਸ ਨੇ ਘੱਟ ਜਾਂ ਵੱਧ ਕਿਸੇ ਨਾ ਕਿਸੇ ਰੂਪ ਵਿਚ, ਹਮੇਸ਼ਾ-ਹਮੇਸ਼ਾ ਲਈ ਸਿੱਖਾਂ ਦੇ ਅੰਗ-ਸੰਗ ਰਹਿਣਾ ਹੈ। ਨਿਆਂ ਦੇ ਕੇ ਇਸ ਚੀਸ ਨੂੰ ਘਟਾਇਆ ਜਾ ਸਕਦਾ ਸੀ ਪਰ ਇਸ ਪਾਸੇ ਗੱਲ ਕਿਸੇ ਨੇ ਤੋਰੀ ਨਹੀਂ। ਉਂਜ ਹੁਣ ਵਿਚਾਰਨ ਵਾਲਾ ਮਸਲਾ ਇਹ ਹੈ ਕਿ ਸਿੱਖਾਂ ਨੇ ਇਸ ਮੁੱਦੇ 'ਤੇ ਵੱਖ-ਵੱਖ ਧਿਰਾਂ ਵੱਲੋਂ ਕੀਤੀ ਜਾਂਦੀ ਸਿਆਸਤ ਦਾ ਖਾਜਾ ਬਣਨਾ ਹੈ ਜਾਂ ਫਿਰ ਸਰਬੱਤ ਦੇ ਭਲੇ ਨੂੰ ਅੰਗ-ਸੰਗ ਰੱਖਦਿਆਂ ਭਵਿੱਖ ਦਾ ਦਰਵਾਜ਼ਾ ਖੜਕਾਉਣਾ ਹੈ। ਆਵਾਮ ਨੇ ਬਦਲੇ ਦੀ ਅੱਗ ਵਿਚ ਮੱਚਣ ਵਾਲਾ ਦੌਰ ਵੀ ਦੇਖਿਆ ਹੈ। ਉਸ ਦੌਰ ਦਾ ਸੇਕ ਕੋਈ ਘੱਟ ਨਹੀਂ ਸੀ। ਉਸ ਦੌਰ ਵਿਚ ਸਿੱਖ ਰਵਾਇਤਾਂ ਵੀ ਦਾਅ 'ਤੇ ਲੱਗ ਗਈਆਂ ਸਨ ਪਰ ਸਿੱਖੀ ਦੇ ਕੇਂਦਰ ਵਿਚ ਸਦਾ ਹੀ ਸਰਬੱਤ ਦਾ ਭਲਾ ਰਿਹਾ ਹੈ। ਇਸ ਦੇ ਨਾਲ ਹੀ ਇਸ ਨੇ ਸਦਾ ਹੀ ਜ਼ੁਲਮ ਖਿਲਾਫ਼ ਆਵਾਜ਼ ਬੁਲੰਦ ਕਰਨ ਦਾ ਇਤਿਹਾਸਕ ਰੋਲ ਨਿਭਾਇਆ ਹੈ। ਚੁਰਾਸੀ ਬਾਰੇ ਸਿਆਸਤ ਪੀ. ਚਿਦੰਬਰਮਾਂ, ਮਨਮੋਹਨ ਸਿੰਘਾਂ ਅਤੇ ਹੋਰਨਾਂ ਨੂੰ ਮੁਬਾਰਕ! ਸਿੱਖੀ ਸਿਦਕ ਅਤੇ ਸਰਬੱਤ ਦੇ ਭਲੇ ਉਤੇ ਕਾਇਮ ਰਹਿਣ ਵਾਲਿਆਂ ਦੀ ਸਦਾ ਸਲਾਮਤੀ ਲਈ ਸਦਾ ਅਰਦਾਸ ਹੈ!

### ਠਾਹ-ਸੋਟਾ

-ਚਾਚਾ ਬੇਲਿਹਾਜ਼

**ਲੋਕ-ਪਾਲ, ਨਾ ਅੰਨਾ ਹਜ਼ਾਰੇ!**

ਚੋਣਾਂ ਵੇਲੇ ਤਾਂ ਵੋਟਰ ਬਲਿਹਾਰ ਜਾਂਦੇ! ਸਿਆਸਤਦਾਨਾਂ ਦੇ ਝੂਠੇ ਲਾਰਿਆਂ ਤੋਂ।
ਲੋਟੂ ਚੋਰ ਜਦ ਗੱਦੀਆਂ ਮੱਲ ਲੈਂਦੇ ਸਰਦਾ ਕੁਝ ਨਾ ਵਕਤ ਦੇ ਮਾਰਿਆਂ ਤੋਂ।
ਮੁਰਦਾਬਾਦ ਕਹਿ ਫੂਕਦੇ ਫੇਰ ਪੁਤਲੇ ਹੋ ਕੇ ਦੁਖੀ ਸਰਕਾਰ ਦੇ ਕਾਰਿਆਂ ਤੋਂ।
ਖੋਹ ਲਈ ਸੀ ਦਰੋਪਦੀ ਕੌਰਵਾਂ ਨੇ ਜਿੱਦਾਂ ਜੂਏ ਵਿਚ ਪਾਂਡਵਾਂ ਹਾਰਿਆਂ ਤੋਂ।
ਆਉਣੀ ਹੋਸ਼ ਟਿਕਾਣੇ ਨਾ ਲੀਡਰਾਂ ਦੀ, ਬਿਨਾ ਜਨਤਾ ਦੇ ਹੱਥਾਂ ਕਰਾਰਿਆਂ ਤੋਂ।
ਆਵਾ ਊਤਿਆ ਸੂਤ ਨਹੀਂ ਆਉਣ ਲੱਗਾ, ਲੋਕ-ਪਾਲ ਜਾਂ ਅੰਨਾ ਹਜ਼ਾਰਿਆਂ ਤੋਂ!

# ਸੰਵਿਧਾਨ ਦਾ ਤਕਨੀਕੀ ਪੱਖ ਤੇ ਜਮਹੂਰੀ ਖ਼ਾਸਾ

*ਵਿਧਾਨ ਸਭਾਵਾਂ, ਲੋਕ ਸਭਾ ਤੇ ਰਾਜ ਸਭਾ ਵਿਚ ਬਹਿਸ ਦਾ ਮਿਆਰ ਲਗਾਤਾਰ ਨੀਵਾਂ ਹੋ ਰਿਹਾ ਹੈ। ਅਹਿਮ ਕਾਨੂੰਨ ਬਿਨਾਂ ਬਹਿਸ ਤੋਂ ਪਾਸ ਕਰ ਦਿੱਤੇ ਜਾਂਦੇ ਹਨ। ਲੋਕ ਸਭਾ ਵਿਚ 17 ਮਿੰਟਾਂ ਦੌਰਾਨ 11 ਕਾਨੂੰਨ ਪਾਸ ਕਰ ਦਿੱਤੇ ਗਏ ਸਨ। ਬਜਟ ਇਜਲਾਸ ਤੋਂ ਬਾਅਦ ਪੰਜਾਬ ਸਰਕਾਰ ਨੇ ਕਈ ਕਾਨੂੰਨਾਂ ਬਾਬਤ ਆਰਡੀਨੈਂਸ ਜਾਰੀ ਕੀਤੇ ਹਨ। ਇਨ੍ਹਾਂ ਵਿਚ ਮੁਲਾਜ਼ਮਾਂ ਦੀ 'ਭਰਤੀ ਦੀਆਂ ਸ਼ਰਤਾਂ' ਅਤੇ 'ਪ੍ਰਸ਼ਾਸਨਿਕ ਸੇਵਾਵਾਂ ਦੇ ਹੱਕ' ਬਾਬਤ ਆਰਡੀਨੈਂਸ ਅਹਿਮ ਹਨ। ਇਨ੍ਹਾਂ ਦੋਵਾਂ ਆਰਡੀਨੈਂਸਾਂ ਨੇ ਸਮੁੱਚੇ ਸੂਬੇ ਉੱਤੇ ਅਸਰਅੰਦਾਜ਼ ਹੋਣਾ ਹੈ। ਇਨ੍ਹਾਂ ਲਈ ਵਿਧਾਨ ਸਭਾ ਦੇ ਇਜਲਾਸ ਦੀ ਉਡੀਕ ਨਹੀਂ ਕੀਤੀ ਗਈ। ਇਸ ਦੇ ਉਲਟ, ਵਿਧਾਨ ਸਭਾ ਦੇ ਇਜਲਾਸ ਤੋਂ ਕੁਝ ਦਿਨ ਬਾਅਦ ਹੀ ਇਹ ਆਰਡੀਨੈਂਸ ਜਾਰੀ ਕਰ ਦਿੱਤੇ ਗਏ। ਉਸ ਸਮੇਂ ਦੌਰਾਨ ਅਜਿਹਾ ਕੁਝ ਨਹੀਂ ਵਾਪਰਿਆ ਜਿਸ ਨਾਲ ਇਨ੍ਹਾਂ ਨੂੰ ਜਾਰੀ ਕਰਨ ਦੀ ਮਜਬੂਰੀ ਆਣ ਪਈ ਹੋਵੇ। ਇਹ ਕਾਨੂੰਨ ਬਣਾਉਣ ਲਈ ਕੰਮ ਤਾਂ ਪਹਿਲਾਂ ਹੀ ਚੱਲ ਰਿਹਾ ਹੋਵੇਗਾ। ਇਸ ਹਾਲਤ ਵਿਚ ਆਰਡੀਨੈਂਸ ਜਾਰੀ ਕਰਨ ਦੇ ਫਿਰ ਕੀ ਮਾਅਨੇ ਬਣਦੇ ਹਨ?*

ਪੰਜਾਬ ਦੀ ਵਿਧਾਨ ਸਭਾ ਜ਼ਿਆਦਾਤਰ ਸ਼ੋਰ-ਸ਼ਰਾਬੇ ਅਤੇ ਗ਼ੈਰ-ਸੰਜੀਦਗੀ ਕਾਰਨ ਹੀ ਚਰਚਾ ਵਿਚ ਰਹਿੰਦੀ ਹੈ। ਇਹ ਰੁਝਾਨ ਭਾਵੇਂ ਦੂਜੇ ਸੂਬਿਆਂ ਦੀਆਂ ਵਿਧਾਨ ਸਭਾਵਾਂ, ਲੋਕ ਸਭਾ ਅਤੇ ਰਾਜ ਸਭਾ ਉੱਤੇ ਵੀ ਤਾਰੀ ਹੈ ਪਰ ਪੰਜਾਬ ਦਾ ਮਾਮਲਾ ਨਿਵੇਕਲਾ ਹੈ। ਪਿਛਲੇ ਦਿਨੀਂ ਪੰਜਾਬ ਵਿਧਾਨ ਸਭਾ ਦਾ ਇੱਕ ਰੋਜ਼ਾ ਇਜਲਾਸ ਬੁਲਾਇਆ ਗਿਆ। ਅਜਿਹਾ ਕਿਸੇ ਵੀ ਹੰਗਾਮੀ ਹਾਲਤ ਵਿਚ ਹੋ ਸਕਦਾ ਹੈ। ਇਸ ਇਜਲਾਸ ਦਾ ਇੱਕ ਨੁਕਾਤੀ ਮਕਸਦ ਵਿਧਾਨ ਸਭਾ ਦੇ ਡਿਪਟੀ ਸਪੀਕਰ ਦੀ ਚੋਣ ਕਰਨਾ ਸੀ। ਸਪੀਕਰ ਦਾ ਅਹਿਮ ਕੰਮ ਵਿਧਾਨ ਸਭਾ ਦੀ ਕਾਰਵਾਈ ਨੂੰ ਚਲਾਉਣਾ ਹੁੰਦਾ ਹੈ ਅਤੇ ਉਸ ਦੀ ਗ਼ੈਰ-ਹਾਜ਼ਰੀ ਵਿਚ ਇਹ ਕੰਮ ਡਿਪਟੀ ਸਪੀਕਰ ਕਰਦਾ ਹੈ। ਜੇ ਦੋਵੇਂ ਗ਼ੈਰ-ਹਾਜ਼ਰ ਹੋਣ ਤਾਂ ਸੰਵਿਧਾਨ ਦੀ ਧਾਰਾ 180 (2) ਤਹਿਤ ਇਹ ਜ਼ਿੰਮੇਵਾਰੀ ਸਭਾ ਦਾ ਕੋਈ ਨੁਮਾਇੰਦਾ ਨਿਭਾਅ ਸਕਦਾ ਹੈ। ਇਹ ਤਾਂ ਸਪਸ਼ਟ ਹੈ ਕਿ ਵਿਧਾਨ ਸਭਾ ਦੇ ਡਿਪਟੀ ਸਪੀਕਰ ਦੀ ਚੋਣ ਕੋਈ ਹੰਗਾਮੀ ਮਸਲਾ ਨਹੀਂ ਹੈ। ਇਸ ਅਹੁਦੇ ਦੇ ਖਾਲੀ ਹੋਣ ਨਾਲ ਸਰਕਾਰ ਦੇ ਕਿਸੇ ਕੰਮ ਵਿਚ ਵਿਘਨ ਨਹੀਂ ਪੈਂਦਾ। ਇਜਲਾਸ ਵਿਚ ਸਪੀਕਰ ਜਾਂ ਡਿਪਟੀ ਸਪੀਕਰ ਦੇ ਅਹੁਦੇ ਨੂੰ ਭਰਨ ਲਈ ਤਰਜੀਹ ਦਿੱਤੀ ਜਾ ਸਕਦੀ ਹੈ ਪਰ ਇਸੇ ਕੰਮ ਲਈ ਇਜਲਾਸ ਬੁਲਾਉਣਾ ਕਈ ਸਵਾਲਾਂ ਦੇ ਬੁਨਿਆਦ ਮਜ਼ਬੂਤ ਕਰਦਾ ਹੈ। ਇਹ ਸਵਾਲ ਵਿਧਾਨ ਸਭਾ ਦੀ ਲੋਕਾਂ ਪ੍ਰਤੀ ਜਵਾਬਦੇਹੀ ਅਤੇ ਸਰਕਾਰ ਦੀ ਸੰਜੀਦਗੀ ਨਾਲ ਜੁੜੇ ਹੋਏ ਹਨ।



### ਸਵਾਲ ਸੰਵਾਦ

ਦਲਜੀਤ ਅਮੀ
ਫੋਨ: +91-97811-21873

ਵਿਧਾਨ ਸਭਾ ਵਿਚ ਲਗਾਤਾਰ ਰੌਲੇ-ਰੱਪੇ ਕਾਰਨ ਪੈਂਦਾ ਵਿਘਨ ਹੁਣ ਰੁਝਾਨ ਵਜੋਂ ਪੱਕੇ ਪੈਰੀਂ ਹੋ ਚੁੱਕਿਆ ਹੈ। ਪੰਜਾਬ ਵਿਚ ਤਾਂ ਵਿਧਾਨ ਸਭਾ ਦੇ ਸਪੀਕਰ ਨਿਰਮਲ ਸਿੰਘ ਕਾਹਲੋਂ ਨੂੰ ਇਹ ਕਹਿਣਾ ਪਿਆ ਸੀ ਕਿ ਵਿਧਾਇਕਾਂ ਨੂੰ ਆਪਣਾ ਆਚਾਰ-ਵਿਹਾਰ ਰੁਤਬੇ ਮੁਤਾਬਕ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਵਿਧਾਇਕਾਂ ਨੂੰ ਵਿਧਾਨ ਸਭਾ ਦੀ ਕਾਰਵਾਈ ਬਾਬਤ ਸਿਖਲਾਈ ਲਈ ਵਰਕਸ਼ਾਪ ਦਾ ਪ੍ਰਬੰਧ ਕੀਤਾ ਸੀ। ਇਹ ਵੱਖਰਾ ਮਸਲਾ ਹੈ ਕਿ ਵਿਧਾਇਕਾਂ ਦੀ ਸਿੱਖਣ ਵਿਚ ਕੋਈ ਦਿਲਚਸਪੀ ਨਹੀਂ ਸੀ। ਇਹ ਧਾਰਨਾ ਤਾਂ ਸਰਵ-ਪ੍ਰਵਾਨਤ ਹੋ ਚੁੱਕੀ ਹੈ ਕਿ ਵਿਧਾਨ ਸਭਾਵਾਂ, ਲੋਕ ਸਭਾ ਤੇ ਰਾਜ ਸਭਾ ਵਿਚ ਬਹਿਸ ਦਾ ਮਿਆਰ ਲਗਾਤਾਰ ਨੀਵਾਂ ਹੋ ਰਿਹਾ ਹੈ। ਅਹਿਮ ਕਾਨੂੰਨ ਬਿਨਾਂ ਬਹਿਸ ਤੋਂ ਪਾਸ ਕਰ ਦਿੱਤੇ ਜਾਂਦੇ ਹਨ। ਲੋਕ ਸਭਾ ਵਿਚ 17 ਮਿੰਟਾਂ ਦੌਰਾਨ 11 ਕਾਨੂੰਨ ਪਾਸ ਕਰ ਦਿੱਤੇ ਗਏ ਸਨ। ਬਜਟ ਇਜਲਾਸ ਤੋਂ ਬਾਅਦ ਪੰਜਾਬ ਸਰਕਾਰ ਨੇ ਕਈ ਕਾਨੂੰਨਾਂ ਬਾਬਤ ਆਰਡੀਨੈਂਸ ਜਾਰੀ ਕੀਤੇ ਹਨ। ਇਨ੍ਹਾਂ ਵਿਚ ਮੁਲਾਜ਼ਮਾਂ ਦੀ 'ਭਰਤੀ ਦੀਆਂ ਸ਼ਰਤਾਂ' ਅਤੇ 'ਪ੍ਰਸ਼ਾਸਨਿਕ ਸੇਵਾਵਾਂ ਦੇ ਹੱਕ' ਬਾਬਤ ਆਰਡੀਨੈਂਸ ਅਹਿਮ ਹਨ। ਇਨ੍ਹਾਂ ਦੋਵਾਂ ਆਰਡੀਨੈਂਸਾਂ ਨੇ ਸਮੁੱਚੇ ਸੂਬੇ ਉੱਤੇ ਅਸਰਅੰਦਾਜ਼ ਹੋਣਾ ਹੈ। ਇਨ੍ਹਾਂ ਲਈ ਵਿਧਾਨ ਸਭਾ ਦੇ ਇਜਲਾਸ ਦੀ ਉਡੀਕ ਨਹੀਂ ਕੀਤੀ ਗਈ। ਇਸ ਦੇ ਉਲਟ, ਵਿਧਾਨ ਸਭਾ ਦੇ ਇਜਲਾਸ ਤੋਂ ਕੁਝ ਦਿਨ ਬਾਅਦ ਹੀ ਇਹ ਆਰਡੀਨੈਂਸ ਜਾਰੀ ਕਰ ਦਿੱਤੇ ਗਏ। ਉਸ ਸਮੇਂ ਦੌਰਾਨ ਅਜਿਹਾ ਕੁਝ ਨਹੀਂ ਵਾਪਰਿਆ ਜਿਸ ਨਾਲ ਇਨ੍ਹਾਂ ਨੂੰ ਜਾਰੀ ਕਰਨ ਦੀ ਮਜਬੂਰੀ ਆਣ ਪਈ ਹੋਵੇ। ਇਹ ਕਾਨੂੰਨ ਬਣਾਉਣ ਲਈ ਕੰਮ ਤਾਂ ਪਹਿਲਾਂ ਹੀ ਚੱਲ ਰਿਹਾ ਹੋਵੇਗਾ। ਇਸ ਹਾਲਤ ਵਿਚ ਆਰਡੀਨੈਂਸ ਜਾਰੀ ਕਰਨ ਦੇ ਫਿਰ ਕੀ ਮਾਅਨੇ ਬਣਦੇ ਹਨ?

ਸੂਬਾ ਸਰਕਾਰ ਵਿੱਤੀ ਬਦਇੰਤਜ਼ਾਮੀ ਵਿਚੋਂ ਨਿਕਲਣ ਦੀ ਉਸੇ ਅਫ਼ਸਰਸ਼ਾਹੀ ਉੱਤੇ ਟੇਕ ਰੱਖਦੀ ਹੈ ਜੋ ਉਨ੍ਹਾਂ ਦੀ ਸਿਆਸੀ ਬਦਨੀਅਤੀ ਉੱਤੇ ਪਰਦਾ ਪਾਉਂਦੀ ਹੈ। ਮੁਲਾਜ਼ਮਾਂ ਦੀ ਕੱਚੀ ਭਰਤੀ ਅਤੇ ਘੱਟ ਤਨਖ਼ਾਹ ਦਾ ਮਸਲਾ ਵਿਧਾਨ ਸਭਾ ਵਿਚ ਰੌਲੇ ਦਾ ਸਬੱਬ ਬਣਨਾ ਸੀ। ਇਸ ਲਈ ਸਰਕਾਰ ਨੇ ਇਜਲਾਸ ਤੋਂ ਬਾਅਦ ਆਰਡੀਨੈਂਸ ਜਾਰੀ ਕਰ ਦਿੱਤਾ। ਫਿਰ ਪਹਿਲਾਂ ਭਰਤੀ ਕੀਤੇ ਜਾ ਚੁੱਕੇ, ਪਰ ਹਾਜ਼ਰ ਹੋਣ ਤੋਂ ਰਹਿੰਦੇ ਮੁਲਾਜ਼ਮਾਂ ਨੂੰ ਰਾਹਤ ਦੇਣ ਦੇ ਐਲਾਨ ਕੀਤੇ ਗਏ ਅਤੇ ਬਾਅਦ ਵਿਚ ਇਸ ਆਰਡੀਨੈਂਸ ਨੂੰ ਵਾਪਸ ਲੈਣ ਦੇ ਬਿਆਨ ਦਿੱਤੇ ਗਏ। ਕਾਨੂੰਨੀ ਤੌਰ ਉੱਤੇ ਹਾਲੇ ਵੀ ਇਸ ਆਰਡੀਨੈਂਸ ਦੀ ਹੋਣੀ ਸਪਸ਼ਟ ਨਹੀਂ ਹੈ। ਮੁਲਾਜ਼ਮ ਜਥੇਬੰਦੀਆਂ ਦੇ ਵਿਰੋਧ ਕਾਰਨ ਸਰਕਾਰ ਇਸ ਆਰਡੀਨੈਂਸ ਉੱਤੇ ਦ੍ਰਿੜ੍ਹ ਪੈਂਤੜਾ ਅਖ਼ਤਿਆਰ ਨਹੀਂ ਕਰ ਸਕੀ। ਸਵਾਲ ਇਹ ਹੈ ਕਿ ਅਜਿਹਾ ਕਾਨੂੰਨ, ਆਰਡੀਨੈਂਸ ਵਜੋਂ ਜਾਰੀ ਕਰਨ ਦੀ ਥਾਂ ਇਜਲਾਸ ਵਿਚ ਕਿਉਂ ਨਹੀਂ ਪੇਸ਼ ਕੀਤਾ ਗਿਆ? ਇਸੇ ਸਵਾਲ ਨਾਲ ਜੋੜ ਕੇ ਹੀ ਇੱਕ ਰੋਜ਼ਾ ਇਜਲਾਸ ਨੂੰ ਵੇਖਿਆ ਜਾਣਾ ਬਣਦਾ ਹੈ।

ਤਕਨੀਕੀ ਪੱਖੋਂ ਵਿਧਾਨ ਸਭਾ ਦਾ ਇਜਲਾਸ ਛੇ ਮਹੀਨਿਆਂ ਵਿਚ ਇੱਕ ਵਾਰ ਹੋਣਾ ਜ਼ਰੂਰੀ ਹੈ। ਇੱਕ ਰੋਜ਼ਾ ਇਜਲਾਸ ਨਾਲ ਸੂਬਾ ਸਰਕਾਰ ਅਗਲਾ ਇਜਲਾਸ ਪਛੇਤਾ ਕਰਨ ਦੀ ਹਾਲਤ ਵਿਚ ਆ ਗਈ ਹੈ। ਹੁਣ ਅਗਲਾ ਇਜਲਾਸ ਜੇ ਛੇ ਮਹੀਨੇ ਬਾਅਦ ਹੁੰਦਾ ਹੈ ਤਾਂ ਉਦੋਂ ਤੱਕ ਚੋਣ ਜ਼ਾਬਤਾ ਲੱਗ ਚੁੱਕਿਆ ਹੋਵੇਗਾ। ਉਸ ਇਜਲਾਸ ਵਿਚ ਸੂਬਾ ਸਰਕਾਰ ਹਰ ਮਸਲੇ ਦਾ ਜਵਾਬ ਚੋਣ ਜ਼ਾਬਤੇ ਨਾਲ ਜੋੜ ਕੇ ਹੀ ਦੇਣ ਨੂੰ ਤਰਜੀਹ ਦੇਵੇਗੀ। ਮਸਲਾ ਇਹ ਹੈ ਕਿ ਜੇ ਅਜਿਹਾ ਹੁੰਦਾ ਹੈ ਤਾਂ ਇਹ ਤਕਨੀਕੀ ਪੱਖੋਂ ਤਾਂ ਸੰਵਿਧਾਨ ਦੇ ਘੇਰੇ ਵਿਚ ਹੀ ਹੋਵੇਗਾ ਪਰ ਸਿਆਸੀ ਪੱਖੋਂ ਹੁਕਮਰਾਨ ਧਿਰ ਦੇ ਹਿੱਤ ਵਿਚ ਭੁਗਤੇਗਾ। ਇਸ ਰੁਝਾਨ ਦਾ ਵਧੇਰੇ ਅਹਿਮ ਪੱਖ ਇਹ ਹੈ ਕਿ ਸੰਵਿਧਾਨ ਦੇ ਘੇਰੇ ਵਿਚ ਇਸ ਦੀ ਭਾਵਨਾ ਨੂੰ ਠੇਸ ਪਹੁੰਚਾਉਣ ਵਾਲਾ ਕੰਮ ਸਿਆਸੀ ਪਾਰਟੀਆਂ ਬਹੁਤ ਹੀ ਸੁਖਾਲੇ ਢੰਗ ਨਾਲ ਕਰ ਰਹੀਆਂ ਹਨ।

ਅਖ਼ਬਾਰਾਂ ਅਤੇ ਟੈਲੀਵਿਜ਼ਨਾਂ ਉੱਤੇ ਜ਼ਿਆਦਾਤਰ ਬਹਿਸ ਫੌਰੀ ਘਟਨਾ ਉੱਤੇ ਟਿਕ ਜਾਂਦੀ ਹੈ ਅਤੇ ਰੁਝਾਨ ਨਜ਼ਰਅੰਦਾਜ਼ ਹੋ ਜਾਂਦਾ ਹੈ। ਇਸ ਰੁਝਾਨ ਦੀਆਂ ਕੜੀਆਂ ਬਹੁਮਤ ਜੋੜਨ ਲਈ ਹੁੰਦੀ ਖਰੀਦੋ-ਫਰੋਖ਼ਤ ਤੋਂ ਜਬਰੀ ਹੁਕਮਰਾਨ ਧਿਰ ਪੱਖੀ ਪੰਚਾਇਤਾਂ ਬਣਾਉਣ ਤੱਕ ਫੈਲੀਆਂ ਹੋਈਆਂ ਹਨ। ਅਮਰੀਕਾ ਪੱਖੀ ਪਰਮਾਣੂ ਬਿੱਲ ਪਾਸ ਕਰਵਾਉਣ ਸਮੇਂ ਕੇਂਦਰੀ ਸਰਕਾਰ ਦੀ ਬਹੁਮਤ ਜੁਟਾਉਣ ਲਈ ਕੀਤੀ ਮਸ਼ਕ ਸੰਵਿਧਾਨ ਦੇ ਖਾਸੇ ਨਾਲ ਤਾਂ ਮੇਲ ਨਹੀਂ ਖਾਂਦੀ ਪਰ ਵੋਟਾਂ ਦੀ ਗਿਣਤੀ ਮੁਤਾਬਕ ਮਨਮੋਹਨ ਸਿੰਘ ਦੀ ਸਰਕਾਰ ਕਾਨੂੰਨੀ ਘੇਰੇ ਵਿਚ ਆਉਂਦੀ ਹੈ। ਪੰਜਾਬ ਵਿਚ ਪੰਚਾਇਤਾਂ ਦੀਆਂ ਵੋਟਾਂ ਵੇਲੇ ਬਾਦਲਕਿਆਂ ਵੱਲੋਂ ਕੀਤੀ ਬੁਰਛਾਗਰਦੀ ਦੇ ਨਤੀਜੇ ਵਜੋਂ ਲਹੂ-ਲੁਹਾਨ ਹੋਏ ਬਜ਼ੁਰਗਾਂ ਦੀਆਂ ਫੋਟੋਆਂ ਤਾਂ ਅਖ਼ਬਾਰਾਂ ਦੀਆਂ ਸੁਰਖ਼ੀਆਂ ਬਣੀਆਂ ਸਨ। ਜਿੱਥੇ ਹੁਕਮਰਾਨ ਧਿਰ ਦੇ ਪੰਚਾਂ ਦੀ ਗਿਣਤੀ ਘੱਟ ਸੀ, ਉੱਥੇ ਤਕਰੀਬਨ ਇੱਕ-ਇੱਕ ਸਾਲ ਸਰਪੰਚ ਦੀ ਚੋਣ ਹੀ ਨਹੀਂ ਹੋ ਸਕੀ। ਬਹੁਗਿਣਤੀ ਤੋਂ ਬਿਨਾਂ ਸਰਪੰਚ ਨਹੀਂ ਬਣ ਸਕਦਾ ਪਰ ਇਸ ਨੂੰ ਤੋੜਨ ਲਈ ਵਰਤੇ ਹਥਕੰਡਿਆਂ ਦਾ ਜਮਹੂਰੀਅਤ ਨਾਲ ਕੋਈ ਮੇਲ ਨਹੀਂ ਬਣਦਾ।

ਮੌਜੂਦਾ ਵਿਧਾਨ ਸਭਾ ਵਿਚੋਂ ਹੁਕਮਰਾਨ ਧਿਰ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਬਹੁਗਿਣਤੀ ਦੀ ਵਰਤੋਂ ਨਾਲ ਕੱਢ ਦਿੱਤਾ ਸੀ। ਅਦਾਲਤ ਨੇ ਉਨ੍ਹਾਂ ਨੂੰ ਮੁੜ-ਬਹਾਲ ਕਰ ਦਿੱਤਾ। ਅਦਾਲਤੀ ਕਾਰਵਾਈ ਦੌਰਾਨ ਇੱਕ ਵਿਧਾਨ ਸਭਾ ਹਲਕਾ ਬਿਨਾਂ ਨੁਮਾਇੰਦਗੀ ਤੋਂ ਰਿਹਾ ਅਤੇ ਇਸ ਲਈ ਕਿਸੇ ਦੀ ਜਵਾਬਦੇਹੀ ਤੈਅ ਨਹੀਂ ਹੋਈ। ਬਹੁਗਿਣਤੀ ਨਾਲ ਫ਼ੈਸਲੇ ਲੈਣਾ ਵਿਧਾਨ ਸਭਾ ਦਾ ਹੱਕ ਅਤੇ ਅਦਾਲਤਾਂ ਦਾ ਕੰਮ ਪੇਸ਼ ਹੋਏ ਮਾਮਲਿਆਂ ਦੇ ਫ਼ੈਸਲੇ ਕਰਨਾ ਹੈ। ਸਵਾਲ ਇਹ ਹੈ ਕਿ ਸਾਰੇ ਅਦਾਰੇ ਆਪਣੀਆਂ ਕਾਰਵਾਈਆਂ ਨੂੰ ਤਕਨੀਕੀ ਪੱਖ ਤੋਂ ਹੀ ਕਿਉਂ ਦੇਖਦੇ ਹਨ? ਦਰਅਸਲ, ਇਸ ਰੁਝਾਨ ਨਾਲ ਸਿਆਸੀ ਜਮਾਤ ਆਪਣੇ ਹਿੱਤ ਪਾਲਦੀ ਹੈ ਅਤੇ ਉਨ੍ਹਾਂ ਦੀ ਇਮਦਾਦ ਕਰਨ ਵਾਲੀ ਅਫ਼ਸਰਸ਼ਾਹੀ ਨੂੰ ਮਨਮਰਜ਼ੀ ਕਰਨ ਦੀ ਖੁੱਲ੍ਹ ਮਿਲ ਜਾਂਦੀ ਹੈ। ਬਾਦਲ ਸਰਕਾਰ ਨੇ ਵਿਧਾਨ ਸਭਾ ਦੇ ਸਪੀਕਰ ਖਿਲਾਫ਼ ਸੀ.ਬੀ.ਆਈ. ਨੂੰ ਜਾਂਚ ਤੋਂ ਬਾਅਦ ਅਗਲੀ ਕਾਰਵਾਈ ਦੀ ਇਜਾਜ਼ਤ ਨਹੀਂ ਦਿੱਤੀ। ਅਜਿਹੀ ਕਾਰਵਾਈ ਲਈ ਸਰਕਾਰ ਦੀ ਪ੍ਰਵਾਨਗੀ ਜ਼ਰੂਰੀ ਹੈ। ਸਰਕਾਰ ਨੇ ਆਪਣੇ ਅਖ਼ਤਿਆਰ ਦੀ ਵਰਤੋਂ ਕਰ ਲਈ ਪਰ ਇਸ ਨਾਲ ਸਾਰੇ ਭਾਰਤਵਾਸੀਆਂ ਨੂੰ ਬਰਾਬਰ ਮੰਨਣ ਵਾਲੇ ਸੰਵਿਧਾਨ ਦੀ ਭਾਵਨਾ ਨੂੰ ਠੇਸ ਜ਼ਰੂਰ ਵੱਜਦੀ ਹੈ। ਸਰਕਾਰੀ ਪੱਖ ਦਲੀਲ ਦੇ ਸਕਦਾ ਹੈ ਕਿ ਅਦਾਲਤ ਨੇ ਨਿਰਮਲ ਸਿੰਘ ਕਾਹਲੋਂ ਨੂੰ ਬਰੀ ਕਰ ਦਿੱਤਾ ਹੈ। ਇਹ ਦਲੀਲ ਦੇਣ ਵੇਲੇ ਸਰਕਾਰ ਭੁੱਲ ਜਾਂਦੀ ਹੈ ਕਿ ਗਵਾਹਾਂ ਦੀ ਖਰੀਦੋ-ਫਰੋਖ਼ਤ, ਉਨ੍ਹਾਂ ਦਾ ਮੁੱਕਰ ਜਾਣਾ ਅਤੇ ਲਾਪਤਾ ਹੋ ਜਾਣਾ ਸਾਡੇ ਮੁਲਕ ਵਿਚ ਪੱਕੇ ਪੈਰੀਂ ਹੋ ਚੁੱਕਿਆ ਰੁਝਾਨ ਹੈ। ਸਰਕਾਰੀ ਮਹਿਕਮਿਆਂ ਦੇ ਮੁਲਾਜ਼ਮਾਂ ਦੀਆਂ ਗਵਾਹੀਆਂ ਤਾਂ ਸਰਕਾਰ ਬਦਲਣ ਨਾਲ ਹੀ ਬਦਲ ਜਾਂਦੀਆਂ ਹਨ। ਉਨ੍ਹਾਂ ਦੀਆਂ ਤਰੱਕੀਆਂ, ਬਦਲੀਆਂ ਤੋਂ ਨੌਕਰੀਆਂ ਤੱਕ ਸਰਕਾਰ ਦੇ ਹੱਥ ਹਨ ਸੋ ਗਵਾਹੀਆਂ ਕਿਵੇਂ ਬਾਹਰ ਜਾ ਸਕਦੀਆਂ ਹਨ?


ਪੰਜਾਬ ਵਿਧਾਨ ਸਭਾ

ਜਦੋਂ ਇੱਕ ਰੋਜ਼ਾ ਇਜਲਾਸ ਨੂੰ ਇਸ ਰੁਝਾਨ ਦੀ ਕੜੀ ਵਜੋਂ ਵੇਖਿਆ ਜਾਂਦਾ ਹੈ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਸਾਡੇ ਮੁਲਕ ਦਾ ਸੰਵਿਧਾਨ ਸਿਆਸਤਦਾਨਾਂ ਲਈ ਸਹੁੰ ਚੁੱਕਣ ਦਾ 'ਸੰਦ' ਅਤੇ ਲੋਕਾਂ ਨੂੰ ਸੀਲ ਕਰਨ ਦਾ ਜ਼ਰੀਆ ਮਾਤਰ ਬਣ ਕੇ ਰਹਿ ਗਿਆ ਹੈ। ਜਮਹੂਰੀਅਤ, ਸਿਆਸਤਦਾਨਾਂ ਦੀਆਂ ਤਕਰੀਰਾਂ ਵਿਚ ਸ਼ਬਦ ਮਾਤਰ ਬਣ ਕੇ ਰਹਿ ਗਈ ਹੈ। ਇਸ ਹਾਲਤ ਵਿਚ ਸੰਵਿਧਾਨ ਦੀ ਭਾਵਨਾ, ਜਮਹੂਰੀਅਤ, ਇਨਸਾਫ਼, ਮਨੁੱਖਤਾ ਅਤੇ ਕਲਿਆਣ ਦੇ ਆਮ ਲੋਕਾਂ ਲਈ ਕੀ ਮਾਅਨੇ ਰਹਿ ਜਾਂਦੇ ਹਨ?

# ਨਿਆਂਪਾਲਿਕਾ ਵੀ ਲੋਕਪਾਲ ਦੇ ਘੇਰੇ ਵਿਚ ਆਵੇ

■ ਐਡਵੋਕੇਟ ਬੀਰਿੰਦਰ ਸਿੰਘ ਢਿੱਲੋਂ

ਉੱਚ ਨਿਆਂਪਾਲਿਕਾ ਭਾਵ ਸੁਪਰੀਮ ਕੋਰਟ ਤੇ ਹਾਈ ਕੋਰਟਾਂ ਨੂੰ ਲੋਕਪਾਲ ਦੀ ਜਾਂਚ ਦੇ ਘੇਰੇ ਵਿਚ ਲਿਆਉਣ ਦਾ ਮੁੱਦਾ ਵਾਹਵਾ ਭਖਿਆ ਹੋਇਆ ਹੈ। ਇਹ ਐਵੇਂ ਖਾਹਮਖਾਹ ਅੜਿੱਕਾ ਲਾਉਣ ਵਾਲੀ ਗੱਲ ਹੈ। ਜੇ ਜੱਜ ਇਮਾਨਦਾਰ ਹੈ, ਉਸ ਨੂੰ ਫਿਰ ਕੀ ਖਤਰਾ ਹੈ? ਪਰ ਇਥੇ ਤਾਂ ਮਾਜਰਾ ਹੀ ਕੁਝ ਹੋਰ ਹੈ। ਕਈ ਵਾਰ ਤਾਂ ਦਾਲ 'ਚ ਕਾਲਾ ਹੋਣ ਦਾ ਨਹੀਂ, ਸਾਰੀ ਦਾਲ ਹੀ ਕਾਲੀ ਹੋਣ ਦਾ ਭੁਲੇਖਾ ਪੈ ਜਾਂਦਾ ਹੈ। ਇਹ ਮੰਨੀ ਹੋਈ ਸਚਾਈ ਹੈ ਕਿ ਆਮ ਭਾਰਤੀ ਲੋਕ ਭ੍ਰਿਸ਼ਟ ਵੀ ਹਨ ਅਤੇ ਲਾਪ੍ਰਵਾਹ ਵੀ; ਜੋ ਕਾਨੂੰਨ ਤੋੜਨ ਨੂੰ ਵੀ ਮਾੜਾ ਨਹੀਂ ਸਮਝਦੇ। ਨਿਆਂਪਾਲਿਕਾ ਦੇ ਜੱਜ ਵੀ ਆਮ ਭਾਰਤੀ ਲੋਕ ਹੀ ਹਨ। ਜੱਜਾਂ 'ਤੇ ਭ੍ਰਿਸ਼ਟਾਚਾਰ ਦੇ ਦੋਸ਼ ਆਏ ਦਿਨ ਲੱਗ ਰਹੇ ਹਨ। ਪਿਛਲੇ ਸਾਲ ਹੀ ਖੁਦ ਸੁਪਰੀਮ ਕੋਰਟ ਦੇ ਡਵੀਜ਼ਨ ਬੈਂਚ ਨੇ ਇਕ ਕੇਸ ਦੌਰਾਨ ਕਿਹਾ ਸੀ ਕਿ ਅਲਾਹਾਬਾਦ ਹਾਈ ਕੋਰਟ ਦੇ ਬਹੁਤੇ ਜੱਜ ਭ੍ਰਿਸ਼ਟ ਹਨ। ਸਾਰੀ ਹਾਈ ਕੋਰਟ ਬਦਬੂ ਮਾਰਦੀ ਹੈ। ਸਾਬਕਾ ਕਾਨੂੰਨ ਮੰਤਰੀ ਸ਼ਾਂਤੀ ਭੂਸ਼ਨ ਨੇ ਸੁਪਰੀਮ ਕੋਰਟ ਵਿਚ ਹਲਫੀਆ ਬਿਆਨ ਦੇ ਕੇ ਕਿਹਾ ਹੈ ਕਿ ਭਾਰਤ ਦੇ 16 ਸਾਬਕਾ ਮੁੱਖ ਜੱਜਾਂ ਵਿਚੋਂ 10 ਭ੍ਰਿਸ਼ਟ ਸਨ। ਕਰਨਾਟਕ ਹਾਈ ਕੋਰਟ ਦੇ ਮੁੱਖ ਜੱਜ ਦਿਨਕਰ ਅਤੇ ਕੋਲਕਾਤਾ ਹਾਈ ਕੋਰਟ ਦੇ ਜੱਜ ਸੁਮਿੱਤਰਾ ਸੈਨ ਉੱਤੇ ਲੱਗੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਦੀ ਜਾਂਚ ਹੋ ਚੁੱਕੀ ਹੈ। ਇਨ੍ਹਾਂ ਮਹਾਂਪੁਰਸ਼ਾਂ ਨੇ ਦੌਲਤ ਇਕੱਠੀ ਕਰਨ ਦੇ ਨਾਲ-ਨਾਲ ਜ਼ਮੀਨਾਂ 'ਤੇ ਨਾਜਾਇਜ਼ ਕਬਜ਼ੇ ਵੀ ਕੀਤੇ ਹੋਏ ਸਨ। ਚੰਡੀਗੜ੍ਹ ਦੀਆਂ ਜ਼ਿਲ੍ਹਾ ਕਚਹਿਰੀਆਂ ਵਿਚ, ਹਾਈ ਕੋਰਟ ਅਤੇ ਸੁਪਰੀਮ ਕੋਰਟ ਪਹੁੰਚ ਚੁੱਕੇ ਜੱਜਾਂ ਵੱਲੋਂ ਕਿਰਾਏ ਉੱਤੇ ਲੈ ਕੇ ਦੱਬੀਆਂ ਹੋਈਆਂ ਕੋਠੀਆਂ ਨੂੰ ਖਾਲੀ ਕਰਾਉਣ ਦੇ ਕੇਸ ਕਈ ਵਾਰ ਚੱਲੇ ਹਨ। ਪੰਜਾਬ ਤੇ ਹਰਿਆਣਾ ਹਾਈ ਕੋਰਟ ਦੀ ਜੱਜ ਨਿਰਮਲ ਯਾਦਵ ਉੱਤੇ ਪੰਦਰਾਂ ਲੱਖ ਦੀ ਰਿਸ਼ਵਤ ਲੈਣ ਦਾ ਕੇਸ ਦਰਜ ਹੋ ਚੁੱਕਾ ਹੈ। ਕੇਸ ਅਦਾਲਤ ਵਿਚ ਹੈ। ਉੱਤਰ ਪ੍ਰਦੇਸ਼ ਵਿਚ ਪ੍ਰਾਵੀਡੈਂਟ ਫੰਡ ਘਪਲੇ ਵਿਚ ਸੁਪਰੀਮ ਕੋਰਟ ਦੇ ਇਕ ਅਤੇ ਅਲਾਹਾਬਾਦ ਹਾਈ ਕੋਰਟ ਦੇ ਸੱਤ ਜੱਜਾਂ ਦੇ ਨਾਂ ਆ ਚੁੱਕੇ ਹਨ। ਨਿਆਂਪਾਲਿਕਾ ਵਿਚ ਭ੍ਰਿਸ਼ਟਾਚਾਰ ਕੋਈ ਨਵੀਂ ਗੱਲ ਨਹੀਂ ਹੈ। 1979 ਵਿਚ ਭਾਰਤ ਦੇ ਮੁੱਖ ਜੱਜ (ਚੀਫ ਜਸਟਿਸ) ਨੇ ਮਦਰਾਸ ਹਾਈ ਕੋਰਟ ਦੇ ਮੁੱਖ ਜੱਜ ਖਿਲਾਫ ਭ੍ਰਿਸ਼ਟਾਚਾਰ ਦਾ ਕੇਸ ਦਰਜ ਕਰਨ ਦੀ ਮਨਜ਼ੂਰੀ ਦਿੱਤੀ ਸੀ। 1993 ਵਿਚ ਇਸੇ ਮੁੱਖ ਜੱਜ ਦੇ ਜਵਾਈ, ਸੁਪਰੀਮ ਕੋਰਟ ਦੇ ਜੱਜ ਰਾਮਾਸਵਾਮੀ ਖਿਲਾਫ ਸੰਸਦ ਵਿਚ ਮਹਾਂਦੋਸ਼ ਦਾ ਕੇਸ ਚੱਲਿਆ ਸੀ, ਪਰ ਖੁਦ ਭ੍ਰਿਸ਼ਟ ਪ੍ਰਧਾਨ ਮੰਤਰੀ ਕਾਰਨ ਫੇਲ੍ਹ ਹੋ ਗਿਆ ਸੀ। 1995 ਵਿਚ ਬੰਬੇ ਹਾਈ ਕੋਰਟ ਦੇ ਮੁੱਖ ਜੱਜ ਨੂੰ 75 ਲੱਖ ਰੁਪਏ ਦੀ ਰਿਸ਼ਵਤ ਲੈਣ ਕਾਰਨ ਅਸਤੀਫ਼ਾ ਦੇਣਾ ਪਿਆ ਸੀ। ਇਹ ਸੂਚੀ ਬਹੁਤ ਲੰਬੀ ਹੈ।



**ਅਮਰੀਕਾ ਤੋਂ ਮੇਰੇ ਇਕ ਬਜ਼ੁਰਗ ਪਾਠਕ ਨੇ ਫੋਨ ਕਰਕੇ ਦੱਸਿਆ ਕਿ ਉਹ ਚਾਲੀ ਸਾਲ ਤੋਂ ਅਮਰੀਕਾ ਰਹਿ ਰਹੇ ਹਨ। ਅਮਰੀਕੀ ਪ੍ਰਬੰਧ ਦੀ ਤਾਰੀਫ਼ ਕਰਦਿਆਂ ਉਨ੍ਹਾਂ ਕਿਹਾ ਕਿ 'ਕਲਿੰਟਨ ਆਪਣੀ ਪਤਨੀ ਨੂੰ ਟਿਕਟ ਨਹੀਂ ਦਿਵਾ ਸਕਿਆ। ਅਮਰੀਕੀ ਲੋਕ ਮਨੁੱਖ ਦੀ ਮਾਨਸਿਕਤਾ ਸਮਝਦੇ ਹਨ ਕਿ ਜਦੋਂ ਵੀ ਮੌਕਾ ਮਿਲਿਆ, ਮਨੁੱਖ ਹੇਰਾਫੇਰੀ ਜ਼ਰੂਰ ਕਰੇਗਾ। ਇਸ ਲਈ ਉਨ੍ਹਾਂ ਨੇ ਕਿਸੇ ਇਕੱਲੇ ਬੰਦੇ ਨੂੰ ਮਨਮਰਜ਼ੀ ਕਰਨ ਦੀ ਤਾਕਤ ਨਹੀਂ ਦਿੱਤੀ। ਉਨ੍ਹਾਂ ਨੇ ਨਾਗਰਿਕਾਂ ਨੂੰ ਕਾਨੂੰਨ ਦੀ ਜਕੜ ਵਿਚ ਜਕੜ ਕੇ ਰੱਖਿਆ ਹੈ।'**

ਦੇਸ਼ ਭਰ ਵਿਚ ਬਾਰ ਐਸੋਸੀਏਸ਼ਨਾਂ ਨਿਆਂਪਾਲਿਕਾ ਵਿਚੋਂ ਭ੍ਰਿਸ਼ਟਾਚਾਰ ਖ਼ਤਮ ਕਰਨ ਦੀ ਲੰਮੇ ਸਮੇਂ ਤੋਂ ਮੰਗ ਕਰਦੀਆਂ ਆ ਰਹੀਆਂ ਹਨ। ਬਹੁਤ ਵਾਰ ਹੜਤਾਲਾਂ ਵੀ ਹੋਈਆਂ ਹਨ। ਭਾਰਤੀ ਬਾਰ ਕੌਂਸਲ ਅਨੁਸਾਰ 16 ਹਾਈ ਕੋਰਟਾਂ ਵਿਚ 100 ਤੋਂ ਵੱਧ ਜੱਜਾਂ ਦੇ ਰਿਸ਼ਤੇਦਾਰ ਵਕਾਲਤ ਕਰਦੇ ਹਨ। ਕੌਂਸਲ ਅਤੇ ਸਬੰਧਿਤ ਹਾਈ ਕੋਰਟਾਂ ਦੀਆਂ ਬਾਰ ਐਸੋਸੀਏਸ਼ਨਾਂ ਨੂੰ ਸ਼ਿਕਾਇਤ ਹੈ ਕਿ ਕਈ ਜੱਜਾਂ ਦਾ ਤਾਂ ਪੂਰਾ ਪਰਿਵਾਰ ਹੀ ਉਸੇ ਅਦਾਲਤ ਵਿਚ ਵਕਾਲਤ ਕਰ ਰਿਹਾ ਹੁੰਦਾ ਹੈ। ਅਸਲ ਵਿਚ ਇਹ ਲੋਕ ਵਕਾਲਤ ਦੇ ਨਾਂ 'ਤੇ ਰਿਸ਼ਵਤ ਲੈਂਦੇ ਹਨ। ਆਥਣ ਨੂੰ ਬੋਰਾ ਨੋਟਾਂ ਦਾ ਹੁੰਝਦੇ ਹਨ। ਨਿਆਂਪਾਲਿਕਾ ਤੋਂ ਬਾਹਰ ਦੇ ਲੋਕਾਂ ਨੂੰ ਸ਼ਾਇਦ ਇਹ ਹੈਰਾਨੀ ਵਾਲੀ ਗੱਲ ਲੱਗੇ ਕਿ ਪੰਜ-ਦਸ ਸਾਲ ਦੀ ਵਕਾਲਤ ਕਰਨ ਵਾਲੇ ਇਹ ਛੋਕਰੇ ਵਕੀਲ, ਆਪਣੇ ਬਾਪੂ ਦੇ ਜੱਜ ਬਣਦਿਆਂ ਹੀ ਨਾਮਵਰ ਸੀਨੀਅਰ ਵਕੀਲਾਂ ਜਿੰਨੀ ਫੀਸ ਲੈਣ ਲੱਗ ਪੈਂਦੇ ਹਨ। ਭਾਰਤੀ ਬਾਰ ਕੌਂਸਲ ਅਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੀ ਬਾਰ ਐਸੋਸੀਏਸ਼ਨ ਨੇ ਕਈ ਵਾਰੀ ਭਾਰਤ ਦੇ ਮੁੱਖ ਜੱਜ ਤੋਂ ਮੰਗ ਕੀਤੀ ਹੈ ਕਿ ਅਜਿਹੇ ਜੱਜਾਂ ਨੂੰ ਦੂਜੀਆਂ ਹਾਈ ਕੋਰਟਾਂ ਵਿਚ ਬਦਲਣ ਨਾਲ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਨੂੰ ਬਲ ਮਿਲੇਗਾ। ਪੰਜਾਬ ਤੇ ਹਰਿਆਣਾ ਹਾਈ ਕੋਰਟ ਦੀ ਬਾਰ ਐਸੋਸੀਏਸ਼ਨ ਤਾਂ ਇਸ ਬਾਰੇ ਰਾਸ਼ਟਰਪਤੀ ਅਤੇ ਕਾਨੂੰਨ ਮੰਤਰੀ ਨੂੰ ਵੀ ਕਈ ਵਾਰ ਮਿਲ ਚੁੱਕੀ ਹੈ। ਆਪਣੇ ਅਹੁਦੇ ਦੇ ਆਖਰੀ ਦਿਨ ਭਾਰਤ ਦੇ ਮੁੱਖ ਜੱਜ (ਚੀਫ ਜਸਟਿਸ) ਵੀ. ਐਨ. ਖਰੇ ਵੱਲੋਂ ਕੀਤੀਆਂ ਟਿੱਪਣੀਆਂ ਭਾਰਤੀ ਨਿਆਂਪਾਲਿਕਾ ਵਿਚ ਵਿਸ਼ੇਸ਼ ਸੁਧਾਰਾਂ ਦੀ ਮੰਗ ਕਰਦੀਆਂ ਹਨ। ਮੁੱਖ ਜੱਜ ਖਰੇ ਨੇ ਕਿਹਾ ਹੈ ਕਿ ਉਹ ਭ੍ਰਿਸ਼ਟ ਅਤੇ ਅਨੁਸ਼ਾਸਨਹੀਣ ਜੱਜਾਂ ਦਾ ਕੁਝ ਨਹੀਂ ਵਿਗਾੜ ਸਕਦੇ। ਭਾਰਤ ਦੇ ਸੰਵਿਧਾਨ ਵਿਚ ਸੋਧ ਕਰਕੇ ਉਨ੍ਹਾਂ ਲੋੜੀਂਦੇ ਅਧਿਕਾਰਾਂ ਦੀ ਮੰਗ ਕਰਦਿਆਂ ਭ੍ਰਿਸ਼ਟ ਜੱਜਾਂ ਨਾਲ ਨਜਿੱਠਣ ਦੀ ਲੋੜ 'ਤੇ ਜ਼ੋਰ ਦਿੱਤਾ। ਇਹ ਪਹਿਲੀ ਵਾਰ ਨਹੀਂ ਹੋਇਆ, ਅਕਸਰ ਹੀ ਸਾਰੇ ਮੁੱਖ ਜੱਜ ਅਜਿਹਾ ਕਹਿੰਦੇ ਰਹਿੰਦੇ ਹਨ ਕਿ ਸਾਡੀ ਨਿਆਂਪਾਲਿਕਾ ਵਿਚ ਚੌਥਾ ਹਿੱਸਾ ਜੱਜ ਭ੍ਰਿਸ਼ਟ ਹਨ; ਪਰ ਕਹਿੰਦੇ ਸਿਰਫ ਸੇਵਾ-ਮੁਕਤ ਹੋਣ ਵਾਲੇ ਦਿਨ ਹੀ ਹਨ। 'ਅੰਦਾਜ਼ ਅਪਨਾ ਆਇਨੇ ਮੇਂ ਦੇਖਤੇ ਹੈਂ ਵੋਹ, ਅਰ ਯਿਹ ਭੀ ਦੇਖਤੇ ਹੈਂ ਕੋਈ ਦੇਖਤਾ ਨਾ ਹੋ।' ਮੁੱਖ ਜੱਜ ਖਰੇ ਨੇ ਕਿਹਾ ਹੈ ਕਿ ਹੁਣ ਤਾਂ ਉਨ੍ਹਾਂ ਕੋਲ ਅਜਿਹੇ ਜੱਜਾਂ ਦੀ ਜਵਾਬਤਲਬੀ ਕਰਨ ਦਾ ਵੀ ਅਧਿਕਾਰ ਨਹੀਂ ਹੈ। ਪਿਛਲੇ ਸਾਲ ਹੀ ਸੁਪਰੀਮ ਕੋਰਟ ਨੇ ਹਾਈ ਕੋਰਟ ਦੇ ਦੋ ਜੱਜਾਂ ਤੋਂ ਘੁਟਾਲਿਆਂ ਵਿਚ ਘਿਰੇ ਹੋਣ ਕਰਕੇ ਅਸਤੀਫੇ ਲਏ ਸਨ।

ਦਰਅਸਲ ਪਿਛਲੇ ਕੁਝ ਸਮੇਂ ਤੋਂ ਦੇਸ਼ ਦੇ ਬਾਕੀ ਢਾਂਚੇ ਵਾਂਗ ਨਿਆਂਪਾਲਿਕਾ ਵੀ ਕਈ ਘੁਟਾਲਿਆਂ ਵਿਚ ਘਿਰੀ ਰਹੀ ਹੈ। ਭ੍ਰਿਸ਼ਟਾਚਾਰ ਭਾਰਤੀ ਸਮਾਜ ਦਾ ਅੰਗ ਹੈ ਸਾਬਕਾ ਕਾਨੂੰਨ ਮੰਤਰੀ ਅਤੇ ਭਾਰਤ ਦੇ ਸਾਬਕਾ ਮੁੱਖ ਜੱਜ ਬਹੁਤ ਵਾਰ ਕਹਿ ਚੁੱਕੇ ਹਨ ਕਿ ਉੱਚ-ਨਿਆਂਪਾਲਿਕਾ ਵਿਚ ਕੁਝ ਭ੍ਰਿਸ਼ਟ ਜੱਜ ਹਨ ਜੋ ਸਾਰੀ ਨਿਆਂਪਾਲਿਕਾ ਨੂੰ ਬਦਨਾਮ ਕਰਦੇ ਹਨ, ਤੇ ਉਹ ਨਾਲ ਹੀ ਕਹਿੰਦੇ ਹਨ ਕਿ ਬਦਕਿਸਮਤੀ ਨਾਲ ਉਨ੍ਹਾਂ ਦਾ ਕੁਝ ਨਹੀਂ ਵਿਗਾੜਿਆ ਜਾ ਸਕਦਾ ਕਿਉਂਕਿ ਸੰਸਦ ਵਿਚ ਹਾਈ ਕੋਰਟ ਅਤੇ ਸੁਪਰੀਮ ਕੋਰਟ ਦੇ ਜੱਜਾਂ ਨੂੰ ਮਹਾਂਦੋਸ਼ ਰਾਹੀਂ ਹਟਾਉਣਾ ਲਗਭਗ ਅਸੰਭਵ ਹੀ ਹੈ। ਪਿਛਲੇ ਦਹਾਕੇ ਵਿਚ ਸੁਪਰੀਮ ਕੋਰਟ ਦੇ ਜੱਜ ਰਾਮਾਸਵਾਮੀ ਉੱਤੇ ਚੱਲੇ ਮਹਾਂਦੋਸ਼ ਦਾ ਅਸਫਲ ਹੋ ਜਾਣਾ ਇਸ ਦਾ ਸਬੂਤ ਹੈ। ਦੇਸ਼ ਦੇ ਸੁਪਰੀਮ ਕੋਰਟ ਦੇ ਜੱਜ ਉੱਤੇ ਭ੍ਰਿਸ਼ਟਾਚਾਰ ਦੇ ਦੋਸ਼ ਵਿਚ ਸੰਸਦ 'ਚ ਮਹਾਂਦੋਸ਼ ਦਾ ਕੇਸ ਚੱਲ ਚੁੱਕਾ ਹੈ, ਪਰ ਫਿਰ ਵੀ ਉਸ ਨੇ ਅਸਤੀਫ਼ਾ ਨਹੀਂ ਸੀ ਦਿੱਤਾ। ਇੰਜ ਹੀ ਜਦੋਂ ਰਵੀ ਸਿੱਧੂ ਦੇ ਭਰਤੀ ਘੁਟਾਲੇ ਵਿਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਜੱਜਾਂ ਦਾ ਨਾਂ ਬੋਲਿਆ ਤਾਂ ਹਾਈ ਕੋਰਟ ਨੇ ਅਜਿਹੀਆਂ ਖ਼ਬਰਾਂ ਛਾਪਣ 'ਤੇ ਰੋਕ ਲਗਾ ਦਿੱਤੀ ਸੀ। ਉਦੋਂ ਇਕ ਅਖ਼ਬਾਰ ਸਮੂਹ ਦੇ ਮੁੱਖ ਸੰਪਾਦਕ ਨੇ ਹਾਈ ਕੋਰਟ ਦੇ ਇਸ ਹੁਕਮ ਨੂੰ ਗ਼ਲਤ ਕਹਿੰਦਿਆਂ ਸੰਪਾਦਕੀ ਲਿਖਿਆ ਸੀ ਕਿ 'ਜੱਜ ਸਾਹਿਬ ਇੰਜ ਨਾ ਕਰੋ' (ਨੋ ਮਾਈ ਲੌਰਡ)। ਮੁੱਖ ਸੰਪਾਦਕ ਨੇ ਲਿਖਿਆ ਸੀ ਕਿ ਨਿਆਂਪਾਲਿਕਾ ਪਾਰਦਰਸ਼ਤਾ ਅਤੇ ਜਵਾਬਦੇਹੀ ਤੋਂ ਭਲਾ ਕਿਉਂ ਡਰਦੀ ਹੈ? ਸੋ ਡਰੈ ਜਿ ਪਾਪ ਕਮਾਵਦਾ ਧਰਮੀ ਵਿਗਸੇਤ ॥ ਇਸ ਪਿੱਛੋਂ ਹਾਈ ਕੋਰਟ ਦੀ ਬਾਰ ਵੱਲੋਂ ਇਹ ਮਸਲਾ ਸੁਪਰੀਮ ਕੋਰਟ ਅਤੇ ਕੇਂਦਰੀ ਕਾਨੂੰਨ ਵਿਭਾਗ ਤੱਕ ਉਠਾਇਆ ਗਿਆ। ਇਸ ਪਿੱਛੋਂ ਹਾਈ ਕੋਰਟ ਨੇ ਨਾ ਸਿਰਫ ਆਪਣਾ ਪਹਿਲਾ ਹੁਕਮ ਹੀ ਬਦਲਿਆ ਬਲਕਿ ਤਿੰਨ ਜੱਜਾਂ ਖਿਲਾਫ਼ ਸੁਪਰੀਮ ਕੋਰਟ ਨੇ ਪੜਤਾਲ ਕਰਕੇ ਕਾਰਵਾਈ ਵੀ ਕੀਤੀ। ਕਰਨਾਟਕ ਹਾਈ ਕੋਰਟ ਦੇ ਕੁਝ ਜੱਜਾਂ ਦੀ ਸੈਕਸ ਘੁਟਾਲੇ ਵਿਚ ਸ਼ਮੂਲੀਅਤ ਦੀਆਂ ਖ਼ਬਰਾਂ ਛਪੀਆਂ ਸਨ, ਇਸ ਘਟਨਾ ਦੀ ਕੇਂਦਰੀ ਖੁਫੀਆ ਏਜੰਸੀਆਂ ਨੇ ਵੀ ਪੁਸ਼ਟੀ ਕੀਤੀ ਸੀ ਤੇ ਸੁਪਰੀਮ ਕੋਰਟ ਨੇ ਇਸ ਘਟਨਾ ਦੀ ਜਾਂਚ ਦੇ ਹੁਕਮ ਦਿੱਤੇ ਸਨ। 'ਟਰਾਂਸਪੇਰੈਂਸੀ ਇੰਟਰਨੈਸ਼ਨਲ' ਨਾਮੀ ਸੰਸਥਾ ਵੱਲੋਂ ਆਪਣੀ, ਗਲੋਬਲ ਭ੍ਰਿਸ਼ਟਾਚਾਰ ਬਾਰੇ ਰਿਪੋਰਟ (2007) ਵਿਚ ਕਿਹਾ ਗਿਆ ਸੀ ਕਿ 77 ਫੀਸਦੀ ਨਿਆਂਪਾਲਿਕਾ ਭ੍ਰਿਸ਼ਟ ਹੈ। ਜੇ ਫਿਰ ਵੀ ਕਪਿਲ ਸਿੱਬਲ ਵਰਗਾ ਮੰਤਰੀ ਨਿਆਂਪਾਲਿਕਾ ਨੂੰ ਲੋਕਪਾਲ ਕਾਨੂੰਨ ਦੇ ਘੇਰੇ ਤੋਂ ਬਾਹਰ ਰੱਖਣ ਦੀ ਜ਼ਿਦ ਕਰਦਾ ਹੈ ਤਾਂ ਦਾਮਨ ਉਸ ਦਾ ਵੀ ਸਾਫ਼ ਨਹੀਂ। ਅਮਰੀਕਾ ਤੋਂ ਮੇਰੇ ਇਕ ਬਜ਼ੁਰਗ ਪਾਠਕ ਨੇ ਫੋਨ ਕਰਕੇ ਦੱਸਿਆ ਕਿ ਉਹ ਚਾਲੀ ਸਾਲ ਤੋਂ ਅਮਰੀਕਾ ਰਹਿ ਰਹੇ ਹਨ। ਅਮਰੀਕੀ ਪ੍ਰਬੰਧ ਦੀ ਤਾਰੀਫ਼ ਕਰਦਿਆਂ ਉਨ੍ਹਾਂ ਕਿਹਾ ਕਿ 'ਕਲਿੰਟਨ ਆਪਣੀ ਪਤਨੀ ਨੂੰ ਟਿਕਟ ਨਹੀਂ ਦਿਵਾ ਸਕਿਆ। ਅਮਰੀਕੀ ਮਨੁੱਖ ਦੀ ਮਾਨਸਿਕਤਾ ਸਮਝਦੇ ਹਨ ਕਿ ਜਦੋਂ ਵੀ ਮੌਕਾ ਮਿਲਿਆ, ਮਨੁੱਖ ਹੇਰਾਫੇਰੀ ਜ਼ਰੂਰ ਕਰੇਗਾ। ਇਸ ਲਈ ਉਨ੍ਹਾਂ ਨੇ ਕਿਸੇ ਇਕੱਲੇ ਬੰਦੇ ਨੂੰ ਮਨਮਰਜ਼ੀ ਕਰਨ ਦੀ ਤਾਕਤ ਨਹੀਂ ਦਿੱਤੀ। ਉਨ੍ਹਾਂ ਨੇ ਨਾਗਰਿਕਾਂ ਨੂੰ ਕਾਨੂੰਨ ਦੀ ਜਕੜ ਵਿਚ ਜਕੜ ਕੇ ਰੱਖਿਆ ਹੈ।' ਭਾਰਤੀ ਨਿਆਂਪਾਲਿਕਾ ਨੂੰ ਵੀ ਕਾਨੂੰਨ ਤੋਂ ਉੱਪਰ ਨਹੀਂ ਰੱਖਿਆ ਜਾ ਸਕਦਾ, ਕਿਉਂਕਿ ਨਿਗਰਾਨੀ ਰਹਿਤ ਸੱਤਾ ਭ੍ਰਿਸ਼ਟਾਚਾਰ ਨੂੰ ਜਨਮ ਦਿੰਦੀ ਹੈ। ਹਰ ਬੰਦੇ ਦੀ ਕਾਨੂੰਨ ਅੱਗੇ ਜਵਾਬਦੇਹੀ ਜ਼ਰੂਰੀ ਹੈ।

---

# ਭ੍ਰਿਸ਼ਟਾਚਾਰ ਬਾਰੇ ਅੰਨਾ ਹਜ਼ਾਰੇ ਦੀ ਟੀਮ ਦੇ ਸਵਾਲ

■ ਪ੍ਰਫੁੱਲ ਬਿਦਵਈ

ਲੋਕਪਾਲ ਬਿੱਲ ਲਈ ਬਣੀ ਸਰਕਾਰ ਅਤੇ ਸਿਵਲ ਸੁਸਾਇਟੀ ਦੇ ਨੁਮਾਇੰਦਿਆਂ ਦੀ ਸਾਂਝੀ ਖਰੜਾ ਕਮੇਟੀ ਦੀ ਖੇਡ ਹਾਰ-ਜਿੱਤ ਦੇ ਬਿਨਾਂ ਹੀ ਅਜਿਹੇ ਹਾਲਾਤ ਵਿਚ ਖ਼ਤਮ ਹੋ ਗਈ ਹੈ, ਜਿਨ੍ਹਾਂ ਵਿਚ ਦੋਵੇਂ ਹੀ ਧਿਰਾਂ ਬੁਰੀ ਤਰ੍ਹਾਂ ਫੱਟੜ ਹੋ ਗਈਆਂ ਹਨ। ਅਜੇ ਇਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ ਕਿ ਜੁਲਾਈ ਵਿਚ ਤਜਵੀਜ਼ਸ਼ੁਦਾ ਸਰਬ-ਪਾਰਟੀ ਕਮੇਟੀ ਸਾਹਮਣੇ ਦੋਵਾਂ ਧਿਰਾਂ ਵੱਲੋਂ ਆਪਣੀਆਂ ਵੱਖਰੀਆਂ-ਵੱਖਰੀਆਂ ਸਿਫ਼ਾਰਸ਼ਾਂ ਪੇਸ਼ ਕਰਨ ਸਬੰਧੀ ਅੜਿੱਕਾ ਖ਼ਤਮ ਹੋ ਸਕੇਗਾ ਜਾਂ ਨਹੀਂ? ਫਿਰ ਵੀ ਇਹ ਸਰਕਾਰ ਦੁਆਰਾ ਭ੍ਰਿਸ਼ਟਾਚਾਰ ਨੂੰ ਨੱਥ ਪਾਉਣ ਲਈ ਸਿਵਲ ਸੁਸਾਇਟੀ ਪੇਸ਼ ਕੀਤੇ ਗਏ ਸਰੋਕਾਰਾਂ ਬਾਰੇ ਸਰਕਾਰ ਵੱਲੋਂ ਚੁੱਕੇ ਇਸ ਪਹਿਲੇ ਕਦਮ ਦੀ ਕਾਰਗੁਜ਼ਾਰੀ ਨੂੰ ਨਾਪਣ ਲਈ ਇਹ ਢੁਕਵਾਂ ਸਮਾਂ ਹੈ।



ਕਮੇਟੀ ਦੀਆਂ ਦੋਵਾਂ ਧਿਰਾਂ ਦੀ ਪਹੁੰਚ ਵਿਚਕਾਰ ਨਾ ਸਿਰਫ ਠੋਸ ਫਰਕ ਹਨ, ਸਗੋਂ ਸਮਝੌਤੇ ਦੇ ਖੇਤਰ ਨੂੰ ਲੈ ਕੇ ਵੀ ਮਤਭੇਦ ਹਨ। ਫਿਰ ਵੀ ਇਹ ਉਮੀਦ ਸੀ ਕਿ ਸਹਿਮਤੀ ਅਤੇ ਅਸਹਿਮਤੀ ਦੇ ਦੋਵੇਂ ਖੇਤਰ ਬਹਿਸ ਨੂੰ ਅੱਗੇ ਵਧਾ ਸਕਦੇ ਹਨ ਅਤੇ ਸਰਕਾਰ ਵੱਲੋਂ ਤਿਆਰ ਕੀਤੇ ਜਾਣ ਵਾਲੇ ਖਰੜੇ ਨਾਲੋਂ ਇਸ ਅਮਲ ਰਾਹੀਂ ਬਿਹਤਰ ਲੋਕਪਾਲ ਬਿੱਲ ਦਾ ਖਰੜਾ ਤਿਆਰ ਹੋ ਸਕੇਗਾ। ਇਸ ਲਈ ਮੁਢਲੀ ਸ਼ਰਤ ਇਹ ਹੈ ਕਿ ਸਰਕਾਰ ਬਹਿਸ ਵਿਚ ਗੜਬੜ ਨਾ ਕਰੇ ਅਤੇ ਕਾਂਗਰਸ ਹਮੇਸ਼ਾ ਦੀ ਤਰ੍ਹਾਂ ਦੂਜਿਆਂ ਦਾ ਦਬਾਅ ਪੈਣ ਉਤੇ ਦਿਖਾਵੇ ਦੇ ਤੌਰ 'ਤੇ ਤਬਦੀਲੀਆਂ ਕਰਨ ਦੀ ਆਪਣੀ ਚਾਲ ਨਾ ਖੇਡੇ ਅਤੇ ਆਪਣੇ ਅੱਗੇ ਸਰਕਾਰ ਨੂੰ ਜਵਾਬਦੇਹ ਬਣਾਉਣ ਦੀ ਬਜਾਏ ਇਸ ਨੂੰ ਆਪਣਾ ਕੰਮ ਕਰਨ ਦੇਵੇ; ਪਰ ਅਜਿਹਾ ਕਰਨਾ ਕਾਂਗਰਸ ਲਈ ਆਤਮਘਾਤੀ ਹੈ।

ਜੇ ਅਜਿਹਾ ਮੰਨ ਵੀ ਲਿਆ ਜਾਵੇ ਕਿ ਕਾਂਗਰਸ ਇਮਾਨਦਾਰੀ ਨਾਲ ਚੱਲ ਰਹੀ ਹੈ ਤਾਂ ਸਰਕਾਰ ਅਤੇ ਅੰਨਾ ਹਜ਼ਾਰੇ ਦੀ ਟੀਮ ਲੋਕਪਾਲ ਬਿੱਲ ਦੇ ਆਪੋ-ਆਪਣੇ ਖਰੜਿਆਂ ਵਿਚ ਜ਼ਰੂਰੀ ਤਬਦੀਲੀਆਂ ਕਿਵੇਂ ਕਰਨ? ਦੋਵਾਂ ਧਿਰਾਂ ਵਿਚਾਲੇ ਮੁੱਖ ਮਤਭੇਦ ਪ੍ਰਧਾਨ ਮੰਤਰੀ ਅਤੇ ਉੱਚ ਅਦਾਲਤਾਂ ਦੇ ਜੱਜਾਂ ਨੂੰ ਲੋਕਪਾਲ ਕਾਨੂੰਨ ਦੇ ਘੇਰੇ ਅੰਦਰ ਲਿਆਉਣ, ਲੋਕਪਾਲ ਦੀ ਨਿਯੁਕਤੀ ਤੇ ਬਰਖਾਸਤਗੀ, ਫੰਡ ਜਾਰੀ ਕਰਨ, ਸੀ. ਬੀ. ਆਈ. ਦੇ ਭ੍ਰਿਸ਼ਟਾਚਾਰ ਵਿਰੋਧੀ ਵਿੰਗ ਨੂੰ ਲੋਕਪਾਲ ਅਧੀਨ ਲਿਆਉਣ, ਭ੍ਰਿਸ਼ਟਾਚਾਰ ਲਈ ਸਜ਼ਾ ਦੇ ਸਰੂਪ ਅਤੇ ਲੋਕਪਾਲ ਦੇ ਘੇਰੇ ਅੰਦਰ ਸੰਸਦ ਮੈਂਬਰਾਂ ਦੇ ਸੰਸਦ ਅੰਦਰਲੇ ਆਚਰਣ ਨੂੰ ਲਿਆਉਣ ਸਬੰਧੀ ਹਨ।

**ਅੰਨਾ ਹਜ਼ਾਰੇ ਅਤੇ ਬਾਬਾ ਰਾਮਦੇਵ ਜਿਹੇ ਲੋਕ ਭ੍ਰਿਸ਼ਟਾਚਾਰ ਦੀ ਜੜ੍ਹ ਨਹੀਂ ਸਮਝਣਾ ਚਾਹੁੰਦੇ। ਆਪਣੇ ਮਰਨ ਵਰਤ ਨਾਲ ਰਾਮਦੇਵ ਨੇ ਪੂਰੇ ਮੁੱਦੇ ਨੂੰ ਮਜ਼ਾਕ ਵਿਚ ਬਦਲ ਦਿੱਤਾ। ਆਪਣਾ ਮਰਨ ਵਰਤ ਖ਼ਤਮ ਕਰਨ ਲਈ ਸਹਿਮਤ ਹੋਣ ਤੋਂ ਬਾਅਦ ਵੀ ਉਨ੍ਹਾਂ ਇਹ ਜਾਰੀ ਰੱਖਿਆ। ਇਸ ਨਾਲ ਉਨ੍ਹਾਂ ਦੀ ਬੁਰੀ ਤਰ੍ਹਾਂ ਨਾਲ ਬਦਖੋਈ ਹੋਈ। ਉਂਝ, ਇਸ ਘਟਨਾਕ੍ਰਮ ਵਿਚ ਸ਼ੋਭਾ ਸਰਕਾਰ ਦੀ ਵੀ ਕੋਈ ਨਹੀਂ ਹੋਈ। ਹਜ਼ਾਰੇ ਨੇ 16 ਅਗਸਤ ਤੋਂ ਮੁੜ ਮਰਨ ਵਰਤ ਰੱਖਣ ਦਾ ਐਲਾਨ ਕਰ ਦਿੱਤਾ ਹੈ।**

ਕੁਝ ਮਸਲੇ ਸੁਲਝਾ ਲਏ ਗਏ ਹਨ, ਜਿਨ੍ਹਾਂ ਵਿਚ ਲੋਕਪਾਲ ਟੀਮ ਦਾ ਆਕਾਰ (11 ਮੈਂਬਰ) ਨਿਰਧਾਰਿਤ ਕਰਨਾ ਅਤੇ ਲੋਕਪਾਲ ਲਈ ਵੱਖਰਾ ਜਾਂਚ ਵਿੰਗ ਤਿਆਰ ਕਰਨਾ ਆਦਿ ਹਨ। ਸਰਕਾਰ ਇਸ ਗੱਲ 'ਤੇ ਸਹਿਮਤ ਹੋ ਗਈ ਹੈ ਕਿ ਲੋਕਪਾਲ ਸੰਸਥਾ ਸਰਕਾਰ ਦੀ ਬਿਨਾਂ ਕਿਸੇ ਅਗਾਊਂ ਇਜਾਜ਼ਤ ਦੇ ਨੌਕਰਸ਼ਾਹਾਂ 'ਤੇ ਮੁਕੱਦਮਾ ਦਰਜ ਕਰ ਸਕੇਗੀ।

ਸਰਕਾਰ ਦਾ ਕਹਿਣਾ ਹੈ ਕਿ ਪ੍ਰਧਾਨ ਮੰਤਰੀ ਨੂੰ ਲੋਕਪਾਲ ਦੇ ਘੇਰੇ ਵਿਚੋਂ ਬਾਹਰ ਕੱਢਣਾ ਚਾਹੀਦਾ ਹੈ। ਵੱਧ ਤੋਂ ਵੱਧ, ਲੋਕਪਾਲ ਸੰਸਥਾ ਪ੍ਰਧਾਨ ਮੰਤਰੀ ਵਿਰੁੱਧ ਸ਼ਿਕਾਇਤਾਂ ਪ੍ਰਾਪਤ ਕਰ ਸਕੇਗੀ ਪਰ ਉਸ ਖਿਲਾਫ਼ ਜਾਂਚ ਉਦੋਂ ਤੱਕ ਨਹੀਂ ਹੋ ਸਕੇਗੀ, ਜਦੋਂ ਤੱਕ ਉਹ ਆਪਣੇ ਅਹੁਦੇ 'ਤੇ ਰਹਿੰਦਾ ਹੈ। ਇਸ ਗੱਲ ਦੇ ਸਮਰਥਨ ਵਿਚ ਸਰਕਾਰ ਉਸ ਰਿਪੋਰਟ ਦਾ ਜ਼ਿਕਰ ਕਰਦੀ ਹੈ ਜੋ ਭਾਜਪਾ ਦੀ ਅਗਵਾਈ ਵਾਲੀ ਕੌਮੀ ਜਮਹੂਰੀ ਗਠਜੋੜ ਦੀ ਸਰਕਾਰ ਦੁਆਰਾ 2002 ਵਿਚ ਬਣਾਏ ਕੌਮੀ ਕਮਿਸ਼ਨ ਨੇ ਸੰਵਿਧਾਨ ਦੀ ਕਾਰਜ-ਪ੍ਰਣਾਲੀ ਦੀ ਸਮੀਖਿਆ ਬਾਰੇ ਜਾਰੀ ਕੀਤੀ ਸੀ। ਇਸ ਵਿਚ ਕਿਹਾ ਗਿਆ ਸੀ, 'ਦੇਸ਼ ਅਜਿਹੇ ਕਿਸੇ ਪ੍ਰਧਾਨ ਮੰਤਰੀ ਨੂੰ ਸਵੀਕਾਰ ਨਹੀਂ ਕਰ ਸਕਦਾ ਜਿਸ 'ਤੇ ਸ਼ੱਕ ਦੇ ਬੱਦਲ ਮੰਡਰਾ ਰਹੇ ਹੋਣ...ਪ੍ਰਧਾਨ ਮੰਤਰੀ ਨੂੰ ਲੋਕਪਾਲ ਦੇ ਘੇਰੇ ਵਿਚ ਨਹੀਂ ਲਿਆਉਣਾ ਚਾਹੀਦਾ ਕਿਉਂਕਿ ਇਹ ਉਸ ਦੀ ਆਜ਼ਾਦੀ ਅਤੇ ਫ਼ੈਸਲਾ ਲੈਣ ਦੀ ਆਜ਼ਾਦੀ ਨੂੰ ਪ੍ਰਭਾਵਿਤ ਕਰੇਗਾ।'

ਇਸ ਦਲੀਲ ਵਿਚ ਵਜ਼ਨ ਹੈ। ਲੋਕਪਾਲ ਦਾ ਕੰਮ ਸਰਕਾਰ ਨੂੰ ਅਸਥਿਰ ਕਰਨਾ ਜਾਂ ਪ੍ਰਧਾਨ ਮੰਤਰੀ ਨੂੰ ਨਕਾਰਾ ਬਣਾਉਣਾ ਨਹੀਂ ਹੈ, ਪਰ ਕੀ ਮਹਿਜ਼ ਜਾਂਚ ਨਾਲ ਹੀ ਅਜਿਹਾ ਹੋ ਜਾਵੇਗਾ? ਰਾਜੀਵ ਗਾਂਧੀ ਬੋਫੋਰਜ਼ ਘੁਟਾਲੇ ਦੀ ਜਾਂਚ ਸ਼ੁਰੂ ਹੋਣ ਤੋਂ ਬਾਅਦ ਵੀ ਆਪਣੇ ਪ੍ਰਧਾਨ ਮੰਤਰੀ ਦੇ ਅਹੁਦੇ 'ਤੇ ਕਾਇਮ ਰਹੇ; ਨਾ ਹੀ ਪੀ. ਵੀ. ਨਰਸਿਮ੍ਹਾ ਰਾਓ ਨੂੰ ਝਾਰਖੰਡ ਮੁਕਤੀ ਮੋਰਚਾ ਰਿਸ਼ਵਤ ਘੁਟਾਲੇ ਦੇ ਮਾਮਲੇ ਵਿਚ ਗੱਦੀਉਂ ਲਾਹਿਆ ਜਾ ਸਕਿਆ। ਵਰ੍ਹਿਆਂ ਤੋਂ ਲੈ ਕੇ ਪ੍ਰਧਾਨ ਮੰਤਰੀ ਦਫ਼ਤਰ ਦਾ ਹਰ ਖੇਤਰ ਵਿਚ ਰੋਲ ਵਧ ਗਿਆ ਹੈ ਅਤੇ ਇਸ ਦੇ ਅਧੀਨ ਕਈ ਅਜਿਹੇ ਖੇਤਰ ਆਉਂਦੇ ਹਨ ਜਿਨ੍ਹਾਂ ਦਾ ਸਬੰਧ ਪ੍ਰਧਾਨ ਮੰਤਰੀ ਦੇ ਮਹਿਕਮੇ ਨਾਲ ਨਹੀਂ ਹੈ। ਇਹ ਸਮੇਂ-ਸਮੇਂ 'ਤੇ ਵਿਦੇਸ਼ ਨੀਤੀ, ਵਾਤਾਵਰਨ ਬਾਰੇ ਕੌਮਾਂਤਰੀ ਵਿਚਾਰ-ਵਟਾਂਦਰੇ, ਐਸ. ਬੈਂਡ ਸਪੈਕਟ੍ਰਮ, 2-ਜੀ ਸਪੈਕਟ੍ਰਮ ਸੇਵਾਵਾਂ ਆਦਿ ਜਿਹੇ ਤਰ੍ਹਾਂ-ਤਰ੍ਹਾਂ ਦੇ ਮਾਮਲਿਆਂ ਵਿਚ ਹਦਾਇਤਾਂ ਜਾਰੀ ਕਰਦਾ ਰਿਹਾ ਹੈ।

ਇਨ੍ਹਾਂ ਤਮਾਮ ਖੇਤਰਾਂ ਨੂੰ ਲੋਕਪਾਲ ਦੀ ਜਾਂਚ ਦੇ ਦਾਇਰੇ ਵਿਚ ਲਿਆਉਣਾ ਚਾਹੀਦਾ ਹੈ, ਪਰ ਝੂਠੀਆਂ ਸ਼ਿਕਾਇਤਾਂ ਤੋਂ ਬਚਣ ਦਾ ਢੁਕਵਾਂ ਪ੍ਰਬੰਧ ਹੋਣਾ ਵੀ ਜ਼ਰੂਰੀ ਹੈ। ਜਦੋਂ ਤੱਕ ਪ੍ਰਤੱਖ ਤੌਰ 'ਤੇ ਭ੍ਰਿਸ਼ਟਾਚਾਰ ਜਾਂ ਅਜਿਹੇ ਗ਼ਲਤ ਫ਼ੈਸਲੇ ਜੋ ਭ੍ਰਿਸ਼ਟਾਚਾਰ ਦਾ ਕਾਰਨ ਬਣਦੇ ਹੋਣ, ਬਾਰੇ ਕੋਈ ਸ਼ਕਤੀਸ਼ਾਲੀ ਮਾਮਲਾ ਨਹੀਂ ਬਣਦਾ, ਉਦੋਂ ਤੱਕ ਪ੍ਰਧਾਨ ਮੰਤਰੀ ਦੀ ਸੱਤਾ ਨੂੰ ਆਪਹੁਦਰੇ ਢੰਗ ਨਾਲ ਕਮਜ਼ੋਰ ਨਹੀਂ ਕੀਤਾ ਜਾ ਸਕਦਾ।

ਉੱਚ ਅਦਾਲਤਾਂ ਨੂੰ ਲੋਕਪਾਲ ਦੇ ਘੇਰੇ ਤੋਂ ਬਾਹਰ ਰੱਖਣ ਅਤੇ ਇਸ ਨੂੰ ਤਜਵੀਜ਼ਸ਼ੁਦਾ ਕੌਮੀ ਨਿਆਂਇਕ ਕਮਿਸ਼ਨ ਦੇ ਅਧੀਨ ਲਿਆਉਣ ਦਾ ਤਰਕ ਸਹੀ ਹੈ। ਇਸ ਨਾਲ ਲੋਕਪਾਲ ਅਤੇ ਨਿਆਂਪਾਲਿਕਾ ਵਿਚਕਾਰ ਹਿਤਾਂ ਦੇ ਵਿਵਾਦ ਦੀ ਗੁੰਜਾਇਸ਼ ਨਹੀਂ ਰਹੇਗੀ ਕਿਉਂਕਿ ਕੁਝ ਮਾਮਲਿਆਂ ਵਿਚ ਲੋਕਪਾਲ ਨੂੰ ਸੁਪਰੀਮ ਕੋਰਟ ਵਿਚ ਪਟੀਸ਼ਨ ਦਾਇਰ ਕਰਨੀ ਪੈ ਸਕਦੀ ਹੈ।

ਅੰਨਾ ਦੀ ਟੀਮ ਨੂੰ ਵੀ ਕੁਝ ਲਚਕ ਦਿਖਾਉਣੀ ਚਾਹੀਦੀ ਹੈ। ਇਸ ਵੱਲੋਂ ਲੋਕਪਾਲ ਨੂੰ ਸਰਕਾਰ ਦੀ ਬਰਾਬਰ ਦੀ ਸ਼ਕਤੀ ਅਤੇ ਕਿਸੇ ਸਥਾਈ ਨਿਰੀਖਕ ਸੱਤਾ ਵਜੋਂ ਨਹੀਂ ਦੇਖਣਾ ਚਾਹੀਦਾ। ਜਮਹੂਰੀਅਤ ਵਿਚ ਅਜਿਹੀ ਸੱਤਾ ਦਾ ਕੋਈ ਸਥਾਨ ਨਹੀਂ ਹੈ। ਜਮਹੂਰੀਅਤ ਵਿਚ ਕਾਰਜ ਪਾਲਿਕਾ ਦਾ ਆਪਣਾ ਖ਼ੁਦਮੁਖ਼ਤਿਆਰ ਅਧਿਕਾਰ ਖੇਤਰ ਹੈ, ਤੇ ਇਹ ਕੁੱਲ ਮਿਲਾ ਕੇ ਅਧਿਕਾਰਾਂ ਦੀ ਵੰਡ ਦੇ ਅਧੀਨ ਹੈ। ਹਜ਼ਾਰੇ ਦੀ ਟੀਮ ਦੀ ਇਹ ਮੰਗ ਸਹੀ ਨਹੀਂ ਹੈ ਕਿ ਲੋਕਪਾਲ ਲਈ ਵੱਡੇ ਬਜਟ (ਸਰਕਾਰ ਦੇ ਕੁੱਲ ਖ਼ਜ਼ਾਨੇ ਦਾ ਇਕ ਚੌਥਾਈ ਹਿੱਸਾ) ਦਾ ਪ੍ਰਬੰਧ ਕੀਤਾ ਜਾਵੇ।

ਅੰਨਾ ਹਜ਼ਾਰੇ ਅਤੇ ਬਾਬਾ ਰਾਮਦੇਵ ਜਿਹੇ ਲੋਕ ਭ੍ਰਿਸ਼ਟਾਚਾਰ ਦੀ ਜੜ੍ਹ ਨਹੀਂ ਸਮਝਣਾ ਚਾਹੁੰਦੇ। ਆਪਣੇ ਮਰਨ ਵਰਤ ਨਾਲ ਰਾਮਦੇਵ ਨੇ ਪੂਰੇ ਮੁੱਦੇ ਨੂੰ ਮਜ਼ਾਕ ਵਿਚ ਬਦਲ ਦਿੱਤਾ। ਆਪਣਾ ਮਰਨ ਵਰਤ ਖ਼ਤਮ ਕਰਨ ਲਈ ਸਹਿਮਤ ਹੋਣ ਤੋਂ ਬਾਅਦ ਵੀ ਉਨ੍ਹਾਂ ਇਹ ਜਾਰੀ ਰੱਖਿਆ। ਇਸ ਨਾਲ ਉਨ੍ਹਾਂ ਦੀ ਬੁਰੀ ਤਰ੍ਹਾਂ ਨਾਲ ਬਦਖੋਈ ਹੋਈ। ਉਂਝ, ਇਸ ਘਟਨਾਕ੍ਰਮ ਨਾਲ ਸ਼ੋਭਾ ਸਰਕਾਰ ਦੀ ਵੀ ਕੋਈ ਨਹੀਂ ਹੋਈ। ਹਜ਼ਾਰੇ ਨੇ 16 ਅਗਸਤ ਤੋਂ ਮੁੜ ਮਰਨ ਵਰਤ ਰੱਖਣ ਦਾ ਐਲਾਨ ਕਰ ਦਿੱਤਾ ਹੈ। ਉਨ੍ਹਾਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਮਰਨ ਵਰਤ ਦਾ ਵਰਤਾਰਾ ਬਲੈਕਮੇਲਿੰਗ ਕਰਨ ਦੇ ਨਵੇਂ ਢੰਗ ਵਜੋਂ ਵਿਕਸਿਤ ਹੋ ਸਕਦਾ ਹੈ।

ਕੁੱਲ ਮਿਲਾ ਕੇ ਗੱਲ ਇਹ ਹੈ ਕਿ ਹਜ਼ਾਰੇ ਦੀ ਟੀਮ ਨੂੰ ਆਪਣੀਆਂ ਸੀਮਾਵਾਂ ਸਮਝਣੀਆਂ ਚਾਹੀਦੀਆਂ ਹਨ। ਉਨ੍ਹਾਂ ਕੋਲ ਸਮਝਦਾਰ ਬੰਦਿਆਂ ਦੀ ਟੀਮ ਹੈ। 'ਸਵੈ-ਨਿਯੁਕਤ ਸਿਵਲ ਸੁਸਾਇਟੀ ਸਮੂਹ' ਦੀ ਨਾ ਤਾਂ ਮਾਨਤਾ ਪ੍ਰਾਪਤ ਨੁਮਾਇੰਦਗੀ ਹੈ, ਤੇ ਨਾ ਹੀ ਉਹ ਲੋਕਾਂ ਅੱਗੇ ਜਵਾਬਦੇਹ ਹੈ। ਉਹ ਕਾਨੂੰਨ ਨਹੀਂ ਬਣਾ ਸਕਦਾ, ਇਹ ਕਾਨੂੰਨ-ਘਾੜਿਆਂ ਨੂੰ ਸੁਝਾਅ ਦੇ ਸਕਦਾ ਹੈ ਤੇ ਸਿਫ਼ਾਰਸ਼ਾਂ ਕਰ ਸਕਦਾ ਹੈ ਪਰ ਉਹ ਅਸਲ ਨੁਮਾਇੰਦਿਆਂ ਦੀ ਥਾਂ ਨਹੀਂ ਲੈ ਸਕਦਾ।

ਭ੍ਰਿਸ਼ਟਾਚਾਰ ਦਾ ਤਰਜੀਹੀ ਆਧਾਰ 'ਤੇ ਸਾਹਮਣਾ ਕਰਨਾ ਚਾਹੀਦਾ ਹੈ ਪਰ ਇਹ ਮੁਕਾਬਲਾ ਇਸ ਤਰੀਕੇ ਨਾਲ ਕੀਤਾ ਜਾਵੇ ਜੋ ਨਵੇਂ ਗ਼ੈਰ-ਜਵਾਬਦੇਹ ਸੱਤਾ ਦੇ ਕੇਂਦਰਾਂ ਨੂੰ ਹੋਂਦ ਵਿਚ ਲਿਆਉਣ ਦੀ ਬਜਾਏ ਜਮਹੂਰੀਅਤ ਨੂੰ ਮਜ਼ਬੂਤ ਕਰੇ। ਸਰਕਾਰ ਨੂੰ ਵੀ ਇਹ ਸਮਝਣਾ ਚਾਹੀਦਾ ਹੈ ਕਿ ਜੇ ਉਹ ਪ੍ਰਭਾਵੀ ਲੋਕਪਾਲ ਬਿੱਲ ਤਿਆਰ ਕਰਨ ਦੇ ਆਪਣੇ ਵਾਅਦੇ ਤੋਂ ਮੁਕਰਦੀ ਹੈ ਤਾਂ ਉਸ ਦੀ ਭਰੋਸੇਯੋਗਤਾ ਕਮਜ਼ੋਰ ਪੈ ਜਾਏਗੀ।

# ਹੱਟ ਕਬੱਡੀ ! ਸਫਾ-ਚੱਟ ਕਬੱਡੀ ! !

ਦੇਸ਼-ਵਿਦੇਸ਼ ਦੀਆਂ ਪੰਜਾਬੀ ਅਖ਼ਬਾਰਾਂ ਵਿਚ ਕਬੱਡੀ ਮੈਚਾਂ ਦੀਆਂ ਖ਼ਬਰਾਂ ਅਤੇ ਮੈਦਾਨ ਵਿਚ ਗੁੱਥ-ਮ-ਗੁੱਥਾ ਹੋ ਰਹੇ ਖਿਡਾਰੀਆਂ ਦੀਆਂ ਜਲਾਲ ਭਰੀਆਂ ਫੋਟੋਆਂ ਦੇਖ ਕੇ ਆਪਣੀ ਪੜ੍ਹਾਈ ਦੇ ਦਿਨੀਂ ਖੇਡੀ ਹੋਈ ਕਬੱਡੀ ਯਾਦ ਆ ਜਾਂਦੀ ਹੈ। ਉਨ੍ਹਾਂ ਵੇਲਿਆਂ 'ਚ ਅਸੀਂ ਵੀ ਪੱਟ 'ਤੇ ਥਾਪੀ ਮਾਰ ਕੇ 'ਦਮ ਪਾਉਣ' ਜਾਇਆ ਕਰਦੇ ਸਾਂ। ਉਦੋਂ ਦੀ ਅਤੇ ਅਜੋਕੀ ਕਬੱਡੀ ਦਾ ਰੰਗ-ਢੰਗ ਦੇਖ ਕੇ ਹੈਰਾਨੀ ਹੁੰਦੀ ਹੈ ਕਿ ਇਸ ਖੇਡ ਦੀ ਨਿਯਮਾਵਲੀ ਵਿਚ ਤਾਂ ਕੋਈ ਖਾਸ ਤਬਦੀਲੀਆਂ ਨਹੀਂ ਹੋਈਆਂ ਪਰ ਹੁਣ ਦੇ ਖਿਡਾਰੀਆਂ ਦੇ ਚਿਹਰੇ-ਮੋਹਰੇ ਅਤੇ ਉਨ੍ਹਾਂ ਦੇ ਨਾਂਵਾਂ ਦਾ ਹੁਲੀਆ ਕਿਉਂ ਵਿਗੜ ਗਿਆ? ਵਿਦੇਸ਼ਾਂ ਵਿਚ ਕਬੱਡੀ ਮੈਚ ਕਰਵਾਉਣ ਵਾਲੇ ਕਬੱਡੀ ਪ੍ਰੇਮੀ ਵੀਰ ਇਹ ਦਾਅਵਾ ਬੜੇ ਜ਼ੋਰ-ਸ਼ੋਰ ਨਾਲ ਕਰਦੇ ਹਨ ਕਿ ਅਸੀਂ ਪੰਜਾਬੀ ਵਿਰਸੇ ਦੇ ਵਿਦੇਸ਼ਾਂ ਵਿਚ ਵੀ ਝੰਡੇ ਗੱਡ ਰਹੇ ਹਾਂ ਪਰ ਜ਼ਰਾ ਸਵੈ-ਪੜਚੋਲ ਕਰ ਕੇ ਦੇਖੀਏ ਕਿ ਕੀ ਸੱਚ-ਮੁੱਚ ਵਿਰਾਸਤ ਦੀ ਹਿਫ਼ਾਜ਼ਤ ਹੋ ਰਹੀ ਹੈ?

ਮੈਨੂੰ ਯਾਦ ਹੈ ਕਿ ਹਾਈ ਸਕੂਲ 'ਚ ਪੜ੍ਹਦਿਆਂ ਸਾਡੀ ਕਬੱਡੀ ਦੀ ਟੀਮ ਵਿਚ ਸਾਰੇ ਮੁੰਡੇ ਆਪਣੇ ਜੂੜਿਆਂ 'ਤੇ ਚਿੱਟੇ ਰੁਮਾਲ ਬੰਨ੍ਹ ਕੇ ਖੇਡਦੇ ਹੁੰਦੇ ਸਨ। ਕਮਲੇਸ਼ ਕੁਮਾਰ ਨਾਂ ਦਾ ਸਿਰਫ਼ ਇੱਕੋ ਮੁੰਡਾ ਮੋਨਾ ਹੁੰਦਾ ਸੀ। ਇਸੇ ਕਰਕੇ ਜਦੋਂ ਦਮ ਪਾਉਣ ਦੀ ਉਸ ਦੀ ਵਾਰ ਹੋਣੀ ਤਾਂ ਦਰਸ਼ਕਾਂ ਨੇ ਆਵਾਜ਼ੇ ਕੱਸਣੇ, "ਆ ਗਿਆ 'ਭੋਡਾ', ਚੱਕ ਲਓ, ਸੁੱਕਾ ਨਾ ਜਾਵੇ 'ਭੋਡਾ'!" ਸਾਰੇ ਜੂੜਿਆਂ ਵਾਲੇ ਮੁੰਡਿਆਂ ਦੀ ਟੀਮ ਵਿਚ ਇਕ ਹੀ ਮੋਨਾ ਹੋਣ ਕਰਕੇ ਉਸ ਦੀ ਅੱਲ ਹੀ 'ਭੋਡਾ' ਪੈ ਗਈ ਸੀ। ਇਕੱਲੀ ਸਾਡੀ ਟੀਮ ਦੀ ਹੀ ਗੱਲ ਨਹੀਂ, ਉਦੋਂ ਆਮ ਹੀ ਖਿਡਾਰੀ ਮੁੰਡੇ ਆਪਣੇ ਜੂੜਿਆਂ 'ਤੇ ਚਿੱਟੇ ਦੁੱਧ ਜਿਹੇ ਚੌ-ਕੋਣੇ ਰੁਮਾਲ ਬੰਨ੍ਹ ਕੇ ਖੇਡਣਾ ਆਪਣੀ ਸ਼ਾਨ ਸਮਝਦੇ ਹੁੰਦੇ ਸਨ। ਉਨ੍ਹਾਂ ਹੀ ਪੰਜਾਬੀਆਂ ਦੀ 'ਮਾਂ-ਖੇਡ' ਦਾ ਅੱਜ ਦਾ ਹਾਲ ਦੇਖ ਲਓ! ਸਭ ਪਾਸੇ ਹੀ ਕਬੱਡੀ 'ਭੋਡੀ' ਹੋਈ ਪਈ ਹੈ। ਕਦੇ-ਕਦਾਈਂ ਹੀ ਕਿਸੇ ਟੀਮ ਵਿਚ ਖੇਡ ਰਹੇ ਕਿਸੇ ਇਕ-ਅੱਧ ਕੇਸਧਾਰੀ ਸਿੱਖ ਖਿਡਾਰੀ ਦੇ ਦਰਸ਼ਨ ਹੁੰਦੇ ਨੇ। ਨਹੀਂ ਤਾਂ ਸਾਰੇ ਪਾਸੇ ਹੀ 'ਸਫਾ-ਚੱਟ' ਕਬੱਡੀ ਦਿਖਾਈ ਦਿੰਦੀ ਹੈ।

ਸਮਝ ਨਹੀਂ ਆਉਂਦੀ ਕਿ ਜੇ ਉਦੋਂ ਕੇਸ-ਦਾੜ੍ਹੀਆਂ ਵਾਲੇ ਮੁੰਡੇ ਕਬੱਡੀ ਖੇਡਦਿਆਂ ਧੌਲ-ਧੱਫੇ-ਕੈਂਚੀਆਂ ਸੌਖਿਆਂ ਹੀ ਮਾਰ ਸਕਦੇ ਸਨ ਤਾਂ ਹੁਣ ਦੀ ਕਬੱਡੀ ਲਈ ਕੇਸ ਅੜਿੱਕਾ ਕਿਵੇਂ ਬਣ ਗਏ? ਮੇਰੀ ਜਾਚੇ ਤਾਂ ਇਹ ਸਭ ਦੇਖਾ-ਦੇਖੀ ਵਾਲੀ ਭੇਡ-ਚਾਲ ਦਾ ਹੀ ਨਤੀਜਾ ਹੈ।

ਅੱਜ ਦੀ ਕਬੱਡੀ ਬਾਰੇ ਹੀ ਕੁਝ ਨੁਕਤੇ ਹੋਰ ਇੰਗਲੈਂਡ ਤੋਂ ਛਪਦੀ 'ਪੰਜਾਬ ਟਾਈਮਜ਼' ਅਖ਼ਬਾਰ ਨੇ ਉਠਾ ਦਿੱਤੇ ਹਨ ਜਿਸ ਦਾ ਜੂਨ ਮਹੀਨੇ ਦਾ ਅੰਕ ਮੇਰੇ ਸਾਹਮਣੇ ਪਿਆ ਹੈ। ਇਸ ਦੇ ਅਖੀਰਲੇ ਰੰਗਦਾਰ ਸਫ਼ੇ 'ਤੇ ਉਥੇ ਖੇਡੇ ਗਏ ਕਬੱਡੀ ਮੈਚ ਦਾ ਇਸ਼ਤਿਹਾਰ ਛਪਿਆ ਹੋਇਆ ਹੈ। ਇਸ ਨੂੰ ਜਾਰੀ ਕਰਨ ਵਾਲੀ ਕਲੱਬ ਦਾ ਨਾਂ ਹੈ, 'ਜੀ.ਏ.ਡੀ.ਜੀ. ਖਾਲਸਾ ਕਬੱਡੀ ਕਲੱਬ, ਡਰਬੀ'। ਇਸ ਵਿਚ ਛਪੀਆਂ ਫੋਟੋਆਂ ਮੁਤਾਬਕ ਇਨਾਮ-ਸਨਮਾਨ ਦੇ ਰਹੇ ਬਹੁਤੇ ਪ੍ਰਬੰਧਕ ਤਾਂ ਜ਼ਰੂਰ ਸਾਬਤ-ਸੂਰਤਿ ਦਸਤਾਰ ਸਿਰੇ ਦਿਖਾਈ ਦੇ ਰਹੇ ਹਨ ਪਰ ਜਿੱਤਿਆ ਹੋਇਆ 'ਕੱਪ' ਪ੍ਰਾਪਤ ਕਰਨ ਵਾਲੇ ਸਾਰੇ ਖਿਡਾਰੀ ਕਲੀਨ ਸ਼ੇਵ ਹਨ। ਜੀ.ਏ.ਡੀ.ਜੀ. ਖਾਲਸਾ ਕਲੱਬ ਦੇ ਇਨ੍ਹਾਂ ਖਿਡਾਰੀਆਂ ਦੇ ਨਾਲ-ਨਾਲ ਇਸੇ ਕਲੱਬ ਦੇ ਇਕ ਹੋਰ ਹੋਣਹਾਰ 'ਜਾਫ਼ੀ' ਦੀ ਵੱਡੀ ਫੋਟੋ ਇਸ਼ਤਿਹਾਰ ਵਿਚ ਛਪੀ ਹੋਈ ਹੈ। ਤਕੜੇ ਜੁੱਸੇ ਵਾਲੇ ਇਸ ਖਿਡਾਰੀ ਨੇ ਆਪਣਾ ਸਿਰ ਇਸ ਢੰਗ ਨਾਲ ਮੁਨਾਇਆ ਹੋਇਆ ਹੈ ਕਿ ਵਿਚ ਪਾਈਆਂ ਹੋਈਆਂ ਲਸਰਾਂ ਜਿਹੀਆਂ ਇਉਂ ਜਾਪਦੀਆਂ ਹਨ ਜਿਵੇਂ ਕਣਕ ਦੇ ਵੱਢ ਵਿਚ ਪੈਦਲ ਚੱਲਣ ਵਾਲਿਆਂ ਨੇ ਪਗ-ਡੰਡੀਆਂ ਬਣਾਈਆਂ ਹੋਈਆਂ ਹੋਣ। ਇਹ ਹੈ 'ਖਾਲਸਾ ਕਲੱਬ' ਦਾ ਮਾਣ-ਮੱਤਾ ਖਿਡਾਰੀ!!



ਮੇਰੇ ਆਪਣੇ ਅਨੁਮਾਨ ਅਨੁਸਾਰ 'ਜੀ.ਏ.ਡੀ.ਜੀ.' ਦਾ ਪੂਰਾ ਭਾਵ ਦੂਸਰੇ ਪਾਤਸ਼ਾਹ ਸ੍ਰੀ ਗੁਰੂ ਅੰਗਦ ਦੇਵ ਜੀ, ਤੀਸਰੇ ਜਾਂ ਪੰਜਵੇਂ ਗੁਰੂ ਜੀ ਦੇ ਨਾਮ ਤੋਂ ਹੋਵੇਗਾ, ਜਿਸ ਕਿਸੇ ਗੁਰਮੁਖ ਪਿਆਰੇ ਨੇ ਇਨ੍ਹਾਂ ਮੁਬਾਰਕ ਨਾਂਵਾਂ ਦੀ ਚੋਣ ਕੀਤੀ ਹੋਵੇਗੀ, ਉਸ ਦੇ ਮਸਤਕ ਵਿਚ ਗੁਰੂ ਸਾਹਿਬਾਨ ਦੇ ਬਖ਼ਸ਼ੇ ਮਹਾਨ ਫਲਸਫੇ ਪ੍ਰਤੀ ਮੋਹ ਸਤਿਕਾਰ ਜਾਗਿਆ ਹੋਵੇਗਾ। ਇਹ ਨਾਂ ਰੱਖਣ ਲੱਗਿਆਂ ਉਸ ਨੇ ਇਹ ਵੀ ਸੋਚਿਆ ਹੋਵੇਗਾ ਇਨ੍ਹਾਂ ਪਾਵਨ ਨਾਂਵਾਂ ਥੱਲੇ ਬਣੀ ਕਲੱਬ ਦੇ ਖਿਡਾਰੀ ਗੁਰੂ ਸਾਹਿਬ ਦਾ ਸਤਿਕਾਰ ਕਰਦਿਆਂ ਗੁਰਮਤਿ ਨੂੰ ਪ੍ਰਣਾਏ ਹੋਣਗੇ, ਲੇਕਿਨ ਹੋ ਗਿਆ ਸਾਰਾ ਕੁਝ ਉਲਟ-ਪੁਲਟ। ਖਿਡਾਰੀਆਂ ਦਾ ਗੁਰਮਤਿ ਨੂੰ ਪ੍ਰਣਾਏ ਹੋਣਾ ਤਾਂ ਦੂਰ ਰਿਹਾ, ਇੱਥੇ ਸਤਿਗੁਰੂ ਦੇ ਸਨਮਾਨਯੋਗ ਨਾਮ ਦੀ ਜਗ੍ਹਾ (ਇਸ਼ਤਿਹਾਰ ਵਿਚ) ਤਿੰਨ ਥਾਂ 'ਜੀ.ਏ.ਡੀ.ਜੀ.' ਹੀ ਲਿਖ ਕੇ ਸ੍ਰੀ ਗੁਰੂ ਅੰਗਦ ਦੇਵ ਜੀ ਪ੍ਰਤੀ 'ਅਨੋਖੀ ਸ਼ਰਧਾ' ਦਾ ਪ੍ਰਗਟਾਵਾ ਕੀਤਾ ਹੋਇਆ ਹੈ।

ਇਸ ਨੁਕਤੇ ਦੀ ਵਿਆਖਿਆ ਹਿਤ ਇੱਥੇ ਇਕ ਗੱਲ ਲਿਖਣੀ ਕੁਥਾਂ ਨਹੀਂ ਹੋਵੇਗੀ। ਕਹਿੰਦੇ ਹਨ, ਕਿਤੇ ਦੋ ਸਿੱਖ ਗੁਰਮਤਿ ਫਲਸਫੇ ਦੇ ਕਿਸੇ ਨਿਯਮ ਬਾਬਤ ਆਪਸ ਵਿਚੀਂ ਬਹਿਸ ਰਹੇ ਸਨ। ਸੁਭਾਅ ਪੱਖੋਂ ਕੁਝ ਬੜਬੋਲਾ ਇਕ ਜਣਾ, ਦੂਸਰੇ ਨਿਮਰ-ਭਾਵੀ ਸਿੱਖ 'ਤੇ ਹਾਵੀ ਹੋਣ ਦੀ ਨੀਅਤ ਨਾਲ ਰੋਹਬ ਛਾਂਟਦਾ ਹੋਇਆ ਕਹਿੰਦਾ, "ਫਲਾਣਾ ਸਿਧਾਂਤ ਮੈਨੂੰ ਦਿਖਾ 'ਜੀ.ਜੀ.ਐਸ.' ਵਿਚ ਕਿੱਥੇ ਲਿਖਿਆ ਹੋਇਐ?" ਗੁਰੂ ਦੇ ਭੈਅ-ਅਦਬ ਵਾਲਾ ਸਿੱਖ ਅੱਗਿਓਂ ਹੱਥ ਜੋੜ ਕੇ ਬੋਲਿਆ, "ਭਰਾ ਮੇਰਿਆ, ਜਿਸ ਸਿੱਖ ਕੋਲ ਆਪਣੇ ਇਸ਼ਟ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਨਮਾਨ ਸਹਿਤ ਪੂਰਾ ਨਾਂ ਲੈਣ ਦਾ ਵੀ ਸਮਾਂ ਹੈ ਨਹੀਂ; ਜੋ ਜੁੱਗੋ ਜੁਗ ਅਟੱਲ ਸਤਿਗੁਰੂ ਜੀ ਨੂੰ 'ਜੀ.ਜੀ.ਐਸ.' ਹੀ ਆਖੀ ਜਾ ਰਿਹਾ ਐ; ਖਿਮਾ ਕਰਨਾ, ਮੈਂ ਐਸੇ 'ਸਿੱਖ' ਨਾਲ ਕੋਈ ਗੱਲ ਨਹੀਂ ਕਰਨੀ ਚਾਹੁੰਦਾ।"

ਸਾਡੇ ਵੇਲਿਆਂ ਦਾ ਇਹ ਕੈਸਾ ਕਰੁਣਾਮਈ ਵਿਅੰਗ ਹੈ। ਬਹੁਤੀਆਂ ਖੇਡ ਕਲੱਬਾਂ ਨੇ, ਗੁਰੂ ਸਾਹਿਬਾਨ ਜਾਂ ਸਿੱਖ ਸ਼ਹੀਦਾਂ ਦੇ ਨਾਂਵਾਂ ਹੇਠ ਆਪਣੀਆਂ ਸੰਸਥਾਵਾਂ ਰਜਿਸਟਰਡ ਕਰਵਾਈਆਂ ਤਾਂ ਹੋਈਆਂ ਹਨ ਪਰ ਇਨ੍ਹਾਂ ਦੇ ਪਾਏ ਹੋਏ ਪੂਰਨਿਆਂ 'ਤੇ ਚੱਲਣ ਦਾ ਕੋਈ ਉਦਮ-ਉਪਰਾਲਾ ਨਹੀਂ ਕੀਤਾ ਜਾਂਦਾ। ਜੇ ਇਨ੍ਹਾਂ ਮਹਾਂਪੁਰਖਾਂ ਦੇ ਸਿਧਾਂਤਾਂ ਦੇ ਨੇੜਿਓਂ-ਤੇੜਿਓਂ ਵੀ ਨਹੀਂ ਲੰਘਣਾ ਤਾਂ ਇਕੱਲੇ ਨਾਂਵਾਂ ਦੇ ਫੱਟੇ ਲਿਖਵਾਉਣ ਦਾ ਕੀ ਫਾਇਦਾ? ਮੰਨਿਆ ਕਿ ਤੁਹਾਡੇ ਮਨਾਂ ਵਿਚ ਆਪਣੇ ਵਡਿੱਕਿਆਂ ਲਈ ਚਾਅ ਤੇ ਸਤਿਕਾਰ ਹੈ ਪਰ ਇਹ ਨਿਰਾ ਪੁਰਾ ਦਿਲਾਂ ਵਿਚ ਹੀ ਨਹੀਂ ਰਹਿਣਾ ਚਾਹੀਦਾ। ਸਿੱਖੀ ਮਾਰਗ ਵਿਚ ਬਾਹਰੀ ਰਹਿਤ-ਬਹਿਤ ਨੂੰ ਵੀ ਉਤਨੀ ਮਹਾਨਤਾ ਹਾਸਲ ਹੈ, ਜਿਤਨੀ ਦਿਲ ਵਿਚ ਧਾਰੀ ਹੋਈ ਸਿੱਖੀ ਨੂੰ। ਅਸਲ ਵਿਚ ਇਨ੍ਹਾਂ ਦੋਵਾਂ ਦਾ ਜੋੜ ਮੇਲਾ ਨਿਹਾਇਤ ਜ਼ਰੂਰੀ ਹੈ। ਇਸ ਕਰਕੇ ਗੁਰੂ ਸਾਹਿਬਾਨ ਜਾਂ ਸਿੰਘ ਸ਼ਹੀਦਾਂ ਦੇ ਆਸ਼ੇ ਮੁਤਾਬਕ ਬਾਹਰੀ ਸਰੂਪ ਵੱਲ ਵੀ ਤਵੱਜੋ ਦੇਣੀ ਬਣਦੀ ਹੈ।

ਹੁਣ ਗੁਰਦੁਆਰਿਆਂ ਦੀਆਂ ਪ੍ਰਬੰਧਕ ਕਮੇਟੀਆਂ ਵੱਲੋਂ ਵੀ ਕਬੱਡੀ ਟੂਰਨਾਮੈਂਟ ਕਰਵਾਉਣ ਦਾ ਰਿਵਾਜ਼ ਚੱਲ ਪਿਆ ਹੈ, ਜਦਕਿ ਇਨ੍ਹਾਂ ਦਾ ਮੁੱਖ ਕਾਰਨ ਗੁਰਮਤਿ ਦਾ ਪ੍ਰਚਾਰ-ਪਸਾਰ ਹੀ ਮੰਨਿਆ ਗਿਆ ਹੈ। ਚਲੋ ਖੈਰ! ਜੇ ਇਨ੍ਹਾਂ ਧਾਰਮਿਕ ਸੰਸਥਾਵਾਂ ਨੇ ਕਬੱਡੀ ਖਿਡਾਉਣੀ ਹੀ ਹੈ ਤਾਂ ਉਕਤ ਨੁਕਤਿਆਂ ਦਾ ਧਿਆਨ ਰੱਖਣਾ ਜ਼ਰੂਰੀ ਬਣਦਾ ਹੈ। ਜਿਵੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਸ੍ਰੀ ਅੰਮ੍ਰਿਤਸਰ) ਨੇ ਕੇਸਧਾਰੀ ਸਿੱਖ ਖਿਡਾਰੀਆਂ ਦੀ ਕਬੱਡੀ ਟੀਮ ਬਣਾਈ ਹੋਈ ਹੈ। ਜਦੋਂ ਗੁਰਦੁਆਰਾ ਪ੍ਰਬੰਧਕ, ਖੇਡ ਮੈਦਾਨ ਵਿਚ ਜਾ ਕੇ 'ਬੋਲੇ ਸੋ ਨਿਹਾਲ' ਦੇ ਜੈਕਾਰੇ ਗਜਾਉਂਦਿਆਂ, ਕਲੀਨ ਸ਼ੇਵ ਖਿਡਾਰੀਆਂ ਦੇ ਗਲਾਂ ਵਿਚ ਪੀਲੇ ਰੰਗ ਦੇ ਸਿਰੋਪਾ ਪਾਉਂਦੇ ਹਨ ਤਾਂ ਕੀ ਉਦੋਂ ਹਾਸੋ-ਹੀਣੀ ਸਥਿਤੀ ਨਹੀਂ ਬਣ ਜਾਂਦੀ, ਜਦੋਂ ਉਹੀ ਪ੍ਰਬੰਧਕ ਗੁਰਦੁਆਰੇ ਆਏ ਨੌਜਵਾਨਾਂ ਨੂੰ 'ਕੇਸ ਗੁਰੂ ਕੀ ਮੋਹਰ ਹਨ' ਦਾ ਉਪਦੇਸ਼ ਦੇਣ ਲੱਗ ਜਾਂਦੇ ਹਨ।

ਆਖਰ ਵਿਚ ਗੱਲ ਕਰਦੇ ਹਾਂ ਅੱਜ ਦੇ ਕਬੱਡੀ ਖਿਡਾਰੀਆਂ ਦੇ ਦਿਲਚਸਪ ਨਾਂਵਾਂ ਬਾਰੇ। ਸਾਰੀ ਉਮਰ ਹਾਕੀ ਖੇਡਦਿਆਂ ਪ੍ਰਗਟ ਸਿੰਘ ਨਾ 'ਪੱਗੋ' ਬਣਿਆ, ਨਾ ਹੀ 'ਪੱਗੂ'। ਅਜੀਤਪਾਲ ਸਿੰਘ ਨੇ 'ਜੀਤਾ' ਜਾਂ 'ਪਾਲੀ' ਨਹੀਂ ਕਹਾਇਆ। ਕ੍ਰਿਕਟਰ ਬਿਸ਼ਨ ਸਿੰਘ ਬੇਦੀ 'ਬਿੱਛੂ' ਜਾਂ 'ਬਿਸ਼ਨਾ' ਨਹੀਂ ਬਣਿਆ। ਨਵਜੋਤ ਸਿੰਘ ਸਿੱਧੂ ਨੇ ਵੀ ਆਪਣਾ ਨਾਂ ਨਹੀਂ ਵਿਗਾੜਿਆ। ਬਹਾਦਰ ਸਿੰਘ ਸਾਬਤ-ਸੂਰਤਿ ਰਹਿ ਕੇ ਕੌਮਾਂਤਰੀ ਵੇਟ-ਲਿਫਟਰ ਬਣਿਆ ਰਿਹਾ। ਓਲੰਪਿਕ ਤੱਕ ਫੁੱਟਬਾਲ ਖੇਡਣ ਵਾਲਾ ਜਰਨੈਲ ਸਿੰਘ (ਪਨਾਮ) ਜੈਲਾ ਜਾਂ ਜੈਲੀ ਕਹਾਉਣ ਦੀ ਥਾਂ 'ਜਰਨੈਲ ਸਿੰਘ' ਵਜੋਂ ਹੀ ਖੇਡਦਾ ਰਿਹਾ। ਹੋਰ ਤਾਂ ਹੋਰ ਕਪਿਲ ਦੇਵ, ਮੁਰਲੀਧਰਨ, ਅਜ਼ਹਰ-ਉਦ-ਦੀਨ ਜਾਂ ਇਮਰਾਨ ਖਾਨ ਵਰਗੇ ਮਸ਼ਹੂਰ ਖਿਡਾਰੀਆਂ ਨੇ ਵੀ ਆਪਣੇ ਨਾਂ ਨਹੀਂ ਵਿਗੜਨ ਦਿੱਤੇ।

ਸਾਡੇ ਅੱਜ ਦੇ ਕਬੱਡੀ ਖਿਡਾਰੀਆਂ ਨੂੰ ਪਤਾ ਨਹੀਂ ਕੀ ਝੱਲ ਕੁੱਦਿਆ ਹੋਇਐ? ਖ਼ਜ਼ੂਰਾਂ ਜਿੱਡੇ-ਜਿੱਡੇ ਲੰਮੇ ਇਨ੍ਹਾਂ ਦੇ ਕੱਦ-ਕਾਠ, ਗਜ਼-ਗਜ਼ ਚੌੜੀਆਂ ਛਾਤੀਆਂ ਅਤੇ ਦੈਂਤਾਂ ਵਰਗੀ ਇਨ੍ਹਾਂ ਵਿਚ ਤਾਕਤ ਪਰ ਆਪਣੇ ਨਾਂ ਇਨ੍ਹਾਂ ਦੇ ਦੁੱਧ ਚੁੰਘਦੇ ਗੀਗਿਆਂ ਵਰਗੇ ਰੱਖੇ ਹੋਏ ਨੇ। ਇੰਗਲੈਂਡ ਦੀ ਹੀ ਅਖ਼ਬਾਰ ਅਨੁਸਾਰ ਇਨ੍ਹਾਂ ਦੇ ਨਾਂਵਾਂ ਦੇ ਨਮੂਨੇ ਦੇਖੋ ਜ਼ਰਾ- ਜੀਤੀ, ਤੁੰਨਾ, ਸੁੱਪੀ, ਨਿੱਪਾ, ਫੀਰੀ, ਕੰਮਾ, ਪਾਲੀ, ਗੋਲੂ, ਸਾਬ੍ਹੀ, ਗੋਰਾ, ਲਾਲੀ, ਸੋਖਾ, ਮੱਤਾ, ਗੁੱਗੂ ਅਤੇ ਗੋਲਡੀ। ਪੇਂਡੂ ਪਿਛੋਕੜ ਵਾਲੇ ਪਾਠਕ ਮੇਰੇ ਨਾਲ ਇਸ ਗੱਲੋਂ ਸਹਿਮਤ ਹੋਣਗੇ ਕਿ ਪਿੰਡਾਂ ਥਾਂਵਾਂ ਵਿਚ ਅਕਸਰ ਅਜਿਹੇ ਬੇ-ਢੰਗੇ ਜਿਹੇ ਨਾਂ ਹਾਸੇ-ਮਖੌਲ ਵਜੋਂ ਕਿਸੇ ਦਾ ਨਾਂ-ਕੁ-ਨਾਂ ਪਾਉਣ ਜਾਂ ਕਿਸੇ ਦੀ ਛੇੜ ਪਾਉਣ ਲਈ ਰੱਖੇ ਜਾਂਦੇ ਹਨ। ਅਜਿਹੇ ਹਾਸੋ-ਹੀਣੇ ਜਿਹੇ ਨਾਂ ਸਬੰਧਤ ਬੰਦੇ ਦੀ ਪਿੱਠ ਪਿੱਛੇ ਤਾਂ ਠੋਕ ਵਜਾ ਕੇ ਲਏ ਜਾਂਦੇ ਹਨ ਪਰ ਸਾਹਮਣੇ ਨਹੀਂ। ਕਈ ਵਾਰੀ ਬਹੁਤ ਭੈੜੀਆਂ ਛੇੜਾਂ ਕਾਰਨ ਪਿੰਡਾਂ ਵਿਚ ਲੜਾਈਆਂ ਵੀ ਹੋ ਜਾਂਦੀਆਂ ਹਨ ਪਰ ਸਦਕੇ ਜਾਈਏ ਸਾਡੇ ਕਬੱਡੀ ਖਿਡਾਰੀਆਂ ਦੇ ਜੋ ਚੱਟਾਨਾਂ ਜਿਹੇ ਫੌਲਾਦੀ ਜਿਸਮਾਂ ਦੇ ਮਾਲਕ ਹੁੰਦਿਆਂ ਵੀ ਤੁੰਨੇ-ਮੁੰਨੇ-ਭੂੰਨੇ ਕਹਾ ਕੇ ਖੁਸ਼ ਹੋਈ ਜਾਂਦੇ ਹਨ!!

ਮੇਰੀ ਇਸ ਲਿਖਤ ਦਾ ਕਤੱਈ ਇਹ ਅਰਥ ਨਾ ਕੱਢਿਆ ਜਾਵੇ ਕਿ ਮੈਂ ਕਬੱਡੀ ਜਾਂ ਇਹ ਖੇਡਣ ਵਾਲੇ ਕਲੀਨ ਸ਼ੇਵ ਖਿਡਾਰੀਆਂ ਦਾ ਵਿਰੋਧੀ ਹਾਂ। ਮੇਰੀ ਭਾਵਨਾ ਬਿਲਕੁਲ ਐਸੀ ਨਹੀਂ ਹੈ। ਮੇਰੀ ਤੜਪ ਤਾਂ ਬੱਸ ਇੰਨੀ ਹੈ ਕਿ ਜੇ ਕਬੱਡੀ ਨੂੰ ਪੰਜਾਬੀਆਂ ਦੀ ਜਾਂ ਪੰਜਾਬ ਦੀ ਮਾਂ ਖੇਡ ਵਜੋਂ ਪ੍ਰਚਾਰਿਆ ਜਾ ਰਿਹਾ ਹੈ ਤਾਂ ਇਸ ਦਾ ਮੂੰਹ-ਮੱਥਾ ਤਾਂ ਪੰਜਾਬ ਦੀ ਆਤਮਾ ਦੇ ਨੇੜੇ-ਤੇੜੇ ਦਾ ਰੱਖੋ। ਮਾਂ-ਖੇਡ ਦੀ ਬੱਲੇ-ਬੱਲੇ ਕਰਾਉਂਦਿਆਂ ਕੁੱਛ 'ਪਿਓ-ਗੁਰੂ' ਦਾ ਵੀ ਖਿਆਲ ਰੱਖੋ; ਜਿਹਦੇ ਨਾਂ 'ਤੇ ਪੰਜਾਬ ਵੱਸਦਾ ਆਖਿਆ ਜਾਂਦਾ ਹੈ। ਪੰਜਾਬ ਦੋਖੀਆਂ ਵੱਲੋਂ ਤਾਂ ਇਸ ਨੂੰ ਉਜਾੜਿਆ-ਲਤਾੜਿਆ ਜਾ ਹੀ ਰਿਹਾ ਹੈ, ਆਪਾਂ ਇਸ ਦੇ ਪੁੱਤਰ ਹੁੰਦਿਆਂ, ਜਾਣੇ-ਅਣਜਾਣੇ ਵਿਚ ਕਿਉਂ ਇਸ ਦੇ ਵਿਰਸੇ ਦੀ ਮਿੱਟੀ ਪਲੀਤ ਕਰੀ ਜਾ ਰਹੇ ਹਾਂ?

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ:408-903-9952


## ਸੇਵਾ ਸਿਮਰਨ ਸੁਸਾਇਟੀ, ਯੂਬਾ ਸਿਟੀ

ੴ ਸਤਿਗੁਰ ਪ੍ਰਸਾਦਿ॥
ਆਇਆ ਤਾ ਕਾ ਸਫਲ ਹੈ ਜਾ ਪਰ ਉਪਕਾਰੀ ਹੋਇ॥

**ਸੇਵਾ ਸਿਮਰਨ ਸੁਸਾਇਟੀ, ਯੂਬਾ ਸਿਟੀ ਵਲੋਂ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਤੇ ਉਪਦੇਸ਼ ਨੂੰ ਘਰ ਘਰ ਪਹੁੰਚਾਉਣ ਲਈ ਹਫਤਾਵਾਰੀ ਪ੍ਰੋਗਰਾਮ ਹਰੇਕ ਸਨਿਚਰਵਾਰ ਨੂੰ ਯੂਬਾ ਸਿਟੀ ਇਲਾਕੇ ਵਿਚ ਸ਼ੁਰੂ ਕੀਤਾ ਗਿਆ ਹੈ ਜਿਸ ਵਿਚ ਸੰਗਤ ਰੂਪ ਵਿਚ ਜਪੁਜੀ ਸਾਹਿਬ ਤੇ ਸੁਖਮਨੀ ਸਾਹਿਬ ਦੇ ਪਾਠ ਤੋਂ ਇਲਾਵਾ ਕੀਰਤਨ, ਕਥਾ ਅਤੇ ਨਾਮ ਸਿਮਰਨ ਕੀਤਾ ਜਾਂਦਾ ਹੈ। ਸੁਸਾਇਟੀ ਵਲੋਂ ਇਹ ਨਿਸ਼ਕਾਮ ਸੇਵਾ ਕੀਤੀ ਜਾਂਦੀ ਹੈ, ਕੋਈ ਵੀ ਸ਼ਰਧਾਵਾਨ ਪਰਿਵਾਰ ਇਹ ਸੇਵਾ ਆਪਣੇ ਘਰ ਵਿਚ ਕਰਵਾਉਣਾ ਚਾਹੁੰਦਾ ਹੈ ਤਾਂ ਹੇਠ ਲਿਖੇ ਸੱਜਣਾਂ ਨਾਲ ਸੰਪਰਕ ਕਰ ਸਕਦਾ ਹੈ:**

ਨਰਿੰਦਰ ਸਿੰਘ 530-682-7383
ਜੋਗਿੰਦਰ ਸਿੰਘ 530-870-3440
ਨਿਰਮਲ ਸਿੰਘ 530-635-0273


## ਹਰਿ ਹਰਿ ਨਾਮੁ ਸਦਾ ਸਦ ਜਾਪਿ

ੴ ਸਤਿਗੁਰ ਪ੍ਰਸਾਦਿ॥
ਟੋਡੀ ਮਹਲਾ 5॥
ਹਰਿ ਹਰਿ ਨਾਮੁ ਸਦਾ ਸਦ ਜਾਪਿ॥
ਧਾਰਿ ਅਨੁਗ੍ਰਹੁ ਪਾਰਬ੍ਰਹਮ ਸੁਆਮੀ
ਵਸਦੀ ਕੀਨੀ ਆਪਿ॥ਰਹਾਉ॥
ਜਿਸ ਕੇ ਸੇ ਫਿਰ ਤਿਨ ਹੀ ਸਮਾਲੇ
ਬਿਨਸੇ ਸੰਗ ਸੰਤਾਪ॥
ਹਾਥ ਦੇਇ ਰਾਖੇ ਜਨ ਅਪਨੇ
ਹਰਿ ਹੋਏ ਮਾਈ ਬਾਪ॥
ਜੀਅ ਜੰਤ ਹੋਏ ਮਿਹਰਵਾਨਾ
ਦਯਾ ਧਾਰੀ ਹਰਿ ਨਾਥ॥
ਨਾਨਕ ਸਰਨਿ ਪਰੇ ਦੁਖ ਭੰਜਨ
ਜਾ ਕਾ ਬਡ ਪਰਤਾਪ॥

ਧੁਰ ਕੀ ਬਾਣੀ ਦੇ ਇਸ ਸ਼ਬਦ ਵਿਚ ਗੁਰੂ ਅਰਜਨ ਦੇਵ ਭੀ ਸਤਿਗੁਰੂ ਉਸ ਸ੍ਰਿਸ਼ਟੀ ਦੇ ਰਚਨਹਾਰ ਮਾਲਿਕ ਦੀ ਸਿਫ਼ਤ ਕਰਦੇ ਹਨ ਅਤੇ ਸਾਨੂੰ ਸੰਸਾਰੀ ਜੀਵਾਂ ਨੂੰ ਨਾਮ ਸਿਮਰਨ ਨਾਲ ਜੋੜਦੇ ਹਨ,

ਹਰਿ ਹਰਿ ਨਾਮੁ ਸਦਾ ਸਦ ਜਾਪਿ॥
ਧਾਰਿ ਅਨੁਗ੍ਰਹੁ ਪਾਰਬ੍ਰਹਮ ਸੁਆਮੀ
ਵਸਦੀ ਕੀਨੀ ਆਪਿ॥ਰਹਾਉ॥

ਹੇ ਭਾਈ! ਉਸ ਪ੍ਰਮੇਸ਼ਵਰ ਪ੍ਰਭੂ ਦਾ ਨਾਮ ਸਦਾ ਹੀ ਜਪਦੇ ਰਹਿਣਾ ਚਾਹੀਏ, ਕਿਉਂਕਿ ਜੋ ਜੀਵ ਉਸ ਮਾਲਿਕ ਦੇ ਨਾਮ ਦਾ ਸਿਮਰਨ ਕਰਦੇ ਹਨ, ਪ੍ਰਭੂ ਆਪਣੀ ਅਪਾਰ ਕ੍ਰਿਪਾ ਦੁਆਰਾ ਉਨ੍ਹਾਂ ਜੀਵਾਂ ਦੀ ਦਿਲ ਦੀ ਨਗਰੀ ਜੋ ਖਾਲੀ ਪਈ ਸੀ, ਉਸ ਨੂੰ ਆਪਣੀਆਂ ਬਖ਼ਸ਼ਿਸ਼ਾਂ ਸਦਕਾ ਵਸਾ ਦਿੰਦਾ ਹੈ ਅਤੇ ਆਪਣੀ ਮਿਹਰ ਸਕਦਾ ਗੁਣਾਂ ਨਾਲ ਭਰਪੂਰ ਕਰ ਦਿੰਦਾ ਹੈ।

ਜਿਸ ਕੇ ਸੇ ਫਿਰ ਤਿਨ ਹੀ ਸਮਾਲੇ
ਬਿਨਸੇ ਸੰਗ ਸੰਤਾਪ॥
ਹਾਥ ਦੇਇ ਰਾਖੇ ਜਨ ਅਪਨੇ
ਹਰਿ ਹੋਏ ਮਾਈ ਬਾਪ॥

ਹੇ ਭਾਈ! ਜਿਸ ਵਾਹਿਗੁਰੂ ਦੇ ਇਹ ਜੀਵ ਪੈਦਾ ਕੀਤੇ ਹੋਏ ਹਨ, ਉਨ੍ਹਾਂ ਦੀ ਪ੍ਰਭੂ ਆਪ ਹੀ ਸੰਭਾਲ ਵੀ ਕਰਦਾ ਹੈ ਅਤੇ ਆਪ ਹੀ ਉਨ੍ਹਾਂ ਜੀਵਾਂ ਦੇ ਸਾਰੇ ਦੁੱਖਾਂ ਅਤੇ ਕਲੇਸ਼ਾਂ ਦਾ ਨਾਸ ਵੀ ਕਰਦਾ ਹੈ। ਜੋ ਜੀਵ ਸਵਾਸ ਸਵਾਸ ਉਸ ਪ੍ਰਭੂ ਦਾ ਨਾਮ ਸਿਮਰਨ ਕਰਦੇ ਹਨ, ਪ੍ਰਭੂ ਉਨ੍ਹਾਂ ਦੀ ਆਪਣਾ ਹੱਥ ਦੇ ਕੇ ਸਦਾ ਰੱਖਿਆ ਕਰਦਾ ਹੈ ਅਤੇ ਉਨ੍ਹਾਂ ਦਾ ਮਾਂ-ਬਾਪ ਬਣ ਕੇ ਉਨ੍ਹਾਂ ਨੂੰ ਪਿਆਰ ਵੀ ਕਰਦਾ ਹੈ।

### ਗੁਰਬਾਣੀ ਗਿਆਨ

ਜੀਅ ਜੰਤ ਹੋਏ ਮਿਹਰਵਾਨਾ
ਦਯਾ ਧਾਰੀ ਹਰਿ ਨਾਥ॥
ਨਾਨਕ ਸਰਨਿ ਪਰੇ ਦੁਖ ਭੰਜਨ
ਜਾ ਕਾ ਬਡ ਪਰਤਾਪ॥

ਹੇ ਭਾਈ! ਅਕਾਲ ਪੁਰਖ ਸਦਾ ਹੀ ਜੀਵਾਂ ਉਤੇ ਮਿਹਰਵਾਨ ਰਹਿੰਦਾ ਹੈ ਅਤੇ ਉਹ ਹਰੀ ਪ੍ਰਭੂ ਸਭਨਾਂ ਤੇ ਦਯਾ ਵੀ ਕਰਨ ਵਾਲਾ ਹੈ ਕਿਉਂਕਿ ਇਹ ਸਾਰੇ ਜੀਵ ਉਸ ਪ੍ਰਭੂ ਦੇ ਹੀ ਬਣਾਏ ਹੋਏ ਹਨ। ਹੇ ਭਾਈ! ਇਹ ਨਾਨਕ ਵੀ ਉਸ ਸੋਹਣੇ ਪ੍ਰਭੂ ਦੀ ਸ਼ਰਨ ਵਿਚ ਆ ਪਿਆ ਹੈ, ਜੋ ਸਾਰੇ ਦੁੱਖਾਂ ਦਾ ਨਾਸ ਕਰਨ ਵਾਲਾ ਹੈ ਅਤੇ ਜਿਸ ਦਾ ਤੇਜ਼ ਪ੍ਰਤਾਪ ਵੀ ਬਹੁਤ ਵੱਡਾ ਹੈ। ਸੋ ਹੇ ਭਾਈ!! ਨਾਮ ਸਿਮਰਨ ਹੀ ਪ੍ਰਭੂ ਦਾ ਮਿਲਾਪ ਹੈ।

ਆਓ ਗੁਰੂ ਪਿਆਰਿਓ! ਦੇਹਧਾਰੀ ਗੁਰੂਆਂ ਨੂੰ ਤੱਜ ਕੇ ਸ਼ਬਦ ਗੁਰੂ ਨਾਲ ਜੁੜੀਏ!!

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-686-3536*

## ਸਿਆਸਤ ਦਾ ਪਿੜ

# ਭਾਰਤੀ ਲੋਕ-ਰਾਜ ਵਿਚ ਅਫਸਰਸ਼ਾਹੀ ਦਾ ਰਾਜਸੀਕਰਨ

**ਜਤਿੰਦਰ ਪਨੂੰ**

***ਪੰਜਾਬ ਵਿਚ ਜਦੋਂ ਬੇਅੰਤ ਸਿੰਘ ਦੀ ਸਰਕਾਰ ਹੁੰਦੀ ਸੀ, ਉਸ ਦੇ ਖਿਲਾਫ ਕੇਂਦਰ ਵਿਚ ਬੈਠੇ ਕਾਂਗਰਸ ਪਾਰਟੀ ਦੇ ਇੱਕ ਵੱਡੇ ਆਗੂ ਨੇ ਗੋਂਦ ਗੁੰਦੀ ਅਤੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਕੇਸ ਕਰਵਾ ਦਿੱਤਾ ਕਿ ਨੌਕਰੀ ਦੇਣ ਲਈ ਮੁੱਖ ਮੰਤਰੀ ਦੇ ਦਫਤਰ ਤੋਂ ਗੈਰ ਕਾਨੂੰਨੀ ਸਿਫਾਰਸ਼ਾਂ ਆਉਂਦੀਆਂ ਹਨ। ਸਭ ਨੂੰ ਓਦੋਂ ਹੈਰਾਨੀ ਹੋਈ, ਜਦੋਂ ਇੱਕ ਡਿਪਟੀ ਕਮਿਸ਼ਨਰ ਨੇ ਜਾ ਕੇ ਉਹ ਚਿੱਟਾਂ ਪੇਸ਼ ਕਰ ਦਿੱਤੀਆਂ, ਜਿਹੜੀਆਂ ਮੁੱਖ ਮੰਤਰੀ ਦੇ ਰਾਜਸੀ ਸਹਾਇਕ ਨੇ ਲਿਖ ਕੇ ਭੇਜੀਆਂ ਸਨ।***

ਬੀਤੇ ਹਫਤੇ ਉਤਰ ਪ੍ਰਦੇਸ਼ ਦੀ ਇੱਕ ਲਾਲ ਬੱਤੀ ਵਾਲੀ ਗੱਡੀ ਉਤੇ ਜਾ ਰਹੇ ਦੋ ਕੁ ਜਣਿਆਂ ਨੇ ਦੋ ਲੜਕੀਆਂ ਨਾਲ ਬਲਾਤਕਾਰ ਕਰਨ ਦੀ ਕੋਸ਼ਿਸ਼ ਕੀਤੀ। ਕੁੜੀਆਂ ਉਨ੍ਹਾਂ ਤੋਂ ਬਚ ਵੀ ਗਈਆਂ ਅਤੇ ਗੱਡੀ ਦਾ ਨੰਬਰ ਵੀ ਪੜ੍ਹ ਲਿਆ, ਜਿਸ ਨਾਲ ਕਾਨੂੰਨ ਦੀ ਬਾਂਹ ਦੋਸ਼ੀਆਂ ਤੱਕ ਜਾ ਪਹੁੰਚੀ। ਪਿੱਛੋਂ ਪਤਾ ਲੱਗਾ ਕਿ ਉਨ੍ਹਾਂ ਵਿਚੋਂ ਇੱਕ ਜਣਾ ਬਹੁਜਨ ਸਮਾਜ ਪਾਰਟੀ ਦੇ ਇੱਕ ਵਿਧਾਇਕ ਦਾ ਭਰਾ ਸੀ ਅਤੇ ਗੱਡੀ ਵੀ ਬਸਪਾ ਵਿਧਾਇਕ ਦੀ ਹੀ ਸੀ। ਚਾਰੇ ਪਾਸਿਓਂ ਦਬਾਅ ਪੈ ਜਾਣ ਪਿੱਛੋਂ ਬਸਪਾ ਵਿਧਾਇਕ ਦਾ ਭਰਾ ਅੰਤ ਨੂੰ ਪੁਲਿਸ ਨੇ ਗ੍ਰਿਫਤਾਰ ਕਰ ਲਿਆ। ਉਤਰ ਪ੍ਰਦੇਸ਼ ਵਿਚ ਏਦਾਂ ਦੀਆਂ ਘਟਨਾਵਾਂ ਹੋਣੀਆਂ ਅਤੇ ਉਨ੍ਹਾਂ ਵਿਚ ਰਾਜਸੀ ਲੋਕਾਂ ਦਾ ਸ਼ਾਮਲ ਨਿਕਲਣਾ, ਆਮ ਜਿਹੀ ਗੱਲ ਹੈ। ਮੁਲਾਇਮ ਸਿੰਘ ਦੇ ਰਾਜ ਵਿਚ ਵੀ ਏਦਾਂ ਹੀ ਹੁੰਦਾ ਸੀ।

ਜੇ ਯਾਦ ਕਰੀਏ ਤਾਂ ਇੱਕ ਕਵਿਤਰੀ ਕੁੜੀ ਮਧੂਮਿਤਾ ਸ਼ੁਕਲਾ ਦਾ ਜਦੋਂ ਕਤਲ ਹੋਇਆ ਤਾਂ ਮੁਲਾਇਮ ਸਿੰਘ ਯਾਦਵ ਵੱਲੋਂ ਪਾਰਲੀਮੈਂਟ ਵਿਚ ਕੀਤੀ ਤਕਰੀਰ ਵੀ ਯਾਦ ਆ ਜਾਵੇਗੀ ਕਿ ਯੂ ਪੀ ਵਿਚ ਕਿਸੇ ਦੀ ਜਾਨ-ਮਾਲ ਦੀ ਗਾਰੰਟੀ ਹੀ ਕੋਈ ਨਹੀਂ, ਕਿਉਂਕਿ ਓਥੇ ਬਸਪਾ ਦੀ ਮਾਇਆਵਤੀ ਸਰਕਾਰ ਕਾਤਲਾਂ ਅਤੇ ਗੁੰਡਿਆਂ ਨੂੰ ਖੁਦ ਸ਼ਹਿ ਦੇ ਰਹੀ ਹੈ। ਮਧੂਮਿਤਾ ਸ਼ੁਕਲਾ ਦੇ ਕਤਲ ਦਾ ਦੋਸ਼ੀ ਅਮਰ ਮਣੀ ਤ੍ਰਿਪਾਠੀ ਉਸ ਵਕਤ ਮਾਇਆਵਤੀ ਦੀ ਸਰਕਾਰ ਵਿਚ ਮੰਤਰੀ ਸੀ ਪਰ ਚੁਪਾਸੜ ਦਬਾਅ ਕਾਰਨ ਉਸ ਨੂੰ ਵਜ਼ੀਰੀ ਛੱਡਣੀ ਪਈ ਅਤੇ ਪੁਲਿਸ ਨੂੰ ਉਸ ਦੀ ਗ੍ਰਿਫਤਾਰੀ ਦਰਜ ਕਰ ਕੇ ਜੇਲ੍ਹ ਭੇਜਣਾ ਪੈ ਗਿਆ ਸੀ।

ਓਦੋਂ ਮਾਇਆਵਤੀ ਸਰਕਾਰ ਭਾਜਪਾ ਦੇ ਆਸਰੇ ਚੱਲ ਰਹੀ ਸੀ ਅਤੇ ਕੇਂਦਰ ਦੀ ਵਾਜਪਾਈ ਸਰਕਾਰ ਉਸ ਦਾ ਫੱਟਾ ਖਿੱਚ ਕੇ ਇੰਜ ਡੇਗਣਾ ਚਾਹੁੰਦੀ ਸੀ ਕਿ ਮੁਲਾਇਮ ਸਿੰਘ ਅੱਗੇ ਆ ਜਾਵੇ ਪਰ ਚੱਲ ਨਾ ਸਕੇ ਤੇ ਅਗਲੀ ਚੋਣ ਵਿਚ ਭਾਜਪਾ ਦਾ ਦਾਅ ਲੱਗ ਸਕੇ। ਦਲਬਦਲੀਆਂ ਹੋਈਆਂ, ਮਾਇਆਵਤੀ ਨੂੰ ਤਖਤ ਛੱਡਣਾ ਪਿਆ ਅਤੇ ਮੁਲਾਇਮ ਸਿੰਘ ਮੁੱਖ ਮੰਤਰੀ ਬਣ ਗਿਆ। ਜੇਲ੍ਹ ਬੈਠੇ ਕਾਤਲ ਅਮਰ ਮਣੀ ਤ੍ਰਿਪਾਠੀ ਨੇ ਵੀ ਮੁਲਾਇਮ ਸਿੰਘ ਦੀ ਹਮਾਇਤ ਕਰ ਦਿੱਤੀ। ਬਾਗੋ ਬਾਗ ਹੋਏ ਮੁਲਾਇਮ ਸਿੰਘ ਨੇ ਉਸ ਦਾ ਧੰਨਵਾਦ ਕਰ ਦਿੱਤਾ। ਪੱਤਰਕਾਰਾਂ ਨੇ ਪੁੱਛ ਲਿਆ ਕਿ ਤੁਸੀਂ ਤਾਂ ਉਸ ਨੂੰ ਪਾਰਲੀਮੈਂਟ ਵਿਚ ਖੜੋ ਕੇ ਕਾਤਲ ਅਤੇ ਗੁੰਡਾ ਕਿਹਾ ਸੀ। ਮੁਲਾਇਮ ਸਿੰਘ ਨੇ ਤੈਸ਼ ਵਿਚ ਆ ਕੇ ਕਿਹਾ ਕਿ ਹੁਣ ਉਸ ਨੇ ਜਦੋਂ ਸਾਡਾ ਸਾਥ ਦੇ ਕੇ ਉਤਰ ਪ੍ਰਦੇਸ਼ ਨੂੰ ਮਾਇਆਵਤੀ ਤੇ ਉਸ ਦੇ ਗੁੰਡਿਆਂ ਹੱਥੋਂ ਤਬਾਹ ਹੋਣ ਤੋਂ ਬਚਾ ਲਿਆ ਹੈ, ਉਸ ਨੂੰ ਗੁੰਡਾ ਕਿਵੇਂ ਕਿਹਾ ਜਾ ਸਕਦਾ ਹੈ? ਯੂ ਪੀ ਦੀ ਰਾਜਨੀਤੀ ਦਾ ਇਹ ਵੀ ਇੱਕ ਸੱਚ ਸੀ। ਸਮਾਂ ਪਾ ਕੇ ਉਸੇ ਮੁਲਾਇਮ ਸਿੰਘ ਯਾਦਵ ਨੇ ਹਰ ਕਿਸਮ ਦੇ ਗੁੰਡਿਆਂ ਦਾ ਸਾਥ ਲਿਆ ਅਤੇ ਅਮਿਤਾਬ ਬੱਚਨ ਤੋਂ ਮਸ਼ਹੂਰੀ ਦੇ ਇਹ ਲਫਜ਼ ਅਖਵਾ ਲਏ ਸਨ, 'ਯੂ ਪੀ ਮੇਂ ਦਮ ਹੈ, ਕਿਉਂਕਿ ਅਪਰਾਧ ਯਹਾਂ ਕਮ ਹੈ।' ਉਸ ਮਸ਼ਹੂਰੀ ਵਿਚ ਜਿਹੜੇ ਮੀਡੀਆ ਵਾਲੇ ਇਹ ਕਹਿੰਦੇ ਸਨ ਕਿ 'ਯੂ ਪੀ ਮੇਂ ਅਪਰਾਧ ਹੋ ਰਹਾ ਹੈ', ਅਮਿਤਾਬ ਦੇ ਪਿੱਛੇ ਖੜੀ ਮੁਲਾਇਮ ਪੰਥੀ ਭੀੜ ਉਨ੍ਹਾਂ ਨੂੰ ਪੱਥਰ ਮਾਰਦੀ ਸੀ। ਇਸ ਦੇ ਬਾਵਜੂਦ ਨਾ ਅਪਰਾਧ 'ਕਮ' ਹੋਏ, ਨਾ ਮੁਲਾਇਮ ਬਚ ਸਕਿਆ ਸੀ।

ਇਹ ਤਾਂ ਯੂ ਪੀ ਦੇ ਇੱਕ ਲੰਮੇ ਅਰਸੇ ਦਾ ਸੱਚ ਹੈ, ਜਿਸ ਦੀ ਸ਼ੁਰੂਆਤ ਕੁਝ ਲੋਕ ਸੰਜੇ ਗਾਂਧੀ ਦੇ ਥਾਪੜੇ ਨਾਲ ਨਰਾਇਣ ਦੱਤ ਤਿਵਾੜੀ ਦੇ ਮੁੱਖ ਮੰਤਰੀ ਬਣਨ ਤੋਂ ਹੋਈ ਸਮਝਦੇ ਹਨ ਪਰ ਤਾਜ਼ਾ ਘਟਨਾ ਵਿਚ ਬਸਪਾ ਵਿਧਾਇਕ ਦੇ ਭਰਾ ਦੀ ਸ਼ਮੂਲੀਅਤ ਨੇ ਇੱਕ ਨਵੀਂ ਬਹਿਸ ਛੇੜ ਦਿੱਤੀ ਹੈ। ਨਾ ਬਸਪਾ ਦਾ ਇਹ ਵਿਧਾਇਕ ਕਿਸੇ ਵਿਵਾਦ ਵਿਚ ਫਸਣ ਵਾਲਾ ਪਹਿਲਾ ਹੈ ਤੇ ਨਾ ਮੁੱਖ ਮੰਤਰੀ ਮਾਇਆਵਤੀ ਨੂੰ ਪਹਿਲੀ ਵਾਰੀ ਆਪਣੀ ਪਾਰਟੀ ਦੇ ਕਿਸੇ ਵਿਧਾਇਕ ਨੂੰ ਪਾਰਟੀ ਵਿਚੋਂ ਖਾਰਜ ਕਰਨਾ ਪਿਆ ਹੈ। ਪਹਿਲੀ ਵਾਰ ਇਹ ਹੋਇਆ ਹੈ ਕਿ ਇੱਕ ਵਿਧਾਇਕ ਨੂੰ ਪਾਰਟੀ ਵਿਚੋਂ ਕੱਢਣ ਦਾ ਐਲਾਨ ਪਾਰਟੀ ਦੇ ਕਿਸੇ ਅਹੁਦੇਦਾਰ ਦੀ ਥਾਂ ਰਾਜ ਸਰਕਾਰ ਦੇ ਚੀਫ ਸੈਕਟਰੀ ਸ਼ਸ਼ਾਂਕ ਨੇ ਕੀਤਾ ਹੈ। ਉਸ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੱਤੀ ਹੈ ਕਿ ਬਹੁਜਨ ਸਮਾਜ ਪਾਰਟੀ ਦੀ ਸੁਪਰੀਮੋ ਕੁਮਾਰੀ ਮਾਇਆਵਤੀ ਨੇ ਆਪਣੇ ਵਿਧਾਇਕ ਨੂੰ ਪਾਰਟੀ ਵਿਚੋਂ ਕੱਢ ਦਿੱਤਾ ਹੈ। ਸਚਮੁੱਚ ਇਹ ਨਵੀਂ ਗੱਲ ਹੋਈ ਹੈ। ਕੋਈ ਪਾਰਟੀ ਆਪਣਾ ਕੋਈ ਬੰਦਾ ਰੱਖੇ ਜਾਂ ਕੱਢ ਦੇਵੇ, ਇਸ ਵਿਚ ਕਿਸੇ ਵੀ ਪੱਧਰ ਦੇ ਕਿਸੇ ਸਰਕਾਰੀ ਅਫਸਰ ਦੀ ਕੋਈ ਭੂਮਿਕਾ ਨਹੀਂ ਹੋਣੀ ਚਾਹੀਦੀ। ਅਫਸਰ ਨੂੰ ਆਪਣੇ ਸਰਕਾਰੀ ਕੰਮ ਨਾਲ ਕੰਮ ਰੱਖਣਾ ਚਾਹੀਦਾ ਹੈ, ਹਾਕਮ ਪਾਰਟੀ ਦੇ ਰਾਜਸੀ ਕੰਮਾਂ ਨਾਲ ਨਹੀਂ।

ਯੂ ਪੀ ਦੇ ਚੀਫ ਸੈਕਟਰੀ ਦੇ ਇਸ ਸਿਆਸੀ ਬਿਆਨ ਨਾਲ ਨਵੀਂ ਬਹਿਸ ਇਹ ਛਿੜ ਪਈ ਹੈ ਕਿ ਅਫਸਰਸ਼ਾਹੀ ਦਾ ਰਾਜਸੀਕਰਨ ਹੋਣ ਲੱਗ ਪਿਆ ਹੈ। ਗੱਲ ਇਹ ਸਚਮੁੱਚ ਅਫਸਰਸ਼ਾਹੀ ਦੇ ਰਾਜਸੀਕਰਨ ਦੀ ਹੈ, ਪਰ ਇਹ ਨਹੀਂ ਕਹਿਣਾ ਚਾਹੀਦਾ ਕਿ ਹੋਣ ਲੱਗ ਪਿਆ ਹੈ, ਇਹ ਤਾਂ ਹੋ ਚੁੱਕਾ ਹੈ। ਰਾਜ ਕਰਦੀ ਕੋਈ ਵੀ ਪਾਰਟੀ ਹੁਣ ਇਸ ਦੋਸ਼ ਤੋਂ ਨਹੀਂ ਬਚ ਸਕਦੀ ਕਿ ਉਸ ਨੇ ਲੋਕਤੰਤਰ ਵਿਰੁਧ ਇਹ ਗੁਨਾਹ ਕੀਤਾ ਹੈ। ਅਸੀਂ ਬਹੁਤਾ ਪਿੱਛੇ ਐਮਰਜੈਂਸੀ ਵਾਲੇ ਦੌਰ ਤੱਕ ਨਹੀਂ ਜਾਣਾ ਚਾਹੁੰਦੇ, ਨਾ ਮੁਰਾਰਜੀ ਡਿਸਾਈ ਦੇ ਦੌਰ ਤੱਕ ਜਾਣਾ ਚਾਹੁੰਦੇ ਹਾਂ, ਜਦੋਂ ਇੱਕ ਬਹੁਤਾ ਉਤਸ਼ਾਹੀ ਅਫਸਰ ਜਾਰਜ ਫਰਨਾਂਡੇਜ਼ ਦੀ ਨੇੜਤਾ ਕਾਰਨ ਆਪਣੀ ਘਰ ਵਾਲੀ ਨੂੰ ਰਾਜਨੀਤੀ ਦੀ ਭੇਟ ਚੜ੍ਹਾ ਕੇ ਆਪ ਅਫਸਰੀ ਕਰਨ ਜੋਗਾ ਰਹਿ ਗਿਆ ਸੀ। ਇਹੋ ਜਿਹੇ ਕਿੱਸੇ ਬਹੁਤ ਹਨ ਅਤੇ ਬਹੁਤ ਦੂਰ ਤੱਕ ਜਾਂਦੇ ਹਨ ਪਰ ਬਹੁਤਾ ਵਿਗਾੜ ਇਸ ਵਿਚ ਨਰਸਿਮਹਾ ਰਾਓ ਦੇ ਰਾਜ ਵਿਚ ਪੈਣਾ ਸ਼ੁਰੂ ਹੋਇਆ ਸੀ। ਉਸ ਰਾਜ ਵਿਚ ਝਾਰਖੰਡ ਮੁਕਤੀ ਮੋਰਚਾ ਦੇ ਪਾਰਲੀਮੈਂਟ ਮੈਂਬਰ ਖਰੀਦਣ ਦੇ ਅਮਲ ਵਿਚ ਕੇਂਦਰ ਦੇ ਕੁਝ ਅਫਸਰ ਸ਼ਾਮਲ ਕੀਤੇ ਗਏ ਸਨ ਤੇ ਫਿਰ ਹਵਾਲਾ ਕਾਂਡ ਦੀ ਸਫਾਈ ਦੇਣ ਲਈ ਵੀ ਅਫਸਰ ਹੀ ਲਾਏ ਗਏ ਸਨ। ਉਸ ਪਿੱਛੋਂ ਵੀ ਸਾਡੇ ਕੋਲ ਕੁਝ ਰਾਜਾਂ ਦੀਆਂ ਮਿਸਾਲਾਂ ਹਨ।

ਪੰਜਾਬ ਵਿਚ ਜਦੋਂ ਬੇਅੰਤ ਸਿੰਘ ਦੀ ਸਰਕਾਰ ਹੁੰਦੀ ਸੀ, ਉਸ ਦੇ ਖਿਲਾਫ ਕੇਂਦਰ ਵਿਚ ਬੈਠੇ ਕਾਂਗਰਸ ਪਾਰਟੀ ਦੇ ਇੱਕ ਵੱਡੇ ਆਗੂ ਨੇ ਗੋਂਦ ਗੁੰਦੀ ਅਤੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਕੇਸ ਕਰਵਾ ਦਿੱਤਾ ਕਿ ਨੌਕਰੀ ਦੇਣ ਲਈ ਮੁੱਖ ਮੰਤਰੀ ਦੇ ਦਫਤਰ ਤੋਂ ਗੈਰ ਕਾਨੂੰਨੀ ਸਿਫਾਰਸ਼ਾਂ ਆਉਂਦੀਆਂ ਹਨ। ਸਭ ਨੂੰ ਓਦੋਂ ਹੈਰਾਨੀ ਹੋਈ, ਜਦੋਂ ਇੱਕ ਡਿਪਟੀ ਕਮਿਸ਼ਨਰ ਨੇ ਜਾ ਕੇ ਉਹ ਚਿੱਟਾਂ ਪੇਸ਼ ਕਰ ਦਿੱਤੀਆਂ, ਜਿਹੜੀਆਂ ਮੁੱਖ ਮੰਤਰੀ ਦੇ ਰਾਜਸੀ ਸਹਾਇਕ ਨੇ ਲਿਖ ਕੇ ਭੇਜੀਆਂ ਸਨ। ਰਾਜਸੀ ਸਹਾਇਕ ਨੇ ਜਾ ਕੇ ਸਾਰੀ ਜ਼ਿਮੇਵਾਰੀ ਆਪਣੇ ਸਿਰ ਲੈ ਕੇ ਕਹਿ ਦਿੱਤਾ ਕਿ ਉਹ ਕਾਨੂੰਨੀ ਮਾਹਰ ਨਹੀਂ, ਸਿਰਫ ਰਾਜਸੀ ਸਹਾਇਕ ਹੈ ਅਤੇ ਜਦੋਂ ਲੋਕ ਉਸ ਕੋਲ ਕੰਮ ਲਈ ਆਉਂਦੇ ਹਨ ਤਾਂ ਉਹ ਡਿਪਟੀ ਕਮਿਸ਼ਨਰ ਨੂੰ ਸਿਰਫ ਇਹ ਲਿਖ ਕੇ ਭੇਜਦਾ ਹੈ ਕਿ ਇਸ ਉਤੇ ਯੋਗ ਕਾਰਵਾਈ ਕਰੋ, ਇਹ ਤਾਂ ਲਿਖਦਾ ਹੀ ਨਹੀਂ ਕਿ ਕਾਨੂੰਨ ਨੂੰ ਪਾਸੇ ਰੱਖ ਕੇ ਨੌਕਰੀ ਦੇ ਦਿਓ। ਅੱਗੇ ਵੇਖਣਾ ਡਿਪਟੀ ਕਮਿਸ਼ਨਰ ਦਾ ਕੰਮ ਹੈ, ਜੇ ਯੋਗ ਹੈ ਤਾਂ ਨੌਕਰੀ ਦੇ ਦੇਵੇ, ਨਹੀਂ ਤਾਂ ਨਾ ਦੇਵੇ। ਕੇਸ ਦਾ ਤਾਂ ਕੁਝ ਖਾਸ ਨਾ ਬਣਿਆ, ਪਰ ਉਸ ਡਿਪਟੀ ਕਮਿਸ਼ਨਰ ਦਾ ਪਤਾ ਲੱਗ ਗਿਆ ਕਿ ਉਹ ਅਫਸਰੀ ਕਰਦਿਆਂ ਰਾਜਸੀ ਹੱਥਾਂ ਦਾ ਖਿਡੌਣਾ ਬਣਨ ਦੇ ਰਾਹ ਪੈ ਚੁੱਕਾ ਹੈ।

ਡੇਢ ਦਰਜਨ ਸਾਲ ਲੰਘਾ ਕੇ ਉਹੋ ਅਫਸਰ ਅਕਾਲੀ-ਭਾਜਪਾ ਸਰਕਾਰ ਵੇਲੇ ਹੋਏ ਇੱਕ ਵੱਡੇ ਫਰਾਡ ਦਾ ਮੋਹਰਾ ਵੀ ਬਣ ਗਿਆ। ਪਿਛਲੇ ਸਾਲ ਜਿਹੜਾ ਕੱਚਾ ਚਿੱਠਾ ਸ਼ਹੀਦ ਭਗਤ ਸਿੰਘ ਜਨਮ ਸ਼ਤਾਬਦੀ ਸਮਾਗਮਾਂ ਬਾਰੇ ਸਾਹਮਣੇ ਆਇਆ ਕਿ ਬਿਨਾਂ ਸੱਦੇ ਕਲਾਕਾਰਾਂ ਦੇ ਨਾਂ ਵੀ ਲੱਖਾਂ ਰੁਪਏ ਦੇ ਬਿੱਲ ਪਾ ਕੇ ਪੰਜਾਬ ਦੇ ਖਜ਼ਾਨੇ ਨੂੰ ਕੁੰਡੀ ਲਾਈ ਗਈ ਹੈ, ਉਹੋ ਅਫਸਰ ਉਸ ਹੇਰਾਫੇਰੀ ਦਾ ਕੇਂਦਰੀ ਧੁਰਾ ਸੀ। ਰਿਟਾਇਰ ਹੁੰਦੇ ਸਾਰ ਉਸ ਨੇ ਅੰਮ੍ਰਿਤਸਰ ਦੇ ਬਜ਼ਾਰਾਂ ਵਿਚ ਇੱਕ ਹਲਕੇ ਤੋਂ ਆਪਣੇ ਕਾਂਗਰਸ ਉਮੀਦਵਾਰ ਹੋਣ ਦੇ ਬੋਰਡ ਵੀ ਓਦੋਂ ਜਾ ਟੰਗਵਾਏ, ਜਦੋਂ ਹਾਲੇ ਚੋਣਾਂ ਵਿਚ ਪੌਣੇ ਦੋ ਸਾਲ ਬਾਕੀ ਸਨ। ਹੁਣ ਉਸ ਦੀ ਸ਼ਹੀਦ ਭਗਤ ਸਿੰਘ ਵਾਲੇ ਕੇਸ ਵਿਚੋਂ ਜ਼ਮਾਨਤ ਨਹੀਂ ਹੋ ਰਹੀ ਤੇ ਨਾ ਸਿਰਫ ਚੋਣ ਦਾ 'ਚੱਕਾ' ਆਪੇ ਬੱਝ ਜਾਣਾ ਹੈ, ਸਗੋਂ ਲੋਕਾਂ ਨੂੰ ਇਹ ਵੀ ਪਤਾ ਲੱਗ ਚੁੱਕਾ ਹੈ ਕਿ ਕਾਂਗਰਸੀ ਹੋਣ ਜਾਂ ਅਕਾਲੀ-ਭਾਜਪਾ ਵਾਲੇ, ਇਹ ਨੌਕਰੀ ਕਰਦੇ ਸਮੇਂ ਦੋਵਾਂ ਧਿਰਾਂ ਦੇ ਲੀਡਰਾਂ ਦਾ ਖਿਦਮਤਗਾਰ ਬਣਿਆ ਰਿਹਾ ਹੈ।

ਇਸ ਤਰ੍ਹਾਂ ਦੇ ਬਹੁਤ ਸਾਰੇ ਅਫਸਰ ਪਿਛਲੇ ਸਮੇਂ ਵਿਚ ਅਸੀਂ ਵੇਖੇ ਹਨ, ਜਿਹੜੇ ਇੱਕ ਜਾਂ ਦੂਜੀ ਰਾਜਸੀ ਧਿਰ ਦੇ ਨਾਲ ਮਿਲ ਕੇ ਚੱਲਦੇ ਹੋਏ ਹੱਦਾਂ ਉਲੰਘ ਜਾਂਦੇ ਰਹੇ ਹਨ। ਕਈ ਸਾਲ ਪਹਿਲਾਂ ਇੱਕ ਲੈਫਟੀਨੈਂਟ ਜਨਰਲ ਦੀ ਓਦੋਂ ਦੇ ਕੇਂਦਰ ਦੇ ਕਾਂਗਰਸੀ ਹਾਕਮਾਂ ਨਾਲ ਸੁਰ ਨਹੀਂ ਸੀ ਮਿਲਦੀ ਅਤੇ ਉਸ ਨੂੰ ਸਭ ਤੋਂ ਸੀਨੀਅਰ ਹੁੰਦੇ ਹੋਏ ਵੀ ਫੌਜ ਦਾ ਮੁਖੀ ਨਹੀਂ ਸੀ ਬਣਾਇਆ ਗਿਆ। ਕਾਰਨ ਸਾਫ ਸੀ ਕਿ ਉਸ ਨੂੰ ਵਿਰੋਧੀ ਧਿਰ ਵਿਚ ਬੈਠੀ ਭਾਜਪਾ 'ਪਰਿਵਾਰ ਦਾ ਬੰਦਾ' ਮੰਨਦੀ ਸੀ। ਗੁੱਸੇ ਵਿਚ ਆ ਕੇ ਉਹ ਅਸਤੀਫਾ ਦੇ ਗਿਆ ਅਤੇ ਅਗਲੀ ਵਾਰੀ ਭਾਜਪਾ ਨੇ ਉਸ ਨੂੰ ਪਾਰਲੀਮੈਂਟ ਦੀ ਟਿਕਟ ਦੇ ਦਿੱਤੀ। ਇੱਕ ਸਾਬਕਾ ਚੋਣ ਕਮਿਸ਼ਨਰ ਨੂੰ ਵੀ ਭਾਜਪਾ ਨੇ ਟਿਕਟ ਦੇ ਕੇ ਚੋਣ ਲੜਾਈ। ਉਹ ਦੋਵੇਂ ਜਣੇ ਹਾਰ ਗਏ ਸਨ। ਕੁਝ ਸਮਾਂ ਪਾ ਕੇ ਇੱਕ ਸਾਬਕਾ ਚੋਣ ਕਮਿਸ਼ਨਰ ਨੂੰ ਕਾਂਗਰਸ ਨੇ ਰਾਜ ਸਭਾ ਮੈਂਬਰ ਬਣਾ ਕੇ ਮੰਤਰੀ ਬਣਾ ਦਿੱਤਾ। ਉਸ ਨੂੰ ਅਕਾਲੀ ਦਲ ਵਾਲੇ 'ਆਪਣਾ ਬੰਦਾ' ਮੰਨਦੇ ਸਨ ਪਰ ਉਨ੍ਹਾਂ ਕੁਝ ਦਿੱਤਾ ਨਹੀਂ ਸੀ, ਜਿੱਥੋਂ ਮਿਲ ਗਿਆ, ਉਸ ਨੇ ਲੈ ਲਿਆ।

ਭਾਰਤੀ ਜਨਤਾ ਪਾਰਟੀ ਨੇ ਦੁਹਾਈ ਪਾਈ ਕਿ ਇੰਜ ਚੋਣ ਕਮਿਸ਼ਨ ਦਾ ਰਾਜਸੀਕਰਨ ਹੋਣ ਦਾ ਸ਼ੱਕ ਪੈਂਦਾ ਹੈ। ਕਾਂਗਰਸ ਦੀ ਵਾਰੀ ਇਹ ਰਾਜਸੀਕਰਨ ਸੀ ਤਾਂ ਜਦੋਂ ਭਾਜਪਾ ਨੇ ਉਪਰਲੇ ਦੋਹਾਂ ਨੂੰ ਟਿਕਟ ਦਿੱਤੀ ਸੀ, ਇਹ ਤਾਂ ਓਦੋਂ ਵੀ ਸੀ। ਇਸ ਤੋਂ ਪਹਿਲਾਂ ਇੱਕ ਵਾਰ ਇੱਕ ਹਾਈ ਕੋਰਟ ਦਾ ਮੁੱਖ ਜੱਜ ਰਿਟਾਇਰ ਹੋਇਆ ਅਤੇ ਅਗਲੇ ਦਸਹਿਰੇ ਦੇ ਦਿਨ ਆਰ ਐਸ ਐਸ ਦੀ ਪਰੇਡ ਦੇ ਮੰਚ ਉਤੇ ਜਾ ਬੈਠਾ ਸੀ। ਕੀ ਉਹ ਰਾਤੋ ਰਾਤ 'ਪਰਿਵਾਰ' ਦਾ ਸੋਇਮ ਸੇਵਕ ਬਣ ਗਿਆ ਹੋਵੇਗਾ? ਰਾਜਨੀਤੀ ਦਾ ਕੀੜਾ ਜਿਨ੍ਹਾਂ ਦੇ ਸਿਰਾਂ ਵਿਚ ਹੁੰਦਾ ਹੈ, ਉਹ ਨੌਕਰੀ ਦੌਰਾਨ ਵੀ ਉਸ ਪਾਰਟੀ, ਜਾਂ ਜਿਸ ਵੀ ਹੋਰ ਪਾਰਟੀ ਵੱਲੋਂ ਝਾਕ ਹੋਵੇ, ਦੀ ਬੁੱਤੀ-ਨੱਤੀ ਕਰਨ ਨੂੰ ਤਿਆਰ ਰਹਿੰਦੇ ਹਨ।

ਸਾਡੇ ਸਾਹਮਣੇ ਇੱਕ ਮਿਸਾਲ ਪੀ ਜੇ ਥਾਮਸ ਦੀ ਹੈ, ਜਿਸ ਨੂੰ ਭਾਰਤ ਦਾ ਮੁੱਖ ਵਿਜੀਲੈਂਸ ਕਮਿਸ਼ਨਰ ਲਾਇਆ ਗਿਆ ਸੀ ਪਰ ਪਿੱਛੋਂ ਸੁਪਰੀਮ ਕੋਰਟ ਦੇ ਹੁਕਮ ਉਤੇ ਬਰਖਾਸਤ ਕਰ ਦਿੱਤਾ ਗਿਆ ਸੀ। ਥਾਮਸ ਬਾਰੇ ਕਿਹਾ ਜਾਂਦਾ ਸੀ ਕਿ ਉਹ 'ਭ੍ਰਿਸ਼ਟ' ਤਾਂ ਨਹੀਂ ਪਰ 'ਦਾਗੀ' ਹੈ। ਇਸ ਦੇ ਬੜੇ ਗੁੱਝੇ ਅਰਥ ਹਨ। ਥਾਮਸ ਉਤੇ ਕੇਰਲਾ ਦੀ ਨੌਕਰੀ ਦੌਰਾਨ ਭ੍ਰਿਸ਼ਟਾਚਾਰ ਦਾ ਕੇਸ ਬਣਿਆ ਸੀ ਪਰ ਕਿਹਾ ਜਾਂਦਾ ਸੀ ਕਿ ਭ੍ਰਿਸ਼ਟਾਚਾਰ ਉਸ ਮੌਕੇ ਦੇ ਕਾਂਗਰਸੀ ਮੰਤਰੀ ਨੇ ਕੀਤਾ ਸੀ, ਇਸ ਨੇ ਸੈਕਟਰੀ ਹੁੰਦਿਆਂ ਉਸ ਦਾ ਰਾਹ ਰੋਕਣ ਦੀ ਥਾਂ ਜਿੱਥੇ ਹੁਕਮ ਹੋਇਆ, ਦਸਤਖਤ ਕਰ ਛੱਡੇ ਸਨ ਤੇ ਅੜਿੱਕਾ ਨਹੀਂ ਸੀ ਬਣਿਆ। ਜਦੋਂ ਬਾਅਦ ਵਿਚ ਬਣੀ ਖੱਬੇ ਪੱਖੀ ਸਰਕਾਰ ਨੇ ਉਸ ਦੇ ਵਿਰੁਧ ਕਾਰਵਾਈ ਕਰਨੀ ਚਾਹੀ ਤਾਂ ਕੇਂਦਰ ਦੀ ਵਾਜਪਾਈ ਸਰਕਾਰ ਨੇ ਏਸੇ ਦਲੀਲ ਕਾਰਨ ਕੇਸ ਚਲਾਉਣ ਦੀ ਆਗਿਆ ਨਹੀਂ ਸੀ ਦਿੱਤੀ ਪਰ ਜਦੋਂ ਮਨਮੋਹਨ ਸਿੰਘ ਦੀ ਸਰਕਾਰ ਨੇ ਉਸ ਨੂੰ ਕੇਂਦਰ ਦੀ ਕੁਰਸੀ ਦਿੱਤੀ ਤਾਂ ਭਾਜਪਾ ਨੇ ਹੀ ਉਸ ਦੇ ਵਿਰੁਧ ਸਭ ਤੋਂ ਵੱਧ ਰੌਲਾ ਪਾਇਆ ਸੀ। ਭ੍ਰਿਸ਼ਟ ਨਾ ਹੁੰਦੇ ਹੋਵੇ ਵੀ ਦਾਗੀ ਉਹ ਇਸ ਕਰ ਕੇ ਬਣ ਗਿਆ ਕਿ ਵੱਡੇ ਰਾਜਸੀ ਰੁਤਬੇ ਵਾਲਿਆਂ ਨਾਲ ਨੇੜਤਾ 'ਚ ਉਹ ਕਿਸੇ ਵੀ ਹੱਦ ਤੱਕ ਜਾਣ ਨੂੰ ਤਿਆਰ ਰਹਿੰਦਾ ਸੀ।

ਹੁਣ ਆਈਏ ਅੱਜ ਦੇ ਪੰਜਾਬ ਵੱਲ। ਏਥੇ ਲਗਭਗ ਪੌਣੀ ਦਰਜਨ ਅਫਸਰ ਇਸ ਵੇਲੇ ਅਗਲੀਆਂ ਵਿਧਾਨ ਸਭਾ ਚੋਣਾਂ ਲਈ ਟਿਕਟ ਦੀ ਆਸ ਲਾਈ ਬੈਠੇ ਹਨ। ਉਨ੍ਹਾਂ ਵਿਚੋਂ ਬਹੁਤਿਆਂ ਨੂੰ ਅਕਾਲੀ ਟਿਕਟ ਦੀ ਝਾਕ ਹੈ। ਦੋ-ਤਿੰਨਾਂ ਨੂੰ ਕਾਂਗਰਸ ਵੱਲੋਂ ਵੀ ਚੋਗਾ ਪੈਣ ਦੀ ਉਡੀਕ ਹੈ। ਨੌਕਰੀ ਸਰਕਾਰ ਦੀ ਕਰਦੇ ਹਨ, ਤਨਖਾਹ ਲੋਕਾਂ ਦੇ ਦਿੱਤੇ ਟੈਕਸਾਂ ਵਿਚੋਂ ਲੈਂਦੇ ਹਨ ਪਰ ਚਾਕਰੀ ਇੱਕ ਜਾਂ ਦੂਜੀ ਰਾਜਸੀ ਪਾਰਟੀ ਦੀ ਕਰੀ ਜਾਂਦੇ ਹਨ। ਇੱਕ ਅਫਸਰ ਏਨਾ ਉਤਸ਼ਾਹੀ ਹੈ ਕਿ ਉਹ ਅਕਾਲੀ ਪਾਰਟੀ ਦੀਆਂ ਮੀਟਿੰਗਾਂ ਮੌਕੇ ਬਾਹਰਲੇ ਬਰਾਂਡੇ ਵਿਚ ਜਾ ਕੇ ਬਹਿਣ ਲੱਗ ਪਿਆ ਹੈ, ਕਿਉਂਕਿ ਉਸ ਬਾਰੇ ਉਸ ਦੇ ਚੋਣ ਲੜਨ ਵਾਲੇ ਹਲਕੇ ਦੇ ਜਥੇਦਾਰਾਂ ਨੂੰ ਹੁਣੇ ਤੋਂ ਦੱਸ ਦਿੱਤਾ ਗਿਆ ਹੈ। ਉਸ ਹਲਕੇ ਦੇ ਮੌਜੂਦਾ ਅਕਾਲੀ ਵਿਧਾਇਕ ਨੂੰ ਲਗਭਗ ਇੱਕ ਸਾਲ ਪਹਿਲਾਂ ਹੀ ਸਬੰਧਤ ਜ਼ਿਲੇ ਦੇ ਧੜੱਲੇਦਾਰ ਅਕਾਲੀ ਆਗੂਆਂ ਨੇ ਨੁੱਕਰੇ ਲਾਉਣਾ ਸ਼ੁਰੂ ਕਰ ਦਿੱਤਾ ਸੀ। ਏਦਾਂ ਹੀ ਕਈ ਹੋਰ ਅਫਸਰਾਂ ਦਾ ਰਾਜਨੀਤੀਕਰਨ ਹੋਇਆ ਪਿਆ ਹੈ, ਜਿਨ੍ਹਾਂ ਵਿਚ ਅੱਜ ਦੇ ਪੰਜਾਬ ਦੀ ਪੁਲਿਸ ਦੇ ਡਾਇਰੈਕਟਰ ਜਨਰਲ ਵੀ ਸ਼ਾਮਲ ਹਨ। ਉਨ੍ਹਾਂ ਬਾਰੇ ਲਗਭਗ ਸਾਫ ਹੋ ਚੁੱਕਾ ਹੈ ਕਿ ਉਹ ਅਗਲੀ ਵਾਰੀ ਮੋਗਾ ਸੀਟ ਤੋਂ ਅਕਾਲੀ ਉਮੀਦਵਾਰ ਹੋਣਗੇ।

ਭਾਰਤ ਦੇ ਲੋਕਾਂ ਨੇ ਪਿਛਲੇ ਦਿਨੀਂ ਇੱਕ ਨਵਾਂ ਵਰਤਾਰਾ ਅੰਨਾ ਹਜ਼ਾਰੇ ਦੀ ਟੀਮ ਦੇ ਸੱਤਿਆਗ੍ਰਹਿ ਵਾਲਾ ਵੀ ਵੇਖਿਆ ਹੈ। ਇਸ ਵਿਚ ਸ਼ਾਮਲ ਸਾਰੇ ਨੇਕ-ਦਿਲ ਲੋਕਾਂ ਦੀ ਭਾਵਨਾ ਦਾ ਸਤਿਕਾਰ ਕਰਦੇ ਹੋਏ ਅਸੀਂ ਕਿਸੇ ਟਿਪਣੀ ਤੋਂ ਆਮ ਕਰ ਕੇ ਪਰਹੇਜ਼ ਕੀਤਾ ਹੈ ਪਰ ਜੇ ਇਹ ਸਾਡੇ ਪ੍ਰਬੰਧ ਵਿਚੋਂ ਨੁਕਸ ਦੂਰ ਕਰਨ ਵਾਸਤੇ ਤੁਰੇ ਹਨ ਤਾਂ ਇਨ੍ਹਾਂ ਨੂੰ ਆਪ ਵੀ ਸਾਫ ਹੋ ਕੇ ਚੱਲਣਾ ਚਾਹੀਦਾ ਹੈ। ਜਿਹੜੇ ਪੰਜ ਜਣੇ ਇਨ੍ਹਾਂ ਵੱਲੋਂ ਲੋਕਪਾਲ ਦਾ ਖਰੜਾ ਬਣਾਉਣ ਵਾਲੀ ਕਮੇਟੀ ਵਿਚ ਪਾਏ ਗਏ ਹਨ, ਉਨ੍ਹਾਂ ਵਿਚ ਜਸਟਿਸ ਸੰਤੋਸ਼ ਹੇਗੜੇ ਦਾ ਨਾਂ ਵੀ ਹੈ, ਜਿਹੜਾ ਭਾਜਪਾ ਦੀ ਸਰਕਾਰ ਵਾਲੇ ਕਰਨਾਟਕਾ ਰਾਜ ਵਿਚ ਲੋਕਪਾਲ ਹੈ। ਉਸ ਨੇ ਮੁੱਖ ਮੰਤਰੀ ਯੇਦੂਰੱਪਾ ਦੇ ਭ੍ਰਿਸ਼ਟਾਚਾਰ ਤੋਂ ਤੰਗ ਆ ਕੇ ਆਪਣਾ ਅਹੁਦਾ ਛੱਡ ਦਿੱਤਾ ਸੀ ਪਰ ਫਿਰ ਅਹੁਦੇ ਉਤੇ ਰਹਿਣਾ ਮੰਨ ਗਿਆ। ਪੁੱਛਣ ਉਤੇ ਉਸ ਨੇ ਕਿਹਾ ਕਿ ਅਡਵਾਨੀ ਜੀ ਨੇ ਉਸ ਨੂੰ ਅਹੁਦਾ ਨਾ ਛੱਡਣ ਲਈ ਕਿਹਾ ਹੈ। ਕਿਸੇ ਰਾਜਸੀ ਲੀਡਰ ਦੇ ਕਹਿਣ ਉਤੇ ਅਹੁਦਾ ਛੱਡਣ ਦਾ ਫੈਸਲਾ ਵਾਪਸ ਲੈਣਾ ਵੀ ਅਹੁਦੇ ਦਾ ਰਾਜਨੀਤੀਕਰਨ ਹੀ ਹੁੰਦਾ ਹੈ। ਇਸ ਵਕਤ ਉਹ ਦੇਸ਼ ਵਿਚ ਇੱਕ ਰਾਜਨੀਤਕ ਤਬਦੀਲੀ ਲਈ ਯਤਨ ਕਰ ਰਹੇ ਹਨ, ਜਿਸ ਵਿਚ ਅੱਗੇ ਲਾਏ ਗਏ ਪੰਜ ਜਣਿਆਂ ਵਿਚ ਸ਼ਾਮਲ ਹੋਣ ਤੋਂ ਪਹਿਲਾਂ ਹੇਗੜੇ ਨੂੰ ਉਹ ਰਾਜਨੀਤਕ ਪੱਖ ਤੋਂ ਨਿਰਪੱਖ ਗਿਣਿਆ ਜਾਂਦਾ ਅਹੁਦਾ ਛੱਡ ਦੇਣਾ ਚਾਹੀਦਾ ਸੀ। ਲੋਕਪਾਲ ਵਜੋਂ ਜਿਸ ਸੇਵਾ ਲਈ ਉਨ੍ਹਾਂ ਨੂੰ ਸਰਕਾਰੀ ਖਜ਼ਾਨੇ ਵਿਚੋਂ ਤਨਖਾਹ ਮਿਲਦੀ ਹੈ, ਉਸ ਨੂੰ ਨਿਭਾਉਂਦਿਆਂ ਉਨ੍ਹਾਂ ਨੂੰ ਰਾਜਨੀਤੀ ਤੋਂ ਲਾਂਭੇ ਰਹਿਣਾ ਚਾਹੀਦਾ ਹੈ ਪਰ ਉਹ ਰਹੇ ਨਹੀਂ। ਕੱਲ੍ਹ ਨੂੰ ਕੋਈ ਇਹ ਵੀ ਕਹਿ ਸਕਦਾ ਹੈ ਕਿ ਦੂਜਿਆਂ ਨੂੰ ਰਾਜਨੀਤਕ ਭ੍ਰਿਸ਼ਟਾਚਾਰ ਦੇ ਵਿਰੁਧ ਅਗਵਾਈ ਦੇਣ ਵਾਲਾ ਜਸਟਿਸ ਹੇਗੜੇ ਆਪ ਆਪਣੀ ਜ਼ਿੰਮੇਵਾਰੀ ਛੱਡ ਕੇ ਰਾਜਨੀਤੀ ਕਰਦਾ ਫਿਰਦਾ ਹੈ।

ਕੋਈ ਕਿੰਨਾ ਵੀ ਮੁਨਕਰ ਹੋਣ ਦਾ ਯਤਨ ਕਰੀ ਜਾਵੇ, ਭਾਰਤ ਵਿਚ ਅਫਸਰਸ਼ਾਹੀ ਦਾ ਰਾਜਸੀਕਰਨ ਹੋ ਚੁੱਕਾ ਹੈ ਤੇ ਇਹ ਉਸ 'ਲੋਕਤੰਤਰ' ਦੀ ਕੌੜੀ ਸੱਚਾਈ ਹੈ, ਜਿਹੜਾ ਹੋਰ ਸਭ ਕੁਝ ਕਰਦਾ ਹੈ, ਸਿਵਾਏ ਲੋਕਾਂ ਦੇ ਭਲੇ ਤੋਂ।

# ਚੰਡੀਗੜ੍ਹ ਦੇ ਅਧਿਕਾਰੀ ਪੰਜਾਬੀ ਨੂੰ ਨੁਕਰੇ ਲਾਉਣ ਲਈ ਸਰਗਰਮ

**ਚੰਡੀਗੜ੍ਹ:** ਚੰਡੀਗੜ੍ਹ ਯੂ.ਟੀ. ਦੇ ਅਧਿਕਾਰੀਆਂ ਨੇ ਪਾਰਲੀਮੈਂਟ ਦੀ ਸਬ ਕਮੇਟੀ ਦੀਆਂ ਹਦਾਇਤਾਂ ਦੇ ਬਾਵਜੂਦ ਪਿਛਲੇ 18 ਸਾਲਾਂ ਤੋਂ ਪ੍ਰਸ਼ਾਸਨ ਦੀ ਸਰਕਾਰੀ ਭਾਸ਼ਾ ਅੰਗਰੇਜ਼ੀ ਦੀ ਥਾਂ ਪੰਜਾਬੀ ਤੇ ਹਿੰਦੀ ਨਹੀਂ ਕੀਤੀ ਗਈ। ਇਥੋਂ ਤੱਕ ਕਿ ਦੇਸ਼ ਆਜ਼ਾਦ ਹੋਣ ਤੋਂ ਬਾਅਦ ਅੱਜ ਤੱਕ ਯੂ.ਟੀ. ਪ੍ਰਸ਼ਾਸਨ 'ਚ 'ਆਫੀਸ਼ਲ ਲੈਂਗੂਏਜ ਐਕਟ-1963' ਵੀ ਲਾਗੂ ਨਹੀਂ ਕੀਤਾ ਗਿਆ। ਸੂਤਰਾਂ ਅਨੁਸਾਰ ਪੰਜਾਬ ਵਿਧਾਨ ਸਭਾ ਵੱਲੋਂ ਯੂ.ਟੀ. ਪ੍ਰਸ਼ਾਸਨ ਵਿਚ ਪੰਜਾਬੀ ਨੂੰ ਸਰਕਾਰੀ ਭਾਸ਼ਾ ਦਾ ਰੁਤਬਾ ਦੇਣ ਦੇ ਪਾਸ ਕੀਤੇ ਇਤਿਹਾਸਕ ਮਤੇ ਨੂੰ ਵੀ ਇੱਥੋਂ ਦੇ ਅਧਿਕਾਰੀਆਂ ਨੇ ਨੁਕਰੇ ਲਾਉਣ ਦਾ ਮਸੌਦਾ ਤਿਆਰ ਕਰ ਲਿਆ ਹੈ।

ਯੂ.ਟੀ. ਪ੍ਰਸ਼ਾਸਨ ਦੇ ਅਧਿਕਾਰੀ ਪਿਛਲੇ ਸਾਢੇ ਚਾਰ ਦਹਾਕਿਆਂ ਤੋਂ ਚੰਡੀਗੜ੍ਹ ਦੇ ਮੁੱਦੇ ਨੂੰ ਪੰਜਾਬ ਤੇ ਹਰਿਆਣਾ ਨਾਲ ਜੋੜ ਕੇ ਇੱਥੇ ਅੰਗਰੇਜ਼ੀ ਦੀ ਥਾਂ ਕੋਈ ਹੋਰ ਭਾਸ਼ਾ ਲਾਗੂ ਕਰਨ ਦੀ ਸੂਰਤ ਵਿਚ ਹਾਲਾਤ ਖਰਾਬ ਹੋਣ ਦੀਆਂ ਕੇਂਦਰ ਸਰਕਾਰ ਨੂੰ ਰਿਪੋਰਟਾਂ ਭੇਜ ਕੇ ਦਹਿਸ਼ਤ ਦਾ ਮਾਹੌਲ ਬਣਾਉਂਦੇ ਆ ਰਹੇ ਹਨ। ਚੰਡੀਗੜ੍ਹ ਦੇ ਅਧਿਕਾਰੀ ਪਿਛਲੇ 34 ਸਾਲਾਂ ਤੋਂ ਭਾਰਤ ਸਰਕਾਰ ਵੱਲੋਂ ਆਫੀਸ਼ਲ ਲੈਂਗੂਏਜ ਐਕਟ-1963 ਦੀ ਧਾਰਾ 4 ਤਹਿਤ ਗਠਿਤ ਕੀਤੀ ਗਈ ਪਾਰਲੀਮੈਂਟ ਕਮੇਟੀ ਦੀ ਸਬ ਕਮੇਟੀ ਨੂੰ ਵੀ ਇਸ ਮਾਮਲੇ ਵਿਚ ਟਾਲ ਰਹੇ ਹਨ।

20 ਸਤੰਬਰ 1977 ਨੂੰ ਪਾਰਲੀਮੈਂਟ ਦੀ ਸਬ ਕਮੇਟੀ ਨੇ ਚੰਡੀਗੜ੍ਹ ਵਿਚ ਅੰਗਰੇਜ਼ੀ ਦੀ ਥਾਂ ਖੇਤਰੀ ਭਾਸ਼ਾ ਲਾਗੂ ਕਰਨ ਲਈ ਉਸ ਵੇਲੇ ਦੇ ਚੀਫ ਕਮਿਸ਼ਨਰ ਨਾਲ ਮੀਟਿੰਗ ਕੀਤੀ ਸੀ ਜਿਸ ਵਿਚ ਚੀਫ ਕਮਿਸ਼ਨਰ ਨੇ ਕਮੇਟੀ ਦੇ ਧਿਆਨ ਵਿਚ ਲਿਆਂਦਾ ਸੀ ਕਿ ਚੰਡੀਗੜ੍ਹ ਦੇ ਭਵਿੱਖ ਦਾ ਮਾਮਲਾ ਡਾਂਵਾਡੋਲ ਹੈ ਜਿਸ ਕਾਰਨ ਇੱਥੇ ਅੰਗਰੇਜ਼ੀ ਦੀ ਥਾਂ ਕਿਸੇ ਹੋਰ ਭਾਸ਼ਾ ਨੂੰ ਸਰਕਾਰੀ ਰੁਤਬਾ ਨਹੀਂ ਦਿੱਤਾ ਜਾ ਸਕਦਾ। ਉਦੋਂ ਸਬ ਕਮੇਟੀ ਨੇ ਸਥਾਨਕ ਪ੍ਰਸ਼ਾਸਨ ਨੂੰ ਇਹ ਮੁੱਦਾ ਭਾਰਤ ਸਰਕਾਰ ਕੋਲ ਉਠਾਉਣ ਲਈ ਕਿਹਾ ਸੀ।

ਸਬ ਕਮੇਟੀ ਨੇ 1 ਅਪਰੈਲ, 1978 ਨੂੰ ਚੰਡੀਗੜ੍ਹ ਪ੍ਰਸ਼ਾਸਨ ਨੂੰ ਪੱਤਰ ਭੇਜ ਕੇ ਚੰਡੀਗੜ੍ਹ ਪ੍ਰਸ਼ਾਸਨ ਦੇ ਸਾਈਨ ਬੋਰਡ ਤੇ ਨਾਂ ਵਾਲੀਆਂ ਪਲੇਟਾਂ ਸਮੇਤ ਵੱਖ-ਵੱਖ ਫਾਰਮਾਂ ਦੇ ਹੈਡਿੰਗ ਅੰਗਰੇਜ਼ੀ ਦੇ ਨਾਲ ਪੰਜਾਬੀ ਤੇ ਹਿੰਦੀ ਵਿਚ ਲਿਖਣ ਲਈ ਕਿਹਾ ਪਰ ਪ੍ਰਸ਼ਾਸਨ ਨੇ ਇਹ ਆਦੇਸ਼ ਅੱਜ ਤੱਕ ਲਾਗੂ ਨਹੀਂ ਕੀਤੇ। ਭਾਰਤ ਸਰਕਾਰ ਦੇ ਉਪ ਸਕੱਤਰ ਨੇ 1 ਸਤੰਬਰ 1978 ਨੂੰ ਚੰਡੀਗੜ੍ਹ ਪ੍ਰਸ਼ਾਸਨ ਨੂੰ ਆਪਣੇ ਆਫੀਸ਼ਲ ਲੈਂਗੂਏਜ ਐਕਟ ਦੀ ਕਾਪੀ ਭੇਜਣ ਲਈ ਕਿਹਾ ਸੀ ਤੇ ਇਸ ਦੇ ਜਵਾਬ ਵਿਚ ਪ੍ਰਸ਼ਾਸਨ ਨੇ ਦੱਸਿਆ ਸੀ ਕਿ ਉਨ੍ਹਾਂ ਵੱਲੋਂ ਅੱਜ ਤੱਕ ਅਜਿਹਾ ਕੋਈ ਐਕਟ ਹੀ ਨਹੀਂ ਬਣਾਇਆ ਗਿਆ। ਇਸ ਸਭ ਦੇ ਬਾਅਦ ਵੀ ਜਦੋਂ ਸਥਾਨਕ ਪ੍ਰਸ਼ਾਸਨ ਨੇ ਲੋਕਾਂ ਦੀ ਬੋਲੀ ਨੂੰ ਸਰਕਾਰੀ ਭਾਸ਼ਾ ਦਾ ਰੁਤਬਾ ਨਾ ਦਿੱਤਾ ਤਾਂ ਪਾਰਲੀਮੈਂਟ ਕਮੇਟੀ ਦੇ ਸੈਕਟਰੀਏਟ ਵੱਲੋਂ ਅਗਸਤ 1992 ਵਿਚ ਇੱਥੋਂ ਦੇ ਪ੍ਰਸ਼ਾਸਨ ਨੂੰ ਪ੍ਰਸ਼ਨਾਵਲੀ ਭੇਜ ਕੇ ਪ੍ਰਸ਼ਾਸਨ ਦੀ ਦਫਤਰੀ ਭਾਸ਼ਾ ਦੀ ਜਾਣਕਾਰੀ ਮੰਗੀ ਗਈ। ਪ੍ਰਸ਼ਾਸਨ ਨੇ 22 ਦਸੰਬਰ 1992 ਨੂੰ ਜਵਾਬ ਦਿੱਤਾ ਕਿ ਭਾਰਤ ਸਰਕਾਰ ਨੇ ਉਨ੍ਹਾਂ ਨੂੰ ਅੰਗਰੇਜ਼ੀ ਵਿਚ ਕੰਮ ਕਰਨ ਦੀ ਆਗਿਆ ਦਿੱਤੀ ਹੈ ਤੇ ਇਸ ਲਈ ਉਹ ਇਸ ਬਾਬਤ ਹੋਰ ਵੇਰਵੇ ਨਹੀਂ ਦੇ ਸਕਦੇ।

ਪਾਰਲੀਮੈਂਟ ਕਮੇਟੀ ਇਕ ਵਾਰ ਫਿਰ 9 ਜੂਨ 1993 ਨੂੰ ਪ੍ਰਸ਼ਾਸਨ ਦੀ ਸਰਕਾਰੀ ਭਾਸ਼ਾ ਦੀ ਘੋਖ ਕਰਨ ਉਚੇਚੇ ਤੌਰ 'ਤੇ ਇੱਥੇ ਆਈ ਸੀ। ਉਦੋਂ ਵੀ ਪ੍ਰਸ਼ਾਸਨ ਦੇ ਅਧਿਕਾਰੀਆਂ ਨੇ ਕਮੇਟੀ ਨੂੰ ਟਾਲਣ ਦਾ ਯਤਨ ਕੀਤਾ ਸੀ ਜਦਕਿ ਪਾਰਲੀਮੈਂਟ ਕਮੇਟੀ ਨੇ ਇੱਥੇ ਹਿੰਦੀ ਤੇ ਪੰਜਾਬੀ ਨੂੰ ਸਰਕਾਰੀ ਭਾਸ਼ਾ ਦਾ ਰੁਤਬਾ ਦੇਣ ਉਪਰ ਜ਼ੋਰ ਦਿੱਤਾ ਸੀ। ਸੂਤਰ ਦੱਸਦੇ ਹਨ ਕਿ ਉਸ ਵੇਲੇ ਦੇ ਚੰਡੀਗੜ੍ਹ ਪ੍ਰਸ਼ਾਸਕ ਦੇ ਸਲਾਹਕਾਰ ਰਮੇਸ਼ ਚੰਦਰਾ ਨੂੰ ਇਹ ਗੱਲ ਮੰਨਣੀ ਪਈ ਸੀ ਪਰ ਇਸ ਮਾਮਲੇ ਨੂੰ ਫਿਰ ਖੂਹ-ਖਾਤੇ ਪਾਉਣ ਲਈ ਇਹ ਮਾਮਲਾ ਕੇਂਦਰੀ ਗ੍ਰਹਿ ਵਿਭਾਗ ਨੂੰ ਭੇਜ ਦਿੱਤਾ ਸੀ ਤੇ ਨਾਲ ਹੀ ਕੇਂਦਰ ਸਰਕਾਰ 'ਤੇ ਇਸ ਮਾਮਲੇ ਬਾਬਤ ਦਹਿਸ਼ਤ ਪੈਦਾ ਕਰਨ ਲਈ ਇਹ ਵੀ ਲਿਖ ਕੇ ਭੇਜ ਦਿੱਤਾ ਸੀ ਕਿ ਇਸ ਮੁੱਦੇ 'ਤੇ ਗੁਆਂਢੀ ਰਾਜ ਪੰਜਾਬ ਤੇ ਹਰਿਆਣਾ ਗੰਭੀਰ ਹਨ ਤੇ ਕੋਈ ਵੀ ਕਦਮ ਇਨ੍ਹਾਂ ਦੋਵਾਂ ਰਾਜਾਂ ਕੋਲ ਪਹੁੰਚ ਕਰਨ ਤੋਂ ਬਾਅਦ ਹੀ ਚੁੱਕਿਆ ਜਾਵੇ। ਜਿਵੇਂ ਪ੍ਰਸ਼ਾਸਨ ਨੇ ਪਾਰਲੀਮੈਂਟ ਕਮੇਟੀ ਵੱਲੋਂ ਪ੍ਰਸ਼ਾਸਨ ਦੀ ਸਰਕਾਰੀ ਭਾਸ਼ਾ ਪੰਜਾਬੀ ਤੇ ਹਿੰਦੀ ਬਣਾਉਣ ਦੇ ਉਠਾਏ ਮੁੱਦੇ ਨੂੰ ਖੂਹ-ਖਾਤੇ ਪਾ ਦਿੱਤਾ ਸੀ ਹੁਣ ਉਸੇ ਤਰਜ਼ 'ਤੇ ਯੂ.ਟੀ. ਦੇ ਅਧਿਕਾਰੀਆਂ ਨੇ ਪੰਜਾਬ ਵਿਧਾਨ ਸਭਾ ਵੱਲੋਂ ਇਸ ਮੁੱਦੇ ਬਾਬਤ ਪਾਸ ਕੀਤੇ ਇਤਿਹਾਸਕ ਮਤੇ ਨੂੰ ਵੀ ਠੰਢੇ ਬਸਤੇ ਵਿਚ ਪਾਉਣ ਦੀ ਤਿਆਰੀ ਕਰ ਲਈ ਹੈ। ਦੱਸਣਯੋਗ ਹੈ ਕਿ ਪੰਜਾਬ ਵਿਧਾਨ ਸਭਾ ਦਾ ਮਤਾ ਰਾਜ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਪੰਜਾਬੀ ਸਾਹਿਤਕਾਰਾਂ ਤੇ ਲੇਖਕਾਂ ਸਮੇਤ ਚੰਡੀਗੜ੍ਹ ਦੇ ਪ੍ਰਸ਼ਾਸਕ ਤੇ ਪੰਜਾਬ ਦੇ ਰਾਜਪਾਲ ਸ਼ਿਵ ਰਾਜ ਪਾਟਿਲ ਨੂੰ ਸੌਂਪ ਕੇ ਆਏ ਸਨ।

# ਪਾਕਿਸਤਾਨ ਵਿਚ ਅਜੇ ਵੀ ਗੁਰਦੁਆਰਿਆਂ 'ਤੇ ਕਬਜ਼ੇ ਬਰਕਰਾਰ

## ਗੁਰਦੁਆਰਾ ਕਮੇਟੀ ਅਧਿਕਾਰਾਂ ਤੋਂ ਵਾਂਝੀ

**ਚੰਡੀਗੜ੍ਹ(ਪੰਜਾਬ ਟਾਈਮਜ਼ ਬਿਊਰੋ):** ਪਾਕਿਸਤਾਨ 'ਚ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਨ ਦੇ ਬਾਵਜੂਦ ਇਤਿਹਾਸਕ ਧਾਰਮਿਕ ਅਸਥਾਨਾਂ 'ਤੇ ਲੋਕਾਂ ਦੇ ਕਬਜ਼ੇ ਬਰਕਰਾਰ ਹਨ। ਪਾਕਿਸਤਾਨ 'ਚ ਕੁਝ ਨੂੰ ਛੱਡ ਕੇ ਬਾਕੀ ਗੁਰਦੁਆਰਿਆਂ ਦੀ ਹਾਲਤ ਤਰਸਯੋਗ ਹੈ। ਇਨ੍ਹਾਂ ਗੁਰਦੁਆਰਿਆਂ ਦਾ ਪ੍ਰਬੰਧ ਵੀ ਉਕਾਫ ਬੋਰਡ ਕੋਲ ਹੀ ਹੈ ਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਸੀਮਤ ਅਧਿਕਾਰ ਹੀ ਹਨ। ਪਾਕਿਸਤਾਨ ਸਥਿਤ 174 ਦੇ ਕਰੀਬ ਇਤਿਹਾਸਕ ਗੁਰਦੁਆਰਿਆਂ 'ਚੋਂ ਕੁਝ ਗੁਰਦੁਆਰਿਆਂ ਨੂੰ ਛੱਡ ਕੇ ਬਾਕੀ ਦੇ ਸਿੱਖ ਗੁਰਧਾਮਾਂ ਦੀ ਹਾਲਤ ਤਰਸਯੋਗ ਹੈ। ਨਵੀਂ ਹੋਂਦ ਵਿਚ ਆਈ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਉਕਾਫ ਬੋਰਡ ਨੇ ਵਿਦੇਸ਼ੀ ਸਿੱਖਾਂ ਦੀ ਮਦਦ ਨਾਲ ਕੁਝ ਗੁਰਦੁਆਰਿਆਂ ਜਿਵੇਂ ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ, ਸ੍ਰੀ ਪੰਜਾ ਸਾਹਿਬ ਹਸਨ ਅਬਦਾਲ, ਸੱਚਾ ਸੌਦਾ ਫਾਰੂਕਾਬਾਦ, ਡੇਹਰਾ ਸਾਹਿਬ ਲਾਹੌਰ, ਰੋੜੀ ਸਾਹਿਬ ਏਮਨਾਬਾਦ, ਨਾਨਕ ਦਰਬਾਰ ਕਰਤਾਰਪੁਰ ਸਾਹਿਬ, ਜਨਮ ਅਸਥਾਨ ਚੂਨਾ ਮੰਡੀ ਲਾਹੌਰ 'ਤੇ ਕਰੋੜਾਂ ਰੁਪਏ ਖਰਚ ਕਰਕੇ ਉਨ੍ਹਾਂ ਦੀ ਦਿੱਖ ਸਵਾਰੀ ਹੈ ਪਰ ਫਿਰ ਵੀ ਅਜੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਗੁਰਧਾਮਾਂ ਵਿਚ ਪੂਰੀ ਤਰ੍ਹਾਂ ਮਰਿਯਾਦਾ ਬਹਾਲ ਕਰਨੀ ਤੇ ਜਿਨ੍ਹਾਂ ਗੁਰਦੁਆਰਿਆਂ 'ਤੇ ਲੋਕਾਂ ਨੇ ਕਬਜ਼ੇ ਕੀਤੇ ਹੋਏ ਹਨ, ਉਨ੍ਹਾਂ ਨੂੰ ਖਾਲੀ ਕਰਵਾਉਣਾ ਤੇ ਕੁਝ ਗੁਰਦੁਆਰਿਆਂ ਦੀ ਕਾਰ ਸੇਵਾ ਕਰਵਾਉਣ ਦੀ ਸਖ਼ਤ ਜ਼ਰੂਰਤ ਹੈ।



ਪਾਕਿਸਤਾਨ ਦਾ ਇਕ ਖਸਤਾਹਾਲ ਗੁਰਦੁਆਰਾ।

ਜ਼ਿਕਰਯੋਗ ਹੈ ਕਿ ਦੇਸ਼ ਦੀ ਵੰਡ ਤੋਂ ਬਾਅਦ ਹੋਏ ਸਮਝੌਤੇ ਅਨੁਸਾਰ ਪਾਕਿਸਤਾਨ ਸਥਿਤ ਗੁਰਦੁਆਰਿਆਂ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਨੂੰ ਸੌਂਪਿਆ ਗਿਆ ਸੀ। ਸ਼੍ਰੋਮਣੀ ਕਮੇਟੀ 50 ਸਾਲ ਤੱਕ ਪਾਕਿਸਤਾਨ ਦੇ ਕੁਝ ਗੁਰਦੁਆਰਿਆਂ ਦਾ ਪ੍ਰਬੰਧ ਸੰਭਾਲਦੀ ਰਹੀ। ਵਿਦੇਸ਼ਾਂ 'ਚ ਰਹਿੰਦੇ ਸਿੱਖਾਂ ਦਾ ਇਹ ਦੋਸ਼ ਸੀ ਕਿ ਪਾਕਿਸਤਾਨ ਵਿਖੇ ਧਾਰਮਿਕ ਸਮਾਗਮਾਂ ਦੌਰਾਨ ਜਿਨ੍ਹੀ ਮਾਇਆ ਇਕੱਠੀ ਹੁੰਦੀ ਸੀ, ਉਹ ਗੁਰਦੁਆਰਿਆਂ ਦੀ ਸਾਂਭ-ਸੰਭਾਲ ਕਰਨ ਦੀ ਬਜਾਏ ਸ਼੍ਰੋਮਣੀ ਕਮੇਟੀ ਆਪਣੇ ਨਾਲ ਲੈ ਜਾਂਦੀ ਸੀ ਜਿਸ ਕਾਰਨ ਉਥੋਂ ਦੇ ਗੁਰਦੁਆਰਿਆਂ ਦੀ ਹਾਲਤ ਦਿਨੋਂ-ਦਿਨ ਖਸਤਾ ਹੋ ਚੁੱਕੀ ਸੀ। ਇਸੇ ਕਾਰਨ ਪਾਕਿਸਤਾਨ ਰਹਿੰਦੇ ਸਿੱਖਾਂ ਨੇ ਵਿਦੇਸ਼ਾਂ ਵਿਚ ਰਹਿੰਦੇ ਸਿੱਖਾਂ ਦੀ ਮਦਦ ਨਾਲ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪਾਕਿਸਤਾਨ ਸਰਕਾਰ ਤੋਂ 1999 ਦੀ ਵਿਸਾਖੀ ਵਾਲੇ ਦਿਨ ਗਠਨ ਕਰਵਾਉਣ ਦਾ ਐਲਾਨ ਕਰਵਾ ਲਿਆ।

ਪਿਛਲੇ ਦਿਨੀਂ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਪਾਕਿਸਤਾਨ ਵਿਖੇ ਮਨਾ ਕੇ ਵਾਪਸ ਪਰਤੇ ਕੁਝ ਸ਼ਰਧਾਲੂਆਂ ਨੇ ਦੱਸਿਆ ਕਿ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧ ਕਮੇਟੀ ਸਿਰਫ ਨਾਂ ਦੀ ਹੀ ਪ੍ਰਬੰਧਕ ਕਮੇਟੀ ਹੈ ਜਦੋਂਕਿ ਉਥੇ ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ ਅਜੇ ਵੀ ਉਕਾਫ ਬੋਰਡ ਕੋਲ ਹੈ। ਸ਼ਰਧਾਲੂਆਂ ਨੇ ਦੱਸਿਆ ਕਿ ਪਾਕਿਸਤਾਨ ਵਿਚ ਹਿੰਦੂਆਂ ਤੇ ਸਿੱਖਾਂ ਦੀ ਹਾਲਤ ਅਜੇ ਵੀ ਤਰਸਯੋਗ ਹੈ ਤੇ ਉਨ੍ਹਾਂ ਨੂੰ ਪਾਕਿਸਤਾਨ ਦੀਆਂ ਅਤਿਵਾਦੀ ਜਥੇਬੰਦੀਆਂ ਦਾ ਡਰ ਸਤਾਉਂਦਾ ਰਹਿੰਦਾ ਹੈ। ਲਾਹੌਰ ਸਥਿਤ ਗੁਰਦੁਆਰਾ ਡੇਹਰਾ ਸਾਹਿਬ ਨੂੰ ਛੱਡ ਕੇ ਬਾਕੀ ਗੁਰਦੁਆਰਿਆਂ ਦੀ ਹਾਲਤ ਖਸਤਾ ਹੋਈ ਪਈ ਹੈ। ਇਸੇ ਤਰ੍ਹਾਂ ਨਨਕਾਣਾ ਸਾਹਿਬ ਵਿਖੇ ਜਨਮ ਅਸਥਾਨ ਨਨਕਾਣਾ ਸਾਹਿਬ ਨੂੰ ਛੱਡ ਕੇ ਬਾਕੀ ਹੋਰ ਗੁਰਦੁਆਰਿਆਂ ਦੀ ਹਾਲਤ ਵੀ ਤਸੱਲੀਬਖਸ਼ ਨਹੀਂ ਹੈ। ਸਿਆਲਕੋਟ ਵਿਖੇ ਗੁਰਦੁਆਰਾ ਬਾਬੇ ਦੀ ਬੇਰ ਖੰਡਰ ਦਾ ਰੂਪ ਧਾਰਨ ਕਰ ਚੁੱਕਿਆ ਹੈ।

ਗੁਰਦੁਆਰਾ ਛੋਟਾ ਨਨਕਾਣਾ ਸਾਹਿਬ ਦੀਪਾਲਪੁਰ 'ਤੇ ਲੋਕਾਂ ਨੇ ਕਬਜ਼ਾ ਕਰਕੇ ਘਰ ਬਣਾ ਲਏ ਹਨ। ਬੇਬੇ ਨਾਨਕੀ ਦਾ ਜਨਮ ਅਸਥਾਨ ਡੇਰਾ ਬਾਬਾ ਚਾਹਲਾ ਦੀ ਜ਼ਮੀਨ ਜੋ ਲਾਹੌਰ ਤੋਂ ਤਕਰੀਬਨ 8 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ, ਉਪਰ ਵੀ ਕਾਲੋਨੀ ਬਣਾ ਦਿੱਤੇ ਜਾਣ ਦੀ ਜਾਣਕਾਰੀ ਮਿਲੀ ਹੈ।

ਸ਼ਰਧਾਲੂਆਂ ਨੇ ਪਾਕਿਸਤਾਨ ਸਰਕਾਰ ਕੋਲੋਂ ਮੰਗ ਕੀਤੀ ਹੈ ਕਿ ਜਿਸ ਤਰ੍ਹਾਂ ਭਾਰਤ ਸਰਕਾਰ ਨੇ ਵਕਫ ਐਕਟ ਬਣਾ ਕੇ ਮੁਸਲਮਾਨਾਂ ਦੀ ਭਾਰਤ ਵਿਚ ਰਹਿ ਗਈ ਜਾਇਦਾਦ ਦਾ ਸਾਰਾ ਪ੍ਰਬੰਧ ਵਕਫ ਬੋਰਡ ਨੂੰ ਸੌਂਪ ਦਿੱਤਾ ਹੈ। ਇਸੇ ਤਰ੍ਹਾਂ ਪਾਕਿਸਤਾਨ ਵਿਖੇ ਸਿੱਖ ਗੁਰਧਾਮਾਂ ਤੇ ਗੁਰਧਾਮਾਂ ਦੀ ਦੇ ਨਾਮ ਜਾਇਦਾਦ ਦਾ ਸਾਰਾ ਪ੍ਰਬੰਧ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਹੋਣਾ ਚਾਹੀਦਾ ਹੈ ਕਿਉਂਕਿ ਸਿੱਖ ਹੀ ਗੁਰਦੁਆਰਿਆਂ 'ਚ ਪੂਰੀ ਰਹਿਤ ਮਰਿਆਦਾ ਕਾਇਮ ਕਰ ਸਕਦੇ ਹਨ।

# ਸ਼੍ਰੋਮਣੀ ਕਮੇਟੀ ਚੋਣਾਂ ਲਈ ਬਾਦਲ 'ਦਿੱਲੀ ਦਰਬਾਰ ਪੁੱਜੇ'

## ਚੋਣਾਂ ਜਲਦ ਕਰਾਉਣ ਦੀ ਅਪੀਲ

**ਨਵੀਂ ਦਿੱਲੀ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਅਪੀਲ ਕੀਤੀ ਹੈ ਕਿ ਸਿੱਖਾਂ ਦੀ ਸਰਵ ਉਚ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਮ ਚੋਣਾਂ ਜਲਦੀ ਕਰਵਾਈਆਂ ਜਾਣ। ਉਨ੍ਹਾਂ ਕਿਹਾ ਕਿ ਚੋਣਾਂ ਕਰਵਾਉਣ ਵਿਚ ਹੋ ਰਹੀ ਦੇਰੀ ਨਾਲ ਸਿੱਖ ਜਗਤ ਵਿਚ ਰੋਸ ਹੈ ਤੇ ਇਸ ਲਈ ਚੋਣਾਂ ਛੇਤੀ ਕਰਵਾਈਆਂ ਜਾਣ। ਉਨ੍ਹਾਂ ਨੇ ਪ੍ਰਧਾਨ ਮੰਤਰੀ ਕੋਲ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਫਾਂਸੀ ਦੀ ਸਜ਼ਾ ਮੁਆਫ ਕਰਨ ਦਾ ਮਾਮਲਾ ਵੀ ਉਠਾਇਆ।

ਨਵੀਂ ਦਿੱਲੀ ਵਿਖੇ ਡਾ. ਮਨਮੋਹਨ ਸਿੰਘ ਨਾਲ ਮੀਟਿੰਗ ਮਗਰੋਂ ਉਨ੍ਹਾਂ ਕਿਹਾ ਕਿ ਉਨ੍ਹਾਂ ਪ੍ਰਧਾਨ ਮੰਤਰੀ ਨੂੰ ਦੱਸਿਆ ਕਿ ਸ਼੍ਰੋਮਣੀ ਕਮੇਟੀ ਚੋਣਾਂ ਕਰਵਾਉਣ ਵਿਚ ਪਹਿਲਾਂ ਹੀ ਦੋ ਸਾਲ ਦੀ ਦੇਰੀ ਹੋ ਚੁੱਕੀ ਹੈ। ਇਹ ਸਿੱਖਾਂ ਦੀ ਸੰਵਿਧਾਨਕ ਸੰਸਥਾ ਹੈ ਤੇ ਬੜੀ ਕੁਰਬਾਨੀਆਂ ਤੋਂ ਬਾਅਦ ਹੋਂਦ ਵਿਚ ਆਈ ਹੈ। ਇਸ ਲਈ ਹੋਰ ਸੰਵਿਧਾਨਕ ਸੰਸਥਾਵਾਂ ਵਾਂਗ ਇਸ ਦੀਆਂ ਚੋਣਾਂ ਵੀ ਸਮੇਂ ਸਿਰ ਕਰਵਾਈਆਂ ਜਾਣ। ਸ. ਬਾਦਲ ਨੇ ਦਾਅਵਾ ਕੀਤਾ ਹੈ ਕਿ ਪ੍ਰਧਾਨ ਮੰਤਰੀ ਨੇ ਹਮਦਰਦੀ ਨਾਲ ਮਾਮਲਿਆਂ ਨੂੰ ਸੁਣਿਆ ਤੇ ਸਬੰਧਤ ਅਧਿਕਾਰੀਆਂ ਨੂੰ ਕਾਰਵਾਈ ਕਰਨ ਲਈ ਵੀ ਕਿਹਾ ਹੈ।

ਇਸ ਮੀਟਿੰਗ ਵਿੱਚ ਸੂਬੇ ਨਾਲ ਸਬੰਧਤ ਅਹਿਮ ਮੁੱਦੇ ਉਠਾਏ ਗਏ। ਸ. ਬਾਦਲ ਨੇ ਕਿਹਾ ਕਿ ਉਨ੍ਹਾਂ ਨੇ ਪ੍ਰੋ. ਭੁੱਲਰ ਦੀ ਫਾਂਸੀ ਦੇ ਮਾਮਲਾ 'ਤੇ ਪ੍ਰਧਾਨ ਮੰਤਰੀ ਨੂੰ ਫਾਂਸੀ ਰੋਕਣ ਦਾ ਕੋਈ ਨਾ ਕੋਈ ਰਾਹ ਲੱਭਣ ਲਈ ਕਿਹਾ। ਉਨ੍ਹਾਂ ਨੇ ਅਨਾਜ ਦੇ ਭੰਡਾਰ ਕਰਨ ਦੀ ਸਮਰੱਥਾ ਵਧਾਉਣ ਦਾ ਮਾਮਲਾ ਵੀ ਉਠਾਇਆ ਹੈ। ਪੰਜਾਬ ਵਿਚ ਅਨਾਜ ਭੰਡਾਰਨ ਦੀ ਗੰਭੀਰ ਸਮੱਸਿਆ ਹੈ। ਇਸ ਕਰਕੇ ਵੱਡੀ ਮਾਤਰਾ ਵਿਚ ਅਨਾਜ ਅਸਮਾਨ ਹੇਠ ਹੀ ਰੱਖਣਾ ਪੈਂਦਾ ਹੈ ਤੇ ਇਸ ਕਰਕੇ ਕਾਫੀ ਸੜ ਜਾਂਦਾ ਹੈ। ਉਹ ਇਹ ਮਾਮਲਾ ਪਿਛਲੇ ਕਈ ਸਾਲਾਂ ਤੋਂ ਕੇਂਦਰ ਸਰਕਾਰ ਕੋਲ ਉਠਾਉਂਦੇ ਆ ਰਹੇ ਹਨ ਪਰ ਇਸ ਦਾ ਕੋਈ ਹੱਲ ਨਹੀਂ ਹੋਇਆ। ਜੇਕਰ ਮਾਮਲੇ ਦਾ ਹੱਲ ਨਾ ਕੀਤਾ ਗਿਆ ਤਾਂ ਇਸ ਵਾਰ ਝੋਨੇ ਦੀ ਫਸਲ ਕੌਮੀ ਮਾਰਗਾਂ 'ਤੇ ਰੁਲੇਗੀ।



ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੰਤਰੀ ਸੁਖਬੀਰ ਸਿੰਘ ਬਾਦਲ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਮਿਲਦੇ ਹੋਏ।

## ਦਿੱਲੀ ਸਿੱਖ ਗੁਰਦੁਆਰਾ ਕਮੇਟੀ ਦੀਆਂ ਚੋਣਾਂ ਵੀ ਪਛੜੀਆਂ

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਕੁਝ ਹੋਰ ਪਛੜਨਗੀਆਂ ਕਿਉਂਕਿ ਰਾਜਧਾਨੀ ਦੇ ਸਿੱਖ ਵੋਟਰਾਂ ਦੀਆਂ ਵੋਟਾਂ ਬਣਾਉਣ ਦਾ ਕੰਮ ਮੁਲਾਜ਼ਮਾਂ ਦੀ ਘਾਟ ਕਾਰਨ ਤੇਜ਼ੀ ਨਾਲ ਨਹੀਂ ਹੋ ਸਕਿਆ। ਪਿਛਲੇ ਛੇ ਮਹੀਨੇ 'ਚ ਸਿਰਫ਼ ਇਕ ਲੱਖ 60 ਹਜ਼ਾਰ ਵੋਟਰਾਂ ਦਾ ਹੀ ਨਾਂ ਨਵੀਂ ਬਣ ਰਹੀ ਸੂਚੀ 'ਚ ਸ਼ਾਮਲ ਹੋ ਸਕਿਆ ਹੈ।ਜਦੋਂਕਿ ਪੰਜ ਸਾਲ ਪਹਿਲਾਂ ਇਹੀ ਅੰਕੜਾ ਸਾਢੇ ਤਿੰਨ ਲੱਖ ਸੀ। ਮੁਲਾਜ਼ਮਾਂ ਦੀ ਕਮੀ ਤੇ ਸਿੱਖ ਵੋਟਰਾਂ ਵੱਲੋਂ ਘੱਟ ਦਿਲਚਸਪੀ ਦਿਖਾਏ ਜਾਣ ਕਰਕੇ ਦਿੱਲੀ ਸਿੱਖ ਗੁਰਦੁਆਰਾ ਬੋਰਡ ਵੱਲੋਂ ਵਿਧਾਨ ਸਭਾ ਵੋਟਰ ਸੂਚੀ ਵਿਚੋਂ ਸਿੱਖਾਂ ਦੇ ਨਾਂ ਛਾਂਟ ਕੇ ਗੁਰਦੁਆਰਾ ਕਮੇਟੀ 'ਚ ਪਾਏ ਜਾਣਗੇ। ਇਸ ਤਰ੍ਹਾਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਪੰਜਾਬ ਵਿਧਾਨ ਸਭਾ ਚੋਣਾਂ ਦੇ ਨੇੜੇ-ਤੇੜੇ ਕਰਵਾਏ ਜਾਣ ਦੀ ਸੰਭਾਵਨਾ ਹੈ।

ਦਿੱਲੀ ਗੁਰਦੁਆਰਾ ਮਾਮਲਿਆਂ ਦੇ ਇੰਚਾਰਜ ਮੰਤਰੀ ਅਰਵਿੰਦਰ ਸਿੰਘ ਲਵਲੀ ਦੀ ਅਗਵਾਈ ਹੇਠ ਦਿੱਲੀ ਦੇ ਵੱਖ-ਵੱਖ ਅਕਾਲੀ ਦਲਾਂ ਦੀ ਬੈਠਕ ਕੀਤੀ ਗਈ ਜਿਸ 'ਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣ ਤਿਆਰੀਆਂ ਬਾਰੇ ਦਲਾਂ ਦੇ ਸੁਝਾਅ ਲਏ ਗਏ। ਇਸ ਬੈਠਕ 'ਚ ਸੱਤਾਧਾਰੀ ਧੜੇ ਦੇ ਸਕੱਤਰ ਜਨਰਲ ਹਰਵਿੰਦਰ ਸਿੰਘ ਸਰਨਾ ਤੇ ਸੀਨੀਅਰ ਮੀਤ ਪ੍ਰਧਾਨ ਭਜਨ ਸਿੰਘ ਵਾਲੀਆ, ਸ਼੍ਰੋਮਣੀ ਅਕਾਲੀ ਦਲ ਬਾਦਲ ਵੱਲੋਂ ਪ੍ਰਦੇਸ਼ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਤੇ ਕੁਲਦੀਪ ਸਿੰਘ, ਨੈਸ਼ਨਲ ਅਕਾਲੀ ਦਲ ਦੇ ਪ੍ਰਧਾਨ ਪਰਮਜੀਤ ਸਿੰਘ ਪੰਮਾ ਸ਼ਾਮਲ ਹੋਏ।

ਵਿਰੋਧੀ ਧਿਰਾਂ ਦਿੱਲੀ ਦੀ ਕਾਂਗਰਸ ਦੀ ਅਗਵਾਈ ਵਾਲੀ ਸਰਕਾਰ 'ਤੇ ਦੋਸ਼ ਲਾ ਰਹੀਆਂ ਹਨ ਕਿ ਸਰਕਾਰ ਸਰਨਾ ਭਰਾਵਾਂ ਨੂੰ ਕਥਿਤ ਹੋਰ ਸਮਾਂ ਦੇਣ ਲਈ ਢਿੱਲਮੱਠ ਕਰ ਰਹੀ ਹੈ। ਵਰਤਮਾਨ ਕਮੇਟੀ ਦਾ ਦੋ ਸਾਲ ਦਾ ਕਾਰਜਕਾਲ 9 ਮਈ 2011 ਨੂੰ ਪੂਰਾ ਹੋ ਚੁੱਕਾ ਹੈ। ਹਾਲਾਂਕਿ ਚੋਣਾਂ ਫਰਵਰੀ 2011 ਨੂੰ ਹੋ ਜਾਣੀਆਂ ਚਾਹੀਦੀਆਂ ਸਨ ਪਰ ਅਦਾਲਤੀ ਫੈਸਲਿਆਂ ਕਰਕੇ ਵੀ ਦੇਰੀ ਹੋਈ ਹੈ। ਬੈਠਕ ਦੌਰਾਨ ਸਿੱਖ ਵੋਟਾਂ ਬਣਾਉਣ ਲਈ ਰਫ਼ਤਾਰ ਢਿੱਲੀ ਹੋਣ 'ਤੇ ਸਖ਼ਤ ਇਤਰਾਜ਼ ਕੀਤਾ ਗਿਆ ਜਿਸ ਕਰਕੇ ਮੰਤਰੀ ਅਰਵਿੰਦਰ ਸਿੰਘ ਲਵਲੀ ਨੇ ਭਰੋਸਾ ਦਿੱਤਾ ਕਿ ਵੋਟਾਂ ਬਣਾਉਣ ਲਈ ਹੋਰ ਮੁਲਾਜ਼ਮ ਲਾਏ ਜਾਣਗੇ।

ਵਿਧਾਨ ਸਭਾ ਦੀਆਂ ਸੂਚੀਆਂ ਵਿਚੋਂ ਲਏ ਜਾਣ ਵਾਲੇ ਸਿੱਖ ਵੋਟਰਾਂ ਦੀ ਮੁੜ ਸ਼ਨਾਖਤ ਕਰਨ ਤੋਂ ਇਲਾਵਾ ਵੋਟਾਂ ਬਣਾਉਣ ਦੇ ਕੰਮ 'ਚ ਤੇਜ਼ੀ ਲਿਆਉਣ ਬਾਰੇ ਵੀ ਸਹਿਮਤੀ ਬਣੀ। ਇਸ ਕਾਰਜ ਲਈ ਵੀ ਤਿੰਨ ਮਹੀਨੇ ਦਾ ਸਮਾਂ ਲੱਗੇਗਾ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਲਈ ਵੱਖਰੇ ਪਛਾਣ ਪੱਤਰ ਬਣਾਉਣ ਦੀ ਮੰਗ ਰਾਜ ਸਰਕਾਰ ਵੱਲੋਂ ਰੱਦ ਕਰ ਦਿੱਤੀ ਗਈ।

# ਸਰਨਾ ਖੁੱਲ੍ਹ ਕੇ ਕੈਪਟਨ ਅਮਰਿੰਦਰ ਦੇ ਹੱਕ 'ਚ ਡਟਿਆ

## ਬਾਦਲ ਤੇ ਸੁਖਬੀਰ ਨਾਲੋਂ ਅਮਰਿੰਦਰ ਵਧੀਆ ਪ੍ਰਸ਼ਾਸਕ ਕਰਾਰ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਸ਼੍ਰੋਮਣੀ ਅਕਾਲੀ ਦਲ (ਦਿੱਲੀ) ਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਪਰਮਜੀਤ ਸਿੰਘ ਸਰਨਾ ਨੇ ਕਿਹਾ ਕਿ ਪੰਜਾਬ ਵਿਧਾਨ ਸਭਾ ਦੀਆਂ ਅਗਲੀ ਚੋਣਾਂ ਵਿਚ ਉਨ੍ਹਾਂ ਦੀ ਪਾਰਟੀ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਦੀ ਮਦਦ ਕਰੇਗੀ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਮ ਚੋਣਾਂ ਪੰਜਾਬ ਵਿਚ ਵੱਖਰਾ ਗਠਜੋੜ ਬਣਾ ਕੇ ਲੜੀਆਂ ਜਾਣਗੀਆਂ।



ਉਨ੍ਹਾਂ ਕਿਹਾ ਕਿ ਪੰਜਾਬ ਵਿਧਾਨ ਸਭਾ ਦੀਆਂ ਅਗਲੇ ਸਾਲ ਦੇ ਸ਼ੁਰੂ ਵਿਚ ਹੋਣ ਵਾਲੀਆਂ ਚੋਣਾਂ ਵਿਚ ਉਨ੍ਹਾਂ ਦੀ ਪਾਰਟੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਦਾ ਡਟ ਕੇ ਸਾਥ ਦੇਵੇਗੀ। ਜੇਕਰ ਉਹ (ਕੈਪਟਨ) ਕਹਿਣਗੇ ਤਾਂ ਚੋਣ ਮੀਟਿੰਗਾਂ ਤੇ ਰੈਲੀਆਂ ਨੂੰ ਸੰਬੋਧਨ ਕਰਾਂਗੇ। ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਜੋ ਵੀ ਮਦਦ ਲਈ ਕਹਿਣਗੇ, ਉਹ ਮਦਦ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਉਹ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨਾਲੋਂ ਬਿਹਤਰ ਪ੍ਰਸ਼ਾਸਕ ਹਨ ਤੇ ਉਨ੍ਹਾਂ ਦਾ ਪੰਜ ਸਾਲ ਦਾ ਰਾਜ ਅਕਾਲੀ-ਭਾਜਪਾ ਸਰਕਾਰ ਨਾਲੋਂ ਵਧੀਆ ਸੀ ਤੇ ਇਸ ਕਰਕੇ ਹੀ ਉਨ੍ਹਾਂ ਦੀ ਮਦਦ ਦਾ ਫੈਸਲਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਉਹ ਅਕਾਲੀਆਂ ਨੂੰ ਛੱਡ ਕੇ ਕਾਂਗਰਸ ਵਿਚ ਸ਼ਾਮਲ ਹੋਏ ਆਗੂਆਂ ਨੂੰ ਉਨ੍ਹਾਂ ਦਾ ਬਣਦਾ ਹੱਕ ਦਿਵਾਉਣ ਦਾ ਯਤਨ ਕਰਨਗੇ ਜਿਨ੍ਹਾਂ 'ਚ ਸ. ਸੁੱਚਾ ਸਿੰਘ ਛੋਟੇਪੁਰ, ਹਰਮਿੰਦਰ ਸਿੰਘ ਗਿੱਲ, ਸ. ਇੰਦਰਜੀਤ ਸਿੰਘ ਜ਼ੀਰਾ, ਪਰਮਜੀਤ ਸਿੰਘ ਸ਼ਾਮਲ ਹਨ।

ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਪਾਰਟੀ ਕਾਂਗਰਸ ਵੱਲੋਂ ਕੋਈ ਸੀਟ ਨਹੀਂ ਮੰਗੇਗੀ ਤੇ ਜੇਕਰ ਕਾਂਗਰਸ ਆਪਣੇ ਤੌਰ 'ਤੇ ਕੋਈ ਸੀਟ ਦੇਣੀ ਚਾਹੇਗੀ ਤਾਂ ਉਸ 'ਤੇ ਉਮੀਦਵਾਰ ਖੜ੍ਹਾ ਕੀਤਾ ਜਾਵੇਗਾ ਤੇ ਉਸ ਨੂੰ ਜਿਤਾਉਣ ਲਈ ਪੂਰੀ ਵਾਹ ਲਾ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਬਣਾਉਣ ਲਈ ਪੂਰੀ ਮਦਦ ਕੀਤੀ ਜਾਵੇਗੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਬਾਰੇ ਉਨ੍ਹਾਂ ਕਿਹਾ ਕਿ ਪੰਜਾਬ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੇ ਦਲ ਦੇ ਵਿਰੋਧ ਵਿਚ ਜਿਹੜਾ ਗੱਠਜੋੜ ਬਣੇਗਾ, ਉਸ ਨਾਲ ਪੂਰਾ ਮਿਲਵਰਤਣ ਕਰਕੇ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਲੜੀਆਂ ਜਾਣਗੀਆਂ।

ਦਿੱਲੀ ਦੀ ਸਿੱਖ ਸਿਆਸਤ ਦੀ ਚਰਚਾ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਆਪਣਾ ਦਲ ਮਜ਼ਬੂਤ ਕਰਨ ਲਈ ਪੂਰੀ ਵਾਹ ਲਾ ਚੁੱਕੇ ਹਨ ਪਰ ਦਿੱਲੀ ਦੀ ਸਿਆਸਤ ਵਿਚ ਸਫ਼ਲ ਨਹੀਂ ਹੋ ਸਕੇ। ਉਨ੍ਹਾਂ ਕਿਹਾ ਕਿ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਮੌਤ ਦੀ ਸਜ਼ਾ ਮੁਆਫੀ ਲਈ ਸਾਰਾ ਕੇਸ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਲੜਿਆ ਹੈ ਤੇ ਇਸ ਕਰਕੇ ਦਿੱਲੀ ਦੀ ਸਿੱਖ ਸੰਗਤ ਉਨ੍ਹਾਂ ਦੇ ਨਾਲ ਹੈ। ਉਨ੍ਹਾਂ ਕਿਹਾ ਕਿ ਜੇਕਰ ਅਕਾਲੀ ਦਲ ਬਾਦਲ ਅਤੇ ਸ਼੍ਰੋਮਣੀ ਕਮੇਟੀ ਇਸ ਮਸਲੇ ਨੂੰ ਪਹਿਲਾਂ ਇਮਾਨਦਾਰੀ ਨਾਲ ਲੈਂਦੀ ਤਾਂ ਇਹ ਕਦੋਂ ਦਾ ਹੱਲ ਹੋ ਚੁੱਕਾ ਹੁੰਦਾ।

# ਗਦਰ ਇਤਿਹਾਸਕ ਸਮੂਹ ਦੀ ਇਕੱਤਰਤਾ



**ਯੂਨੀਅਨ ਸਿਟੀ (ਬਿਊਰੋ):** ਅੰਤਰਰਾਸ਼ਟਰੀ ਗਦਰ ਇਤਿਹਾਸਕ ਸਮੂਹ, ਯੂ ਐਸ ਏ ਦੀ ਇਕ ਇਕੱਤਰਤਾ ਇਥੇ ਜਗਜੀਤ ਸਿੰਘ ਕਲੇਰ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਮੰਚ ਸੰਚਾਲਨ ਪਰਮਿੰਦਰ ਸਿੰਘ ਪਰਵਾਨਾ ਨੇ ਕੀਤਾ।

ਸਮੂਹ ਵਲੋਂ ਜਾਰੀ ਇਕ ਬਿਆਨ ਅਨੁਸਾਰ ਸ. ਜਗਜੀਤ ਸਿੰਘ ਕਲੇਰ ਨੇ ਇਸ ਇਕੱਤਰਤਾ ਦੌਰਾਨ ਦੱਸਿਆ ਕਿ ਉਨ੍ਹਾਂ ਦੇ ਪਿਤਾ ਗਦਰ ਲਹਿਰ ਵਿਚ ਬਹੁਤ ਸਰਗਰਮ ਰਹੇ ਹਨ। ਉਨ੍ਹਾਂ ਦੇ ਪਿਤਾ ਸ. ਜੁਝਾਰ ਸਿੰਘ ਕੈਨੇਡੀਅਨ ਉਰਫ ਦਲੀਪ ਸਿੰਘ ਦਾ ਅਸਲ ਨਾਂ ਹੀਰਾ ਸਿੰਘ ਸੀ ਅਤੇ ਉਹ ਪਿੰਡ ਨੂਸੀ ਤੋਂ ਸਨ। 1906 ਤੋਂ 1914 ਤੱਕ ਵੈਨਕੂਵਰ, ਕੈਨੇਡਾ ਰਹੇ ਅਤੇ ਆਰਾ ਮਿਲ ਵਿਚ ਕੰਮ ਕੀਤਾ। 1914 ਵਿਚ ਉਹ ਸੈਕਰਾਮੈਂਟੋ ਕਾਨਫਰੰਸ ਵਿਚ ਹਿੱਸਾ ਲੈਣ ਆਏ ਅਤੇ ਫਿਰ ਸੈਨ ਫਰਾਂਸਿਸਕੋ ਤੋਂ ਕਲਕੱਤੇ ਪਹੁੰਚੇ ਜਿਥੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਕੇ ਮੁਲਤਾਨ ਜੇਲ੍ਹ ਭੇਜ ਦਿਤਾ ਗਿਆ। 1919 ਤੱਕ ਉਹ ਜੇਲ੍ਹ ਰਹੇ ਅਤੇ ਬਾਅਦ ਵਿਚ ਵੀ ਉਨ੍ਹਾਂ ਉਤੇ ਪੁਲਿਸ ਦਾ ਪਹਿਰਾ ਰਿਹਾ। 1923 ਵਿਚ ਉਹ ਫਿਰ ਗ੍ਰਿਫਤਾਰ ਹੋ ਗਏ। 1932 ਵਿਚ ਸ਼ਹੀਦ ਭਗਤ ਸਿੰਘ ਦੀ ਫਾਂਸੀ ਮੌਕੇ ਫੜ੍ਹ ਲਏ ਗਏ। ਬੇਲਾ ਸਿੰਘ ਦੇ ਕਤਲ ਕੇਸ ਵਿਚ ਵੀ ਉਨ੍ਹਾਂ ਨੂੰ ਇਕ ਸਾਲ ਦੀ ਸਜ਼ਾ ਹੋਈ। ਉਨ੍ਹਾਂ ਬੱਬਰ ਅਕਾਲੀ ਲਹਿਰ ਵਿਚ ਵੀ ਹਿੱਸਾ ਲਿਆ ਅਤੇ 1958 ਵਿਚ ਉਹ ਅਕਾਲ ਚਲਾਣਾ ਕਰ ਗਏ। ਜ਼ਿਕਰਯੋਗ ਹੈ ਕਿ ਸਮੂਹ ਦੀ ਹਰ ਮਾਸਿਕ ਇਕੱਤਰਤਾ ਵਿਚ ਗਦਰ ਲਹਿਰ ਦੇ ਇਤਿਹਾਸ ਦੇ ਵਰਕੇ ਫਰੋਲੇ ਜਾਂਦੇ ਹਨ।

ਸਮੂਹ ਵਲੋਂ ਜਾਰੀ ਬਿਆਨ ਵਿਚ ਇਸ ਇਕੱਤਰਤਾ ਵਿਚ ਆਉਂਦੇ 2012 ਸਾਲ ਦੌਰਾਨ ਗੁਰਦੁਆਰਾ ਸਟਾਕਟਨ ਦੇ ਸੌ ਸਾਲਾ ਪ੍ਰੋਗਰਾਮਾਂ ਅਤੇ 2013 ਵਿਚ ਗਦਰ ਲਹਿਰ ਦੇ ਸੌ ਸਾਲਾ ਪ੍ਰੋਗਰਾਮਾਂ ਵਿਚ ਹਮਖਿਆਲੀ ਜਥੇਬੰਦੀਆਂ ਨਾਲ ਮਿਲ ਕੇ ਕੰਮ ਕਰਨ ਉਤੇ ਵਿਚਾਰ ਚਰਚਾ ਕੀਤੀ ਗਈ। ਇਸ ਵਿਚਾਰ ਚਰਚਾ ਵਿਚ ਜੋਗਿੰਦਰ ਸਰਾਂ, ਸਤਪਾਲ ਮਦਾਰ, ਛਿੰਦਾ ਸਿੰਘ, ਸੁਖਮਨਜੀਤ ਕੌਰ ਹੇਅਰ, ਰਣਬੀਰ ਕੌਰ, ਸੁਦੇਸ਼ ਅਟਵਾਲ, ਪ੍ਰੀਤ ਕਲੇਰ, ਜੀਤ ਸਿੰਘ ਚੌਹਾਨ, ਦਰਸ਼ਨ ਸਿੰਘ, ਸੁਖਦੇਵ ਸਿੰਘ ਮੁੰਡੀਆਂ ਅਤੇ ਅਵਤਾਰ ਸਿੰਘ ਨੇ ਹਿੱਸਾ ਲਿਆ। ਹੋਰ ਜਾਣਕਾਰੀ ਫੋਨ 510-372-5061 ਤੋਂ ਲਈ ਜਾ ਸਕਦੀ ਹੈ।

# 'ਦਬੰਗ' ਤੇ 'ਬੈਂਡ ਬਾਜਾ ਬਰਾਤ' ਨੂੰ ਮਿਲੇ ਆਈਫਾ ਪੁਰਸਕਾਰ

**ਟੋਰਾਂਟੋ (ਪੰਜਾਬ ਟਾਈਮਜ਼ ਬਿਊਰੋ):** ਆਈ.ਆਈ.ਐਫ.ਏ. (ਆਈਫਾ) ਸਮਾਗਮ ਵਿਚ 'ਦਬੰਗ' ਤੇ 'ਬੈਂਡ ਬਾਜਾ ਬਰਾਤ' ਨੇ ਤਿੰਨ-ਤਿੰਨ ਤਕਨੀਕੀ ਪੁਰਸਕਾਰ ਜਿੱਤ ਲਏ। 'ਦਬੰਗ' ਨੂੰ ਉਸ ਦੇ ਗਾਣੇ 'ਮੁੰਨੀ ਬਦਨਾਮ ਹੂਈ' ਲਈ ਸਰਵੋਤਮ ਕੋਰੀਓਗਰਾਫੀ ਪੁਰਸਕਾਰ ਦਿੱਤਾ ਗਿਆ। ਇਸ ਗੀਤ ਦੀ ਕੋਰੀਓਗਰਾਫਰ ਫਰਾਹ ਖਾਨ ਹੈ। ਇਸ ਫਿਲਮ ਦੀ ਵਧੀਆ ਗੀਤ ਰਿਕਾਰਡਿੰਗ ਲਈ ਲਿਜੀ ਫਰਨਾਂਡੇਜ਼ ਨੂੰ ਸਨਮਾਨਤ ਕੀਤਾ ਗਿਆ। ਇਸ ਤੋਂ ਇਲਾਵਾ ਸਰਵੋਤਮ ਐਕਸ਼ਨ (ਮਾਰਧਾੜ) ਦਾ ਪੁਰਸਕਾਰ ਵੀ ਇਸੇ ਫਿਲਮ ਦੀ ਝੋਲੀ ਪਿਆ ਤੇ ਇਹ ਸਨਮਾਨ ਐਸ. ਵਿਜੈਅਨ ਨੂੰ ਮਿਲਿਆ।

ਮਨੀਸ਼ ਸ਼ਰਮਾ ਦੀ 'ਬੈਂਡ ਬਾਜਾ ਬਰਾਤ' ਨੂੰ ਵੀ ਤਿੰਨ ਪੁਰਸਕਾਰ ਮਿਲੇ। ਸਰਵੋਤਮ ਐਡੀਟਿੰਗ ਲਈ 'ਨਮਰਤਾ ਰਾਓ', ਗੀਤ ਰਿਕਾਰਡਿੰਗ ਲਈ ਵਿਜੈ ਦਿਆਲ ਤੇ ਕੋਸਟਿਊ ਡਿਜ਼ਾਈਨ ਲਈ ਨਿਹਾਰਿਕਾ ਖਾਨ ਨੂੰ ਸਨਮਾਨਤ ਕੀਤਾ ਗਿਆ। ਰਜਨੀਕਾਂਤ ਦੀ 'ਰੋਬੋਟ' ਨੂੰ ਸਰਵੋਤਮ ਆਰਟ ਡਾਇਰੈਕਸ਼ਨ ਲਈ ਚੁਣਿਆ ਗਿਆ। ਇਹ ਪੁਰਸਕਾਰ ਸਾਬੂ ਸਰਿੱਲ ਨੂੰ ਮਿਲਿਆ। ਸਾਬੂ ਨੂੰ ਪਿਛਲੇ ਸਾਲ ਵੀ ਇਹੀ ਪੁਰਸਕਾਰ ਮਿਲੀਆ ਸੀ। 'ਰੋਬੋਟ' ਨੂੰ ਵਿਸ਼ੇਸ਼ ਇਫੈਕਟਸ ਤੇ ਮੇਕਅੱਪ ਲਈ ਵੀ ਸਨਮਾਨਿਆ ਗਿਆ।

ਸਰਵੋਤਮ ਸਿਨੈਮਾਟੋਗਰਾਫੀ ਦਾ ਪੁਰਸਕਾਰ ਸੁਦੀਪ ਚੈਟਰਜੀ ਦੀ 'ਗੁਜ਼ਾਰਿਸ਼' ਨੂੰ ਮਿਲਿਆ। ਸ਼ੰਕਰ, ਅਹਿਸਾਨ ਤੇ ਲੋਏ ਨੇ 'ਮਾਈ ਨੇਮ ਇਜ਼ ਖਾਨ' ਦੇ ਬੈਕਗਰਾਊਂਡ ਸੰਗੀਤ ਲਈ ਇਨਾਮ ਜਿੱਤਿਆ। ਪ੍ਰੀਤਮ ਦਾਸ ਨੂੰ ਸਰਵੋਤਮ ਸਾਊਂਡ ਰਿਕਾਰਡਿੰਗ ਲਈ ਸਨਮਾਨਿਆ ਗਿਆ। ਉਸ ਨੇ ਇਹ ਸਾਊਂਡ 'ਲਵ, ਸੈਕਸ਼, ਧੋਖਾ' ਵਿਚ ਦਿੱਤਾ ਸੀ।

# ਅਮਿਤਾਭ ਬੱਚਨ ਬਣਨ ਜਾ ਰਿਹਾ ਦਾਦਾ

**ਮੁੰਬਈ:** ਬਾਲੀਵੁਡ ਸਟਾਰ ਅਮਿਤਾਭ ਬਚਨ ਨੇੜ ਭਵਿੱਖ ਵਿਚ ਅਪਣੇ ਦਾਦਾ ਬਣਨ ਦੀ ਖ਼ਬਰ ਤੋਂ ਕਾਫ਼ੀ ਖ਼ੁਸ਼ ਹਨ ਤੇ ਉਹ ਮਹਿਸੂਸ ਕਰਦੇ ਹਨ ਕਿ ਇਕ ਬੱਚਾ ਆਪਣੇ ਦਾਦੇ ਅੰਦਰ ਬੈਠੇ ਬੱਚੇ ਨੂੰ ਪੈਦਾ ਕਰ ਦਿੰਦਾ ਹੈ ਤੇ ਉਸ ਨੂੰ ਆਪਣੇ ਬਰਾਬਰ ਲੈ ਆਉਂਦਾ ਹੈ। ਜ਼ਿਕਰਯੋਗ ਹੈ ਕਿ ਅਮਿਤਾਭ ਬੱਚਨ ਨੇ ਸ਼ੋਸ਼ਲ ਨੈਟਵਰਕਿੰਗ ਵੈਬਸਾਈਟ 'ਤੇ ਆਪਣੀ ਨੂੰਹ ਐਸ਼ਵਰਿਆ ਰਾਏ ਦੇ ਮਾਂ ਬਣਨ ਦੀ ਗੱਲ ਨਸ਼ਰ ਕੀਤੀ ਹੈ।

ਅਮਿਤਾਭ ਨੇ ਕਿਹਾ ਕਿ ਸਾਰੇ ਆਪਣੇ ਬੱਚਿਆਂ ਨਾਲ ਬੱਚਾ ਬਣਨਾ ਚਾਹੁੰਦੇ ਹਨ। ਅਮਿਤਾਭ ਨੇ ਲਿਖਿਆ ਕਿ ਇਹ ਸੱਚ ਹੈ ਕਿ ਇਕ ਪੋਤਾ ਆਪਣੇ ਦਾਦੇ ਲਈ ਉਸ ਦਾ ਬਚਪਨ ਵਾਪਸ ਲੈ ਕੇ ਆਉਂਦਾ ਹੈ। ਅਮਿਤਾਭ ਬੱਚਨ ਇਸ ਗੱਲ ਨੂੰ ਲੈ ਕੇ ਕਾਫ਼ੀ ਉਤਸਾਹਤ ਹਨ ਕਿ ਉਨ੍ਹਾਂ ਦੇ ਸਵ. ਪਿਤਾ ਹਰੀਵੰਸ਼ ਰਾਏ ਬੱਚਨ ਦਾ ਪਰਵਾਰ ਅੱਗੇ ਵੱਧ ਰਿਹਾ ਹੈ। ਇਸ ਦੌਰਾਨ ਜੋਤਸ਼ੀਆਂ ਨੇ ਇਹ ਭਵਿੱਖਬਾਣੀ ਕੀਤੀ ਹੈ ਕਿ ਐਸ਼ ਕੁੜੀ ਨੂੰ ਜਨਮ ਦੇਵੇਗੀ ਤੇ ਹੋ ਸਕਦਾ ਹੈ ਕਿ ਜੌੜੀਆਂ ਕੁੜੀਆਂ ਹੋਣ।

ਦੂਜੇ ਪਾਸੇ ਬਾਲੀਵੁਡ ਅਦਾਕਾਰਾ ਰਵੀਨਾ ਟੰਡਨ ਨੇ ਕਿਹਾ ਕਿ ਇਕ ਖ਼ੁਸ਼ਹਾਲ ਵਿਆਹੁਤਾ ਜ਼ਿੰਦਗੀ ਬਿਤਾਉਣ ਦੀ ਇੱਛਾ ਪ੍ਰਗਟਾਉਣ ਵਾਲੀ ਐਸ਼ਵਰਿਆ ਨੇ ਬੱਚੇ ਦੀ ਅਪਣੀ ਇੱਛਾ ਬਾਰੇ ਦੱਸਿਆ ਸੀ। ਟਵਿਟਰ ਵੈ£ਬਸਾਈਟ 'ਤੇ ਰਵੀਨਾ ਟੰਡਨ ਨੇ ਕਿਹਾ ਕਿ ਜਦੋਂ ਉਹ ਤੇ ਐਸ਼ਵਰਿਆ ਕਿਸੇ ਸਮਾਗਮ ਵਿਚ ਹਿੱਸਾ ਲੈਣ ਲਈ ਜਾ ਰਹੀਆਂ ਸਨ ਤਾਂ ਐਸ਼ ਨੇ ਕਿਹਾ ਸੀ ਕਿ ਉਸ ਦਾ ਸੁਪਨਾ ਹੈ ਕਿ ਉਸ ਦੀ ਵਿਆਹੁਤਾ ਜ਼ਿੰਦਗੀ ਖ਼ੁਸ਼ੀਆਂ ਭਰੀ ਹੋਵੇ।

# ਪੰਚਾਇਤ 'ਚ ਭਤੀਜੇ ਨੇ ਭੂਆ ਨੂੰ ਗੋਲੀ ਮਾਰੀ

**ਲੁਧਿਆਣਾ (ਪੰਜਾਬ ਟਾਈਮਜ਼ ਬਿਊਰੋ):** ਥਾਣਾ ਮਿਹਰਬਾਨ ਦੇ ਘੇਰੇ ਅੰਦਰ ਪੈਂਦੇ ਪਿੰਡ ਕੱਕਾ ਵਿਚ ਜ਼ਮੀਨੀ ਵਿਵਾਦ ਨੂੰ ਲੈ ਕੇ ਭਤੀਜੇ ਵੱਲੋਂ ਭਰੀ ਪੰਚਾਇਤ ਦੇ ਸਾਹਮਣੇ ਆਪਣੀ ਭੂਆ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ।

ਪ੍ਰਾਪਤ ਸੂਚਨਾ ਅਨੁਸਾਰ ਪਿੰਡ ਕੱਕਾ ਦੇ ਰਹਿਣ ਵਾਲੇ ਅੰਮ੍ਰਿਤਪਾਲ ਸਿੰਘ ਦੇ ਪਰਿਵਾਰ ਦਾ ਉਸ ਦੀ ਭੂਆ ਰਾਣੀ ਨਾਲ ਜ਼ਮੀਨੀ ਵਿਵਾਦ ਚੱਲ ਰਿਹਾ ਸੀ। ਇਸ ਵਿਵਾਦ ਨੂੰ ਹੱਲ ਕਰਨ ਲਈ ਦੋਵਾਂ ਧਿਰਾਂ ਨੇ ਪੰਚਾਇਤ ਬੁਲਾਈ ਸੀ ਜਿਥੇ ਅੰਮ੍ਰਿਤਪਾਲ ਦਾ ਆਪਣੀ ਭੂਆ ਰਾਣੀ ਨਾਲ ਤਕਰਾਰ ਹੋ ਗਿਆ। ਗੁੱਸੇ ਵਿਚ ਆਏ ਅੰਮ੍ਰਿਤਪਾਲ ਨੇ ਪਿਸਤੌਲ ਕੱਢ ਲਿਆ ਅਤੇ ਗੋਲੀ ਚਲਾ ਦਿੱਤੀ। ਦੋ ਗੋਲੀਆਂ ਉਸ ਦੀ ਛਾਤੀ ਵਿਚ ਲੱਗੀਆਂ ਤੇ ਉਸ ਦੀ ਮੌਕੇ 'ਤੇ ਮੌਤ ਹੋ ਗਈ। ਘਟਨਾ ਤੋਂ ਬਾਅਦ ਅੰਮ੍ਰਿਤ ਪਰਿਵਾਰ ਸਮੇਤ ਮੌਕੇ ਤੋਂ ਫਰਾਰ ਹੋ ਗਿਆ।

ਅੱਖੀਂ ਦੇਖਣ ਵਾਲਿਆਂ ਅਨੁਸਾਰ ਅੰਮ੍ਰਿਤ ਨੇ ਰਾਣੀ ਨੂੰ ਪਹਿਲਾਂ ਵਾਲਾਂ ਤੋਂ ਫੜ ਕੇ ਖਿੱਚ-ਧੂਹ ਕੀਤੀ ਅਤੇ ਫਿਰ ਉਸ ਦੀ ਮਾਂ ਰੂਪ ਕੌਰ ਨੇ ਆਪਣੇ ਪਰਸ ਵਿਚੋਂ ਪਿਸਤੌਲ ਕੱਢ ਕੇ ਗੋਲੀ ਚਲਾਉਣ ਲਈ ਕਿਹਾ। ਰਾਣੀ ਕੁਆਰੀ ਸੀ। ਪੁਲਿਸ ਨੇ ਇਸ ਸਬੰਧੀ ਅੰਮ੍ਰਿਤਪਾਲ, ਰੁਪਿੰਦਰ ਕੌਰ ਉਰਫ਼ ਰੂਪ, ਜਗਜੀਤ ਸਿੰਘ ਅਤੇ ਸਿੰਮੀ ਖਿਲਾਫ਼ ਧਾਰਾ 302, 34 ਅਧੀਨ ਕੇਸ ਦਰਜ ਕਰ ਲਿਆ ਹੈ ਅਤੇ ਇਸ ਵਲੋਂ ਮਾਮਲੇ ਦੀ ਹੋਰ ਤਫਤੀਸ਼ ਕੀਤੀ ਜਾ ਰਹੀ ਹੈ।




# ਕਲੀਵਲੈਂਡ ਦੇ ਖੇਡ ਮੇਲੇ 'ਚ ਸਿਨਸਿਨੈਟੀ ਕਬੱਡੀ ਟੀਮ ਦੀ ਝੰਡੀ ਰਹੀ

**ਕਲੀਵਲੈਂਡ, ਓਹਾਇਓ (ਹਰਜਿੰਦਰ ਦੁਸਾਂਝ):** ਸਟੀਲ ਸਿਟੀ ਕਰਕੇ ਜਾਣੇ ਜਾਂਦੇ ਇਸ ਸ਼ਹਿਰ ਵਿਚ ਬਾਦਸ਼ਾਹ ਸਿਕੰਦਰ ਦੇ ਪਿਤਰੀ ਸ਼ਹਿਰ ਮੈਸਾਡੋਨੀਆ (ਮਕਦੂਨੀਆ) ਦੇ ਨਾਂ ਉਤੇ ਵੱਸੇ ਪਿੰਡ ਮੈਸਾਡੋਨੀਆ ਦੇ ਖੁੱਲ੍ਹੇ ਪਾਰਕ ਵਿਚ ਪੰਜਾਬ ਸਪੋਰਟਸ ਕਲੱਬ, ਕਲੀਵਲੈਂਡ ਵਲੋਂ ਕਰਵਾਏ ਗਏ ਖੇਡ ਮੇਲੇ ਦੌਰਾਨ ਕਬੱਡੀ ਦਾ ਤਾਂ ਫਸਵਾਂ ਪਿੜ ਬੱਝਿਆ ਹੀ, ਨਾਲ ਗੀਤ-ਸੰਗੀਤ ਅਤੇ ਹਾਸੇ ਠੱਠੇ ਵਾਲੀ ਕੁਮੈਂਟਰੀ ਨੇ ਵੀ ਮੇਲੇ ਦਾ ਰੰਗ ਦੂਣਾ ਕਰੀ ਰੱਖਿਆ।

ਕਬੱਡੀ ਦਾ 5100 ਡਾਲਰ ਦਾ ਪਹਿਲਾ ਇਨਾਮ ਸਿਨਸਿਨੈਟੀ ਦੀ ਟੀਮ ਨੇ ਜਿੱਤਿਆ ਜਦੋਂਕਿ ਦੂਜਾ 4100 ਡਾਲਰ ਦਾ ਇਨਾਮ ਕਲੀਵਲੈਂਡ ਦੀ ਟੀਮ ਦੇ ਗੱਭਰੂ ਆਪਣੇ ਕਬਜ਼ੇ ਵਿਚ ਕਰ ਗਏ। ਬੈਸਟ ਰੇਡਰ ਦਾ ਇਨਾਮ ਕੁਲਜੀਤੇ ਦੀ ਝੋਲੀ ਪਿਆ ਜਦੋਂਕਿ ਬੈਸਟ ਸਟਾਪਰ ਦੀ ਝੰਡੀ ਦੁਨੀਆਂ ਦੇ ਨਾਮੀ ਜਾਫੀ ਤਾਊ ਦੇ ਹਿੱਸੇ ਰਹੀ। ਵਾਲੀਬਾਲ ਦੇ ਮੁਕਾਬਲਿਆਂ ਵਿਚ ਸ਼ਿਕਾਗੋ ਦੀ ਝੰਡੀ ਰਹੀ ਅਤੇ 3100 ਡਾਲਰ ਦਾ ਪਹਿਲਾ ਇਨਾਮ ਇਸ ਨੇ ਆਪਣੀ ਖੂਬਸੂਰਤ ਖੇਡ ਦੇ ਸਹਾਰੇ ਆਪਣੇ ਕਬਜ਼ੇ ਵਿਚ ਕਰ ਲਿਆ ਜਦੋਂਕਿ ਸਿਨਸਿਨੈਟੀ ਦੀ ਟੀਮ ਨੂੰ 2100 ਡਾਲਰ ਦੇ ਦੂਜੇ ਇਨਾਮ ਨਾਲ ਹੀ ਸਬਰ ਕਰਨਾ ਪਿਆ। ਉਂਜ ਸਿਨਸਿਨੈਟੀ ਦੀ ਟੀਮ ਨੇ ਦੱਸ ਦਿੱਤਾ ਕਿ ਖੇਡ ਵਿਚ ਉਹ ਵੀ ਕਿਸੇ ਤਰ੍ਹਾਂ ਘੱਟ ਨਹੀਂ ਸੀ।

ਕਬੱਡੀ ਦੇ ਖਿਡਾਰੀਆਂ ਨੇ ਆਪਣੀ ਬੇਹਦ ਖੂਬਸੂਰਤ ਖੇਡ ਨਾਲ ਇਸ ਸ਼ਹਿਰ ਉਤੇ ਆਪਣੀ



*ਸਰਬਜੀਤ ਚੀਮਾ*

ਅਮਿੱਟ ਛਾਪ ਛੱਡੀ। ਕਬੱਡੀ ਦੇ ਮੈਚਾਂ ਦਾ ਅਨੰਦ ਬੱਚਿਆਂ, ਨੌਜਵਾਨਾਂ, ਔਰਤਾਂ ਅਤੇ ਬਜ਼ੁਰਗਾਂ ਨੇ ਸਾਹ ਰੋਕ ਰੋਕ ਕੇ ਮਾਣਿਆ। ਕਬੱਡੀ ਦੀਆਂ ਕੁਲ 6 ਟੀਮਾਂ ਨੇ ਹਿੱਸਾ ਲਿਆ ਜਿਨ੍ਹਾਂ ਵਿਚ ਸਿਨਸਿਨੈਟੀ, ਕਲੀਵਲੈਂਡ, ਇੰਡੀਅਨਐਪੋਲਿਸ, ਸ਼ੇਰੇ ਪੰਜਾਬ ਸ਼ਿਕਾਗੋ, ਟੋਰਾਂਟੋ ਅਤੇ ਨਿਊ ਯਾਰਕ ਦੀਆਂ ਟੀਮਾਂ ਸ਼ਾਮਲ ਸਨ। ਇਹ ਕਲੱਬਾਂ ਭਾਵੇਂ ਚੜ੍ਹਦੇ ਪਾਸੇ ਵਾਲੀਆਂ ਸਟੇਟਾਂ ਨਾਲ ਸਬੰਧਤ ਸਨ ਪਰ ਇਨ੍ਹਾਂ ਵਿਚ ਖੇਡ ਰਹੇ ਬਹੁਤੇ ਖਿਡਾਰੀ ਧੁਰ ਲਹਿੰਦੇ ਪਾਸੇ ਕੈਲੀਫੋਰਨੀਆ ਤੱਕ ਦੀਆਂ ਸਟੇਟਾਂ ਤੋਂ ਸਨ, ਜਿਵੇਂ ਕਲੀਵਲੈਂਡ ਦੀ ਟੀਮ ਵਿਚ ਬਹੁਤੇ ਖਿਡਾਰੀ ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ, ਕੈਲੀਫੋਰਨੀਆ ਤੇ ਬੇਏਰੀਆ ਸਪੋਰਟਸ ਕਲੱਬ ਦੇ ਸਨ ਅਤੇ ਸ਼ੇਰੇ ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਦੀ ਟੀਮ ਵਿਚ ਸ਼ੇਰੇ ਪੰਜਾਬ ਸਪੋਰਟਸ ਕਲੱਬ ਲਾਸ ਬੈਨੋਸ, ਕੈਲੀਫੋਰਨੀਆ ਦੇ। ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਦੇ ਖਿਡਾਰੀ ਸ. ਨਾਜਰ ਸਿੰਘ ਦੀ ਅਗਵਾਈ ਹੇਠ ਪਹੁੰਚੇ ਹੋਏ ਸਨ। ਇਹ ਗੱਲ ਦਿਲਚਸਪੀ ਤੋਂ ਖਾਲੀ ਨਹੀਂ ਕਿ ਕਬੱਡੀ ਦੀ ਖੇਡ ਸਾਡੇ ਪੰਜਾਬੀਆਂ ਦੀ ਧੱਕੜ ਖੇਡ ਹੀ ਨਹੀਂ ਰਹੀ ਸਗੋਂ ਜੋਰ ਅਤੇ ਜੁਗਤ ਦੇ ਸੁਮੇਲ ਦੀ ਖੇਡ ਬਣ ਚੁਕੀ ਹੈ ਅਤੇ ਇਸੇ ਕਰਕੇ ਹੀ ਕਾਲੇ, ਗੋਰੇ ਰੰਗਾਂ ਵਾਲੀਆਂ ਨਸਲਾਂ ਵਿਚ ਵੀ ਇਸ ਖੇਡ ਪ੍ਰਤੀ ਸ਼ੌਕ ਵਧ ਰਿਹਾ ਹੈ, ਜਿਸ ਦਾ ਸਬੂਤ ਕਲੀਵਲੈਂਡ ਦੇ ਇਸ ਮੇਲੇ ਵਿਚ ਅਫਰੀਕੀ ਮੂਲ ਦੇ ਤਿੰਨ ਖਿਡਾਰੀਆਂ ਦੀ ਬਹੁਤ ਹੀ ਉਮਦਾ ਖੇਡ ਸੀ।

ਵੈਸੇ ਤਾਂ ਸਾਰੇ ਹੀ ਮੈਚ ਇਕ ਦੂਜੇ ਤੋਂ ਵੱਧ ਸਨ ਪਰ ਫਾਈਨਲ ਦਾ ਮੁਕਾਬਲਾ ਤਾਂ ਅਨੋਖਾ ਹੀ ਨਜ਼ਾਰਾ ਸੀ। ਹਰ ਕੋਈ ਆਪੋ ਆਪਣੀ ਪਸੰਦ ਦੇ ਧਾਵੀ ਜਾਂ ਜਾਫੀ ਦਾ ਹੌਸਲਾ ਵਧਾਉਣ ਲਈ ਨਾ ਸਿਰਫ ਤਾੜੀਆਂ ਅਤੇ ਸੀਟੀਆਂ ਹੀ ਵਜਾ ਰਿਹਾ ਸੀ ਸਗੋਂ ਕੱਲੀ ਕੱਲੀ ਰੇਡ ਉਤੇ ਡਾਲਰਾਂ ਦਾ ਮੀਂਹ ਵੀ ਵਰਾ ਰਿਹਾ ਸੀ।

ਫਾਈਨਲ ਮੁਕਾਬਲੇ ਵਿਚ ਭੇੜ ਸਿਨਸਿਨੈਟੀ ਅਤੇ ਕਲੀਵਲੈਂਡ ਵਿਚਾਲੇ ਸੀ। ਮੈਚ ਇੰਨਾ ਫਸਵਾਂ ਸੀ ਕਿ ਸਿਰਫ ਦੋ ਅੰਕਾਂ ਦੇ ਫਰਕ ਨਾਲ ਹੀ



ਸਿਨਸਿਨੈਟੀ ਦੀ ਟੀਮ ਜਿੱਤ ਸਕੀ। ਕਲੀਵਲੈਂਡ ਦੀ ਟੀਮ ਵਿਚ ਨਾਮੀ ਖਿਡਾਰੀ ਦੂੱਲਾ, ਜੌਨੀ, ਅਰਸ਼ੀ, ਸੀਪੂ, ਜੱਸਾ, ਅਮਨ, ਤੀਰਥ, ਸੋਨਾ ਤੇ ਬੱਲੀ ਮਹੇੜੂ ਖੇਡੇ। ਦੁੱਲੇ, ਜੌਨੀ, ਜੱਸੇ, ਸੀਪੂ, ਅਰਸ਼ੀ ਤੇ ਤੀਰਥ ਨੇ ਦਰਸ਼ਕਾਂ ਦੀ ਭਰਵੀਂ ਵਾਹ ਵਾਹ ਖੱਟੀ। ਸਿਨਸਿਨੈਟੀ ਦੀ ਟੀਮ ਵਿਚ ਦੁਨੀਆਂ ਦੇ ਨਾਮੀ ਖਿਡਾਰੀ ਕੁਲਜੀਤਾ, ਤਾਊ, ਕਿੰਦਾ ਬਿਹਾਰੀਪੁਰੀਆ ਅਤੇ ਸੰਦੀਪ ਖੇਡ ਰਹੇ ਸਨ। ਦੋਹਾਂ ਹੀ ਟੀਮਾਂ ਦੇ ਪ੍ਰਮੋਟਰਾਂ ਨੇ ਜੱਫੀਆਂ ਪਾ ਕੇ ਇਕ ਦੂਜੇ ਨੂੰ ਭਰਵਾਂ ਪਿਆਰ ਦਿੱਤਾ ਅਤੇ ਵਧੀਆ ਖੇਡ ਭਾਵਨਾ ਦਾ ਮੁਜਾਹਰਾ ਕੀਤਾ।

ਅੰਡਰ-21 ਮੁਕਾਬਲਿਆਂ ਵਿਚ ਚਾਰ ਟੀਮਾਂ ਨੇ ਹਿੱਸਾ ਲਿਆ ਜਿਨ੍ਹਾਂ ਦੇ ਮੁਕਾਬਲੇ ਵੀ ਕਾਫੀ ਦਿਲਚਸਪ ਰਹੇ। ਵਾਲੀਬਾਲ ਮੁਕਾਬਲਿਆਂ ਵਿਚ 10 ਟੀਮਾਂ ਭਿੜੀਆਂ ਅਤੇ ਜੇਤੂ ਰਹੀ ਸ਼ਿਕਾਗੋ ਦੀ ਟੀਮ ਜਦੋਂਕਿ ਦੂਜਾ ਇਨਾਮ ਸਿਨਸਿਨੈਟੀ ਤੋਂ ਧਾਰਨੀ ਕਲੱਬ ਦੀ ਟੀਮ ਨੇ ਜਿਤਿਆ। ਵਾਲੀਬਾਲ ਮੈਚਾਂ ਵਿਚ ਉਘੇ ਖਿਡਾਰੀਆਂ ਕੁਮਾਰ ਤੇ ਕੁਲਵੰਤ ਸਿੰਘ ਨੇ ਵਧੀਆ ਖੇਡ ਦਿਖਾਈ।

ਕਬੱਡੀ ਦੀ ਕੁਮੈਂਟਰੀ ਕਰਕੇ ਇਸ ਖੇਡ ਦੇ ਸਵਾਦ ਨੂੰ ਦੂਣਾ ਚੌਣਾ ਕਰਨ ਦੀ ਜ਼ਿੰਮੇਵਾਰੀ ਕੈਨੇਡਾ ਤੋਂ ਆਏ ਕੁਮੈਂਟੇਟਰ ਸੁਖਚੈਨ ਬਰਾੜ ਦੇ ਹੱਥ ਵਿਚ ਸੀ ਜੋ ਮਾਈਕ ਫੜੀ ਖੇਡ ਦੇ ਮੈਦਾਨ ਵਿਚ ਲਾਟੂ ਵਾਂਗ ਪਿਆ ਘੁੰਮਦਾ ਸੀ। ਕੁਮੈਂਟਰੀ ਕਰਦਿਆਂ ਜਿੱਥੇ ਉਹ ਕਬੱਡੀ ਖਿਡਾਰੀਆਂ ਦੀ ਜਾਣ-ਪਛਾਣ ਕਰਵਾਉਂਦਾ ਉਥੇ ਨਾਲ ਹੀ ਖਿਡਾਰੀਆਂ ਦੇ ਪਿੰਡਾਂ ਦੀਆਂ ਬਾਤਾਂ ਵੀ ਪਾਈ ਜਾਂਦਾ। ਵਿਚੇ ਉਹ ਨਸ਼ੇ ਅਤੇ ਇਸ਼ਕ-ਮੁਸ਼ਕ ਪਿਛੇ ਪੈਂਦੀ ਜੁਆਨੀ 'ਤੇ ਵੀ ਟਕੋਰਾਂ ਕੱਸੀ ਜਾਂਦਾ। ਇਸ ਖੇਡ ਮੇਲੇ ਦੌਰਾਨ ਸੁਖਚੈਨ ਨੇ ਆਪਣਾ ਨਿਸ਼ਾਨਾ ਕੁੜੀਮਾਰਾਂ ਉਤੇ ਵੀ ਸੇਧੀ ਰੱਖਿਆ। ਜੇ ਕੋਈ ਕਸਰ ਬਾਕੀ ਸੀ ਤਾਂ ਉਸ ਦਾ ਸਾਥ ਸਟੇਜਾਂ ਦੀ ਮਲਿਕਾ ਕਰਕੇ ਜਾਣੀ ਜਾਂਦੀ ਅਤੇ ਸ਼ਬਦਾਂ ਦੀ ਜਾਦੂਗਰ ਆਸ਼ਾ ਸ਼ਰਮਾ ਪੂਰੀ ਕਰੀ ਜਾਂਦੀ ਜੋ ਭਾਂਤ ਸੁਭਾਂਤੇ ਸ਼ੇਅਰਾਂ ਨਾਲ ਸਰੋਤਿਆਂ ਨੂੰ ਨਿਹਾਲ ਕਰੀ ਜਾਂਦੀ। ਆਸ਼ਾ ਸ਼ਰਮਾ ਖਾਸ ਕਰਕੇ ਬੀਬੀਆਂ ਨੂੰ ਮੁਖਾਤਿਬ ਹੋ ਕੇ ਸਮਾਜਿਕ ਰਿਸ਼ਤਿਆਂ ਦੇ ਤਾਣੇ-ਬਾਣੇ ਬਾਰੇ ਵੀ ਬਾਤਾਂ ਪਾਉਂਦੀ ਰਹੀ। ਵਿਚੋਂ ਵਿਚੋਂ ਕੋਈ ਜ਼ਰੂਰੀ ਸੂਚਨਾ ਸਾਂਝੀ ਕਰਨ ਲਈ ਨਿਊ ਯਾਰਕ ਤੋਂ ਆਇਆ ਹਰਵਿੰਦਰ ਰਿਆੜ ਵੀ ਆ ਹਾਜ਼ਰ ਹੁੰਦਾ।

ਆਪਣੀ ਜਵਾਨੀ ਦੇ ਦਿਨ ਚੇਤੇ ਕਰਦੇ ਬਾਬੇ ਜਿੱਥੇ ਕਬੱਡੀ ਦਾ ਅਨੰਦ ਲੈ ਰਹੇ ਸਨ ਉਥੇ ਨਾਲ ਹੀ ਸੁਖਚੈਨ ਦੇ ਟੋਟਕਿਆਂ ਦਾ ਵੀ ਪੂਰਾ ਲੁਤਫ ਲਈ ਜਾ ਰਹੇ ਸਨ। ਸੁਖਚੈਨ ਜਿਥੇ ਉਨ੍ਹਾਂ ਗੱਭਰੂਆਂ ਨੂੰ ਦਾਦ ਦੇ ਰਿਹਾ ਸੀ ਜਿਨ੍ਹਾਂ ਲੰਮੀਆਂ ਸ਼ਿਫਟਾਂ ਲਾ ਕੇ ਵੀ ਆਪਣੇ ਜੁੱਸੇ ਸਾਂਭੇ ਹੋਏ ਸਨ ਉਥੇ ਉਨ੍ਹਾਂ ਕੁਰਾਹੇ ਪਏ ਨੌਜਵਾਨਾਂ ਨੂੰ ਫਿਟਕਾਰਾਂ ਵੀ ਪਾ ਰਿਹਾ ਸੀ ਜੋ ਨਸ਼ਿਆਂ ਅਤੇ ਇਸ਼ਕ ਮਜਾਜੀ ਵਿਚ ਖੁੱਭੇ ਪਏ ਹਨ।

ਇਸ ਖੇਡ ਮੇਲੇ ਦੇ ਪ੍ਰਬੰਧਕਾਂ ਨੂੰ ਵੀ ਇਸ ਗੱਲ ਲਈ ਦਾਦ ਦੇਣੀ ਬਣਦੀ ਹੈ ਕਿ ਉਨ੍ਹਾਂ ਖੇਡਾਂ ਦੇ ਨਾਲ ਨਾਲ ਪੰਜਾਬੀ ਲੋਕਧਾਰਾ ਵਿਚਲੀਆਂ ਉਨ੍ਹਾਂ ਗੱਲਾਂ ਨੂੰ ਵੀ ਉਭਾਰਿਆ ਜੋ ਇਸ ਪਦਾਰਥਵਾਦੀ ਯੁੱਗ ਵਿਚ ਦਮ ਤੋੜ ਰਹੀਆਂ ਹਨ। ਇਕ ਪਾਸੇ ਕਬੱਡੀ ਚੱਲ ਰਹੀ ਸੀ ਤਾਂ ਦੂਜੇ ਪਾਸੇ ਪੰਜਾਬ ਦੀਆਂ ਰਵਾਇਤੀ ਖੇਡਾਂ ਦੇ ਬੱਚਿਆਂ ਦੇ ਮੁਕਾਬਲੇ ਚੱਲ ਰਹੇ ਸਨ। ਮੁਟਿਆਰ ਹੋ ਰਹੀਆਂ ਕੁੜੀਆਂ ਨੂੰ ਚਰਖੇ ਅਤੇ ਤ੍ਰਿੰਜਣਾਂ ਤੋਂ ਲੈ ਕੇ ਨੂੰਹ-ਸੱਸ ਦੇ ਰਿਸ਼ਤਿਆਂ ਤੱਕ ਦੇ ਸਵਾਲ ਪੁੱਛੇ ਗਏ। ਇਸ ਉਪਰਾਲੇ ਨੇ ਨਵੀਂ ਪੀੜ੍ਹੀ ਵਿਚ ਪੰਜਾਬੀ ਵਿਰਸੇ ਪ੍ਰਤੀ ਇਕ ਨਵੀਂ ਚੇਤਨਾ ਪੈਦਾ ਕੀਤੀ।

ਪੰਜਾਬ ਵਿਚ ਹੁੰਦੇ ਮਿਸ ਵਰਲਡ ਪੰਜਾਬਣ ਮੁਕਾਬਲੇ ਵਿਚ ਪਿਛਲੇ ਵਰ੍ਹੇ ਅਮਰੀਕਾ ਦੀ ਪ੍ਰਤੀਨਿਧਤਾ ਕਰਨ ਵਾਲੀ ਲੜਕੀ ਕਰਮਪਾਲ ਮੰਡ ਵੀ ਕਲੀਵਲੈਂਡ ਤੋਂ ਹੈ। ਮੇਲੇ ਵਿਚ ਉਸ ਦੀ ਹਾਜ਼ਰੀ ਵੀ ਨਵੀਂ ਪਨੀਰੀ 'ਚ ਆਪਣੇ ਵਿਰਸੇ ਬਾਰੇ ਜਾਗਰੂਕਤਾ ਪੈਦਾ ਕਰ ਰਹੀ ਸੀ। ਇਸ ਮੌਕੇ ਕਰਵਾਏ ਗਏ ਮੁਟਿਆਰਾਂ ਦੇ ਮਿਸ ਪੰਜਾਬਣ ਮੁਕਾਬਲੇ ਦਾ ਖਿਤਾਬ ਅਨੂਰੀਤ ਬੈਨੀਪਾਲ ਨੇ ਜਿੱਤਿਆ। ਜੱਜ ਦੀ ਭੂਮਿਕਾ ਬਲਵਿੰਦਰ ਬਾਜਵਾ, ਆਸ਼ਾ ਸ਼ਰਮਾ ਅਤੇ ਸੁਖਚੈਨ ਬਰਾੜ ਨੇ ਨਿਭਾਈ।

ਪੰਜਾਬੀਆਂ ਦਾ ਮੇਲਾ ਹੋਵੇ ਤੇ ਖਾਣ ਪੀਣ ਦਾ ਪ੍ਰਬੰਧ ਨਾ ਹੋਵੇ, ਇਹ ਗੱਲ ਤਾਂ ਚਲ ਹੀ ਨਹੀਂ ਸਕਦੀ ਖਾਸ ਕਰਕੇ ਮਿਡਵੈਸਟ ਦੀਆਂ ਸਟੇਟਾਂ ਵਿਚ, ਜਿਥੇ ਇਹ ਪ੍ਰਬੰਧ ਹਮੇਸ਼ਾ ਮੁਫਤ ਹੁੰਦਾ ਹੈ। ਬਾਬੇ ਨਾਨਕ ਵਲੋਂ ਵੀਹ ਰੁਪਏ ਨਾਲ ਚਲਾਏ ਲੰਗਰ ਦੀਆਂ ਬਰਕਤਾਂ ਅੱਜ ਵੀ ਉਸੇ ਤਰ੍ਹਾਂ ਕਾਇਮ ਹਨ। ਸਵੇਰ ਤੋਂ ਸ਼ਾਮ ਤੱਕ ਜਲੇਬੀਆਂ ਸਮੇਤ ਭਾਂਤ ਸੁਭਾਂਤੇ ਪਕਵਾਨਾਂ ਅਤੇ ਚਾਹ-ਪਾਣੀ ਦਾ ਪ੍ਰਬੰਧ ਬਰਾਬਰ ਚੱਲਦਾ ਰਿਹਾ। ਇਹ ਸੇਵਾ ਇੰਡੀਅਨ ਫਲੈਗ ਰੈਸਟੋਰੈਂਟ ਦੇ ਸੰਚਾਲਕ ਦਵਿੰਦਰ ਰਿੰਕੂ ਦੀ ਨਿਗਰਾਨੀ ਹੇਠ ਹੋ ਰਹੀ ਸੀ। ਉਹ ਆਪ ਵੀ ਕਦੇ ਇਧਰ ਭੱਜਦਾ, ਕਦੇ ਉਧਰ।

ਸ਼ਾਮ ਸਮੇਂ ਆਪਣੀ ਵੱਖਰੀ ਪਛਾਣ ਦੇ ਮਾਲਕ ਗਾਇਕ ਸਰਬਜੀਤ ਚੀਮਾ ਨੇ ਗਾਇਕੀ ਦਾ ਪਿੜ ਬੰਨ੍ਹਿਆ। ਚੀਮੇ ਨੇ ਆਪਣੀ ਗਾਇਕੀ ਦੇ ਰੰਗ ਵਿਖਾ ਕੇ ਮੇਲੀਆਂ ਨੂੰ ਇਹ ਅਹਿਸਾਸ ਕਰਵਾ ਦਿੱਤਾ ਕਿ ਜੇ ਕਬੱਡੀ ਵਾਲਿਆਂ ਫਸਵੀਆਂ ਕਬੱਡੀਆਂ ਪਾ ਕੇ ਉਨ੍ਹਾਂ ਦਾ ਦਿਲ ਲਾਈ ਰੱਖਿਆ ਹੈ ਤਾਂ ਗਾਇਕੀ ਦੇ ਪਿੜ ਵਿਚ ਕਸਰ ਉਹ ਵੀ ਕੋਈ ਬਾਕੀ ਨਹੀਂ ਰਹਿਣ ਦੇਵੇਗਾ। ਇਸ ਮੌਕੇ ਸ਼ੋਅ ਪ੍ਰਮੋਟਰ ਬਲਵਿੰਦਰ ਬਾਜਵਾ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

ਮੇਲੇ ਦੇ ਪ੍ਰਬੰਧ ਵਿਚ ਕੋਈ ਕਸਰ ਬਾਕੀ ਨਾ ਰਹਿਣ ਦੇਣ ਲਈ ਪੰਜਾਬ ਦੇ ਪਿੰਡਾਂ ਵਿਚ ਖਿੜ੍ਹੇ ਕੇਸੂ ਦੇ ਫੁੱਲਾਂ ਦੀ ਯਾਦ ਦਿਵਾ ਰਹੀਆਂ ਕੇਸੂ ਰੰਗ ਦੀਆਂ ਵਰਦੀਆਂ ਪਹਿਨੀ ਪ੍ਰਬੰਧਕ ਭੱਜ ਭੱਜ ਹਰ ਸੇਵਾ ਨਿਭਾ ਰਹੇ ਸਨ। ਸਥਾਨਕ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਸਹਿਯੋਗ ਨਾਲ ਕਰਵਾਏ ਗਏ ਇਸ ਮੇਲੇ ਦੇ ਪ੍ਰਬੰਧਕਾਂ ਵਿਚ ਸਿਰਕਰਦਾ ਹਰਜੀਤ ਸਿੰਘ ਢਿੱਲੋਂ, ਮਹਿੰਦਰ ਸਿੰਘ ਭੇਲਾ, ਇਕਬਾਲ ਸਿੰਘ ਬੋਪਾਰਾਏ, ਅਮਰਜੀਤ ਸਿੰਘ ਕੰਗ, ਪਲਵਿੰਦਰ ਸਿੰਘ ਸੋਹਲ ਨੇ ਦਿਨ ਰਾਤ ਇਕ ਕਰੀ ਰੱਖਿਆ। ਉਨ੍ਹਾਂ ਸਪਾਂਸਰਾਂ ਅਤੇ ਮੇਲੇ ਵਿਚ ਆਉਣ ਵਾਲੇ ਸਮੂਹ ਸੱਜਣਾਂ ਦਾ ਧੰਨਵਾਦ ਕੀਤਾ।






# ਗੋਲਡ ਜਿਮ, ਲੁਧਿਆਣਾ ਖਿਡਾਰੀਆਂ ਨੂੰ ਸਮਰਪਿਤ

**ਲੁਧਿਆਣਾ (ਬਿਊਰੋ):** ਗਾਖਲ ਫਿਟਨੈਸ ਸਟੇਸ਼ਨ ਪ੍ਰਾਈਵੇਟ ਲਿਮਟਿਡ ਨੇ ਆਪਣਾ ਤੀਸਰਾ ਗੋਲਡ ਜਿਮ ਲੁਧਿਆਣਾ ਜੀ.ਕੇ ਮਾਲ ਸਿੱਧਵਾਂ ਨਹਿਰ ਕੋਲ ਖੋਲ ਕੇ ਏਸ਼ੀਆ ਮਹਾਂਦੀਪ ਦਾ ਸਭ ਤੋਂ ਵੱਡਾ ਅਤੇ ਵਧੀਆ ਜਿਮ ਖਿਡਾਰੀਆਂ ਨੂੰ ਪਿਛਲੇ ਦਿਨੀਂ ਸਮਰਪਿਤ ਕੀਤਾ। ਗੋਲਡ ਜਿਮ ਦਾ ਉਦਘਾਟਨ ਸ੍ਰੀ ਸ਼ਸ਼ੀ ਕਾਂਤ ਡੀ ਜੀ ਪੀ (ਪੀ ਏ ਪੀ) ਜਲੰਧਰ ਨੇ ਕੀਤਾ ਜਦਕਿ ਉਦਘਾਟਨੀ ਸਮਾਰੋਹ ਦੀ ਪ੍ਰਧਾਨਗੀ ਅਤੇ ਗੋਲਡ ਜਿਮ ਦੀ ਸ਼ਮ੍ਹਾਂ ਭੁਲੱਥ ਤੋਂ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਰੌਸ਼ਨ ਕੀਤੀ।

ਇਸ ਮੌਕੇ ਸ. ਖਹਿਰਾ ਨੇ ਆਖਿਆ ਕਿ ਜੇਕਰ ਪੰਜਾਬ ਦੀ ਜਵਾਨੀ ਨੂੰ ਖੇਡਾਂ ਵੱਲ ਜੋੜਨਾ ਹੈ ਤਾਂ ਸਮੇਂ ਦੀ ਲੋੜ ਅਨੁਸਾਰ ਸਾਨੂੰ ਇੱਕ ਵਧੀਆ ਠੋਸ ਖੇਡ ਨੀਤੀ ਦੀ ਲੋੜ ਹੈ। ਇਸ ਮੌਕੇ ਗੋਲਡ ਜਿਮ ਦੇ ਚੇਅਰਮੈਨ ਪ੍ਰਵਾਸੀ ਅਮੋਲਕ ਸਿੰਘ ਗਾਖਲ ਨੇ ਆਏ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਦੱਸਿਆ ਕਿ ਇਸ ਗੋਲਡ ਜਿਮ ਵਿਚ ਇਕ ਸਮੇਂ 4500 ਲੋਕ ਕਸਰਤ ਕਰ ਸਕਣਗੇ। ਇਸ ਜਿੰਮ ਵਿਚ ਅੰਤਰਰਾਸ਼ਟਰੀ ਪੱਧਰ ਦਾ ਕਸਰਤ ਕਰਨ ਦਾ ਸਾਮਾਨ ਜਿਵੇਂ ਸਾਈਬੈਕਸ, ਹੈਮਰ ਸਟਰੈਂਥ, ਸੋਨਾਬਾਥ, ਵੇਟ ਲਿਫਟਿੰਗ ਅਤੇ ਹੋਰ ਆਧੁਨਿਕ ਮਸ਼ੀਨਾਂ ਲਗਾਈਆਂ ਗਈਆ ਹਨ।

ਗੋਲਡ ਜਿਮ ਦੇ ਡਾਇਰੈਕਟਰ ਮਨਵਿੰਦਰ ਸਿੰਘ ਬੱਲ ਨੇ ਦੱਸਿਆ ਕਿ ਅਸੀਂ ਦੁਨੀਆਂ ਦੀ ਸਰਵੋਤਮ ਤਕਨੀਕ ਅਤੇ ਸਰਵਿਸ ਆਮ ਲੋਕਾਂ ਤੱਕ ਪਹੁੰਚਦੀ ਕਰਨ ਦਾ ਯਤਨ ਕੀਤਾ ਹੈ। ਉਨ੍ਹਾਂ ਨੇ ਦੱਸਿਆ ਕਿ ਗੋਲਡ ਜਿਮ ਦੇ ਪਹਿਲੇ ਬਣੇ 250 ਮੈਂਬਰਾਂ ਨੂੰ ਲੱਕੀ ਡਰਾਅ ਰਾਹੀਂ ਸ਼ੈਵਰਲੇ ਸਪਾਰਕ ਕਾਰ ਇਨਾਮ ਵਜੋਂ ਦਿੱਤੀ ਜਾਵੇਗੀ। ਜੇਤੂ ਕਾਰ ਦਾ ਲੱਕੀ ਡਰਾਅ ਮਨਪ੍ਰੀਤ ਸਿੰਘ ਇਆਲੀ ਚੇਅਰਮੈਨ ਜ਼ਿਲ੍ਹਾ ਪ੍ਰੀਸ਼ਦ ਲੁਧਿਆਣਾ ਕੱਢਣਗੇ। ਉਨ੍ਹਾਂ ਦੱਸਿਆ ਕਿ ਉਦਘਾਟਨੀ ਸਮਾਰੋਹ ਮੌਕੇ ਮੈਂਬਰਸ਼ਿਪ ਵਿਚ 40 ਫੀਸਦੀ ਛੋਟ ਦਿੱਤੀ ਗਈ ਹੈ।

ਇਸ ਮੌਕੇ ਉਲੰਪੀਅਨ ਸੁਰਿੰਦਰ ਸਿੰਘ ਸੋਢੀ ਡੀ ਆਈ ਜੀ ਐਡਮਨ, ਅਰਜਨਾ ਐਵਾਰਡੀ ਸੱਜਣ ਸਿੰਘ ਚੀਮਾ, ਕਬੱਡੀ ਸਟਾਰ ਸਰਵਨ ਸਿੰਘ ਬੱਲ, ਸਰਪੰਚ ਜਸਪਾਲ ਸਿੰਘ ਗਾਖਲ, ਸੁਰਿੰਦਰ ਸਿੰਘ ਰੇਲਵੇ ਮੀਡੀਆ ਸਕੱਤਰ ਸੁਰਜੀਤ ਹਾਕੀ ਸੁਸਾਇਟੀ, ਬਲਜੀਤ ਕੌਰ ਸਾਈ ਹਾਕੀ ਕੋਚ, ਜਤਿੰਦਰ ਸਿੰਘ ਬੱਲ, ਪ੍ਰਹਿਲਾਦ ਸਿੰਘ, ਰਜਿੰਦਰ ਗੁਪਤਾ, ਸੁਖਬੀਰ ਸਿੰਘ ਬਾਜਵਾ ਅਤੇ ਕਮਲਜੀਤ ਸਿੰਘ ਦਾ ਖੇਡ ਖੇਤਰ ਦੀਆਂ ਪ੍ਰਾਪਤੀਆਂ ਕਰਕੇ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਗੋਲਡ ਜਿਮ ਦੇ ਮੁੱਖ ਪ੍ਰਬੰਧਕ ਸ੍ਰੀ ਵਿਪਨ ਕੁਮਾਰ ਗੋਗਾ, ਅਮਰਜੀਤ ਸਿੰਘ ਕਲੇਰ, ਹਰਪਾਲ ਸਿੰਘ ਖਹਿਰਾ, ਸੁਖਦੇਵ ਸਿੰਘ ਗਰਚਾ, ਪ੍ਰੋ. ਗੁਰਭਜਨ ਗਿੱਲ, ਮਨਜੀਤ ਸਿੰਘ ਜਵੱਦੀ, ਮਹਿਤਾਬ ਸਿੰਘ ਖਹਿਰਾ, ਚੌਧਰੀ ਸੁਰਿੰਦਰ ਸਿੰਘ, ਇਕਬਾਲ ਸਿੰਘ ਸੰਧੂ ਸਕੱਤਰ ਸੁਰਜੀਤ ਹਾਕੀ ਸੁਸਾਇਟੀ, ਰਣਜੀਤ ਸਿੰਘ ਦੂਲੇਅ, ਉਭਰਦਾ ਗਾਇਕ ਸੰਦੀਪ ਭੰਵਰਾ, ਬੌਬੀ ਗਰਚਾ, ਕੁਲਵਿੰਦਰ ਸਿੰਘ ਐਸ ਪੀ ਥਿਆੜਾ, ਬਲਵੀਰ ਸਿੰਘ ਗਾਖਲ, ਮਿਅੰਕ ਗੁਪਤਾ, ਅਰੁਣਦੀਪ ਸਿੰਘ ਤੂਰ, ਪਵਨ ਅਗਰਵਾਲ ਆਦਿ ਹਾਜ਼ਰ ਸਨ। ਇਸ ਮੌਕੇ ਸੁਖਵੰਤ ਸਿੰਘ ਗਾਖਲ ਦੇ ਗਰੁੱਪ ਸੁੱਖ ਸਾਗਰ ਦੇ ਕਲਾਕਾਰਾਂ ਵਲੋਂ ਸੱਭਿਆਚਾਰਕ ਵੰਨਗੀਆਂ ਪੇਸ਼ ਕੀਤੀਆਂ।




*ਗੋਲਡ ਜਿਮ ਦੇ ਉਦਘਾਟਨ ਸਮੇਂ ਵਿਧਾਇਕ ਸੁਖਪਾਲ ਸਿੰਘ ਖਹਿਰਾ, ਜਿਮ ਦੇ ਐਮ. ਡੀ. ਅਮੋਲਕ ਸਿੰਘ ਗਾਖ਼ਲ, ਉਲੰਪੀਅਨ ਸੁਰਿੰਦਰ ਸਿੰਘ ਸੋਢੀ ਬਾਡੀ ਬਿਲਡਰਾਂ ਨਾਲ। ਨਾਲ ਦੀ ਤਸਵੀਰ ਵਿਚ ਡੀ. ਜੀ. ਪੀ. ਸ਼ਸ਼ੀ ਕਾਂਤ ਮਸ਼ੀਨ ਤੇ ਕਸਰਤ ਕਰਦੇ ਹੋਏ।*

# ਬੜੂ ਸਾਹਿਬ ਅਕਾਦਮੀ ਵੱਲੋਂ ਗੁਰਦੁਆਰਾ ਕੈਂਟਨ 'ਚ ਗੁਰਮਤਿ ਕੈਂਪ

**ਕੈਂਟਨ, ਮਿਸ਼ੀਗਨ (ਬਿਊਰੋ):** ਕਲਗੀਧਰ ਟਰੱਸਟ ਬੜੂ ਸਾਹਿਬ ਵੱਲੋਂ ਵਿਦੇਸ਼ਾਂ 'ਚ ਵਸਦੇ ਸਿੱਖ ਪਰਿਵਾਰਾਂ ਦੇ ਬੱਚਿਆਂ ਨੂੰ ਗੁਰਮਤਿ ਅਤੇ ਆਪਣੇ ਗੌਰਵਮਈ ਵਿਰਸੇ ਨਾਲ ਜੋੜਨ ਲਈ ਲਾਏ ਜਾਂਦੇ ਗੁਰਮਤਿ ਕੈਂਪਾਂ ਦੀ ਲੜੀ ਤਹਿਤ ਇਥੇ ਗੁਰਦੁਆਰਾ ਸਿੰਘ ਸਭਾ ਆਫ ਮਿਸ਼ੀਗਨ ਵਿਖੇ ਚੌਥਾ ਸਾਲਾਨਾ ਗੁਰਮਤਿ 12 ਜੂਨ ਤੋਂ 25 ਜੂਨ ਤੱਕ ਬੜੂ ਸਾਹਿਬ ਟਰੱਸਟ ਵੱਲੋਂ ਭੇਜੇ ਗਏ ਸੇਵਾਦਾਰ ਭਾਈ ਹਰਪਾਲ ਸਿੰਘ ਬੜੂ ਸਾਹਿਬ ਦੀ ਅਗਵਾਈ ਵਿਚ ਗੁਰਮਤਿ ਕੈਂਪ ਲਾਇਆ ਗਿਆ। ਇਸ ਕੈਂਪ ਵਿਚ ਪੰਜਾਬੀ ਦੇ ਨਾਲ ਗੁਰਮਤਿ ਗਿਆਨ ਕੀਰਤਨ ਅਤੇ ਬਾਣੀ ਦੇ ਸ਼ੁੱਧ ਉਚਾਰਣ ਦੀਆਂ ਕਲਾਸਾਂ ਲਾਈਆਂ ਗਈਆਂ। ਇਸ ਕੈਂਪ ਦੀ ਵਡੀ ਵਿਸ਼ੇਸ਼ਤਾ ਇਹ ਸੀ ਕਿ ਜਿਥੇ 70 ਤੋਂ ਵੱਧ ਬੱਚੇ ਹਿੱਸਾ ਲੈ ਰਹੇ ਸਨ, ਉਥੇ ਹੀ 30 ਦੇ ਲਗਭਗ ਸੰਗਤਾਂ ਨੇ ਗੁਰਮਤਿ ਗਿਆਨ ਦੀਆਂ ਕਲਾਸਾਂ ਵਿਚ ਭਾਗ ਲਿਆ।

ਕੈਂਪ ਦੀ ਸੰਪੂਰਨਤਾ ਮੌਕੇ ਬੱਚਿਆਂ ਦਾ ਦਸਤਾਰ ਸਜਾਓ ਮੁਕਾਬਲਾ ਕਰਾਇਆ ਗਿਆ ਜਿਸ ਵਿਚ ਛੋਟੇ-ਛੋਟੇ ਬੱਚਿਆਂ ਅਤੇ ਨੌਜਵਾਨਾਂ ਵਲੋਂ ਸਜਾਈਆਂ ਦਸਤਾਰਾਂ ਨੂੰ ਦੇਖ ਸੰਗਤਾਂ ਵਿਚ ਕਾਫੀ ਖੁਸ਼ੀ ਅਤੇ ਉਤਸ਼ਾਹ ਦੀ ਲਹਿਰ ਸੀ। ਮੁਕਾਬਲੇ ਦੇ ਜੇਤੂਆਂ ਨੂੰ ਸੁੰਦਰ ਇਨਾਮ ਵੀ ਤਕਸੀਮ ਕੀਤੇ ਗਏ। ਇਸ ਮੌਕੇ ਗੁਰੂ ਘਰ ਦੇ ਸਾਬਕਾ ਮੁੱਖ ਸੇਵਾਦਾਰ ਸ. ਸੁਰਿੰਦਰ ਸਿੰਘ ਗਰਚਾ ਨੇ ਕਿਹਾ ਕਿ ਅੱਜ ਕੌਮ ਵਿਚ ਆ ਰਹੀ ਗਿਰਾਵਟ ਅਤੇ ਨੌਜਵਾਨਾਂ ਨੂੰ ਨਸ਼ਿਆਂ ਦੀ ਦਲਦਲ ਵਿਚੋਂ ਕੱਢਣ ਲਈ ਅਜਿਹੇ ਕੈਂਪਾਂ ਦੀ ਬਹੁਤ ਲੋੜ ਹੈ। ਭਾਵੇਂ ਆਪੋ ਆਪਣੇ ਤੌਰ 'ਤੇ ਕਾਫੀ ਸੰਸਥਾਵਾਂ ਕੋਸ਼ਿਸ਼ ਕਰ ਰਹੀਆਂ ਹਨ ਪਰ ਸਿੱਖ ਕੌਮ ਦੀ ਸਿਰਮੌਰ ਜਥੇਬੰਦੀ ਦੇ ਮੁਖੀ ਬਾਬਾ ਇਕਬਾਲ ਸਿੰਘ ਵਲੋਂ ਵਿਦੇਸ਼ਾਂ-ਅਮਰੀਕਾ, ਕੈਨੇਡਾ ਅਤੇ ਇੰਗਲੈਂਡ ਵਿਚ ਭੇਟਾ ਰਹਿਤ ਆਪਣੇ ਸੂਝਵਾਨ ਅਧਿਆਪਕ ਭੇਜ ਕੇ ਕੈਂਪ ਲਾਏ ਜਾਂਦੇ ਹਨ ਜੋ ਬਹੁਤ ਹੀ ਸੁੰਦਰ ਉਪਰਾਲਾ ਹੈ। ਅੰਤ ਵਿਚ ਕੈਂਪ ਵਿਚ ਭਾਗ ਲੈਣ ਵਾਲਿਆਂ ਨੂੰ ਗੁਰਬਾਣੀ ਦੀ ਬਹੁਤ ਸੁੰਦਰ ਪਲੈਕ ਨਾਲ ਸਨਮਾਨਿਤ ਕੀਤਾ ਗਿਆ।

ਇਸ ਕੈਂਪ ਨੂੰ ਸਫਲ ਬਣਾਉਣ ਲਈ ਗੁਰਦੁਆਰਾ ਪ੍ਰੰਬਧਕ ਕਮੇਟੀ ਵਲੋਂ ਪੂਰਨ ਸਹਿਯੋਗ ਦਿਤਾ ਗਿਆ। ਇਸ ਦੇ ਨਾਲ ਹੀ ਸ. ਮਨਮੋਹਨ ਸਿੰਘ ਮਹਿਤਾ, ਸ. ਜਰਨੈਲ ਸਿੰਘ, ਸ। ਗੁਰਮੁਖ ਸਿੰਘ ਦੁਸਾਂਝ ਅਤੇ ਸ. ਨਰਿੰਦਰ ਸਿੰਘ ਨੇ ਅਹਿਮ ਯੋਗਦਾਨ ਪਾਇਆ। ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਭਾਈ ਹਰਪਾਲ ਸਿੰਘ ਬੜੂ ਸਾਹਿਬ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾ ਭੇਟਾ ਕਰਕੇ ਅਗਲੇ ਸਾਲ ਦੇ ਕੈਂਪ ਦਾ ਵਾਅਦਾ ਵੀ ਲੈ ਲਿਆ ਗਿਆ।

*Visit us on the web:*
***www.punjabtimesusa.com***
***To Advertise with us***
***Call: 847-359-0746,***
***e-mial: punjabtimes1@sbcglobal.net***



# ਸਿੱਖ ਸਿੰਪੋਜ਼ੀਅਮ ਦੇ ਦੂਜੇ ਪੜਾਅ 'ਚ ਪੰਜ ਬੱਚੇ ਜੇਤੂ

**ਬੇਕਰਜ਼ਫੀਲਡ (ਮਾਨ ਮਨਦੀਪ):** ਸਿੱਖ ਸਿੰਪੋਜ਼ੀਅਮ ਦੇ ਦੂਜੇ ਪੜਾਅ ਦੌਰਾਨ ਇਥੇ ਗੁਰਦੁਆਰਾ ਗੁਰੂ ਅੰਗਦ ਦਰਬਾਰ ਵਿਖੇ 6 ਤੋਂ 22 ਸਾਲ ਦੀ ਉਮਰ ਦੇ ਵੱਖ ਵੱਖ ਗਰੁਪਾਂ ਦੇ ਮੁਕਾਬਲੇ ਕਰਵਾਏ ਗਏ। ਇਥੇ ਜ਼ਿਕਰਯੋਗ ਹੈ ਕਿ ਹਰ ਗਰੁਪ ਵਿਚੋਂ 3 ਬੱਚੇ ਕੁਝ ਸਮਾਂ ਪਹਿਲਾਂ ਹੋਏ ਮੁਢਲੇ ਮੁਕਾਬਲਿਆਂ ਦੌਰਾਨ ਚੁਣੇ ਗਏ ਸਨ। ਹਰ ਗਰੁਪ ਵਿਚੋਂ ਇਕ ਬੱਚਾ ਅਗਸਤ ਮਹੀਨੇ ਹੋਣ ਵਾਲੇ ਕੌਮੀ ਪੱਧਰ ਦੇ ਮੁਕਾਬਲੇ ਵਿਚ ਹਿੱਸਾ ਲਵੇਗਾ। ਕਰਵਾਏ ਗਏ ਮੁਕਾਬਲੇ ਵਿਚ ਜੇਤੂ ਇਸ ਤਰ੍ਹਾਂ ਰਹੇ: ਗਰੁਪ-1 ਗੁਰਜੋਤ ਸਿੰਘ, ਗਰੁਪ-2 ਮੌਨੀਕ ਕੌਰ, ਗਰੁਪ-3 ਰੌਬਿਨ ਕੌਰ, ਗਰੁਪ-4 ਕੀਰਤ ਕੌਰ ਅਤੇ ਗਰੁਪ-5 ਸਿਮਰਨ ਕੌਰ।

ਇਹ ਜਾਣਕਾਰੀ ਦਿੰਦਿਆਂ ਸਿੰਪੋਜ਼ੀਅਮ ਦੇ ਕਨਵੀਨਰ ਡਾ. ਮਨਬੀਰ ਸਿੰਘ ਨੇ ਦੱਸਿਆ ਕਿ ਸਿੰਪੋਜ਼ੀਅਮ ਦਾ ਇਹ ਹਿੱਸਾ ਸਿੱਖੀ ਬਾਰੇ ਬੁਨਿਆਦੀ ਜਾਣਕਾਰੀ ਵਾਲੀਆਂ ਪੁਸਤਕਾਂ ਬੰਦਾ ਸਿੰਘ ਬਹਾਦਰ, ਗੁਰਬਾਣੀ ਦਾ ਸੁਨੇਹਾ, ਸ਼ਬਦ ਗੁਰੂ ਅਤੇ ਝੂਠੀ ਗੁਰੂਡੰਮ ਆਦਿ 'ਤੇ ਆਧਾਰਤ ਸੀ। ਪਹਿਲੇ ਦੋ ਗਰੁਪਾਂ ਦੇ ਮਾਡਰੇਟਰ ਉਮੀਤ ਕੌਰ, ਦੂਜੇ ਗਰੁਪ ਦੇ ਮਾਡਰੇਟਰ ਤੀਰਥ ਕੌਰ, ਚੌਥੇ ਦੇ ਹਰਨੀਤ ਕੌਰ ਅਤੇ ਪੰਜਵੇਂ ਗਰੁਪ ਦੇ ਦਵਿੰਦਰ ਸਿੰਘ ਬੈਂਸ ਸਨ। ਪ੍ਰੋਗਰਾਮ ਦੇ ਜੱਜ ਸਨ-ਜਗਦੇਵ ਸਿੰਘ, ਰੇਸ਼ਮ ਸਿੰਘ, ਬਲਮੀਤ ਸਿੰਘ, ਤਰਨਜੀਤ ਕੌਰ, ਗੁਰਮੀਤ ਸਿੰਘ ਅਤੇ ਦਵਿੰਦਰ ਸਿੰਘ। ਟਾਈਮਕੀਪਰ ਦੀ ਸੇਵਾ ਭੁਪਿੰਦਰ ਸਿੰਘ ਨੇ ਨਿਭਾਈ ਜਦੋਂਕਿ ਜੱਜਾਂ ਦੇ ਕੋਆਰਡੀਨੇਟਰ ਰਮਿੰਦਰ ਸਿੰਘ ਸਨ। ਬੱਚਿਆਂ ਨੂੰ ਇਨਾਮਾਂ ਦੀ ਵੰਡ ਗੁਰੂ ਘਰ ਦੇ ਪ੍ਰਧਾਨ ਸ. ਸੁਖਬੀਰ ਸਿੰਘ ਅਤੇ ਭਾਈ ਸਵਰਨ ਸਿੰਘ ਵਲੋਂ ਕੀਤੀ ਗਈ।

ਡਾ. ਮਨਬੀਰ ਸਿੰਘ ਅਨੁਸਾਰ ਭਾਸ਼ਣ ਮੁਕਾਬਲਿਆਂ ਉਪਰੰਤ ਹਾਈ ਸਕੂਲ ਗਰੈਜੂਏਟਾਂ ਦਾ ਵੀ ਮਾਣ ਸਤਿਕਾਰ ਕੀਤਾ ਗਿਆ ਜਿਨ੍ਹਾਂ ਨੇ ਆਪਣੇ ਭਵਿੱਖ ਦੇ ਟੀਚਿਆਂ ਬਾਰੇ ਕੁਝ ਸ਼ਬਦਾਂ ਵਿਚ ਗੱਲ ਕੀਤੀ। ਇਸ ਪ੍ਰੋਗਰਾਮ ਸਮੇਂ ਸਥਾਨਕ ਸੰਗਤ, ਨੌਜਵਾਨ ਅਤੇ ਉਨ੍ਹਾਂ ਦੇ ਪਰਿਵਾਰ ਵੱਡੀ ਗਿਣਤੀ ਵਿਚ ਪਹੁੰਚੇ ਹੋਏ ਸਨ। ਐਨ ਆਰ ਆਈ ਸਭਾ, ਯੂ ਐਸ ਏ ਦੇ ਚੇਅਰਮੈਨ ਸ. ਜੋਬਨਜੀਤ ਸਿੰਘ ਬੌਬੀ ਵੀ ਆਪਣੇ ਸਾਥੀਆਂ ਸਮੇਤ ਪਹੁੰਚੇ ਹੋਏ ਸਨ। ਮੁਕਾਬਲੇ ਦੇ ਜੇਤੂਆਂ ਅਤੇ ਗਰੈਜੂਏਟਾਂ ਨੂੰ ਟਰਾਫੀਆਂ ਦਿੱਤੀਆਂ ਗਈਆਂ ਅਤੇ ਹਿੱਸਾ ਲੈਣ ਵਾਲੇ ਸਾਰੇ ਬੱਚਿਆਂ ਨੂੰ ਸਰਟੀਫਿਕੇਟ ਦਿੱਤੇ ਗਏ। ਜਿਹੜੇ ਬੱਚਿਆਂ ਨੇ ਪੰਜਾਬੀ ਵਿਚ ਤਕਰੀਰਾਂ ਕੀਤੀਆਂ ਉਨ੍ਹਾਂ ਨੂੰ ਵਿਸ਼ੇਸ਼ ਨਕਦ ਇਨਾਮ ਦਿੱਤੇ ਗਏ।







ਇਥੇ ਜ਼ਿਕਰਯੋਗ ਹੈ ਕਿ ਇਸ ਮੁਕਾਬਲੇ ਦੇ ਪੰਜੇ ਜੇਤੂ ਸਿਆਟਲ, ਵਾਸ਼ਿੰਗਟਨ ਵਿਚ ਆਉਂਦੀ 4 ਤੋਂ 7 ਅਗਸਤ ਤੱਕ ਹੋਣ ਵਾਲੇ ਕੌਮੀ ਪੱਧਰ ਦੇ ਮੁਕਾਬਲਿਆਂ ਵਿਚ ਹਿੱਸਾ ਲੈਣਗੇ।

ਡਾ. ਮਨਬੀਰ ਸਿੰਘ ਅਨੁਸਾਰ ਇਸ ਸਮੁੱਚੇ ਉਪਰਾਲੇ ਦਾ ਮਨੋਰਥ ਬੱਚਿਆਂ ਨੂੰ ਸਿੱਖ ਇਤਿਹਾਸ ਅਤੇ ਸਿੱਖ ਫਲਸਫੇ ਤੋਂ ਜਾਣੂ ਕਰਵਾਉਣਾ ਅਤੇ ਉਨ੍ਹਾਂ ਦੀ ਸ਼ਖਸੀਅਤ ਦਾ ਵਿਕਾਸ ਹੈ।

## ਵਿਦਿਆਰਥਣਾਂ ਦੇ ਸਾਈਕਲਾਂ 'ਤੇ 'ਫੋਟੋ' ਲਾਉਣ ਬਾਰੇ ਰੱਫੜ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਸਕੂਲੀ ਕੁੜੀਆਂ ਨੂੰ ਦਿੱਤੇ ਜਾਣ ਵਾਲੇ ਸਾਈਕਲਾਂ 'ਤੇ 'ਫੋਟੋ' ਲਾਉਣ ਦੇ ਮਾਮਲੇ ਨੂੰ ਲੈ ਕੇ ਨਵਾਂ ਰੱਫੜ ਖੜ੍ਹਾ ਹੋ ਗਿਆ ਹੈ। ਪੰਜਾਬ ਦੀ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਭਲਾਈ ਮੰਤਰੀ ਲਕਸ਼ਮੀ ਕਾਂਤਾ ਚਾਵਲਾ ਨੇ ਸਾਈਕਲਾਂ 'ਤੇ ਆਪਣੀ ਫੋਟੋ ਲਾਉਣ ਦੇ ਹੁਕਮ ਚਾੜ੍ਹ ਦਿੱਤੇ ਹਨ। ਪਹਿਲਾਂ ਸਰਕਾਰ ਨੇ ਇਨ੍ਹਾਂ ਸਾਈਕਲਾਂ 'ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਫੋਟੋ ਲਾਉਣ ਦਾ ਫੈਸਲਾ ਕੀਤਾ ਸੀ। ਬੀਬੀ ਚਾਵਲਾ ਨੂੰ ਜਿਵੇਂ ਹੀ ਮੁੱਖ ਮੰਤਰੀ ਦੀ ਫੋਟੋ ਸਾਈਕਲਾਂ 'ਤੇ ਲਾਉਣ ਤੇ ਸਾਈਕਲ ਦਾ ਰੰਗ ਨੀਲਾ ਤੇ ਕੇਸਰੀ ਹੋਣ ਦਾ ਪਤਾ ਲੱਗਾ ਤਾਂ ਉਨ੍ਹਾਂ ਆਪਣੇ ਵਿਭਾਗ ਦੇ ਅਧਿਕਾਰੀਆਂ ਦੀ ਖੂਬ ਝਾੜ ਝੰਬ ਕੀਤੀ। ਬੀਬੀ ਚਾਵਲਾ ਦਾ ਤਰਕ ਸੀ ਕਿ ਜਦੋਂ ਸਮਾਜਿਕ ਸੁਰੱਖਿਆ ਵਿਭਾਗ ਨੇ ਸਾਈਕਲਾਂ ਦੀ ਸਕੀਮ ਲਾਗੂ ਕਰਨੀ ਹੈ ਤਾਂ ਸਬੰਧਤ ਮੰਤਰੀ ਦੀ ਫੋਟੋ ਵੀ ਮੁੱਖ ਮੰਤਰੀ ਦੇ ਨਾਲ ਹੀ ਲੱਗਣੀ ਚਾਹੀਦੀ ਹੈ। ਸੂਤਰਾਂ ਮੁਤਾਬਕ ਮੰਤਰੀ ਨੇ ਸਾਈਕਲਾਂ ਦਾ ਰੰਗ ਬਦਲਣ ਲਈ ਤਾਂ ਅਧਿਕਾਰੀਆਂ ਨੂੰ ਕੋਈ ਨਿਰਦੇਸ਼ ਨਹੀਂ ਦਿੱਤੇ ਪਰ ਸਾਈਕਲ 'ਤੇ ਫੋਟੋ ਲਾਉਣ ਬਾਰੇ ਸਖ਼ਤ ਹਦਾਇਤਾਂ ਦਿੱਤੀਆਂ ਹਨ। ਬੀਬੀ ਚਾਵਲਾ ਦੇ ਤਾਜ਼ਾ ਨਿਰਦੇਸ਼ਾਂ ਨੇ ਅਧਿਕਾਰੀਆਂ ਦੀ ਹਾਲਤ ਕਸੂਤੀ ਬਣਾ ਦਿੱਤੀ ਹੈ।

ਸੂਤਰਾਂ ਅਨੁਸਾਰ ਮੁੱਖ ਮੰਤਰੀ ਦੀ ਪ੍ਰਵਾਨਗੀ ਮਿਲਣ ਤੋਂ ਬਾਅਦ ਸਾਈਕਲ ਦੇ ਪਿਛਲੇ ਪਾਸੇ ਬੀਬੀ ਚਾਵਲਾ ਦੀ ਤਸਵੀਰ ਲਗਾਈ ਜਾਵੇਗੀ। ਸਾਈਕਲ ਦੇ ਅੱਗੇ ਮੁੱਖ ਮੰਤਰੀ ਦੀ ਫੋਟੋ ਲਾਉਣ ਦਾ ਫੈਸਲਾ ਪਹਿਲਾਂ ਹੀ ਹੋ ਚੁੱਕਾ ਹੈ। ਬੀਬੀ ਚਾਵਲਾ ਜਦੋਂ ਸਿਹਤ ਵਿਭਾਗ ਦੇ ਮੰਤਰੀ ਸਨ ਤਾਂ ਉਦੋਂ ਵੀ ਸਿਹਤ ਵਿਭਾਗ ਦੀਆਂ ਐਂਬੂਲੈਂਸਾਂ 'ਤੇ ਮੁੱਖ ਮੰਤਰੀ ਦੀਆਂ ਤਸਵੀਰਾਂ ਹੀ ਲਾਈਆਂ ਜਾ ਰਹੀਆਂ ਸਨ।

## ਗੱਦਾਫ਼ੀ ਖਿਲਾਫ਼ ਵਾਰੰਟ ਜਾਰੀ

**ਹੇਗ:** ਕੌਮਾਂਤਰੀ ਅਪਰਾਧਕ ਅਦਾਲਤ ਵੱਲੋਂ ਲੀਬੀਆ ਦੇ ਆਗੂ ਮੁਆਂਮਾਰ ਗੱਦਾਫੀ ਦਾ ਗ੍ਰਿਫ਼ਤਾਰ ਵਾਰੰਟ ਜਾਰੀ ਕੀਤਾ ਗਿਆ ਹੈ। ਉਸ 'ਤੇ ਦੋਸ਼ ਹੈ ਕਿ ਉਸ ਨੇ ਮਾਨਵਤਾ ਤੇ ਵਚਨਬੱਧਤਾ ਦੇ ਖਿਲਾਫ਼ ਅੱਧ ਫਰਵਰੀ ਤੋਂ ਸ਼ਾਸਨ ਕੀਤਾ। ਜੱਜ ਨੇ ਗ੍ਰਿਫ਼ਤਾਰੀ ਦਾ ਵਾਰੰਟ ਗੱਦਾਫੀ ਦੇ ਪੁੱਤਰ ਸੈਫ-ਅਲ-ਇਸਲਾਮ (39) ਦੇ ਅਬਦੁੱਲਾ-ਅਲ-ਸੇਨੂਸੀ (62) ਦੇ ਖਿਲਾਫ਼ ਵੀ ਜਾਰੀ ਕੀਤਾ ਹੈ।

# ਪੰਜਾਬੀ ਸੱਥ ਕੈਲੀਫੋਰਨੀਆ ਦੇ ਪਹਿਲੇ ਸਮਾਗਮ ਨੂੰ ਭਰਵਾਂ ਹੁੰਗਾਰਾ

**ਸੈਕਰਾਮੈਂਟੋ (ਬਿਊਰੋ):** ਆਪਣੀ ਵਿਰਾਸਤ, ਬੋਲੀ ਤੇ ਸਭਿਆਚਾਰ ਦੀ ਸੰਭਾਲ ਵਿਚ ਜੁਟੀ ਪੰਜਾਬੀ ਸੱਥ ਲਾਂਬੜਾ, ਜਲੰਧਰ ਦੀ ਇਥੇ ਸਥਾਪਤ ਹੋਈ ਕੈਲੀਫੋਰਨੀਆ ਇਕਾਈ ਵਲੋਂ ਕਰਵਾਏ ਗਏ ਪਹਿਲੇ ਸਮਾਗਮ ਨੂੰ ਪੰਜਾਬੀਆਂ ਵਲੋਂ ਭਰਵਾਂ ਹੁੰਗਾਰਾ ਮਿਲਿਆ।

ਇਸ ਇਕਾਈ ਦੀ ਸੰਚਾਲਕ ਬੀਬੀ ਰਾਜਬੀਰ ਕੌਰ ਸੇਖੋਂ ਜਿਹੜੀ ਖੁਦ ਹਿੰਦੁਸਤਾਨੀ ਸੰਗੀਤ ਖਾਸ ਕਰ ਗੁਰਬਾਣੀ, ਸੂਫੀ ਕਲਾਮ ਅਤੇ ਲੋਕ ਗੀਤ ਪਰੰਪਰਾ ਨੂੰ ਸਮਰਪਿਤ ਹਨ, ਦੇ ਉਦਮ ਸਦਕਾ ਗੁਰਦੁਆਰਾ ਵੈਸਟ ਸੈਕਰਾਮੈਂਟੋ ਵਿਖੇ ਕਰਵਾਏ ਪੰਜਾਬੀਆਂ ਨੂੰ ਆਪਣੀ ਵਿਰਾਸਤ, ਬੋਲੀ ਅਤੇ ਸਭਿਆਚਾਰ ਸੰਭਾਲਣ ਲਈ ਬੀਬੀ ਰਾਜਬੀਰ ਕੌਰ ਦੀ ਅਗਵਾਈ ਹੇਠ ਬਣੀ ਪੰਜਾਬੀ ਸੱਥ ਨੂੰ ਹਰ ਪੱਖੋਂ ਸਹਿਯੋਗ ਦੇਣ ਦੀ ਬੇਨਤੀ ਕੀਤੀ। ਯੂ.ਕੇ. ਤੋਂ ਹੀ ਆਏ ਸ. ਹਰਜਿੰਦਰ ਸਿੰਘ ਸੰਧੂ ਨੇ ਆਪਣੀਆਂ ਕਵਿਤਾਵਾਂ ਪੇਸ਼ ਕੀਤੀਆਂ। ਤ੍ਰਿਪਤ ਸਿੰਘ ਭੱਟੀ ਨੇ ਮਿੰਨੀ ਕਹਾਣੀਆਂ ਸੁਣਾਈਆਂ। ਹਾਸਰਸ ਕਵੀ ਸ. ਮੇਜਰ ਸਿੰਘ ਮੌਜੀ ਨੇ ਹਾਸਰਸੀ ਕਵਿਤਾਵਾਂ ਸੁਣਾ ਕੇ ਮਹੌਲ ਨੂੰ ਸੁਹਾਵਣਾ ਬਣਾ ਦਿੱਤਾ।

ਇਸ ਕਾਨਫਰੰਸ ਵਿਚ ਹੋਰਨਾਂ ਵਿਚ ਮਾਈ ਭਾਗੋ ਬ੍ਰਿਗੇਡ





ਗਏ ਸਮਾਗਮ ਵਿਚ ਲੇਖਕ ਤੇ ਕਾਲਮਨਵੀਸ ਤਰਲੋਚਨ ਸਿੰਘ ਦੁਪਾਲਪੁਰ ਤੇ ਨਾਮਵਰ ਸ਼ਾਇਰਾ ਦਵਿੰਦਰ ਕੌਰ ਦਾ ਸਨਮਾਨ ਕੀਤਾ ਗਿਆ। ਦੇਸ਼ ਵਿਦੇਸ਼ ਦੇ ਅਖ਼ਬਾਰਾਂ, ਰਸਾਲਿਆਂ ਤੇ ਕਿਤਾਬਾਂ ਰਾਹੀਂ ਮਾਂ ਬੋਲੀ ਦੀ ਸੇਵਾ ਕਰਨ ਕਰਕੇ ਪੰਜਾਬੀ ਸੱਥ ਵਲੋਂ ਸ. ਦੁਪਾਲਪੁਰ ਨੂੰ ਸ. ਲਾਲ ਸਿੰਘ ਕਮਲਾ ਅਕਾਲੀ ਪੁਰਸਕਾਰ ਭੇਟ ਕੀਤਾ ਗਿਆ। ਜਦੋਂ ਕਿ ਰਾਣੀ ਸਾਹਿਬ ਕੌਰ ਪੁਰਸਕਾਰ ਦੀ ਹੱਕਦਾਰ ਬਣੀ ਬੀਬੀ ਦਵਿੰਦਰ ਕੌਰ ਜਿਨ੍ਹਾਂ ਨੇ ਕਵਿਤਾ ਦੇ ਖੇਤਰ ਵਿਚ ਨਵੀਆਂ ਪਿਰਤਾਂ ਪਾਈਆਂ ਹਨ। ਇਕ ਬਾਦਸ਼ਾਹ ਦੀ ਮੌਤ ਨਾਮੀ ਉਨ੍ਹਾਂ ਕਾਵਿ ਪੁਸਤਕ ਨੇ ਔਰਤ ਦੀ ਸਮਾਜਿਕ ਸਥਿਤੀ ਨੂੰ ਅਨੂਠੇ ਅੰਦਾਜ਼ ਵਿਚ ਪੇਸ਼ ਕਰਕੇ ਆਪਣੀ ਵੱਖਰੀ ਪਛਾਣ ਸਥਾਪਤ ਕੀਤੀ। ਇਨ੍ਹਾਂ ਹਸਤੀਆਂ ਨੂੰ ਸਨਮਾਨ ਭੇਟ ਕਰਨ ਲਈ ਯੂ.ਕੇ. ਤੋਂ ਸ. ਮੋਤਾ ਸਿੰਘ ਸਰਾਏ, ਸੱਥਾਂ ਦੇ ਥੰਮ ਸ. ਹਰਜਿੰਦਰ ਸਿੰਘ ਸੰਧੂ ਉਚੇਚੇ ਤੌਰ 'ਤੇ ਪੁੱਜੇ ਸਨ। ਸ. ਸਰਾਏ ਹੋਰਾਂ ਨੇ ਦੇਸ਼ਾਂ ਵਿਦੇਸ਼ਾਂ ਦੀਆ ਸੱਥਾਂ ਦੀ ਕਾਰਗੁਜਾਰੀ 'ਤੇ ਚਾਨਣਾ ਪਾਉਂਦਿਆਂ ਦੱਸਿਆ ਕਿ ਪਿਛਲੇ ਕੁਝ ਸਾਲਾਂ ਵਿਚ ਹੀ ਸੱਥ ਦੀਆਂ ਕਿਤਾਬਾਂ ਦੁਨੀਆਂ ਦੀ ਹਰ ਨੁਕਰ ਵਿਚ ਪੰਜਾਬੀ ਪਿਆਰਿਆਂ ਤਕ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਉਨ੍ਹਾਂ ਆਪਣੇ ਵਲੋਂ ਕੈਲੀਫੋਰਨੀਆ ਵੱਸਦੇ ਪਟਿਆਲਾ ਦੀ ਮੁਖੀ ਤੇ ਗੁਰਮਤਿ ਸਾਹਿਤ ਲੇਖਿਕਾ ਡਾ. ਕੁਲਵੰਤ ਕੌਰ ਨੇ ਸੱਥ ਦੇ ਕਾਰਜਾਂ ਵਿਚ ਸਭ ਨੂੰ ਸ਼ਾਮਿਲ ਹੋਣ ਦਾ ਸੱਦਾ ਦਿੱਤਾ। ਪੱਤਰਕਾਰ ਸ. ਨਰਿੰਦਰਪਾਲ ਸਿੰਘ ਹੁੰਦਲ ਅਤੇ ਜਸਵੰਤ ਸਿੰਘ ਸ਼ਾਦ ਨੇ ਵੀ ਆਪਣੀਆਂ ਰਚਨਾਵਾਂ ਸੁਣਾ ਕੇ ਵਾਹ ਵਾਹ ਖੱਟੀ। ਅੰਤ ਵਿਚ ਪੰਜਾਬੀ ਸੱਥ ਲਾਂਬੜਾਂ ਦੇ ਸੇਵਾਦਾਰ ਡਾ. ਨਿਰਮਲ ਸਿੰਘ ਨੇ ਸੱਥ ਦੇ 22 ਸਾਲਾਂ ਦੀ ਕਾਰਗੁਜਾਰੀ ਤੇ ਝਾਤ ਪਾਉਂਦਿਆਂ ਹੁਣ ਤਕ ਦੇ ਕੀਤੇ ਕਾਰਜਾਂ ਦਾ ਸੰਖੇਪ ਵਰਣਨ ਕੀਤਾ।

ਬੀਬੀ ਰਾਜਬੀਰ ਕੌਰ ਨੇ ਇਸ ਮੌਕੇ ਪੰਜਾਬ ਦੇ ਰਵਾਇਤੀ ਰੁੱਖਾਂ ਅਤੇ ਇਤਿਹਾਸਕ ਇਮਾਰਤਾਂ ਦੀਆਂ ਤਸਵੀਰਾਂ ਤੇ ਰਿਸ਼ਤਿਆਂ ਦੀ ਜਾਣਕਾਰੀ ਦੇਣ ਵਾਲੇ ਚਾਰਟ ਖੂਬਸੂਰਤੀ ਨਾਲ ਪ੍ਰਦਰਸ਼ਿਤ ਕੀਤੇ। ਇਸ ਮੌਕੇ ਸੱਥ ਨੂੰ ਗੁਰਦੁਆਰਾ ਫਰੀਮਾਂਟ ਦੇ ਸਕੱਤਰ ਸ. ਨਰਪਾਲ ਸਿੰਘ ਨੇ 500 ਡਾਲਰ ਮਾਇਕ ਸਹਾਇਤਾ ਦਿੱਤੀ। ਇਸ ਸਮਾਗਮ ਵਿਚ ਯੂ.ਕੇ. ਲੀਡਜ਼ ਤੋਂ ਨਵਜੋਤ ਕੌਰ ਅਟਵਾਲ, ਵੁੱਡਲੈਂਡ ਤੋਂ ਸੁਖਵਿੰਦਰ ਸਿੰਘ ਸ਼ੇਰਗਿਲ, ਪ੍ਰਭਜੋਤ ਕੌਰ ਸ਼ੇਰਗਿਲ, ਬੀਬੀ ਮੀਨਾ, ਸ. ਸ਼ਮਿੰਦਰ ਸਿੰਘ ਸਹੋਤਾ, ਬੀਬੀ ਪਰਮਿੰਦਰ ਕੌਰ ਸਹੋਤਾ, ਫਰੀਮਾਂਟ ਤੋਂ ਰੁਪਿੰਦਰ ਕੌਰ, ਅਨੰਤ ਸਿੰਘ ਅਤੇ ਗੁਰਮੀਤ ਸਿੰਘ ਜੰਮੂ ਤੇ ਸ. ਖੇੜਾ ਹਾਜਰ ਸਨ।

## ਕੇਂਦਰੀ ਵਾਤਾਵਰਣ ਮੰਤਰੀ ਵੱਲੋਂ ਪੰਜਾਬ ਦੇ ਪ੍ਰਾਜੈਕਟਾਂ ਨੂੰ ਪ੍ਰਵਾਨਗੀ

**ਚੰਡੀਗੜ੍ਹ:** ਕੇਂਦਰੀ ਵਾਤਾਵਰਣ ਮੰਤਰੀ ਜੈ ਰਾਮ ਰਮੇਸ਼ ਨੇ ਪੰਜਾਬ ਦੇ ਪ੍ਰਾਜੈਕਟਾਂ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਕੇਂਦਰੀ ਮੰਤਰੀ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਪ੍ਰਾਜੈਕਟਾਂ ਲਈ ਛੇਤੀ ਗਰਾਂਟ ਜਾਰੀ ਕਰਨ ਦਾ ਯਕੀਨ ਦਿਵਾਇਆ ਹੈ। ਸ. ਬਾਦਲ ਬੀਤੇ ਦਿਨ ਕੇਂਦਰੀ ਮੰਤਰੀ ਨੂੰ ਮਿਲੇ ਸਨ ਤੇ ਸੂਬੇ ਦੇ ਪ੍ਰਾਜੈਕਟਾਂ ਨੂੰ ਹਰੀ ਝੰਡੀ ਦੇਣ ਲਈ ਕਿਹਾ ਸੀ।

ਸ. ਬਾਦਲ ਦੱਸਿਆ ਕਿ ਉਨ੍ਹਾਂ ਨੇ ਸੂਬੇ ਦੇ ਡਰੇਨੇਜ਼ ਸਿਸਟਮ ਤੇ ਨਦੀਆਂ ਤੇ ਨਾਲਿਆਂ ਦੀ ਸਫਾਈ ਦੇ ਪ੍ਰਾਜੈਕਟਾਂ ਨੂੰ ਜਲਦੀ ਪ੍ਰਵਾਨਗੀ ਦੇਣ ਤੇ ਪੈਸਾ ਜਾਰੀ ਕਰਨ ਦੇ ਮੁੱਦੇ ਉਠਾਏ ਸਨ। ਇਨ੍ਹਾਂ ਵਿਚ ਲੁਧਿਆਣਾ ਦੇ ਬੁੱਢੇ ਨਾਲੇ ਦਾ ਪ੍ਰਾਜੈਕਟ ਵੀ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਉਹ ਕੇਂਦਰੀ ਮੰਤਰੀ ਦੇ ਹੁੰਗਾਰੇ ਤੋਂ ਸੰਤੁਸ਼ਟ ਹਨ। ਸ. ਬਾਦਲ ਨੇ 22 ਜੂਨ ਨੂੰ ਕੇਂਦਰੀ ਵਾਤਾਵਰਣ ਤੇ ਜੰਗਲਾਤ ਮੰਤਰੀ ਨਾਲ ਇਕ ਘੰਟਾ ਚੱਲੀ ਮੀਟਿੰਗ ਵਿਚ ਉਨ੍ਹਾਂ ਨੂੰ ਕਿਹਾ ਕਿ ਉਹ ਦਰਿਆਵਾਂ ਨਾਲ ਸਬੰਧਿਤ ਪ੍ਰਾਜੈਕਟਾਂ ਨੂੰ ਜਲਦੀ ਮੁਕੰਮਲ ਕਰਨ ਲਈ ਖੁਦ ਦਿਲਚਸਪੀ ਲੈਣ।

# ਪੰਜਾਬੀ ਨੌਜਵਾਨ ਅਮਰੀਕੀ ਫੁਟਬਾਲ ਦੇ ਖਿਡਾਰੀ ਬਣਨ-ਜੁਆਏ ਪੋਰਟਰ

**ਬੇਕਰਜ਼ਫੀਲਡ (ਮਾਨ ਮਨਦੀਪ):** ਅਮਰੀਕਾ ਦੇ ਨਾਮੀ ਫੁਟਬਾਲ ਖਿਡਾਰੀ ਜੁਆਏ ਪੋਰਟਰ ਨੇ ਪੰਜਾਬੀ ਨੌਜਵਾਨਾਂ ਨੂੰ ਅਪੀਲ ਕੀਤੀ ਹੈ ਕਿ ਉਹ ਅਮਰੀਕੀ ਫੁਟਬਾਲ ਦੇ ਖਿਡਾਰੀ



ਮਾਨ ਮਨਦੀਪ ਅਤੇ ਜੁਆਏ ਪੋਰਟਰ

ਬਣਨ ਕਿਉਂਕਿ ਪੰਜਾਬੀ ਨੌਜਵਾਨ ਲੰਮੇ-ਝੰਮੇ ਅਤੇ ਤਕੜੇ ਸਰੀਰ ਵਾਲੇ ਹੁੰਦੇ ਹਨ। ਇਸ ਪੱਤਰਕਾਰ ਨਾਲ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬੀ ਨੌਜਵਾਨ ਬਾਸਕਟਬਾਲ ਤਾਂ ਖੇਡਦੇ ਹਨ ਪਰ ਅਮਰੀਕੀ ਫੁਟਬਾਲ ਖੇਡਣ ਵੱਲ ਉਨ੍ਹਾਂ ਦਾ ਰੁਝਾਨ ਨਹੀਂ ਹੈ ਜਦੋਂਕਿ ਪੈਸਾ ਤੇ ਸ਼ੁਹਰਤ ਫੁਟਬਾਲ ਵਿਚ ਕਿਤੇ ਜ਼ਿਆਦਾ ਹੈ।

ਜ਼ਿਕਰਯੋਗ ਹੈ ਕਿ ਸ੍ਰੀ ਪੋਰਟਰ ਮੂਲ ਰੂਪ ਵਿਚ ਬੇਕਰਜ਼ਫੀਲਡ ਦੇ ਨਿਵਾਸੀ ਹਨ ਅਤੇ ਇਸ ਪੱਤਰਕਾਰ ਦੇ ਪਿਛਲੇ ਕਾਫੀ ਲੰਮੇ ਸਮੇਂ ਤੋਂ ਦੋਸਤ ਵੀ ਹਨ। ਉਨ੍ਹਾਂ ਕਿਹਾ ਕਿ ਪਹਿਲੀ ਵਾਰ ਕਿਸੇ ਪੰਜਾਬੀ ਅਖ਼ਬਾਰ ਰਾਹੀਂ ਉਹ ਪੰਜਾਬੀ ਨੌਜਵਾਨਾਂ ਨੂੰ ਇਸ ਫੁੱਟਬਾਲ ਦੀ ਖੇਡ ਨਾਲ ਜੋੜਨ ਦੀ ਅਪੀਲ ਕਰ ਰਹੇ ਹਨ। 33 ਸਾਲ, 6 ਫੁੱਟ 4 ਇੰਚ ਲੰਮੇ ਅਤੇ ਢਾਈ ਸੌ ਪੌਂਡ ਭਾਰ ਵਾਲੇ ਪੋਰਟਰ ਹੁਣ ਤੱਕ ਸਟੀਲਰਜ਼, ਮਿਆਮੀ ਡੌਲਫਿਨਜ਼, ਓਕਲੈਂਡ ਰੇਡਰਜ਼ ਲਈ ਖੇਡ ਚੁਕੇ ਹਨ ਅਤੇ ਮਾਰਚ 2010 ਵਿਚ ਉਨ੍ਹਾਂ ਐਰੀਜ਼ੋਨਾ ਕਾਰਡੀਨਲਜ਼ ਨਾਲ 25 ਮਿਲੀਅਨ ਡਾਲਰ ਦਾ ਕੰਟਰੈਕਟ ਸਾਈਨ ਕੀਤਾ ਹੈ ਅਤੇ ਹੁਣ ਐਰੀਜ਼ੋਨਾ ਕਾਰਡੀਨਲਜ਼ ਦੀ ਟੀਮ ਵਿਚ ਬਤੌਰ ਲਾਈਨ ਬੈਕਰ ਖੇਡਦੇ ਹਨ। ਚਾਰ ਬੱਚਿਆਂ ਦੇ ਬਾਪ ਪੋਰਟਰ ਆਪਣੀ ਪਤਨੀ ਕ੍ਰਿਸਟੀ ਨਾਲ ਭਰਪੂਰ ਜ਼ਿੰਦਗੀ ਮਾਣ ਰਿਹਾ ਹੈ। ਜੇ ਕੋਈ ਪੰਜਾਬੀ ਨੌਜਵਾਨ ਫੁਟਵਾਲ ਬਾਰੇ ਕੋਈ ਜਾਣਕਾਰੀ ਹਾਸਲ ਕਰਨਾ ਚਾਹੇ ਤਾਂ ਵੈਬਸਾਈਟ 'ਤੇ ਪੋਰਟਰ ਦੇ ਆਫੀਸ਼ਲ ਪੇਜ ਉਪਰ ਸੰਪਰਕ ਕਰ ਸਕਦਾ ਹੈ।

# ਹਰਿਆਣਾ 'ਚ ਵੱਖਰੀ ਗੁਰਦੁਆਰਾ ਕਮੇਟੀ ਲਈ ਸਰਗਰਮੀ ਤੇਜ਼

## ਮਾਮਲਾ ਕਾਂਗਰਸ ਹਾਈ ਕਮਾਨ ਕੋਲ ਉਠਾਉਣ ਦਾ ਭਰੋਸਾ

**ਨਵੀਂ ਦਿੱਲੀ:** ਹਰਿਆਣਾ 'ਚ ਵੱਖਰੀ ਗੁਰਦੁਆਰਾ ਕਮੇਟੀ ਲਈ ਚਾਰਾਜੋਈ ਤੇਜ਼ ਹੋ ਗਈ ਹੈ। ਕਾਂਗਰਸ ਦੇ ਦੋ ਕੌਮੀ ਜਨਰਲ ਸਕੱਤਰਾਂ ਨੇ ਹਰਿਆਣਾ 'ਚ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣ ਦੀ ਪੈਰਵੀ ਕਰਦਿਆਂ ਇਹ ਮਾਮਲਾ ਪਾਰਟੀ ਹਾਈ ਕਮਾਂਡ ਕੋਲ ਉਠਾਉਣ ਦਾ ਭਰੋਸਾ ਦਿੱਤਾ ਹੈ। ਇਹ ਭਰੋਸਾ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਐਡਹਾਕ ਦੇ ਕਾਰਜਕਾਰੀ ਪ੍ਰਧਾਨ ਜਥੇਦਾਰ ਦੀਦਾਰ ਸਿੰਘ ਨਲਵੀ ਦੀ ਅਗਵਾਈ ਹੇਠ ਮਿਲੇ ਵਫ਼ਦ ਨੂੰ ਹਰਿਆਣਾ ਪ੍ਰਦੇਸ਼ ਕਾਂਗਰਸ ਦੇ ਮਾਮਲਿਆਂ ਦੇ ਇੰਚਾਰਜ ਤੇ ਜਨਰਲ ਸਕੱਤਰ ਬੀ.ਕੇ. ਹਰੀ ਪ੍ਰਸਾਦ, ਰਾਜ ਸਭਾ ਮੈਂਬਰ ਤੇ ਕਾਂਗਰਸ ਦੇ ਕੌਮੀ ਜਨਰਲ ਸਕੱਤਰ ਚੌਧਰੀ ਬਰਿੰਦਰ ਸਿੰਘ ਨੇ ਦਿੱਤਾ ਹੈ।

ਸ੍ਰੀ ਬਰਿੰਦਰ ਸਿੰਘ ਨੇ ਵਫਦ ਨੂੰ ਦੱਸਿਆ ਕਿ ਉਹ ਰਾਜ ਵਿਚ ਵੱਖਰੀ ਕਮੇਟੀ ਬਣਾਉਣ ਦੇ ਹਮਾਇਤੀ ਹਨ ਤੇ ਇਸ ਦੀ ਲਗਾਤਾਰ ਹਮਾਇਤ ਕਰਦੇ ਆ ਰਹੇ ਹਨ। ਉਨ੍ਹਾਂ ਕਿਹਾ ਕਿ ਉਹ ਇਸ ਮਸਲੇ ਨੂੰ ਹੱਲ ਕਰਵਾਉਣ ਲਈ ਜਲਦੀ ਕੋਸ਼ਿਸ਼ ਕਰਨਗੇ ਤੇ ਕਾਂਗਰਸ ਪ੍ਰਧਾਨ ਕੋਲ ਮਾਮਲਾ ਉਠਾਉਣਗੇ। ਜਥੇਦਾਰ ਨਲਵੀ ਨੇ ਕਿਹਾ ਕਿ ਪੰਜਾਬ ਦੇ ਆਗੂਆਂ ਵੱਲੋਂ ਵੱਖਰੀ ਕਮੇਟੀ ਬਾਰੇ ਇਤਰਾਜ਼ ਕਰਨ ਕਰਕੇ ਮਾਮਲੇ ਦਾ ਹੱਲ ਨਾ ਕਰਨਾ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ ਹੈ ਤੇ ਹਰਿਆਣਾ ਦੇ ਸਿੱਖਾਂ ਨਾਲ ਧੱਕਾ ਹੈ। ਇਸ ਤੋਂ ਬਾਅਦ ਵਫਦ ਸ੍ਰੀ ਬੀ.ਕੇ. ਹਰੀ ਪ੍ਰਸਾਦ ਨੂੰ ਮਿਲਿਆ ਤੇ ਵੱਖਰੀ ਕਮੇਟੀ ਬਣਾਉਣ ਦੇ ਵਾਅਦੇ ਨੂੰ ਪੂਰਾ ਕਰਵਾਉਣ ਲਈ ਕਿਹਾ। ਵਫਦ ਦੇ ਆਗੂਆਂ ਨੇ ਕਿਹਾ ਕਿ ਕਾਂਗਰਸ ਨੇ ਵੱਖਰੀ ਗੁਰਦੁਆਰਾ ਕਮੇਟੀ ਬਣਾਉਣ ਦਾ ਵਾਅਦਾ ਚੋਣ ਮੈਨੀਫੈਸਟੋ ਵਿਚ ਕੀਤਾ ਹੈ ਪਰ ਇਸ ਨੂੰ ਪੂਰਾ ਕਰਨ ਲਈ ਕੋਈ ਕਦਮ ਨਹੀਂ ਚੁੱਕਿਆ ਜਾ ਰਿਹਾ।

ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਕੁਝ ਦਿਨ ਪਹਿਲਾਂ ਸ਼ਿਮਲਾ ਵਿਚ ਵੱਖਰੀ ਕਮੇਟੀ ਬਣਾਉਣ ਬਾਰੇ ਦਿੱਤੇ ਬਿਆਨ ਵਿਚ ਨਵਾਂ ਕੁਝ ਨਹੀਂ ਹੈ ਤੇ ਇਸੇ ਤਰ੍ਹਾਂ ਦਾ ਬਿਆਨ ਉਨ੍ਹਾਂ ਨੇ ਪਹਿਲੀ ਵਾਰ ਮੁੱਖ ਮੰਤਰੀ ਬਣਨ ਤੋਂ ਬਾਅਦ ਸੱਤ ਸਾਲ ਪਹਿਲਾਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਮੱਥਾ ਟੇਕਣ ਤੋਂ ਬਾਅਦ ਦਿੱਤਾ ਸੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਕਾਨੂੰਨੀ ਅੜਿੱਕੇ ਬਾਰੇ ਜਿਹੜੀ ਗੱਲ ਕਹਿ ਰਹੇ ਹਨ, ਉਸ ਵਿਚ ਕੋਈ ਸਚਾਈ ਨਹੀਂ ਹੈ। ਪੰਜਾਬ ਪੁਨਰ ਗਠਨ ਐਕਟ ਤਹਿਤ ਵੱਖਰੀ ਕਮੇਟੀ ਬਣਾਉਣ ਦੀ ਵਿਵਸਥਾ ਕੀਤੀ ਗਈ ਹੈ ਤੇ ਦੇਸ਼ ਦੀ ਪਾਰਲੀਮੈਂਟ ਨੇ ਵੀ ਇਸ 'ਤੇ ਮੋਹਰ ਲਾਈ ਹੋਈ ਹੈ। ਸ੍ਰੀ ਪ੍ਰਸਾਦ ਨੇ ਵਫਦ ਨੂੰ ਕਿਹਾ ਕਿ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣ ਦਾ ਮਾਮਲਾ ਬਹੁਤ ਹੀ ਸੰਵੇਦਨਸ਼ੀਲ ਹੈ ਤੇ ਇਸੇ ਕਰਕੇ ਉਹ ਇਸ ਬਾਰੇ ਬਹੁਤੀ ਚਰਚਾ ਨਹੀਂ ਕਰਦੇ।

ਆਗੂਆਂ ਨੇ ਕਿਹਾ ਕਿ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣ ਨਾਲ ਪੰਜਾਬ ਦੇ ਦਬਾਅ ਦੀ ਗੱਲ ਹੈ ਪਰ ਪੰਜਾਬੀ ਨੂੰ ਠੀਕ ਢੰਗ ਨਾਲ ਦੂਜੀ ਭਾਸ਼ਾ ਵਜੋਂ ਲਾਗੂ ਕਰਨ ਕਰਾਉਣ ਦੇ ਮਾਮਲੇ ਵਿਚ ਕੋਈ ਆਵਾਜ਼ ਨਹੀਂ ਉਠਾ ਰਿਹਾ। ਰਾਜ ਵਿਚ ਉਰਦੂ ਭਾਸ਼ਾ ਦੇ ਅਧਿਆਪਕ ਤਾਂ ਭਰਤੀ ਕੀਤੇ ਜਾ ਰਹੇ ਹਨ ਪਰ ਪੰਜਾਬੀ ਦੇ ਅਧਿਆਪਕ ਭਰਤੀ ਕਰਨ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ ਤੇ ਨਾ ਹੀ ਰਾਜ ਦੇ ਸਿੱਖਾਂ ਦੇ ਹੋਰ ਮਾਮਲੇ ਹੱਲ ਕੀਤੇ ਜਾ ਰਹੇ ਹਨ। ਸ੍ਰੀ ਪ੍ਰਸਾਦ ਨੇ ਵਫਦ ਨੂੰ ਭਰੋਸਾ ਦਿੱਤਾ ਕਿ ਉਹ ਮੁੱਖ ਮੰਤਰੀ ਨਾਲ ਸਾਰੇ ਮਾਮਲਿਆਂ ਬਾਰੇ ਗੱਲਬਾਤ ਕਰਨਗੇ ਤੇ ਹੱਲ ਕਰਵਾਉਣਗੇ। ਵਫਦ ਨੇ ਦੋਵਾਂ ਆਗੂਆਂ ਨੂੰ ਇਕ ਮੰਗ-ਪੱਤਰ ਪ੍ਰਧਾਨ ਮੰਤਰੀ, ਕਾਂਗਰਸ ਪ੍ਰਧਾਨ ਤੇ ਹਰਿਆਣਾ ਦੇ ਮੁੱਖ ਮੰਤਰੀ ਦੇ ਨਾਂ ਵੀ ਦਿੱਤਾ।

## ਵੱਖਰੀ ਕਮੇਟੀ ਬਾਰੇ ਫੈਸਲਾ ਸਿੱਖਾਂ ਦੇ ਹਿੱਤਾਂ ਮੁਤਾਬਕ ਹੋਵੇਗਾ: ਹੁੱਡਾ



**ਸ਼ਿਮਲਾ:** ਹਰਿਆਣਾ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਕਿਹਾ ਹੈ ਕਿ ਰਾਜ ਵਿਚ ਵੱਖਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣ ਬਾਰੇ ਕਾਇਮ ਕੀਤੀ ਕਮੇਟੀ ਨੇ ਵੱਖਰੀ ਕਮੇਟੀ ਦੇ ਹੱਕ 'ਚ ਰਿਪੋਰਟ ਦਿੱਤੀ ਹੈ। ਸਰਕਾਰ ਇਸ ਦੀ ਕਾਨੂੰਨੀ ਪੱਖ ਤੋਂ ਘੋਖ ਕਰ ਰਹੀ ਹੈ ਤੇ ਕੋਈ ਵੀ ਫੈਸਲਾ ਸਿੱਖਾਂ ਦੀਆਂ ਭਾਵਨਾਵਾਂ ਤੇ ਹਿੱਤਾਂ ਨੂੰ ਧਿਆਨ ਵਿਚ ਰੱਖ ਕੇ ਕੀਤਾ ਜਾਵੇਗਾ। ਇੱਥੇ ਬੇਨਮੂਰ ਵਿਖੇ ਹਰਿਆਣਾ ਸਰਕਟ ਹਾਊਸ ਦਾ ਉਦਘਾਟਨ ਕਰਨ ਮਗਰੋਂ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਇਸ ਮਾਮਲੇ 'ਤੇ ਬਣਾਈ ਕਮੇਟੀ ਨੇ ਆਪਣੀ ਰਿਪੋਰਟ ਸਰਕਾਰ ਨੂੰ ਸੌਂਪ ਦਿੱਤੀ ਹੈ ਤੇ ਹੁਣ ਉਸ ਦੀ ਕਾਨੂੰਨੀ ਨਜ਼ਰੀਏ ਤੋਂ ਘੋਖ ਹੋ ਰਹੀ ਹੈ। ਮੁੱਖ ਮੰਤਰੀ ਨੇ ਆਪਣੇ ਪਿਛਲੇ ਕਾਰਜਕਾਲ ਦੌਰਾਨ ਕਮੇਟੀ ਬਿਠਾਈ ਸੀ ਤੇ ਉਸ ਨੇ ਚਾਰ ਸਾਲਾਂ ਮਗਰੋਂ ਸਾਲ 2009 ਵਿਚ ਆਪਣੀ ਰਿਪੋਰਟ ਸਰਕਾਰ ਦੇ ਸਪੁਰਦ ਕੀਤੀ ਸੀ। ਸਰਕਾਰ ਪਿਛਲੇ ਦੋ ਸਾਲਾਂ ਤੋਂ ਰਿਪੋਰਟ ਦੀ ਕਾਨੂੰਨੀ ਘੋਖ ਕਰ ਰਹੀ ਹੈ।

# ਪ੍ਰੋ. ਭੁੱਲਰ ਦੀ ਸਜ਼ਾ ਮੁਆਫੀ ਲਈ ਦਿੱਲੀ 'ਚ ਇਨਸਾਫ਼ ਰੈਲੀ ਦਾ ਐਲਾਨ

**ਜਲੰਧਰ:** ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਵੱਲੋਂ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਲਈ ਕੀਤੇ ਜਾ ਰਹੇ ਯਤਨਾਂ ਦੀ ਕੜੀ ਵਜੋਂ ਫੈਡਰੇਸ਼ਨ ਵੱਲੋਂ ਇਨਸਾਫ ਰੈਲੀ ਦਿੱਲੀ ਦੇ ਜੰਤਰ-ਮੰਤਰ ਵਿਖੇ 15 ਜੁਲਾਈ ਨੂੰ ਕਰਵਾਈ ਜਾ ਰਹੀ ਹੈ। ਫੈਡਰੇਸ਼ਨ ਦੇ ਪ੍ਰਧਾਨ ਕਰਨੈਲ ਸਿੰਘ ਪੀਰਮੁਹੰਮਦ ਨੇ ਜਿੱਥੇ ਸਾਰੀਆਂ ਸਿੱਖ ਤੇ ਰਾਜਸੀ ਜਥੇਬੰਦੀਆਂ ਨੂੰ ਇਕਜੁੱਟ ਹੋਣ ਦੀ ਅਪੀਲ ਕੀਤੀ ਹੈ ਉੱਥੇ ਉਨ੍ਹਾਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੂੰ ਵੀ ਸੱਦਾ ਦਿੱਤਾ ਹੈ ਕਿ ਉਹ ਇਸ ਇਨਸਾਫ ਰੈਲੀ ਨੂੰ ਸੰਬੋਧਨ ਕਰਨ ਤਾਂ ਜੋ ਸਮੂਹਿਕ ਤੌਰ 'ਤੇ ਕੇਂਦਰ ਸਰਕਾਰ 'ਤੇ ਦਬਾਅ ਬਣਾਇਆ ਜਾ ਸਕੇ।

ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇ. ਅਵਤਾਰ ਸਿੰਘ ਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਪਰਮਜੀਤ ਸਿੰਘ ਸਰਨਾ ਨੂੰ ਇਸ ਰੈਲੀ ਨੂੰ ਸੰਬੋਧਨ ਕਰਕੇ ਪ੍ਰੋ. ਭੁੱਲਰ ਦੀ ਰਿਹਾਈ ਲਈ ਚਲਾਈ ਜਾ ਰਹੀ ਲਹਿਰ ਦੀ ਹਮਾਇਤ ਕਰਨੀ ਚਾਹੀਦੀ ਹੈ। ਉਨ੍ਹਾਂ ਦੱਸਿਆ ਕਿ ਇਸ ਮੌਕੇ ਮੰਗ ਪੱਤਰ ਰਾਸ਼ਟਰਪਤੀ ਨੂੰ ਦਿੱਤਾ ਜਾਵੇਗਾ। ਇਸ ਮੌਕੇ ਸ. ਪੀਰਮੁਹੰਮਦ ਨੇ ਪੰਜਾਬ ਸਰਕਾਰ ਤੋਂ ਵੀ ਮੰਗ ਕੀਤੀ ਕਿ ਉਹ ਜਲਦ ਤੋਂ ਜਲਦ ਪ੍ਰੋ. ਭੁੱਲਰ ਦੀ ਸਜ਼ਾ ਮੁਆਫੀ ਲਈ ਮਤਾ ਪੰਜਾਬ ਵਿਧਾਨ ਸਭਾ ਤੋਂ ਪਾਸ ਕਰਕੇ ਕੇਂਦਰ ਸਰਕਾਰ ਨੂੰ ਭੇਜੇ।

ਇਸ ਮੌਕੇ ਐਡਵੋਕੇਟ ਪ੍ਰਮਿੰਦਰ ਸਿੰਘ ਢੀਂਗਰਾ ਨੇ ਇਸ ਮਾਮਲੇ ਦੀ ਕਾਨੂੰਨੀ ਪਹਿਲੂਆਂ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਕ ਤਾਂ ਪ੍ਰੋ. ਭੁੱਲਰ ਪੜ੍ਹਿਆ-ਲਿਖਿਆ ਵਿਅਕਤੀ ਹੈ ਜਦਕਿ ਉਸ ਦੇ ਇਕਬਾਲੀਆ ਬਿਆਨ 'ਤੇ ਉਸ ਦਾ ਅੰਗੂਠਾ ਲਵਾਇਆ ਗਿਆ ਹੈ ਜੋ ਸ਼ੱਕ ਪੈਦਾ ਕਰਨ ਵਾਲਾ ਹੈ, ਦੂਜਾ ਭੁੱਲਰ ਨੂੰ 120-ਬੀ ਤਹਿਤ ਸਜ਼ਾ ਦਿੱਤੀ ਗਈ ਹੈ ਜਦਕਿ ਮੁੱਖ ਦੋਸ਼ੀਆਂ ਨੂੰ ਬਰੀ ਕੀਤਾ ਗਿਆ ਹੈ। ਇਸ ਮੌਕੇ ਉਨ੍ਹਾਂ ਖੇਮ ਚੰਦ ਬਨਾਮ ਭਾਰਤ ਸਰਕਾਰ ਮਾਮਲੇ ਦਾ ਹਵਾਲਾ ਦਿੰਦੇ ਹੋਏ ਦੱਸਿਆ ਕਿ ਇਸ ਮਾਮਲੇ 'ਚ ਦਿੱਲੀ ਹਾਈਕੋਰਟ ਨੇ ਦੋਸ਼ੀ ਦੀ ਫਾਂਸੀ ਦੀ ਸਜ਼ਾ ਇਸ ਕਰਕੇ ਰੱਦ ਕਰ ਦਿੱਤੀ ਸੀ ਕਿਉਂਕਿ ਉਸ ਦੀ ਰਹਿਮ ਦੀ ਅਪੀਲ ਪੰਜ ਸਾਲ ਤੋਂ ਵੀ ਜ਼ਿਆਦਾ ਸਮਾਂ ਰਾਸ਼ਟਰਪਤੀ ਕੋਲ ਪਈ ਰਹੀ ਸੀ ਜਦਕਿ ਪ੍ਰੋ. ਭੁੱਲਰ ਤਾਂ ਬਿਨਾਂ ਕਿਸੇ ਕਸੂਰ ਦੇ ਹੀ 17 ਸਾਲ ਤੱਕ ਸਜ਼ਾ ਭੁਗਤ ਚੁੱਕਾ ਹੈ।

### ਸਾਰੀਆਂ ਸਿੱਖ ਤੇ ਰਾਜਸੀ ਜਥੇਬੰਦੀਆਂ ਨੂੰ ਇਕਜੁੱਟ ਹੋਣ ਦੀ ਅਪੀਲ



## ਭਾਰਤੀ ਇਨਸਾਫ਼ ਦੇ ਤਰਾਜ਼ੂ 'ਚ ਕਾਣ

**ਜਲੰਧਰ:** ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਫਾਂਸੀ ਦੀ ਸਜ਼ਾ ਬਰਕਰਾਰ ਰੱਖਣੀ ਤੇ ਦਿੱਲੀ ਦੰਗਿਆਂ ਦੇ ਮੁਲਜ਼ਮਾਂ ਦਾ ਖੁੱਲ੍ਹੇ ਆਮ ਫਿਰਨਾ ਵਰਗੀ ਬੇਇਨਸਾਫੀ ਲਈ ਕੇਂਦਰੀ ਹਕੂਮਤਾਂ ਸਿੱਧੇ ਤੌਰ 'ਤੇ ਜ਼ਿੰਮੇਵਾਰ ਹਨ। ਸਿੱਖ ਕਤਲੇਆਮ 'ਚ ਆਪਣੇ ਪਰਿਵਾਰ ਦੇ ਪੰਜ ਜੀਅ ਆਪਣੀਆਂ ਅੱਖਾਂ ਸਾਹਮਣੇ ਗੁਆ ਚੁੱਕੀ ਜਗਦੀਸ਼ ਕੌਰ ਨੇ ਕਿਹਾ ਕਿ ਇਕ ਪਾਸੇ ਤਾਂ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੇ ਮਾਮਲੇ 'ਚ 131 ਗਵਾਹ ਕਹਿ ਰਹੇ ਹਨ ਕਿ ਉਹ ਦਵਿੰਦਰਪਾਲ ਨੂੰ ਨਹੀਂ ਪਛਾਣਦੇ ਫਿਰ ਵੀ ਉਸ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਹੈ ਪਰ ਦੂਜੇ ਪਾਸੇ 27 ਸਾਲਾਂ ਤੋਂ ਸੱਤਾਧਾਰੀ ਤੇ ਕਾਂਗਰਸ ਦੇ ਤਾਕਤਵਰ ਆਗੂਆਂ ਵਿਰੁੱਧ ਇਕ ਵਿਧਵਾ ਔਰਤ ਲੰਮੇ ਸਮੇਂ ਤੋਂ ਵਾਰ-ਵਾਰ ਇਹ ਦੁਹਾਈ ਪਾ ਰਹੀ ਹੈ ਕਿ ਉਸ ਨੇ ਆਪਣੀਆਂ ਅੱਖਾਂ ਨਾਲ ਦੇਖਿਆ ਕਿ ਕਿਵੇਂ 1 ਨਵੰਬਰ 1984 ਨੂੰ ਕਾਂਗਰਸੀ ਆਗੂ ਸੱਜਣ ਕੁਮਾਰ ਸਿੱਖਾਂ ਨੂੰ ਕਤਲ ਕਰਨ ਵਾਲੇ ਟੋਲਿਆਂ ਦੀ ਅਗਵਾਈ ਕਰ ਰਿਹਾ ਸੀ ਤੇ ਉਨ੍ਹਾਂ ਨੂੰ ਹੱਲਾਸ਼ੇਰੀ ਦੇ ਰਿਹਾ ਸੀ।

ਬੀਬੀ ਜਗਦੀਸ਼ ਕੌਰ ਨੇ ਇਨ੍ਹਾਂ ਦੋਵੇਂ ਮਾਮਲਿਆਂ ਦੀ ਤੁਲਨਾ ਕਰਦਿਆਂ ਕਿਹਾ ਕਿ ਪ੍ਰੋ. ਭੁੱਲਰ ਬਾਰੇ 131 ਵਿਅਕਤੀ ਅਦਾਲਤ ਵਿਚ ਕਹਿ ਰਹੇ ਹਨ ਕਿ ਉਹ ਉਸ ਨੂੰ ਨਹੀਂ ਪਛਾਣਦੇ ਤੇ ਉਹ ਆਪ ਅਦਾਲਤ ਵਿਚ ਕਹਿ ਰਹੀ ਹੈ ਕਿ ਉਸ ਨੇ ਕਾਂਗਰਸੀ ਆਗੂ ਸੱਜਣ ਕੁਮਾਰ ਨੂੰ ਅੱਖੀਂ ਦੇਖਿਆ ਹੈ। 27 ਸਾਲਾਂ ਤੋਂ ਜਾਨ ਤਲੀ 'ਤੇ ਧਰ ਕੇ ਉਹ ਲੜਾਈ ਲੜ ਰਹੀ ਹੈ ਪਰ ਇਨਸਾਫ ਨਹੀਂ ਮਿਲ ਰਿਹਾ। ਜ਼ਿਕਰਯੋਗ ਹੈ ਕਿ ਜਗਦੀਸ਼ ਕੌਰ ਦੇ ਦਿੱਲੀ ਦੰਗਿਆਂ 'ਚ ਫੌਜੀ ਪਤੀ ਕੇਹਰ ਸਿੰਘ ਤੇ 19 ਸਾਲਾਂ ਦਾ ਜਵਾਨ ਪੁੱਤਰ ਗੁਰਪ੍ਰੀਤ ਸਿੰਘ ਉਸ ਦੀਆਂ ਅੱਖਾਂ ਸਾਹਮਣੇ ਮਾਰ ਦਿੱਤੇ ਗਏ ਸਨ। ਉਸ ਦੇ ਤਿੰਨ ਭਰਾ ਵੀ ਮਾਰੇ ਗਏ ਸਨ।

## ਰਿਆਸੀ ਵਿਚ ਸ਼ਹੀਦ ਹੋਏ ਸਿੱਖਾਂ ਦੀ ਯਾਦ 'ਚ ਸਮਾਗਮ

**ਜਲੰਧਰ:** ਜੰਮੂ-ਕਸ਼ਮੀਰ ਦੇ ਜ਼ਿਲ੍ਹਾ ਰਿਆਸੀ ਵਿਖੇ ਨਵੰਬਰ 1984 'ਚ ਸ਼ਹੀਦ ਹੋਏ 16 ਸਿੱਖਾਂ ਦੀ ਯਾਦ 'ਚ ਰਿਆਸੀ ਵਿਖੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਤੇ ਸਿੱਖਸ ਫਾਰ ਜਸਟਿਸ ਵੱਲੋਂ ਕਰਵਾਏ ਸਮਾਗਮ ਦੌਰਾਨ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਇਸ ਮੌਕੇ ਸ੍ਰੀ ਅਖੰਡ ਪਾਠ ਦੇ ਭੋਗ ਉਪਰੰਤ ਭਾਈ ਕੁਲਦੀਪ ਸਿੰਘ ਦੇ ਜਥੇ ਨੇ ਕੀਰਤਨ ਕੀਤਾ। ਇਸ ਮੌਕੇ ਸ਼ਹੀਦਾਂ ਦੇ ਪਰਿਵਾਰਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਇਸ ਮੌਕੇ ਫੈਡਰੇਸ਼ਨ ਦੇ ਪ੍ਰਧਾਨ ਕਰਨੈਲ ਸਿੰਘ ਪੀਰਮੁਹੰਮਦ ਨੇ ਕਿਹਾ ਕਿ ਸ਼ਹੀਦਾਂ ਨੂੰ ਕਦੇਂ ਵੀ ਭੁਲਾਇਆ ਨਹੀਂ ਜਾ ਸਕਦਾ।

ਫੈਡਰੇਸ਼ਨ ਦੇ ਸਕੱਤਰ ਦਵਿੰਦਰ ਸਿੰਘ ਸੋਢੀ ਨੇ ਕਿਹਾ ਕਿ ਕਤਲੇਆਮ ਦੇ ਪੀੜਤਾਂ ਨੂੰ ਇਨਸਾਫ ਦੇਣ ਦੇ ਮਾਮਲੇ 'ਚ ਕੇਂਦਰ ਸਰਕਾਰ ਦਾ ਰਵੱਈਆ ਪਹਿਲਾਂ ਹੀ ਮਰਿਆ ਸੀ ਤੇ ਉਪਰੋਂ ਸਿੱਖਾਂ ਨੂੰ ਮੁਆਫੀ ਤੇ ਅੱਗੇ ਵਧਣ ਬਾਰੇ ਕਹਿਣਾ ਜ਼ਖ਼ਮਾਂ 'ਤੇ ਲੂਣ ਛਿੜਕਣ ਵਾਲੀ ਕਾਰਵਾਈ ਹੈ। ਅਮਰੀਕਾ 'ਚ ਮਨੁੱਖੀ ਅਧਿਕਾਰ ਬਾਰੇ ਕੰਮ ਕਰ ਰਹੇ ਗੁਰਪਤਵੰਤ ਸਿੰਘ ਪਨੂੰ ਨੇ ਕਿਹਾ ਕਿ ਇਸ ਮਾਮਲੇ ਨੂੰ ਸੰਯੁਕਤ ਰਾਸ਼ਟਰ ਕੋਲ ਉਠਾਇਆ ਜਾਵੇਗਾ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੈਡ ਗ੍ਰੰਥੀ ਗਿਆਨੀ ਗੁਰਮੁਖ ਸਿੰਘ ਨੇ ਪੀ. ਚਿਦੰਬਰਮ ਦੇ ਬਿਆਨ ਦੀ ਨਿਖੇਧੀ ਕੀਤੀ ਹੈ। ਦਮਦਮੀ ਟਕਸਾਲ ਦੇ ਮੁੱਖ ਬੁਲਾਰੇ ਭਾਈ ਮੋਹਕਮ ਸਿੰਘ ਨੇ ਕਿਹਾ ਕਿ ਜਿੰਨੀ ਦੇਰ ਸਿੱਖ ਕੌਮ ਨੂੰ ਇਨਸਾਫ ਨਹੀਂ ਮਿਲਦਾ ਸੰਘਰਸ਼ ਜਾਰੀ ਰਹੇਗਾ।

# ਸ਼੍ਰੋਮਣੀ ਕਮੇਟੀ ਵੱਲੋਂ ਨਿਊਜ਼ੀਲੈਂਡ ਦੀ ਵਿਦਿਅਕ ਸੰਸਥਾ ਨਾਲ ਸਮਝੌਤਾ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਤੇ ਨਿਊਜ਼ੀਲੈਂਡ ਦੇ ਹੈਮਿਲਟਨ ਸ਼ਹਿਰ ਵਿਚ ਸਥਿਤ ਵਾਇਕਾਟੋ ਇੰਸਟੀਚਿਊਟ ਆਫ ਟੈਕਨਾਲੋਜੀ (ਵਿਨਟਕ) ਵਿਚਾਲੇ ਵਿਦਿਅਕ ਸਮਝੌਤਾ ਹੋਇਆ ਹੈ। ਇਸ ਤਹਿਤ ਹੁਣ ਸ਼੍ਰੋਮਣੀ ਕਮੇਟੀ ਦੇ ਵਿਦਿਅਕ ਅਦਾਰਿਆਂ ਵਿਚ ਪੜ੍ਹਨ ਵਾਲੇ ਵਿਦਿਆਰਥੀ ਨਿਊਜ਼ੀਲੈਂਡ ਵਿਖੇ ਜਾ ਕੇ ਪੜ੍ਹਾਈ ਕਰ ਸਕਣਗੇ ਤੇ ਉਨ੍ਹਾਂ ਨੂੰ ਨਿਊਜ਼ੀਲੈਂਡ ਦੀ ਕੌਮਾਂਤਰੀ ਮਾਨਤਾ ਪ੍ਰਾਪਤ ਡਿਗਰੀ ਪ੍ਰਾਪਤ ਹੋਵੇਗੀ।



ਇਹ ਸਮਝੌਤਾ ਨਿਊਜ਼ੀਲੈਂਡ ਦੇ ਹੈਮਿਲਟਨ ਸ਼ਹਿਰ ਵਿਖੇ ਹੋਇਆ ਜਿਥੇ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਤੇ ਵਿਨਟਕ ਦੇ ਸੀ.ਈ.ਓ. ਮਾਰਕ ਫਲਾਅਰ ਨੇ ਐਮ.ਓ.ਯੂ. (ਮੈਮੋਰੰਡਮ ਆਫ ਅੰਡਰਸਟੈਂਡਿੰਗ) ਉਤੇ ਸਹੀ ਪਾਈ ਹੈ।

ਇਸ ਬਾਰੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਤੇ ਡਾਇਰੈਕਟਰ ਐਜੂਕੇਸ਼ਨ ਡਾ. ਗੁਰਮੋਹਨ ਸਿੰਘ ਵਾਲੀਆ ਨੇ ਦੱਸਿਆ ਕਿ ਇਸ ਸਮਝੌਤੇ ਨਾਲ ਵਿਦਿਆਰਥੀਆਂ ਨੂੰ ਮੈਨੇਜਮੈਂਟ ਤੇ ਤਕਨਾਲੋਜੀ ਦੇ ਖੇਤਰ ਵਿਚ ਦੁਨੀਆ ਦੇ ਇਸ ਬਿਹਤਰ ਅਦਾਰੇ 'ਚ ਪੜ੍ਹਾਈ ਕਰਨ ਦੇ ਮੌਕੇ ਪ੍ਰਾਪਤ ਹੋਣਗੇ ਤੇ ਉਨ੍ਹਾਂ ਨੂੰ ਨਿਊਜ਼ੀਲੈਂਡ 'ਚ ਪੜ੍ਹਨ ਲਈ ਜਾਣ ਵਾਸਤੇ ਕਿਸੇ ਏਜੰਟ ਦੀ ਲੋੜ ਨਹੀਂ ਪਵੇਗੀ। ਇਸ ਸਮਝੌਤੇ ਤਹਿਤ ਵਿਦਿਆਰਥੀ ਦੋ ਸਾਲ ਸ਼੍ਰੋਮਣੀ ਕਮੇਟੀ ਦੇ ਅਦਾਰਿਆਂ 'ਚ ਪੜ੍ਹਾਈ ਕਰਨਗੇ ਤੇ ਦੋ ਸਾਲ ਨਿਊਜ਼ੀਲੈਂਡ ਵਿਖੇ ਵਿਨਟਕ 'ਚ ਪੜ੍ਹਾਈ ਕਰਨਗੇ। ਉਨ੍ਹਾਂ ਨੂੰ ਇਸ ਬਾਰੇ ਕੌਮਾਂਤਰੀ ਮਾਨਤਾ ਪ੍ਰਾਪਤ ਨਿਊਜ਼ੀਲੈਂਡ ਦੀ ਡਿਗਰੀ ਮਿਲੇਗੀ।

ਇਸੇ ਸਮਝੌਤੇ ਤਹਿਤ ਨਿਊਜ਼ੀਲੈਂਡ ਦੇ ਅਧਿਆਪਕ ਸ਼੍ਰੋਮਣੀ ਕਮੇਟੀ ਦੇ ਵਿਦਿਅਕ ਅਦਾਰਿਆਂ 'ਚ ਕੁਝ ਸਮਾਂ ਆ ਕੇ ਸਿੱਖਿਆ ਦੇਣਗੇ ਤੇ ਸ਼੍ਰੋਮਣੀ ਕਮੇਟੀ ਕਾਲਜਾਂ ਦੇ ਅਧਿਆਪਕ ਨਿਊਜ਼ੀਲੈਂਡ 'ਚ ਆਦਾਨ-ਪ੍ਰਦਾਨ ਪ੍ਰੋਗਰਾਮ ਤਹਿਤ ਜਾ ਸਕਣਗੇ। ਇਸ ਸਮਝੌਤੇ ਤਹਿਤ ਵਿਦਿਆਰਥੀ ਚਾਰ ਕੋਰਸਾਂ 'ਚ ਦਾਖਲਾ ਲੈ ਸਕਣਗੇ। ਇਨ੍ਹਾਂ ਕੋਰਸਾਂ 'ਚ ਬੈਚਲਰ ਆਫ ਬਿਜਨਸ ਸਟਡੀਜ਼, ਬੈਚਲਰ ਆਫ ਟੈਕਨਾਲੋਜੀ, ਗਰੈਜੂਏਟ ਡਿਪਲੋਮਾ ਇਨ ਬਿਜਨੈਸ ਤੇ ਗਰੈਜੂਏਟ ਡਿਪਲੋਮਾ ਇਨ ਇਨਫਰਮੇਸ਼ਨ ਟੈਕਨਾਲੋਜੀ ਸ਼ਾਮਲ ਹਨ।

ਭਾਰਤ ਤੋਂ ਗਏ ਸ਼੍ਰੋਮਣੀ ਕਮੇਟੀ ਦੇ ਇਸ ਵਫਦ 'ਚ ਜਥੇਦਾਰ ਅਵਤਾਰ ਸਿੰਘ ਦੇ ਨਾਲ ਸ਼੍ਰੋਮਣੀ ਕਮੇਟੀ ਦੇ ਡਾਇਰੈਕਟਰ ਐਜੂਕੇਸ਼ਨ ਡਾ. ਗੁਰਮੋਹਨ ਸਿੰਘ ਵਾਲੀਆ, ਡਾ. ਧਰਮਿੰਦਰ ਸਿੰਘ ਉਭਾ, ਪ੍ਰਿੰਸੀਪਲ, ਖਾਲਸਾ ਕਾਲਜ, ਪਟਿਆਲਾ ਤੇ ਡਾ. ਮਨੋਹਰ ਸਿੰਘ ਸੈਣੀ, ਡਾਇਰੈਕਟਰ, ਗੁਰੂ ਨਾਨਕ ਇੰਜਨੀਅਰਿੰਗ ਕਾਲਜ, ਲੁਧਿਆਣਾ, ਸ਼੍ਰੋਮਣੀ ਕਮੇਟੀ ਦੇ ਵਧੀਕ ਸਕੱਤਰ ਅਵਤਾਰ ਸਿੰਘ, ਨਿੱਜੀ ਸਹਾਇਕ ਪਰਮਜੀਤ ਸਿੰਘ ਸ਼ਾਮਲ ਸਨ।

## ਮਾਨ ਵੱਲੋਂ ਸ਼੍ਰੋਮਣੀ ਕਮੇਟੀ ਪ੍ਰਧਾਨ ਦੇ ਅਧਿਕਾਰਾਂ ਨੂੰ ਚੁਣੌਤੀ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਮਿਆਦ ਪੁੱਗ ਚੁੱਕੀ ਸ਼੍ਰੋਮਣੀ ਕਮੇਟੀ ਦੀ ਸੰਸਥਾ ਤੇ ਉਸ ਦੇ ਪ੍ਰਧਾਨ ਨੂੰ ਕੋਈ ਵੀ ਵੱਡਾ ਫੈਸਲਾ ਲੈਣ ਜਾਂ ਵੱਡੇ ਬਜਟ ਦਾ ਖਰਚ ਕਰਨ ਦਾ ਅਧਿਕਾਰ ਨਹੀਂ ਹੈ। ਜਥੇਦਾਰ ਅਵਤਾਰ ਸਿੰਘ ਮੱਕੜ ਨੂੰ ਲਿਖੇ ਪੱਤਰ ਵਿਚ ਸ. ਮਾਨ ਨੇ ਕਿਹਾ ਕਿ 30 ਅਗਸਤ 2009 ਨੂੰ ਮੌਜੂਦਾ ਸ਼੍ਰੋਮਣੀ ਕਮੇਟੀ ਦੀ ਸੰਸਥਾ ਦੀ ਕਾਨੂੰਨੀ ਤੇ ਵਿਧਾਨਕ ਮਿਆਦ ਖਤਮ ਹੋ ਚੁੱਕੀ ਹੈ ਤੇ ਸੰਸਥਾ ਦੀ ਨਵੀਂ ਚੋਣ ਹੋਣ ਤੱਕ ਉਸ ਦੇ ਪ੍ਰਧਾਨ ਜਾਂ ਕਾਰਜਕਾਰੀ ਕਮੇਟੀ ਨੂੰ ਕੋਈ ਕਾਨੂੰਨੀ ਅਧਿਕਾਰ ਨਹੀਂ ਹੁੰਦਾ ਕਿ ਉਹ ਇਸ ਸੰਸਥਾ ਦੇ ਅਹੁਦੇ ਦੀ ਦੁਰਵਰਤੋਂ ਕਰਕੇ ਕੋਈ ਫੈਸਲਾ ਕਰੇ ਜਾਂ ਉਸ ਸੰਸਥਾ ਦੇ ਬਜਟ ਵਿਚੋਂ ਕੋਈ ਖਰਚ ਕਰੇ।



ਜਥੇਦਾਰ ਅਵਤਾਰ ਸਿੰਘ ਮੱਕੜ ਵੱਲੋਂ ਤਿੰਨ ਮੈਂਬਰੀ ਵਫਦ ਨਿਊਜ਼ੀਲੈਂਡ ਲੈ ਕੇ ਜਾਣ 'ਤੇ ਇਤਰਾਜ਼ ਕਰਦਿਆਂ ਸ. ਮਾਨ ਨੇ ਕਿਹਾ ਕਿ ਜਦੋਂ ਤਕ ਸ਼੍ਰੋਮਣੀ ਕਮੇਟੀ ਦੀ ਚੋਣ ਨਹੀਂ ਹੋ ਜਾਂਦੀ ਤੇ ਨਵੀਂ ਕਾਰਜਕਾਰਨੀ ਨਹੀਂ ਬਣ ਜਾਂਦੀ, ਅਜਿਹਾ ਪ੍ਰੋਗਰਾਮ ਬਣਾਉਣਾ ਕਮੇਟੀ ਦੇ ਵਿਧਾਨਕ ਨਿਯਮਾਂ ਦੀ ਉਲੰਘਣਾ ਹੈ। ਉਨ੍ਹਾਂ ਕਿਹਾ ਕਿ ਦੌਰੇ ਦੌਰਾਨ ਕਮੇਟੀ ਦੇ ਖਜ਼ਾਨੇ ਵਿਚੋਂ ਪੈਸੇ ਖਰਚਣੇ ਸਿੱਖ ਕੌਮ ਦੇ ਖਜ਼ਾਨੇ ਦੀ ਦੁਰਵਰਤੋਂ ਹੋਵੇਗੀ। ਪੱਤਰ ਵਿਚ ਉਨ੍ਹਾਂ ਲਿਖਿਆ ਹੈ ਕਿ ਬੀਤੇ ਦੋ ਸਾਲਾਂ ਤੋਂ ਜਦੋਂ ਤੋਂ ਸ਼੍ਰੋਮਣੀ ਕਮੇਟੀ ਦੀ ਮਿਆਦ ਖਤਮ ਹੋ ਚੁੱਕੀ ਹੈ, ਉਦੋਂ ਤੋਂ ਹੀ ਗ਼ੈਰ-ਕਾਨੂੰਨੀ ਤਰੀਕੇ ਨਾਲ ਸਿੱਖ ਕੌਮ ਦੀਆਂ ਭਾਵਨਾਵਾਂ ਦੇ ਵਿਰੁੱਧ ਜਾ ਕੇ ਫੈਸਲੇ ਕੀਤੇ ਜਾ ਰਹੇ ਹਨ ਤੇ ਸਿੱਖ ਕੌਮ ਦੇ ਵਡਮੁੱਲੇ ਖਜ਼ਾਨੇ ਦੀ ਕਥਿਤ ਦੁਰਵਰਤੋਂ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਸਿੱਖ ਕੌਮ ਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਮਿਆਦ ਪੁੱਗਾ ਚੁੱਕੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਾਂ ਕਾਰਜਕਾਰਨੀ ਮੈਂਬਰਾਂ ਨੂੰ ਅਜਿਹੀਆਂ ਮਨਮਾਨੀਆਂ ਨਹੀਂ ਕਰਨ ਦੇਣਗੇ।

# ਅੰਮ੍ਰਿਤਸਰ ਨੂੰ ਵਿਰਾਸਤੀ ਸ਼ਹਿਰ ਦੇ ਦਰਜੇ ਦਾ ਮਾਮਲਾ ਕੇਂਦਰ ਕੋਲ ਉਠਾਇਆ



**ਅੰਮ੍ਰਿਤਸਰ:** ਕਾਂਗਰਸੀ ਆਗੂਆਂ ਨੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨਾਲ ਮੁਲਾਕਾਤ ਕਰਕੇ ਅੰਮ੍ਰਿਤਸਰ ਨੂੰ ਵਿਰਾਸਤੀ ਸ਼ਹਿਰ ਦਾ ਦਰਜਾ ਦੇਣ ਤੇ ਇੱਥੇ ਵਿਸ਼ਵ ਪੱਧਰੀ ਯੂਨੀਵਰਸਿਟੀ ਕਾਇਮ ਕਰਨ ਦਾ ਮੁੱਦਾ ਰੱਖਿਆ। ਪ੍ਰਧਾਨ ਮੰਤਰੀ ਨਾਲ ਮੁਲਾਕਾਤ ਉਪਰੰਤ ਸਾਬਕਾ ਵਿਧਾਇਕ ਜੁਗਲ ਕਿਸ਼ੋਰ ਸ਼ਰਮਾ ਨੇ ਦੱਸਿਆ ਕਿ ਦਿੱਲੀ ਵਿਖੇ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਸਮੇਂ ਉਨ੍ਹਾਂ ਅੰਮ੍ਰਿਤਸਰ ਦੇ ਵਿਕਾਸ ਬਾਰੇ ਮੰਗ ਪੱਤਰ ਦਿੱਤਾ ਹੈ।

ਸ੍ਰੀ ਸ਼ਰਮਾ ਨੇ ਪ੍ਰਧਾਨ ਮੰਤਰੀ ਕੋਲ ਅੰਮ੍ਰਿਤਸਰ ਸ਼ਹਿਰ ਨੂੰ ਵਿਰਾਸਤੀ ਸ਼ਹਿਰ ਦਾ ਦਰਜਾ ਦੇਣ ਦੀ ਮੰਗ ਰੱਖੀ ਹੈ। ਉਨ੍ਹਾਂ ਕਿਹਾ ਕਿ ਇਹ ਇਤਿਹਾਸਕ ਤੇ ਧਾਰਮਿਕ ਮਹੱਤਤਾ ਵਾਲਾ ਸ਼ਹਿਰ ਹੈ। ਇਸ ਲਈ ਇਸ ਨੂੰ ਵਿਰਾਸਤੀ ਸ਼ਹਿਰ ਦਾ ਦਰਜਾ ਦਿੱਤਾ ਜਾਵੇ ਤਾਂ ਜੋ ਇਸ ਦਾ ਹੋਰ ਵੀ ਵਿਕਾਸ ਸੰਭਵ ਹੋ ਸਕੇ। ਉਨ੍ਹਾਂ ਇੱਥੇ ਵਿਸ਼ਵ ਪੱਧਰੀ ਯੂਨੀਵਰਸਿਟੀ ਕਾਇਮ ਕਰਨ ਦੀ ਕੇਂਦਰੀ ਯੋਜਨਾ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਸ ਮਾਮਲੇ ਨੂੰ ਹੁਣ ਤੱਕ ਅੰਜਾਮ ਨਹੀਂ ਦਿੱਤਾ ਗਿਆ। ਇਸ ਲਈ ਇਸ ਬਾਰੇ ਜਾਂਚ ਕਰਵਾਈ ਜਾਵੇ। ਉਨ੍ਹਾਂ ਸਰਹੱਦੀ ਜ਼ਿਲ੍ਹੇ ਵਿਚ ਵਿਸ਼ੇਸ਼ ਆਰਥਿਕ ਜ਼ੋਨ ਸਥਾਪਤ ਕਰਕੇ ਸਨਅਤੀ ਖੇਤਰ ਨੂੰ ਉਤਸ਼ਾਹਤ ਕਰਨ ਤੇ ਸਰਹੱਦੀ ਖੇਤਰ ਵਿਚ ਬਿਹਤਰ ਮੁੱਢਲੇ ਢਾਂਚੇ ਦੀ ਸਥਾਪਨਾ ਲਈ ਵਿਕਾਸ ਪੈਕੇਜ ਦੇਣ ਦੀ ਮੰਗ ਕੀਤੀ। ਉਨ੍ਹਾਂ ਮੰਗ ਕੀਤੀ ਕਿ ਅੰਮ੍ਰਿਤਸਰ ਸਰਹੱਦੀ ਰਸਤੇ ਪਾਕਿਸਤਾਨ ਨਾਲ ਦੁਵੱਲੇ ਵਪਾਰ ਦੀਆਂ ਵੱਡੀਆਂ ਸੰਭਾਵਨਾਵਾਂ ਨੂੰ ਦੇਖਦਿਆਂ ਇਥੇ ਵਿਕਾਸ ਨੂੰ ਵਧੇਰੇ ਤਰਜੀਹ ਦਿੱਤੀ ਜਾਵੇ।

ਉਨ੍ਹਾਂ ਅੰਮ੍ਰਿਤਸਰ ਦੇ ਹਵਾਈ ਅੱਡੇ ਤੋਂ ਘਰੇਲੂ ਤੇ ਕੌਮਾਂਤਰੀ ਹਵਾਈ ਉਡਾਣਾਂ ਨੂੰ ਤਬਦੀਲ ਕੀਤੇ ਜਾਣ ਦਾ ਮੁੱਦਾ ਵੀ ਉਭਾਰਿਆ ਤੇ ਮੰਗ ਕੀਤੀ ਕਿ ਇੱਥੋਂ ਰੱਦ ਕੀਤੀਆਂ ਗਈਆਂ ਉਡਾਣਾਂ ਨੂੰ ਮੁੜ ਬਹਾਲ ਕੀਤਾ ਜਾਵੇ। ਅੰਮ੍ਰਿਤਸਰ ਤੋਂ ਜਲੰਧਰ ਤੱਕ ਚਾਰਮਾਰਗੀ ਸੜਕ ਬਣਾਉਣ 'ਤੇ ਰੁਕੇ ਹੋਏ ਕੰਮ ਨੂੰ ਚਾਲੂ ਕਰਵਾਇਆ ਜਾਵੇ ਤੇ ਇਸ ਵਿਚ ਹੋ ਰਹੀ ਦੇਰ ਦੇ ਕਾਰਨਾਂ ਦੀ ਜਾਂਚ ਕਰਵਾਈ ਜਾਵੇ। ਉਨ੍ਹਾਂ ਤਰਨਤਾਰਨ-ਫਿਰੋਜ਼ਪੁਰ ਰੇਲ ਲਿੰਕ ਨੂੰ ਜੋੜਨ ਦੀ ਮੰਗ ਕੀਤੀ ਹੈ ਤੇ ਅੰਮ੍ਰਿਤਸਰ-ਚੰਡੀਗੜ੍ਹ ਵਿਚਾਲੇ ਸਿੱਧੀ ਰੇਲ ਸੇਵਾ ਸ਼ੁਰੂ ਕਰਨ ਲਈ ਵੀ ਅਪੀਲ ਕੀਤੀ।

# ਪਰਵਾਸੀ ਭਾਰਤੀ ਗਦਰੀਆਂ ਬਾਰੇ ਫ਼ਿਲਮ ਬਣਾਉਣਗੇ

## 'ਗਦਰ ਦੀ ਗੂੰਜ' ਅਖ਼ਬਾਰ ਦੀ 100ਵੀਂ ਵਰ੍ਹੇਗੰਢ ਨੂੰ ਸਮਰਪਿਤ ਹੋਵੇਗੀ ਫ਼ਿਲਮ

**ਬਰਨਾਲਾ:** ਦੇਸ਼ ਲਈ ਤਨ, ਮਨ, ਧਨ ਵਾਰ ਗਏ ਸ਼ਹੀਦ ਗਦਰੀ ਬਾਬਿਆਂ ਦੀਆਂ ਭੁੱਲੀਆਂ ਵਿਸਰੀਆਂ ਯਾਦਾਂ ਨੂੰ ਮੁੜ ਤਾਜ਼ਾ ਤੇ ਸੰਚਾਰਿਤ ਕਰਨ ਲਈ ਇਕ ਪਰਵਾਸੀ ਭਾਰਤੀ ਨੇ 'ਅਣਖੀਲੇ ਸੂਰਮੇ ਗਦਰੀ ਬਾਬੇ' ਨਾਂ ਦੀ ਪੰਜਾਬੀ ਫ਼ਿਲਮ ਬਣਾਉਣ ਦਾ ਬੀੜਾ ਚੁੱਕਿਆ ਹੈ। ਇਹ ਉੱਦਮ 'ਗਦਰ ਦੀ ਗੂੰਜ' ਅਖ਼ਬਾਰ ਦੀ ਸੰਨ 2013 ਵਿਚ ਆ ਰਹੀ 100ਵੀਂ ਵਰ੍ਹੇਗੰਢ ਨੂੰ ਸਮਰਪਿਤ ਹੋਵੇਗਾ।

ਬਰਨਾਲਾ ਪਹੁੰਚੇ ਜ਼ਿਲ੍ਹੇ ਦੇ ਪਿੰਡ ਫਰਵਾਹੀ ਦੇ ਜੰਮਪਲ ਤੇ ਹੁਣ ਕੈਲੀਫੋਰਨੀਆ (ਅਮਰੀਕਾ) ਵਿਚ ਵਸਦੇ ਭਗਤ ਗੁਰਦਿੱਤਾ ਜੀ ਇੰਟਰਨੈਸ਼ਨਲ ਚੈਰੀਟੇਬਲ ਆਰਗੇਨਾਈਜ਼ੇਸ਼ਨ ਦੇ ਪ੍ਰਧਾਨ ਸੁਖਦੇਵ ਸਿੰਘ ਨੇ ਦੱਸਿਆ ਕਿ ਭਾਵੇਂ ਕਿ ਉਨ੍ਹਾਂ ਦੀ ਸੰਸਥਾ ਆਲਮੀ ਪੱਧਰ 'ਤੇ ਕੁਦਰਤੀ ਆਫਤਾਂ ਤੇ ਗੁਰਬਤ ਦੇ ਸ਼ਿਕਾਰ ਲੋਕਾਂ ਦੀ ਮਦਦ ਲਈ ਯਤਨਸ਼ੀਲ ਹੈ ਪਰ ਹੁਣ ਉਨ੍ਹਾਂ ਸ਼ਹੀਦ ਕਰਤਾਰ ਸਿੰਘ ਸਰਾਭਾ ਤੇ ਗਦਰ ਲਹਿਰ ਦੇ ਆਗੂਆਂ ਦੀ ਸੋਚ, ਸੰਘਰਸ਼ ਤੇ ਜੀਵਨ ਬਾਰੇ ਨੌਜਵਾਨ ਪੀੜ੍ਹੀ ਨੂੰ ਜਾਣੂ ਕਰਵਾਉਣ ਲਈ ਇਹ ਪੰਜਾਬੀ ਫ਼ਿਲਮ ਬਣਾਉਣ ਦਾ ਫੈਸਲਾ ਕੀਤਾ ਹੈ।

ਉਨ੍ਹਾਂ ਕਿਹਾ ਕਿ ਹਿੰਦੋਸਤਾਨ ਨੂੰ ਅੰਗਰੇਜ਼ਾਂ ਤੋਂ ਮੁਕਤ ਕਰਵਾਉਣ ਲਈ ਅਮਰੀਕਾ ਵਸਦੇ ਬਾਬਾ ਸੋਹਣ ਸਿੰਘ ਭਕਨਾ, ਹਰਨਾਮ ਸਿੰਘ ਟੁੰਡੀਲਾਟ, ਲਾਲਾ ਹਰਦਿਆਲ ਤੇ ਕਰਤਾਰ ਸਿੰਘ ਸਰਾਭਾ ਤੇ ਹੋਰਾਂ ਨੂੰ ਆਪਣੇ ਸੁਖ ਸਾਧਨ ਤਿਆਗ ਕੇ ਗਦਰ ਲਹਿਰ ਚਲਾਈ ਤੇ ਸ਼ਹੀਦੀਆਂ ਪਾਈਆਂ। ਅਮਰੀਕਾ ਵਿਖੇ ਯੁਗਾਂਤਰ ਆਸ਼ਰਮ ਸਾਨਫਰਾਂਸਿਸਕੋ, ਗੁਰਦੁਆਰਾ ਸਟਾਕਟਨ, ਸੈਕਰਾਮੈਂਟੋ ਤੇ ਯੂਬਾ ਸਿਟੀ (ਕੈਲੇਫੋਰਨੀਆ) ਉਨ੍ਹਾਂ ਦੀਆਂ ਸਰਗਰਮੀਆਂ ਦੇ ਪ੍ਰਮੁੱਖ ਕੇਂਦਰ ਸਨ।

ਉਨ੍ਹਾਂ ਕਿਹਾ ਕਿ ਦੇਸ਼ ਭਗਤ ਗਦਰੀ ਆਗੂਆਂ ਦੇ ਸਿਰੜ ਸਿਦਕ ਤੇ ਜਜ਼ਬੇ ਨੂੰ ਨਵੀਂ ਪੀੜ੍ਹੀ ਦਾ ਪ੍ਰੇਰਨਾ ਸਰੋਤ ਬਣਾਉਣ ਲਈ ਪੰਜਾਬੀ ਫ਼ਿਲਮ 'ਅਣਖੀਲੇ ਸੂਰਮੇ ਗਦਰੀ ਬਾਬੇ' ਬਣਾਉਣ ਲਈ ਉਨ੍ਹਾਂ ਦੀ ਪੰਜਾਬੀ ਫ਼ਿਲਮਾਂ ਦੇ ਨਾਮਵਰ ਨਿਰਦੇਸ਼ਕ ਰਵਿੰਦਰ ਰਵੀ ਤੇ ਪਰਮਜੀਤ ਸ਼ੀਤਲ ਨਾਲ ਗੱਲਬਾਤ ਹੋ ਚੁੱਕੀ ਹੈ। ਸ਼ਹੀਦ ਕਰਤਾਰ ਸਿੰਘ ਸਰਾਭਾ ਫਾਊਂਡੇਸ਼ਨ (ਸਰਾਭਾ) ਭਾਰਤ ਤੇ ਸ਼ਹੀਦ ਕਰਤਾਰ ਸਿੰਘ ਸਰਾਭਾ ਮੈਮੋਰੀਅਲ ਸੁਸਾਇਟੀ (ਅਮਰੀਕਾ) ਦੇ ਸਹਿਯੋਗ ਸਦਕਾ ਦੇਸ਼ ਤੇ ਵਿਦੇਸ਼ ਵਿਚੋਂ ਫੰਡ ਇਕੱਤਰ ਕਰਕੇ ਇਹ ਪ੍ਰਾਜੈਕਟ ਪੂਰਾ ਕੀਤੇ ਜਾਣ ਦੀ ਯੋਜਨਾ ਹੈ।

ਉਨ੍ਹਾਂ ਇਹ ਵੀ ਦੱਸਿਆ ਕਿ ਗਦਰੀ ਬਾਬਿਆਂ ਦੇ ਵਿਦੇਸ਼ ਵਸਦੇ 250-300 ਦੇ ਕਰੀਬ ਪਰਿਵਾਰਾਂ ਤੋਂ ਵੀ ਸੰਪਰਕ ਕਰਕੇ ਸਹਿਯੋਗ ਤੇ ਸਮਰਥਨ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਫ਼ਿਲਮਾਂਕਣ ਦੇ ਤਿੰਨ ਪੜਾਅ ਮਿੱਥੇ ਗਏ ਹਨ, ਪਹਿਲੇ ਛੇ ਮਹੀਨੇ ਗਦਰੀ ਬਾਬਿਆਂ ਦੇ ਜੀਵਨ ਸੰਘਰਸ਼ ਸਬੰਧੀ ਖੋਜ ਕਾਰਜ ਹਿਤ ਸਬੰਧਤ ਧਿਰਾਂ, ਸੰਸਥਾਵਾਂ, ਵਾਰਸਾਂ ਤੇ ਸ਼ਖਸੀਅਤਾਂ ਨੂੰ ਮਿਲਿਆ ਜਾਵੇਗਾ। ਅਗਲੇ ਤਿੰਨ ਮਹੀਨੇ ਸ਼ੂਟਿੰਗ ਤੇ ਹੋਰ ਤਿੰਨ ਮਹੀਨੇ ਪ੍ਰੋਡਕਸ਼ਨ ਕਾਰਜ ਕੀਤਾ ਜਾਵੇਗਾ।

ਅਮਰੀਕਾ ਤੇ ਇੰਗਲੈਂਡ ਦੇ ਨਿਵਾਸੀ ਤੇ ਸ਼ਹੀਦ ਕਰਤਾਰ ਸਿੰਘ ਸਰਾਭਾ ਫਾਊਂਡੇਸ਼ਨ (ਸਰਾਭਾ) ਦੇ ਚੇਅਰਮੈਨ ਹੁਸ਼ਿਆਰ ਸਿੰਘ ਗਰੇਵਾਲ ਨੇ ਸੰਪਰਕ ਕਰਨ 'ਤੇ ਦੱਸਿਆ ਕਿ ਭਾਵੇਂ ਉਨ੍ਹਾਂ ਦੀ ਸੰਸਥਾ ਵੱਲੋਂ ਚਲਾਇਆ ਜਾ ਰਿਹਾ ਗਰੁੱਪ ਆਫ ਮੈਡੀਕਲ ਇੰਸਟੀਚਿਊਟ ਖੁਦ ਮਾਲੀ ਤੰਗੀ ਝੱਲ ਰਿਹਾ ਹੈ ਪਰ ਜੇ ਸ਼ਹੀਦਾਂ ਦੀ ਯਾਦ ਵਿਚ ਕੋਈ ਅਮਲੀ ਰੂਪ ਵਿਚ ਉਪਰਾਲਾ ਹੁੰਦਾ ਹੈ ਤਾਂ ਉਹ ਜ਼ਰੂਰ ਸਹਿਯੋਗ ਦੇਣਗੇ।

# ਧੋਖੇਬਾਜ਼ ਪਰਵਾਸੀ ਲਾੜਿਆਂ ਖ਼ਿਲਾਫ਼ ਸ਼ਿਕੰਜਾ ਕੱਸਣ ਦੀ ਤਿਆਰੀ

**ਚੰਡੀਗੜ੍ਹ:** ਪੰਜਾਬ ਵਿਚ ਪਰਵਾਸੀ ਲਾੜਿਆਂ ਵੱਲੋਂ ਛੁੱਟੀਆਂ ਦੌਰਾਨ ਭਾਰਤੀ ਲੜਕੀਆਂ ਨਾਲ ਵਿਆਹ ਕਰਵਾ ਕੇ ਕੀਤੀ ਜਾਂਦੀ ਧੋਖਾਧੜੀ ਦੇ ਮੱਦੇਨਜ਼ਰ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਦੋਸ਼ੀ ਲਾੜਿਆਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਦੀ ਹਦਾਇਤ ਦਿੱਤੀ ਹੈ। ਅਦਾਲਤ ਅਨੁਸਾਰ ਇਨ੍ਹਾਂ ਲਾੜਿਆਂ ਨੂੰ ਵਿਦੇਸ਼ਾਂ ਵਿਚੋਂ ਵਾਪਸ ਬੁਲਾ ਕੇ ਇਨ੍ਹਾਂ ਖ਼ਿਲਾਫ਼ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਜ਼ਿਕਰਯੋਗ ਹੈ ਕਿ ਪਿਛਲੇ 20 ਸਾਲਾਂ ਵਿਚ ਪੰਜਾਬ ਵਿਚ 15 ਹਜ਼ਾਰ ਅਜਿਹੇ ਕੇਸ ਸਾਹਮਣੇ ਆਏ ਹਨ ਜਿਸ ਵਿਚ ਪਰਵਾਸੀ ਲਾੜਿਆਂ ਨੇ ਭਾਰਤੀ ਲੜਕੀਆਂ ਨਾਲ ਧੋਖੇਬਾਜ਼ੀ ਕੀਤੀ ਹੋਵੇ। ਅਦਾਲਤ ਨੇ ਇਹ ਹੁਕਮ ਉਸ ਸਮੇਂ ਸੁਣਾਏ ਜਦੋਂ ਪੀੜਤ ਲੜਕੀ ਪਵਨਦੀਪ ਕੌਰ ਵੱਲੋਂ ਦਾਇਰ ਪਟੀਸ਼ਨ ਦੀ ਸੁਣਵਾਈ ਕੀਤੀ ਜਾ ਰਹੀ ਸੀ। ਪਵਨਦੀਪ ਦਾ ਵਿਆਹ ਇੰਗਲੈਂਡ ਦੇ ਪਰਮਦੀਪ ਨਾਲ ਅਪਰੈਲ 2010 ਵਿਚ ਹੋਇਆ ਸੀ ਤੇ ਵਿਆਹ ਮਗਰੋਂ ਚਾਰ-ਪੰਜ ਦਿਨਾਂ ਬਾਅਦ ਉਹ ਵਾਪਸ ਇੰਗਲੈਂਡ ਚਲਾ ਗਿਆ ਸੀ ਤੇ ਵਾਪਸ ਨਹੀਂ ਆਇਆ। ਪਟੀਸ਼ਨ ਦੀ ਸੁਣਵਾਈ ਕਰਦਿਆਂ ਜਸਟਿਸ ਸੂਰਿਆ ਕਾਂਤ ਨੇ ਪੰਜਾਬ ਦੇ ਗ੍ਰਹਿ ਸਕੱਤਰ ਨੂੰ ਹੁਕਮ ਦਿੱਤੇ ਕਿ ਕੇਂਦਰੀ ਵਿਦੇਸ਼ ਮੰਤਰਾਲੇ ਨੂੰ ਇਸ ਕੇਸ ਦੀ ਰਿਪੋਰਟ ਭੇਜ ਕੇ ਪਰਮਦੀਪ ਨੂੰ ਵਾਪਸ ਭਾਰਤ ਲਿਆਉਣ ਦੀ ਗੱਲ ਕਹੀ ਜਾਵੇ। ਇਸ ਕੇਸ ਬਾਰੇ ਰਿਪੋਰਟ ਅਗਲੀ ਸੁਣਵਾਈ ਦੌਰਾਨ 9 ਸਤੰਬਰ ਨੂੰ ਪੇਸ਼ ਕਰਨ ਦੇ ਹੁਕਮ ਦਿੱਤੇ ਗਏ ਹਨ। ਅਦਾਲਤ ਨੇ ਇਹ ਵੀ ਕਿਹਾ ਹੈ ਕਿ ਪੀੜਤ ਲੜਕੀ ਨੂੰ ਫੌਰੀ ਰਾਹਤ ਦੇਣ ਲਈ ਸਹੁਰੇ ਪਰਿਵਾਰ ਵੱਲੋਂ ਉਸ ਨੂੰ 7500 ਰੁਪਏ ਪ੍ਰਤੀ ਮਹੀਨਾ ਰਹਿਣ-ਸਹਿਣ ਦਾ ਖਰਚਾ ਦਿੱਤਾ ਜਾਵੇ।







# ਅਫ਼ਗਾਨ ਸਿੱਖਾਂ ਲਈ ਭਾਰਤੀ ਸ਼ਹਿਰੀਅਤ ਦਾ ਰਾਹ ਪੱਧਰਾ

**ਨਿਊਯਾਰਕ (ਹਰਜਾਪ ਸਿੰਘ ਔਜਲਾ):** ਭਾਰਤ ਦੇ ਗ੍ਰਹਿ ਮੰਤਰੀ ਜਨਾਬ ਪੀ. ਚਿਦੰਬਰਮ ਨੇ ਦਿੱਲੀ ਵਿਚ ਐਲਾਨ ਕੀਤਾ ਹੈ ਕਿ ਜੋ ਸਿੱਖ ਅਫ਼ਗਾਨਿਸਤਾਨ ਦੇ ਹਾਲਾਤ ਤੋਂ ਦੁਖੀ ਹੋ ਕੇ ਭਾਰਤ ਵਿਚ 1979 ਤੋਂ ਪ੍ਰਵੇਸ਼ ਕਰ ਰਹੇ ਸਨ, ਉਨ੍ਹਾਂ ਨੂੰ ਭਾਰਤੀ ਸ਼ਹਿਰੀਅਤ ਦਿੱਤੀ ਜਾਵੇਗੀ। ਉਨ੍ਹਾਂ ਇਹ ਵੀ ਫਰਮਾਇਆ ਹੈ ਕਿ ਸਿੱਖ ਭਾਵੇਂ ਕਿਸੇ ਵੀ ਮੁਲਕ ਦੇ ਸ਼ਹਿਰੀ ਹਨ, ਭਾਰਤ 'ਤੇ ਉਨ੍ਹਾਂ ਦਾ ਅਧਿਕਾਰ ਹੈ ਅਤੇ ਜਦੋਂ ਵੀ ਤਕਲੀਫ਼ ਵਿਚ ਹੋਣ, ਉਹ ਭਾਰਤ ਦਾ ਕੁੰਡਾ ਖੜਕਾ ਸਕਦੇ ਹਨ। ਭਾਰਤ ਵਿਚ ਨਾ ਹੁੰਦਿਆਂ ਵੀ ਭਾਰਤ ਉਨ੍ਹਾਂ ਦਾ ਦੇਸ਼ ਹੈ, ਉਨ੍ਹਾਂ ਦਾ ਮੇਜ਼ਬਾਨ ਹੈ। ਇਹ ਖ਼ਬਰ 'ਡੇਅ ਐਂਡ ਨਾਈਟ ਨਿਊਜ਼ ਡਿੱਸ਼ ਨੈੱਟਵਰਕ ਚੈਨਲ 621' ਨੇ ਆਪਣੇ ਪੰਜਾਬੀ ਅਤੇ ਅੰਗਰੇਜ਼ੀ ਦੇ ਸਮਾਚਾਰ ਬੁਲੇਟਿਨਾਂ ਵਿਚ ਦਿੱਤੀ ਹੈ।

ਯਾਦ ਰਹੇ ਕਿ 1960 ਦੇ ਦਹਾਕੇ ਸਮੇਂ ਅਫ਼ਗਾਨਿਸਤਾਨ ਵਿਚ ਤਕਰੀਬਨ ਤਿੰਨ ਲੱਖ ਸਿੱਖ ਬਾਸ਼ਿੰਦੇ ਸਨ। 1979 ਵਿਚ ਜਦੋਂ ਸੋਵੀਅਤ ਸੰਘ ਨੇ ਅਫ਼ਗਾਨਿਸਤਾਨ ਵਿਚ ਫੌਜੀ ਮੁਦਾਖ਼ਲਤ ਕੀਤੀ, ਉਸ ਸਮੇਂ ਸਿੱਖ ਉਨ੍ਹਾਂ ਦੇ ਸਭ ਤੋਂ ਵੱਧ ਕਰੀਬ ਸਨ। ਸੋਵੀਅਤ ਸ਼ਾਸਕ, ਸਿੱਖਾਂ 'ਤੇ ਬਹੁਤ ਇਤਬਾਰ ਕਰਦੇ ਸਨ। ਇਸ ਕਾਰਨ ਕਾਬੁਲ, ਕੰਧਾਰ, ਜਲਾਲਾਬਾਦ, ਹੇਰਾਤ ਅਤੇ ਮਜ਼ਾਰ-ਏ-ਸ਼ਰੀਫ਼ ਵਿਚ ਵਸਦੇ ਸਿੱਖਾਂ ਦਾ ਖ਼ੂਬ ਬੋਲਬਾਲਾ ਰਿਹਾ। ਦਰਅਸਲ, ਅਫ਼ਗਾਨਿਸਤਾਨ ਦਾ ਵਧੇਰੇ ਕਾਰੋਬਾਰ ਸਿੱਖਾਂ ਦੇ ਹੱਥਾਂ ਵਿਚ ਹੀ ਸੀ।

ਜੇ ਮਹਾਂਨਗਰ ਵਿਚ ਸਿੱਖਾਂ ਦੀ ਚੜ੍ਹਤ ਸੀ ਤਾਂ ਦੇਹਾਤੀ ਖੇਤਰਾਂ ਵਿਚ ਉਨ੍ਹਾਂ ਨੂੰ ਤਾਲਿਬਾਨ ਜਿਹੇ ਅਨਸਰ ਹੈਰਾਨ ਅਤੇ ਪ੍ਰੇਸ਼ਾਨ ਵੀ ਕਰਦੇ ਸਨ। ਅਜਿਹੇ ਲਾਚਾਰ ਸਿੱਖ ਅਫ਼ਗਾਨਿਸਤਾਨ ਵਿਚੋਂ ਹਿਜਰਤ ਕਰ ਰਹੇ ਸਨ। 1989 ਵਿਚ ਜਦੋਂ ਸੋਵੀਅਤ ਫੌਜਾਂ ਨੇ ਅਫ਼ਗਾਨਿਸਤਾਨ ਤੋਂ ਵਾਪਸੀ ਕੀਤੀ ਤਾਂ ਆਹਿਸਤਾ-ਆਹਿਸਤਾ ਤਾਲਿਬਾਨ ਨੁਮਾ ਅਨਸਰਾਂ ਨੇ ਸਿੱਖਾਂ ਨੂੰ ਪੇਂਡੂ ਅਤੇ ਅਰਧ-ਸ਼ਹਿਰੀ ਖੇਤਰਾਂ ਤੋਂ ਖਦੇੜਨਾ ਸ਼ੁਰੂ ਕਰ ਦਿੱਤਾ। ਇੰਜ ਹੋਣ ਨਾਲ ਸਿੱਖਾਂ ਦਾ ਅਫ਼ਗਾਨਿਸਤਾਨ ਤੋਂ ਨਿਕਲਣ ਦਾ ਰੁਝਾਨ ਤੇਜ਼ ਹੋ ਗਿਆ। ਕੁਝ ਪ੍ਰਭਾਵਸ਼ਾਲੀ ਸਿੱਖਾਂ ਨੂੰ ਅਮਰੀਕਾ, ਕੈਨੇਡਾ, ਬਰਤਾਨੀਆ, ਆਸਟਰੇਲੀਆ ਆਦਿ ਦੇਸ਼ਾਂ ਵਿਚ ਸ਼ਰਨ ਲੈਣੀ ਪੈ ਗਈ। ਜਿਨ੍ਹਾਂ ਦਾ ਹੋਰ ਦੇਸ਼ਾਂ ਵਿਚ ਰਸੂਖ਼ ਨਹੀਂ ਸੀ, ਉਹ ਭਾਰਤ ਵਾਸਤੇ ਚਾਲੇ ਪਾ ਗਏ।

ਸੱਠਵਿਆਂ ਅਤੇ ਸੱਤਰਵਿਆਂ ਵਿਚ ਕਾਬੁਲ ਤੋਂ ਅੰਮ੍ਰਿਤਸਰ ਵਾਸਤੇ ਅਫ਼ਗਾਨ ਹਵਾਈ ਕੰਪਨੀ ਅਤੇ ਇੰਡੀਅਨ ਏਅਰ ਲਾਈਨਜ਼ ਦੀਆਂ ਬਦਸਤੂਰ ਉਡਾਨਾਂ ਚੱਲਦੀਆਂ ਰਹੀਆਂ ਹਨ। ਅਫ਼ਗਾਨ ਕਾਰੋਬਾਰੀ ਲੋਕ ਅੰਮ੍ਰਿਤਸਰ ਦੇ ਵਪਾਰੀਆਂ ਨੂੰ ਸੁੱਕੇ ਮੇਵੇ ਬਰਾਮਦ ਕਰਦੇ ਸਨ ਅਤੇ ਅੰਮ੍ਰਿਤਸਰ ਦੇ ਵਪਾਰੀ ਉਨ੍ਹਾਂ ਨੂੰ ਸੋਨਾ, ਸੋਨੇ ਦੇ ਗਹਿਣੇ, ਚਾਹ ਅਤੇ ਕੱਪੜਾ ਬਰਾਮਦ ਕਰਦੇ ਸਨ। ਅਫ਼ਗਾਨ ਸਿੱਖਾਂ ਦੇ ਪਲਾਇਨ ਕਾਰਨ ਅੰਮ੍ਰਿਤਸਰ ਅਤੇ ਕਾਬੁਲ ਦਰਮਿਆਨ ਹਵਾਈ ਸੇਵਾਵਾਂ ਵੀ ਠੱਪ ਹੋ ਕੇ ਰਹਿ ਗਈਆਂ ਹਨ।

ਇਸ ਵਕਤ ਭਾਰਤ ਵਿਚ ਵੀਹ ਹਜ਼ਾਰ ਤੋਂ ਵੱਧ ਅਫ਼ਗਾਨ ਸਿੱਖ ਰਹਿ ਰਹੇ ਹਨ। ਹਿੰਦੂ ਸ਼ਰਨਾਰਥੀਆਂ ਦੀ ਸੰਖਿਆ ਕਾਫ਼ੀ ਘੱਟ ਹੈ। ਇਨ੍ਹਾਂ ਪਨਾਹਗੀਰ ਸਿੱਖਾਂ ਵਿਚੋਂ ਬਹੁਤੇ ਦਿੱਲੀ ਅਤੇ ਇਸ ਦੇ ਆਸੇ-ਪਾਸੇ ਵਸ ਰਹੇ ਹਨ। ਕੁਝ ਪਰਿਵਾਰ ਅੰਮ੍ਰਿਤਸਰ ਵਿਚ ਵੀ ਰਹਿ ਰਹੇ ਹਨ। ਹੁਣ ਤਾਈਂ ਭਾਰਤ ਸਰਕਾਰ ਨੇ ਇਨ੍ਹਾਂ ਦੀ ਬਾਂਹ ਨਹੀਂ ਸੀ ਫੜੀ, ਲੇਕਿਨ ਹੁਣ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਪਰਮਜੀਤ ਸਿੰਘ ਸਰਨਾ, ਕੈਪਟਨ ਅਮਰਿੰਦਰ ਸਿੰਘ, ਮਹਾਰਾਣੀ ਪ੍ਰਨੀਤ ਕੌਰ ਆਦਿ ਨੇ ਆਪਣੇ ਯਤਨ ਤੇਜ਼ ਕਰ ਦਿੱਤੇ ਹਨ। ਦਬਾਓ ਕੇਂਦਰੀ ਸਰਕਾਰ ਉਪਰ ਵੀ ਪੈ ਰਿਹਾ ਹੈ ਅਤੇ ਦਿੱਲੀ ਦੀ ਮੁੱਖ ਮੰਤਰੀ ਮੁਹਤਰਮਾ ਸ਼ੀਲਾ ਦੀਕਸ਼ਿਤ ਉਪਰ ਵੀ। ਇਸ ਦਬਾਓ ਦਾ ਅਸਰ ਹੁਣ ਨਜ਼ਰ ਆ ਰਿਹਾ ਹੈ।

# ਛੋਟਾ ਰਾਜਨ ਨੇ ਕਰਵਾਈ ਪੱਤਰਕਾਰ ਡੇ ਦੀ ਹੱਤਿਆ

**ਮੁੰਬਈ:** ਮਿਡ ਡੇ ਅਖ਼ਬਾਰ ਦੇ ਕ੍ਰਾਈਮ ਰਿਪੋਟਰ ਜੋਤੀਰਮੋਏ ਡੇ ਨੂੰ ਚਾਰ ਮੋਟਰਸਾਈਕਲ 'ਤੇ ਸਵਾਰ ਹੋ ਕੇ ਆਏ ਹਮਲਾਵਰਾਂ ਨੇ 11 ਜੂਨ ਨੂੰ ਪੋਵਾਈ ਇਲਾਕੇ 'ਚ ਗੋਲੀਆਂ ਮਾਰ ਕੇ ਮਾਰ ਦਿੱਤਾ ਸੀ ਤੇ ਇਹ ਹੱਤਿਆ ਅਪਰਾਧ ਜਗਤ ਦੇ ਸਰਗਨਾ ਛੋਟਾ ਰਾਜਨ ਨੇ ਕਰਵਾਈ ਸੀ।

ਕ੍ਰਾਈਮ ਰਿਪੋਰਟਰ ਡੇ ਦੇ ਕਤਲ ਸਬੰਧੀ ਮਹਾਰਾਸ਼ਟਰ ਦੀ ਪੁਲਿਸ ਨੇ ਛੋਟਾ ਰਾਜਨ ਗਰੋਹ ਦੇ ਸੱਤ ਮੈਂਬਰਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਗ੍ਰਹਿ ਮੰਤਰੀ ਆਰ. ਆਰ. ਪਾਟਿਲ ਨੇ ਦੱਸਿਆ ਕਿ ਤਿੰਨ ਮੁਲਜ਼ਮਾਂ ਨੂੰ ਤਾਮਿਲਨਾਡੂ ਦੇ ਸ਼ਹਿਰ ਰਾਮੇਸ਼ਵਰਮ, ਇਕ ਨੂੰ ਸੋਲਾਪੁਰ ਤੇ ਬਾਕੀ ਤਿੰਨ ਨੂੰ ਮੁੰਬਈ 'ਚੋਂ ਗ੍ਰਿਫ਼ਤਾਰ ਕੀਤਾ ਗਿਆ ਹੈ। ਇਹ ਸਾਰੇ ਮੁਲਜ਼ਮ ਮੁੰਬਈ ਦੇ ਹੀ ਰਹਿਣ ਵਾਲੇ ਹਨ ਤੇ ਇਨ੍ਹਾਂ ਦਾ ਸਬੰਧ ਅਪਰਾਧ ਜਗਤ ਦੇ ਸਰਗਨੇ ਛੋਟਾ ਰਾਜਨ ਦੇ ਗਰੋਹ ਨਾਲ ਹੈ।

ਉਨ੍ਹਾਂ ਦੱਸਿਆ ਕਿ ਦੋ ਮੁੱਖ ਮੁਲਜ਼ਮਾਂ ਦੀ ਪਛਾਣ ਥੰਗਾਪਨ ਉਰਫ਼ ਸਤੀਸ਼ ਕਾਲੀਆ ਤੇ ਅਨਿਲ ਵਾਘਮੋਰੇ ਵਜੋਂ ਹੋਈ ਹੈ ਜੋ ਕਿ 'ਸ਼ਾਰਪ ਸ਼ੂਟਰ' ਕਰ ਕੇ ਜਾਣੇ ਜਾਂਦੇ ਹਨ। ਛੋਟਾ ਰਾਜਨ ਦੇ ਕਹਿਣ 'ਤੇ ਹੀ ਇਨ੍ਹਾਂ ਨੇ ਡੇ ਦੀ ਹੱਤਿਆ ਕੀਤੀ ਸੀ ਤੇ 20 ਦਿਨ ਪਹਿਲਾਂ 11 ਜੂਨ ਨੂੰ ਛੋਟਾ ਰਾਜਨ ਨੇ ਕਾਲੀਆ ਨਾਲ ਫੋਨ 'ਤੇ ਗੱਲਬਾਤ ਕਰਦਿਆਂ ਕਿਹਾ ਸੀ ਕਿ ਉਹ ਉਸ ਕੋਲੋਂ ਕੋਈ ਕੰਮ ਕਰਵਾਉਣਾ ਚਾਹੁੰਦਾ ਹੈ ਜਿਸ ਲਈ ਉਸ ਨੂੰ ਹਥਿਆਰ ਤੇ ਪੈਸਾ ਮੁਹੱਈਆ ਕਰਵਾ ਦਿੱਤਾ ਜਾਵੇਗਾ। ਸ੍ਰੀ ਪਾਟਿਲ ਨੇ ਦੱਸਿਆ ਕਿ ਕਾਲੀਆ ਨੇ ਚੈਂਬੂਰ ਤੋਂ ਦੋ ਲੱਖ ਰੁਪਏ ਤੇ ਨੈਨੀਤਾਲ ਤੋਂ ਹਥਿਆਰ ਤੇ 25 ਕਾਰਤੂਸ ਪ੍ਰਾਪਤ ਕੀਤੇ ਸਨ।

ਉਨ੍ਹਾਂ ਦੱਸਿਆ ਕਿ ਰਾਜਨ ਨੇ ਨਿਸ਼ਾਨੇ ਦੀ ਪਛਾਣ ਗੁਪਤ ਰੱਖੀ ਸੀ ਤੇ ਕਤਲ ਤੋਂ ਇਕ ਹਫਤਾ ਪਹਿਲਾਂ ਪੀੜਤ ਦਾ ਹੁਲੀਆ ਤੇ ਉਸ ਦੇ ਮੋਟਰਸਾਈਕਲ ਦਾ ਨੰਬਰ ਦੱਸਿਆ ਸੀ ਤੇ ਨਾਲ ਹੀ ਇਹ ਵੀ ਦੱਸਿਆ ਕਿ ਪੀੜਤ ਅਰੇਲ, ਜਿਥੇ ਮਿਡ ਡੇ ਦਾ ਦਫਤਰ ਹੈ ਜਾਂ ਪੋਵਾਈ ਇਲਾਕਿਆਂ 'ਚ ਮਿਲੇਗਾ। ਕਾਲੀਆ ਨੇ ਇਸ ਕਤਲ ਲਈ ਅਨਿਲ ਵਾਘਮੋਰੇ ਨੂੰ ਨਾਲ ਲੈ ਕੇ ਸੱਤ ਮੈਂਬਰੀ ਟੀਮ ਤਿਆਰ ਕੀਤੀ ਸੀ। ਕਤਲ ਕਰਨ ਤੋਂ ਬਾਅਦ ਇਹ ਸਾਰੇ ਆਪਣੀ ਯੋਜਨਾ ਅਨੁਸਾਰ ਜੋਗੇਸ਼ਵਰੀ ਚਲੇ ਗਏ ਸਨ ਜਿਥੇ ਇਨ੍ਹਾਂ ਨੇ ਟੈਲੀਵਿਜ਼ਨ 'ਤੇ ਇਸ ਘਟਨਾ ਬਾਰੇ ਖ਼ਬਰ ਵੇਖੀ ਤੇ ਕਤਲ ਕੀਤੇ ਗਏ ਵਿਅਕਤੀ ਬਾਰੇ ਪਤਾ ਲੱਗਾ। ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਇਕ ਪੱਤਰਕਾਰ ਦਾ ਕਤਲ ਕਰਵਾਇਆ ਗਿਆ ਹੈ ਤਾਂ ਕਾਲੀਆ ਨੇ ਰਾਜਨ ਨੂੰ ਫੋਨ ਕੀਤਾ ਜਿਸ ਨੇ ਉਨ੍ਹਾਂ ਨੂੰ ਖਾਮੋਸ਼ ਰਹਿਣ ਤੇ 3 ਲੱਖ ਰੁਪਏ ਲੈ ਕੇ ਮੁੰਬਈ ਜਾਣ ਲਈ ਕਹਿ ਦਿੱਤਾ।

ਇਸ ਤੋਂ ਬਾਅਦ ਇਹ ਸਾਰੇ ਦੋਸ਼ੀ ਗੁਜਰਾਤ, ਸ਼ਿਰਡੀ, ਕਰਨਾਟਕ, ਬੀਜਾਪੁਰ, ਸੰਗਲੀ, ਸੋਲਾਪੁਰ, ਬੰਗਲੌਰ, ਮਧੂਰਾਇ ਤੇ ਰਾਮੇਸ਼ਵਰਮ ਘੁੰਮਦੇ ਰਹੇ। ਉਨ੍ਹਾਂ ਦੱਸਿਆ ਕਿ ਡੇ ਦੇ ਕਾਤਲਾਂ ਦਾ ਪਤਾ ਲਾਉਣ ਲਈ ਉਨ੍ਹਾਂ ਨੇ 10 ਲੱਖ ਰੁਪਏ ਦੇ ਇਨਾਮ ਦਾ ਐਲਾਨ ਕੀਤਾ ਸੀ। ਪੁਲਿਸ ਨੇ ਡੇ ਦੇ ਲੈਪਟਾਪ ਤੇ ਹਾਰਡ ਡਿਸਕ ਦੀ ਮਦਦ ਨਾਲ ਇਨ੍ਹਾਂ ਮੁਲਜ਼ਮਾਂ ਨੂੰ ਹਥਿਆਰ ਸਮੇਤ ਕਾਬੂ ਕੀਤਾ ਹੈ।

### ਧੜੇਬੰਦੀ ਕਾਰਨ ਪੰਜਾਬ ਭਾਜਪਾ ਹਾਲੋਂ-ਬੇਹਾਲ

# ਟਿਕਟਾਂ ਲੈਣ ਦੇ ਚਾਹਵਾਨਾਂ ਨੇ ਵਿਧਾਇਕਾਂ ਦੇ ਹਲਕਿਆਂ ਵਿਚ ਦਫ਼ਤਰ ਖੋਲ੍ਹੇ

**ਜਲੰਧਰ:** ਪੰਜਾਬ ਭਾਜਪਾ ਦੇ ਕਈ ਵੱਡੇ ਆਗੂਆਂ ਦੀ ਧੜੇਬੰਦੀ ਕਰਕੇ ਇਸ ਦਾ ਸਿੱਧਾ ਅਸਰ ਜਥੇਬੰਦੀ 'ਤੇ ਪੈ ਰਿਹਾ ਹੈ। ਪ੍ਰਦੇਸ਼ ਪ੍ਰਧਾਨ ਆਪ ਵੀ ਇਸ ਧੜੇਬੰਦੀ ਵਿਚ ਫਸ ਗਏ ਹਨ। ਪ੍ਰਦੇਸ਼ ਪ੍ਰਧਾਨ ਅਸ਼ਵਨੀ ਸ਼ਰਮਾ ਦਾ ਸਾਬਕਾ ਕੈਬਨਿਟ ਮੰਤਰੀ ਮਾਸਟਰ ਮੋਹਨ ਲਾਲ ਨਾਲ ਵਿਵਾਦ ਸੁਲਝਦਾ ਨਜ਼ਰ ਨਹੀਂ ਆ ਰਿਹਾ ਹੈ। ਮਾਸਟਰ ਮੋਹਨ ਲਾਲ ਵੱਲੋਂ ਤਾਂ ਪੰਜਾਬ ਭਾਜਪਾ ਦੇ ਇੰਚਾਰਜ ਸ਼ਾਂਤਾ ਕੁਮਾਰ ਤੋਂ ਮੁਆਫੀ ਮੰਗ ਕੇ ਮਾਮਲਾ ਖਤਮ ਕਰਨ ਦਾ ਯਤਨ ਕੀਤਾ ਗਿਆ ਹੈ ਪਰ ਪ੍ਰਦੇਸ਼ ਭਾਜਪਾ ਪ੍ਰਧਾਨ ਦੇ ਸਮਰਥਕ ਮਾਸਟਰ ਮੋਹਨ ਲਾਲ ਦੇ ਖਿਲਾਫ਼ ਕਾਰਵਾਈ ਕਰਵਾਉਣ ਲਈ ਅੜੇ ਹੋਏ ਹਨ, ਤੇ ਉਹ ਮਾਸਟਰ ਮੋਹਨ ਲਾਲ ਵਿਰੋਧੀ ਮਾਹੌਲ ਤਿਆਰ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡ ਰਹੇ।

ਯਾਦ ਰਹੇ ਕਿ ਭਾਜਪਾ ਮੰਤਰੀ ਆਪਣੇ ਪਿਛਲੇ ਮੰਤਰੀਆਂ ਦੇ ਕਈ ਫ਼ੈਸਲੇ ਰੱਦ ਕਰਵਾ ਰਹੇ ਹਨ ਜਿਸ ਨਾਲ ਕੁੜੱਤਣ ਹੋਰ ਵਧ ਰਹੀ ਹੈ। ਜਲੰਧਰ ਵਿਚ ਭਾਜਪਾ ਆਗੂ ਦੇ ਸਕੈਨਿੰਗ ਕੇਂਦਰ ਨੂੰ ਸੀਲ ਕਰਨ ਵਾਲੀ ਡਾਕਟਰ ਦੀ ਬਦਲੀ ਕਰ ਦਿੱਤੀ ਗਈ ਸੀ ਜਦਕਿ ਸਕੈਨਿੰਗ ਕੇਂਦਰ ਸੀਲ ਕਰਨ ਵਾਲੀ ਡਾਕਟਰ ਨੇ ਪਿਛਲੀ ਸਿਹਤ ਮੰਤਰੀ ਦੇ ਕਾਰਜਕਾਲ ਵਿਚ ਨਾਰੀ ਭਰੂਣ ਹੱਤਿਆ ਖਿਲਾਫ਼ ਨਿੱਗਰ ਕੰਮ ਕੀਤੇ ਸਨ। ਇਸੇ ਤਰ੍ਹਾਂ ਜਲੰਧਰ ਸਮੇਤ ਕਈ ਆਗੂ ਅਗਲੀਆਂ ਚੋਣਾਂ ਵਿਚ ਟਿਕਟਾਂ ਲੈਣ ਲਈ ਹੁਣ ਤੋਂ ਹੀ ਆਹਮੋ-ਸਾਹਮਣੇ ਹੋ ਰਹੇ ਹਨ। ਵਿਧਾਇਕਾਂ ਦੇ ਮੁਕਾਬਲੇ ਹੀ ਹੋਰ ਚਾਹਵਾਨਾਂ ਨੇ ਆਪਣੇ-ਆਪਣੇ ਦਫ਼ਤਰ ਉਨ੍ਹਾਂ ਦੇ ਹਲਕਿਆਂ ਵਿਚ ਬਣਾ ਲਏ ਹਨ ਤੇ ਪ੍ਰਚਾਰ ਵੀ ਸ਼ੁਰੂ ਕਰ ਦਿੱਤਾ ਹੈ।

# ਭਾਰਤੀ ਔਰਤਾਂ ਸਭ ਤੋਂ ਜ਼ਿਆਦਾ ਚਿੰਤਾ ਦਾ ਸ਼ਿਕਾਰ

**ਟੋਕੀਓ:** ਭਾਰਤੀ ਔਰਤਾਂ ਦੁਨੀਆਂ 'ਚ ਸੱਭ ਤੋਂ ਵੱਧ ਚਿੰਤਾ ਦਾ ਸ਼ਿਕਾਰ ਹਨ। ਇਕ ਸਰਵੇਖਣ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਉਭਰਦੇ ਦੇਸ਼ਾਂ ਦੀਆਂ ਔਰਤਾਂ ਵਿਕਸਤ ਦੇਸ਼ਾਂ ਦੀਆਂ ਔਰਤਾਂ ਨਾਲੋਂ ਚਿੰਤਾ ਦਾ ਵਧੇਰੇ ਸ਼ਿਕਾਰ ਹੋ ਰਹੀਆਂ ਹਨ। ਨੀਲਸਨ ਵੱਲੋਂ ਜਾਰੀ ਸਰਵੇਖਣ ਮੁਤਾਬਕ ਦੁਨੀਆਂ ਭਰ ਵਿਚ ਤਣਾਅ ਦਾ ਸ਼ਿਕਾਰ ਔਰਤਾਂ ਵਿਚ ਸਭ ਤੋਂ ਜ਼ਿਆਦਾ ਗਿਣਤੀ ਭਾਰਤੀ ਔਰਤਾਂ ਦੀ ਹੈ।

ਸਰਵੇਖਣ ਵਿਚ 87 ਫ਼ੀਸਦੀ ਔਰਤਾਂ ਨੇ ਕਿਹਾ ਕਿ ਉਹ ਤਣਾਅਗ੍ਰਸਤ ਮਹਿਸੂਸ ਕਰਦੀਆਂ ਹਨ ਜਦਕਿ 82 ਫ਼ੀਸਦੀ ਨੇ ਕਿਹਾ ਕਿ ਉਨ੍ਹਾਂ ਕੋਲ ਅਰਾਮ ਕਰਨ ਲਈ ਸਮਾਂ ਨਹੀਂ। ਤਣਾਅ ਦੇ ਬਾਵਜੂਦ ਭਾਰਤੀ ਔਰਤਾਂ ਆਪਣੇ 'ਤੇ ਵੱਧ ਤੋਂ ਵੱਧ ਖ਼ਰਚਾ ਕਰਨ ਨੂੰ ਤਰਜੀਹ ਦਿੰਦੀਆਂ ਹਨ। 96 ਫ਼ੀਸਦੀ ਔਰਤਾਂ ਨੇ ਕਿਹਾ ਕਿ ਉਨ੍ਹਾਂ ਨੂੰ ਕਪੜੇ ਖ਼ਰੀਦਣੇ ਪਸੰਦ ਹਨ ਜਦਕਿ 77 ਫ਼ੀਸਦੀ ਦਾ ਕਹਿਣਾ ਸੀ ਕਿ ਉਹ ਸੁੰਦਰਤਾ ਵਧਾਉਣ ਵਾਲੇ ਉਤਪਾਦਾਂ ਦੀ ਖ਼ਰੀਦਦਾਰੀ ਪਸੰਦ ਕਰਦੀਆਂ ਹਨ।

ਨੀਲਸਨ ਦੀ ਵਾਈਸ ਚੇਅਰਮੈਨ ਸੂਸਨ ਵਾਈਟਿੰਗ ਨੇ ਕਿਹਾ ਕਿ ਦੁਨੀਆਂ ਭਰ ਵਿਚ ਔਰਤਾਂ ਸਿੱਖਿਆ ਦੇ ਸਿਖਰਲੇ ਪੱਧਰ ਨੂੰ ਛੂਹ ਰਹੀਆਂ ਹਨ ਤੇ ਨਾਮੀ ਕੰਪਨੀਆਂ ਤੋਂ ਉਨ੍ਹਾਂ ਨੂੰ ਨੌਕਰੀ ਮਿਲ ਰਹੀ ਹੈ। ਤਣਾਅ ਦੇ ਮਾਮਲੇ ਵਿਚ ਮੈਕਸੀਕੋ ਦੀਆਂ ਔਰਤਾਂ ਦੂਜੇ ਸਥਾਨ 'ਤੇ ਰਹੀਆਂ ਜਦਕਿ ਰੂਸ ਦੀਆਂ ਔਰਤਾਂ ਨੂੰ ਤੀਜਾ ਸਥਾਨ ਮਿਲਿਆ। ਵਿਕਸਤ ਦੇਸ਼ਾਂ ਵਿਚ ਸਭ ਤੋਂ ਜ਼ਿਆਦਾ ਚਿੰਤਾਗ੍ਰਸਤ ਔਰਤਾਂ ਸਪੇਨ ਵਿਚ 66 ਫ਼ੀਸਦੀ ਪਾਈਆਂ ਗਈਆਂ ਜਦਕਿ ਫ਼ਰਾਂਸ ਵਿਚ 65 ਫ਼ੀਸਦੀ ਅਤੇ ਅਮਰੀਕਾ ਵਿਚ ਇਹ ਗਿਣਤੀ 53 ਫ਼ੀਸਦੀ ਪਾਈ ਗਈ। ਵਿਕਾਸਸ਼ੀਲ ਦੇਸ਼ਾਂ ਦੀਆਂ 80 ਫ਼ੀਸਦੀ ਔਰਤਾਂ ਦਾ ਕਹਿਣਾ ਸੀ ਕਿ ਉਹ ਆਪਣੇ ਬੱਚਿਆਂ ਨੂੰ ਬਿਹਤਰ ਮਾਇਕ ਸਹੂਲਤਾਂ ਦੇਣ ਦੇ ਸਮਰੱਥ ਹਨ। ਦੁਨੀਆਂ ਦੀਆਂ ਤਕਰੀਬਨ ਅੱਧੀਆਂ ਤੋਂ ਜ਼ਿਆਦਾ ਔਰਤਾਂ ਨੇ ਕਿਹਾ ਕਿ ਕੰਪਿਊਟਰ, ਮੋਬਾਈਲ ਫ਼ੋਨ ਤੇ ਸਮਾਰਟ ਫ਼ੋਨਜ਼ ਨੇ ਉਨ੍ਹਾਂ ਦੀ ਜ਼ਿੰਦਗੀ ਬਿਹਤਰੀਨ ਬਣਾ ਦਿਤੀ ਹੈ।

ਇਹ ਸਰਵੇਖਣ ਫ਼ਰਵਰੀ ਤੋਂ ਅਪਰੈਲ ਦਰਮਿਆਨ ਕੀਤਾ ਗਿਆ ਤੇ ਇਸ ਵਿਚ ਭਾਰਤ ਤੋਂ ਇਲਾਵਾ ਤੁਰਕੀ, ਰੂਸ, ਦਖਣੀ ਅਫ਼ਰੀਕਾ, ਨਾਈਜੀਰੀਆ, ਚੀਨ, ਥਾਈਲੈਂਡ, ਮਲੇਸ਼ੀਆ, ਮੈਕਸੀਕੋ, ਬ੍ਰਾਜ਼ੀਲ, ਅਮਰੀਕਾ, ਕੈਨੇਡਾ, ਬਰਤਾਨੀਆ, ਇਟਲੀ, ਫ਼ਰਾਂਸ, ਜਰਮਨੀ, ਸਪੇਨ, ਸਵੀਡਨ, ਜਾਪਾਨ ਤੇ ਆਸਟਰੇਲੀਆ ਦੀਆਂ 6500 ਤੋਂ ਵੱਧ ਔਰਤਾਂ ਸ਼ਾਮਲ ਹੋਈਆਂ।

## ਈਰਾਨ ਵੱਲੋਂ 14 ਮਿਜ਼ਾਈਲਾਂ ਦੀ ਅਜ਼ਮਾਇਸ਼

**ਤਹਿਰਾਨ:** ਈਰਾਨ ਨੇ 14 ਮਿਜ਼ਾਈਲਾਂ ਦੀ ਸਫਲਤਾਪੂਰਵਕ ਅਜ਼ਮਾਇਸ਼ ਕੀਤੀ ਜਿਨ੍ਹਾਂ ਵਿਚੋਂ ਇਕ ਔਸਤ ਦਰਜੇ ਦੀ ਮਿਜ਼ਾਈਲ ਹੈ ਜੋ ਇਸਰਾਈਲ ਜਾਂ ਖਾੜੀ ਵਿਚ ਅਮਰੀਕੀਆਂ 'ਤੇ ਹਮਲਾ ਕਰਨ ਦੇ ਸਮਰੱਥ ਹੈ।

ਬ੍ਰਿਗੇ. ਜਨਰਲ ਅਮੀਰ ਅਲੀ ਹਾਜੀ ਨੇ ਦੱਸਿਆ ਕਿ ਇਸ ਅਜ਼ਮਾਇਸ਼ ਦਾ ਮਤਲਬ ਪੱਛਮੀ ਦੇਸ਼ਾਂ ਨੂੰ ਡਰਾਉਣਾ ਨਹੀਂ, ਸਗੋਂ ਇਹ ਇਸਰਾਈਲ ਅਤੇ ਖਾੜੀ ਦੇਸ਼ਾਂ ਵਿਚ ਅਮਰੀਕੀ ਫੌਜਾਂ ਦੇ ਵਿਰੁਧ ਆਪਣੀ ਰੱਖਿਆ ਕਰਨਾ ਹੈ। ਅਜ਼ਮਾਇਸ਼ ਕੀਤੀਆਂ ਦੇ ਨਾਂ ਜੈਲਜ਼ਲ, ਸ਼ਾਹਾਬ 1 ਤੇ 2 ਅਤੇ ਹਨ। ਗ਼ਦਰ, ਸ਼ਾਹਾਬਤ ਦਾ ਸੋਧਿਆ ਹੋਇਆ ਰੂਪ ਹੈ।


**Global Multi Services**

ਕੈਲੀਫੋਰਨੀਆ ਵਿਚ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ

ਟਰੱਕਿੰਗ ਦੀ ਦੁਨੀਆਂ ਵਿਚ ਨਵਾਂ ਕਦਮ

> ਟਰੱਕਾਂ ਦੀਆਂ ਲਾਇਸੈਂਸ ਪਲੇਟਾਂ ਲੈਣ ਲਈ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
> ਕੇਵਲ ਦੋ ਘੰਟਿਆਂ ਵਿਚ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਆਫਿਸ ਵਿਚ ਸੰਪਰਕ ਕਰੋ

ਹੁਣ ਤੁਸੀਂ ਟਰੱਕਾਂ ਦੀਆਂ ਪਲੇਟਾਂ ਗਲੋਬਲ ਮਲਟੀ ਸਰਵਿਸਸ ਦੇ ਦਫਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ

ਪਿਛਲੇ ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



**High Five Plaza #207**
**16925 S. Harlan Rd.**
**Lathrop CA 95330**
**Exactly on I-5 and Louise Exit**
**Opposite Dennys Restaurant**

**DMV Lic No. 62822**

**Insurance Lic No. 0G73739**

ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:

*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.


Rajinder Singh

ਰਜਿੰਦਰ ਸਿੰਘ ਜਾਂ ਮਨੀਤ ਪਾਲ ਸਿੰਘ
ਫੋਨ 209-982-9996
ਫੈਕਸ:209-982-9997

# ਆਟਾ ਦਾਲ ਸਕੀਮ ਨੇ ਅਰਬਾਂ ਦਾ ਕਰਜ਼ਾ ਚੜ੍ਹਾਇਆ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਸਰਕਾਰ ਦੀ ਲੋਕ ਲਭਾਊ ਆਟਾ ਦਾਲ ਸਕੀਮ ਨੇ ਅਰਬਾਂ ਦਾ ਕਰਜ਼ਾ ਚੜ੍ਹਾ ਦਿੱਤਾ ਹੈ। ਇਹ ਸਕੀਮ ਪੂਰੇ 11 ਅਰਬ ਦੇ ਕਰਜ਼ੇ ਹੇਠ ਦਬ ਗਈ ਹੈ। ਪਨਸਪ ਦੇ 31 ਜਨਵਰੀ 2011 ਤੱਕ ਸਰਕਾਰ ਵੱਲ 627.48 ਕਰੋੜ, ਮਾਰਕਫੈਡ ਦੇ 190.63 ਕਰੋੜ, ਵੇਅਰਹਾਊਸ ਦੇ 116.97 ਕਰੋੜ, ਪੰਜਾਬ ਐਗਰੋ ਦੇ 105.11 ਕਰੋੜ ਰੁਪਏ ਖੜ੍ਹੇ ਹਨ। ਬੈਂਕਾਂ ਨੇ ਆਟਾ ਦਾਲ ਸਕੀਮ ਲਈ ਕਰਜ਼ੇ ਤੋਂ ਜਵਾਬ ਦੇ ਦਿੱਤਾ ਤਾਂ ਪਨਸਪ ਨੇ ਇਸ ਸਕੀਮ ਲਈ 370 ਕਰੋੜ ਦੇ ਕੇਂਦਰੀ ਫੰਡ ਹੀ ਡਾਇਵਰਟ ਕਰਕੇ ਵਰਤ ਲਏ ਹਨ। ਹੁਣ ਖਰੀਦ ਏਜੰਸੀਆਂ ਨੂੰ ਵੀ ਇਸ ਸਕੀਮ ਦਾ ਬੋਝ ਚੁੱਕਣਾ ਮੁਸ਼ਕਲ ਹੋ ਗਿਆ ਹੈ। ਬਾਦਲ ਸਰਕਾਰ ਸਿਆਸੀ ਲਾਹਾ ਤਾਂ ਖੱਟਣਾ ਚਹੁੰਦੀ ਹੈ ਪਰ ਫੰਡਾਂ ਦਾ ਕੋਈ ਪ੍ਰਬੰਧ ਨਹੀਂ ਕਰ ਰਹੀ ਹੈ। ਆਟਾ ਦਾਲ ਸਕੀਮ ਦੀ ਨੋਡਲ ਏਜੰਸੀ ਪਨਸਪ ਨੂੰ ਤਾਂ ਹੁਣ ਕੋਈ ਬੈਂਕ ਕਰਜ਼ਾ ਦੇਣ ਨੂੰ ਤਿਆਰ ਨਹੀਂ ਹੈ। ਬਾਕੀ ਖਰੀਦ ਏਜੰਸੀਆਂ ਵੀ ਕਰਜ਼ੇ ਚੁੱਕ ਕੇ ਇਸ ਸਕੀਮ ਨੂੰ ਚਲਾ ਰਹੀਆਂ ਹਨ।

ਸੂਚਨਾ ਅਧਿਕਾਰ ਤਹਿਤ ਪਨਸਪ ਏਜੰਸੀ ਵੱਲੋਂ ਦਿੱਤੀ ਜਾਣਕਾਰੀ ਤੋਂ ਸਾਫ ਹੁੰਦਾ ਹੈ ਕਿ ਇਹ ਸਕੀਮ 'ਬਿਗਾਨੇ' ਸਹਾਰੇ ਨਾਲ ਚੱਲ ਰਹੀ ਹੈ। ਅਗਸਤ 2007 ਤੋਂ 31 ਮਾਰਚ 2011 ਤੱਕ ਪਨਸਪ ਵਲੋਂ ਆਟਾ ਦਾਲ ਸਕੀਮ 'ਤੇ 1127.37 ਕਰੋੜ ਰੁਪਏ ਦੀ ਰਾਸ਼ੀ ਖਰਚ ਕੀਤੀ ਗਈ ਹੈ ਜੋ ਸਾਰੀ ਦੀ ਸਾਰੀ ਰਾਸ਼ੀ ਹਾਲੇ ਤੱਕ ਪੰਜਾਬ ਸਰਕਾਰ ਵੱਲ ਬਕਾਇਆ ਖੜ੍ਹੀ ਹੈ।



ਪੰਜਾਬ ਸਰਕਾਰ ਵੱਲੋਂ ਆਟਾ ਦਾਲ ਸਕੀਮ ਲਈ ਹੁਣ ਤੱਕ ਸਿਰਫ 101.25 ਕਰੋੜ ਰੁਪਏ ਦੀ ਰਾਸ਼ੀ ਹੀ ਦਿੱਤੀ ਗਈ ਹੈ। ਪਨਸਪ ਦੇ ਮੈਨੇਜਿੰਗ ਡਾਇਰੈਕਟਰ ਵੱਲੋਂ ਹਰ ਮਹੀਨੇ ਪੰਜਾਬ ਸਰਕਾਰ ਨੂੰ ਬਕਾਏ ਜਾਰੀ ਕਰਨ ਲਈ ਲਿਖਿਆ ਜਾ ਰਿਹਾ ਹੈ। ਪੰਜਾਬ ਸਰਕਾਰ ਵੱਲੋਂ 31 ਮਾਰਚ 2010 ਨੂੰ 208 ਕਰੋੜ ਰੁਪਏ ਇਸ ਸਕੀਮ ਲਈ ਮਨਜ਼ੂਰ ਕੀਤੇ ਗਏ ਸਨ। ਉਸ ਮਗਰੋਂ 25 ਮਾਰਚ 2011 ਨੂੰ ਆਟਾ ਦਾਲ ਸਕੀਮ ਲਈ 211.54 ਰੁਪਏ ਮਨਜ਼ੂਰ ਕੀਤੇ ਗਏ ਸਨ।

ਮਨਜ਼ੂਰੀ ਦੇ ਬਾਵਜੂਦ ਹਾਲੇ ਤੱਕ ਇਹ ਰਾਸ਼ੀ ਜਾਰੀ ਨਹੀਂ ਹੋ ਸਕੀ ਹੈ। ਪਨਸਪ ਦੇ ਮੈਨੇਜਿੰਗ ਡਾਇਰੈਕਟਰ ਵਿਕਾਸ ਪ੍ਰਤਾਪ ਨੇ ਖੁਰਾਕ ਤੇ ਸਪਲਾਈਜ ਵਿਭਾਗ ਦੇ ਸਕੱਤਰ ਡੀ.ਐਸ.ਗਰੇਵਾਲ ਨੂੰ 11 ਮਈ 2011 ਨੂੰ ਪੱਤਰ ਲਿਖਿਆ ਹੈ ਜਿਸ 'ਚ ਆਟਾ ਦਾਲ ਸਕੀਮ ਦੀ ਸਾਰੀ ਪੋਲ ਹੀ ਖੋਲ੍ਹ ਕੇ ਰੱਖ ਦਿੱਤੀ ਗਈ ਹੈ। ਉਨ੍ਹਾਂ ਲਿਖਿਆ ਹੈ ਕਿ ਆਟਾ ਦਾਲ ਸਕੀਮ ਤਹਿਤ ਖਰੀਦ ਏਜੰਸੀਆਂ ਦੇ 31 ਮਾਰਚ 2011 ਤੱਕ ਪੰਜਾਬ ਸਰਕਾਰ ਵੱਲ 1127.37 ਕਰੋੜ ਰੁਪਏ ਬਕਾਇਆ ਖੜ੍ਹੇ ਹਨ ਜਿਨ੍ਹਾਂ 'ਚੋਂ 660.07 ਕਰੋੜ ਰੁਪਏ ਇਕੱਲੇ ਪਨਸਪ ਏਜੰਸੀ ਦੇ ਹਨ। ਪਨਸਪ ਵੱਲੋਂ ਰਾਜ ਸਰਕਾਰ ਦੀ ਗਰੰਟੀ 'ਤੇ 290 ਕਰੋੜ ਦੀ ਕੈਸ਼ ਕਰੈਡਿਟ ਲਿਮਟ ਯੂਕੋ ਬੈਂਕ ਤੋਂ ਬਣਵਾਈ ਹੋਈ ਹੈ।

ਐਮ.ਡੀ. ਨੇ ਸਾਫ ਲਿਖਿਆ ਹੈ ਕਿ ਬਾਕੀ 370.07 ਕਰੋੜ ਰੁਪਏ ਡਾਇਵਰਟ ਕਰਕੇ ਉਸ ਮੁੱਖ ਕੈਸ਼ ਕਰੈਡਿਟ ਲਿਮਟ 'ਚੋਂ ਵਰਤ ਲਏ ਗਏ ਹਨ ਜੋ ਰਾਸ਼ੀ ਕੇਂਦਰੀ ਸਰਕਾਰ ਵੱਲੋਂ ਕੇਂਦਰੀ ਪੂਲ ਦਾ ਅਨਾਜ ਖਰੀਦਣ ਵਾਸਤੇ ਦਿੱਤੀ ਗਈ ਸੀ। ਇਹ ਵੀ ਆਖਿਆ ਹੈ ਕਿ ਫੰਡਾਂ ਦੀ ਇਸ ਤਬਦੀਲੀ 'ਤੇ ਆਡਿਟ ਵਿਭਾਗ ਨੇ ਸਖ਼ਤ ਇਤਰਾਜ਼ ਕੀਤੇ ਹਨ। ਪਨਸਪ ਨੂੰ ਕਰਜ਼ੇ ਦਾ ਵੱਡਾ ਵਿਆਜ ਝੱਲਣਾ ਪੈ ਰਿਹਾ ਹੈ ਜਿਸ ਕਰਕੇ ਪਨਸਪ ਦੀ ਮਾਲੀ ਹਾਲਤ ਕਾਫੀ ਨਾਜ਼ੁਕ ਮੋੜ 'ਤੇ ਪੁੱਜ ਗਈ ਹੈ। ਇਸ ਪੱਤਰ ਅਨੁਸਾਰ ਆਟਾ ਦਾਲ ਸਕੀਮ 'ਚ ਵੱਡੇ ਪੱਧਰ ਬੇਨਿਯਮੀਆਂ ਹੋਈਆਂ ਹਨ ਜਿਨ੍ਹਾਂ ਦਾ ਨੋਟਿਸ ਲੈਂਦਿਆਂ ਏ.ਜੀ ਪੰਜਾਬ ਨੇ ਆਡਿਟ ਮੀਮੋ ਵੀ ਜਾਰੀ ਕਰ ਦਿੱਤੇ ਹਨ। ਮੁੱਖ ਸਕੱਤਰ ਪੰਜਾਬ ਵੱਲੋਂ 31 ਜਨਵਰੀ 2011 ਨੂੰ ਆਟਾ ਦਾਲ ਸਕੀਮ ਤਹਿਤ ਮੀਟਿੰਗ ਕੀਤੀ ਗਈ ਸੀ ਜਿਸ 'ਚ ਫੈਸਲਾ ਹੋਇਆ ਸੀ ਕਿ ਪੰਜਾਬ ਸਰਕਾਰ ਵੱਲੋਂ ਖਰੀਦ ਏਜੰਸੀਆਂ ਨੂੰ ਆਉਂਦੇ ਮਾਲੀ ਵਰ੍ਹੇ ਤੋਂ ਹਰ ਮਹੀਨੇ ਸਬਸਿਡੀ ਦੀ ਰਾਸ਼ੀ ਜਾਰੀ ਕਰ ਦਿੱਤੀ ਜਾਇਆ ਕਰੇਗੀ। ਅੱਜ ਤੱਕ ਇਹ ਰਾਸ਼ੀ ਜਾਰੀ ਨਹੀਂ ਹੋ ਸਕੀ ਹੈ।

ਮਿਲੇ ਵੇਰਵਿਆਂ ਅਨੁਸਾਰ ਪਨਸਪ ਦੇ ਬੋਰਡ ਆਫ਼ ਡਾਇਰੈਕਟਰ ਦੀ 4 ਫਰਵਰੀ 2011 ਨੂੰ ਹੋਈ ਮੀਟਿੰਗ ਦੇ ਏਜੰਡੇ ਦੀ ਆਈਟਮ ਨੰਬਰ 192.15 'ਚ ਇਸ ਗੱਲ ਦਾ ਨੋਟਿਸ ਲਿਆ ਗਿਆ ਸੀ ਕਿ 31 ਦਸੰਬਰ 2010 ਤੱਕ ਪਨਸਪ ਦੇ 638 ਕਰੋੜ ਰੁਪਏ ਸਰਕਾਰ ਵੱਲ ਬਕਾਇਆ ਖੜ੍ਹੇ ਹਨ। ਕੇਂਦਰ ਸਰਕਾਰ ਵੱਲੋਂ ਹੋਰ ਕੰਮਾਂ ਲਈ ਭੇਜੀ ਰਾਸ਼ੀ ਵੀ ਆਟਾ ਦਾਲ ਸਕੀਮ 'ਚ ਵਰਤਣ ਦਾ ਡਾਇਰੈਕਟਰਾਂ ਨੇ ਨੋਟਿਸ ਲਿਆ। ਫਿਕਰ ਜ਼ਾਹਰ ਕੀਤਾ ਗਿਆ ਕਿ ਜੇ ਸਰਕਾਰ ਨੇ ਰਾਸ਼ੀ ਫੌਰੀ ਜਾਰੀ ਨਾ ਕੀਤੀ ਤਾਂ ਪਨਸਪ ਭਾਰੀ ਮਾਲੀ ਸੰਕਟ ਵਿਚ ਫਸ ਜਾਵੇਗਾ। ਗੌਰਤਲਬ ਹੈ ਕਿ ਪੰਜਾਬ ਸਰਕਾਰ ਵੱਲੋਂ 15 ਅਗਸਤ 2007 ਨੂੰ ਸਕੀਮ ਸ਼ੁਰੂ ਕੀਤੀ ਗਈ ਸੀ। ਮੁਢਲੇ ਪੜਾਅ 'ਤੇ 13.57 ਲੱਖ ਪਰਿਵਾਰਾਂ ਦੀ ਇਸ ਸਕੀਮ ਲਈ ਸ਼ਨਾਖਤ ਕੀਤੀ ਗਈ ਸੀ ਤੇ ਹੁਣ ਇਹ ਗਿਣਤੀ 15 ਲੱਖ ਦੇ ਆਸ ਪਾਸ ਪੁੱਜ ਗਈ ਹੈ। ਪੰਜਾਬ ਸਰਕਾਰ ਵੱਲੋਂ ਇਸ ਸਕੀਮ ਦੀ ਪੜਤਾਲ ਵੀ ਕਰਾਈ ਜਾ ਚੁੱਕੀ ਹੈ ਜਿਸ 'ਚ ਕਾਫੀ ਲਾਭਪਾਤਰੀ ਅਯੋਗ ਵੀ ਨਿਕਲੇ ਹਨ। ਸਰਕਾਰ ਵੱਲੋਂ ਵੱਡੇ ਪੱਧਰ 'ਤੇ ਇਸ ਸਕੀਮ ਦਾ ਸਿਆਸੀ ਲਾਹਾ ਲਿਆ ਜਾ ਰਿਹਾ ਹੈ ਜਦੋਂਕਿ ਅਸਲ ਤਸਵੀਰ ਇਹ ਹੈ ਕਿ ਸਰਕਾਰ ਵੱਲੋਂ ਇਸ ਸਕੀਮ 'ਤੇ ਧੇਲਾ ਖਰਚ ਨਹੀਂ ਕੀਤਾ ਗਿਆ।

## ਭਾਜਪਾ 23 ਸੀਟਾਂ ' ਤੇ ਚੋਣ ਲੜਨ ਲਈ ਰਾਜੀ

**ਚੰਡੀਗੜ੍ਹ:** ਭ੍ਰਿਸ਼ਟਾਚਾਰ ਦੇ ਨਾਗ ਵੱਲੋਂ ਡੱਸਣ ਤੋਂ ਭਾਅਦ ਭਾਜਪਾ ਦੀ ਸੁਰ ਕੁਝ ਮੱਠੀ ਪੈ ਗਈ ਹੈ ਤੇ ਉਹ ਹੁਣ ਪੰਜਾਬ 'ਚ 23 ਸੀਟਾਂ ' ਤੇ ਚੋਣ ਲੜਨ ਲਈ ਰਾਜੀ ਹੋ ਗਈ ਹੈ। ਇਸ ਤੋਂ ਪਹਿਲਾਂ ਭਾਜਪਾ ਸੀਟਾਂ ਵਧਾਉਣ ਲਈ ਰੌਲਾ ਪਾ ਰਹੀ ਸੀ। ਹਿਮਾਚਲ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਤੇ ਪੰਜਾਬ ਪ੍ਰਦੇਸ਼ ਭਾਰਤੀ ਜਨਤਾ ਪਾਰਟੀ ਦੇ ਇੰਚਾਰਜ ਸਾਂਤਾ ਕੁਮਾਰ ਨੇ ਕਿਹਾ ਹੈ ਕਿ ਅਗਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਪਾਰਟੀ 23 ਸੀਟਾਂ ਤੋਂ ਚੋਣ ਲੜੇਗੀ ਤੇ ਵਾਧੂ ਸੀਟਾਂ ਦੀ ਮੰਗ ਨਹੀਂ ਕਰੇਗੀ। ਉਨ੍ਹਾਂ ਕਿਹਾ ਕਿ ਸੀਟਾਂ ਦੇ ਮਾਮਲੇ ਵਿਚ ਭਾਈਵਾਲ ਪਾਰਟੀ ਨੂੰ ਨਾਲ ਲੈ ਕੇ ਚਲਿਆ ਜਾਵੇਗਾ। ਸ੍ਰੀ ਸ਼ਾਂਤਾ ਕੁਮਾਰ ਨੇ ਚੰਡੀਗੜ੍ਹ 'ਚ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪਾਰਟੀ ਉਮੀਦਵਾਰਾਂ ਦੀ ਚੋਣ ਦਾ ਐਲਾਨ ਛੇਤੀ ਕਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪਾਰਟੀ ਹਾਈਕਮਾਂਡ ਭਾਜਪਾ ਦੇ ਕਿਸੇ ਮੰਤਰੀ, ਸੰਸਦੀ ਸਕੱਤਰ ਜਾਂ ਚੇਅਰਮੈਨ ਜਿਸ 'ਤੇ ਭ੍ਰਿਸ਼ਟਾਚਾਰ ਦੇ ਦੋਸ਼ ਸਿੱਧ ਹੁੰਦੇ ਹਨ, ਨੂੰ ਬਖਸ਼ਣ ਦੇ ਰੌਂਅ ਵਿਚ ਨਹੀਂ ਹੈ। ਉਨ੍ਹਾਂ ਨੇ ਦੱਸਿਆ ਕਿ ਪਾਰਟੀ ਦੇ ਚੇਅਰਮੈਨਾਂ ਦੇ ਕੰਮਾਂ ਦੀ ਪੜਚੋਲ ਲਈ ਦੋ ਵੱਖ-ਵੱਖ ਕਮੇਟੀਆਂ ਬਣਾਈਆਂ ਗਈਆਂ ਹਨ।

# ਸਰਕਾਰ ਪਰਵਾਸੀ ਭਾਰਤੀਆਂ ਦੀਆਂ ਮੁਸ਼ਕਲਾਂ ਦੇ ਹੱਲ ਲਈ ਵਚਨਬੱਧ: ਬਾਠ

**ਲੁਧਿਆਣਾ:** ਪਰਵਾਸੀ ਮਾਮਲਿਆਂ ਬਾਰੇ ਮੰਤਰੀ ਕੈਪਟਨ ਬਲਬੀਰ ਸਿੰਘ ਬਾਠ ਨੇ ਕਿਹਾ ਕਿ ਪੰਜਾਬ ਸਰਕਾਰ ਪਰਵਾਸੀ ਪੰਜਾਬੀਆਂ ਦੀਆਂ ਮੁਸ਼ਕਲਾਂ ਦੇ ਹੱਲ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਕੈਪਟਨ ਲੁਧਿਆਣਾ ਵਿਚ ਪਰਵਾਸੀ ਪੰਜਾਬੀਆਂ ਦੀਆਂ ਮੁਸ਼ਕਲਾਂ ਦੇ ਹੱਲ ਲਈ ਪਰਵਾਸੀਆਂ ਦੇ ਸੰਗਤ ਦਰਸ਼ਨ 'ਤੇ ਆਏ ਹੋਏ ਸਨ। ਇਸ ਮੌਕੇ ਕੈਪਟਨ ਬਾਠ ਨੇ ਜ਼ਿਲ੍ਹੇ ਦੇ ਉੱਚ ਪ੍ਰਸ਼ਾਸਨਿਕ ਤੇ ਪੁਲੀਸ ਅਧਿਕਾਰੀਆਂ ਦੀ ਹਾਜ਼ਰੀ ਵਿਚ ਪਰਵਾਸੀ ਪੰਜਾਬੀ ਤੇ ਉਨ੍ਹਾਂ ਦੇ ਪਰਿਵਾਰਾਂ ਦੀਆਂ ਮੁਸ਼ਕਲਾਂ ਸੁਣੀਆਂ ਅਤੇ ਮੌਕੇ 'ਤੇ ਹੀ ਉਨ੍ਹਾਂ ਦੇ ਹੱਲ ਲਈ ਉਚ ਅਧਿਕਾਰੀਆਂ ਨੂੰ ਹੁਕਮ ਜਾਰੀ ਕੀਤੇ। ਬਹੁਤੀਆਂ ਸ਼ਿਕਾਇਤਾਂ ਜ਼ਮੀਨੀ ਮਾਮਲਿਆਂ, ਪੁਲਿਸ ਵਧੀਕੀਆਂ, ਕਿਰਾਏਦਾਰਾਂ ਤੇ ਤਲਾਕ ਨਾਲ ਸਬੰਧਤ ਸਨ।

ਇਸ ਮੌਕੇ ਕੈਪਟਨ ਬਾਠ ਨੇ ਦੱਸਿਆ ਕਿ ਲੁਧਿਆਣਾ ਜ਼ਿਲ੍ਹੇ ਵਿਚ ਪਰਵਾਸੀ ਪੰਜਾਬੀਆਂ ਦੀਆਂ 141 ਸ਼ਿਕਾਇਤਾਂ ਮਿਲੀਆਂ ਹਨ ਜਿਨ੍ਹਾਂ ਵਿਚੋਂ 115 ਸ਼ਿਕਾਇਤਾਂ ਦਾ ਹੱਲ ਕਰ ਦਿੱਤਾ ਗਿਆ ਹੈ ਜਦਕਿ ਬਾਕੀ ਦੀਆਂ 26 ਸ਼ਿਕਾਇਤਾਂ ਬਾਰੇ ਅੱਜ ਸੰਗਤ ਦਰਸ਼ਨ ਦੌਰਾਨ ਵਿਚਾਰ ਚਰਚਾ ਕਰਨ ਤੋਂ ਬਾਅਦ ਇਨ੍ਹਾਂ ਬਾਰੇ ਅਧਿਕਾਰੀਆਂ ਦਾ ਪੱਖ ਸੁਣਿਆ ਗਿਆ ਤੇ ਇਨ੍ਹਾਂ ਦਾ ਨਿਬੇੜਾ ਜਲਦੀ ਕਰ ਦਿੱਤਾ ਜਾਵੇਗਾ।

ਉਨ੍ਹਾਂ ਦੱਸਿਆ ਕਿ 12 ਸ਼ਿਕਾਇਤਾਂ ਉਨ੍ਹਾਂ ਨੂੰ ਅੱਜ ਹੀ ਸੰਗਤ ਦਰਸ਼ਨ ਦੇ ਦੌਰਾਨ ਹੀ ਮਿਲੀਆਂ ਹਨ। ਉਨ੍ਹਾਂ ਦੱਸਿਆ ਕਿ ਅੰਮ੍ਰਿਤਸਰ, ਕਪੂਰਥਲਾ, ਜਲੰਧਰ ਵਿਖੇ ਉਹ ਪਹਿਲਾਂ ਹੀ ਸੰਗਤ ਦਰਸ਼ਨ ਕਰ ਚੁੱਕੇ ਹਨ ਤੇ ਆਉਣ ਵਾਲੇ ਸਮੇਂ 'ਚ ਪੰਜਾਬ ਦੇ ਬਾਕੀ ਜ਼ਿਲਿਆਂ ਵਿਚ ਵੀ ਸ਼ਿਕਾਇਤਾਂ ਸੁਣੀਆਂ ਜਾਣਗੀਆਂ। ਇਸ ਮੌਕੇ ਕੈਪਟਨ ਬਾਠ ਨੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਹੁਕਮ ਦਿੱਤਾ ਕਿ ਐਨ.ਆਰ.ਆਈ. ਸਭਾ ਦੇ ਦਫਤਰ ਲਈ ਥਾਂ ਦਿੱਤੀ ਜਾਵੇ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਨੇ ਬਹੁਤ ਸਾਰੀਆਂ ਨੀਤੀਆਂ ਬਣਾਈਆਂ ਹਨ ਤਾਂ ਜੋ ਵੱਧ ਤੋਂ ਵੱਧ ਪੰਜਾਬੀ ਪਰਵਾਸੀ ਆਪਣੇ ਸੂਬੇ ਵਿਚ ਨਿਵੇਸ਼ ਕਰਨ ਲਈ ਅੱਗੇ ਆ ਸਕਣ।

ਉਨ੍ਹਾਂ ਦੱਸਿਆ ਕਿ ਗ਼ੈਰ ਕਾਨੂੰਨੀ ਢੰਗ ਨਾਲ ਵਿਦੇਸ਼ ਭੇਜਣ ਵਾਲੇ ਏਜੰਟਾਂ ਨੂੰ ਨੱਥ ਪਾਉਣ ਲਈ ਪੰਜਾਬ ਵਿਧਾਨ ਸਭਾ ਵੱਲੋਂ ਇੱਕ ਨਵਾਂ ਐਕਟ 'ਮਨੁੱਖੀ ਤਸਕਰੀ ਨੂੰ ਰੋਕਣ' ਲਈ ਤਿਆਰ ਕੀਤਾ ਗਿਆ ਹੈ। ਇਸ ਮੌਕੇ ਡਿਪਟੀ ਕਮਿਸ਼ਨਰ ਰਾਹੁਲ ਤਿਵਾੜੀ, ਪੁਲਿਸ ਕਮਿਸ਼ਨਰ ਈਸ਼ਵਰ ਸਿੰਘ ਤੇ ਹੋਰ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

## ਪਰਵਾਸੀ ਭਾਰਤੀਆਂ ਲਈ ਚਾਰ ਮੈਂਬਰੀ ਕਮਿਸ਼ਨ ਕਾਇਮ

**ਚੰਡੀਗੜ੍ਹ:** ਪਰਵਾਸੀ ਭਾਰਤੀਆਂ ਦੇ ਹਿੱਤਾਂ ਦੀ ਸੁਰੱਖਿਆ ਲਈ ਰਾਜ ਸਰਕਾਰ ਨੇ ਚਾਰ ਮੈਂਬਰੀ ਸਟੇਟ ਕਮਿਸ਼ਨ ਕਾਇਮ ਕਰਨ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਸਰਕਾਰੀ ਬੁਲਾਰੇ ਅਨੁਸਾਰ ਇਸ ਕਮਿਸ਼ਨ ਦੇ ਚੇਅਰਮੈਨ ਹਾਈ ਕੋਰਟ ਦੇ ਸਾਬਕਾ ਜੱਜ ਹੋਣਗੇ। ਮੈਂਬਰਾਂ ਵਿਚ ਇਕ ਆਈ.ਏ.ਐਸ. ਅਧਿਕਾਰੀ ਹੋਵੇਗਾ ਜੋ ਰਾਜ ਸਰਕਾਰ ਦੇ ਪ੍ਰਮੁੱਖ ਸਕੱਤਰ/ਵਿੱਤ ਕਮਿਸ਼ਨਰ ਦੇ ਅਹੁਦੇ ਤੋਂ ਹੇਠਾਂ ਨਹੀਂ ਹੋਵੇਗਾ। ਇਕ ਆਈ.ਪੀ.ਐਸ. ਅਧਿਕਾਰੀ ਹੋਵੇਗਾ ਜੋ ਏ.ਡੀ.ਜੀ.ਪੀ. ਦੇ ਰੈਂਕ ਤੋਂ ਹੇਠਾਂ ਨਹੀਂ ਹੋਵੇਗਾ। ਦੋ ਮੈਂਬਰ ਐਨ.ਆਰ.ਆਈਜ਼. ਨਾਲ ਸਬੰਧਤ ਮੁੱਦਿਆਂ ਬਾਰੇ ਗਿਆਨ ਰੱਖਣ ਵਾਲੇ ਵਿਅਕਤੀਆਂ ਵਿਚੋਂ ਨਾਮਜ਼ਦ ਕੀਤੇ ਜਾਣਗੇ।

ਪੀ.ਸੀ.ਐਸ. ਵਿਚੋਂ ਐਕਸ ਕੇਡਰ, ਸਕੱਤਰ ਸਟੇਟ ਕਮਿਸ਼ਨ ਦੇ ਐਗਜ਼ੈਕੇਟਿਵ ਅਫ਼ਸਰ ਹੋਣਗੇ। ਚੇਅਰਮੈਨ ਤੇ ਮੈਂਬਰਾਂ ਦੀ ਨਿਯੁਕਤੀ ਰਾਜ ਸਰਕਾਰ ਵੱਲੋਂ ਤਿੰਨ ਸਾਲ ਦੇ ਸਮੇਂ ਲਈ ਕੀਤੀ ਜਾਵੇਗੀ। ਚੇਅਰਪਰਸਨ ਜਾਂ ਮੈਂਬਰ ਹੋਰ ਤਿੰਨ ਸਾਲ ਦੀ ਮਿਆਦ ਲਈ ਨਿਯੁਕਤ ਕੀਤੇ ਜਾਣ ਦੇ ਯੋਗ ਹੋਣਗੇ। ਕਮਿਸ਼ਨ ਦੀਆਂ ਸ਼ਕਤੀਆਂ ਤੇ ਕਾਰਜ ਨੂੰ ਪ੍ਰਭਾਸ਼ਤ ਕਰਦੇ ਹੋਏ ਬੁਲਾਰੇ ਨੇ ਕਿਹਾ ਕਿ ਸਿਵਲ ਕੋਰਟ ਵਾਲੀਆਂ ਸਾਰੀਆਂ ਸ਼ਕਤੀਆਂ ਕਮਿਸ਼ਨ ਕੋਲ ਹੋਣਗੀਆਂ। ਇਹ ਕਮਿਸ਼ਨ ਚੰਡੀਗੜ੍ਹ ਆਧਾਰਤ ਹੋਵੇਗਾ ਪਰ ਇਹ ਰਾਜ ਵਿਚ ਕਿਤੇ ਵੀ ਅਪਣੀਆਂ ਮੀਟਿੰਗਾਂ ਕਰ ਸਕਦਾ ਹੈ। ਕਮਿਸ਼ਨ ਦੇ ਮੈਂਬਰ ਤੇ ਚੇਅਰਪਰਸਨ ਸਰਕਾਰ ਵੱਲੋਂ ਨਿਰਧਾਰਤ ਨਿਯਮਾਂ ਦੇ ਅਨੁਸਾਰ ਕੰਮ ਕਰਨਗੇ। ਰਾਜ ਸਰਕਾਰ ਸਾਰੇ ਪ੍ਰਮੁੱਖ ਮੁੱਦਿਆਂ ਤੇ ਨੀਤੀਆਂ ਬਾਰੇ ਕਮਿਸ਼ਨ ਨਾਲ ਵਿਚਾਰ ਚਰਚਾ ਕਰੇਗੀ।

# ਗੁਰੂ ਰਾਮਦਾਸ ਹਵਾਈ ਅੱਡੇ 'ਤੇ ਵੀ ਉਤਰਨਗੇ ਵੱਡੇ ਜਹਾਜ਼

## ਗੁਰੂ ਨਗਰੀ ਦੇ ਹਵਾਈ ਅੱਡੇ ਨਾਲ ਵਿਤਕਰੇ ਦਾ ਦੋਸ਼

**ਅੰਮ੍ਰਿਤਸਰ(ਪੰਜਾਬ ਟਾਈਮਜ਼ ਬਿਊਰੋ):** ਅੰਮ੍ਰਿਤਸਰ ਦਾ ਸ੍ਰੀ ਗੁਰੂ ਰਾਮਦਾਸ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਜਲਦ ਹੀ ਬੋਇੰਗ-747 ਵਰਗੇ ਵੱਡੇ ਹਵਾਈ ਜਹਾਜ਼ ਉੱਤਰਣਗੇ ਜਿਸ ਨਾਲ ਪੰਜਾਬ ਦੇ ਵਪਾਰ ਨੂੰ ਹੁਲਾਰਾ ਮਿਲਣ ਦੇ ਨਾਲ-ਨਾਲ ਵਿਦੇਸ਼ਾਂ 'ਚ ਰਹਿੰਦੇ ਲੋਕਾਂ ਨੂੰ ਵੀ ਵੱਡੀ ਸਹੂਲਤ ਮਿਲੇਗੀ।



ਇਸ ਬਾਰੇ ਹਵਾਈ ਅੱਡਾ ਅਥਾਰਿਟੀ ਦੇ ਸਬੰਧਤ ਵਿਭਾਗ ਵੱਲੋਂ ਜਾਇਜ਼ਾ ਲਿਆ ਜਾ ਚੁੱਕਾ ਹੈ। ਹਵਾਈ ਅੱਡਾ ਸਲਾਹਕਾਰ ਕਮੇਟੀ ਦੇ ਮੈਂਬਰ ਤੇ ਸੰਸਦ ਮੈਂਬਰ ਨਵਜੋਤ ਸਿੰਘ ਸਿੱਧੂ ਤੇ ਹਵਾਈ ਅੱਡੇ ਦੇ ਡਾਇਰੈਕਟਰ ਸੁਨੀਲ ਦੱਤ ਨੇ ਦੱਸਿਆ ਕਿ ਬ੍ਰਿਟਿਸ਼ ਮਿਡ ਲੈਂਡ ਏਅਰਵੇਜ਼ ਦੀ ਲੰਡਨ-ਅਲਮਾਟੀ-ਅੰਮ੍ਰਿਤਸਰ ਹਵਾਈ ਉਡਾਣ ਤੋਂ ਇਲਾਵਾ ਮਾਰਚ ਮਹੀਨੇ ਤਕ ਸ਼ਾਹਰਜਾਹ, ਕੋਆਲਾਲੰਪੁਰ ਤੇ ਥਾਈ ਹਵਾਈ ਕੰਪਨੀਆਂ ਵੱਲੋਂ ਇਥੋਂ ਆਪਣੀਆਂ ਹਵਾਈ ਉਡਾਣਾਂ ਸ਼ੁਰੂ ਕਰਨ ਦੀ ਸੰਭਾਵਨਾ ਹੈ।

ਉਨ੍ਹਾਂ ਕਿਹਾ ਕਿ ਭਾਵੇਂ ਕੇਂਦਰ ਸਰਕਾਰ ਵੱਲੋਂ ਗੁਰੂ ਨਗਰੀ ਦੇ ਇਸ ਹਵਾਈ ਅੱਡੇ ਨਾਲ ਵਿਤਕਰਾ ਕੀਤਾ ਜਾ ਰਿਹਾ ਹੈ ਤੇ ਇਸੇ ਤਹਿਤ ਇਥੋਂ ਦੀਆਂ ਕੌਮਾਂਤਰੀ ਹਵਾਈ ਉਡਾਣਾਂ ਨੂੰ ਦਿੱਲੀ ਤਬਦੀਲ ਕੀਤਾ ਜਾ ਰਿਹਾ ਹੈ ਪਰ ਇਸਦੇ ਬਾਵਜੂਦ ਕੁਦਰਤੀ ਪੱਖਾਂ ਕਾਰਨ ਇਸ ਹਵਾਈ ਅੱਡੇ ਨੂੰ ਦਿੱਲੀ ਨਾਲੋਂ ਵਧੇਰੇ ਵਾਧੇ ਹਾਸਲ ਹਨ। ਪੱਛਮੀ ਰਸਤੇ ਪਾਕਿਸਤਾਨ ਤੋਂ ਲੰਡਨ, ਯੂਰਪ ਤੇ ਅਰਬ ਦੇਸ਼ਾਂ ਤੋਂ ਆਉਣ ਵਾਲੀਆਂ ਹਵਾਈ ਉਡਾਣਾਂ ਨੂੰ ਦਿੱਲੀ ਦੀ ਥਾਂ ਅੰਮ੍ਰਿਤਸਰ ਪੁੱਜਣ ਲਈ 30 ਤੋਂ 40 ਮਿੰਟ ਘੱਟ ਸਮਾਂ ਲੱਗਦਾ ਹੈ ਜਿਸ ਨਾਲ ਆਉਣ-ਜਾਣ 'ਚ ਹਵਾਈ ਕੰਪਨੀਆਂ ਦਾ ਇਕ ਲੱਖ ਰੁਪਏ ਤੋਂ ਵਧੇਰੇ ਦੀ ਤੇਲ ਦੀ ਬਚਤ ਹੁੰਦੀ ਹੈ। ਇਥੇ ਦਿੱਲੀ ਨਾਲੋਂ ਆਰ.ਐਨ.ਐਫ.ਸੀ. ਖਰਚੇ ਵੀ ਘੱਟ ਹਨ ਤੇ ਹਵਾਈ ਜਹਾਜ਼ ਖੜ੍ਹੇ ਕਰਨ ਲਈ ਵਾਧੂ ਥਾਂ ਹੈ। ਦਿੱਲੀ ਵਿਖੇ ਹਵਾਈ ਉਡਾਣਾਂ ਦੀ ਭੀੜ ਹੋਣ ਕਾਰਨ ਜਹਾਜ਼ ਉਤਾਰਨ 'ਚ ਵਾਧੂ ਸਮਾਂ ਲੱਗਦਾ ਹੈ ਤੇ ਯਾਤਰੂਆਂ ਨੂੰ ਵੀ ਪ੍ਰੇਸ਼ਾਨੀ ਹੁੰਦੀ ਹੈ ਜਦੋਂਕਿ ਅੰਮ੍ਰਿਤਸਰ 'ਚ ਨਹੀਂ ਹੈ। ਇਸ ਤੋਂ ਇਲਾਵਾ ਪਰਵਾਸੀ ਭਾਰਤੀਆਂ ਦੀ ਗਿਣਤੀ ਸਭ ਤੋਂ ਵਧੇਰੇ ਇਸ ਖਿੱਤੇ ਵਿਚ ਹੈ ਤੇ ਪਰਵਾਸੀ ਭਾਰਤੀ ਵੀ ਦਿੱਲੀ ਦੀ ਥਾਂ ਅੰਮ੍ਰਿਤਸਰ ਹਵਾਈ ਅੱਡੇ ਉਤਰਣ ਨੂੰ ਤਰਜੀਹ ਦਿੰਦੇ ਹਨ।

ਇਸ ਹਵਾਈ ਅੱਡੇ ਨੂੰ ਬੋਇੰਗ-747 ਵਰਗੇ ਵੱਡੇ ਹਵਾਈ ਜਹਾਜ਼ ਉਤਾਰਣ ਬਾਰੇ ਉਨ੍ਹਾਂ ਦੱਸਿਆ ਕਿ ਇਥੇ ਪਹਿਲਾਂ ਹੀ ਰਨਵੇਅ ਨੂੰ ਵੱਡਾ ਕੀਤਾ ਜਾ ਚੁੱਕਾ ਹੈ। ਇਸ ਵੇਲੇ ਰਨਵੇਅ ਦੀ ਲੰਬਾਈ 3658 ਮੀਟਰ ਹੈ ਤੇ ਇਥੇ ਬੋਇੰਗ ਜਹਾਜ਼ ਉਤਾਰ ਕੇ ਦੇਖਿਆ ਜਾ ਚੁੱਕਾ ਹੈ। ਉਨ੍ਹਾਂ ਉਮੀਦ ਪ੍ਰਗਟਾਈ ਕਿ ਜਲਦੀ ਹੀ ਅੰਮ੍ਰਿਤਸਰ ਦੇ ਹਵਾਈ ਅੱਡੇ 'ਤੇ ਬੋਇੰਗ ਵੀ ਉਤਰਿਆ ਕਰਨਗੇ। ਇਸ ਵੇਲੇ 14 ਹਵਾਈ ਜਹਾਜ਼ ਇਕੋ ਸਮੇਂ ਖੜ੍ਹੇ ਕਰਨ ਦੀ ਸਮਰਥਾ ਹੈ। ਧੁੰਦ 'ਚ ਹਵਾਈ ਜਹਾਜ਼ ਉਤਾਰਣ ਲਈ ਇਥੇ ਕੈਟ-11 ਪ੍ਰਣਾਲੀ ਕਾਇਮ ਕੀਤੀ ਜਾ ਰਹੀ ਹੈ ਜੋ ਅਕਤੂਬਰ ਮਹੀਨੇ ਤੱਕ ਪੂਰੀ ਹੋ ਜਾਵੇਗੀ ਤੇ ਇਸ ਵਰ੍ਹੇ ਸਰਦੀਆਂ ਦੇ ਮੌਸਮ 'ਚ ਪੈਣ ਵਾਲੀ ਧੁੰਦ ਸਮੇਂ ਜਹਾਜ਼ ਉਤਾਰਣ 'ਚ ਕੋਈ ਮੁਸ਼ਕਲ ਨਹੀਂ ਆਵੇਗੀ। ਇਸ ਤੋਂ ਇਲਾਵਾ ਸ੍ਰੀ ਹਰਿਮੰਦਰ ਸਾਹਿਬ ਕਾਰਨ ਇਹ ਧਾਰਮਿਕ ਸੈਰ ਸਪਾਟੇ ਦਾ ਵੱਡਾ ਕੇਂਦਰ ਹੈ।

ਉਨ੍ਹਾਂ ਦੱਸਿਆ ਕਿ ਅਕਤੂਬਰ ਮਹੀਨੇ 'ਚ ਲੁਫਤਥਾਨਸਾ ਏਅਰਲਾਈਨ ਨਾਲ ਸਬੰਧਤ ਬ੍ਰਿਟਿਸ਼ ਮਿਡ ਲੈਂਡ ਏਅਰਵੇਜ਼ ਹਵਾਈ ਕੰਪਨੀ ਵੱਲੋਂ ਨਵੀਂ ਉਡਾਣ ਸ਼ੁਰੂ ਕੀਤੀ ਜਾ ਰਹੀ ਹੈ। ਇਹ ਉਡਾਣ ਲੰਡਨ ਦੇ ਹੀਥਰੋ ਹਵਾਈ ਅੱਡੇ ਤੋਂ ਰਵਾਨਾ ਹੋਵੇਗੀ ਤੇ ਅਲਮਾਟੀ ਹੁੰਦੀ ਹੋਈ ਅੰਮ੍ਰਿਤਸਰ ਪੁੱਜੇਗੀ। ਇਹ ਉਡਾਣ ਆਰੰਭ 'ਚ ਹਫਤੇ ਵਿਚ ਤਿੰਨ ਦਿਨ ਮੰਗਲਵਾਰ, ਸ਼ੁੱਕਰਵਾਰ ਤੇ ਐਤਵਾਰ ਚੱਲੇਗੀ। ਇਸ ਨਵੀਂ ਉਡਾਣ ਦੀ ਅਰੰਭਤਾ 13 ਅਕਤੂਬਰ ਤੋਂ ਹੋਵੇਗੀ।

ਇਸ ਨਵੀਂ ਉਡਾਣ ਦੇ ਆਰੰਭ ਹੋਣ ਨਾਲ ਅੰਮ੍ਰਿਤਸਰ ਤੇ ਲੰਡਨ ਵਿਚਾਲੇ ਸਿੱਧਾ ਸੰਪਰਕ ਜੁੜ ਜਾਵੇਗਾ। ਅਲਮਾਟੀ ਵਿਖੇ ਵੱਡੇ ਤੇਲ ਕੇਂਦਰ ਹੋਣ ਕਾਰਨ ਇਸ ਉਡਾਣ ਲਈ ਬਿਜਨੈਸ ਸ਼੍ਰੇਣੀ ਦੇ ਯਾਤਰੂਆਂ ਦੀ ਵੀ ਕਮੀ ਨਹੀਂ ਆਵੇਗੀ। ਇਸ ਉਡਾਣ ਲਈ 225 ਯਾਤਰੂਆਂ ਦੀ ਸਮਰਥਾ ਵਾਲੇ ਹਵਾਈ ਜਹਾਜ਼ ਦੀ ਵਰਤੋਂ ਕੀਤੀ ਜਾਵੇਗੀ ਜਿਸ 'ਚ 186 ਸੀਟਾਂ ਆਮ ਯਾਤਰੂਆਂ ਲਈ ਤੇ 36 ਸੀਟਾਂ ਬਿਜਨੈਸ ਸ਼੍ਰੇਣੀ ਦੇ ਯਾਤਰੂਆਂ ਲਈ ਹੋਣਗੀਆਂ।

ਇਸ ਅੱਡੇ ਨੂੰ ਦੇਸ਼ ਦੇ ਹੋਰ ਹਵਾਈ ਅੱਡਿਆਂ ਨਾਲੋਂ ਹਰ ਪੱਖੋਂ ਬਿਹਤਰ ਹੋਣ ਦਾ ਦਾਅਵਾ ਕਰਦਿਆਂ ਸ. ਸਿੱਧੂ ਨੇ ਦੋਸ਼ ਲਾਇਆ ਕਿ ਕੇਂਦਰ ਵੱਲੋਂ ਸੂਬਾ ਸਰਕਾਰ ਨਾਲ ਮਤਰੇਈ ਮਾਂ ਵਾਲੇ ਵਤੀਰੇ ਕਾਰਨ ਇਹ ਹਵਾਈ ਅੱਡਾ 20 ਕਰੋੜ ਰੁਪਏ ਸਾਲਾਨਾ ਘਾਟੇ 'ਚ ਹੈ। ਇਥੋਂ ਕੌਮਾਂਤਰੀ ਹਵਾਈ ਉਡਾਣਾਂ ਦਿੱਲੀ ਦੇ ਹਵਾਈ ਅੱਡੇ 'ਤੇ ਡੂੰਘੀ ਸਾਜਿਸ਼ ਤਹਿਤ ਤਬਦੀਲ ਕੀਤੀਆਂ ਜਾ ਰਹੀਆਂ ਹਨ। ਉਹ ਇਹ ਮਾਮਲਾ ਸੰਸਦ ਦੇ ਅਗਲੇ ਇਜਲਾਸ 'ਚ ਉਠਾਉਣਗੇ।

# ਪੰਜਾਬ ਸਰਕਾਰ ਨੇ ਆਗੂਆਂ ਦੀ 'ਐਸ਼ੋ-ਇਸ਼ਰਤ' ਉਤੇ ਕਰੋੜਾਂ ਰੁਪਏ ਫੂਕੇ

**ਚੰਡੀਗੜ੍ਹ(ਪੰਜਾਬ ਟਾਈਮਜ਼ ਬਿਊਰੋ):** ਲੋਕਾਂ ਲਈ ਪੰਜਾਬ ਸਰਕਾਰ ਦਾ ਖ਼ਜ਼ਾਨਾ ਖਾਲੀ ਹੈ ਪਰ ਸਿਆਸੀ ਆਗੂਆਂ ਦੀ ਐਸ਼ੋ-ਇਸ਼ਰਤ ਤੇ ਆਓ ਭਗਤ 'ਤੇ ਕਰੋੜਾਂ ਰੁਪਏ ਫੂਕੇ ਖਰਚੇ ਜਾ ਰਹੇ ਹਨ। ਸਰਕਾਰ ਵੱਲੋਂ ਮਹਿਮਾਨ ਨਿਵਾਜ਼ੀ ਵਿਚ ਇੰਨੀ ਜ਼ਿਆਦਾ ਖੁੱਲ੍ਹਦਿਲੀ ਦਿਖਾਈ ਜਾ ਰਹੀ ਹੈ ਕਿ ਉਸ ਨੇ ਦੇਸੀ ਤੇ ਵਿਦੇਸ਼ੀ ਮਹਿਮਾਨਾਂ 'ਤੇ ਪਿਛਲੇ ਸੱਤ ਸਾਲਾਂ ਦੌਰਾਨ ਸਾਢੇ ਚਾਰ ਕਰੋੜ ਰੁਪਏ ਦੇ ਕਰੀਬ ਖਰਚ ਕੀਤਾ ਹੈ। ਸੂਚਨਾ ਅਧਿਕਾਰ ਕਾਨੂੰਨ ਤਹਿਤ ਹਾਸਲ ਜਾਣਕਾਰੀ ਅਨੁਸਾਰ ਸਰਕਾਰ ਨੇ ਗੁਆਂਢੀ ਮੁਲਕ ਪਾਕਿਸਤਾਨ ਤੇ ਪੰਜਾਬ ਨਾਲ ਸਬੰਧਤ ਪਰਵਾਸੀ ਭਾਰਤੀਆਂ ਦੀ ਆਮਦ ਸਮੇਂ ਵਿਸ਼ੇਸ਼ ਮਹਿਮਾਨਾਂ ਦੀ ਆਓ ਭਗਤ ਵਿਚ ਕੋਈ ਕਸਰ ਨਹੀਂ ਛੱਡੀ। ਸੂਬੇ ਵਿਚ ਸੱਤਾ ਤਬਦੀਲ ਹੁੰਦਿਆਂ ਮਹਿਮਾਨਾਂ ਦਾ ਵਰਗ ਵੀ ਬਦਲ ਜਾਂਦਾ ਹੈ। ਕਾਂਗਰਸ ਹਕੂਮਤ ਸਮੇਂ ਭਾਜਪਾ ਨਾਲ ਸਬੰਧਤ ਬਹੁਤ ਘੱਟ ਆਗੂਆਂ ਨੂੰ ਪੰਜਾਬ ਦੀ ਮਹਿਮਾਨ ਨਿਵਾਜ਼ੀ ਮਾਣਣ ਦਾ ਮੌਕਾ ਮਿਲਿਆ। ਜਿਵੇਂ ਹੀ ਸਾਲ 2007 ਵਿਚ ਅਕਾਲੀ-ਭਾਜਪਾ ਸਰਕਾਰ ਹੋਂਦ ਵਿਚ ਆਈ ਤਾਂ ਉਸ ਤੋਂ ਬਾਅਦ ਭਾਜਪਾ ਦੇ ਕੇਂਦਰੀ ਆਗੂਆਂ ਨੂੰ ਸਰਕਾਰੀ ਮਹਿਮਾਨਾਂ ਦਾ ਰੁਤਬਾ ਦਿੱਤਾ ਜਾਣ ਲੱਗਾ।

ਪੰਜਾਬ ਸਰਕਾਰ ਵੱਲੋਂ ਕਿਸੇ ਵੀ ਵਿਅਕਤੀ ਨੂੰ ਸਰਕਾਰੀ ਮਹਿਮਾਨ ਐਲਾਨੇ ਜਾਣ ਤੋਂ ਬਾਅਦ ਉਹ ਰਹਿਣ-ਸਹਿਣ, ਖਾਣ-ਪੀਣ ਤੇ ਟਰਾਂਸਪੋਰਟ ਦਾ ਪ੍ਰਬੰਧ ਸਰਕਾਰ ਤੋਂ ਲੈਣ ਦਾ ਹੱਕਦਾਰ ਹੁੰਦਾ ਹੈ। ਭਾਰਤੀ ਜਨਤਾ ਪਾਰਟੀ ਨਾਲ ਸਬੰਧਤ ਆਗੂਆਂ ਜਿਨ੍ਹਾਂ ਨੂੰ ਵੱਖ-ਵੱਖ ਸਮੇਂ ਦੌਰਾਨ ਸਰਕਾਰੀ ਮਹਿਮਾਨ ਐਲਾਨਿਆ ਗਿਆ ਉਨ੍ਹਾਂ ਵਿਚ ਭਾਜਪਾ ਦੇ ਕੌਮੀ ਪ੍ਰਧਾਨ ਨਿਤਿਨ ਗਡਕਰੀ, ਰਾਜਨਾਥ ਸਿੰਘ, ਕਿਰਨ ਘਈ, ਬਲਬੀਰ ਪੁੰਜ, ਯਸ਼ਵੰਤ ਸਿਨਹਾ ਤੇ ਸ਼ਾਂਤਾ ਕੁਮਾਰ ਦੇ ਨਾਂ ਸ਼ਾਮਲ ਹਨ। ਸ੍ਰੀ ਪੁੰਜ ਨੂੰ ਤਾਂ ਸਰਕਾਰੀ ਮਹਿਮਾਨ ਵਜੋਂ ਬਹੁਤੀ ਵਾਰੀ ਨਿਵਾਜ਼ਿਆ ਗਿਆ ਹੈ। ਉਨ੍ਹਾਂ ਨੂੰ ਸਰਕਾਰ ਨੇ 25 ਤੋਂ ਵੱਧ ਵਾਰੀ ਸਰਕਾਰੀ ਮਹਿਮਾਨ ਐਲਾਨਿਆ।

ਕਾਂਗਰਸ ਦੇ ਕਈ ਕੇਂਦਰੀ ਮੰਤਰੀ ਜਿਨ੍ਹਾਂ ਦਾ ਆਪਣਾ ਟਿਕਾਣਾ ਚੰਡੀਗੜ੍ਹ ਵਿਚ ਹੈ, ਵੀ ਸਰਕਾਰ ਦੇ ਮਹਿਮਾਨ ਬਣਦੇ ਹਨ। ਇਨ੍ਹਾਂ ਵਿਚ ਕੇਂਦਰੀ ਮੰਤਰੀ ਪਵਨ ਕੁਮਾਰ ਬਾਂਸਲ, ਸ੍ਰੀਮਤੀ ਅੰਬਿਕਾ ਸੋਨੀ, ਅਸ਼ਵਨੀ ਕੁਮਾਰ ਤੇ ਪਰਨੀਤ ਕੌਰ ਦਾ ਨਾਂ ਸ਼ਾਮਲ ਹੈ। ਸਰਕਾਰੀ ਮਹਿਮਾਨਾਂ ਦੀ ਸੂਚੀ ਵਿਚ ਜਿਨ੍ਹਾਂ ਪਰਵਾਸੀਆਂ ਦਾ ਨਾਂ ਜ਼ਿਕਰਯੋਗ ਹੈ ਉਨ੍ਹਾਂ ਵਿਚ ਰੂਬੀ ਢੱਲਾ, ਉੱਜਲ ਦੁਸਾਂਝ ਤੇ ਗੁਰਬਖਸ਼ ਮੱਲ੍ਹੀ ਸ਼ਾਮਲ ਹਨ। ਸ਼੍ਰੋਮਣੀ ਅਕਾਲੀ ਦਲ ਨਾਲ ਹੀ ਸਬੰਧਤ ਪਰਵਾਸੀ ਦਰਸ਼ਨ ਸਿੰਘ ਧਾਲੀਵਾਲ ਦਾ ਨਾਂ ਵੀ ਸਰਕਾਰੀ ਮਹਿਮਾਨਾਂ ਵਾਲੀ ਸੂਚੀ ਵਿਚ ਆਉਂਦਾ ਹੈ। ਰੂਬੀ ਢੱਲਾ ਦੀ ਮਹਿਮਾਨ ਨਿਵਾਜ਼ੀ 'ਤੇ ਤਾਂ ਸਰਕਾਰ ਨੇ ਤਕਰੀਬਨ 12 ਲੱਖ ਰੁਪਏ ਖਰਚ ਕੀਤੇ ਹਨ। ਉੱਜਲ ਦੁਸਾਂਝ ਦੀ ਪ੍ਰਾਹੁਣਚਾਰੀ 'ਤੇ ਲੱਖ ਰੁਪਇਆ ਖਰਚ ਆਇਆ ਤੇ ਗੁਰਬਖਸ਼ ਮੱਲ੍ਹੀ ਦੀ ਆਓ ਭਗਤ 'ਤੇ ਸਵਾ ਦੋ ਲੱਖ ਦੇ ਕਰੀਬ ਖਰਚ ਕੀਤਾ ਗਿਆ।

ਕੈਪਟਨ ਅਮਰਿੰਦਰ ਸਿੰਘ ਨੇ ਰਾਜ ਦਾ ਮੁੱਖ ਮੰਤਰੀ ਹੁੰਦਿਆਂ ਕਾਂਗਰਸ ਦੀ ਹਕੂਮਤ ਵਾਲੇ ਸੂਬਿਆਂ ਦੇ ਮੁੱਖ ਮੰਤਰੀਆਂ ਦੀ ਮੀਟਿੰਗ ਦੌਰਾਨ ਵੀ ਸਰਕਾਰੀ ਖ਼ਜ਼ਾਨੇ ਦੀ ਖੁੱਲ੍ਹ ਕੇ ਵਰਤੋਂ ਕੀਤੀ। ਕਾਂਗਰਸੀ ਮੁੱਖ ਮੰਤਰੀਆਂ ਦੀ ਕਾਨਫਰੰਸ ਉੱਪਰ 7 ਲੱਖ ਰੁਪਏ ਤੋਂ ਵੱਧ ਖਰਚ ਕੀਤਾ ਗਿਆ। ਸਰਕਾਰ ਨੇ ਤਾਂ ਪ੍ਰਧਾਨ ਮੰਤਰੀ ਦੀ ਮਹਿਮਾਨ ਨਿਵਾਜ਼ੀ 'ਤੇ ਵੀ ਵੱਖ-ਵੱਖ ਮੌਕਿਆਂ ਦੌਰਾਨ 10 ਲੱਖ ਰੁਪਏ ਤੋਂ ਵੱਧ ਦਾ ਖਰਚ ਦਿਖਾਇਆ ਹੈ। ਪਾਕਿਸਤਾਨ ਤੋਂ ਆਉਂਦੇ ਮਹਿਮਾਨਾਂ ਲਈ ਸਰਕਾਰ ਨੇ ਕਿਸੇ ਤਰ੍ਹਾਂ ਦੀ ਕੰਜੂਸੀ ਨਹੀਂ ਵਰਤੀ। ਪਿਛਲੇ ਚਾਰ ਸਾਲਾਂ ਦੌਰਾਨ ਗੁਆਂਢੀ ਮੁਲਕ ਤੋਂ ਆਏ ਮਹਿਮਾਨਾਂ 'ਤੇ 22 ਲੱਖ ਰੁਪਏ ਤੋਂ ਵੱਧ ਖਰਚ ਕੀਤਾ ਗਿਆ। ਪਾਕਿਸਤਾਨ ਦੀ ਕੌਮੀ ਅਸੈਂਬਲੀ ਦੇ ਮੈਂਬਰ ਤੇ ਉਥੋਂ ਦੇ ਮਨੁੱਖੀ ਅਧਿਕਾਰਾਂ ਮਾਮਲਿਆਂ ਦੇ ਸਾਬਕਾ ਮੰਤਰੀ ਅੰਸਾਰ ਬਰਨੀ ਵੀ ਅਜਿਹੇ ਮਹਿਮਾਨਾਂ ਵਿਚ ਹਨ ਜਿਨ੍ਹਾਂ ਦੀ ਪ੍ਰਾਹੁਣਚਾਰੀ 12 ਲੱਖ ਰੁਪਏ ਵਿਚ ਪਈ। ਪੰਜਾਬ ਦੇ ਪ੍ਰਾਹੁਣਚਾਰੀ ਵਿਭਾਗ ਵੱਲੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੇ ਮੰਤਰੀ ਮੰਡਲ ਵੱਲੋਂ ਸਾਲ 2007 ਵਿਚ ਸਹੁੰ ਚੁੱਕਣ ਸਮੇਂ ਤੇ ਉਸ ਤੋਂ ਬਾਅਦ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਦੋ ਵਾਰੀ ਇਕ ਵਾਰੀ ਅੰਮ੍ਰਿਤਸਰ ਤੇ ਦੂਜੀ ਵਾਰੀ ਚੰਡੀਗੜ੍ਹ ਵਿਚ ਹਲਫ਼ ਲੈਣ 'ਤੇ ਵੱਡਾ ਖਰਚ ਕੀਤਾ ਗਿਆ। ਮੁੱਖ ਮੰਤਰੀ ਤੇ ਹੋਰ ਮੰਤਰੀਆਂ ਦੇ ਸਹੁੰ ਚੁੱਕ ਸਮਾਗਮ 'ਤੇ 25 ਲੱਖ ਰੁਪਏ ਤੋਂ ਵੱਧ ਖਰਚ ਆਇਆ ਸੀ ਜਦੋਂਕਿ ਸਿਰਫ਼ ਸੁਖਬੀਰ ਸਿੰਘ ਬਾਦਲ ਦੇ ਦੋਹਾਂ ਸਹੁੰ ਚੁੱਕ ਸਮਾਗਮਾਂ 'ਤੇ 24 ਲੱਖ ਰੁਪਏ ਦੇ ਕਰੀਬ ਖਰਚ ਆਇਆ ਹੈ।

### ਭਾਜਪਾ ਆਗੂਆਂ ਨੇ ਲਿਆ ਖੁੱਲ੍ਹ ਕੇ ਲਾਹਾ



# ਹਰਿਆਣਾ 'ਚ ਪੰਜਾਬੀ ਦੇ ਵਿਕਾਸ ਲਈ ਉਪਰਾਲੇ

**ਚੰਡੀਗੜ੍ਹ:** ਹਰਿਆਣਾ ਸਰਕਾਰ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਸੁਹਿਰਦ ਯਤਨ ਕਰਦੀ ਨਜ਼ਰ ਆ ਰਹੀ ਹੈ ਭਾਵੇਂਕਿ ਇਸ ਨੂੰ ਸਿੱਖ ਵੋਟ ਬਟੋਰਨ ਦਾ ਸਿਆਸੀ ਪੈਂਤੜਾ ਹੀ ਦੱਸਿਆ ਜਾ ਰਹੀ ਹੈ। ਪੰਜਾਬੀ ਨੂੰ ਸੂਬੇ 'ਚ ਦੂਜੀ ਭਾਸ਼ਾ ਦਾ ਦਰਜ ਦੇ ਕੇ ਜਿੱਥੇ ਹੁੱਡਾ ਸਰਕਾਰ ਨੇ ਸਿੱਖਾਂ ਦੇ ਰੋਸ ਨੂੰ ਸ਼ਾਂਤ ਕਰ ਦਿੱਤਾ ਹੈ ਉਥੇ ਕਈ ਹੋਰ ਉਪਰਾਲੇ ਕਰਕੇ ਸੰਦੇਸ਼ ਦਿੱਤਾ ਹੈ ਕਿ ਕਾਂਗਰਸ ਘੱਟ ਗਿਣਤੀਆਂ ਨਾਲ ਕਿਸੇ ਵੀ ਤਰ੍ਹਾਂ ਦੇ ਵਿਤਕਰੇ ਦੇ ਹੱਕ 'ਚ ਨਹੀਂ।

ਹੁੱਡਾ ਸਰਕਾਰ ਵੱਲੋਂ ਲਏ ਗਏ ਤਾਜ਼ਾ ਫੈਸਲਿਆਂ ਅਨੁਸਾਰ ਹਰਿਆਣਾ ਦੀਆਂ ਸੜਕਾਂ 'ਤੇ ਲੱਗੇ ਮੀਲ ਪੱਥਰ ਹੁਣ ਪੰਜਾਬੀ ਵਿਚ ਵੀ ਹੋਣਗੇ। ਪਹਿਲੇ ਪੜਾਅ ਤਹਿਤ ਕੌਮੀ ਰਾਜ ਮਾਰਗਾਂ ਉਤੇ ਲਾਏ ਬੋਰਡਾਂ 'ਤੇ ਹਿੰਦੀ ਤੇ ਅੰਗਰੇਜ਼ੀ ਦੇ ਨਾਲ ਪੰਜਾਬੀ ਵਿਚ ਵੀ ਜਾਣਕਾਰੀ ਲਿਖੀ ਜਾਵੇਗੀ। ਹਰਿਆਣਾ ਸਰਕਾਰ ਵੱਲੋਂ ਪੰਜਾਬੀ ਬੋਲੀ ਨੂੰ ਦੂਜੀ ਭਾਸ਼ਾ ਦਾ ਦਰਜਾ ਦੇਣ ਪਿੱਛੋਂ ਪੰਜਾਬੀ ਨੂੰ ਮਾਣ ਦੇਣ ਲਈ ਇਹ ਪਲੇਠਾ ਮਹੱਤਵਪੂਰਨ ਕਦਮ ਹੈ।

ਹਰਿਆਣਾ ਸਾਹਿਤ ਅਕਾਦਮੀ ਦੇ ਡਾਇਰੈਕਟਰ ਸੁਖਚੈਨ ਭੰਡਾਰੀ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਵੱਲੋਂ ਇਸ ਲਈ ਹਰੀ ਝੰਡੀ ਮਿਲ ਗਈ ਹੈ। ਇਸ ਪ੍ਰਾਜੈਕਟ ਦਾ ਸਾਰਾ ਖਰਚਾ ਸੂਬਾ ਸਰਕਾਰ ਕਰੇਗੀ। ਉਨ੍ਹਾਂ ਦੱਸਿਆ ਕਿ ਹਰਿਆਣਾ ਵਿਚ ਪੰਜਾਬੀ ਬੋਲੀ, ਸਭਿਆਚਾਰ ਤੇ ਸਾਹਿਤ ਨਾਲ ਲੋਕਾਂ ਦਾ ਨੇੜੇ ਦਾ ਰਾਬਤਾ ਜੋੜਨ ਲਈ ਕਈ ਅਹਿਮ ਫੈਸਲੇ ਲਏ ਗਏ ਹਨ। ਅਗਲੇ ਮਹੀਨੇ ਤੋਂ ਹਰਿਆਣਾ ਦੇ ਪਿੰਡਾਂ ਵਿਚ ਪੰਜਾਬੀ ਭਾਸ਼ਾ ਦੇ ਪ੍ਰਚਾਰ ਤੇ ਪ੍ਰਸਾਰ ਲਈ ਨੁੱਕੜ ਨਾਟਕ ਖੇਡੇ ਜਾਣਗੇ। ਇਸ ਰਾਹੀਂ ਜਿਥੇ ਨਵੀਂ ਤੇ ਪੁਰਾਣੀ ਪੀੜ੍ਹੀ ਨੂੰ ਜੋੜਣ ਦਾ ਸੁਨੇਹਾ ਦਿੱਤਾ ਜਾਵੇਗਾ। ਉਥੇ ਨਸ਼ਿਆਂ ਤੇ ਭਰੂਣ ਹੱਤਿਆ ਖ਼ਿਲਾਫ਼ ਵੀ ਜਾਗਰੂਕ ਕੀਤਾ ਜਾਵੇਗਾ। ਸ੍ਰੀ ਭੰਡਾਰੀ ਨੇ ਦੱਸਿਆ ਕਿ ਪਿੰਡਾਂ ਤੇ ਸ਼ਹਿਰਾਂ ਵਿਚ ਪੰਜਾਬੀ ਦੀ ਪੜ੍ਹਾਈ ਕਰਨ ਵਾਲਿਆਂ ਲਈ ਵਿਸ਼ੇਸ਼ ਪ੍ਰਬੰਧ ਕੀਤੇ ਜਾ ਰਹੇ ਹਨ।

ਪੰਚਾਇਤਾਂ ਨੂੰ ਪੰਜਾਬੀ ਪੜ੍ਹਨ ਵਾਲਿਆਂ ਦਾ ਗਰੁੱਪ ਇਕੱਠਾ ਕਰਨ ਲਈ ਕਿਹਾ ਗਿਆ ਹੈ ਜਿਸ ਲਈ ਅਕਾਦਮੀ ਵੱਲੋਂ ਮੁਫ਼ਤ ਅਧਿਆਪਕ ਮੁਹੱਈਆ ਕਰਵਾਏ ਜਾਣਗੇ। ਅਕਾਦਮੀ ਵੱਲੋਂ ਪਿੰਡਾਂ ਤੇ ਸ਼ਹਿਰਾਂ ਵਿਚ ਪੰਜਾਬੀ ਸਿੱਖਣ ਲਈ ਮੁਫ਼ਤ ਕੈਦੇ ਵੰਡੇ ਜਾ ਰਹੇ ਹਨ। ਪੰਜਾਬੀ ਦੀਆਂ ਮੁਫ਼ਤ ਕਲਾਸਾਂ ਲਈ ਉਮਰ ਦੀ ਕੋਈ ਸੀਮਾ ਨਹੀਂ ਰੱਖੀ ਗਈ। ਇਸੇ ਦੌਰਾਨ ਅਕਾਦਮੀ ਵੱਲੋਂ ਅਗਸਤ ਵਿਚ ਸੁਵੀਆਨਾ ਪ੍ਰੋਗਰਾਮ ਕਰਾਉਣ ਦਾ ਫੈਸਲਾ ਲਿਆ ਗਿਆ ਹੈ।

ਇਸੇ ਸਾਲ ਤੋਂ ਹਰਿਆਣਾ ਪੰਜਾਬੀ ਪੱਤਰਕਾਰ ਪੁਰਸਕਾਰ ਸ਼ੁਰੂ ਕਰਨ ਦਾ ਵੀ ਫੈਸਲਾ ਲਿਆ ਗਿਆ ਹੈ। ਪੁਰਸਕਾਰ ਦੀ ਰਾਸ਼ੀ ਇਕ ਲੱਖ ਰੁਪਏ ਹੋਵੇਗੀ ਜੋ ਹਰਿਆਣਾ ਦੇ ਜੰਮਪਲ ਪੱਤਰਕਾਰਾਂ ਨੂੰ ਹੀ ਦਿੱਤਾ ਜਾਵੇਗਾ।

# ਗਰੀਬੀ ਰੇਖਾ ਤੋਂ ਹੇਠਲੇ ਪਰਿਵਾਰਾਂ 'ਚ ਵਾਧਾ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਦੇ ਗਰੀਬਾਂ ਨੂੰ ਅਮਲੀ ਰੂਪ 'ਚ ਗੱਫ਼ਾ ਦਿੰਦਿਆਂ ਯੋਜਨਾ ਕਮਿਸ਼ਨ ਨੇ ਗਰੀਬੀ ਰੇਖਾ ਤੋਂ ਹੇਠਾਂ (ਬੀ.ਪੀ.ਐਲ.) ਰਹਿ ਰਹੇ ਪਰਿਵਾਰਾਂ ਦੀ ਸੂਚੀ 'ਚ ਵਾਧਾ ਕਰ ਦਿੱਤਾ ਹੈ। ਇਸ ਨਾਲ ਰਾਜ ਦੀ 21 ਫ਼ੀਸਦੀ ਜਨਤਾ ਇਸ ਦਾਇਰੇ ਵਿਚ ਆ ਜਾਵੇਗੀ।

ਪਿਛਲੇ ਮਹੀਨੇ ਕਮਿਸ਼ਨ ਵੱਲੋਂ ਮਨਜ਼ੂਰ ਕੀਤੀ ਤੇਂਦੁਲਕਰ ਕਮੇਟੀ ਦੀ ਰਿਪੋਰਟ ਦੀ ਤਰਜ਼ 'ਤੇ ਕੀਤੇ ਇਸ ਵਾਧੇ ਨਾਲ ਰਾਜ ਦੇ 7.5 ਲੱਖ ਹੋਰ ਪਰਿਵਾਰ ਵੀ ਕੇਂਦਰ ਵੱਲੋਂ ਗਰੀਬ ਪਰਿਵਾਰਾਂ ਲਈ ਜਾਰੀ ਅਨੇਕਾਂ ਸਕੀਮਾਂ ਦਾ ਫ਼ਾਇਦਾ ਉਠਾ ਸਕਣਗੇ। ਰਾਜ ਦੇ ਕੁੱਲ 46 ਲੱਖ ਪਰਿਵਾਰਾਂ 'ਚੋਂ 12.5 ਲੱਖ ਪਰਿਵਾਰਾਂ ਨੂੰ ਕੇਂਦਰ ਨੇ ਗਰੀਬੀ ਰੇਖਾ ਤੋਂ ਹੇਠਾਂ ਦਾ ਦਰਜਾ ਦੇ ਦਿੱਤਾ ਹੈ। ਪੰਜਾਬ ਵੱਲੋਂ ਪਿਛਲੇ ਕਈ ਸਾਲਾਂ ਤੋਂ ਕਿਹਾ ਜਾ ਰਿਹਾ ਸੀ ਕਿ ਰਾਜ ਵਿਚ ਬੀ.ਪੀ.ਐਲ. ਦੀ ਯੋਗਤਾ ਲਈ ਆਮਦਨ ਸੀਮਾ ਘੱਟ ਹੋਣ ਕਾਰਨ ਬਹੁਤ ਸਾਰੇ ਗਰੀਬ ਲੋਕ ਭਲਾਈ ਸਕੀਮਾਂ ਅਧੀਨ ਮਿਲਣ ਵਾਲੀ ਕੇਂਦਰ ਸਰਕਾਰ ਦੀ ਸਹਾਇਤਾ ਤੋਂ ਵਾਂਝੇ ਰਹਿ ਰਹੇ ਹਨ। ਪੰਜਾਬ ਨੂੰ ਇਸ ਨਾਲ ਆਟਾ-ਦਾਲ ਸਕੀਮ ਚਲਾਉਣ ਵਿਚ ਬਹੁਤ ਰਾਹਤ ਮਿਲੇਗੀ। 5.23 ਲੱਖ ਪਰਿਵਾਰਾਂ ਲਈ ਕਣਕ ਪ੍ਰਾਪਤ ਕਰਨ ਵਾਲਾ ਰਾਜ 15 ਲੱਖ ਪਰਿਵਾਰਾਂ ਨੂੰ ਆਟਾ ਸਪਲਾਈ ਕਰਦਾ ਸੀ।

ਰਾਜ ਨੇ ਇਸ ਸਕੀਮ ਵਿਚ ਪੰਜ ਲੱਖ ਹੋਰ ਪਰਿਵਾਰਾਂ ਨੂੰ ਵੀ ਸ਼ਾਮਲ ਕਰਨ ਦਾ ਫੈਸਲਾ ਕੀਤਾ ਹੈ। ਹੁਣ ਰਾਜ ਸਰਕਾਰ 12.5 ਲੱਖ ਪਰਿਵਾਰਾਂ ਲਈ ਕਣਕ ਪ੍ਰਾਪਤ ਕਰੇਗੀ। ਬੀ.ਪੀ.ਐਲ. ਸੂਚੀ 'ਚ ਸ਼ਾਮਲ ਨਵੇਂ ਪਰਿਵਾਰ ਸਿਹਤ ਸਬੰਧੀ ਅਨੇਕਾਂ ਸਕੀਮਾਂ ਦਾ ਵੀ ਫਾਇਦਾ ਉਠਾ ਸਕਣਗੇ। ਕੌਮੀ ਸਿਹਤ ਬੀਮਾ ਯੋਜਨਾ ਅਧੀਨ ਉਨ੍ਹਾਂ ਨੂੰ 30,000 ਰੁਪਏ ਇਲਾਜ ਦੇ ਖਰਚੇ ਵਜੋਂ ਤੇ 1.5 ਲੱਖ ਰੁਪਏ ਮਾਰੂ ਰੋਗਾਂ ਦੇ ਇਲਾਜ ਲਈ ਮਿਲਣਗੇ। ਇਸ ਤੋਂ ਇਲਾਵਾ ਉਹ ਪੇਂਡੂ ਵਿਕਾਸ ਤੇ ਸਮਾਜ ਕਲਿਆਣ ਦੀਆਂ ਅਨੇਕਾਂ ਯੋਜਨਾਵਾਂ ਤੋਂ ਲਾਹਾ ਲੈ ਸਕਣਗੇ। ਇਨ੍ਹਾਂ ਵਿਚੋਂ ਇੰਦਰਾ ਆਵਾਸ ਯੋਜਨਾ ਅਧੀਨ ਉਹ ਘਰ ਲੈਣ ਲਈ 50,000 ਰੁਪ ਏ ਤੇ ਮੁਰੰਮਤ ਲਈ 35,000 ਰੁਪਏ ਪ੍ਰਾਪਤ ਕਰ ਸਕਦੇ ਹਨ। ਇਸ ਤੋਂ ਇਲਾਵਾ ਉਹ ਸਵਰਨਜਯੰਤੀ ਗਰਾਮ ਸਵੈਰੁਜ਼ਗਾਰ ਯੋਜਨਾ (ਐਸ.ਜੀ.ਐਸ.ਵਾਈ.) ਅਧੀਨ ਘੱਟ ਵਿਆਜ 'ਤੇ ਕਰਜ਼ੇ ਪ੍ਰਾਪਤ ਕਰ ਸਕਣਗੇ। ਗਰੀਬ ਪਰਿਵਾਰਾਂ ਦੇ ਬੱਚੇ ਅਨੇਕਾਂ ਵਜ਼ੀਫਾ ਸਕੀਮਾਂ ਦਾ ਲਾਭ ਵੀ ਪ੍ਰਾਪਤ ਕਰ ਸਕਦੇ ਹਨ।

ਇਸੇ ਦੌਰਾਨ ਕੇਂਦਰੀ ਪੇਂਡੂ ਵਿਕਾਸ ਮੰਤਵਾਲੇ ਤੇ ਸ਼ਹਿਰੀ ਗਰੀਬੀ ਨਿਵਾਰਨ ਮੰਤਰਾਲੇ ਨੇ ਵੱਖੋ-ਵੱਖਰੇ ਤੌਰ 'ਤੇ ਰਾਜਾਂ ਨੂੰ ਬੀ.ਪੀ.ਐਲ. ਪਰਿਵਾਰਾਂ ਦੀ ਗਣਨਾ ਕਰਨ ਦਾ ਹੁਕਮ ਦਿੱਤਾ ਹੈ। ਦੋ ਪਹੀਆ ਮੋਟਰ ਗੱਡੀ ਰੱਖਣ ਵਾਲੇ ਪਰਿਵਾਰ ਆਪਣੇ ਆਪ ਇਸ ਸੂਚੀ ਤੋਂ ਬਾਹਰ ਹੋ ਜਾਣਗੇ। ਫਰਿੱਜ, ਲੈਂਡ ਲਾਈਨ ਫੋਨ ਤੇ 2.5 ਏਕੜ ਤੋਂ ਵੱਧ ਖੇਤੀਬਾੜੀ ਦੀ ਜ਼ਮੀਨ ਰੱਖਣ ਵਾਲੇ ਪਰਿਵਾਰ ਵੀ ਇਸ ਸੂਚੀ 'ਚ ਸ਼ਾਮਲ ਨਹੀਂ ਹੋ ਸਕਣਗੇ। ਬਿਨਾਂ ਛੱਤ ਦੇ ਪਰਿਵਾਰ ਇਸ ਸੂਚੀ 'ਚ ਆਪਣੇ ਆਪ ਸ਼ਾਮਲ ਹੋਣਗੇ। ਬਾਕੀ ਪਰਿਵਾਰ ਸਹੂਲਤਾਂ ਦੀ ਅਣਹੋਂਦ ਦੇ ਆਧਾਰ 'ਤੇ ਸੂਚੀ ਵਿਚ ਸ਼ਾਮਲ ਕੀਤੇ ਜਾਣਗੇ।

## ਲੁਧਿਆਣਾ 'ਚ ਮੈਟਰੋ ਰੇਲ ਦਾ ਮਾਮਲਾ ਗਰਮਾਇਆ

**ਚੰਡੀਗੜ੍ਹ:** ਪੰਜਾਬ ਸਰਕਾਰ ਨੂੰ ਚਾਰ ਸਾਲਾਂ ਬਾਅਦ ਫਿਰ ਲੁਧਿਆਣਾ 'ਚ ਮੈਟਰੋ ਚਲਾਉਣ ਦੀ ਯਾਦ ਆ ਗਈ ਹੈ। ਪੰਜਾਬ ਸਰਕਾਰ ਨੇ ਦਿੱਲੀ ਮੈਟਰੋ ਰੇਲ ਕਾਰਪੋਰੇਸ਼ਨ ਵੱਲੋਂ ਲੁਧਿਆਣਾ ਵਿਚ ਮੈਟਰੋ ਰੇਲ ਚਲਾਉਣ ਬਾਰੇ ਤਿਆਰ ਕੀਤੀ ਪ੍ਰਾਜੈਕਟ ਰਿਪੋਰਟ ਨੂੰ ਪ੍ਰਵਾਨਗੀ ਦੇ ਦਿੱਤੀ ਹੈ।

ਇਹ ਪ੍ਰਾਜੈਕਟ ਪਬਲਿਕ ਪ੍ਰਾਈਵੇਟ ਪਾਰਟਨਰਸ਼ਿਪ (ਪੀ.ਪੀ.ਪੀ.) ਜਾਂ ਬਿਲਡ ਆਪਰੇਟ ਟਰਾਂਸਫਰ (ਬੀ.ਓ.ਟੀ.) ਮਾਡਲ 'ਤੇ ਹੋਵੇਗਾ। ਉਧਰ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਮੰਤਰੀ ਮੰਡਲ ਵੱਲੋਂ ਪ੍ਰਵਾਨ ਕੀਤਾ ਗਿਆ ਲੁਧਿਆਣਾ ਮੈਟਰੋ ਪ੍ਰਾਜੈਕਟ ਸਿਰਫ਼ ਚੋਣ ਸਟੰਟ ਹੈ ਕਿਉਂਕਿ ਸੱਤਾਧਾਰੀ ਅਕਾਲੀ-ਭਾਜਪਾ ਸਰਕਾਰ ਦਾ ਇਸ ਨੂੰ ਸਿਰੇ ਚੜ੍ਹਾਉਣ ਦਾ ਨਾ ਤਾਂ ਕੋਈ ਇਰਾਦਾ ਹੈ ਤੇ ਨਾ ਹੀ ਸਰਕਾਰ ਕੋਲ ਏਨਾ ਪੈਸਾ ਹੈ। ਕੈਪਟਨ ਅਮਰਿੰਦਰ ਸਿੰਘ ਨੇ ਇਸ ਦੀ ਮਨਜ਼ੂਰੀ ਦੇ ਸਮੇਂ 'ਤੇ ਸਵਾਲੀਆ ਨਿਸ਼ਾਨ ਲਾਉਂਦਿਆਂ ਕਿਹਾ ਹੁਣ ਜਦੋਂ ਅਕਾਲੀ-ਭਾਜਪਾ ਸਰਕਾਰ ਦੇ ਕੋਲ ਗਿਣਤੀ ਦੇ ਦਿਨ ਬਚੇ ਹਨ ਤੇ ਰਾਜ ਆਮ ਚੋਣਾਂ ਦਾ ਸਾਹਮਣਾ ਕਰਨ ਨੂੰ ਤਿਆਰ ਖੜ੍ਹਾ ਹੈ ਤੇ ਸੱਤਾਧਾਰੀ ਗਠਜੋੜ ਨੂੰ ਇਸ ਬਾਰੇ ਸੋਚਣ ਦੀ ਕੀ ਲੋੜ ਸੀ ਜਿਸ ਦੀ ਲਾਗਤ ਤਕਰੀਬਨ ਦਸ ਹਜ਼ਾਰ ਕਰੋੜ ਰੁਪਏ ਬਣਦੀ ਹੈ।


ਸਾਬਕਾ ਮੁੱਖ ਮੰਤਰੀ ਨੇ ਸਪੱਸ਼ਟ ਕੀਤਾ ਕਿ ਲੁਧਿਆਣਾ ਸ਼ਹਿਰਾਂ ਲਈ ਮੈਟਰੋ ਪ੍ਰਾਜੈਕਟ ਦਾ ਉਹ ਹਮੇਸ਼ਾ ਸਵਾਗਤ ਕਰਦੇ ਹਨ ਪਰ ਸੱਤਾਧਾਰੀ ਅਕਾਲੀ-ਭਾਜਪਾ ਗਠਜੋੜ ਨੂੰ ਇਸ ਯੋਜਨਾ ਦੀ ਕੋਈ ਚਿੰਤਾ ਹੈ।

# ਕੈਂਸਰ ਨੇ ਰੋਪੜ ਜ਼ਿਲ੍ਹੇ 'ਚ ਵੀ ਪੈਰ ਪਸਾਰੇ

**ਚੰਡੀਗੜ੍ਹ(ਪੰਜਾਬ ਟਾਈਮਜ਼ ਬਿਊਰੋ):** ਮਾਲਵਾ ਪੱਟੀ ਤੋਂ ਬਾਅਦ ਹੁਣ ਕੈਂਸਰ ਦੀ ਬਿਮਾਰੀ ਨੇ ਪੰਜਾਬ ਤੇ ਹਿਮਾਚਲ ਪ੍ਰਦੇਸ਼ ਦੀ ਸਰਹੱਦ ਉੱਤੇ ਵਸੇ ਜ਼ਿਲ੍ਹਾ ਰੋਪੜ ਨੂੰ ਵੀ ਆਪਣੀ ਲਪੇਟ ਵਿਚ ਲੈਣਾ ਸ਼ੁਰੂ ਕਰ ਦਿੱਤਾ ਹੈ। ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਨੇੜੇ ਸਥਿਤ ਜ਼ਿਲ੍ਹਾ ਰੋਪੜ ਵਿਚ ਕੈਂਸਰ ਦੀ ਬਿਮਾਰੀ ਤੇਜ਼ੀ ਨਾਲ ਲੋਕਾਂ ਨੂੰ ਆਪਣੀ ਜਕੜ ਵਿਚ ਲੈ ਰਹੀ ਹੈ ਪਰ ਸਿਹਤ ਵਿਭਾਗ ਵੱਲੋਂ ਇਸ ਬਾਰੇ ਨਾ ਤਾਂ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ ਤੇ ਨਾ ਹੀ ਇਸ ਦੀ ਰੋਕਥਾਮ ਲਈ ਕੋਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ।

ਪੰਜਾਬ ਸਰਕਾਰ ਦੇ ਸਿਹਤ ਵਿਭਾਗ ਵੱਲੋਂ 2009 ਵਿਚ ਕਰਵਾਏ ਸਰਵੇਖਣ ਅਨੁਸਾਰ ਉਸ ਵੇਲੇ ਜ਼ਿਲ੍ਹਾ ਰੂਪਨਗਰ ਵਿਚ 200 ਮਰੀਜ਼ ਕੈਂਸਰ ਦੀ ਬਿਮਾਰੀ ਤੋਂ ਪੀੜਤ ਸਨ। ਇਸ ਰਿਪੋਰਟ ਮੁਤਾਬਕ ਸਮੁੱਚੇ ਪੰਜਾਬ ਵਿਚ 7738 ਮਰੀਜ਼ ਕੈਂਸਰ ਦੀ ਬਿਮਾਰੀ ਨਾਲ ਪੀੜਤ ਹਨ। ਵਿਭਾਗ ਵੱਲੋਂ ਇਹ ਸਰਵੇਖਣ ਏ.ਐਨ.ਐਮ ਪੱਧਰ ਦੇ ਮੁਲਾਜ਼ਮਾਂ ਤੋਂ ਕਰਵਾਇਆ ਗਿਆ ਸੀ ਜੋ ਕੈਂਸਰ ਦੀ ਬਿਮਾਰੀ ਦੇ ਲੱਛਣਾਂ 'ਤੇ ਇਸਦੇ ਪੜਾਵਾਂ ਤੋਂ ਪੂਰੀ ਤਰ੍ਹਾਂ ਨਾਲ ਜਾਣੂ ਨਹੀਂ ਹਨ। ਜੇਕਰ ਅੰਕੜਿਆਂ ਦੀ ਗੱਲ ਕੀਤੀ ਜਾਵੇ ਤਾਂ ਇਕੱਲੇ ਸ੍ਰੀ ਆਨੰਦਪੁਰ ਸਾਹਿਬ ਵਿਚ ਹੀ ਅੱਧੀ ਦਰਜਨ ਮਰੀਜ਼ ਸਾਹਮਣੇ ਆਏ ਹਨ।

### 200 ਤੋਂ ਵੱਧ ਮਰੀਜ਼ਾਂ ਦੀ ਪੁਸ਼ਟੀ



*ਉਦਯੋਗਿਕ ਪ੍ਰਦੂਸ਼ਣ ਜੋ ਕੈਂਸਰ ਦਾ ਕਾਰਨ ਬਣ ਰਿਹਾ ਹੈ।*

ਇਨ੍ਹਾਂ ਵਿਚੋਂ ਇਕ ਦੀ ਹਾਲ ਹੀ ਵਿਚ ਮੌਤ ਹੋ ਗਈ ਹੈ। ਪੰਜਾਬ ਸਰਕਾਰ ਵੱਲੋਂ ਆਪਣੀ ਵੈਬਸਾਈਟ 'ਤੇ ਪਾਈ ਗਈ ਇਸ ਰਿਪੋਰਟ 'ਤੇ ਟਿੱਪਣੀ ਕਰਦਿਆਂ ਸਮਾਜ ਸੇਵੀ ਸੰਸਥਾ ਤੇ ਮਾਲਵੇ ਵਿਚ ਕੈਂਸਰ ਦੀ ਬਿਮਾਰੀ 'ਤੇ ਖੋਜ ਕਰ ਚੁੱਕੀ ਸੰਸਥਾ ਖੇਤੀ ਵਿਰਾਸਤ ਦੇ ਨਿਰਦੇਸ਼ਕ ਸੁਰਿੰਦਰ ਸਿੰਘ ਨੇ ਕਿਹਾ ਕਿ ਸਿਹਤ ਵਿਭਾਗ ਵੱਲੋਂ ਕਰਵਾਇਆ ਗਿਆ ਇਹ ਸਰਵੇਖਣ ਸਹੀ ਨਹੀਂ ਮੰਨਿਆ ਜਾ ਸਕਦਾ ਕਿਉਂਕਿ ਇਹ ਸਰਵੇਖਣ ਪੀ.ਜੀ.ਆਈ. ਜਿਹੀ ਸੰਸਥਾ ਦੇ ਡਾਕਟਰਾਂ ਵੱਲੋਂ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਜਾਣਕਾਰੀ ਅਨੁਸਾਰ ਸ੍ਰੀ ਆਨੰਦਪੁਰ ਸਾਹਿਬ ਵਿਚ ਕੈਂਸਰ ਦੇ ਮਰੀਜ਼ਾਂ ਦੀ ਗਿਣਤੀ ਵਧੀ ਹੈ। ਨੰਗਲ ਦੇ ਦੋ ਹਸਪਤਾਲਾਂ ਦੇ ਡਾਕਟਰਾਂ ਅਨੁਸਾਰ 2011 ਵਿਚ ਹੀ ਕੈਂਸਰ ਦੀ ਬਿਮਾਰੀ ਤੋਂ ਪੀੜਤ ਇਕ ਤੋਂ ਡੇਢ ਦਰਜਨ ਮਰੀਜ਼ ਇੱਕਲੇ-ਇੱਕਲੇ ਡਾਕਟਰ ਕੋ ਆ ਚੁੱਕੇ ਹਨ। ਪੰਜਾਬ ਵਿਚ ਕੈਂਸਰ ਦਾ ਮੁੱਖ ਕਾਰਨ ਕੀਟਨਾਸ਼ਕਾਂ ਦੀ ਲੋੜ ਤੋਂ ਵੱਧ ਵਰਤੋਂ ਤੇ ਧਰਤੀ ਹੇਠਲੇ ਪਾਣੀ ਵਿਚ ਆਰਸੈਨਿਕ ਦੀ ਮਾਤਰਾ ਕਾਫੀ ਜ਼ਿਆਦਾ ਹੋਣਾ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਡਾ. ਰਾਜ ਕੁਮਾਰ ਵੱਲੋਂ ਕਰਵਾਏ ਗਏ ਸਰਵੇਖਣ ਅਨੁਸਾਰ ਜ਼ਿਲ੍ਹਾ ਰੂਪਨਗਰ ਵਿਚ ਵੀ ਧਰਤੀ ਹੇਠਲੇ ਪਾਣੀ ਵਿਚ ਆਰਸੈਨਿਕ ਦੀ ਮਾਤਰਾ ਹੈ।

ਇਸੇ ਕਾਰਨ ਜ਼ਿਲ੍ਹੇ ਅੰਦਰ ਕੈਂਸਰ ਦੀ ਬਿਮਾਰੀ ਪੈਰ ਪਸਾਰਦੀ ਜਾ ਰਹੀ ਹੈ। ਉਧਰ ਜ਼ਿਲ੍ਹੇ ਦੇ ਸਿਵਲ ਸਰਜਨ ਡਾ. ਸੁਰਜੀਤ ਸਿੰਘ ਦਾ ਕਹਿਣਾ ਹੈ ਕਿ ਉਨ੍ਹਾਂ ਕੋਲ ਸਿਰਫ਼ ਅੱਠ ਮਰੀਜ਼ ਆਏ ਹਨ ਤੇ ਉਨ੍ਹਾਂ ਨੂੰ ਇਲਾਜ ਲਈ ਪੰਜਾਬ ਸਰਕਾਰ ਵੱਲੋਂ ਡੇਢ ਲੱਖ ਰੁਪਏ ਪ੍ਰਤੀ ਮਰੀਜ਼ ਦੀ ਸਹੂਲਤ ਮੁਹੱਈਆ ਕਰਵਾਉਣ ਲਈ ਫਾਰਮ ਦੇ ਦਿੱਤੇ ਹਨ।

# ਓਬਾਮਾ ਅਫ਼ਗਾਨਿਸਤਾਨ 'ਚੋਂ ਫੌਜਾਂ ਕੱਢਣ ਲਈ ਤਿਆਰ

**ਵਾਸ਼ਿੰਗਟਨ:** ਓਸਾਮਾ ਬਿਨ ਲਾਦਿਨ ਦੀ ਹੱਤਿਆ ਤੋਂ ਬਾਅਦ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ 2012 ਤਕ ਆਪਣੇ 33000 ਫੌਜੀ ਵਾਪਸ ਬੁਲਾਉਣ ਦਾ ਹੁਕਮ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜਿਹੜੇ ਤਾਲਿਬਾਨ ਚੰਗੇ ਹਨ ਉਨ੍ਹਾਂ ਨੂੰ ਪ੍ਰਵਾਨ ਕੀਤਾ ਜਾ ਸਕਦਾ ਹੈ ਪਰ ਜਿਹੜੇ ਦਹਿਸ਼ਤਗਰਦ ਪਾਕਿਸਤਾਨ ਅੰਦਰ ਸੁਰੱਖਿਆ ਥਾਵਾਂ 'ਤੇ ਬੈਠ ਕੇ ਅਮਰੀਕਨਾਂ ਨੂੰ ਨਿਸ਼ਾਨਾ ਬਣਾਉਣ ਦੀਆਂ ਚਾਲਾਂ ਚਲਦੇ ਹਨ, ਉਨ੍ਹਾਂ ਨੂੰ ਕਿਸੇ ਹਾਲਤ ਵਿਚ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਵ੍ਹਾਈਟ ਹਾਊਸ ਤੋਂ ਕੌਮ ਦੇ ਨਾਂ ਸੰਬੋਧਨ 'ਚ ਓਬਾਮਾ ਨੇ ਕਿਹਾ ਕਿ 10000 ਅਮਰੀਕੀ ਫੌਜੀਆਂ ਦਾ ਪਹਿਲਾ ਜਥਾ ਇਸੇ ਸਾਲ ਅਫਗਾਨਿਸਤਾਨ ਤੋਂ ਦੇਸ਼ ਵਾਪਸ ਪੁੱਜ ਜਾਵੇਗਾ ਜਦਕਿ ਸਤੰਬਰ 2012 ਤਕ ਹੋਰ 23000 ਫੌਜੀ ਵਾਪਸ ਆ ਜਾਣਗੇ। ਉਨ੍ਹਾਂ ਦਾਅਵਾ ਕੀਤਾ ਕਿ ਫੌਜ ਵਾਪਸੀ ਅਮਰੀਕਾ ਦੀ ਮਜ਼ਬੂਤ ਹਾਲਤ ਦਾ ਪ੍ਰਤੀਕ ਹੈ ਤੇ ਅਲ-ਕਾਇਦਾ 9/11 ਦੇ ਸਾਕੇ ਤੋਂ ਬਾਅਦ ਹੁਣ ਤਕ ਸਭ ਤੋਂ ਵੱਧ ਦਬਾਅ ਹੇਠ ਹੈ। ਓਬਾਮਾ ਨੇ ਕਿਹਾ ਕਿ ਉਨ੍ਹਾਂ ਪਾਕਿਸਤਾਨੀਆਂ ਨਾਲ ਰਲ ਕੇ ਅਲ-ਕਾਇਦਾ ਦੀ ਅੱਧ ਤੋਂ ਵੱਧ ਲੀਡਰਸ਼ਿਪ ਦਾ ਸਫਾਇਆ ਕਰ ਦਿੱਤਾ ਹੈ। ਆਪਣੇ ਖੁਫ਼ੀਆ ਕਰਮੀਆਂ ਤੇ ਸਪੈਸ਼ਲ ਫੋਰਸਿਜ਼ ਦੀ ਬਦੌਲਤ ਉਨ੍ਹਾਂ ਓਸਾਮਾ-ਬਿਨ ਲਾਦਿਨ ਨੂੰ ਮਾਰ ਦਿੱਤਾ ਜਿਹੜਾ ਅਲ-ਕਾਇਦਾ ਦਾ ਇਕੋ-ਇਕ ਜਾਣਿਆ ਜਾਂਦਾ ਆਗੂ ਸੀ। ਉਨ੍ਹਾਂ ਕਿਹਾ ਕਿ"ਇਸ ਜੰਗ ਨੂੰ ਸਮੇਟਣ ਲਈ ਇਹ ਅੰਤ ਨਹੀਂ ਸਗੋਂ ਸ਼ੁਰੂਆਤ ਹੈ। ਉਨ੍ਹਾਂ ਨੂੰ ਆਪਣੀ ਹਾਲਤ ਮਜ਼ਬੂਤ ਰੱਖਣ ਲਈ ਸਖਤ ਮਿਹਨਤ ਕਰਨੀ ਪਵੇਗੀ। ਆਪਣੀਆਂ ਫੌਜਾਂ ਵਾਪਸ ਬੁਲਾਉਂਦੇ ਹੋਏ ਉਹ ਸੁਰੱਖਿਆ ਦੀ ਜ਼ਿੰਮੇਵਾਰੀ ਅਫ਼ਗਾਨ ਸਰਕਾਰ ਦੇ ਹਵਾਲੇ ਕਰਨਗੇ। ਤਬਾਦਲੇ ਦਾ ਇਹ ਅਮਲ 2014 ਤਕ ਪੂਰਾ ਹੋ ਜਾਵੇਗਾ ਤੇ ਅਫ਼ਗਾਨ ਜਨਤਾ ਆਪਣੀ ਸੁਰੱਖਿਆ ਦੀ ਪੂਰੀ ਜ਼ਿੰਮੇਵਾਰੀ ਹੋਵੇਗੀ।

ਅਮਰੀਕੀ ਰਾਸ਼ਟਰਪਤੀ ਨੇ ਕਿਹਾ ਕਿ ਅਫਗਾਨਿਸਤਾਨ ਵਿਚ ਅਮਰੀਕਾ ਦਾ ਮਿਸ਼ਨ ਲੜਾਈ ਲੜਨ ਤੋਂ ਹਟ ਕੇ ਸਹਾਇਕ ਦਾ ਬਣ ਜਾਵੇਗਾ। ਓਬਾਮਾ ਨੇ ਤਾਲਿਬਾਨ ਦੀ ਚੜ੍ਹਤ ਨੂੰ ਠੱਲ੍ਹ ਪਾਉਣ ਲਈ ਦਸੰਬਰ 2009 ਵਿਚ



30000 ਫੌਜੀ ਅਫਗਾਨਿਸਤਾਨ ਭੇਜੇ ਸਨ ਤੇ ਬਾਅਦ ਵਿਚ 30000 ਹੋਰ ਫੌਜੀ ਭੇਜੇ ਗਏ ਸਨ। ਉਂਜ 68000 ਅਮਰੀਕੀ ਫੌਜੀ ਅਫਗਾਨਿਸਤਾਨ ਵਿਚ ਹੀ ਰਹਿਣਗੇ। ਓਬਾਮਾ ਨੇ ਕਿਹਾ ਕਿ ਦਸ ਸਾਲ ਪਹਿਲਾਂ ਅਮਰੀਕਾ ਨੂੰ ਪਰਲ ਹਾਰਬਰ ਤੋਂ ਬਾਅਦ ਸਭ ਤੋਂ ਘਾਤਕ ਹਮਲੇ ਦਾ ਸਾਹਮਣਾ ਕਰਨਾ ਪਿਆ ਸੀ। ਉਨ੍ਹਾਂ ਕਿਹਾ ਕਿ ਅਲ-ਕਾਇਦਾ ਦੇ ਆਗੂ ਬਚ ਕੇ ਪਾਕਿਸਤਾਨ ਚਲੇ ਗਏ ਸਨ ਤੇ ਉਥੇ ਉਹ ਨਵੇਂ ਹਮਲਿਆਂ ਦੀਆਂ ਵਿਉਂਤਾਂ ਬਣਾ ਰਹੇ ਹਨ। ਪਾਕਿਸਤਾਨ ਵਿਚ ਦਹਿਸ਼ਤਪਸੰਦਾਂ ਦੀਆਂ ਸੁਰੱਖਿਅਤ ਛੁਪਣਗਾਹਾਂ ਨੂੰ ਵੀ ਨਿਸ਼ਾਨਾ ਬਣਾਇਆ ਜਾਵੇਗਾ। ਉਨ੍ਹਾਂ ਕਿਹਾ ਕਿ"ਇਸ ਵਿਚ ਕੋਈ ਸ਼ੱਕ ਨਹੀਂ ਰਹਿਣਾ ਚਾਹੀਦਾ ਕਿ ਜਿੰਨੀ ਦੇਰ ਤਕ ਉਹ ਰਾਸ਼ਟਰਪਤੀ ਹਨ, ਅਮਰੀਕਾ ਉਨ੍ਹਾਂ ਦੀਆਂ ਸੁਰੱਖਿਅਤ ਛੁਪਣਗਾਹਾਂ ਨੂੰ ਕਦੇ ਵੀ ਸਹਿਣ ਨਹੀਂ ਕਰੇਗਾ ਜਿਨ੍ਹਾਂ ਉਨ੍ਹਾਂ ਨੂੰ ਮਾਰਨ ਦਾ ਨਿਸ਼ਾਨਾ ਮਿਥਿਆ ਹੋਇਆ ਹੈ। ਉਹ ਧੋਖਾ ਨਹੀਂ ਦੇ ਸਕਦੇ ਤੇ ਨਾ ਹੀ ਇਨਸਾਫ ਦੇ ਸ਼ਿਕੰਜੇ ਤੋਂ ਬਚ ਸਕਦੇ ਹਨ। ਉਹ ਇਸ ਹਿੰਸਕ ਅਤਿਵਾਦ ਦੇ ਕੈਂਸਰ ਦੇ ਖਾਤਮੇ ਲਈ ਪਾਕਿਸਤਾਨ ਸਰਕਾਰ ਨਾਲ ਮਿਲ ਕੇ ਕੰਮ ਕਰਨਗੇ ਤੇ ਜ਼ੋਰ ਪਾਉਣਗੇ ਕਿ ਉਹ ਆਪਣੇ ਵਚਨ ਪੁਗਾਵੇ।

ਉਧਰ ਤਾਲਿਬਾਨ ਨੇ ਅਫ਼ਗਾਨਿਸਤਾਨ 'ਚੋਂ ਅਮਰੀਕੀ ਫੌਜਾਂ ਦੀ ਵਾਪਸੀ ਬਾਰੇ ਰਾਸ਼ਟਰਪਤੀ ਓਬਾਮਾ ਦੇ ਐਲਾਨ ਨੂੰ 'ਮਹਿਜ਼ ਇਕ ਸੰਕੇਤਕ ਕਦਮ' ਕਰਾਰ ਦਿੱਤਾ ਹੈ। ਤਾਲਿਬਾਨ ਦੇ ਬੁਲਾਰੇ ਤਾਰਿਕ ਗਜ਼ਨੀਵਾਲ ਵੱਲੋਂ ਮੀਡੀਆ ਨੂੰ ਈ-ਮੇਲ ਕੀਤੇ ਬਿਆਨ ਵਿਚ ਕਿਹਾ ਤਾਲਿਬਾਨ ਇਸ ਕਦਮ ਨੂੰ ਮਹਿਜ਼ ਸੰਕੇਤਕ ਕਦਮ ਮੰਨਦਾ ਹੈ ਜੋ ਕੌਮਾਂਤਰੀ ਭਾਈਚਾਰੇ ਤੇ ਅਮਰੀਕੀ ਲੋਕਾਂ ਦੀਆਂ ਖਾਹਸ਼ਾਂ ਨੂੰ ਕਦੇ ਵੀ ਸੰਤੁਸ਼ਟ ਨਹੀਂ ਕਰੇਗਾ। ਗਜ਼ਨੀਵਾਲ ਨੇ ਕਿਹਾ ਕਿ ਅਮਰੀਕਾ ਆਪਣੇ ਲੋਕਾਂ ਨੂੰ ਇਹ ਜੰਗ ਖਤਮ ਕਰਨ ਦੀਆਂ ਝੂਠੀਆਂ ਤਸੱਲੀਆਂ ਦਿੰਦਾ ਰਹਿੰਦਾ ਤੇ ਆਪਣੀ ਜਿੱਤ ਦੇ ਬੇਬੁਨਿਆਦ ਦਾਅਵੇ ਕਰਦਾ ਰਹਿੰਦਾ ਹੈ।

ਇਸ ਦੇ ਨਾਲ ਹੀ ਅਫਗਾਨ ਰਾਸ਼ਟਰਪਤੀ ਹਾਮਿਦ ਕਰਜ਼ਈ ਨੇ ਇਸ ਐਲਾਨ ਦਾ ਸਵਾਗਤ ਕੀਤਾ ਹੈ। ਉਨ੍ਹਾਂ ਕਿਹਾ ਕਿ ਉਹ ਇਸ ਕਦਮ ਨੂੰ ਉਨ੍ਹਾਂ ਦੇ ਪੱਖ ਵਿਚ ਤੇ ਆਪਣੇ ਹਿੱਤ ਵਿਚ ਚੰਗਾ ਕਦਮ ਮੰਨਦੇ ਹਨ ਤੇ ਇਸ ਦੀ ਹਮਾਇਤ ਕਰਦੇ ਹਨ। ਉਨ੍ਹਾਂ ਅਫਗਾਨਿਸਤਾਨ ਦੇ ਲੋਕਾਂ ਨੂੰ ਇਸ ਗੱਲੋਂ ਵਧਾਈ ਦਿੱਤੀ ਕਿ ਇਹ ਆਪਣੇ ਲੋਕਾਂ ਰਾਹੀਂ ਆਪਣੀ ਧਰਤੀ ਦੀ ਸੁਰੱਖਿਆ ਵੱਲ ਵੀ ਇਕ ਕਦਮ ਹੈ।

## ਅਮਰੀਕਾ-ਪਾਕਿਸਤਾਨ ਰਿਸ਼ਤੇ ਪਾਕ: ਓਬਾਮਾ

**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਦਾ ਕਹਿਣਾ ਹੈ ਕਿ ਅਮਰੀਕਾ ਤੇ ਪਾਕਿਸਤਾਨ ਵਿਚਾਲੇ ਸਬੰਧਾਂ ਵਿਚ ਹੋਰ ਵੀ ਇਮਾਨਦਾਰੀ ਆਈ ਹੈ। ਸਮੇਂ ਦੇ ਨਾਲ-ਨਾਲ ਦੋਵਾਂ ਦੇ ਰਿਸ਼ਤੇ ਮਜ਼ਬੂਤ ਹੋਏ ਹਨ। ਜਨਾਬ ਓਬਾਮਾ ਇਥੇ 'ਵਾਈਸ ਆਫ ਅਮਰੀਕਾ' ਨੂੰ ਦਿੱਤੀ ਇੰਟਰਵਿਊ ਦੌਰਾਨ ਇਹ ਗੱਲ ਕਹਿ ਰਹੇ ਸਨ। ਅਮਰੀਕਾ-ਪਾਕਿਸਤਾਨ ਸਬੰਧਾਂ ਵਿਚ ਕੁੜਤਣ ਬਾਰੇ ਉਨ੍ਹਾਂ ਕਿਹਾ ਕਿ ਕੁਝ ਮਤਭੇਦ ਪੈਦਾ ਹੋ ਗਏ ਸਨ। ਉਨ੍ਹਾਂ ਕਿਹਾ ਅਲ-ਕਾਇਦਾ ਮੁਖੀ ਓਸਾਮਾ ਬਿਨ ਲਾਦਿਨ ਦੀ ਹੱਤਿਆ ਮਗਰੋਂ ਦੋਵਾਂ ਵਿਚਾਲੇ ਤਣਾਅ ਹੋਰ ਵਧ ਗਿਆ ਸੀ ਪਰ ਉਨ੍ਹਾਂ ਪਾਕਿਸਤਾਨ ਨੂੰ ਹਮੇਸ਼ਾ ਇਹ ਸਪਸ਼ਟ ਸੀ ਕਿ ਜੇਕਰ ਕਦੇ ਵੀ ਉਨ੍ਹਾਂ ਨੂੰ ਲਾਦਿਨ ਮਿਲਿਆ ਤਾਂ ਉਹ ਉਸ ਨੂੰ ਮਾਰ ਦੇਣਗੇ।

ਜਨਾਬ ਓਬਾਮਾ ਨੇ ਕਿਹਾ ਕਿ ਪਾਕਿਸਤਾਨ ਦੀ ਇਹ ਸਿਰਫ਼ ਜ਼ਿੰਮੇਵਾਰੀ ਹੀ ਨਹੀਂ ਬਣਦੀ ਸਗੋਂ ਦਹਿਸ਼ਤਗਰਦਾਂ ਨਾਲ ਨਜਿੱਠਣਾ ਉਸ ਦੇ ਅਹਿਮ ਨਿੱਜੀ ਹਿੱਤ ਹਨ। ਦਹਿਸ਼ਤਪਸੰਦ ਉਸ ਦੀ ਹੀ ਸਰਜ਼ਮੀਨ 'ਤੇ ਰਹਿ ਰਹੇ ਹਨ। ਜਨਾਬ ਓਬਾਮਾ ਨੇ ਮੰਨਿਆ ਕਿ ਅਮਰੀਕਾ ਦਾ ਧਿਆਨ ਅਫਗਾਨਿਸਤਾਨ ਤੋਂ ਪਾਕਿਸਤਾਨ ਵੱਲ ਦੋ ਸਾਲ



ਪਹਿਲਾਂ ਹੀ ਕੇਂਦਰਤ ਹੋ ਗਿਆ ਸੀ। ਹਾਲਾਤ ਨੇ ਉਨ੍ਹਾਂ ਨੂੰ ਇਸ ਕਦਰ ਮਜਬੂਰ ਕਰ ਦਿੱਤਾ ਕਿ ਉਨ੍ਹਾਂ ਨੂੰ ਮਹਿਸੂਸ ਹੋਣ ਲੱਗਾ ਕਿ ਅਫਗਾਨਿਸਤਾਨ ਤੇ ਪਾਕਿਸਤਾਨ ਇਕੋ ਜਿਹੀ ਸਮੱਸਿਆ ਨਾਲ ਜੂਝ ਰਹੇ ਹਨ। ਪਾਕਿਸਤਾਨ ਦੇ ਕਬਾਇਲੀ ਇਲਾਕੇ ਅਲ-ਕਾਇਦਾ ਤੇ ਹੋਰ ਦਹਿਸ਼ਤੀ ਜਥੇਬੰਦੀਆਂ ਲਈ ਜ਼ਨਤ ਵਾਂਗ ਹਨ ਜਿਥੋਂ ਉਹ ਹਮਲੇ ਕਰਦੇ ਹਨ। ਜਨਾਬ ਓਬਾਮਾ ਨੇ ਕਿਹਾ ਕਿ ਉਨ੍ਹਾਂ ਪਾਕਿਸਤਾਨ ਨੂੰ ਸੁਝਾਅ ਦਿੱਤਾ ਸੀ ਕਿ ਦਹਿਸ਼ਤਗਰਦੀ ਸਿਰਫ਼ ਪਾਕਿਸਤਾਨ ਲਈ ਹੀ ਚੁਣੌਤੀ ਨਹੀਂ ਸਗੋਂ ਇਸ ਦੇ ਗਵਾਂਢੀਆਂ ਤੇ ਅਮਰੀਕਾ ਵਰਗੇ ਦੋਸਤਾਂ ਨਾਲ ਸਬੰਧ ਵੀ ਵਿਗੜਦੇ ਹਨ।

ਇਸੇ ਦੌਰਾਨ ਪਾਕਿਸਤਾਨੀ ਅਤਿਵਾਦੀ ਜਥੇਬੰਦੀ ਹਰਕਤ ਉਲ-ਮੁਜਾਹੀਦੀਨ ਨੇ ਅਮਰੀਕਾ ਦੇ ਮੀਡੀਆ ਦੀਆਂ ਉਨ੍ਹਾਂ ਰਿਪੋਰਟਾਂ ਦਾ ਖੰਡਨ ਕੀਤਾ ਹੈ ਕਿ ਉਸ ਦੇ ਲਾਦਿਨ ਨਾਲ ਸਬੰਧ ਸਨ ਤੇ ਪਾਕਿਸਤਾਨ ਵਿਚ ਉਨ੍ਹਾਂ ਦਾ ਲਾਦਿਨ ਦੀ ਮਦਦ ਲਈ ਨੈੱਟਵਰਕ ਸੀ। ਜਥੇਬੰਦੀ ਦੇ ਬੁਲਾਰੇ ਨੇ ਕਿਹਾ ਹੈ ਕਿ ਅਲ-ਕਾਇਦਾ ਦੇ ਆਪਣੇ ਕਾਇਦੇ ਹਨ, ਆਪਣੀ ਵਿਚਾਰਧਾਰਾ ਹੈ, ਆਪਣੀ ਸੰਸਥਾ ਹੈ ਤੇ ਉਹ ਕਦੇ ਵੀ ਓਸਾਮਾ ਨਾਲ ਸੰਪਰਕ ਵਿਚ ਨਹੀਂ ਰਹੇ। ਜ਼ਿਕਰਯੋਗ ਹੈ ਕਿ ਨਿਊਯਾਰਕ ਟਾਈਮਜ਼ ਰਿਪੋਰਟ ਅਨੁਸਾਰ ਲਾਦਿਨ ਦੀ ਮੌਤ ਦੌਰਾਨ ਮਿਲੇ ਦਸਤਾਵੇਜ਼ਾਂ ਤੋਂ ਦੋਵਾਂ ਵਿਚਾਲੇ ਸਬੰਧਾਂ ਦਾ ਪਤਾ ਲੱਗਾ ਹੈ।

## ਅਮਰੀਕਾ ਨੂੰ ਹੁਣ ਅਫ਼ਗਾਨਿਸਤਾਨ ਦੀ ਬਜਾਏ ਪਾਕਿਸਤਾਨ ਤੋਂ ਖ਼ਤਰਾ!

**ਵਾਸ਼ਿੰਗਟਨ:** ਅਮਰੀਕਾ ਦੇ ਸੀਨੀਅਰ ਅਧਿਕਾਰੀਆਂ ਦਾ ਮੰਨਣਾ ਹੈ ਕਿ ਅਮਰੀਕਾ ਨੂੰ ਹੁਣ ਅਫ਼ਗਾਨਿਸਤਾਨ ਤੋਂ ਨਹੀਂ ਬਲਕਿ ਉਸ ਦੇ ਗੁਆਂਢੀ ਦੇਸ਼ ਪਾਕਿਸਤਾਨ ਤੋਂ ਖ਼ਤਰਾ ਹੈ। ਓਬਾਮਾ ਪ੍ਰਸ਼ਾਸਨ ਦੇ ਇਸ ਅਧਿਕਾਰੀ ਨੇ ਕਿਹਾ ਕਿ ਉਨ੍ਹਾਂ ਨੂੰ ਪਿਛਲੇ 7-8 ਸਾਲਾਂ ਤੋਂ ਅਫ਼ਗਾਨਿਸਤਾਨ ਤੋਂ ਕੋਈ ਖ਼ਤਰਾ ਦਿਖਾਈ ਨਹੀਂ ਦੇ ਰਿਹਾ। ਉਨ੍ਹਾਂ ਕਿਹਾ ਕਿ ਅਫ਼ਗਾਨਿਸਤਾਨ ਦੇ ਅੰਦਰ ਕਈ ਖ਼ਤਰੇ ਹਨ ਤੇ ਆਪਸੀ ਸੰਘਰਸ਼ ਵੀ ਹੈ ਪਰ ਉਨ੍ਹਾਂ ਦਾ ਅੰਦਾਜ਼ਾ ਇਹ ਹੈ ਕਿ ਅਲ-ਕਾਇਦਾ ਦੇ ਇਹ 50 ਤੋਂ 75 ਲੜਾਕੇ ਹੱਕਾਨੀ ਨੈਟਵਰਕ ਨਾਲ ਮਿਲੇ ਹੋਏ ਹਨ ਤੇ ਅਫ਼ਗਾਨਿਸਤਾਨ ਦੇ ਅੰਦਰ ਹੀ ਸੰਘਰਸ਼ ਕਰ ਰਹੇ ਹਨ।

ਅਧਿਕਾਰੀ ਨੇ ਕਿਹਾ ਕਿ ਇਨ੍ਹਾਂ ਅਤਿਵਾਦੀਆਂ ਦਾ ਧਿਆਨ ਅਫ਼ਗਾਨਿਸਤਾਨ 'ਚ ਹੀ ਲੱਗਾ ਹੋਇਆ ਹੈ ਤੇ ਇਸ ਗੱਲ ਦੇ ਕੋਈ ਸੰਕੇਤ ਨਹੀਂ ਹਨ ਕਿ ਇਹ ਅਫ਼ਗਾਨਿਸਤਾਨ ਦੀ ਵਰਤੋਂ ਉਸ ਦੀ ਸਰਹੱਦ ਤੋਂ ਬਾਹਰ ਕਰਨ ਲਈ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਪਿਛਲੇ 6-7 ਸਾਲਾਂ ਤੋਂ ਹੁਣ ਪਾਕਿਸਤਾਨ ਤੋਂ ਖ਼ਤਰਾ ਪੈਦਾ ਹੋ ਰਿਹਾ ਹੈ। ਓਬਾਮਾ ਪ੍ਰਸ਼ਾਸਨ ਦੇ ਇਸ ਅਧਿਕਾਰੀ ਅਨੁਸਾਰ ਅਮਰੀਕੀ ਫ਼ੌਜਾਂ ਨੇ ਕਈ ਅਹਿਮ ਅਤਿਵਾਦੀਆਂ ਦਾ ਸਫ਼ਾਇਆ ਕਰ ਦਿੱਤਾ ਹੈ ਤੇ ਅਲ-ਕਾਇਦਾ ਨੂੰ ਕਮਜ਼ੋਰ ਕਰਨ ਵਿਚ ਸਫ਼ਲ ਰਹੀਆਂ ਹਨ। ਅਧਿਕਾਰੀ ਨੇ ਕਿਹਾ ਕਿ ਇਸ ਸੰਘਰਸ਼ ਵਿਚ ਉਨ੍ਹਾਂ ਕਈ ਅਹਿਮ ਅਤਿਵਾਦੀਆਂ ਨੂੰ ਖ਼ਤਮ ਕੀਤਾ ਹੈ। ਓਸਾਮਾ ਬਿਨ ਲਾਦੇਨ ਦੇ ਨਾਲ ਸਈਅਦ ਅਲ ਮਸਰੀ ਤੇ ਹੋਰ ਕਈ ਨਾਂ ਸ਼ਾਮਲ ਹਨ ਜੋ ਪਿਛਲੇ ਕਈ ਦਹਾਕਿਆਂ ਤੋਂ ਅਲ-ਕਾਇਦਾ ਦੀਆਂ ਮੁਹਿੰਮਾਂ ਤੇ ਸੰਗਠਨ ਲਈ ਅਹਿਮ ਸਨ। ਉਨ੍ਹਾਂ ਕਿਹਾ ਕਿ ਅਲਕਾਇਦਾ ਦੀ ਸਮਰੱਥਾ ਘੱਟ ਹੋਈ ਹੈ ਪਰ ਵਜ਼ੀਰੀਸਤਾਨ ਵਿਚ ਅਸੁਰੱਖਿਅਤ ਵਾਤਾਵਰਣ ਬਣਿਆ ਹੋਇਆ ਹੈ। ਅਲਕਾਇਦਾ ਦੀ ਤਰ੍ਹਾਂ ਕਈ ਗੁਟ ਹੋਰ ਇਲਾਕਿਆਂ ਦੀ ਭਾਲ ਕਰ ਰਹੇ ਹਨ ਕਿਉਂਕਿ ਅਮਰੀਕਾ ਇਹ ਕਹਿ ਚੁੱਕਾ ਹੈ ਕਿ ਉਹ ਉਥੇ ਅਪਣੀਆਂ ਮੁਹਿੰਮਾ ਜਾਰੀ ਨਹੀਂ ਰੱਖ ਸਕਦੇ।

## ਐਚ-1 ਬੀ ਵੀਜ਼ਾ ਫੀਸ 'ਚ ਵਾਧੇ 'ਤੇ ਹੋਵੇਗੀ ਵਿਚਾਰ

**ਵਾਸ਼ਿੰਗਟਨ:** ਐਚ-1 ਬੀ ਵੀਜ਼ਾ ਫੀਸਾਂ ਵਿਚ ਕੀਤੇ ਵਾਧੇ ਦੇ ਭਾਰਤ ਵੱਲੋਂ ਉਠਾਏ ਗਏ ਮੁੱਦੇ 'ਤੇ ਅਮਰੀਕਾ ਸਰਕਾਰ ਵਿਚਾਰ ਕਰਨ ਲਈ ਤਿਆਰ ਹੈ। ਇਸ ਤੋਂ ਇਲਾਵਾ ਵਾਸ਼ਿੰਗਟਨ ਵਪਾਰ-ਕਾਰੋਬਾਰ ਤੇ ਸੋਸ਼ਲ ਸਕਿਓਰਟੀ ਵਿਚ ਇਕਸਾਰਤਾ ਜਿਹੇ ਮੁੱਦਿਆਂ 'ਤੇ ਭਾਰਤ ਵੱਲੋਂ ਪ੍ਰਗਟਾਈ ਗਈ ਫਿਕਰਮੰਦੀ ਵੀ ਮੱਠੀ ਕਰਨੀ ਚਾਹੁੰਦਾ ਹੈ। ਦੋਵੇਂ ਮੁਲਕਾਂ ਵਿਚਾਲੇ ਅਗਲੇ ਹਫਤੇ ਦੁਵੱਲਾ ਆਰਥਿਕ ਸੰਵਾਦ ਸ਼ੁਰੂ ਹੋ ਰਿਹਾ ਹੈ।




ਕੌਮਾਂਤਰੀ ਮਾਮਲਿਆਂ (ਵਿੱਤ) ਬਾਰੇ ਅਮਰੀਕੀ ਉਪ-ਮੰਤਰੀ ਲਾਇਲ ਬਰੇਨਿਆਰਡ ਨੇ ਕਿਹਾ ਕਿ ਭਾਰਤ-ਅਮਰੀਕਾ ਆਰਥਿਕ ਸੰਵਾਦ ਤੇ ਵਿਚਾਰ ਚਰਚਾ ਦਾ ਮੰਤਵ ਇਹ ਯਕੀਨੀ ਬਣਾਉਣਾ ਹੋਵੇਗਾ ਕਿ ਵਸ਼ਿੰਗਟਨ ਭਾਰਤ ਦੀਆਂ ਸਭ ਫਿਕਰਮੰਦੀਆਂ ਤੋਂ ਜਾਣੂ ਹੈ ਤੇ ਇਸ ਦਿਸ਼ਾ ਵਿਚ ਜੇਕਰ ਕੁਝ ਕੰਮ ਕਰਨ ਦੀ ਲੋੜ ਹੈ ਤਾਂ ਉਹ ਕੀਤਾ ਜਾਏਗਾ। ਉਨ੍ਹਾਂ ਨੇ ਕਿਹਾ ਕਿ ਐਚ-1 ਬੀ ਵੀਜ਼ਿਆਂ ਵਿਚ ਭਾਰਤ ਹੋਰ ਕਿਸੇ ਵੀ ਮੁਲਕ ਨਾਲੋਂ 50 ਫੀਸਦੀ ਤੋਂ ਵੱਧ ਲਾਭ ਲੈ ਰਿਹਾ ਹੈ ਤੇ ਅਸਲ ਵਿਚ ਇਹ ਹੀ ਉਸ ਦਾ ਸਭ ਤੋਂ ਵੱਧ ਲਾਭ ਲੈ ਰਿਹਾ ਹੈ। ਉਨ੍ਹਾਂ ਕਿਹਾ ਕਿ ਵੀਜ਼ਾ ਫੀਸ ਬਾਰੇ ਜਿਥੋਂ ਤੱਕ ਭਾਰਤ ਦਾ ਸਰੋਕਾਰ ਹੈ, ਇਸ ਵਾਧੇ ਨਾਲ ਵੀ ਅਮਰੀਕਾ ਪੁੱਜਣ ਦੇ ਚਾਹਵਾਨ ਭਾਰਤੀਆਂ ਦੀ ਗਿਣਤੀ ਵਿਚ ਕੋਈ ਕਮੀ ਨਹੀਂ ਆਈ।ਪਰ ਨਾਲ ਹੀ ਉਨ੍ਹਾਂ ਕਿਹਾ ਕਿ ਕਿਉਂਕਿ ਭਾਰਤ ਨੇ ਇਹ ਮੁੱਦਾ ਉਠਾਇਆ ਹੈ ਤੇ ਇਸ ਲਈ ਇਹ ਮਹੱਤਵਪੂਰਨ ਵੀ ਹੈ। ਸੋ ਅਮਰੀਕਾ ਇਸ ਦਿਸ਼ਾ ਵਿਚ ਨਜ਼ਰਸਾਨੀ ਕਰੇਗਾ।

ਇਹਦੇ ਨਾਲ ਹੀ ਉਨ੍ਹਾਂ ਕਿਹਾ ਕਿ ਵਪਾਰ ਤੇ ਕਾਰੋਬਾਰ ਵਿਚ ਭਾਰਤ-ਅਮਰੀਕਾ ਦੁਵੱਲੀ ਭਾਈਵਾਲੀ ਦੀ ਪੂਰੀ ਸਮਰਥਾ ਭੁੰਨਾਉਣ ਦੇ ਰਾਹ ਵਿਚ ਬਹੁਤ ਅੜਿੱਕੇ ਹਾਲੇ ਵੀ ਕੰਮ ਕਰ ਰਹੇ ਹਨ। ਲਾਇਲ ਬਰੇਨਿਅਰਡ ਨੇ ਕਿਹਾ ਕਿ ਅਮਰੀਕੀ ਕਾਰੋਬਾਰੀ ਭਾਰਤ ਦੀਆਂ ਮੰਡੀਆਂ ਵਿਚ ਨਿਵੇਸ਼ ਲਈ ਬਹੁਤ ਉਤਸ਼ਾਹ ਵਿਚ ਹਨ ਪਰ ਹਾਲੇ ਵੀ ਦੋਵੇਂ ਧਿਰਾਂ ਦੀ ਪੂਰੀ ਸਮਰਥਾ ਨੂੰ ਵਰਤਣ ਦੇ ਰਾਹ ਵਿਚ ਬਹੁਤ ਅੜਿੱਕੇ ਹਨ। ਉਨ੍ਹਾਂ ਕਿਹਾ ਕਿ ਜੀ-20 ਸਮੇਤ ਭਾਰਤ ਤੇ ਅਮਰੀਕਾ ਵਿਚਾਲੇ ਕਈ ਪੱਧਰਾਂ 'ਤੇ ਆਪਸੀ ਸਹਿਯੋਗ ਤੇ ਤਾਲਮੇਲ ਵਧਿਆ ਹੈ। ਉਨ੍ਹਾਂ ਕਿਹਾ ਕਿ ਅਮਰੀਕਾ, ਭਾਰਤ ਨਾਲ ਲਗਾਤਾਰ ਸਬੰਧ ਬਣਾਈ ਰੱਖਣਾ ਚਾਹੁੰਦਾ ਹੈ ਤੇ ਇਹਦੀ ਕੌਮਾਂਤਰੀ ਪੱਧਰ 'ਤੇ ਅਹਿਮ ਭੂਮਿਕਾ ਦੀ ਕਦਰ ਕਰਦਾ ਹੈ।

## ਚਾਰ ਮਾਓਵਾਦੀਆਂ ਨੂੰ ਮੌਤ ਦੀ ਸਜ਼ਾ

**ਗਿਰੀਡੀਹ:** ਸਾਲ 2007 ਦੌਰਾਨ ਚਿਲਕਾਰੀ 'ਚ ਹੋਏ ਕਤਲੇਆਮ ਜਿਸ ਵਿਚ ਝਾਰਖੰਡ ਦੇ ਸਾਬਕਾ ਮੁੱਖ ਮੰਤਰੀ ਬਾਬੂ ਲਾਲ ਮਰਾਂਡੀ ਦੇ ਬੇਟੇ ਸਮੇਤ 20 ਵਿਅਕਤੀ ਮਾਰੇ ਗਏ ਸਨ, ਦੇ ਦੋਸ਼ 'ਚ ਚਾਰ ਮਾਓਵਾਦੀਆਂ ਨੂੰ ਸਥਾਨਕ ਅਦਾਲਤ ਨੇ ਮੌਤ ਦੀ ਸਜ਼ਾ ਸੁਣਾਈ ਹੈ। ਵਧੀਕ ਸੈਸ਼ਨ ਜੱਜ ਆਈ.ਡੀ. ਮਿਸ਼ਰਾ ਨੇ 26 ਅਕਤੂਬਰ, 2007 ਨੂੰ ਕੀਤੇ ਗਏ ਇਸ ਜੁਰਮ ਲਈ ਛੱਤਰਪਤੀ ਮੰਡਲ, ਮਨੋਜ ਰਜਵਾੜ, ਜਿਤੇਨ ਮਰਾਂਡੀ ਤੇ ਅਨਿਲ ਰਾਮ ਨੂੰ ਫਾਂਸੀ ਦਾ ਹੁਕਮ ਸੁਣਾਇਆ ਹੈ। ਜਦੋਂ ਕਿ ਅਦਾਲਤ ਨੇ ਸਬੂਤਾਂ ਦੀ ਘਾਟ ਹੋਣ ਕਾਰਨ ਹਫੀਜ਼ ਅਹਿਮਦ, ਤੁਤਲਾਲ ਯਾਦਵ, ਕਿਸ਼ਨ ਰਜਵਾੜ, ਰਾਮ ਸਹਾਇ ਦਾਸ, ਸੀਤਾ ਰਾਮ ਤੁਰੀ ਤੇ ਮੰਗਰੂ ਕਿਸਕੂ ਨੂੰ ਬਰੀ ਕਰ ਦਿੱਤਾ ਹੈ।

## ਕੈਨੇਡਾ 'ਚ ਰਾਜ ਕਪੂਰ ਦੇ ਨਾਂ 'ਤੇ ਗਲੀ



**ਟੋਰਾਂਟੋ:** ਪ੍ਰਸਿੱਧ ਅਦਾਕਾਰ-ਫਿਲਮਕਾਰ ਰਾਜ ਕਪੂਰ ਦੇ ਨਾਂ 'ਤੇ ਹੁਣ ਬਰੈਂਪਟਨ 'ਚ ਗਲੀ ਦਾ ਨਾਂ ਰੱਖਿਆ ਜਾਵੇਗਾ। ਬਰੈਂਪਟਨ ਦੀ ਮੇਅਰ ਸੂਜ਼ਨ ਫੈਨਲ ਨੇ ਕਿਹਾ ਕਿ ਇਸ ਗਲੀ ਦਾ ਨਾਂ 'ਰਾਜ ਕਪੂਰ ਕਰੇਸੈਂਟ' ਰੱਖਿਆ ਜਾਵੇਗਾ। ਇੰਟਰਨੈਸ਼ਨਲ ਫਿਲਮ ਅਕਾਦਮੀ (ਆਈਫਾ) ਤੇ ਟੋਰਾਂਟੋ ਇੰਟਰਨੈਸ਼ਨਲ ਫਿਲਮ ਫੈਸਟੀਵਲ (ਟੀ.ਆਈ.ਐਫ. ਐਫ.) ਨੇ ਰਲ ਕੇ ਸ਼ੋਅਮੈਨ ਵਜੋਂ ਮਸ਼ਹੂਰ ਇਸ ਫਿਲਮਕਾਰ ਨੂੰ ਯਾਦ ਕੀਤਾ।

## ਜਰਮਨੀ ਨੇ ਗੈਰ ਯੂਰਪੀ ਮਾਹਿਰਾਂ ਲਈ ਦਰ ਖੋਲ੍ਹੇ

**ਬਰਲਿਨ:** ਉੱਚ-ਤਕਨੀਕੀ ਖੇਤਰਾਂ 'ਚ ਮਾਹਿਰਾਂ ਤੇ ਨਿਪੁੰਨ ਕਾਮਿਆਂ ਦੀ ਕਮੀ ਦਾ ਸਾਹਮਣਾ ਕਰ ਰਹੇ ਜਰਮਨੀ ਨੇ ਪਰਵਾਸ 'ਤੇ ਲੱਗੀਆਂ ਪਾਬੰਦੀਆਂ ਨੂੰ ਘਟਾ ਦਿੱਤਾ ਹੈ ਜਿਸ ਨਾਲ ਹੁਣ ਗੈਰ-ਯੂਰਪੀ ਮੁਲਕਾਂ ਦੇ ਲੋਕਾਂ ਨੂੰ ਇੱਥੇ ਕੰਮ ਲੱਭਣ 'ਚ ਪੇਸ਼ ਆ ਰਹੀਆਂ ਮੁਸ਼ਕਲਾਂ ਦੂਰ ਹੋ ਜਾਣਗੀਆਂ।

ਜਰਮਨ ਸਰਕਾਰ ਇਸ ਗੱਲ ਲਈ ਰਾਜ਼ੀ ਹੋ ਗਈ ਹੈ ਕਿ ਜੇ ਜਰਮਨ ਕੰਪਨੀਆਂ ਨੂੰ ਮਕੈਨੀਕਲ ਅਤੇ ਇਲੈਕਟ੍ਰੀਕਲ ਇੰਜੀਨੀਅਰ, ਆਟੋਮੋਬਾਈਲ ਕੰਸਟਰਕਟਰ ਤੇ ਮੈਡੀਕਲ ਮਾਹਿਰ ਦੇਸ਼ 'ਚੋਂ ਨਹੀਂ ਮਿਲਦੇ ਤਾਂ ਉਹ ਗੈਰ-ਯੂਰਪੀ ਮੁਲਕਾਂ 'ਚੋਂ ਇਹ ਅਸਾਮੀਆਂ ਭਰ ਸਕਦੀਆਂ ਹਨ। ਫੈਡਰਲ ਲੇਬਰ ਆਫਿਸ ਦੀ ਕੁਲਪਤੀ ਐਨਜੇਲਾ ਮਰਕਲ ਨੇ ਕਿਹਾ ਕਿ ਸਰਕਾਰ ਵੱਲੋਂ ਇਹ ਨੀਤੀ ਦੇਸ਼ 'ਚ ਮਾਹਿਰਾਂ ਦੀ ਆ ਰਹੀ ਕਮੀ ਨੂੰ ਪੂਰੀ ਕਰਕੇ, ਦੇਸ਼ ਨੂੰ ਆਕਰਸ਼ਕ ਬਣਾਉਣ ਲਈ ਅਪਣਾਈ ਗਈ ਹੈ। ਜਰਮਨ ਇੰਸਟੀਚਿਊਟ ਦੇ ਅੰਦਾਜ਼ੇ ਮੁਤਾਬਕ ਜੇ ਇਹ ਨੀਤੀ ਨਾ ਅਪਣਾਈ ਜਾਂਦੀ ਤਾਂ ਜਰਮਨੀ ਨੂੰ 2025 ਤਕ 6 ਕਰੋੜ 50 ਲੱਖ ਮਾਹਿਰਾਂ ਦੀ ਕਮੀ ਦਾ ਸਾਹਮਣਾ ਕਰਨਾ ਪੈਣਾ ਸੀ। ਇਕ ਹੋਰ ਅੰਦਾਜ਼ੇ ਮੁਤਾਬਕ 2020 ਤਕ ਜਰਮਨ 'ਚ ਇੰਜੀਨੀਅਰਾਂ ਲਈ 2,40,000 ਅਸਾਮੀਆਂ ਖਾਲੀ ਹੋਣਗੀਆਂ।

ਫੈਡਰਲ ਲੇਬਰ ਆਫਿਸ ਦੇ ਅੰਦਾਜ਼ੇ ਮੁਤਾਬਕ ਜਰਮਨ 'ਚ ਇਸ ਵਕਤ ਹਿਸਾਬ, ਇੰਫਰਮੇਸ਼ਨ ਟੈਕਨਾਲੋਜੀ ਤੇ ਵਿਗਿਆਨ ਦੇ ਖੇਤਰਾਂ 'ਚ ਮਾਹਿਰਾਂ ਦੀ ਕਮੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕੁਲਪਤੀ ਮਰਕਲ ਦੀ ਪਾਰਟੀ ਕਰਿਸਟਿਅਨ ਡੈਮੋਕਰੇਟਿਕ ਯੂਨੀਅਨ ਤੇ ਇਸ ਦੀ ਭਾਈਵਾਲ ਫਰੀ ਡੈਮੋਕਰੇਟਿਕ ਪਾਰਟੀ ਗੈਰ ਯੂਰਪੀ ਲੋਕਾਂ ਲਈ ਬਣਾਏ ਗਏ ਕਾਨੂੰਨ ਜਿਸ ਤਹਿਤ ਜਰਮਨੀ 'ਚ ਪੱਕੇ ਤੌਰ 'ਤੇ ਰਹਿਣ ਲਈ ਸਾਲਾਨਾ ਆਮਦਨੀ 66,000 ਯੂਰੋ ਹੋਣੀ ਹੈ, ਨੂੰ ਸੋਧਣ ਲਈ ਰਾਜ਼ੀ ਨਹੀਂ ਹਨ। ਕਾਫ਼ੀ ਮਾਹਿਰਾਂ ਵੱਲੋਂ ਸਰਕਾਰ ਦੇ ਇਸ ਕਾਨੂੰਨ ਦੀ ਨਿੰਦਾ ਕੀਤੀ ਗਈ ਹੈ। ਜਰਮਨ ਅਰਥਸ਼ਾਸ਼ਤਰ ਮੰਤਰੀ ਫਿਲਿਪ ਰੋਇਸਲਰ ਨੇ ਇਸ ਸਾਲਾਨਾ ਆਮਦਨ ਦੀ ਦਰ ਘਟਾ ਕੇ 40,000 ਯੂਰੋ ਕਰਨ ਦੀ ਮੰਗ ਕੀਤੀ ਹੈ ਤਾਂ ਕਿ ਗੈਰ-ਯੂਰਪੀ ਆਸਾਨੀ ਨਾਲ ਜਰਮਨੀ 'ਚ ਪੱਕੇ ਤੌਰ 'ਤੇ ਰਹਿ ਸਕਣ।

## ਭਾਰਤ 'ਚ ਕਰੋੜਪਤੀਆਂ ਦੀ ਗਿਣਤੀ ਵਧੀ

**ਨਵੀਂ ਦਿੱਲੀ:** ਭਾਰਤ ਵਿਚ ਕਰੋੜਪਤੀਆਂ ਦੀ ਗਿਣਤੀ ਸਾਲ 2009 ਦੇ ਮੁਕਾਬਲੇ 2010 ਵਿਚ 20 ਫੀਸਦੀ ਵਧ ਕੇ 1.53 ਲੱਖ ਹੋ ਗਈ ਹੈ। ਇਸ ਦੇ ਨਾਲ ਹੀ ਭਾਰਤ ਦੁਨੀਆ ਦੇ ਸਭ ਤੋਂ ਅਮੀਰ ਆਬਾਦੀ ਵਾਲੇ ਦੇਸ਼ਾਂ ਦੀ ਸੂਚੀ ਵਿਚ 12ਵੇਂ ਨੰਬਰ 'ਤੇ ਆ ਗਿਆ ਹੈ ਜੋ ਪਹਿਲਾਂ 14ਵੇਂ ਨੰਬਰ 'ਤੇ ਸੀ। ਇਹ ਗੱਲ ਮੇਰੀਲ ਲਿੰਕ ਮੈਨੇਜਮੈਂਟ ਐਂਡ ਕੈਪੀਜੇਮਿਨੀ ਦੀ ਸਾਲਾਨਾ 'ਵਰਲਡ ਵੈਲਥ ਰਿਪੋਰਟ' ਵਿਚ ਸਾਹਮਣੇ ਆਈ ਹੈ। ਭਾਰਤ ਵਿਚ ਕਰੋੜਪਤੀਆਂ ਦੀ ਗਿਣਤੀ ਵਧਣ ਦੀ ਰਿਪੋਰਟ ਨਾਲ ਏਸੀਆ ਨੇ ਅਮੀਰ ਆਬਾਦੀ ਦੇ ਮਾਮਲੇ ਵਿਚ ਯੂਰਪ ਨੂੰ ਪਿੱਛੇ ਛੱਡ ਦਿੱਤਾ ਹੈ।

# ਭਗਤ ਕਬੀਰ ਦੀ ਬਾਣੀ ਵਿਚ ਸਮਾਜਿਕ ਚੇਤਨਾ

**ਡਾ. ਗੁਰਨਾਮ ਕੌਰ**

ਭਗਤੀ ਲਹਿਰ ਨੂੰ ਅਸਲ ਵਿਚ ਧਰਮ ਦੀ ਪੁਨਰ-ਸੁਰਜੀਤੀ ਦੀ ਲਹਿਰ ਕਿਹਾ ਜਾਂਦਾ ਹੈ। ਭਾਵੇਂ ਹਿੰਦੂ ਧਰਮ ਦੇ ਕਈ ਵਿਦਵਾਨ ਇਸ ਦਾ ਅਰੰਭ ਉਪਨਿਸ਼ਦਾਂ ਤੋਂ ਮੰਨਦੇ ਹਨ ਅਤੇ ਉਨ੍ਹਾਂ ਅਨੁਸਾਰ ਉਪਨਿਸ਼ਦਾਂ ਵਿਚ ਨਿਰਗੁਣ ਭਗਤੀ ਦਾ ਵਰਣਨ ਮਿਲਦਾ ਹੈ ਪਰ ਵੈਸ਼ਨਵ ਭਗਤੀ ਦੇ ਅਸਲੀ ਸਰੋਤ ਪੰਚਰਾਤਰ ਅਤੇ ਭਾਗਵਤ ਸਾਹਿਤ ਹੈ। ਭਾਗਵਤ ਪੁਰਾਣ ਅਤੇ ਸ਼ਾਂਡਲਿਆ ਸੂਤਰ ਵਿਚ ਭਗਤੀ ਦਾ ਵਿਸਤਾਰ ਵਿਚ ਵਰਣਨ ਮਿਲਦਾ ਹੈ। ਅਸਲ ਵਿਚ ਭਗਤੀ ਲਹਿਰ ਦੱਖਣੀ ਭਾਰਤ ਵਿਚ ਵੈਸ਼ਨਵ ਅਤੇ ਸ਼ੈਵ ਸੰਪਰਦਾਵਾਂ ਵੱਲੋਂ ਸ਼ੁਰੂ ਕੀਤੀ ਗਈ ਸੀ ਅਤੇ ਸਤਵੀਂ-ਅਠਵੀਂ ਸਦੀ ਤੱਕ ਪਹੁੰਚਦਿਆਂ ਭਾਰਤ ਦੇ ਦੂਸਰੇ ਹਿੱਸਿਆਂ ਵਿਚ ਵੀ ਫੈਲ ਗਈ। ਵੈਸ਼ਨਵ ਸੰਤ, ਜਿਨ੍ਹਾਂ ਨੂੰ ਅਲਵਾਰ ਜਾਂ ਅਰਵਾਰ ਕਿਹਾ ਜਾਂਦਾ ਸੀ, ਤਾਮਿਲ ਬੋਲਣ ਵਾਲੇ ਇਲਾਕਿਆਂ ਅਤੇ ਹਰ ਤਰ੍ਹਾਂ ਦੀਆਂ ਜਾਤਾਂ ਨਾਲ ਸਬੰਧਤ ਸਨ ਅਤੇ ਉਨ੍ਹਾਂ ਨੇ ਦੱਖਣੀ ਭਾਰਤ ਵਿਚ ਭਗਤੀ ਲਹਿਰ ਨੂੰ ਫੈਲਾਇਆ। ਉਹ ਘੁੰਮਦੇ-ਫਿਰਦੇ ਗਵਈਏ ਸਨ ਜੋ ਵਿਸ਼ਨੂੰ ਦੀ ਭਗਤੀ ਦੇ ਰੰਗ ਵਿਚ ਰੰਗੇ ਹੋਏ ਸਨ।



ਡਾ. ਗੁਰਨਾਮ ਕੌਰ

ਪਹਿਲੀ ਵਾਰ ਧਰਮ ਆਮ ਲੋਕਾਈ ਦਾ ਸਰੋਕਾਰ ਬਣਿਆ। ਉਨ੍ਹਾਂ ਦੇ ਸਲੋਕਾਂ ਵਿਚ ਇਸ਼ਟ-ਦੇਵ ਦੇ ਪ੍ਰੇਮ ਨੂੰ ਵਰ ਅਤੇ ਦੁਲਹਨ ਦੇ ਪ੍ਰਤੀਕਾਂ ਰਾਹੀਂ ਪ੍ਰਗਟ ਕੀਤਾ ਗਿਆ। ਸ਼ੈਵ ਸੰਪਰਦਾ ਦੇ ਸੰਤਾਂ ਨੂੰ ਨੈਨਾਰ ਕਿਹਾ ਜਾਂਦਾ ਸੀ ਜੋ ਸ਼ਿਵ ਦੀ ਪੂਜਾ ਕਰਦੇ ਸਨ ਅਤੇ ਸ਼ਿਵ ਉਨ੍ਹਾਂ ਲਈ ਪਰਮ ਸਤਿ ਸੀ ਤੇ ਨਿਜੀ ਦੇਵਤਾ ਸੀ। ਉਹ ਮੰਦਰ-ਮੰਦਰ ਨਚਦੇ-ਤੁਰਦੇ ਫਿਰਦੇ ਸ਼ਿਵ ਦੀ ਭਗਤੀ ਦੇ ਗੀਤ ਗਾਉਂਦੇ ਜੋ ਸੰਗੀਤਬਧ ਸਨ। ਇਸ ਤਰ੍ਹਾਂ ਦੱਖਣੀ ਭਾਰਤ ਤੋਂ ਭਗਤੀ ਲਹਿਰ ਦੇਸ਼ ਦੇ ਬਾਕੀ ਹਿੱਸਿਆਂ ਵਿਚ ਫੈਲੀ। ਉਨ੍ਹਾਂ ਦੇ ਭਗਤੀ-ਗੀਤ ਸੰਸਕ੍ਰਿਤ ਵਿਚ ਨਾ ਹੋ ਕੇ ਆਮ ਲੋਕਾਂ ਦੀ ਬੋਲਣ ਵਾਲੀ ਭਾਸ਼ਾ ਵਿਚ ਸਨ। ਇਸ ਤਰ੍ਹਾਂ ਭਗਤੀ ਲਹਿਰ ਧਰਮ ਦੀ ਪੁਨਰ ਸੁਰਜੀਤੀ ਦੀ ਲਹਿਰ ਹੋ ਨਿਬੜੀ ਜਿਸ ਦੇ ਸੰਤ ਉਚੀ ਜਾਤ ਵਿਚੋਂ ਨਾ ਹੋ ਕੇ ਨੀਵੀਆਂ ਕਹੀਆਂ ਜਾਂਦੀਆਂ ਬੁਣਕਰ, ਲਕੜੀ ਦੇ ਕਾਰੀਗਰ, ਭਾਂਡੇ ਘੜਨ ਵਾਲੇ, ਨਾਈ, ਮੋਚੀ ਆਦਿ ਸਭ ਜਾਤਾਂ ਵਿਚੋਂ ਸਨ। ਮੱਧ-ਯੁੱਗ ਵਿਚ ਭਗਤੀ ਲਹਿਰ ਦੀਆਂ ਸੰਪਰਦਾਵਾਂ ਵਿਸ਼ਨੂੰ ਦੇ ਦੋ ਅਵਤਾਰਾਂ ਰਾਮ ਅਤੇ ਕ੍ਰਿਸ਼ਨ ਦੀ ਪੂਜਾ ਨਾਲ ਸਬੰਧਤ ਸਨ। ਭਗਤ ਰਾਮਾ ਨੰਦ ਨੂੰ ਇਸ ਲਹਿਰ ਦਾ ਮੁਖੀ ਗਿਣਿਆ ਜਾਂਦਾ ਹੈ ਜਿਸ ਦੇ ਅੱਗੋਂ ਬਾਰਾਂ ਚੇਲੇ ਮੰਨੇ ਜਾਂਦੇ ਹਨ ਜਿਨ੍ਹਾਂ ਵਿਚੋਂ ਰਵਿਦਾਸ, ਧੰਨਾ, ਸੈਣ, ਕਬੀਰ, ਦਾਦੂ ਅਤੇ ਤੁੱਕਾ ਰਾਮ ਦਾ ਖਾਸ ਜ਼ਿਕਰ ਕੀਤਾ ਜਾਂਦਾ ਹੈ। ਭਗਤੀ ਲਹਿਰ ਦੇ ਪਹਿਲੇ ਗੇੜ ਵਿਚ ਜੋ ਸਤਵੀਂ ਤੋਂ ਤੇਰ੍ਹਵੀਂ ਸਦੀ ਤੱਕ ਮੰਨਿਆ ਜਾਂਦਾ ਹੈ, ਭਗਤੀ ਵਿਸ਼ਨੂੰ, ਸ਼ਿਵ ਅਤੇ ਸ਼ਕਤੀ ਨਾਲ ਸਬੰਧਤ ਸੀ। ਦੂਸਰਾ ਗੇੜ ਜੋ 14ਵੀਂ ਸਦੀ ਤੋਂ 17ਵੀਂ ਸਦੀ ਤੱਕ ਮੰਨਿਆ ਜਾਂਦਾ ਹੈ, ਭਗਤੀ ਵਿਸ਼ਨੂੰ ਦੇ ਦੋ ਅਵਤਾਰਾਂ ਕ੍ਰਿਸ਼ਨ ਅਤੇ ਰਾਮ ਨਾਲ ਸਬੰਧਤ ਸੀ। ਇਨ੍ਹਾਂ ਦੋ ਅਵਤਾਰਾਂ 'ਤੇ ਇਸ ਸਮੇਂ ਦਾ ਬਹੁਤ ਸਾਰਾ ਸਾਹਿਤ ਪ੍ਰਾਪਤ ਹੈ। ਕ੍ਰਿਸ਼ਨ ਨੂੰ ਪਰਮਾਤਮਾ, ਦੈਵੀ ਪ੍ਰੇਮੀ ਕਰਕੇ ਦੱਸਿਆ ਹੈ ਅਤੇ ਉਸ ਦਾ ਜੀਵਨ ਰੁਮਾਂਸ ਦੇ ਹਰ ਪਹਿਲੂ ਨਾਲ ਸਬੰਧਤ ਹੈ। ਰਾਮ ਨੂੰ ਇੱਕ ਆਦਰਸ਼-ਪਤੀ, ਆਗਿਆਕਾਰੀ ਪੁੱਤਰ, ਇੱਕ ਆਦਰਸ਼ ਭਰਾ ਕਰਕੇ ਦੱਸਿਆ ਹੈ ਅਤੇ ਨਾਲ ਹੀ ਉਸ ਨੂੰ ਸਰਬ-ਵਿਆਪਕ ਪਰਮਾਤਮਾ ਵੀ ਕਿਹਾ ਹੈ।

ਸਿੱਖ ਧਰਮ ਵਿਚ ਪਰਮਾਤਮਾ ਦੇ ਅਵਤਾਰ ਧਾਰਨ ਨੂੰ ਮੁਢੋਂ-ਸੁਢੋਂ ਨਕਾਰ ਦਿੱਤਾ ਗਿਆ ਹੈ ਅਤੇ ਉਸ ਨੂੰ ਅਮਰ, ਅਜੋਨੀ ਅਤੇ ਅਕਾਲ ਕਿਹਾ ਗਿਆ ਹੈ। ਕਈ ਵਿਦਵਾਨ ਭਗਤ ਕਬੀਰ ਨੂੰ ਗੁਰੂ ਨਾਨਕ ਦੇਵ ਦਾ ਪੂਰਵ-ਅਧਿਕਾਰੀ ਕਹਿ ਦਿੰਦੇ ਹਨ ਪਰ ਇਹ ਸਰਾਸਰ ਗਲਤ ਹੈ। ਗੁਰੂ ਨਾਨਕ ਨੇ ਗੁਰੂ ਦੀ ਭੂਮਿਕਾ 'ਤੇ ਬਹੁਤ ਜ਼ੋਰ ਦਿੱਤਾ ਹੈ ਪਰ ਉਨ੍ਹਾਂ ਨੇ ਕਿਤੇ ਵੀ ਭਗਤ ਰਾਮਾਨੰਦ ਦਾ ਨਾਮ ਨਹੀਂ ਲਿਆ ਅਤੇ ਨਾ ਹੀ ਭਗਤ ਕਬੀਰ ਦਾ ਨਾਮ ਇਸ ਕਿਸਮ ਦੇ ਕਿਸੇ ਸੰਧਰਭ ਵਿਚ ਲਿਆ ਹੈ। ਗੁਰੂ ਨਾਨਕ ਨੇ ਵੀ ਭਗਤੀ ਮਾਰਗ ਦਾ ਸਫਰ ਕੀਤਾ ਪਰ ਉਨ੍ਹਾਂ ਦਾ ਆਪਣਾ ਵੱਖਰਾ ਰਸਤਾ ਸੀ ਅਤੇ ਉਨ੍ਹਾਂ ਆਪਣਾ ਵੱਖਰਾ ਝੰਡਾ ਝੁਲਾਇਆ। ਉਨ੍ਹਾਂ ਵੱਲੋਂ ਪ੍ਰਸਤੁਤ "ਨਾਮ ਦਾ ਜਹਾਜ' ਵੱਖਰਾ ਹੈ ਜੋ ਨਾ ਸਿਰਫ ਆਪਣੇ ਸੁਤੰਤਰ ਮਾਰਗ 'ਤੇ ਚੱਲਿਆ ਸਗੋਂ ਆਪਣੇ ਪਿੱਛੇ ਆਪਣੀ ਇੱਕ ਵੱਖਰੀ ਲਕੀਰ ਛੱਡਦਾ ਗਿਆ। ਇਸ ਤਰ੍ਹਾਂ ਗੁਰੂ ਨਾਨਕ ਨੇ ਬਿਲਕੁਲ ਆਪਣਾ ਸੱਜਰਾ ਅਤੇ ਨਿਵੇਕਲਾ ਮਾਰਗ ਸ਼ੁਰੂ ਕੀਤਾ। ਗੁਰੂ ਨਾਨਕ ਅਨੁਸਾਰ ਪਰਮ ਸਤਿ ਦਾ ਅਨੁਭਵ ਉਸ ਦੇ ਨਾਮ ਦੀ ਭਗਤੀ ਰਾਹੀਂ ਸੰਭਵ ਹੈ। ਪ੍ਰੰਤੂ ਉਸ ਦੇ ਨਾਮ ਦੀ ਭਗਤੀ ਅਤੇ ਧਿਆਨ ਕੋਈ ਵਿਕੋਲਿਤਰਾ, ਇੱਕ-ਪਾਸੜ ਅਤੇ ਵਿਅਕਤੀਗਤ ਯਤਨ ਨਹੀਂ ਹੈ ਜੋ ਤਿਆਗ ਨੂੰ ਉਤਸ਼ਾਹਿਤ ਕਰੇ। ਸਗੋਂ ਗੁਰੂ ਨਾਨਕ ਨੇ ਭਗਤੀ ਦਾ ਇੱਕ ਸਕ੍ਰਿਅ ਸੰਕਲਪ ਦਿੱਤਾ ਜਿਸ ਨਾਲ ਭਗਤੀ ਨੂੰ ਸਮਾਜਿਕ ਅਤੇ ਸੰਸਾਰੀ ਨੈਤਿਕਤਾ ਨਾਲ ਜੋੜਿਆ।

ਸਿੱਖ ਭਗਤੀ ਦਾ ਮੁੱਖ ਸਰੋਕਾਰ 'ਸਚਿਆਰ' ਤਿਆਰ ਕਰਨਾ ਹੈ, ਇੱਕ ਸੱਚੀ ਰਹਿਣੀ ਵਾਲਾ ਮਨੁੱਖ ਜਿਹੜਾ ਸੰਸਾਰ ਨਾਲ ਜੁੜਿਆ ਹੋਇਆ ਹੋਵੇ ਅਤੇ ਸਮਾਜ ਦੀ ਬਿਹਤਰੀ ਲਈ ਹਮੇਸ਼ਾ ਯਤਨਸ਼ੀਲ ਰਹੇ। ਇਹ ਅਜਿਹੀ ਭਗਤੀ ਹੈ ਜੋ ਮਨੁੱਖ ਦੀ ਅੰਦਰਲੀ ਪਵਿੱਤਰਤਾ ਦੇ ਨਾਲ ਨਾਲ ਮਨੁੱਖ ਲਈ ਨੈਤਿਕ ਕੀਮਤਾਂ ਵੀ ਸਿਰਜਦੀ ਹੈ। ਸਿੱਖ ਧਰਮ-ਚਿੰਤਨ ਅਵਤਾਰਵਾਦ ਦੇ ਸਿਧਾਂਤ ਨੂੰ ਨਕਾਰਦਾ ਹੈ ਕਿਉਂਕਿ ਇਸ ਅਨੁਸਾਰ ਪਰਮਾਤਮਾ ਜਨਮ ਅਤੇ ਮਰਨ ਵਿਚ ਨਹੀਂ ਆਉਂਦਾ। ਇਸ ਲਈ ਕ੍ਰਿਸ਼ਨ ਅਤੇ ਰਾਮ ਨੂੰ ਪਰਮਸਤਿ ਨਹੀਂ ਮੰਨਿਆ ਗਿਆ ਕਿਉਂਕਿ ਜਨਮ ਅਤੇ ਮੌਤ ਮਨੁੱਖੀ ਸੀਮਾਵਾਂ ਹਨ। ਮਨੁੱਖ ਸੰਤ, ਰਿਸ਼ੀ ਜਾਂ ਭਗਤ ਤਾਂ ਹੋ ਸਕਦਾ ਹੈ ਪਰ ਪਰਮਾਤਮਾ ਨਹੀਂ। ਇਹੀ ਕਾਰਨ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਸਿਰਫ ਉਨ੍ਹਾਂ ਭਗਤਾਂ ਦੀ ਉਹੀ ਬਾਣੀ ਸ਼ਾਮਲ ਕੀਤੀ ਗਈ ਹੈ ਜੋ ਸਿੱਖ ਧਰਮ-ਦਰਸ਼ਨ ਅਤੇ ਸਿਧਾਂਤਾਂ ਦੀ ਅਨੁਸਾਰੀ ਹੈ। ਭਗਤ ਕਬੀਰ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਸਤਿਕਾਰਯੋਗ ਸਥਾਨ ਪ੍ਰਾਪਤ ਹੈ ਅਤੇ ਉਹ ਸ਼ਬਦ ਗੁਰੂ ਦਾ ਹਿੱਸਾ ਹੈ।

ਬਨਾਰਸ ਜਾਂ ਕਾਸ਼ੀ ਹਿੰਦੂ ਧਰਮ ਦਾ ਕੇਂਦਰੀ ਸਥਾਨ ਹੈ। ਭਗਤ ਕਬੀਰ ਦੇ ਜੀਵਨ ਦਾ ਬਹੁਤਾ ਸਮਾਂ ਇਥੇ ਹੀ ਬੀਤਿਆ ਅਤੇ ਉਨ੍ਹਾਂ ਨੂੰ ਹਿੰਦੂ ਧਰਮ ਵਿਚ ਪ੍ਰਵੇਸ਼ ਕਰ ਚੁੱਕੇ ਕਰਮਕਾਂਡ ਅਤੇ ਪਖੰਡ ਦਾ ਬਹੁਤ ਨੇੜਿਓਂ ਅਨੁਭਵ ਕਰਨ ਦਾ ਮੌਕਾ ਮਿਲਿਆ। ਇਸ ਕਰਮਕਾਂਡ ਨੇ ਆਮ ਆਦਮੀ ਨੂੰ ਬਹੁਤ ਸਾਰੇ ਵਹਿਮਾਂ-ਭਰਮਾਂ ਵਿਚ ਪਾ ਕੇ ਉਸ ਦਾ ਜੀਵਨ ਮੁਸ਼ਕਿਲ ਕਰ ਦਿੱਤਾ ਸੀ ਅਤੇ ਸਮਾਜਿਕ ਪਾੜੇ ਨੂੰ ਹੋਰ ਗਹਿਰਾ ਕਰ ਦਿੱਤਾ ਸੀ। 'ਆਸਾ ਦੀ ਵਾਰ' ਵਿਚ ਧਰਮ ਵਿਚ ਪ੍ਰਵੇਸ਼ ਕਰ ਚੁੱਕੇ ਇਸ ਕਰਮਕਾਂਡ ਅਤੇ ਪਖੰਡ ਦਾ ਗੁਰੂ ਨਾਨਕ ਵਿਸਤਾਰ ਵਿਚ ਜ਼ਿਕਰ ਕਰਦੇ ਹਨ। ਮਿਸਾਲ ਲਈ ਗੁਰੂ ਨਾਨਕ ਸੂਤਕ (ਭਿੱਟ) ਦੀ ਗੱਲ ਕਰਦਿਆਂ ਫੁਰਮਾਉਂਦੇ ਹਨ ਕਿ ਜੇ ਸੂਤਕ ਨੂੰ ਮੰਨ ਲਈਏ ਕਿ ਇਸ ਦਾ ਭਰਮ ਰੱਖਣਾ ਚਾਹੀਦਾ ਹੈ ਫਿਰ ਤਾਂ ਸੂਤਕ ਹਰ ਸ਼ੈ ਅਤੇ ਸਭ ਥਾਂਵਾਂ 'ਤੇ ਹੁੰਦਾ ਹੈ ਜਿਵੇਂ ਲੱਕੜੀ ਅਤੇ ਗੋਹੇ ਵਿਚ ਕੀੜੇ ਹੁੰਦੇ ਹਨ। ਅੰਨ ਅਤੇ ਪਾਣੀ ਵੀ ਕੀੜਿਆਂ ਤੋਂ ਰਹਿਤ ਨਹੀਂ। ਪਾਣੀ ਤਾਂ ਖੁਦ ਸੂਤਕ ਹੈ ਕਿਉਂਕਿ ਉਹ ਜੀਵਨ ਦਿੰਦਾ ਹੈ। ਇਸ ਤਰ੍ਹਾਂ ਰਸੋਈ ਵਿਚ ਵੀ ਸੂਤਕ ਹੈ। ਮਨ ਤੋਂ ਸੂਤਕ ਕਦੇ ਵੀ ਨਹੀਂ ਉਤਰਦਾ। ਇਹ ਸਿਰਫ ਤਾਂ ਹੀ ਉਤਰ ਸਕਦਾ ਹੈ ਜੇ ਮਨ ਨੂੰ ਪਰਮਾਤਮਾ ਦੇ ਗਿਆਨ ਨਾਲ ਧੋਤਾ ਜਾਵੇ। ਅਸਲ ਸੂਤਕ ਜਿਸ ਤੋਂ ਪ੍ਰਹੇਜ ਕਰਨਾ ਚਾਹੀਦਾ ਹੈ, ਉਹ ਹੈ:ਮਨ ਦਾ ਸੂਤਕ ਲੋਭ, ਜੀਭ ਦਾ ਸੂਤਕ ਝੂਠ, ਅੱਖਾਂ ਦਾ ਸੂਤਕ ਪਰਾਈ ਇਸਤਰੀ ਅਤੇ ਪਰਾਇਆ ਧਨ, ਕੰਨਾਂ ਦਾ ਸੂਤਕ ਨਿੰਦਿਆ-ਚੁਗਲੀ ਆਦਿ। ਇਹ ਸੂਤਕ ਮਨੁੱਖ ਦੇ ਬੰਧਨ ਹਨ:

ਮਨ ਕਾ ਸੂਤਕੁ ਲੋਭੁ ਹੈ
ਜਿਹਵਾ ਸੂਤਕੁ ਕੂੜੁ॥
ਅਖੀ ਸੂਤਕੁ ਵੇਖਣਾ
ਪਰ ਤ੍ਰਿਅ ਪਰ ਧਨ ਰੂਪੁ॥
ਕੰਨੀ ਸੂਤਕੁ ਕੰਨਿ ਪੈ
ਲਾਇਤਬਾਰੀ ਖਾਹਿ॥
ਨਾਨਕ ਹੰਸਾ ਆਦਮੀ
ਬਧੇ ਜਮਪੁਰਿ ਜਾਹਿ॥੨॥(ਪੰਨਾ ੪੭੨)

ਇਸੇ ਭਿੱਟ ਜਾਂ ਸੂਤਕ ਦੀ ਸਮਾਜ ਵਿਚ ਪੰਡਿਤ ਵੱਲੋਂ ਫੈਲਾਈ ਬਿਮਾਰੀ ਦੀ ਗੱਲ ਕਰਦਿਆਂ ਭਗਤ ਕਬੀਰ ਕਹਿੰਦੇ ਹਨ ਕਿ ਜੇ ਜੀਵਾਂ ਦੇ ਮਰਨ-ਜੰਮਣ ਨਾਲ ਭਿੱਟ ਜਾਂ ਸੂਤਕ ਪੈਦਾ ਹੁੰਦਾ ਹੈ ਤਾਂ ਪਾਣੀ ਵਿਚ, ਧਰਤੀ ਉਤੇ ਹਰ ਥਾਂ ਇਹ ਭਿੱਟ ਪੈਦਾ ਹੋ ਰਹੀ ਹੈ। ਪਹਿਲਾਂ ਮਨੁੱਖ ਦੇ ਜੰਮਣ 'ਤੇ ਭਿੱਟ, ਫਿਰ ਮਰਨ 'ਤੇ ਭਿੱਟ, ਇਸ ਭਿੱਟ ਵਿਚ ਦੁਨੀਆਂ ਖੁਆਰ ਹੋ ਰਹੀ ਹੈ। ਪੰਡਿਤ ਨੂੰ ਪੁੱਛਦੇ ਹਨ ਕਿ ਇਸ ਗੱਲ ਨੂੰ ਵਿਚਾਰ ਕੇ ਦੱਸ ਕਿ ਫਿਰ ਸੁੱਚਾ ਕੌਣ ਰਹਿ ਗਿਆ? ਜੇ ਜੀਵਾਂ ਦੇ ਜੰਮਣ-ਮਰਨ ਨਾਲ ਹੀ ਸੂਤਕ ਪੈਦਾ ਹੁੰਦਾ ਹੈ ਫਿਰ ਤਾਂ ਸਿਰਫ ਦਿਖਾਈ ਦਿੰਦੇ ਜੀਵ ਹੀ ਨਹੀਂ ਮਰਦੇ, ਅਣਦਿਸਦੇ ਅਨੇਕ ਜੀਵ ਮਰ ਰਹੇ ਹਨ ਜਿਸ ਕਰਕੇ ਸਾਡੀਆਂ ਅੱਖਾਂ, ਜੀਭ, ਕੰਨ, ਉਠਦਿਆਂ ਬੈਠਦਿਆਂ ਹਰ ਥਾਂ ਅਤੇ ਰਸੋਈ ਵਿਚ ਵੀ ਸੂਤਕ ਹੈ। ਅਖੀਰ ਵਿਚ ਭਗਤ ਕਬੀਰ ਸਿੱਟਾ ਕੱਢਦੇ ਹਨ ਕਿ ਇਸ ਸੂਤਕ ਦੇ ਭਰਮ ਕਰਕੇ ਫਸਣ ਦਾ ਤਰੀਕਾ ਹਰ ਕੋਈ ਜਾਣਦਾ ਹੈ ਪਰ ਇਸ ਤੋਂ ਬਾਹਰ ਆਉਣ ਦਾ ਢੰਗ ਕਿਸੇ ਨੂੰ ਨਹੀਂ ਪਤਾ। ਜੋ ਮਨੁੱਖ ਆਪਣੇ ਹਿਰਦੇ ਵਿਚ ਪਰਮਾਤਮਾ ਦਾ ਸਿਮਰਨ ਕਰਦੇ ਹਨ, ਉਨ੍ਹਾਂ ਨੂੰ ਸੂਤਕ ਜਾਂ ਭਿੱਟ ਵਰਗੇ ਭਰਮ ਨਹੀਂ ਹੁੰਦੇ:

ਜਲਿ ਹੈ ਸੂਤਕੁ ਥਲਿ ਹੈ
ਸੂਤਕੁ ਸੂਤਕ ਓਪਤਿ ਹੋਈ॥
ਜਨਮੇ ਸੂਤਕ ਮੂਏ ਫੁਨਿ
ਸੂਤਕਿ ਸੂਤਕ ਪਰਜ ਬਿਗੋਈ॥੧॥...
ਫਾਸਨ ਕੀ ਬਿਧਿ ਸਭੁ ਕੋਊ
ਜਾਨੈ ਛੂਟਨ ਕੀ ਇਕੁ ਕੋਈ॥
ਕਹਿ ਕਬੀਰ ਰਾਮੁ ਰਿਦੈ
ਬਿਚਾਰੈ ਸੂਤਕੁ ਤਿਨੈ ਨ ਹੋਈ॥
(ਪੰਨਾ ੩੩੧)

ਹਿੰਦੂ ਧਰਮ ਵਿਚ ਇੱਕ ਹੋਰ ਨਿਸਚਾ ਹੈ ਕਿ ਕਾਸ਼ੀ (ਸ਼ਿਵ ਪੁਰੀ) ਵਿਚ ਮਰਨ ਵਾਲਾ ਮੁਕਤੀ ਪ੍ਰਾਪਤ ਕਰ ਲੈਂਦਾ ਹੈ ਅਤੇ ਮਗਹਰ (ਗਣੇਸ਼ ਪੁਰੀ) ਵਿਚ ਮਰਨ ਵਾਲਾ ਖੋਤੇ ਦੀ ਜੂਨ ਵਿਚ ਪੈਂਦਾ ਹੈ। ਕਬੀਰ ਸਾਹਿਬ ਦਾ ਜਨਮ ਕਾਸ਼ੀ ਵਿਚ ਹੋਇਆ ਅਤੇ ਜੀਵਨ ਦਾ ਬਹੁਤਾ ਸਮਾਂ ਉਨ੍ਹਾਂ

## ਗੁਰਮਤਿ ਚਿੰਤਨ

ਨੇ ਉਥੇ ਗੁਜ਼ਾਰਿਆ ਪਰ ਜੀਵਨ ਦੇ ਅਖ਼ੀਰਲੇ ਵਰ੍ਹਿਆਂ ਵਿਚ ਉਹ ਮਗਹਰ ਆ ਗਏ ਅਤੇ ਉਥੇ ਹੀ ਸੰਨ 1518 ਵਿਚ ਜੋਤੀ ਜੋਤਿ ਸਮਾ ਗਏ। ਉਹ ਇਸ ਵਹਿਮ ਦੀ ਤਰਕਹੀਣਤਾ ਵੱਲ ਸੰਕੇਤ ਕਰਦੇ ਹਨ:

ਅਬ ਕਹੁ ਰਾਮ ਕਵਨ ਗਤਿ ਮੋਰੀ॥
ਤਜੀਲੇ ਬਨਾਰਸ
ਮਤਿ ਭਈ ਥੋਰੀ॥੧॥ਰਹਾਉ॥
ਸਗਲ ਜਨਮੁ ਸਿਵਪੁਰੀ ਗਵਾਇਆ॥
ਮਰਤੀ ਬਾਰ ਮਗਹਰਿ ਉਠਿ ਆਇਆ॥੨॥
ਬਹੁਤੁ ਬਰਸ ਤਪੁ ਕੀਆ ਕਾਸੀ॥
ਮਰਨੁ ਭਇਆ ਮਗਹਰ ਕੀ ਬਾਸੀ॥੩॥
ਕਾਸੀ ਮਗਹਰ ਸਮ ਬੀਚਾਰੀ॥
ਓਛੀ ਭਗਤਿ ਕੈਸੇ ਉਤਰਸਿ ਪਾਰੀ॥੪॥
ਕਹੁ ਗੁਰ ਗਜ ਸਿਵ ਸਭੁ ਕੋ ਜਾਨੈ॥
ਮੂਆ ਕਬੀਰੁ ਰਮਤ ਸ੍ਰੀ ਰਾਮੈ॥੫॥੧੫॥
(ਪੰਨਾ ੩੨੬)

ਗੁਰੂ ਨਾਨਕ ਪਿਤਰਾਂ ਦੀ ਪੂਜਾ ਵਰਗੀਆਂ ਫਜ਼ੂਲ ਰਸਮਾਂ ਪ੍ਰਤੀ ਸਮਾਜ ਨੂੰ ਚੇਤੰਨ ਕਰਦੇ ਹੋਏ 'ਆਸਾ ਦੀ ਵਾਰ' ਵਿਚ ਕਹਿੰਦੇ ਹਨ ਕਿ ਜੇ ਕੋਈ ਮਨੁੱਖ ਕਿਸੇ ਦੇ ਘਰ ਚੋਰੀ ਕਰਕੇ ਆਪਣੇ ਮਰ ਚੁੱਕੇ ਵੱਡਿਆਂ ਦਾ ਸਰਾਧ ਵਗੈਰਾ ਕਰੇ ਤਾਂ ਅਗਲੇ ਜਹਾਨ ਵਿਚ ਉਹ ਵਸਤ ਪਛਾਣੀ ਜਾਵੇਗੀ ਅਤੇ ਚੋਰੀ ਦੀ ਵਸਤੂ ਕਾਰਨ ਉਸ ਦੇ ਪਿਤਰ ਵੀ ਚੋਰ ਵੱਜਣਗੇ। ਫਿਰ ਇਨਸਾਫ ਇਹ ਕੀਤਾ ਜਾਵੇਗਾ ਕਿ ਬ੍ਰਾਹਮਣ, ਜਿਸ ਨੇ ਇਹ ਦਾਨ ਦੇਣ ਲਈ ਵਿਚੋਲਗਿਰੀ ਕੀਤੀ ਹੈ, ਉਸ ਦੇ ਹੱਥ ਵੱਢੇ ਜਾਣਗੇ। ਮਨੁੱਖ ਨੂੰ ਅੱਗੇ ਉਹੀ ਮਿਲਦਾ ਹੈ ਜੋ ਘਾਲ-ਕਮਾਈ ਉਹ ਇਸ ਸੰਸਾਰ ਵਿਚ ਕਰਦਾ ਹੈ।

ਅਜਿਹੀਆਂ ਰਸਮਾਂ ਦਾ ਖੋਖਲਾਪਣ ਦਸਦੇ ਹੋਏ ਭਗਤ ਕਬੀਰ ਕਹਿੰਦੇ ਹਨ ਕਿ ਜਿਉਂਦੇ ਮਾਪਿਆਂ ਦਾ ਤਾਂ ਲੋਕ ਆਦਰ-ਸਤਿਕਾਰ ਨਹੀਂ ਕਰਦੇ ਪਰ ਮਰ ਗਏ ਪਿਤਰਾਂ ਦੀ ਪੂਜਾ ਕਰਦੇ ਅਤੇ ਉਨ੍ਹਾਂ ਦੇ ਨਮਿਤ ਭੋਜਨ ਕਰਾਉਂਦੇ ਹਨ ਤਾਂ ਕਿ ਘਰ ਵਿਚ ਸੁੱਖ-ਅਨੰਦ ਰਹੇ। ਵਿਚਾਰੇ ਪਿਤਰ ਭਲਾ ਸਰਾਧਾਂ ਦਾ ਭੋਜਨ ਕਿਵੇਂ ਪ੍ਰਾਪਤ ਕਰਨ? ਉਸ ਨੂੰ ਤਾਂ ਕਾਂ-ਕੁੱਤੇ ਖਾ ਜਾਂਦੇ ਹਨ। ਭਗਤ ਕਬੀਰ ਤਰਕ ਕਰਦੇ ਹਨ ਕਿ ਕੋਈ ਮੈਨੂੰ ਦੱਸੇ ਪਿਤਰਾਂ ਦੇ ਨਮਿਤ ਭੋਜਨ ਕਰਨ ਨਾਲ ਪਿੱਛੇ ਸੁੱਖ-ਅਨੰਦ ਕਿਵੇਂ ਹੋ ਜਾਵੇਗਾ? ਮਿੱਟੀ ਦੇ ਦੇਵੀ ਦੇਵਤੇ ਬਣਾ ਕੇ ਉਨ੍ਹਾਂ ਅੱਗੇ ਜੀਵਾਂ ਦੀ ਕੁਰਬਾਨੀ ਦਿੰਦੇ ਹਨ। ਇਸੇ ਤਰ੍ਹਾਂ ਦੇ ਮਿੱਟੀ ਦੇ ਬਣਾਏ ਹੋਏ ਪਿਤਰ ਹੁੰਦੇ ਹਨ ਜਿਨ੍ਹਾਂ ਅੱਗੇ ਜੋ ਜੀਅ ਆਉਂਦਾ ਹੈ ਧਰ ਦਿੰਦੇ ਹਨ, ਉਹ ਆਪ ਕੁੱਝ ਨਹੀਂ ਮੰਗ ਸਕਦੇ। ਭੈ ਵਿਚ ਲੋਕ ਅਜਿਹੀਆਂ ਫਜ਼ੂਲ ਰਸਮਾਂ ਕਰਦੇ ਹਨ। ਇਹ ਸਭ ਕੁੱਝ ਬ੍ਰਾਹਮਣ ਭਾਵ ਪੁਜਾਰੀ ਕਾਰਨ ਹੈ ਜਿਸ ਨੇ ਲੋਕਾਂ ਨੂੰ ਰਾਹ ਦਿਖਾਉਣਾ ਹੈ ਪਰ ਆਪਣੇ ਲਾਲਚ ਕਾਰਨ ਉਹ ਲੋਕਾਂ ਨੂੰ ਭਰਮ ਵਿਚ ਪਾਈ ਰੱਖਦਾ ਹੈ।

ਗੁਰੂ ਨਾਨਕ ਆਸਾ ਦੀ ਵਾਰ ਵਿਚ ਧਾਰਮਿਕ ਆਗੂਆਂ ਦੇ ਪਖੰਡ ਦਾ ਪਾਜ ਖੋਲ੍ਹਦੇ ਹੋਏ ਦਸਦੇ ਹਨ ਕਿ ਪੰਡਿਤ ਧਾਰਮਿਕ ਪੁਸਤਕਾਂ ਪੜ੍ਹ ਕੇ ਸੰਧਿਆ ਕਰਦਾ ਹੈ ਅਤੇ ਉਸ ਤੇ ਹੋਰਾਂ ਨਾਲ ਵਿਚਾਰ ਚਰਚਾ ਛੇੜਦਾ ਹੈ, ਮੂਰਤੀ ਪੂਜਾ ਕਰਦਾ ਹੈ ਅਤੇ ਬਗਲੇ ਵਾਂਗ ਸਮਾਧੀ ਲਾਉਂਦਾ ਹੈ। ਮੂੰਹੋਂ ਝੂਠ ਬੋਲਦਾ ਹੈ ਅਤੇ ਉਸ ਨੂੰ ਸੁਹਣੇ ਗਹਿਣਿਆਂ ਵਾਂਗ ਸੁਹਣਾ ਬਣਾ ਕੇ ਪੇਸ਼ ਕਰਦਾ ਹੈ। ਤਿੰਨ ਵੇਲੇ ਦਿਨ ਵਿਚ ਗਾਇਤ੍ਰੀ ਮੰਤ੍ਰ ਵਿਚਾਰਦਾ ਹੈ ਅਤੇ ਮੱਥੇ 'ਤੇ ਤਿਲਕ ਲਾਉਂਦਾ ਹੈ। ਹਮੇਸ਼ਾ ਦੋ ਧੋਤੀਆਂ ਕੋਲ ਰੱਖਦਾ ਹੈ ਅਤੇ ਸੰਧਿਆ ਕਰਨ ਵੇਲੇ ਸਿਰ ਤੇ ਵਸਤ੍ਰ ਰੱਖ ਲੈਂਦਾ ਹੈ। ਪਰ ਜੇ ਇਸ ਪੰਡਿਤ ਨੂੰ ਅਸਲੀਅਤ ਵਿਚ ਰੱਬ ਦੀ ਸਿਫ਼ਤ-ਸਾਲਾਹ ਦਾ ਗਿਆਨ ਹੋਵੇ ਤਾਂ ਉਹ ਇਸ ਸਾਰੇ ਕਰਮ ਕਾਂਡ ਨੂੰ ਫਜ਼ੂਲ ਸਮਝੇ। ਗੁਰੂ ਨਾਨਕ ਅਨੁਸਾਰ ਮਨੁੱਖ ਸੱਚੀ ਸ਼ਰਧਾ ਨਾਲ ਪਰਮਾਤਮਾ ਨੂੰ ਸਿਮਰੇ ਅਤੇ ਇਹੀ ਸਹੀ ਰਸਤਾ ਹੈ ਜੋ ਗੁਰੂ ਪਾਸੋਂ ਪਤਾ ਲਗਦਾ ਹੈ।

ਰਾਗ ਆਸਾ ਵਿਚ ਹੀ ਭਗਤ ਕਬੀਰ ਇਸੇ ਕਿਸਮ ਦੇ ਧਾਰਮਿਕ ਪਖੰਡ ਨੂੰ ਉਜਾਗਰ ਕਰਦਿਆਂ ਕਹਿੰਦੇ ਹਨ ਕਿ ਸਾਢੇ ਤਿੰਨ-ਤਿੰਨ ਗਜ ਧੋਤੀਆਂ ਪਹਿਨਦੇ ਹਨ ਅਤੇ ਤੇਹਰੀਆਂ ਤੰਦਾਂ ਵਾਲੇ ਜਨੇਊ ਪਾਉਂਦੇ ਹਨ। ਗਲੇ ਵਿਚ ਮਾਲਾ ਹੈ ਅਤੇ ਹੱਥ ਵਿਚ ਲਿਸ਼ਕਾ ਕੇ ਲੋਟੇ ਫੜੇ ਹਨ। ਅਜਿਹੇ ਮਨੁੱਖ ਪਰਮਾਤਮਾ ਦੇ ਭਗਤ ਨਹੀਂ, ਇਹ ਤਾਂ ਬਨਾਰਸ ਦੇ ਠੱਗ ਹਨ ਜੋ ਮੂਲ ਨੂੰ ਵੀ ਟਾਹਣੀਆਂ ਸਮੇਤ ਖਾ ਜਾਂਦੇ ਹਨ। ਭਾਵ ਮਾਇਆ ਦੀ ਖ਼ਾਤਰ ਮਨੁੱਖਾਂ ਨੂੰ ਜਾਨੋਂ ਮਾਰਨ ਤੋਂ ਵੀ ਨਹੀਂ ਝਿਜਕਦੇ। ਗੁਰੂ ਨਾਨਕ ਦੀ ਤਰ੍ਹਾਂ ਹੀ ਭਗਤ ਕਬੀਰ ਨੇ ਨਾ ਸਿਰਫ ਹਿੰਦੂ ਸਗੋਂ ਮੁਸਲਿਮ ਹਾਕਮ ਜਮਾਤ ਦੇ ਧਾਰਮਿਕ ਪਖੰਡਾਂ ਨੂੰ ਵੀ ਇਸੇ ਤਰ੍ਹਾਂ ਉਜਾਗਰ ਕੀਤਾ ਹੈ:

ਰੋਜਾ ਧਰੈ ਮਨਾਵੈ ਅਲਹੁ
ਸੁਆਦਤਿ ਜੀਅ ਸੰਘਾਰੈ॥
ਆਪਾ ਦੇਖਿ ਅਵਰ ਨਹੀ ਦੇਖੈ
ਕਾਹੇ ਕਉ ਝਖ ਮਾਰੈ॥੧॥
ਕਾਜੀ ਸਾਹਿਬੁ ਏਕੁ ਤੋਹੀ
ਮੈ ਤੇਰਾ ਸੋਚਿ ਬਿਚਾਰਿ ਨ ਦੇਖੈ॥
ਖਬਰਿ ਨ ਕਰਹਿ ਦੀਨ ਕੇ ਬਉਰੇ
ਤਾ ਤੇ ਜਨਮੁ ਅਲੇਖੈ॥੧॥ਰਹਾਉ॥
(ਪੰਨਾ ੪੮੩)

ਇਥੇ ਦੱਸਣ ਤੋਂ ਇਹੀ ਭਾਵ ਹੈ ਕਿ ਭਗਤ ਕਬੀਰ ਨੇ ਸਮਾਜ ਨਾਲ ਸਬੰਧਤ ਹਰ ਨੁਕਤੇ ਨੂੰ, ਭਾਵੇਂ ਉਹ ਜਾਤ-ਪਾਤ ਅਤੇ ਊਚ-ਨੀਚ ਨਾਲ ਸਬੰਧਤ ਹੈ, ਭਾਵੇਂ ਧਾਰਮਿਕ ਪਖੰਡ ਨਾਲ, ਸਾਹਮਣੇ ਲਿਆਂਦਾ ਹੈ। ਗੁਰੂ ਨਾਨਕ ਨੇ ਮੱਧ-ਯੁਗ ਵਿਚ ਭਾਰਤੀ ਇਸਤਰੀ ਦੀ ਹਾਲਤ ਤੋਂ ਨਾ ਸਿਰਫ ਸਮਾਜ ਨੂੰ ਚੇਤੰਨ ਕੀਤਾ ਹੈ ਸਗੋਂ ਉਸ ਨੂੰ ਉਸ ਦਾ ਬਣਦਾ ਸਤਿਕਾਰ ਦੇਣ ਲਈ ਵੀ ਆਗਾਹ ਕੀਤਾ ਹੈ। ਇਸਲਾਮੀ ਪ੍ਰਭਾਵ ਹੇਠ ਹਿੰਦੁਸਤਾਨੀ ਨਾਰੀ ਨੂੰ ਵੀ ਪਰਦੇ ਲਈ ਮਜ਼ਬੂਰ ਕੀਤਾ ਜਾਂਦਾ ਸੀ ਜਿਸ ਨੂੰ ਸਿੱਖ ਧਰਮ ਵਿਚ ਰੋਕ ਦਿੱਤਾ ਗਿਆ। ਭਗਤ ਕਬੀਰ ਭਾਵੇਂ ਜਿੰਦ-ਵਹੁਟੀ ਦਾ ਅਲੰਕਾਰ ਵਰਤ ਕੇ ਅਧਿਆਤਮਕ ਸੁਰ ਵਿਚ ਮਨੁੱਖ ਨੂੰ ਪਰਮਾਤਮਾ ਵੱਲ ਪਰਦਾ ਕਰਨ ਤੋਂ ਵਰਜਦੇ ਹਨ ਪਰ ਸਮਾਜਿਕ ਸੰਧਰਭ ਵਿਚ ਇਹ ਇਸਤਰੀ ਨੂੰ ਪਰਦੇ ਵਰਗੀ ਰਸਮ ਤੋਂ ਵਰਜਣਾ ਵੀ ਹੈ। ਕਬੀਰ ਜੀ ਆਪਣੀ ਨੂੰਹ (ਕਮਾਲ ਦੀ ਦੂਜੀ ਵਹੁਟੀ) ਨੂੰ ਪਰਦਾ ਕਰਨ ਤੋਂ ਵਰਜਦੇ ਹਨ ਕਿ ਠਹਿਰੋ ਬਹੂ, ਘੁੰਡ ਨਾ ਕੱਢੋ ਕਿਉਂਕਿ ਅੰਤ ਵੇਲੇ ਇਸਦਾ ਕੋਈ ਲਾਭ ਨਹੀਂ ਹੋਣਾ। ਤੇਰੀ ਪਹਿਲੀ ਸੌਕਣ ਘੁੰਡ ਕੱਢਦੀ ਮਰ ਗਈ, ਤੂੰ ਉਸ ਦੀ ਰੀਸ ਨਾ ਕਰ। ਘੁੰਡ ਕੱਢਣ ਦੀ ਵੱਧ ਤੋਂ ਵੱਧ ਇਹੀ ਵਡਿਆਈ ਹੈ ਕਿ ਚਾਰ ਦਿਨ ਲੋਕ ਇਹ ਕਹਿ ਲੈਣਗੇ ਕਿ ਬਹੂ ਚੰਗੀ ਆਈ ਹੈ। ਘੁੰਡ ਤਾਂ ਇਹ ਹੈ ਕਿ ਪਰਮਾਤਮਾ ਨੂੰ ਯਾਦ ਕਰਦਿਆਂ ਨੱਚ ਅਤੇ ਕੁੱਦ। ਤੇਰਾ ਜੀਵਨ ਤਾਂ ਸਫਲ ਹੈ ਜੇ ਇਹ ਪਰਮਾਤਮਾ ਨੂੰ ਯਾਦ ਕਰਦਿਆਂ ਬਤੀਤ ਹੋਵੇ।

ਰਹੁ ਰਹੁ ਰੀ ਬਹੁਰੀਆ
ਘੂੰਘਟੁ ਜਿਨਿ ਕਾਢੈ॥
ਅੰਤ ਕੀ ਬਾਰ ਲਹੈਗੀ
ਨ ਆਢੈ॥੧॥ਰਹਾਉ॥ (ਪੰਨਾ ੪੮੪)

ਭਗਤਾਂ ਦੀ ਬਾਣੀ ਵਿਚ ਸਮਾਜਿਕ ਚੇਤਨਾ ਦੀ ਘਾਟ ਨਹੀਂ ਹੈ ਪਰ ਇਸ ਦੇ ਬਾਵਜੂਦ ਉਹ ਇੱਕ ਪੰਥ ਨਹੀਂ ਬਣ ਸਕੇ, ਵਿਅਕਤੀ ਹੀ ਬਣ ਸਕੇ ਹਨ। ਉਨ੍ਹਾਂ ਦੀ ਬਾਣੀ ਦਾ ਸਹੀ ਪ੍ਰਕਾਸ਼ਨ ਗੁਰੂ ਗ੍ਰੰਥ ਸਾਹਿਬ ਵਿਚ ਹੀ ਹੋਇਆ, ਇਸ ਤੋਂ ਪਹਿਲਾਂ ਹੋ ਨਹੀਂ ਸਕਿਆ। ਭਗਤਾਂ ਦੇ ਯਤਨ ਇਕਲਾਂਕਤ ਹਨ ਜਿਨ੍ਹਾਂ ਨੂੰ ਗੁਰੂ ਸਾਹਿਬ ਨੇ ਸਾਂਭਿਆ ਅਤੇ ਆਪਣੇ ਅੰਗ ਲਾਇਆ। ਭਗਤਾਂ ਦੀ ਬਾਣੀ ਨੇ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਹੋ ਕੇ ਸ਼ਬਦ ਗੁਰੂ ਦਾ ਰੂਪ ਧਾਰਨ ਕੀਤਾ ਜਿਵੇਂ ਛੋਟੀਆਂ ਛੋਟੀਆਂ ਨਦੀਆਂ ਸਾਗਰ ਵਿਚ ਮਿਲ ਕੇ ਸਾਗਰ ਦਾ ਰੂਪ ਧਾਰਨ ਕਰ ਲੈਂਦੀਆਂ ਹਨ। ਇਹ ਭਗਤੀ ਲਹਿਰ ਦੀ ਧਰਤੀ ਤੇ ਉਗੇ ਹੋਏ ਫੁੱਲ ਹਨ ਜਿਨ੍ਹਾਂ ਨੂੰ ਬਾਗ ਦਾ ਰੂਪ ਗੁਰੂ ਨਾਨਕ ਨੇ ਬਖ਼ਸ਼ਿਆ।

#

## ਸਿਆਣਿਆਂ ਦਾ ਕਿਹਾ

(1) ਹਰ ਸਿੱਖ ਮਾਂ ਦਾ ਗੁਰਮਤਿ ਦੀ ਪਾਬੰਦ ਹੋਣਾ ਲਾਜ਼ਮੀ ਹੈ।

(2) ਦੂਸਰਿਆਂ ਲਈ ਲੜਨ ਵਾਲਾ ਸਿੱਖ, ਅੱਜ ਆਪਣੇ ਲਈ ਲੜਨ 'ਚ ਕਿਉਂ ਫੇਲ੍ਹ ਹੈ?

(3) ਸਿੱਖ ਧਰਮ ਦੇ ਖਿਲਾਫ ਬਿਪਰਵਾਦੀ ਨਾਗ ਦਾ ਫਨ ਤਾਂ ਉਸੇ ਦਿਨ ਹੀ ਖਿਲਰਨਾ ਸ਼ੁਰੂ ਹੋ ਗਿਆ ਸੀ ਜਿਸ ਦਿਨ ਗੁਰੂ ਨਾਨਕ ਸਾਹਿਬ ਨੇ ਸਿੱਖੀ ਦਾ ਸਿਧਾਂਤ, ਇਸ ਦੁਨੀਆਂ ਸਾਹਮਣੇ ਪ੍ਰਗਟ ਕੀਤਾ।

(4) ਖਾਕੀ ਨਿੱਕਰ, ਭਗਵੇ ਚੋਲੇ ਅਤੇ ਗਾਂਧੀਵਾਦੀ ਟੋਪੀ ਪਹਿਨ ਕੇ ਤਾਂ ਕੋਈ ਵੀ ਦੇਸ਼ ਭਗਤ ਬਣ ਕੇ ਬੈਠ ਸਕਦਾ ਹੈ, ਪਰ ਗੁਲਾਮੀ ਦੀਆਂ ਜ਼ੰਜੀਰਾਂ ਕਟਣ ਲਈ ਰਣ-ਤੱਤੇ ਵਿਚ ਜੂਝਣ ਵਾਲੀਆਂ ਕੌਮਾਂ ਦਿਖਾਵੇ ਦੀ ਥਾਂ ਆਪਣੇ ਸਰੀਰ ਰੂਪੀ ਠੀਕਰੇ ਨੂੰ ਭੰਨਣਾ ਬਿਹਤਰ ਸਮਝਦੀਆਂ ਹਨ।

(5) ਦੇਸ ਪ੍ਰਦੇਸ ਵਿਚ ਵਸਦੇ ਸਿੱਖੋ, ਜ਼ਿਲਤ ਅਤੇ ਗੁਲਾਮੀ ਦੀ ਜ਼ਿੰਦਗੀ ਨਾਲੋਂ ਮਰਨਾ ਬਿਹਤਰ ਹੈ।

(6) ਸਿੱਖ ਧਰਮ ਨੂੰ ਹਿੰਦੂਵਾਦੀ ਵਿਚਾਰਧਾਰਾ ਤੋਂ ਬਹੁਤ ਖਤਰਾ ਹੈ, ਇਸ ਲਈ ਇਸ ਨੂੰ ਆਪਣੇ ਬਚਾਅ ਲਈ ਹੰਭਲਾ ਮਾਰਨਾ ਚਾਹੀਦਾ ਹੈ।

(7) ਸਿੱਖੀ ਦੀ ਪਛਾਣ ਗੁਣਾਤਮਕ ਪੱਖ ਵਿਚ ਹੈ, ਨਾ ਕਿ ਗਿਣਾਤਮਕ ਪ੍ਰਗਟਾਵੇ ਵਿਚ।

(8) ਆਰ ਐਸ ਐਸ ਦੇ ਵਿਚਾਰਧਾਰਕ ਹੱਲਿਆਂ ਤੋਂ ਡਰਨ ਦੀ ਥਾਂ ਸੁਚੇਤ ਅਤੇ ਹੁਸ਼ਿਆਰ ਹੋਣ ਦੀ ਜ਼ਰੂਰਤ ਹੈ ਅਤੇ ਲਗਾਤਾਰ ਗੁਰਮਤਿ ਸਿਧਾਂਤਾਂ ਅਨੁਸਾਰ ਸਿੱਖੀ ਹੋਂਦ ਦਾ ਪ੍ਰਗਟਾਵਾ ਲੋਕ ਹਿਤਾਂ ਲਈ ਕਰਨ ਦੀ ਲੋੜ ਹੈ।

(9) ਆਰੀਅਨ ਸਿਧਾਂਤ ਹੈ, ਪਹਿਲੇ ਸ਼ਾਸ਼ਤਰ ਸੇ ਮਾਰੋ, ਅਗਰ ਬਚ ਜਾਏ ਤੋ ਸ਼ਸਤਰ ਸੇ ਮਾਰੋ। ਆਰ ਐਸ ਐਸ ਇਹੀ ਸਿਧਾਂਤ ਸਿੱਖਾਂ, ਮੁਸਲਮਾਨਾਂ ਅਤੇ ਈਸਾਈਆਂ 'ਤੇ ਅਪਨਾ ਰਹੀ ਹੈ।

(10) ਧਨ-ਦੌਲਤ, ਕੋਠੀਆਂ ਕਾਰਾਂ, ਬੰਗਲੇ, ਝੰਡੀ ਵਾਲੀਆਂ ਕਾਰਾਂ ਲੈ ਲੈਣੀਆਂ ਸਿੱਖ ਧਰਮ ਦਾ ਨਿਸ਼ਾਨਾ ਨਹੀਂ। ਜੇ ਇਹ ਨਿਸ਼ਾਨਾ ਹੁੰਦਾ ਤਾਂ ਫਿਰ ਦਸ਼ਮੇਸ਼ ਪਿਤਾ ਮਖਮਲ ਦੇ ਗੱਦੇ ਰੇਸ਼ਮੀ ਕਨਾਤਾਂ ਛੱਡ ਕੇ ਮਾਛੀਵਾੜੇ ਦੇ ਜੰਗਲਾਂ ਵਿਚ ਕੰਡਿਆਂ 'ਤੇ ਨਾ ਸੌਂਦੇ।

(11) ਸਰੀਰਕ ਸੁਖ, ਸਿੱਖ ਇਤਿਹਾਸ ਨੇ ਆਰਿਆਂ, ਚਰਖੜੀਆਂ ਰਾਹੀਂ ਤਿਆਗ ਦਿੱਤਾ ਹੈ।

(12) ਸਾਰੇ ਧਰਮਾਂ ਦਾ ਸਤਿਕਾਰ ਖਾਲਸਾ ਹੀ ਰੱਖ ਸਕਦਾ ਹੈ।

(13) ਆਪਣੇ ਨਾਮ ਨਾਲ ਖਾਲਸਾ ਲਾ ਲੈਣਾ। ਪੰਥ ਪੰਥ ਮੁਖੋਂ ਕਹਿਣਾ, ਅੰਦਰ ਕਪਟ ਰਹਿਣਾ, ਇਹੀ ਸਾਜ਼ਿਸ਼ ਸਿੱਖ ਕੌਮ ਦਾ ਬੇੜਾ ਗਰਕ ਕਰ ਰਹੀ ਹੈ।

(14) ਭਾਰਤ ਦੀ ਆਜ਼ਾਦੀ ਨਾਲ ਲੋਕਾਂ ਅੰਦਰ ਜੋ ਉਤਸ਼ਾਹ ਤੇ ਉਮੀਦਾਂ ਜਾਗੀਆਂ ਸਨ ਉਹ ਹੌਲੀ ਹੌਲੀ ਦਮੋਂ ਨਿਕਲ ਗਈਆਂ।

(15) ਕੋਈ ਵੀ ਵੱਡੀ ਲਹਿਰ ਪੈਦਾ ਨਹੀਂ ਹੋ ਸਕਦੀ ਜੇ ਸਮਾਜ ਦੇ ਕਿਸੇ ਵਰਗ ਨੂੰ ਉਸ ਨਾਲ ਹੋ ਰਹੀ ਕਿਸੇ ਵਧੀਕੀ ਜਾਂ ਬੇਇਨਸਾਫੀ ਦਾ ਅਹਿਸਾਸ ਨਾ ਹੋਵੇ।

(16) ਸੰਤ ਜਰਨੈਲ ਸਿੰਘ ਅਤੇ ਦੂਸਰੇ ਖਾੜਕੂ ਸਿੰਘ ਹਿੰਦੂ ਹਾਕਮਾਂ ਦੀਆਂ ਧੱਕੇਸ਼ਾਹੀਆਂ ਤੇ ਬੇਈਮਾਨੀਆਂ ਵਿਰੱਧ ਸਿੱਖੀ ਦੇ ਖਰੇ ਜਜ਼ਬੇ ਤੋਂ ਪ੍ਰੇਰਿਤ ਹੋ ਕੇ ਸੰਘਰਸ਼ ਦੇ ਰਾਹ ਪਏ।

(17) ਇਤਿਹਾਸ ਕਦੇ ਵੀ ਸਿੱਧ-ਪੱਧਰੀਆਂ ਘਟਨਾਵਾਂ ਦੇ ਸਿਰ 'ਤੇ ਨਹੀਂ ਉਸਰਦੇ, ਇਸ ਨੂੰ ਧਰਮੀ, ਸੂਰਬੀਰ, ਤਿਆਗੀ, ਤੇਜੱਸਵੀ, ਅਣਖੀਲੇ, ਬਹਾਦਰ, ਸੂਰਮੇ, ਖਤਰਿਆਂ ਨਾਲ ਖੇਡ ਕੇ, ਮੌਤ ਨੂੰ ਲਾੜੀ ਸਮਝ ਵਰਨ/ਵਿਆਹੁਣ ਵਾਲੇ, ਜ਼ਾਲਮ ਹਕੂਮਤ ਨਾਲ ਮੱਥਾ ਲਾ ਕੇ, ਆਪਣੀ ਕੌਮ ਵਿਰੋਧੀ ਹਾਕਮਾਂ ਨੂੰ ਲੋਹੇ ਦੇ ਚਨੇ ਚਬਾ ਕੇ ਸਿਰਜਦੇ ਹਨ।

(18) ਇਤਿਹਾਸ, ਕੌਮ ਦੇ ਬਜ਼ੁਰਗਾਂ, ਬਹਾਦਰਾਂ ਦੀਆਂ ਮੁਸੀਬਤਾਂ-ਦੁੱਖਾਂ, ਬਹਾਦਰੀ ਭਰੀਆਂ ਘਾਲਨਾਵਾਂ ਦਾ ਆਪਣੇ ਧਰਮ, ਕੌਮੀ, ਸੱਭਿਆਚਾਰ ਪ੍ਰਤੀ ਨਿਭਾਈਆਂ ਵਫਾਦਾਰੀਆਂ ਦਾ ਲੇਖਾ-ਜੋਖਾ ਹੁੰਦਾ ਹੈ।

(19) ਜਿਊਂਦੀਆਂ ਕੌਮਾਂ ਆਪਣੇ ਇਤਿਹਾਸ ਤੋਂ ਪ੍ਰੇਰਣਾ ਲੈ ਕੇ ਵਰਤਮਾਨ ਸੰਵਾਰਦੀਆਂ ਹਨ ਤੇ ਭਵਿੱਖ ਸਿਰਜਦੀਆਂ ਹਨ।

***ਪੇਸ਼ਕਾਰ-ਪਰਮਜੀਤ ਸਿੰਘ ਦਾਖਾ***

ISBN # 978-0-9781624-9-8

# ਨਵੰਬਰ '84 ਵਰਗੇ ਕਹਿਰਾਂ ਦੇ ਜਰਾਸੀਮ

**ਵਿਚਾਰ-ਚਰਚਾ**

**ਅਭੈ ਸਿੰਘ**

ਸ. ਅਜਮੇਰ ਸਿੰਘ ਦੀ ਤੀਸਰੀ ਕਿਤਾਬ ਬਾਰੇ ਮੈਂ ਪਿਛਲੇ ਲੇਖ ਵਿਚ ਆਪਰੇਸ਼ਨ ਨੀਲਾ ਤਾਰਾ ਮੁਤੱਲਕ ਲਿਖਿਆ ਸੀ ਤੇ ਵਾਅਦਾ ਕੀਤਾ ਸੀ ਕਿ ਅਗਲੇ ਲੇਖ ਵਿਚ ਨਵੰਬਰ 84 ਵਿਚ ਵਾਪਰੇ ਦਿੱਲੀ ਤੇ ਹੋਰ ਸ਼ਹਿਰਾਂ ਵਿਚ ਸਿੱਖ ਕਤਲੇਆਮ ਬਾਰੇ ਲਿਖਾਂਗਾ। ਹੁਣ ਉਹੀ ਵਾਅਦਾ ਪੂਰਾ ਕਰ ਰਿਹਾ ਹਾਂ। ਇਸ ਨੂੰ 'ਨਵੰਬਰ ਚਰਾਸੀ ਵਰਗੇ' ਇਸ ਕਰਕੇ ਲਿਖਿਆ ਹੈ ਕਿ ਜੇ ਅਸੀ ਸ. ਅਜਮੇਰ ਸਿੰਘ ਵੱਲੋ ਦਿੱਤੀ ਐਲੀ ਵੀਜ਼ਲ ਦੀ ਟੂਕ ਮੁਤਾਬਕ ਅਤੀਤ ਨੂੰ ਇਸ ਤਰ੍ਹਾਂ ਚਿਤਾਰਨਾ ਹੈ ਕਿ ਉਹ ਮੁੜ ਤੋਂ ਨਾ ਦੁਹਰਾਇਆ ਜਾਏ ਤਾਂ ਸਾਨੂੰ 84 ਵਰਗੇ ਸਾਰੇ ਦੁਖਾਂਤ ਇਕਸਾਰ ਵਿਚਾਰਨੇ ਪੈਣੇ ਹਨ। ਅਜਮੇਰ ਸਿੰਘ ਖੁਦ ਕਹਿ ਰਹੇ ਹਨ ਕਿ ਦੁਨੀਆਂ ਵਿਚ ਨਵੰਬਰ 84 ਦੇ ਕਈ ਸੰਸਕਰਣ ਹਨ। ਉਨ੍ਹਾਂ ਨੇ ਸੰਸਾਰ ਦੀ ਉਦਾਹਰਣ ਦਿੱਤੀ ਹੈ। ਠੀਕ ਉਦਾਹਰਣ ਹੈ ਪਰ ਮੈਂ ਸੌਖਿਆਂ ਸਮਝ ਸਕਣ ਖਾਤਰ ਆਪਣੇ ਹੀ ਮੁਲਕ ਜਾਂ ਇਸ ਉਪ ਮਹਾਂਦੀਪ ਦੀ ਮਿਸਾਲ ਦੇਵਾਂਗਾ। ਸਾਡੀ ਆਪਣੀ ਇਸ ਧਰਤੀ ਉਤੇ ਨਵੰਬਰ ਚੁਰਾਸੀ ਦਾ ਦੁਖਾਂਤ ਨਾ ਪਹਿਲਾ ਹੈ ਤੇ ਨਾ ਆਖਰੀ।

ਨਵੰਬਰ 84 ਦੇ ਇਸ ਮਸਲੇ ਨੂੰ ਬਹੁਤ ਛੋਟਾ ਤੇ ਸੌਖਾ ਕਰਕੇ ਸਮਝਣਾ ਹੋਵੇ ਤਾਂ ਇਕ ਪੈਰੇ ਵਿਚ ਪੇਸ਼ ਕੀਤਾ ਜਾ ਸਕਦਾ ਹੈ। ਇਹ ਠੀਕ ਹੈ ਕਿ 31 ਅਕਤੂਬਰ ਨੂੰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਕਤਲ ਦੋ ਸਿੱਖ ਬਾਡੀਗਾਰਡਾਂ ਨੇ ਕੀਤਾ। ਮੰਨਿਆ ਕਿ ਉਹ ਬਹੁਤ ਹਰਮਨ ਪਿਆਰੀ ਸੀ ਤੇ ਖ਼ਾਸ ਕਰਕੇ ਗਰੀਬ ਵਰਗ ਤੇ ਦਲਿਤ ਉਸ ਨੂੰ ਆਪਣਾ ਮਸੀਹਾ ਸਮਝਦੇ ਸਨ। ਮੰਨਿਆ ਕਿ ਉਨ੍ਹਾਂ ਨੂੰ ਅਕਹਿ ਸਦਮਾ ਪਹੁੰਚਿਆ, ਅੱਖਾਂ ਅੱਗੇ ਹਨੇਰਾ ਛਾ ਗਿਆ, ਕੁਝ ਖਾਣਾ ਪੀਣਾ ਨਹੀਂ ਸੁੱਝਿਆ ਤੇ ਪ੍ਰਚੰਡ ਗੁੱਸੇ ਦੀ ਲਹਿਰ ਦੌੜ ਗਈ। ਇਹ ਵੀ ਸਮਝਿਆ ਕਿ ਪ੍ਰਚੰਡ ਗੁੱਸਾ ਪਾਗਲਪਨ ਦੀ ਹੱਦ ਤੱਕ ਪਹੁੰਚ ਜਾਂਦਾ ਹੈ ਤੇ ਮਾਰਨ ਕੁੱਟਣ ਜਾਂ ਕਤਲ ਕਰਨ 'ਤੇ ਉਤਾਰੂ ਹੋ ਜਾਂਦਾ ਹੈ। ਮੇਰਾ ਸਵਾਲ ਤੇ ਸਾਡੇ ਸਭ ਦਾ ਸਵਾਲ ਇਕੋ ਹੈ ਕਿ ਜੇ ਗੁੱਸਾ ਪਾਗਲਪਨ ਦੀ ਹੱਦ ਤੱਕ ਪ੍ਰਚੰਡ ਸੀ ਤਾਂ ਗੁੱਸੇ ਵਿਚ ਉਬਲਦੀਆਂ ਭੀੜਾਂ ਪ੍ਰਧਾਨ ਮੰਤਰੀ ਨਿਵਾਸ ਦੀ ਤਰਫ਼ ਬਾਡੀਗਾਰਡਾਂ ਵੱਲ ਕਿਉਂ ਨਹੀਂ ਦੌੜੀਆਂ। ਜਾਂ ਜਿਸ ਹਸਪਤਾਲ ਵਿਚ ਸਤਵੰਤ ਸਿੰਘ ਦਾ ਇਲਾਜ ਚੱਲ ਰਿਹਾ ਸੀ, ਓਧਰ ਕਿਉਂ ਨਹੀਂ ਦੌੜੀਆਂ। ਇਹ ਗੁੱਸਾ ਆਪਣੇ ਹੀ ਸ਼ਹਿਰ ਦੇ ਵਾਸੀਆਂ, ਨਾਲ ਕੰਮ ਕਰਨ ਵਾਲੇ ਸਾਥੀਆਂ ਅਤੇ ਅਣਜਾਣ ਰਾਹ ਗੁਜ਼ਰੂਆਂ ਨੂੰ ਜਿਊਂਦਿਆਂ ਅੱਗ ਵਿਚ ਸੁੱਟ ਕੇ ਕਿਉਂ ਕੱਢਿਆ ਗਿਆ? ਫਿਰ ਜਦੋਂ ਗੁੱਸੇ ਵਿਚ ਕੁਝ ਖਾਣਾ ਪੀਣਾ ਨਹੀਂ ਸੁੱਝਦਾ ਤਾਂ ਬਲਾਤਕਾਰ ਕਿਵੇਂ ਹੋ ਜਾਂਦਾ ਹੈ?

ਇਹ ਵੀ ਮੰਨਿਆ ਕਿ ਕਈ ਜਗ੍ਹਾ ਇੰਦਰਾ ਗਾਂਧੀ ਦੇ ਮਾਰੇ ਜਾਣ ਦੀ ਖ਼ਬਰ ਤੋਂ ਬਾਅਦ ਲੱਡੂ ਵੰਡੇ ਗਏ ਤੇ ਖ਼ੁਸ਼ੀਆਂ ਦਾ ਇਜ਼ਹਾਰ ਕੀਤਾ। ਇਨਸਾਨ ਦੀ ਮੌਤ ਉਪਰ ਖ਼ੁਸ਼ੀ ਦਾ ਪ੍ਰਗਟਾਵਾ ਗੈਰ ਇਨਸਾਨੀ ਵਰਤਾਰਾ ਹੈ ਪਰ ਆਪਾਂ ਸਭ ਜਾਣਦੇ ਹਾਂ ਕਿ ਅਜੇ ਇਨਸਾਨ ਨੂੰ ਇਨਸਾਨ ਬਣਨ ਵਿਚ ਵਕਤ ਲੱਗੇਗਾ। ਇਥੇ ਸਵਾਲ ਇਹ ਹੈ ਕਿ ਕੀ ਲੱਡੂ ਵੰਡਣ ਦੀ ਸਜ਼ਾ ਮੌਤ ਹੈ ਜਾਂ ਪਰਿਵਾਰ ਦੇ ਜੀਆਂ ਦਾ ਬਲਾਤਕਾਰ। ਫਿਰ ਖ਼ਬਰ ਮਿਲਦੀ ਹੈ ਕਿ 10 ਕਿਲੋਮੀਟਰ ਦੂਰ ਕਿਸੇ ਨੇ ਲੱਡੂ ਵੰਡੇ ਤੇ ਤੁਸੀਂ ਬੱਸ ਅੱਡੇ ਤੇ ਖਲੋਤੀ ਦੂਰ ਦੀ ਸਵਾਰੀ ਦੇ ਗਲ ਸੜਦਾ ਟਾਇਰ ਪਾ ਦਿੰਦੇ ਹੋ। ਸਾਡੇ ਮਸਲੇ ਦਾ ਹੱਲ ਇਸੇ ਸਵਾਲ ਵਿਚ ਹੈ ਕਿ ਕਿਸੇ ਹੋਰ ਦੇ ਕੁਕਰਮ ਦੀ ਸਜ਼ਾ ਕਿਸੇ ਹੋਰ ਨੂੰ ਕਿਉਂ? ਕੀ ਇਹ ਸਿਰਫ਼ ਇਸ ਕਰਕੇ ਕਿ ਇਨ੍ਹਾਂ ਬੰਦਿਆਂ ਦਾ ਧਰਮ ਕੁਕਰਮੀਆਂ ਵਰਗਾ ਹੈ ਤੇ ਜਾਂ ਸ਼ਕਲ ਤੋਂ ਓਹੋ ਜਿਹੇ ਲੱਗਦੇ ਹਨ?

ਇਹ ਵਰਤਾਰਾ ਇਸ ਕਰਕੇ ਭਿਅੰਕਰ ਹੈ ਕਿ ਨਵੰਬਰ 84 ਤੋਂ ਪਹਿਲਾਂ ਵੀ ਇਸੇ ਨੇ ਕਹਿਰ ਵਰਸਾਏ ਤੇ ਬਾਅਦ ਵਿਚ ਵੀ। ਜਦੋਂ 1947 ਵਿਚ ਪੱਛਮ ਵੱਲੋਂ ਲਾਸ਼ਾਂ ਦੀ ਭਰੀ ਗੱਡੀ ਪੂਰਬ ਵੱਲ ਆਈ ਤਾਂ ਏਧਰੋਂ ਗੁੱਸੇ ਵਿਚ ਅੰਨੇ ਹੋਏ ਲੋਕ ਪਾਪੀਆਂ ਨੂੰ ਸਜ਼ਾ ਦੇਣ ਦੀ ਖ਼ਾਤਰ ਪੱਛਮ ਵੱਲ ਨਹੀਂ ਦੌੜੇ ਬਲਕਿ ਏਧਰੋਂ ਆਪਣੇ ਹੀ ਪਿੰਡਾਂ ਦੇ ਲੋਕਾਂ ਨੂੰ ਵੱਢ ਕੇ ਇਕ ਗੱਡੀ ਏਧਰੋਂ ਭੇਜ ਦਿੱਤੀ। ਜਦੋਂ ਬਾਬਰੀ ਮਸਜਿਦ ਗਿਰਾਈ ਗਈ, ਉਸ ਦਾ ਗੁੱਸਾ ਵੀ ਪ੍ਰਚੰਡ ਸੀ, ਆਖ਼ਿਰ ਮਸਜਿਦ ਨੂੰ ਰੱਬ ਦਾ ਘਰ ਸਮਝਿਆ ਜਾਂਦਾ ਹੈ। ਇਸ ਗੁੱਸੇ ਵਿਚ ਅੰਨੇ ਹੋਏ ਲੋਕ ਸਾਡੇ ਮੁਲਕ ਦੇ, ਪਾਕਿਸਤਾਨ ਦੇ ਤੇ ਬੰਗਲਾ ਦੇਸ਼ ਦੇ ਵੀ, ਅਯੁਧਿਆ ਵੱਲ ਨਹੀਂ ਦੌੜੇ ਪਾਪੀਆਂ ਦਾ ਖੁਰਾ ਖੋਜ ਮਕਾਉਣ ਵਾਸਤੇ ਬਲਕਿ ਆਪਣੇ ਹੀ ਸ਼ਹਿਰ ਦੇ ਮੰਦਰ ਫੂਕੇ, ਬੰਦੇ ਮਾਰੇ ਤੇ ਉਨ੍ਹਾਂ ਕੁੜੀਆਂ ਦੇ ਰੇਪ ਕੀਤੇ ਜਿਨ੍ਹਾਂ ਨੂੰ ਪਤਾ ਹੀ ਨਹੀਂ ਸੀ ਕਿ ਅਯੁਧਿਆ ਕਿਥੇ ਹੈ ਤੇ ਬਾਬਰੀ ਮਸਜਿਦ ਕਿਹੜੀ ਹੈ? ਇਹੀ ਗੱਲ ਗੋਧਰਾ ਵਿਚ ਹੋਈ ਤੇ ਇਹੀ ਉਸ ਤੋਂ ਬਾਅਦ ਗੁਜਰਾਤ ਦੇ ਕਈ ਸ਼ਹਿਰਾਂ ਵਿਚ।

ਗੁਜਰਾਤ ਦੀਆਂ ਭੀੜਾਂ ਕੋਲ ਇਕੋ ਨਾਹਰਾ ਸੀ ਕਿ ਗੋਧਰਾ ਵਿਚ ਕਾਰ ਸੇਵਕ 'ਮੁਸਲਮਾਨਾਂ' ਨੇ ਜਿੰਦਾ ਸਾੜ ਦਿੱਤੇ। ਬੇਸ਼ੱਕ ਇਹ ਕਾਰਾ ਕਰਨ ਵਾਲੇ ਗਿਣਤੀ ਦੇ ਮੁਸਲਮਾਨ ਸਨ ਪਰ ਪੂਰੇ ਵਰਗ ਨੂੰ ਨਿਸ਼ਾਨਾ ਬਣਾਇਆ ਗਿਆ ਜਦੋਂਕਿ ਮੁਸਲਮਾਨਾਂ ਦੀ ਵੱਡੀ ਗਿਣਤੀ ਗੋਧਰਾ ਕੇਸ ਕਰਨ ਵਾਲਿਆਂ ਨੂੰ ਲਾਹਨਤਾਂ ਪਾਉਣ ਵਾਲਿਆਂ ਵਿਚ ਸੀ। ਬਾਬਰੀ ਮਸਜਿਦ ਵੇਲੇ ਵੀ ਇਹੀ ਰੌਲਾ ਕਿ 'ਹਿੰਦੂਆਂ ਨੇ ਢਾਹ ਦਿੱਤੀ' ਜਦੋਂ ਕਿ ਸਭ ਜਾਣਦੇ ਹਾਂ ਕਿ ਚੰਦ ਲੋਕਾਂ ਦੀ ਇਸ ਕਰਤੂਤ ਉਪਰ ਥੂ ਥੂ ਕਰਨ ਵਾਲੇ ਮੁੱਖ ਤੌਰ 'ਤੇ ਹਿੰਦੂ ਹੀ ਸਨ ਪਰ ਢਾਕੇ ਦੀਆਂ ਗਲੀਆਂ ਵਿਚ ਰਿਕਸ਼ਾ ਚਲਾ ਕੇ ਰੋਟੀ ਕਮਾਉਣ ਵਾਲੇ ਹਿੰਦੂ ਦਾ ਕਤਲ ਕਰ ਦਿੱਤਾ ਕਿ ਉਸ ਦੇ 'ਭਰਾਵਾਂ' ਨੇ ਬਾਬਰੀ ਮਸਜਿਦ ਢਾਹ ਦਿੱਤੀ। ਇਸੇ ਤਰ੍ਹਾਂ ਦਿੱਲੀ ਵਿਚ ਇਹੀ ਜਾਲਮ ਨਾਹਰਾ ਗੂੰਜਿਆ, 'ਇੰਦਰਾ ਗਾਂਧੀ ਮਾਰ ਦਿੱਤੀ, ਸਿੱਖਾਂ ਨੇ ਮਾਰ ਦਿੱਤੀ' ਹਾਲਾਂਕਿ ਇਸ ਮੌਤ ਉਪਰ ਜਿਨ੍ਹਾਂ ਲੋਕਾਂ ਨੂੰ ਰੋਟੀ ਨਹੀਂ ਚੰਗੀ ਲੱਗੀ, ਉਨ੍ਹਾਂ ਵਿਚ ਸਿੱਖ ਵੀ ਸਨ ਤੇ ਦਿੱਲੀ ਵਿਚ ਪਹਿਲੇ ਹੱਲੇ ਦੇ ਸ਼ਿਕਾਰ ਉਹ ਸਿੱਖ ਹੋਏ ਜੋ ਇੰਦਰਾ ਗਾਂਧੀ ਦੇ ਗ਼ਮ ਵਿਚ ਹੀ ਘਰਾਂ ਵਿਚੋਂ ਬਾਹਰ ਨਿਕਲੇ ਸਨ।

ਇੰਦਰਾ ਗਾਂਧੀ ਦਾ ਕਤਲ ਇਕ ਮੰਦਭਾਗੀ ਘਟਨਾ ਸੀ। ਕਈ ਲੋਕ ਇਸ ਬਾਰੇ ਅਮਰੀਕਾ ਜਾਂ ਨਾਰਵੇ ਵਿਚ ਘੜੀਆਂ ਸਾਜਿਸ਼ਾਂ ਦੱਸਦੇ ਹਨ ਪਰ ਮੇਰਾ ਮੰਨਣਾ ਹੈ ਕਿ ਇਹ ਸਚਮੁੱਚ ਹੀ ਬੇਅੰਤ ਸਿੰਘ ਤੇ ਸਤਵੰਤ ਸਿੰਘ ਦੇ ਮਨਾਂ ਵਿਚ ਸਾਕਾ ਨੀਲਾ ਤਾਰਾ ਦੀ ਤਬਾਹੀ ਤੋਂ ਉਪਜੇ ਪ੍ਰਚੰਡ ਗੁੱਸੇ ਦਾ ਨਤੀਜਾ ਸੀ। ਉਨ੍ਹਾਂ ਜੋ ਕੀਤਾ ਆਪਣੀ ਮੌਤ ਨੂੰ ਪੱਕਾ ਸਮਝ ਕੇ ਕੀਤਾ। ਅਸੀਂ ਚੰਗੀ ਤਰ੍ਹਾਂ ਸਮਝਦੇ ਹਾਂ ਕਿ ਘੋਰ ਗੁੱਸਾ ਪਾਗਲਪਨ ਦੀ ਹੱਦ ਤੱਕ ਪਹੁੰਚ ਜਾਂਦਾ ਹੈ ਤੇ ਕੁਝ ਨਹੀਂ ਸੁੱਝਣ ਦਿੰਦਾ ਭਾਵੇਂ ਕਿ ਇੰਦਰਾ ਗਾਂਧੀ ਦਾ ਇਨ੍ਹਾਂ ਉਪਰ ਜਾਤੀ ਤੌਰ 'ਤੇ ਹੀ ਪੂਰਾ ਭਰੋਸਾ ਸੀ। ਮੈਂ ਇਸ ਮਾਮਲੇ ਬਾਰੇ ਹਰਬੀਰ ਸਿੰਘ ਭੰਵਰ ਨੂੰ ਚਿੱਠੀ ਲਿਖੀ ਕਿ 84 ਵਿਚ ਵਾਪਰੇ ਦੋ ਤੀਬਰ ਗੁੱਸਿਆਂ ਦੇ ਪ੍ਰਚੰਡਪੁਣੇ ਦੀ ਮਿਣਤੀ ਅਜੇ ਤੱਕ ਨਹੀਂ ਹੋ ਸਕੀ, ਇਕ ਅਕਾਲ ਤਖ਼ਤ ਦੀ ਟੈਂਕਾਂ ਨਾਲ ਤਬਾਹੀ ਤੇ ਦੂਜਾ ਇੰਦਰਾ ਗਾਂਧੀ ਦੇ ਕਤਲ ਦੀ। ਇਹ ਦੋਵੇਂ ਗੁੱਸੇ ਭਿਅੰਕਰ ਸੀਮਾ ਤੱਕ ਪ੍ਰਚੰਡ ਸਨ। ਇਸ ਹਾਲਤ ਵਿਚ ਇੰਦਰਾ ਗਾਂਧੀ ਦਾ ਕਤਲ ਇਕ ਦਰਦਨਾਕ ਹਾਦਸਾ ਹੋ ਗੁਜ਼ਰਿਆ ਹੈ।

ਇਸ ਮਾਮਲੇ ਵਿਚ ਸ. ਅਜਮੇਰ ਸਿੰਘ ਦੀ ਕਿਤਾਬ ਵਿਚੋਂ ਮੈਨੂੰ ਛੋਟਾ ਜਿਹਾ ਸਕੂਨ ਮਿਲਿਆ ਹੈ ਕਿ ਉਨ੍ਹਾਂ ਇਹ ਨਹੀਂ ਲਿਖਿਆ ਕਿ 'ਇੰਦਰਾ ਗਾਂਧੀ ਸਿੱਖਾਂ ਨੇ ਮਾਰ ਦਿੱਤੀ।' ਸਾਡੇ ਕੁਝ ਲੇਖਕ ਜਿਹੜੇ ਨਵੰਬਰ ਦੇ ਕਤਲਾਂ ਦਾ ਤਿੱਖਾ ਵਿਰੋਧ ਕਰਦੇ ਹਨ, ਉਨ੍ਹਾਂ ਇਹ ਸ਼ਬਦਾਵਲੀ ਵਰਤੀ। ਇਕ ਰੋਜ਼ਾਨਾ ਅਖ਼ਬਾਰ ਵਿਚ ਇਹ ਸੁਰਖੀ ਪੜ੍ਹੀ। ਮੈਨੂੰ ਬਹੁਤ ਬੁਰਾ ਲੱਗਾ ਤੇ ਅਖ਼ਬਾਰ ਨੂੰ ਚਿੱਠੀ ਲਿਖੀ ਕਿ ਇਹੀ ਉਹ ਨਾਹਰਾ ਹੈ ਜੋ ਦਿੱਲੀ ਦੀਆਂ ਮੜੀਰਾਂ ਲਗਾਉਂਦੀਆਂ ਰਹੀਆਂ ਤੇ ਜਿਸ ਨੇ ਇਤਨਾ ਕਹਿਰ ਵਰਸਾਇਆ। ਮੇਰੀ ਚਿੱਠੀ ਛਪੀ ਪਰ ਲੇਖਕ ਫਿਰ ਵੀ ਆਪਣੀ ਗੱਲ 'ਤੇ ਅੜਿਆ ਰਿਹਾ। ਉਸ ਦੀ ਮਰਜ਼ੀ, ਪਰ ਸਵਾਲ ਇਹ ਹੈ ਕਿ ਜੇ ਇੰਦਰਾ ਗਾਂਧੀ 'ਸਿੱਖਾਂ' ਨੇ ਮਾਰੀ ਤੇ ਫਿਰ ਇੰਦਰਾ ਗਾਂਧੀ ਦੇ ਸਮਰਥਕਾਂ ਨੇ 'ਸਿੱਖਾਂ' ਤੋਂ ਬਦਲਾ ਲੈ ਲਿਆ ਤਾਂ ਰੋਸੇ ਵਾਲੀ ਕਿਹੜੀ ਗੱਲ ਰਹਿ ਗਈ। ਸ਼ੁਕਰ ਹੈ ਕਿ ਸ. ਅਜਮੇਰ ਸਿੰਘ ਨੇ ਇਹ ਲਫ਼ਜ਼ ਨਹੀਂ ਵਰਤੇ ਭਾਵੇਂ ਕਿ ਉਨ੍ਹਾਂ ਨੇ ਆਪਣੇ ਤਰੀਕੇ ਨਾਲ ਮਾਰਨ ਵਾਲਿਆਂ ਦੀ ਵਡਿਆਈ ਕੀਤੀ ਹੈ, ਜੋ ਬਣਦੀ ਨਹੀਂ। ਅੱਜ ਮੱਸੇ ਰੰਗੜ ਦੀਆਂ ਉਦਾਹਰਣਾਂ ਨਹੀਂ ਲਈਆਂ ਜਾ ਸਕਦੀਆਂ। ਅੱਜ ਜੋ ਇਕ ਕਤਲ ਦੀ ਵਡਿਆਈ ਕਰੇਗਾ, ਉਹ ਹੋਰ ਕਤਲਾਂ ਦੀ ਨਿੰਦਾ ਕਰਨ ਦਾ ਹੱਕ ਗੰਵਾ ਬੈਠਦਾ ਹੈ।

ਇੰਦਰਾ ਗਾਂਧੀ ਦੀ ਇਸ ਤਰ੍ਹਾਂ ਦੀ ਮੌਤ ਨਾਲ ਕਾਂਗਰਸ ਦੇ ਵੋਟ ਬੈਂਕ ਸਮਝੇ ਜਾਂਦੇ ਤਬਕੇ, ਖ਼ਾਸ ਕਰਕੇ ਦਲਿਤ ਵਰਗ, ਅੰਦਰ ਗ਼ਮ ਤੇ ਗੁੱਸੇ ਦੀ ਲਹਿਰ ਬਹੁਤ ਪ੍ਰਚੰਡ ਸੀ। ਇਸ ਦੀ ਸੀਮਾ ਉਸ ਪਾਗਲਪਨ ਦੀ ਹੱਦ ਤੱਕ ਸੀ ਜਿੱਥੇ ਬੰਦਾ ਇਨਸਾਨੀਅਤ ਭੁੱਲ ਜਾਂਦਾ ਹੈ। ਇਹ ਲੋਕ ਕਰੂਰ ਹਿੰਸਾ ਵਾਸਤੇ ਖੁਦ ਭੜਕੇ ਜਾਂ ਕਿਸੇ ਨੇ ਭੜਕਾਏ? ਵੱਡਾ ਸਵਾਲ ਇਹ ਹੈ ਕਿ ਇਹ ਭੜਕੇ ਕਿਉਂ ਤੇ ਹਿੰਸਾ ਨੇ ਇਤਨਾ ਕਰੂਰ ਰੂਪ ਕਿਉਂ ਅਖਤਿਆਰ ਕੀਤਾ? ਅੱਜ ਮੈਂ ਕਿਸੇ ਨੂੰ ਅਜਿਹੀ ਹਿੰਸਾ ਵਾਸਤੇ ਭੜਕਾਵਾਂ ਤਾਂ ਕੋਈ ਨਹੀਂ ਭੜਕੇਗਾ। ਇਹ ਤਾਂ ਪਹਿਲਾਂ ਦਿਲ ਵਿਚ ਅੱਗ ਸੁਲਗਦੀ ਹੋਵੇ ਤਾਂ ਹੀ ਕਿਸੇ ਦੀ ਹਵਾ ਦਾ ਅਸਰ ਹੁੰਦਾ ਹੈ। ਸ. ਅਜਮੇਰ ਸਿੰਘ ਨੇ ਜਿਨ੍ਹਾਂ ਕਾਂਗਰਸੀ ਲੀਡਰਾਂ ਦੇ ਬਹੁਤ ਵਿਸਥਾਰ ਨਾਲ ਜ਼ਿਕਰ ਕੀਤੇ ਹਨ, ਮੈਂ ਉਸ ਵਿਸਥਾਰ ਵਿਚ ਇਸ ਕਰਕੇ ਨਹੀਂ ਜਾ ਰਿਹਾ ਹਾਂ ਕਿ ਮੈਂ ਉਨ੍ਹਾਂ ਨੂੰ ਇਨਸਾਨਾਂ ਵਿਚ ਪੈਦਾ ਹੁੰਦੀ ਹਿੰਸਕ ਦਰਿੰਦਗੀ ਤੇ ਪ੍ਰਚੰਡ ਗੁੱਸੇ ਦੀ ਲਹਿਰ ਤੋਂ ਅਲਗ ਨਹੀਂ ਸਮਝਦਾ, ਨਾ ਹੀ ਉਨ੍ਹਾਂ ਨੂੰ ਵੱਡੇ ਇਖਲਾਕ ਦੇ ਮਾਲਕ ਸਮਝਦਾ ਹਾਂ। ਕਿਤਾਬ ਵਿਚ ਉਨ੍ਹਾਂ ਦੇ ਜਿਹੜੇ ਡਾਇਲਾਗ ਤੇ ਸਰਗਰਮੀਆਂ ਦੱਸੀਆਂ ਹਨ, ਉਹ ਝੂਠੀਆਂ ਵੀ ਹੋ ਸਕਦੀਆਂ ਹਨ ਤੇ ਸੱਚੀਆਂ ਵੀ। ਅੱਜ ਦੀ ਲੋੜ ਇਸ ਮੁੱਖ ਸਵਾਲ 'ਤੇ ਆਉਣ ਦੀ ਹੈ ਕਿ ਗੁੱਸੇ ਦੀ ਲਹਿਰ ਵਿਚ ਬੰਦਾ ਇਸ ਤਰ੍ਹਾਂ ਜਾਨਵਰ ਕਿਉਂ ਬਣਦਾ ਹੈ ਅਤੇ ਇਕ ਦੋ ਬੰਦਿਆਂ ਦੇ ਕਾਰੇ ਦੀ ਸਜ਼ਾ ਵੱਡੇ ਵਰਗ ਨੂੰ ਕਿਉਂ ਦਿੱਤੀ ਜਾਂਦੀ ਹੈ ਤੇ ਉਹ ਵੀ ਇਤਨੀ ਭਿਆਨਕ? ਇਕ ਆਮ ਬੰਦਾ ਜੋ ਕਿਸੇ ਝਗੜੇ ਵਿਚ ਨਹੀਂ, ਉਹ ਕੰਮਾਂ ਕਾਜਾਂ ਤੋਂ ਘਰ ਮੁੜਦਾ ਸਿਰਫ਼ ਇਸ ਵਾਸਤੇ ਕਿਉਂ ਮਾਰਿਆ ਜਾਵੇ ਕਿ ਉਹ ਫਲਾਣੇ ਧਰਮ, ਜਾਤ, ਤਬਕੇ ਜਾਂ ਵਿਚਾਰਧਾਰਾ ਨਾਲ ਸਬੰਧ ਰੱਖਦਾ ਹੈ?

ਆਪਣਾ ਪੱਖ ਰੱਖਣ ਤੋਂ ਪਹਿਲਾਂ ਮੈਂ ਇਸ ਕਿਤਾਬ ਵਿਚ ਦਰਜ ਸ. ਅਜਮੇਰ ਸਿੰਘ ਦੀਆਂ ਲਿਖ਼ਤਾਂ ਦੇ ਕੁਝ ਹਵਾਲੇ ਦੇਣਾ ਚਾਹੁੰਦਾ ਹਾਂ ਜੋ ਗ਼ਲਤ ਧਾਰਨਾਵਾਂ ਹਨ। ਉਹ ਸਾਕਾ ਨਵੰਬਰ ਚੁਰਾਸੀ ਦੇ ਸਿਰਲੇਖ ਦੇ ਹੇਠਾਂ ਮੋਟਾ ਕਰਕੇ 'ਹਿੰਦੂਤਵ ਦਾ ਮਹਾਂ ਤਾਂਡਵ' ਲਿਖਦੇ ਹਨ। ਮੰਨਿਆ ਕਿ ਉਸ ਵੇਲੇ ਦੀਆਂ ਭੂਤਰੀਆਂ ਹਿੰਸਕ ਭੀੜਾਂ ਵਿਚ ਜ਼ਿਆਦਾ ਗਿਣਤੀ ਹਿੰਦੂਆਂ ਦੀ ਸੀ ਤੇ ਮੁਸਲਮਾਨ ਬਹੁਤ ਥੋੜੇ ਸਨ ਪਰ ਉਨ੍ਹਾਂ ਵਿਚ ਹਿੰਦੂਤਵ ਨਾਂ ਦੀ ਕੋਈ ਚੀਜ਼ ਨਹੀਂ ਸੀ। ਜਿਨ੍ਹਾਂ ਨੂੰ ਉਹ ਮਾਰ ਰਹੇ ਸਨ, ਉਨ੍ਹਾਂ ਨੂੰ ਜ਼ਰੂਰ ਸਿੱਖ ਸਮਝ ਰਹੇ ਸਨ ਪਰ ਆਪਣੇ ਆਪ ਦੇ ਹਿੰਦੂ ਹੋਣ ਦਾ ਉਨ੍ਹਾਂ ਨੂੰ ਧਿਆਨ ਹੀ ਨਹੀਂ ਸੀ। ਇਹ ਲੋਕ ਭੰਡਾਰਿਆਂ ਤੇ ਜਗਰਾਤਿਆਂ ਦੀ ਭੀੜ ਜ਼ਰੂਰ ਬਣਦੇ ਹਨ ਪਰ ਇਨ੍ਹਾਂ ਵਿਚ ਹਿੰਦੂਪੁਣਾ ਨਾ ਹੋਣ ਦੇ ਬਰਾਬਰ ਹੈ। ਇਨ੍ਹਾਂ ਲੋਕਾਂ ਨੇ ਇੰਦਰਾ ਗਾਂਧੀ ਨੂੰ ਕਦੇ ਵੀ ਹਿੰਦੂ ਲੀਡਰ ਨਹੀਂ ਸਮਝਿਆ ਸੀ ਬਲਕਿ ਹਿੰਦੂ ਲੀਡਰਾਂ ਤੇ ਹਿੰਦੂਤਵ ਦੇ ਰਖਵਾਲਿਆਂ ਦੇ ਲੱਖ ਮਨ੍ਹਾਂ ਕਰਨ ਦੇ ਬਾਵਜੂਦ ਉਹ ਕਾਂਗਰਸ ਨੂੰ ਵੋਟਾਂ ਪਾਉਂਦੇ ਸਨ। ਇਸ ਮੁੱਦੇ 'ਤੇ ਹਿੰਦੂਤਵੀ ਪਾਰਟੀ ਕਾਂਗਰਸ ਦੇ ਇਸ ਵੋਟ ਬੈਂਕ ਤੋਂ ਬਹੁਤ ਔਖੀ ਹੈ।

ਸ. ਅਜਮੇਰ ਸਿੰਘ ਕੇਂਦਰੀ ਮੁੱਦਾ ਬਣਾ ਕੇ ਲਿਖਦੇ ਹਨ, "ਸਿੱਖ ਵਿਰੋਧੀ ਹਿੰਸਾ ਦਾ ਅਸਲੀ ਤੇ ਕੇਂਦਰੀ ਮਨੋਰਥ ਸਿੱਖਾਂ ਦੇ ਹਿੰਦੂ ਸਮਾਜ, ਜਿਸ ਨੂੰ ਭਾਰਤ ਦੀ ਮੁੱਖ ਧਾਰਾ ਦਾ ਨਾਂ ਦਿੱਤਾ ਜਾਂਦਾ ਹੈ, ਅੰਦਰ ਰਲੇਵੇਂ ਦੇ ਅਮਲ ਨੂੰ ਵੱਧ ਰੈਲਾ ਕਰਨਾ ਅਤੇ ਇਸ ਮਾਮਲੇ ਵਿਚ ਸਿੱਖਾਂ ਜਾਂ ਸਿੱਖਾਂ ਦੇ ਕੁਝ ਵਰਗਾਂ ਵੱਲੋਂ ਕੀਤੀ ਜਾ ਰਹੀ ਅੜੀ ਤੇ ਵਿਰੋਧ ਦੀ ਕੰਗਰੋੜ ਤੋੜ ਦੇਣਾ ਸੀ।" ਇਹ ਧਾਰਨਾ ਬਿਲਕੁਲ ਗ਼ਲਤ ਹੈ, ਬੇਬੁਨਿਆਦ ਹੈ। ਗੁੱਸੇ ਵਿਚ ਪਾਗਲ ਹੋਈਆਂ ਅਨਪੜ੍ਹ ਤੇ ਲੁਟੇਰੀਆਂ ਭੀੜਾਂ ਨੂੰ ਕੋਈ ਇਲਮ ਨਹੀਂ ਸੀ ਕਿ 'ਮੁੱਖ ਧਾਰਾ' ਕਿਸ ਬਿਮਾਰੀ ਦਾ ਨਾਂ ਹੈ। ਉਹ ਸਿੱਖਾਂ ਨੂੰ ਆਪਣੇ ਸਮਾਜ ਵਿਚ ਸ਼ਾਮਲ ਕਰਨ ਵਾਸਤੇ ਨਹੀਂ, ਖਤਮ ਕਰ ਦੇਣ ਉਪਰ ਉਤਾਰੂ ਸਨ।

ਸ. ਅਜਮੇਰ ਸਿੰਘ ਤਾਂ ਇਥੋ ਤੱਕ ਲਿਖ ਗਏ, "ਜ਼ਾਹਰ ਹੈ ਕਿ ਕਤਲੇਆਮ ਦਾ ਇਹ ਮਨਸੂਬਾ 31 ਅਕਤੂਬਰ ਨੂੰ ਹੀ ਤਿਆਰ ਨਹੀਂ ਸੀ ਹੋ ਗਿਆ। ਏਨੀ ਲੰਮੀ ਚੌੜੀ ਤਿਆਰੀ ਇਕ ਦਿਨ ਜਾਂ ਇਕੋ ਰਾਤ ਅੰਦਰ ਸੰਭਵ ਨਹੀਂ। ਇਸ ਬਾਰੇ ਯਕੀਨਨ ਹੀ 31 ਅਕਤੂਬਰ ਤੋਂ, ਯਾਨਿ ਇੰਦਰਾ ਗਾਂਧੀ ਦੇ ਕਤਲ ਤੋਂ ਪਹਿਲਾਂ ਹੀ ਫੈਸਲਾ ਹੋ ਚੁਕਾ ਸੀ।" ਪਤਾ ਨਹੀਂ ਲੇਖਕ ਕੀ ਕਹਿਣਾ ਚਾਹੁੰਦਾ ਹੈ ਕਿ ਇੰਦਰਾ ਗਾਂਧੀ ਦੇ ਕਤਲ ਦਾ ਉਨ੍ਹਾਂ ਨੂੰ ਪਹਿਲਾਂ ਪਤਾ ਸੀ ਜਾਂ ਮਕਬੂਲ ਬਹਾਨਾ ਬਣਾਉਣ ਦੀ ਖ਼ਾਤਰ ਇਹ ਕੰਮ ਵੀ ਉਨ੍ਹਾਂ ਨੇ ਹੀ ਕੀਤਾ ਸੀ।

ਇਹ ਜਿਹੜੀਆਂ ਗੱਲਾਂ ਹਨ ਕਿ ਭੀੜਾਂ ਆਪ ਭੜਕੀਆਂ ਜਾਂ ਭੜਾਕਾਈਆਂ ਜਾਂ ਕਿਸ ਲੀਡਰ ਨੇ ਭੜਕਾਈਆਂ ਤੇ ਕਿਉਂ ਭੜਕਾਈਆਂ? ਇਹ ਕਿਸ ਦੀ ਸਾਜਿਸ਼ ਸੀ ਤੇ ਕਦੋਂ ਬਣੀ? ਵਗੈਰਾ ਦੀ ਬਾਰੀਕ ਜਾਂਚ ਵਿਚ ਮੈਂ ਨਹੀਂ ਪੈ ਸਕਦਾ ਤੇ ਨਾ ਹੀ ਮੇਰੇ ਕੋਲ ਵਸੀਲੇ ਹਨ। ਜਿਨ੍ਹਾਂ ਲੀਡਰਾਂ ਉਪਰ ਦੋਸ਼ ਲੱਗੇ ਹਨ, ਮੇਰਾ ਦਿਲ ਕਹਿੰਦਾ ਹੈ ਕਿ ਉਹ ਦੋਸ਼ ਜ਼ਰੂਰ ਸੱਚੇ ਹੋਣਗੇ ਪਰ ਮੇਰਾ ਹਮੇਸ਼ਾਂ ਕਹਿਣਾ ਹੁੰਦਾ ਹੈ ਕਿ ਉਹ ਹੋ ਸਕਦਾ ਹੈ ਕਿ ਝੂਠੇ ਹੋਣ। ਕੇਸ ਚੱਲਣੇ ਚਾਹੀਦੇ ਹਨ ਤੇ ਹਰ ਦੋਸ਼ੀ ਨੂੰ ਸਜ਼ਾ ਮਿਲਣੀ ਚਾਹੀਦੀ ਹੈ। ਹਾਲਾਂਕਿ ਮੇਰਾ ਮੰਨਣਾ ਹੈ ਕਿ ਅਜਿਹੇ ਕਹਿਰ ਸਜ਼ਾਵਾਂ ਨਾਲ ਨਹੀਂ ਰੁਕਦੇ।

ਕੁੱਲ ਮਿਲਾ ਕੇ ਮੈਂ ਸਮਝਦਾ ਹਾਂ ਕਿ ਨਵੰਬਰ 84 ਦੇ ਦੁਖਾਂਤ ਦਾ ਵੱਡਾ ਦੁਖਾਂਤ ਇਹ ਹੈ ਕਿ ਅਮਨ ਕਾਨੂੰਨ ਦੇ ਰਖਵਾਲੇ ਹਤਿਆਰਿਆਂ ਦੇ ਰਾਖੇ ਬਣੇ ਸਨ। ਸ. ਅਜਮੇਰ ਸਿੰਘ ਠੀਕ ਲਿਖਦੇ ਹਨ ਕਿ ਕਾਤਲ, ਪ੍ਰਸ਼ਾਸਨ ਤੇ ਹਾਕਮ ਘਿਓ ਖਿਚੜੀ ਸਨ। ਇਸ ਤੋਂ ਵੱਡਾ ਦੁਖਾਂਤ ਹੈ ਕਿ ਚੁਰਾਸੀ ਤੋਂ ਪਹਿਲਾਂ ਤੇ ਬਾਅਦ ਵਿਚ ਵੀ ਕਈ ਜਗ੍ਹਾ ਇਸ ਤੋਂ ਵੱਡੀਆਂ ਤੇ ਇਸ ਤੋਂ ਛੋਟੀਆਂ ਹਿੰਸਕ ਭੀੜਾਂ ਕਹਿਰ ਵਰਸਾਉਂਦੀਆਂ ਰਹੀਆਂ ਪਰ ਪੁਲਿਸ ਮੂਕ ਦਰਸ਼ਕ ਬਣੀ ਰਹੀ।

ਇਸ ਤੋਂ ਅਗਲਾ ਅਹਿਮ ਦੁਖਾਂਤ ਹੈ ਕਿ ਅਜੇ ਤੱਕ ਵੀ ਵਿਚਾਰਵਾਨ ਲੋਕਾਂ, ਲੇਖਕ ਬਰਾਦਰੀ ਤੇ ਸਿਆਸੀ ਕਾਰਕੁਨਾਂ ਨੇ ਕਦੇ ਅਜਿਹੀ ਆਵਾਜ਼ ਨਹੀਂ ਉਠਾਈ ਤੇ ਨਾ ਹੀ ਸੁਝਾਅ ਦਿੱਤੇ ਕਿ ਹਿੰਸਕ ਲੋਕਾਂ ਨੂੰ ਰੋਕਣ ਵਾਸਤੇ ਸੁਰੱਖਿਆ ਦਸਤਿਆਂ ਦੀ ਮੁਸਤੈਦੀ ਕਿਸ ਹੱਦ ਤੱਕ ਹੋਣੀ ਚਾਹੀਦੀ ਹੈ?

ਲੇਕਿਨ ਮੈਂ ਅਖ਼ੀਰ ਵਿਚ ਫਿਰ ਆਪਣੇ ਮੂਲ ਸਵਾਲ ਜੋ ਇਸ ਕਹਿਰ ਦਾ ਸਭ ਤੋਂ ਵੱਡਾ ਕਾਰਨ ਹੈ, ਉਸੇ ਵੱਲ ਆਉਣਾ ਚਾਹੁੰਦਾ ਹਾਂ ਕਿ ਗੁੱਸੇ ਦੀ ਪ੍ਰਚੰਡ ਲਹਿਰ ਵਿਚ ਬੰਦਾ ਹੋਰਨਾਂ ਦੀ ਕਾਰਵਾਈ ਦਾ ਗੁੱਸਾ ਹੋਰਨਾਂ ਉਪਰ ਕਿਉਂ ਕੱਢਦਾ ਹੈ? ਹਾਲਾਂਕਿ ਇਸ ਜ਼ਹਿਨੀਅਤ ਦੀਆਂ ਮਿਸਾਲਾਂ ਹੋਰ ਵੀ ਕਈ ਹਨ।

ਜਿਵੇਂ ਕਿ ਸ. ਅਜਮੇਰ ਸਿੰਘ ਆਪਣੀ ਪਹਿਲੀ ਕਿਤਾਬ ਵਿਚ ਲਿਖਦੇ ਹਨ ਕਿ ਖਾੜਕੂਆਂ ਨੇ ਚੁਣ-ਚੁਣ ਕੇ ਨਿਰੰਕਾਰੀਆਂ ਦੇ ਕਤਲ ਕੀਤੇ। ਸਵਾਲ ਇਹ ਹੈ ਕਿ ਉਹ ਚੁਣਦੇ ਕੀ ਸਨ? ਕੀ ਉਹ ਇਹ ਚੁਣਦੇ ਸਨ ਕਿ ਉਹ ਕਿਹੜਾ ਨਿਰੰਕਾਰੀ ਹੈ ਜਿਸ ਨੇ ਅੰਮ੍ਰਿਤਸਰ ਦੀ ਹਿੰਸਾ ਵਿਚ ਗੋਲੀ ਚਲਾਈ ਸੀ? ਜਗਰਾਵਾਂ ਵਿਚ ਸਵੇਰੇ ਸੈਰ ਕਰਦੇ ਜੋ ਨਿਰੰਕਾਰੀ ਮਾਰੇ ਗਏ ਸਨ, ਉਹ ਅੰਮ੍ਰਿਤਸਰ ਸੰਮੇਲਨ ਵਿਚ ਗਏ ਹੀ ਨਹੀਂ ਸਨ। ਉਨ੍ਹਾਂ ਨੇ ਸਿਰਫ਼ ਇਹੀ ਚੁਣਿਆ ਕਿ ਕੌਣ ਨਿਰੰਕਾਰੀ ਹੈ, ਬਿਲਕੁੱਲ ਉਸੇ ਤਰ੍ਹਾਂ ਹੀ ਦਿੱਲੀ ਵਿਚ ਸਿਰਫ਼ ਇਹ ਚੁਣਿਆ ਗਿਆ ਕਿ ਕੌਣ ਸਿੱਖ ਹੈ। ਸ. ਅਜਮੇਰ ਸਿੰਘ ਗਿਲਾ ਕਰਦੇ ਹਨ ਕਿ ਦਿੱਲੀ ਵਿਚ ਉਹ ਸਿੱਖ ਵੀ ਨਹੀਂ ਬਖ਼ਸ਼ੇ ਜੋ ਸਰਕਾਰ ਦੇ ਹਮਾਇਤੀ ਸਨ ਤੇ ਹਰਕਿਸ਼ਨ ਸਿੰਘ ਸੁਰਜੀਤ ਦੀ ਤਰ੍ਹਾਂ ਸਿੱਖ ਵਿਰੋਧੀ। ਭੀੜਾਂ ਕੋਲ ਸੋਝੀ ਨਹੀਂ ਹੁੰਦੀ। ਸਾਕਾ ਨੀਲਾ ਤਾਰਾ ਪਿਛੋਂ ਬੈਰਕਾਂ ਛੱਡਣ ਵਾਲੇ ਫੌਜੀਆਂ ਨੇ ਇਕ ਕਰਨਲ ਪੁਰੀ ਨੂੰ ਗੋਲੀ ਮਾਰ ਕੇ ਮਾਰਿਆ ਜਿਸ ਦੀ ਹਰਿਮੰਦਰ ਸਾਹਿਬ ਵਿਚ ਦਾਨੀਆਂ ਦੇ ਨਾਮ ਦੀ ਸਿਲ ਲੱਗੀ ਹੋਈ ਹੈ।

ਬੀਤੇ ਯੁਗ ਵਿਚ ਅਜਿਹੀਆਂ ਮਿਸਾਲਾਂ ਮਿਲਦੀਆਂ ਹਨ ਜਿਨ੍ਹਾਂ ਦਾ ਜ਼ਿਕਰ ਸ. ਅਜਮੇਰ ਸਿੰਘ ਨੇ ਆਪਣੀ ਇਸ ਕਿਤਾਬ ਵਿਚ ਕੀਤਾ ਹੈ। ਉਹ ਲਿਖਦੇ ਹਨ, "ਜਦੋਂ ਬੰਦਾ ਸਿੰਘ ਬਹਾਦਰ ਦਾ ਸਮਾਣੇ ਉਤੇ ਰੋਹ ਨਾਜ਼ਲ ਹੋਇਆ ਤਾਂ ਸਿੰਘਾਂ ਨੇ ਇਨ੍ਹਾਂ ਸਾਰੇ ਦੋਖੀਆਂ ਦੇ ਖੁਰੇ ਲੱਭ ਕੇ ਉਨ੍ਹਾਂ ਦਾ ਟੱਬਰਾਂ ਸਮੇਤ ਸਫਾਇਆ ਕਰ ਦਿੱਤਾ।" ਅੱਗੇ ਲਿਖਿਆ ਹੈ, "ਜਿਸ ਕਾਜ਼ੀ ਨੇ ਭਾਈ ਮਨੀ ਸਿੰਘ ਨੂੰ ਗ੍ਰਿਫ਼ਤਾਰ ਕਰਵਾਇਆ ਸੀ, ਉਸ ਨੂੰ ਅੱਗੜ ਸਿੰਘ ਨੇ ਕੁਝ ਹੀ ਦਿਨਾਂ ਬਾਅਦ ਜਾਨੋ ਮਾਰ ਮੁਕਾਇਆ ਸੀ ਤੇ ਫਿਰ ਉਸ ਦੇ ਪਿੰਡ ਅਲੀਗੜ੍ਹ ਜਾ ਕੇ ਉਸ ਦੇ ਸਾਰੇ ਖਾਨਦਾਨ ਦਾ ਸਫ਼ਾਇਆ ਕਰ ਦਿੱਤਾ ਸੀ।" ਅਗਲੇ ਸਫ਼ੇ 'ਤੇ ਉਨ੍ਹਾਂ ਦੇ ਸ਼ਬਦ ਹਨ, "ਇਥੋਂ ਕੰਮ ਮੁਕਾ ਕੇ ਸਿੰਘ ਮੋਰਿੰਡੇ

(ਅਗਲੇ ਸਫੇ 'ਤੇ ਜਾਰੀ)



***ਨਵੰਬਰ 84 ਦੇ ਇਸ ਮਸਲੇ ਨੂੰ ਬਹੁਤ ਛੋਟਾ ਤੇ ਸੌਖਾ ਕਰਕੇ ਸਮਝਣਾ ਹੋਵੇ ਤਾਂ ਇਕ ਪੈਰੇ ਵਿਚ ਪੇਸ਼ ਕੀਤਾ ਜਾ ਸਕਦਾ ਹੈ। ਇਹ ਠੀਕ ਹੈ ਕਿ 31 ਅਕਤੂਬਰ ਨੂੰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਕਤਲ ਦੋ ਸਿੱਖ ਬਾਡੀਗਾਰਡਾਂ ਨੇ ਕੀਤਾ। ਮੰਨਿਆ ਕਿ ਉਹ ਬਹੁਤ ਹਰਮਨ ਪਿਆਰੀ ਸੀ ਤੇ ਖ਼ਾਸ ਕਰਕੇ ਗਰੀਬ ਵਰਗ ਤੇ ਦਲਿਤ ਉਸ ਨੂੰ ਆਪਣਾ ਮਸੀਹਾ ਸਮਝਦੇ ਸਨ। ਮੰਨਿਆ ਕਿ ਉਨ੍ਹਾਂ ਨੂੰ ਅਕਹਿ ਸਦਮਾ ਪਹੁੰਚਿਆ, ਅੱਖਾਂ ਅੱਗੇ ਹਨੇਰਾ ਛਾ ਗਿਆ, ਕੁਝ ਖਾਣਾ ਪੀਣਾ ਨਹੀਂ ਸੁੱਝਿਆ ਤੇ ਪ੍ਰਚੰਡ ਗੁੱਸੇ ਦੀ ਲਹਿਰ ਦੌੜ ਗਈ। ਇਹ ਵੀ ਸਮਝਿਆ ਕਿ ਪ੍ਰਚੰਡ ਗੁੱਸਾ ਪਾਗਲਪਨ ਦੀ ਹੱਦ ਤੱਕ ਪਹੁੰਚ ਜਾਂਦਾ ਹੈ ਤੇ ਮਾਰਨ ਕੁੱਟਣ ਜਾਂ ਕਤਲ ਕਰਨ 'ਤੇ ਉਤਾਰੂ ਹੋ ਜਾਂਦਾ ਹੈ। ਮੇਰਾ ਸਵਾਲ ਤੇ ਸਾਡੇ ਸਭ ਦਾ ਸਵਾਲ ਇਕੋ ਹੈ ਕਿ ਜੇ ਗੁੱਸਾ ਪਾਗਲਪਨ ਦੀ ਹੱਦ ਤੱਕ ਪ੍ਰਚੰਡ ਸੀ ਤਾਂ ਗੁੱਸੇ ਵਿਚ ਉਬਲਦੀਆਂ ਭੀੜਾਂ ਪ੍ਰਧਾਨ ਮੰਤਰੀ ਨਿਵਾਸ ਦੀ ਤਰਫ਼ ਬਾਡੀਗਾਰਡਾਂ ਵੱਲ ਕਿਉਂ ਨਹੀਂ ਦੌੜੀਆਂ। ਜਾਂ ਜਿਸ ਹਸਪਤਾਲ ਵਿਚ ਸਤਵੰਤ ਸਿੰਘ ਦਾ ਇਲਾਜ ਚੱਲ ਰਿਹਾ ਸੀ, ਓਧਰ ਕਿਉਂ ਨਹੀਂ ਦੌੜੀਆਂ।***

ਨੂੰ ਹੋ ਤੁਰੇ ਜਿਥੇ ਜਾਨੀ ਖਾਂ ਤੇ ਮਾਨੀ ਖਾਂ ਨਾਉਂ ਦੇ ਉਹ ਰੰਘੜ ਭਰਾ ਰਹਿੰਦੇ ਸਨ ਜਿਨ੍ਹਾਂ ਨੇ ਛੋਟੇ ਸਾਹਿਬਜ਼ਾਦਿਆਂ ਨੂੰ ਫੜ ਕੇ ਸੂਬਾ ਸਰਹਿੰਦ ਦੇ ਹਵਾਲੇ ਕੀਤਾ ਸੀ। ਸਿੰਘਾਂ ਨੇ ਇਨ੍ਹਾਂ ਦੋਹਾਂ ਰੰਘੜਾਂ ਨੂੰ ਪਰਿਵਾਰਾਂ ਸਮੇਤ ਕੁੱਟ ਕੁੱਟ ਕੇ ਜਾਨੋਂ ਮਾਰ ਦਿੱਤਾ। ਇਥੋਂ ਸਿੰਘ ਕੁਰਾਲੀ ਵੱਲ ਹੋ ਤੁਰੇ ਅਤੇ ਉਥੇ ਰਹਿੰਦੇ ਇਨ੍ਹਾਂ ਰੰਘੜਾਂ ਦੇ ਰਿਸ਼ਤੇਦਾਰਾਂ ਨੂੰ ਜਾ ਦਬੋਚਿਆ।" ਇਸ ਪੈਰੇ ਦੇ ਅਖੀਰ ਵਿਚ ਲਿਖਿਆ ਹੈ, "ਸਿੰਘਾਂ ਨੇ ਅਬਦਾਲੀ ਦੇ ਜ਼ਾਲਮ ਜਰਨੈਲ ਜ਼ੈਨ ਖਾਂ ਕੋਲੋਂ ਗਿਣ-ਗਿਣ ਬਦਲੇ ਲਏ ਅਤੇ ਮੌਤ ਦੇ ਘਾਟ ਉਤਾਰ ਦਿੱਤਾ।"

ਪਰਿਵਾਰਾਂ ਸਮੇਤ ਕੁੱਟ ਕੁੱਟ ਕੇ ਜਾਨੋਂ ਮਾਰਨ ਦਾ ਦ੍ਰਿਸ਼ ਕਿਹੋ ਜਿਹਾ ਹੋਵੇਗਾ, ਕਿਆਸ ਕੀਤਿਆਂ ਹੀ ਦਿਲ ਦਹਿਲਦਾ ਹੈ। ਫਿਰ ਗਿਣ ਗਿਣ ਕੇ ਬਦਲੇ ਲਏ ਜਾਣ ਦਾ ਕੀ ਮਤਲਬ ਹੋ ਸਕਦਾ ਹੈ, ਬੰਦ ਬੰਦ ਕੱਟਣਾ ਜਾਂ ਮਾਸ ਨੋਚਣਾ? ਸਰਕਾਰੀ ਕਾਰਿੰਦਿਆਂ ਤੇ ਟੱਬਰਾਂ ਦੇ ਜੀਆਂ ਦਾ ਕੀ ਕਸੂਰ ਹੋ ਸਕਦਾ ਹੈ? ਮੈਨੂੰ ਇਹ ਚੈਪਟਰ ਦੋ ਵਾਰ ਪੜ੍ਹ ਕੇ ਵੀ ਅੰਦਾਜ਼ਾ ਨਹੀਂ ਲੱਗਿਆ ਕਿ ਸ. ਅਜਮੇਰ ਸਿੰਘ ਇਹ ਸਾਰਾ ਕੁਝ ਤਾਰੀਫ਼ ਵਿਚ ਲਿਖ ਰਹੇ ਹਨ ਕਿ ਮਹਿਜ਼ ਮੱਧ ਕਾਲ ਦੇ ਯੁਗ ਦੀ ਬਰਬਰਤਾ ਦਾ ਬਿਆਨ ਕਰ ਰਹੇ ਹਨ? ਇਨ੍ਹਾਂ ਨੂੰ ਘਿਨਾਉਣੇ ਗੁਨਾਹ ਸਿਰਫ਼ ਅੱਜ ਦੇ ਯੁੱਗ ਵਿਚ ਹੀ ਤਸੱਵਰ ਕੀਤਾ ਜਾ ਸਕਦਾ ਹੈ। ਮੱਧ ਕਾਲ ਦਾ ਤਾਂ ਦੌਰ ਹੀ ਵਹਿਸ਼ਤ ਦਾ ਸੀ। ਉਸ ਕਾਲ ਵਿਚ ਸਾਰੀ ਧਰਤੀ ਦੀ ਹਰ ਨੁੱਕਰ ਵਿਚ ਬੰਦਾ ਬੰਦੇ ਨੂੰ ਮਾਰਦਾ ਹੀ ਰਿਹਾ ਹੈ। ਪੁਰਾਣੀਆਂ ਕਹਾਣੀਆਂ ਵਿਚ 'ਸਣ ਟੱਬਰੀਂ ਕੋਹਲੂ ਵਿਚ ਪੀੜ ਦੇਣ' ਦੀਆਂ ਸਜ਼ਾਵਾਂ ਆਮ ਸੁਣਦੇ ਰਹੇ ਹਾਂ।

ਅੱਜ ਮਨੁੱਖ ਸਭਿਅਤਾ ਦੀ ਅਗਲੀ ਸਟੇਜ ਉਪਰ ਹੈ ਪਰ ਵੱਡੇ ਦੁੱਖ ਦੀ ਗੱਲ ਹੈ ਟੱਬਰਾਂ ਨੂੰ ਕੁੱਟ ਕੁੱਟ ਕੇ ਮਾਰਨ ਵਾਲੀਆਂ ਸਮਾਣੇ ਦੀਆਂ ਭੀੜਾਂ 300 ਸਾਲ ਬਾਅਦ ਦਿੱਲੀ ਵਿਚ ਵੀ ਫਿਰਦੀਆਂ ਵੇਖੀਆਂ ਗਈਆਂ। ਉਸ ਤੋਂ ਬਾਅਦ ਇਹੀ ਭੀੜਾਂ ਢਾਕਾ, ਗੋਧਰਾ, ਅਹਿਮਦਾਬਾਦ ਤੇ ਕਈ ਹੋਰ ਸਥਾਨਾਂ 'ਤੇ ਵੀ ਵੇਖੀਆਂ ਗਈਆਂ। ਭੀੜਾਂ ਨੂੰ ਇਹ ਕੰਮ ਮਜ਼ਲੂਮਾਂ ਦੇ ਨਜ਼ਦੀਕ ਜਾ ਕੇ ਕਰਨਾ ਪੈਂਦਾ ਹੈ ਪਰ ਬੰਦੂਕਾਂ ਵਾਲੇ ਜ਼ਰਾ ਵਿੱਥ ਤੋਂ ਹੀ ਕਰ ਜਾਂਦੇ ਹਨ। ਸੰਨ 47 ਤੋਂ ਬਾਅਦ ਪੰਜਾਬ ਵਿਚ ਟੱਬਰਾਂ ਸਮੇਤ ਕਤਲ ਦੀ ਸਭ ਤੋਂ ਘਿਨਾਉਣੀ ਕਰਤੂਤ ਲਿੰਕ ਨਹਿਰ 'ਤੇ ਸੁੱਤੇ ਮਜ਼ਦੂਰਾਂ ਦਾ ਕਤਲ ਸੀ ਜਿਸ ਵਿਚ ਔਰਤਾਂ ਤੇ ਬੱਚਿਆਂ ਸਮੇਤ 32 ਜਾਨਾਂ ਮਾਰ ਮੁਕਾਈਆਂ ਗਈਆਂ। ਇਨ੍ਹਾਂ ਦਾ ਕਸੂਰ ਨਾ ਮਾਰਨ ਤੋਂ ਪਹਿਲਾਂ ਦੱਸਿਆ ਗਿਆ ਤੇ ਨਾ ਬਾਅਦ ਵਿਚ ਤੇ ਨਾ ਹੀ ਅੱਜ ਤੱਕ। ਬੇਸ਼ੱਕ 32 ਮੌਤਾਂ ਤੇ 3 ਹਜ਼ਾਰ ਮੌਤਾਂ ਵਿਚ ਫਰਕ ਹੈ ਪਰ ਕ੍ਰਿਤਘਣਤਾ ਦੇ ਲਿਹਾਜ਼ ਨਾਲ ਇਹ ਵੀ ਬਰਾਬਰ ਦਾ ਅਣਚਿਤਵਿਆ ਕਹਿਰ ਸੀ, ਨਾ ਮੰਨਣਯੋਗ, ਨਾ ਭੁੱਲਣਯੋਗ ਤੇ ਨਾ ਬਖ਼ਸ਼ਣਯੋਗ।

ਉਦਾਰਵਾਦੀ ਹਿੰਦੂ ਵਰਗ ਦੇ ਸੰਕਟ ਵਿਚ ਸ. ਅਜਮੇਰ ਸਿੰਘ ਲਿਖਦੇ ਹਨ ਹਿੰਦੂ ਸਮਾਜ ਅੰਦਰ ਕੁਝ ਕੁ ਰੋਸ਼ਨ-ਜ਼ਮੀਰ ਤੱਤਾਂ ਨੇ ਕਤਲੇਆਮ ਦੌਰਾਨ ਅਤੇ ਉਸ ਤੋਂ ਬਾਅਦ ਪੀੜਤ ਸਿੱਖ ਭਾਈਚਾਰੇ ਦੇ ਦੁੱਖਾਂ ਦੇ ਭਾਈਵਾਲ ਬਣਨ ਅਤੇ ਉਨ੍ਹਾਂ ਦੀ ਹਰ ਤਰੀਕੇ ਨਾਲ ਮਦਦ ਕਰਨ ਦਾ ਮਾਨਵਵਾਦੀ ਫ਼ਰਜ਼ ਨਿਭਾਇਆ। ਇਨ੍ਹਾਂ ਦੇ ਕਰਮ ਨੂੰ 'ਬਿਨਾ ਸ਼ੱਕ ਸੁਆਗਤਯੋਗ ਤੇ ਸ਼ਲਾਘਾ ਦਾ ਹੱਕਦਾਰ' ਦੱਸਦੇ ਹੋਏ ਵੀ ਅਜਮੇਰ ਸਿੰਘ ਇਸ ਗੱਲ 'ਤੇ ਜ਼ੋਰ ਦਿੰਦੇ ਹਨ ਕਿ ਇਨ੍ਹਾਂ ਦੀ ਗਿਣਤੀ ਬਹੁਤ ਹੀ ਥੋੜੀ, ਆਟੇ ਵਿਚ ਲੂਣ ਵਾਲੀ, ਹੈ ਤੇ ਵੈਸੇ ਸਮੁੱਚਾ ਹਿੰਦੂ ਵਰਗ ਕਾਤਲਾਂ ਦੇ ਨਾਲ ਸੀ। ਇਹ ਅਨੁਮਾਨ ਬਿਲਕੁਲ ਗਲਤ ਹੈ। ਜਿਥੋਂ ਤੱਕ ਇੰਦਰਾ ਗਾਂਧੀ ਦੇ ਮਾਰੇ ਜਾਣ ਉਪਰ ਗਮ ਤੇ ਗੁੱਸੇ ਦੀ ਲਹਿਰ ਦਾ ਸਵਾਲ ਹੈ ਇਹ ਬਹੁਤ ਵਿਸ਼ਾਲ ਸੀ। ਇਸ ਵਿਚ ਹਿੰਦੂ ਹੀ ਨਹੀਂ ਲਗਭਗ ਸਾਰੀ ਮੁਸਲਿਮ ਆਬਾਦੀ, ਹੋਰ ਧਰਮਾਂ ਦੇ ਲੋਕ ਤੇ ਵੱਡੀ ਗਿਣਤੀ ਵਿਚ ਸਿੱਖ ਵੀ ਸ਼ਾਮਿਲ ਸਨ। ਮੇਰਾ ਦਾਅਵਾ ਹੈ ਕਿ ਦਿੱਲੀ ਵਿਚ ਵੱਸਦੇ ਘੱਟੋ ਘੱਟ ਅੱਧੇ ਤੋਂ ਵੱਧ ਸਿੱਖ ਇੰਦਰਾ ਗਾਂਧੀ ਦੀ ਮੌਤ ਤੋਂ ਗ਼ਮਗੀਨ ਸਨ ਹਾਲਾਂਕਿ ਇਹ ਲੋਕ ਨੀਲਾ ਤਾਰਾ ਦੁਖਾਂਤ ਬਾਰੇ ਵੀ ਗਹਿਰੇ ਗ਼ਮਗੀਨ ਸਨ।

ਇੰਦਰਾ ਗਾਂਧੀ ਦੀ ਮੌਤ ਦਾ ਦੁੱਖ ਮਨਾ ਰਹੇ ਲੋਕਾਂ ਦੀ ਭਾਰੀ ਬਹੁਗਿਣਤੀ ਉਹ ਸੀ ਜੋ 'ਬਹੁਤ ਮਾੜਾ ਹੋਇਆ' ਦਾ ਹਉਕਾ ਭਰ ਕੇ ਚੁੱਪ ਸੀ, ਕੁਝ ਦੀਆਂ ਅੱਖਾਂ ਨਮ ਹੋਈਆਂ ਤੇ ਕੁਝ ਰੋਏ ਵੀ। ਕੁਝ ਨੇ ਗੁੱਸੇ ਵਿਚ ਕਚੀਚੀਆਂ ਵੱਟੀਆਂ ਪਰ ਸਮਝਦੇ ਸਨ ਕਿ ਕਾਤਲਾਂ ਵਿਚੋਂ ਇਕ ਮਾਰਿਆ ਗਿਆ ਹੈ ਤੇ ਦੂਜਾ ਜ਼ਖ਼ਮੀ ਹੋਇਆ ਹਸਪਤਾਲ ਵਿਚ ਹੈ, ਇਸ ਵਾਸਤੇ ਉਹ ਕੁਝ ਨਹੀਂ ਕਰ ਸਕਦੇ। ਹਿੰਸਕ ਭੀੜਾਂ ਦੀ ਕੁੱਲ ਗਿਣਤੀ ਜੋ ਦੱਸੀ ਗਈ ਹੈ, ਉਹ 25 ਤੋਂ 30 ਹਜ਼ਾਰ ਤੱਕ ਦੀ ਬਣਦੀ ਹੈ ਜੋ ਮੁੱਖ ਤੌਰ 'ਤੇ ਬਾਹਰਲੀ ਦਿੱਲੀ ਤੇ ਝੌਂਪੜ ਪੱਟੀ ਵਸਨੀਕਾਂ ਦੀ ਸੀ। ਮੌਤਾਂ ਦਾ ਕਹਿਰ ਵਰਸਾਉਣ ਵਾਸਤੇ ਇਹ ਭੀੜ ਭਿਅੰਕਰ ਹੱਦ ਤੱਕ ਵੱਡੀ ਸੀ ਪਰ ਜੇ ਦਿੱਲੀ ਦੀ ਇਕ ਕਰੋੜ ਅਬਾਦੀ ਦਾ ਹਿਸਾਬ ਲਗਾਈਏ ਤਾਂ ਇਹ ਸਿਫ਼ਰ ਇਸ਼ਾਰੀਆ ਪੰਜ ਫੀਸਦੀ ਵੀ ਨਹੀਂ ਬਣਦੀ ਯਾਨਿ ਇਕ ਫੀਸਦੀ ਤੋਂ ਵੀ ਘੱਟ। ਭੀੜ ਤੋਂ ਪਾਸੇ ਰਹਿਣ ਵਾਲੇ ਲੋਕਾਂ ਵਿਚ ਐਸੇ ਵੀ ਜ਼ਰੂਰ ਹੋਣਗੇ ਜਿਹੜੇ ਆਪਣੇ ਘਰ ਕਹਿੰਦੇ ਹੋਣਗੇ ਕਿ ਸਿੱਖਾਂ ਨੂੰ ਸਬਕ ਮਿਲਣਾ ਚਾਹੀਦਾ ਸੀ। ਪਰ ਵੱਡੀ ਗਿਣਤੀ ਉਨ੍ਹਾਂ ਲੋਕਾਂ ਦੀ ਹੈ ਜਿਹੜੇ ਸਿਰਫ਼ ਇਤਨਾ ਕਹਿ ਕੇ ਚੁੱਪ ਕਰੇ ਰਹੇ ਕਿ 'ਬਹੁਤ ਮਾੜਾ ਹੋਇਆ।'

> ***ਗੁਜਰਾਤ ਦੀਆਂ ਭੀੜਾਂ ਕੋਲ ਇਕੋ ਨਾਹਰਾ ਸੀ ਕਿ ਗੋਧਰਾ ਵਿਚ ਕਾਰ ਸੇਵਕ 'ਮੁਸਲਮਾਨਾਂ' ਨੇ ਜਿੰਦਾ ਸਾੜ ਦਿੱਤੇ। ਬੇਸ਼ੱਕ ਇਹ ਕਾਰਾ ਕਰਨ ਵਾਲੇ ਗਿਣਤੀ ਦੇ ਮੁਸਲਮਾਨ ਸਨ ਪਰ ਪੂਰੇ ਵਰਗ ਨੂੰ ਨਿਸ਼ਾਨਾ ਬਣਾਇਆ ਗਿਆ ਜਦੋਂਕਿ ਮੁਸਲਮਾਨਾਂ ਦੀ ਵੱਡੀ ਗਿਣਤੀ ਗੋਧਰਾ ਕੇਸ ਕਰਨ ਵਾਲਿਆਂ ਨੂੰ ਲਾਹਨਤਾਂ ਪਾਉਣ ਵਾਲਿਆਂ ਵਿਚ ਸੀ। ਬਾਬਰੀ ਮਸਜਿਦ ਵੇਲੇ ਵੀ ਇਹੀ ਰੌਲਾ ਕਿ 'ਹਿੰਦੂਆਂ ਨੇ ਢਾਹ ਦਿੱਤੀ' ਜਦੋਂ ਕਿ ਸਭ ਜਾਣਦੇ ਹਾਂ ਕਿ ਚੰਦ ਲੋਕਾਂ ਦੀ ਇਸ ਕਰਤੂਤ ਉਪਰ ਥੂ ਥੂ ਕਰਨ ਵਾਲੇ ਮੁੱਖ ਤੌਰ 'ਤੇ ਹਿੰਦੂ ਹੀ ਸਨ ਪਰ ਢਾਕੇ ਦੀਆਂ ਗਲੀਆਂ ਵਿਚ ਰਿਕਸ਼ਾ ਚਲਾ ਕੇ ਰੋਟੀ ਕਮਾਉਣ ਵਾਲੇ ਹਿੰਦੂ ਦਾ ਕਤਲ ਕਰ ਦਿੱਤਾ ਕਿ ਉਸ ਦੇ 'ਭਰਾਵਾਂ' ਨੇ ਬਾਬਰੀ ਮਸਜਿਦ ਢਾਹ ਦਿੱਤੀ।***



ਕੁੱਲ ਮਿਲਾ ਕੇ ਨਵੰਬਰ 84 ਦੇ ਕਤਲਾਂ ਬਾਰੇ 'ਹਿੰਦੂ ਵਰਗ' ਦੀ ਬਤੌਰ ਵਰਗ ਕੋਈ ਵੀ ਭੂਮਿਕਾ ਨਹੀਂ। ਸ. ਅਜਮੇਰ ਸਿੰਘ ਦਾ ਅਜਿਹਾ ਖ਼ਿਆਲ ਕਿ ਛੇਤੀ ਬਾਅਦ ਹੋਣ ਵਾਲੀਆਂ ਚੋਣਾਂ ਵਿਚ ਕਾਂਗਰਸ ਦੀ ਵੱਡੀ ਜਿੱਤ ਨੇ ਸਾਬਤ ਕਰ ਦਿੱਤਾ ਹੈ ਕਿ ਸਮੁੱਚਾ ਹਿੰਦੂ ਵਰਗ ਕਤਲੇਆਮ ਦਾ ਹਮਾਇਤੀ ਸੀ, ਬਿਲਕੁਲ ਗਲਤ ਹੈ। ਵੋਟਾਂ ਵਿਚ ਵੱਡੀ ਜਿੱਤ ਦਾ ਕਾਰਨ ਇੰਦਰਾ ਗਾਂਧੀ ਦਾ ਕਤਲ ਸੀ ਨਾ ਕਿ ਦੰਗੇ। ਇਸ ਨੂੰ ਹਮਦਰਦੀ ਵੋਟ ਕਿਹਾ ਜਾਂਦਾ ਹੈ। ਉਨ੍ਹਾਂ ਚੋਣਾਂ ਵਿਚ ਮੁਸਲਿਮ ਵੋਟਾਂ ਥੋਂਧੀਆਂ ਹੀ ਕਾਂਗਰਸ ਨੂੰ ਪਈਆਂ ਤੇ ਬਹੁਤ ਸਾਰੀਆਂ ਸਿੱਖਾਂ ਦੀਆਂ ਵੀ। ਸਿੱਖ ਕਾਂਗਰਸ ਦੇ ਚੋਣ ਪ੍ਰਚਾਰਕਾਂ, ਪੋਲਿੰਗ ਏਜੰਟਾਂ ਤੇ ਗੱਡੀਆਂ ਵਿਚ ਘੁੰਮਣ ਵਾਲਿਆਂ ਵਿਚ ਵੀ ਸ਼ਾਮਿਲ ਸਨ। ਸਿੱਖ ਉਮੀਦਵਾਰ ਵੀ ਬਣੇ ਤੇ ਜਿੱਤੇ ਵੀ। ਮੈਂ ਦਾਅਵੇ ਨਾਲ ਕਹਿੰਦਾ ਹਾਂ ਕਿ ਅੱਜ ਦਿੱਲੀ ਸਮੇਤ ਪੰਜਾਬ ਤੋਂ ਬਾਹਰ ਵੱਸਦੇ ਸਿੱਖਾਂ ਦੀ ਭਾਰੀ ਵੱਡੀ ਗਿਣਤੀ ਕਾਂਗਰਸ ਨੂੰ ਹੀ ਵੋਟਾਂ ਪਾਉਂਦੀ ਹੈ। ਪੰਜਾਬ ਦੇ ਸਿੱਖ ਕਾਂਗਰਸ ਤੇ ਅਕਾਲੀ-ਭਾਜਪਾ ਗੱਠਜੋੜ ਵਿਚਕਾਰ ਲਗਭਗ ਅੱਧੇ-ਅੱਧੇ ਹਨ।

ਹਾਂ, ਇਸ ਕਿਤਾਬ ਵਿਚ ਮੇਰੇ ਉਸ ਸਵਾਲ ਦਾ ਜਵਾਬ ਜ਼ਰੂਰ ਦਰਜ ਹੈ ਕਿ ਉਹ ਕਿਹੜੇ ਨੁਕਤੇ ਹਨ ਜਿਨ੍ਹਾਂ ਤੋਂ ਕਿਹਾ ਜਾ ਸਕੇ ਕਿ ਇਸ ਮੁਲਕ ਵਿਚ ਸਿੱਖ ਹਿੰਦੂਆਂ ਦੇ ਗੁਲਾਮ ਹਨ। ਸ. ਅਜਮੇਰ ਸਿੰਘ ਨੇ 84 ਦੇ ਦੋ ਕਹਿਰ ਹੀ ਅਜਿਹੇ ਨੁਕਤੇ ਦੱਸੇ ਹਨ। ਜੇ ਤਾਂ ਇਸ ਧਰਤੀ ਉਪਰ ਸਿਰਫ਼ ਇਹੀ ਦੋ ਕਹਿਰ ਹੁੰਦੇ ਤਾਂ ਸ਼ਾਇਦ ਇਸ ਤਰ੍ਹਾਂ ਸੋਚਿਆ ਜਾ ਸਕਦਾ ਸੀ ਪਰ ਕਹਿਰ ਤਾਂ ਗਿਣਨੇ ਔਖੇ ਹੋਏ ਪਏ ਹਨ। ਬਾਬਰੀ ਕਾਂਡ ਤੋਂ ਬਾਅਦ ਜੋ ਲੋਕ ਢਾਕਾ ਤੇ ਹੋਰ ਸ਼ਹਿਰਾਂ ਵਿਚ ਮਰੇ, ਜਿਨ੍ਹਾਂ ਲੜਕੀਆਂ ਦੇ ਰੇਪ ਹੋਏ, ਜੋ ਗੋਧਰਾ ਵਿਖੇ ਗੱਡੀ ਦੇ ਡੱਬੇ ਵਿਚ ਸੜ ਗਏ, ਜੋ ਅਹਿਮਦਾਬਾਦ ਦੇ ਬੜੌਦਾ ਵਿਚ ਮਾਰੇ ਗਏ ਤੇ ਇਸੇ ਤਰ੍ਹਾਂ ਲਿੰਕ ਨਹਿਰ 'ਤੇ ਸੁੱਤੇ ਜੋ ਸਦਾ ਦੀ ਨੀਂਦ ਸੌਂ ਗਏ, ਇਨ੍ਹਾਂ ਸਾਰਿਆਂ ਨੂੰ ਕੀ ਸਮਝਾਇਆ ਜਾਵੇ ਕਿ ਕੌਣ ਕਿਸ ਦਾ ਗੁਲਾਮ ਹੈ? ਇਸਲਾਮਾਬਾਦ ਦੀ ਲਾਲ ਮਸਜਿਦ ਵਿਚ ਮਾਰੇ ਗਏ ਬੱਚਿਆਂ ਨੂੰ ਕੀ ਦਿਲਾਸਾ ਦੇਈਏ ਕਿ ਇਹ ਸਿਰਫ਼ ਇਸ ਕਰਕੇ ਹੋ ਰਿਹਾ ਹੈ ਤੁਹਾਡੀ ਕੌਮ ਕਿਸੇ ਹੋਰ ਕੌਮ ਦੀ ਗੁਲਾਮ ਹੈ?

ਸ. ਅਜਮੇਰ ਸਿੰਘ ਨੇ ਚੁਰਾਸੀ ਦੇ ਕਹਿਰ ਵਾਸਤੇ 'ਹਿੰਦੂ ਮਾਨਸਿਕਤਾ' ਨੂੰ ਦੋਸ਼ੀ ਠਹਿਰਾਇਆ ਹੈ ਪਰ ਮਾਨਸਿਕਤਾਵਾਂ ਦਾ ਖਾਤਾ ਵੀ ਵੱਡਾ ਹੈ। ਅੰਮ੍ਰਿਤਸਰ ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਮਾਰੇ ਜਾਣ 'ਤੇ ਲੱਡੂ ਵੰਡੇ ਗਏ, ਇੰਦਰਾ ਗਾਂਧੀ ਦੇ ਮਰਨ ਉਪਰ ਵੰਡੇ ਗਏ, ਪਾਕਿਸਤਾਨੀ ਪੰਜਾਬ ਦੇ ਗਵਰਨਰ ਨੂੰ ਕਤਲ ਕੀਤੇ ਜਾਣ ਬਾਅਦ ਭੰਗੜੇ ਪਾਏ ਗਏ, ਅਮਰੀਕਾ ਵਿਚ ਬਿਨ ਲਾਦਿਨ ਦੇ ਮਾਰੇ ਜਾਣ ਦੀ ਖ਼ਬਰ ਤੋਂ ਡਿਸਕੋ ਨਾਚ ਹੋਏ। ਕਿਹੜੀ ਕਿਹੜੀ ਮਾਨਸਿਕਤਾ ਨੂੰ ਰੋਈਏ? ਜ਼ਹਿਨੀਅਤ ਦੀ ਗਿਰਾਵਟ ਦੀ ਵੀ ਸੀਮਾ ਨਹੀਂ ਹੁੰਦੀ, ਹੋ ਸਕਦਾ ਹੈ ਕਿਸੇ ਨੇ ਲਿੰਕ ਨਹਿਰ ਦੇ ਕਹਿਰ ਉਤੇ ਵੀ ਲੱਡੂ ਵੰਡੇ ਹੋਣ। ਜੇ ਹੱਡ ਮਾਸ ਦੇ ਬੰਦੇ ਅਜਿਹਾ ਕਾਰਾ ਕਰ ਸਕਦੇ ਹਨ ਤਾਂ ਲੱਡੂ ਵੀ ਵੰਡ ਸਕਦੇ ਹਨ।

ਆਖ਼ਰ ਵਿਚ ਇਕ ਵਾਰ ਫਿਰ ਸ. ਅਜਮੇਰ ਸਿੰਘ ਵੱਲੋਂ ਕਿਤਾਬ ਦੀ ਭੂਮਿਕਾ ਵਿਚ ਲਿਖੇ ਸ਼ਬਦਾਂ ਦੀ ਗੱਲ ਕਰਦਾ ਹਾਂ ਕਿ "ਹਥਲਾ ਕਾਰਜ ਸਿੱਖ ਕੌਮ ਨੂੰ ਅਜਿਹੀ ਮੰਦਹੋਣੀ ਤੋਂ ਬਚਾਉਣ ਦਾ ਇਕ ਨਿਮਾਣਾ ਜਿਹਾ ਉਪਰਾਲਾ ਹੈ।" ਮੈਂ ਇਸ ਲੇਖ ਦੇ ਸ਼ੁਰੂ ਵਿਚ ਕਿਹਾ ਸੀ ਕਿ ਕੋਈ ਇਕ ਧਰਮ, ਫਿਰਕਾ ਜਾਂ ਕੌਮ ਵੱਖਰੇ ਤੌਰ 'ਤੇ ਆਪਣੇ ਆਪ ਨੂੰ ਨਹੀਂ ਬਚਾ ਸਕਦੇ, ਇਹ ਮਨੁਖਤਾ ਦਾ ਸਾਂਝਾ ਮਸਲਾ ਹੈ ਪਰ ਇਸ ਸਾਰੀ ਕਿਤਾਬ ਵਿਚ ਸਿੱਖ ਕੌਮ ਵਾਸਤੇ ਵੀ ਕੋਈ ਸੁਝਾਅ ਨਹੀਂ ਦਿੱਤੇ ਕਿ ਉਹ ਆਪਣਾ ਬਚਾਅ ਕਿਵੇਂ ਕਰਨ? ਜੇ ਘੱਟੋ ਘੱਟ ਸਿੱਖ ਕੌਮ ਹੀ ਅਜਿਹੀਆਂ ਮੰਦਹੋਣੀਆਂ ਤੋਂ ਬਚ ਸਕੇ ਤਾਂ ਵੱਡੀ ਰਾਹਤ ਹੋਵੇਗੀ ਤੇ ਫਿਰ ਸ਼ਾਇਦ ਇਹੀ ਫਾਰਮੂਲਾ ਵਰਤ ਕੇ ਬਾਕੀ ਲੋਕ ਵੀ ਆਪਣਾ ਬਚਾਅ ਕਰ ਸਕਣਗੇ। ਆਮ ਧਾਰਨਾ ਇਹ ਹੈ ਕਿ ਪਾਪ ਨੂੰ ਨਿੰਦਣਾ ਚਾਹੀਦਾ ਹੈ ਪਾਪੀ ਨੂੰ ਨਹੀਂ ਪਰ ਸ. ਅਜਮੇਰ ਸਿੰਘ ਨੇ ਇਸ ਕਿਤਾਬ ਵਿਚ ਪਾਪੀਆਂ ਨੂੰ ਹੀ ਨਿੰਦਿਆ ਹੈ ਤੇ ਪਾਪ ਨੂੰ ਫਿਟੇ ਮੂੰਹ ਤੱਕ ਨਹੀਂ ਕਿਹਾ।

# ਕਿਸ ਨਾਲ ਵਿਤਕਰੇ ਦੀ ਗੱਲ?

ਸ. ਅਜਮੇਰ ਸਿੰਘ ਦੀਆਂ ਕਿਤਾਬਾਂ ਅਤੇ ਹੋਰ ਸਿੱਖ ਮਸਲਿਆਂ ਬਾਰੇ ਚੱਲ ਰਹੀ ਬਹਿਸ ਵਿਚ ਬਹੁਤ ਸਾਰੇ ਵਿਦਵਾਨਾਂ ਦੇ ਵਿਚਾਰ ਪੜ੍ਹਨ ਨੂੰ ਮਿਲੇ। ਡਾ. ਪਰਮ ਸਿੰਘ, ਡਾ. ਹਰਪਾਲ ਸਿੰਘ ਪੰਨੂ ਅਤੇ ਸ. ਅਭੈ ਸਿੰਘ ਨੇ ਬਹੁਤ ਸੋਹਣੇ ਵਿਚਾਰ ਦਿੱਤੇ ਹਨ। ਕਰਮ ਬਰਸਟ ਦੇ ਲੇਖਾਂ ਦੀ ਲੜੀ ਨੇ ਤਾਂ ਸਭ ਕੁਝ ਹੀ ਸਾਫ਼ ਕਰ ਦਿੱਤਾ। ਉਨ੍ਹਾਂ ਦੀਆਂ ਦਲੀਲਾਂ, ਉਦਾਹਰਣਾਂ, ਇਤਿਹਾਸਿਕ ਸੱਚਾਈਆਂ ਤੋਂ ਕੋਈ ਵੀ ਮੁਨਕਰ ਨਹੀਂ ਹੋ ਸਕਦਾ। ਫਿਰ ਵੀ ਜੇ ਕੋਈ "ਮੈਂ ਨਾ ਮਾਨੂੰ" ਕਰੀ ਜਾਵੇ ਤਾਂ ਕੋਈ ਕੀ ਕਰ ਸਕਦਾ ਹੈ! ਇਨ੍ਹਾਂ ਸਭ ਵਿਚਾਰਾਂ ਦੇ ਪ੍ਰਤੀਕਰਮ ਵਜੋਂ ਜੋ ਤਿੱਖੀ ਸੁਰ ਵਾਲੇ ਲੇਖ ਆਏ, ਉਨ੍ਹਾਂ ਨੇ ਅੱਜ ਤੋਂ 25 ਸਾਲ ਪਹਿਲਾਂ ਦੀ ਯਾਦ ਤਾਜ਼ਾ ਕਰਵਾ ਦਿੱਤੀ, ਜਦੋਂ ਹਰ ਵਿਰੋਧੀ ਵਿਚਾਰ ਨੂੰ ਦਬਾਉਣ ਲਈ ਸੋਧਣ ਦੀ ਧਮਕੀ ਆਉਂਦੀ ਸੀ ਅਤੇ ਕਈਆਂ ਨੂੰ ਏ.ਕੇ. 47 ਦਾ ਸ਼ਿਕਾਰ ਵੀ ਬਣਨਾ ਪਿਆ। ਆਪਣੇ-ਆਪ ਨੂੰ ਜ਼ਿਆਦਾ ਧਾਰਮਿਕ ਸਮਝਣ ਵਾਲੇ ਸੱਜਣ ਸਿੱਖ ਧਰਮ ਦੀਆਂ ਰਵਾਇਤਾਂ, ਸਹਿਣਸ਼ੀਲਤਾ ਅਤੇ ਦਲੀਲ ਦਾ ਪੱਲਾ ਛੱਡ ਕੇ ਕੌੜੇ ਬੋਲ ਬੋਲੀ ਜਾ ਰਹੇ ਹਨ ਅਤੇ ਬਿਨਾਂ ਦਲੀਲ ਦੇ ਲਿਖ ਕੇ ਵਿਰੋਧੀ ਨੂੰ ਚੁੱਪ ਕਰਾਉਣ ਦੀ ਕੋਸ਼ਿਸ਼ ਕਰ ਰਹੇ ਹਨ।

ਸ. ਦਵਿੰਦਰ ਸਿੰਘ ਖਟਕੜ ਦਾ ਲੇਖ ਪੜ੍ਹ ਕੇ ਨਿਰਾਸ਼ਾ ਹੋਈ। ਹਾਂ, ਇਕ ਵਿਚਾਰ ਤਾਂ ਪੱਕਾ ਹੋ ਗਿਆ ਕਿ ਇਸੇ ਤਰ੍ਹਾਂ ਦੀ ਅਸਹਿਣਸ਼ੀਲਤਾ ਅਤੇ ਤਿੱਖੀ ਤੇ ਜ਼ਾਤੀ ਵਿਰੋਧ ਵਾਲੀ ਬੋਲ-ਬਾਣੀ ਹੀ ਵਿਦੇਸ਼ਾਂ ਦੇ ਬਹੁਤੇ ਗੁਰੂਘਰਾਂ ਵਿਚ ਲੜਾਈ-ਝਗੜੇ ਦਾ ਕਾਰਨ ਬਣਦੀ ਹੈ। ਵਿਰੋਧੀ ਨੂੰ ਮੰਦਾ ਬੋਲ ਕੇ ਜਾਂ ਗਾਲਾਂ ਕੱਢ ਕੇ ਚੁੱਪ ਕਰਾਉਣਾ ਜਾਂ ਲੋੜ ਪੈਣ 'ਤੇ ਹੱਥੋਪਾਈ ਹੋਣਾ, ਇਹ ਸਭ ਸਾਡੇ ਸੁਭਾਅ ਦਾ ਹਿੱਸਾ ਬਣ ਗਿਆ ਹੈ।

ਸਿੱਖਾਂ ਨਾਲ ਵਿਤਕਰੇ ਦੀ ਜੋ ਗੱਲ ਸ. ਖਟਕੜ ਕਰ ਰਹੇ ਹਨ, ਉਸ ਬਾਰੇ ਮੈਂ ਕੁਝ ਕਹਿਣਾ ਚਾਹੁੰਦਾ ਹਾਂ। ਹੋ ਸਕਦਾ ਹੈ, ਇੱਕਾ-ਦੁੱਕਾ ਕਿਤੇ ਜ਼ਾਤੀ ਤੌਰ 'ਤੇ ਕਿਸੇ ਨਾਲ ਕੋਈ ਵਿਤਕਰਾ ਹੋਇਆ ਹੋਵੇ, ਜਿਵੇਂ ਕਿਸੇ ਫੌਜੀ ਜਰਨੈਲ ਨੂੰ ਫੌਜ ਦਾ ਮੁਖੀ ਨਾ ਬਣਾਇਆ ਗਿਆ ਹੋਵੇ ਜਾਂ ਕੋਈ ਹੋਰ ਅਜਿਹੀ ਮਿਸਾਲ ਹੋਵੇ। ਉਸ ਦਾ ਕਾਰਨ ਸਿੱਖ ਹੋਣਾ ਹੀ ਨਹੀਂ, ਕੋਈ ਹੋਰ ਕਾਰਨ ਵੀ ਹੋ ਸਕਦਾ ਹੈ; ਨਹੀਂ ਤਾਂ ਏਅਰ ਮਾਰਸ਼ਲ ਅਰਜਣ ਸਿੰਘ ਸਿੱਖ ਹੋ ਕੇ ਹਵਾਈ ਫੌਜ ਦਾ ਮੁਖੀ ਨਾ ਬਣਦਾ। ਜੇ ਕਿਸੇ ਇਕ ਫਿਲਮ 'ਹਕੀਕਤ' ਵਿਚ ਸਿੱਖਾਂ ਦੀ ਬਹਾਦਰੀ ਨਹੀਂ ਦਿਖਾਈ ਗਈ ਤਾਂ ਕਿਸੇ ਹੋਰ ਫਿਲਮ ਜਿਵੇਂ 'ਬਾਰਡਰ' ਵਿਚ ਸ. ਕੁਲਦੀਪ ਸਿੰਘ ਦੀ ਬਹਾਦਰੀ ਪੂਰੇ ਬਲ ਨਾਲ ਦਿਖਾਈ ਗਈ ਹੈ।

ਕੁਝ ਜ਼ਾਤੀ ਵਿਤਕਰੇ ਹਰ ਸਰਕਾਰੀ ਜਾਂ ਗੈਰ-ਸਰਕਾਰੀ ਅਦਾਰੇ ਵਿਚ ਹੁੰਦੇ ਹੀ ਹਨ। ਦੇਖਣ ਵਿਚ ਆਮ ਹੀ ਆਇਆ ਹੈ ਕਿ ਦੋ ਉਮੀਦਵਾਰਾਂ ਵਿਚੋਂ ਇਕ ਨਾਲ ਵਿਤਕਰਾ ਕਰ ਕੇ ਦੂਜੇ ਨੂੰ ਅਹੁਦਾ ਦੇ ਦਿੱਤਾ ਜਾਂਦਾ ਹੈ। ਸਿੱਖਾਂ ਦੇ ਆਪਣੇ ਅਦਾਰੇ ਜਿਵੇਂ ਪੰਜਾਬ ਐਂਡ ਸਿੰਧ ਬੈਂਕ ਵਿਚ ਕਿੰਨੇ ਹੀ ਮਾਮਲੇ ਅਜਿਹੇ ਹੋਣਗੇ ਜਿੱਥੇ ਕਿਸੇ ਯੋਗ ਸਿੱਖ ਅਫ਼ਸਰ ਨਾਲ ਵਿਤਕਰਾ ਕਰਕੇ ਕਿਸੇ ਦੂਜੇ ਸਿੱਖ ਅਫ਼ਸਰ ਨੂੰ ਅਹੁਦਾ ਦਿੱਤਾ ਗਿਆ ਹੋਵੇ। ਸ਼੍ਰੋਮਣੀ ਕਮੇਟੀ ਜਾਂ ਅਕਾਲੀ ਦਲ ਵਿਚ ਕਿੱਥੇ-ਕਿੱਥੇ ਅਜਿਹੇ ਵਿਤਕਰੇ ਨਹੀਂ ਹੋਏ? ਜਦੋਂ ਯੋਗਤਾ ਨਾਲੋਂ ਹੋਰ ਚੀਜ਼ਾਂ ਨੂੰ ਪਹਿਲ ਦਿੱਤੀ ਗਈ ਹੋਵੇ।

ਦੇਸ਼ ਦੀ ਆਜ਼ਾਦੀ ਤੋਂ ਬਾਅਦ ਸਿੱਖਾਂ ਨੇ ਦੇਸ਼ ਦੇ ਹਰ ਰਾਜ ਵਿਚ ਜਾ ਕੇ ਵਸਣਾ ਸ਼ੁਰੂ ਕੀਤਾ। ਬੰਗਾਲ, ਮਹਾਰਾਸ਼ਟਰਾ, ਗੁਜਰਾਤ, ਆਸਾਮ, ਉੜੀਸਾ, ਬਿਹਾਰ, ਉਤਰ ਪ੍ਰਦੇਸ਼ ਵਿਚ ਜਾ ਕੇ ਚੰਗੇ ਕਾਰੋਬਾਰਾਂ ਵਿਚ ਉਨ੍ਹਾਂ ਦਾ ਪੂਰਾ ਕੰਟਰੋਲ ਹੋ ਗਿਆ। ਸਥਾਨਕ ਲੋਕਾਂ ਤੋਂ ਵੀ ਉਨ੍ਹਾਂ ਨੂੰ ਪੂਰਾ ਸਤਿਕਾਰ ਅਤੇ ਸਹਿਯੋਗ ਮਿਲਿਆ। ਕੋਈ ਸਮਾਂ ਸੀ ਜਦੋਂ ਕੋਲਕਾਤਾ, ਮੁੰਬਈ ਵਰਗੇ ਸ਼ਹਿਰਾਂ ਵਿਚ ਰਾਤ ਦੇ ਸਮੇਂ ਇਕੱਲੀ ਔਰਤ ਕਿਸੇ ਸਿੱਖ ਟੈਕਸੀ ਡਰਾਈਵਰ ਦੀ ਗੱਡੀ ਵਿਚ ਸੁਰੱਖਿਅਤ ਮਹਿਸੂਸ ਕਰਦੀ ਸੀ। ਸਧਾਰਣ ਗੈਰ-ਸਿੱਖ ਪਰਿਵਾਰ ਵਿਆਹ-ਸ਼ਾਦੀ ਦੇ ਮੌਕੇ ਆਪਣੇ ਘਰ ਵਿਚ ਸਿੱਖ ਮਹਿਮਾਨ ਦਾ ਆਉਣਾ ਆਪਣੀ ਸ਼ਾਨ ਸਮਝਦਾ ਸੀ। ਇਹ ਸੀ ਸਿੱਖਾਂ ਦੀ ਅਸਲੀ ਪਾਤਸ਼ਾਹੀ ਜਿਸ ਨੂੰ ਅਸੀਂ ਆਪ ਹੀ ਰੋਲ ਦਿੱਤਾ। ਸਾਡੇ ਰਾਜਸੀ ਅਤੇ ਧਾਰਮਿਕ ਨੇਤਾਵਾਂ ਨੇ ਇੱਕ-ਦੂਜੇ ਨੂੰ ਢਾਹ ਲਾਉਣ ਲਈ ਹਰ ਹਰਬਾ ਵਰਤਣਾ ਸ਼ੁਰੂ ਕਰ ਦਿੱਤਾ।

1980 ਤੋਂ ਬਾਅਦ ਤਾਂ ਅਸੀਂ ਆਪ ਹੀ ਆਪਣੀ ਪਾਤਸ਼ਾਹੀ ਨੂੰ ਰੋਲਣਾ ਸ਼ੁਰੂ ਕਰ ਦਿੱਤਾ। ਅਸੀਂ ਆਪਣੀ ਹਰ ਸਮਾਜਕ ਅਤੇ ਰਾਜਨੀਤਕ ਮੰਗ ਨੂੰ ਲੈ ਕੇ ਧਾਰਮਿਕ ਥਾਂਵਾਂ ਤੋਂ 'ਧਰਮ ਯੁੱਧ' ਸ਼ੁਰੂ ਕਰ ਦਿੱਤੇ। ਅਸੀਂ ਆਪਣੇ ਧਰਮ ਦੀ ਸਾਖ ਨੂੰ ਆਪ ਹੀ ਡੇਗਿਆ। ਜਿਹੜੇ ਪਾਠਕ 55-60 ਸਾਲ ਤੋਂ ਉਪਰ ਦੀ ਉਮਰ ਦੇ ਹਨ ਅਤੇ ਜੋ 1980 ਤੋਂ ਪਹਿਲਾਂ ਪੰਜਾਬ ਤੋਂ ਬਾਹਰ ਰਹੇ ਹਨ ਜਾਂ ਜਾਂਦੇ ਰਹੇ ਹਨ, ਉਹ ਮੇਰੀ ਇਸ ਗੱਲ ਨਾਲ ਸਹਿਮਤ ਹੋਣਗੇ ਕਿ ਸਿੱਖਾਂ ਦੀ ਆਨ ਅਤੇ ਸ਼ਾਨ ਜੋ ਪੰਜਾਬ ਤੋਂ ਬਾਹਰ 1980 ਤੋਂ ਪਹਿਲਾਂ ਸੀ, ਉਹ ਦੁਬਾਰਾ ਨਹੀਂ ਬਣ ਸਕੀ। ਮੈਂ ਦੋ ਜ਼ਾਤੀ ਉਦਾਹਰਣਾਂ ਦੇਣੀਆਂ ਚਾਹੁੰਗਾ। 1972 ਦੀ ਗੱਲ ਹੈ ਕਿ ਮੈਂ ਅਤੇ ਲੁਧਿਆਣੇ ਤੋਂ ਇਕ ਹੋਰ ਸਿੱਖ ਲੜਕਾ ਜੱਬਲਪੁਰ ਜਾ ਰਹੇ ਸਾਂ। ਬੀਨਾ ਕਟਨੀ ਸੈਕਸ਼ਨ 'ਤੇ ਪੈਸੰਜਰ ਗੱਡੀ ਦੇ ਡੱਬੇ ਵਿਚ ਅਸੀਂ ਦੋ ਹੀ ਸਿੱਖ ਨੌਜਵਾਨ ਸਾਂ। ਬਾਕੀ ਡੱਬਾ ਸਾਰੀਆਂ ਸਥਾਨਕ ਸਵਾਰੀਆਂ ਨਾਲ ਭਰਿਆ ਹੋਇਆ ਸੀ। ਇਕ ਆਦਮੀ ਬੀੜੀ ਪੀਣ ਲੱਗਿਆ ਤਾਂ ਮੇਰੇ ਨਾਲ ਦੇ ਲੜਕੇ ਨੇ ਮਨ੍ਹਾਂ ਕਰ ਦਿੱਤਾ, ਉਹ ਇਕਦਮ ਹਟ ਗਿਆ। ਜਦੋਂ ਗੱਡੀ ਇਕ ਸਟੇਸ਼ਨ 'ਤੇ ਰੁਕੀ ਤਾਂ ਉਸ ਆਦਮੀ ਨੇ ਹੱਥ ਜੋੜ ਕੇ ਮਿੰਨਤ ਕਰਕੇ ਸਾਡੇ ਕੋਲੋਂ ਬੀੜੀ ਪੀਣ ਦੀ ਆਗਿਆ ਮੰਗੀ। ਸਾਡੇ ਹਾਂ ਕਹਿਣ 'ਤੇ ਉਸ ਨੇ ਖਿੜਕੀ ਵਿਚੋਂ ਮੂੰਹ ਬਾਹਰ ਕਰਕੇ ਜਲਦੀ-ਜਲਦੀ ਬੀੜੀ ਖਤਮ ਕੀਤੀ। 1980-81 ਤੋਂ ਬਾਅਦ ਜੇ ਇਹ ਹੁੰਦਾ ਤਾਂ ਤੁਸੀਂ ਆਪ ਹੀ ਸੋਚ ਸਕਦੇ ਹੋ ਕਿ ਧੂੰਆਂ ਸ਼ਾਇਦ ਸਾਡੇ ਮੂੰਹ 'ਤੇ ਆਉਂਦਾ!

> ***1980 ਤੋਂ ਬਾਅਦ ਤਾਂ ਅਸੀਂ ਆਪ ਹੀ ਆਪਣੀ ਪਾਤਸ਼ਾਹੀ ਨੂੰ ਰੋਲਣਾ ਸ਼ੁਰੂ ਕਰ ਦਿੱਤਾ। ਅਸੀਂ ਆਪਣੀ ਹਰ ਸਮਾਜਕ ਅਤੇ ਰਾਜਨੀਤਕ ਮੰਗ ਨੂੰ ਲੈ ਕੇ ਧਾਰਮਿਕ ਥਾਂਵਾਂ ਤੋਂ 'ਧਰਮ ਯੁੱਧ' ਸ਼ੁਰੂ ਕਰ ਦਿੱਤੇ। ਅਸੀਂ ਆਪਣੇ ਧਰਮ ਦੀ ਸਾਖ ਨੂੰ ਆਪ ਹੀ ਡੇਗਿਆ। ਜਿਹੜੇ ਪਾਠਕ 55-60 ਸਾਲ ਤੋਂ ਉਪਰ ਦੀ ਉਮਰ ਦੇ ਹਨ ਅਤੇ ਜੋ 1980 ਤੋਂ ਪਹਿਲਾਂ ਪੰਜਾਬ ਤੋਂ ਬਾਹਰ ਰਹੇ ਹਨ ਜਾਂ ਜਾਂਦੇ ਰਹੇ ਹਨ, ਉਹ ਮੇਰੀ ਇਸ ਗੱਲ ਨਾਲ ਸਹਿਮਤ ਹੋਣਗੇ ਕਿ ਸਿੱਖਾਂ ਦੀ ਆਨ ਅਤੇ ਸ਼ਾਨ ਜੋ ਪੰਜਾਬ ਤੋਂ ਬਾਹਰ 1980 ਤੋਂ ਪਹਿਲਾਂ ਸੀ, ਉਹ ਦੁਬਾਰਾ ਨਹੀਂ ਬਣ ਸਕੀ।***

ਦੂਜੀ ਘਟਨਾ ਵੀ 1972 ਦੀ ਹੀ ਹੈ। ਮੈਂ ਆਟੋ-ਰਿਕਸ਼ਾ 'ਤੇ ਪੁਰਾਣੀ ਦਿੱਲੀ ਸਟੇਸ਼ਨ ਵੱਲ ਜਾ ਰਿਹਾ ਸੀ। ਉਸ ਦਿਨ ਦਿੱਲੀ ਵਿਚ ਕੋਈ ਹਿੰਦੂ-ਮੁਸਲਿਮ ਫਸਾਦ ਹੋ ਕੇ ਹਟਿਆ ਸੀ। ਸਾਰੇ ਪਾਸੇ ਹਨੇਰੇ ਵਿਚ ਦੋਵੇਂ ਗਰੁਪ ਹਥਿਆਰ ਅਤੇ ਬਲਦੀਆਂ ਮਸ਼ਾਲਾਂ ਹੱਥਾਂ ਵਿਚ ਫੜ ਕੇ ਜਲੂਸ ਕੱਢ ਰਹੇ ਸਨ। ਆਟੋ-ਰਿਕਸ਼ਾ ਡਰਾਈਵਰ ਨੂੰ ਤਸੱਲੀ ਸੀ ਕਿ ਉਸ ਕੋਲ ਸਿੱਖ ਸਵਾਰੀ ਹੈ। ਦੋਵਾਂ ਗਰੁਪਾਂ ਨੇ ਵਾਰੀ-ਵਾਰੀ ਆਟੋ ਰੋਕ ਕੇ ਮੈਨੂੰ ਦੇਖ ਕੇ ਜਾਣ ਦਿੱਤਾ। ਇਹ ਸੀ ਸਿੱਖਾਂ ਨਾਲ 'ਵਿਤਕਰਾ'। ਵਿਤਕਰੇ ਦੀਆਂ ਗੱਲਾਂ ਕਿਸ ਨੇ ਅਤੇ ਕਿਉਂ ਛੇੜੀਆਂ, ਕਦੇ ਫਿਰ ਗੱਲ ਕਰਾਂਗੇ।

ਇਕ ਹੋਰ ਸੋਚ ਸਾਡੇ ਬਹੁਤ ਸਾਰੇ ਵੀਰ ਰੱਖਦੇ ਹਨ ਕਿ ਜੇ ਸਿੱਖ 1947 ਵਿਚ ਪਾਕਿਸਤਾਨ ਨਾਲ ਚਲੇ ਜਾਂਦੇ ਤਾਂ ਚੰਗੇ ਰਹਿੰਦੇ। ਕਈ ਇਸ 'ਗਲਤੀ' ਨੂੰ ਮਾਸਟਰ ਤਾਰਾ ਸਿੰਘ, ਗਿਆਨੀ ਕਰਤਾਰ ਸਿੰਘ ਜਾਂ ਸ. ਬਲਦੇਵ ਸਿੰਘ ਦੇ ਸਿਰ ਮੜ੍ਹਦੇ ਹਨ। ਲੀਡਰ ਵੀ ਭਾਵੇਂ ਬਾਅਦ ਵਿਚ ਕੋਈ ਕੁਝ ਵੀ ਕਹਿੰਦਾ ਰਹੇ, ਪਰ ਸਿੱਖਾਂ ਦਾ ਹਿੰਦੁਸਤਾਨ ਨਾਲ ਜਾਣਾ ਇਤਿਹਾਸਕ ਫੈਸਲਾ ਸੀ। ਸਿੱਖਾਂ ਅਤੇ ਹਿੰਦੂਆਂ ਦੀ ਸਾਂਝ ਦੇ ਇਤਿਹਾਸਕ, ਸਮਾਜਕ ਅਤੇ ਧਾਰਮਿਕ ਪਿਛੋਕੜ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ। ਖੱਤਰੀ ਹਿੰਦੂ ਪਰਿਵਾਰਾਂ ਦੇ ਪਰਿਵਾਰ ਸਿੱਖ ਬਣੇ। ਬਹੁਤ ਸਾਰੇ ਹਿੰਦੂ ਖਾਸ ਕਰ ਖੱਤਰੀ ਪਰਿਵਾਰਾਂ ਵਿਚੋਂ ਪਹਿਲੇ ਬੱਚੇ ਨੂੰ ਸਿੱਖ ਬਣਾਇਆ ਜਾਂਦਾ ਸੀ। ਇਹ ਕੋਈ ਜਬਰੀ ਧਰਮ ਪਰਿਵਰਤਨ ਨਹੀਂ ਸੀ, ਬਲਕਿ ਸਿੱਖ ਧਰਮ ਪ੍ਰਤੀ ਸ਼ਰਧਾ ਸੀ। ਬਹੁਤ ਸਾਰੇ ਹਿੰਦੂ ਪਰਿਵਾਰਾਂ ਵਿਚ ਵਿਆਹ-ਸ਼ਾਦੀ ਜਾਂ ਜਨਮ-ਮੌਤ ਦੀਆਂ ਰਸਮਾਂ ਸਿੱਖ ਰੀਤੀ ਨਾਲ ਹੁੰਦੀਆਂ ਸਨ। ਅੱਜ ਵੀ ਦੋ ਸਕੇ ਭਰਾਵਾਂ ਦੇ ਪਰਿਵਾਰ ਸਿੱਖ ਅਤੇ ਹਿੰਦੂ ਮਿਲ ਜਾਣਗੇ। ਅੱਜ ਤੋਂ 30 ਸਾਲ ਪਹਿਲਾਂ ਦਿੱਲੀ ਦੇ ਗੁਰਦਵਾਰਿਆਂ ਵਿਚ ਅੱਧੀ ਸੰਗਤ ਹਿੰਦੂ ਵੀਰਾਂ ਦੀ ਹੁੰਦੀ ਸੀ, ਅੱਜ ਦਾ ਪਤਾ ਨਹੀਂ। ਜੇ ਨਹੀਂ ਹੈ ਤਾਂ ਦੋਵਾਂ ਪਾਸਿਆਂ ਦੀ ਨਫ਼ਰਤ ਦੀ ਮਸ਼ੀਨ ਕਾਮਯਾਬ ਹੋਈ। ਅੱਜ ਦੀ ਪੀੜ੍ਹੀ ਨੂੰ ਉਹ ਇਤਿਹਾਸਕ, ਸਮਾਜਿਕ, ਧਾਰਮਿਕ ਪਿਛੋਕੜ ਦੱਸਣ ਦੀ ਲੋੜ ਹੈ, ਨਫ਼ਰਤ ਦੀ ਖੇਤੀ ਸੰਭਾਲਣ ਦੀ ਲੋੜ ਉਕਾ ਹੀ ਨਹੀਂ ਹੈ। ਸਾਂਝੇ ਵਿਰਸੇ ਦੀਆਂ ਗੱਲਾਂ ਦੱਸ ਕੇ ਅਸੀਂ ਆਪਣੀ ਆਉਣ ਵਾਲੀ ਪੀੜ੍ਹੀ ਨੂੰ ਆਪਣੇ ਵਿਰਸੇ ਦੇ ਹੋਰ ਨੇੜੇ ਲਿਆ ਸਕਦੇ ਹਾਂ। ਨਫ਼ਰਤ ਦੀ ਅੱਗ ਦੇ ਸੇਕ ਵਿਚ ਸੜ ਕੇ ਆਪਣਾ ਹੀ ਨੁਕਸਾਨ ਕਰਾਂਗੇ।

***-ਸੁਰਿੰਦਰ ਸਿੰਘ***
***ਸੈਕਰਾਮੈਂਟੋ (ਕੈਲੀਫੋਰਨੀਆ)***

# ਸਿਆਸੀ ਚੱਕਰਵਿਊ 'ਚ ਫਸੇ ਪੰਜਾਬ ਦੀ ਬਾਂਹ ਕੌਣ ਫੜੇਗਾ?

*ਪੰਜਾਬ ਬਾਰੇ ਇਹ ਲੇਖ ਅਸਲ ਵਿਚ ਉਸ ਦੌਰ ਦਾ ਲੇਖਾ ਹੈ ਜਦੋਂ ਪੰਜਾਬ ਹੌਲੀ-ਹੌਲੀ ਭਿਅੰਕਰ ਦੁਖਾਂਤ ਵੱਲ ਸਰਕ ਰਿਹਾ ਸੀ, ਲਗਾਤਾਰ। ਉਸ ਦੌਰ ਨੂੰ ਬਾਰੀਕੀ ਨਾਲ ਘੋਖਦਿਆਂ ਇਸ ਲੇਖ ਵਿਚ ਸਿਆਸਤ ਦੇ ਪਿੜ ਦੀ ਜੋ ਪੈੜ ਨੱਪੀ ਗਈ ਹੈ, ਉਹ ਸਭ ਦਾ ਧਿਆਨ ਮੰਗਦੀ ਹੈ। ਉਸ ਪੈੜ ਬਾਰੇ ਪੰਜਾਬੀ ਇਕ ਵਾਰ ਫਿਰ ਅਵੇਸਲੇ ਹੋਏ ਪਏ ਹਨ; ਇਸ ਮੋੜ 'ਤੇ ਆਣ ਕੇ ਪੰਜਾਬ ਇਕ ਵਾਰ ਫਿਰ ਚੌਰਾਹੇ 'ਤੇ ਹੈ। ਮਸਲੇ ਜਿਉਂ ਦੇ ਤਿਉਂ ਖੜ੍ਹੇ ਹਨ ਅਤੇ ਹਰ ਇਕ ਧਿਰ ਸੌੜੀ ਸਿਆਸਤ ਨੂੰ ਗਲ ਲਾਈ, ਸਿਰਫ ਆਪਣੇ ਮੁਫਾਦ ਮੁਤਾਬਕ ਵਿਚਰ ਰਹੀ ਹੈ। ਇਸ ਲੇਖ ਵਿਚ ਇਸ ਸਿਆਸੀ ਚੱਕਰਵਿਊ ਨੂੰ ਤੋੜਨ ਦਾ ਹੱਲ ਭਾਵੇਂ ਨਾ ਸੁਝਾਇਆ ਗਿਆ ਹੋਵੇ ਪਰ ਇਸ ਵਿਚ ਉਸ ਫਿਕਰ ਦੀ ਗੱਲ ਕੀਤੀ ਗਈ ਹੈ ਜੋ ਹਰ ਇਕ ਪੰਜਾਬੀ ਦਾ ਹੋ ਸਕਦਾ ਹੈ। -ਸੰਪਾਦਕ*

## ■ ਗਲਤੀਆਂ ਤੋਂ ਸਬਕ ਸਿੱਖਣੇ ਸਮੇਂ ਦੀ ਲੋੜ

"ਪਾਣੀ ਮੰਗਦੇ ਜੰਗਲ ਦੇ ਵਿਚ ਕੰਡਿਆਂ ਦੀ ਇਕ ਝਿੜੀ ਉਗਾ ਦਿੱਤੀ, ਫਿਰ ਕੰਡੇ-ਕੰਡੇ ਕਹਿ ਕੇ ਸਾਰੇ ਜੰਗਲ ਨੂੰ ਅੱਗ ਲਾ ਦਿੱਤੀ।" ਇਹ ਹਰਫ਼ ਹਨ ਸਿਰਮੌਰ ਕਵੀ ਸੁਰਜੀਤ ਪਾਤਰ ਦੇ ਜੋ ਤਿੰਨ ਦਹਾਕੇ ਪਹਿਲਾਂ ਉਦੋਂ ਲਿਖੇ ਗਏ ਸਨ, ਜਦ ਪੂਰਨਮਾਸ਼ੀ ਦੇ ਚੰਦ ਵਰਗੇ ਪੰਜਾਬ ਨੂੰ ਰਾਜਸੀ ਗ੍ਰਹਿਣ ਲੱਗਾ ਸੀ। ਭਰੇ-ਭਰਾਏ ਜੰਗਲ ਵਿਚ ਕੰਡਿਆਂ ਦੀ ਝਿੜੀ ਭਾਵੇਂ ਭਾਰਤ ਦੀ ਸਭ ਤੋਂ ਵੱਡੀ ਰਾਜਸੀ ਧਿਰ ਨੇ ਉਗਾਈ ਸੀ ਪਰ ਪੰਜਾਬ ਦੀਆਂ ਸਾਰੀਆਂ ਰਾਜਸੀ ਅਤੇ ਧਾਰਮਿਕ ਧਿਰਾਂ ਸਮੇਤ ਪੰਜਾਬ ਦੀ ਅਫ਼ਸਰਸ਼ਾਹੀ ਨੇ ਆਪਣੇ ਮੁਫ਼ਾਦ ਲਈ ਝਿੜੀ ਨੂੰ ਪਾਣੀ ਪਾ, ਉਸ ਦੀਆਂ ਸੂਲਾਂ ਹੋਰ ਤਿੱਖੀਆਂ ਕੀਤੀਆਂ, ਜਿਨ੍ਹਾਂ ਨੇ ਤਿੰਨ ਪੂਰ ਪੰਜਾਬ

■ ਹਰਜਿੰਦਰ ਦੁਸਾਂਝ

ਨੂੰ ਲਹੂ-ਲੁਹਾਣ ਕਰੀ ਰੱਖਿਆ। ਖ਼ੈਰ, ਇਹ ਬੀਤੇ ਦੀ ਗੱਲ ਹੈ। ਹਾਲਾਤ ਬਦਲ ਚੁਕੇ ਹਨ। ਮਾੜੇ ਦਿਨ ਸਦਾ ਨਹੀਂ ਰਹਿੰਦੇ। ਬਦਲੇ ਹੋਏ ਦੌਰ 'ਚ ਇਹ ਸੋਚਣ ਦੀ ਲੋੜ ਹੈ ਕਿ ਉਹ ਕਿਹੜੇ ਕਾਰਨ ਸਨ ਤੇ ਉਨ੍ਹਾਂ ਲਈ ਕੌਣ ਜ਼ਿੰਮੇਵਾਰ ਸੀ ਜਿਨ੍ਹਾਂ ਦੀ ਬਦੌਲਤ ਜੰਗਲ ਵਿਚ ਕੰਡਿਆਂ ਦੀ ਝਿੱੜੀ ਉਗੀ? ਜੇਕਰ ਜੰਗਲ ਦਾ ਵਾਤਾਵਰਣ ਹੀ ਕੰਡਿਆਲੀਆਂ ਝਾੜੀਆਂ ਉਗਣ ਦੇ ਅਨੁਕੂਲ ਨਾ ਹੋਵੇ ਤਾਂ ਸ਼ਾਇਦ ਕੋਈ ਕੰਡਿਆਲੀ ਝਿੜੀ ਉਗ ਨਹੀਂ ਸਕਦੀ, ਭਾਵੇਂ ਕੋਈ ਕਿੰਨੇ ਬੀਜ ਖਲਾਰ ਲਵੇ। ਕਾਂਗਰਸ ਪਾਰਟੀ ਦੀ ਨਵੀਂ ਲੀਡਰਸ਼ਿਪ ਨੇ ਖ਼ੁਦ ਮੰਨ ਲਿਆ ਕਿ ਪੰਜਾਬ 'ਚ ਕੰਡਿਆਲੇ ਬੀਜ ਉਨ੍ਹਾਂ ਦੀ ਪੁਰਾਣੀ ਲੀਡਰਸ਼ਿਪ ਨੇ ਬੀਜੇ ਸਨ; ਭਾਵੇਂ ਬਹੁਤ ਸਾਰੇ ਲੋਕਾਂ ਦਾ ਖਿਆਲ ਹੈ ਕਿ ਕਾਂਗਰਸ ਦੀ ਨਵੀਂ ਲੀਡਰਸ਼ਿਪ ਅਜਿਹਾ ਸਿਰਫ਼ ਆਪਣਾ ਦਾਗਦਾਰ ਅਕਸ ਸਾਫ ਕਰਨ ਲਈ ਕਰ ਰਹੀ ਹੈ। ਬਾਵਜੂਦ ਇਸ ਦੇ, ਜੇ ਕਾਂਗਰਸ ਨੇ ਆਪਣੀ ਗਲਤੀ ਮੰਨਣ ਦਾ ਜੇਰਾ ਕੀਤਾ ਹੈ ਤਾਂ ਇਸ ਪਾਸੇ ਅਜੇ ਹੋਰ ਬਹੁਤ ਕੁਝ ਕਰਨ ਦੀ ਲੋੜ ਹੈ, ਨਹੀਂ ਤਾਂ ਪੰਜਾਬ ਦੀ ਜ਼ਰਖੇਜ਼ ਮਿੱਟੀ 'ਚ ਅਜੇ ਵੀ ਕੰਡਿਆਲੀਆਂ ਥੋਰਾਂ ਦੇ ਬੀਜ ਪਏ ਹਨ ਜੋ ਕਦੇ ਵੀ ਮੁੜ ਮੌਲ ਸਕਦੇ ਹਨ। ਇਸ ਦੇ ਨਾਲ ਇਹ ਵੀ ਸੋਚਣ ਦੀ ਲੋੜ ਹੈ ਕਿ ਜਿਹੋ-ਜਿਹੇ ਹਾਲਾਤ ਪੰਜਾਬ 'ਚ ਪੈਦਾ ਕੀਤੇ ਗਏ ਸਨ, ਉਸ ਦਾ ਕਿਸ ਨੂੰ ਕੀ ਫਾਇਦਾ ਤੇ ਕੀ ਨੁਕਸਾਨ ਹੋਇਆ?

ਆਜ਼ਾਦੀ ਤੋਂ ਪਹਿਲਾਂ ਕਾਂਗਰਸ ਆਜ਼ਾਦੀ ਹਾਸਲ ਕਰਨ ਵਾਲੀ ਸਮੂਹ ਭਾਰਤੀ ਲੋਕਾਂ ਦੀ ਲਹਿਰ ਸੀ। ਇਸ ਦੇ ਵੱਡੇ ਧੜੇ ਨੇ ਇਸ ਨੂੰ ਰਾਜਸੀ ਪਾਰਟੀ 'ਚ ਬਦਲ ਲਿਆ। ਪੰਜਾਬ ਦੇ ਬਹੁਤ ਸਾਰੇ ਸਿੱਖ ਇਸ ਪਾਰਟੀ ਦਾ ਹੀ ਹਿੱਸਾ ਬਣ ਗਏ ਪਰ ਸਿੱਖਾਂ ਦੇ ਇਕ ਹਿੱਸੇ ਨੇ ਵੀ ਕਾਂਗਰਸ ਵਾਂਗ ਪੰਜਾਬ 'ਚ ਗੁਰਦੁਆਰਾ ਸੁਧਾਰ ਲਹਿਰ ਦੀ ਉਪਜ ਅਕਾਲੀ ਦਲ ਨੂੰ ਰਾਜਸੀ ਪਾਰਟੀ 'ਚ ਬਦਲ ਲਿਆ। ਜਦੋਂ ਪੰਜਾਬ ਵਿਚ ਅਕਾਲੀ ਵੱਖਰੀ ਰਾਜਸੀ ਸ਼ਕਤੀ ਵਜੋਂ ਉਭਰਨ ਲਈ ਜਦੋਜਹਿਦ ਕਰ ਰਹੇ ਸਨ ਤਾਂ ਉਸ ਵਕਤ ਪੰਜਾਬ ਦੇ ਪਿੰਡਾਂ 'ਚ, ਜਾਂ ਕਹਿ ਲਵੋ ਸਿੱਖਾਂ ਵਿਚ ਜਿੰਨਾ ਕੁ ਆਧਾਰ ਅਕਾਲੀਆਂ ਦਾ ਸੀ, ਉਨਾ ਹੀ ਕਮਿਊਨਿਸਟਾਂ ਦਾ ਸੀ; ਸਗੋਂ ਕਮਿਊਨਿਸਟ ਬਾਕੀ ਦੇਸ਼ ਵਾਂਗ ਕਾਂਗਰਸ ਤੋਂ ਬਾਅਦ ਦੂਜੇ ਦਰਜੇ ਦੀ ਰਾਜਸੀ ਧਿਰ ਸੀ। ਕਾਂਗਰਸ ਤੇ ਕਮਿਊਨਿਸਟ ਦੋਵੇਂ ਧਿਰਾਂ ਉਸ ਵਕਤ ਆਪਣੇ ਰਾਜਸੀ ਪਿੜ ਹੋਰ ਮੋਕਲੇ ਕਰਨ ਲਈ ਅਕਾਲੀਆਂ ਨੂੰ ਨਾਲ ਗੰਢਣ ਲਈ ਉਪਰਾਲੇ ਕਰਦੀਆਂ ਸਨ। ਦੂਜੇ ਪਾਸੇ, ਜਨ ਸੰਘ (ਅੱਜ ਦੀ ਭਾਜਪਾ) ਵਾਲੇ ਸ਼ਹਿਰਾਂ 'ਚੋਂ ਨਿਕਲ ਕੇ ਪਿੰਡਾਂ 'ਚ ਪੈਰ ਪਸਾਰਨ ਲਈ ਇਕ ਪਾਸੇ ਤਾਂ ਅਕਾਲੀਆਂ ਨਾਲ ਰਾਜਸੀ ਭਾਈਵਾਲੀ ਦੀਆਂ ਗੱਲਾਂ ਕਰਦੇ ਸਨ, ਦੂਜੇ ਪਾਸੇ ਹਿੰਦੂ ਵੋਟਾਂ ਆਪਣੇ ਨਾਲ ਗੰਢਣ ਲਈ ਫਿਰਕਾਪ੍ਰਸਤੀ ਦਾ ਜ਼ਹਿਰ ਉਗਲ ਰਹੇ ਸਨ। ਮਰਦਮਸ਼ੁਮਾਰੀ 'ਚ ਹਿੰਦੂਆਂ ਨੂੰ ਆਪਣੀ ਮਾਤ ਭਾਸ਼ਾ ਪੰਜਾਬੀ ਦੀ ਥਾਂ ਹਿੰਦੀ ਲਿਖਵਾਉਣ ਲਈ ਕਹਿਣਾ ਇਸੇ ਵਰਤਾਰੇ ਦਾ ਹਿੱਸਾ ਸੀ ਪਰ ਪੰਜਾਬ 'ਚ ਕਾਂਗਰਸ ਅਤੇ ਕਮਿਊਨਿਸਟਾਂ ਤੋਂ ਸਿਵਾਏ ਕਿਸੇ ਹੋਰ ਰਾਜਸੀ ਧਿਰ ਦਾ ਆਧਾਰ ਨਹੀਂ ਸੀ।

ਮਰਹੂਮ ਸ. ਪ੍ਰਤਾਪ ਸਿੰਘ ਕੈਰੋਂ ਨੇ ਪੰਜਾਬ 'ਚ ਖੁਸ਼-ਹੈਸੀਅਤ ਨਾਂ ਦਾ ਨਵਾਂ ਟੈਕਸ ਲਾ ਕੇ ਲੋਕਾਂ ਦੀ ਨਾਰਾਜ਼ਗੀ ਸਹੇੜ ਲਈ। ਇਸ ਨਵੇਂ ਟੈਕਸ ਦੇ ਖ਼ਿਲਾਫ਼ ਕਮਿਊਟਿਸਟਾਂ ਨੇ ਪੰਜਾਬ 'ਚ ਮੋਰਚਾ ਲਾ ਦਿੱਤਾ। ਕਿਹਾ ਜਾਂਦਾ ਹੈ ਕਿ ਪੰਜਾਬ ਦੇ ਇਤਿਹਾਸ 'ਚ ਪਹਿਲੀ ਵਾਰ ਇੰਨਾ ਵੱਡਾ ਆਵਾਮੀ ਇਕੱਠ ਦੇਖਣ ਨੂੰ ਮਿਲਿਆ ਸੀ ਤੇ ਬਾਅਦ 'ਚ ਲੱਗਣ ਵਾਲਾ ਕੋਈ ਮੋਰਚਾ ਵੀ ਲੋਕਾਂ ਨੂੰ ਇੰਨੇ ਵੱਡੇ ਪੱਧਰ ਤੱਕ ਆਪਣੇ ਨਾਲ ਨਹੀਂ ਜੋੜ ਸਕਿਆ। ਮੋਰਚੇ ਦੀ ਅਪਾਰ ਸਫ਼ਲਤਾ ਤੋਂ ਬਾਅਦ ਪੰਜਾਬ ਦੇ ਕਮਿਊਨਿਸਟਾਂ ਨੇ ਆਪਣੀ ਕੇਂਦਰੀ ਲੀਡਰਸ਼ਿਪ ਦੇ ਕਹਿਣ 'ਤੇ ਮੋਰਚੇ ਤੋਂ ਝੱਬੇ ਬਾਅਦ ਹੋਈਆਂ ਗੁਰਦੁਆਰਾ ਚੋਣਾਂ 'ਚ ਕਾਂਗਰਸ ਨਾਲ ਸਮਝੌਤਾ ਕਰ ਲਿਆ। ਸਮਝੌਤਾ ਹੋਣ ਦੀ ਦੇਰ ਸੀ ਕਿ ਜਿਸ ਆਵਾਮ ਦੀ ਲਾਮਬੰਦੀ ਨੇ ਕਮਿਊਨਿਸਟਾਂ ਦਾ ਮੋਰਚਾ ਸਿਖਰ ਚਾੜ੍ਹਿਆ ਸੀ, ਕਮਿਊਨਿਸਟਾਂ ਤੋਂ ਨਿਰਾਸ਼ ਹੋ ਟੁੱਟ ਕੇ ਅਕਾਲੀਆਂ ਦੀ ਝੋਲੀ ਜਾ ਪਈ। ਕਮਿਊਨਿਸਟ ਉਸ ਵਕਤ ਦਾ ਖੁਰਿਆ ਆਧਾਰ ਆਪਣੇ ਨਾਲ ਮੁੜ ਲਾਮਬੰਦ ਨਾ ਕਰ ਸਕੇ। ਰਹਿੰਦੀ ਕਸਰ ਕਮਿਊਨਿਸਟ ਪਾਰਟੀ ਦੀ ਦੋਫਾੜ ਨੇ ਪੂਰੀ ਕਰ ਦਿੱਤੀ। ਕਮਿਊਨਿਸਟਾਂ ਦੇ ਸੱਜੀ (ਸੀ.ਪੀ.ਆਈ) ਅਤੇ ਖੱਬੀ (ਸੀ.ਪੀ.ਐਮ) ਧਿਰ 'ਚ ਵੰਡੇ ਜਾਣ ਤੋਂ ਬਾਅਦ ਅਕਾਲੀ ਪੰਜਾਬ 'ਚ ਕਮਿਊਨਿਸਟਾਂ ਦੇ ਬਦਲ ਵਜੋਂ ਵੱਡੀ ਖੇਤਰੀ ਰਾਜਸੀ ਧਿਰ ਵਜੋਂ ਉਭਰ ਕੇ ਸਾਹਮਣੇ ਆਏ।


ਕਾਂਗਰਸ ਜੋ ਕਦੇ ਕਮਿਊਨਿਸਟਾਂ ਖਿਲਾਫ਼ ਅਕਾਲੀਆਂ ਨੂੰ ਨਾਲ ਲੈ ਕੇ ਚੱਲਣ ਲਈ ਤਰਲੋਮੱਛੀ ਹੁੰਦੀ ਸੀ, ਹੁਣ ਉਸ ਵਿਚ ਦੋ ਧਿਰਾਂ ਬਣ ਗਈਆਂ-ਇਕ ਧਿਰ ਇਸ ਹੱਕ 'ਚ ਸੀ ਕਿ ਪੰਜਾਬ 'ਚ ਅਕਾਲੀਆਂ ਨੂੰ ਸਾਥ ਦਿੱਤਾ ਜਾਵੇ ਤੇ ਕੇਂਦਰ 'ਚ ਇਨ੍ਹਾਂ ਤੋਂ ਸਾਥ ਲਿਆ ਜਾਵੇ; ਪਰ ਦੂਜੀ ਧਿਰ ਇਸ ਗੱਲ ਦੀ ਵਕਾਲਤ ਕਰਦੀ ਸੀ ਕਿ ਪੰਜਾਬ 'ਚ ਅਕਾਲੀ ਸ਼ਕਤੀ ਨੂੰ ਖ਼ਤਮ ਕਰਕੇ ਪੰਜਾਬ ਵਿਚ ਵੀ ਕਾਂਗਰਸ ਰਾਜ-ਭਾਗ ਚਲਾਵੇ। ਇਸ ਧਿਰ 'ਚ ਜ਼ਿਆਦਾ ਉਹ ਲੀਡਰ ਸਨ ਜਿਹੜੇ ਕੇਂਦਰ 'ਚ ਚੰਗੀਆਂ ਪੁਜੀਸ਼ਨਾਂ ਹਾਸਲ ਨਹੀਂ ਕਰ ਸਕਦੇ ਸਨ। ਪੰਜਾਬ ਲਈ ਇਹ ਦੁਖਦਾਈ ਪਹਿਲੂ ਰਿਹਾ ਹੈ ਕਿ ਕਾਂਗਰਸ 'ਚ ਦੂਜੀ ਧਿਰ ਦਾ ਪਲੜਾ ਭਾਰੀ ਰਿਹਾ। ਇਸ ਧਿਰ ਦੇ ਦਬਾਅ ਥੱਲੇ ਹੀ ਬਹੁਤ ਵਾਰ ਪੰਜਾਬ 'ਚ ਅਕਾਲੀ ਸਰਕਾਰਾਂ ਤੋੜਨ-ਤੁੜਵਾਉਣ ਦਾ ਕੰਮ ਹੋਇਆ। ਜਦੋਂ ਕਾਂਗਰਸ ਨੇ ਅਕਾਲੀਆਂ ਨੂੰ ਕਮਜ਼ੋਰ ਕਰਨ ਲਈ ਚਾਲਾਂ ਚੱਲਣੀਆਂ ਸ਼ੁਰੂ ਕੀਤੀਆਂ ਤਾਂ ਅਕਾਲੀ ਪਾਰਟੀ, ਜਿਸ ਦਾ ਜਨਮ ਹੀ ਧਾਰਮਿਕ ਲਹਿਰ 'ਚੋਂ ਹੋਇਆ ਸੀ, ਨੇ ਆਪਣਾ ਵੋਟ ਆਧਾਰ ਮਜ਼ਬੂਤ ਕਰਨ ਲਈ ਇਸ ਨੂੰ ਇਕ ਧਰਮ ਦੇ ਖ਼ਿਲਾਫ਼ ਸਾਜ਼ਿਸ਼ ਐਲਾਨਣਾ ਸ਼ੁਰੂ ਕਰ ਦਿੱਤਾ ਤੇ ਉਨ੍ਹਾਂ ਅਕਾਲੀ ਪਾਰਟੀ ਨੂੰ ਪੰਜਾਬੀਆਂ ਦੀ ਘੱਟ ਅਤੇ ਸਿੱਖਾਂ ਦੀ ਰਾਜਸੀ ਪਾਰਟੀ ਬਣਾ ਲਿਆ। ਅਜਿਹੇ ਦੌਰ 'ਚ ਕਮਿਊਨਿਸਟਾਂ ਨੇ ਕਾਂਗਰਸ ਦੇ ਖ਼ਿਲਾਫ਼ ਕਈ ਵਾਰ ਅਕਾਲੀਆਂ ਦਾ ਹੱਥ ਫੜਿਆ ਤੇ ਕਈ ਵਾਰ ਛੱਡਿਆ ਪਰ ਕਿਹਾ ਜਾਂਦਾ ਕਿ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਅੰਤ ਤੱਕ ਅੰਦਰਖਾਤੇ ਅਕਾਲੀਆਂ ਦੇ ਵੱਡੇ ਸਲਾਹੂ ਰਹੇ। ਰਾਜਸੀ ਸੂਹ ਰੱਖਣ ਵਾਲੀਆਂ ਸਾਰੀਆਂ ਧਿਰਾਂ ਨੂੰ ਪਤਾ ਹੈ ਕਿ ਆਨੰਦਪੁਰ ਦਾ ਮਤਾ ਤਿਆਰ ਕਰਨ 'ਚ ਕਾਮਰੇਡ ਸੁਰਜੀਤ ਦਾ ਕਿੰਨਾ ਹੱਥ ਸੀ। ਸੀ.ਪੀ.ਐਮ. 'ਚ ਸੁਰਜੀਤ ਵਿਰੋਧੀ ਤਾਂ ਅਕਸਰ ਕਿਹਾ ਕਰਦੇ ਸਨ ਕਿ ਸੁਰਜੀਤ ਨੂੰ ਸੀ.ਪੀ.ਐਮ. ਦਾ ਘੱਟ ਫਿਕਰ ਹੈ, ਤੇ ਅਕਾਲੀ ਦਲ ਦਾ ਜ਼ਿਆਦਾ। ਉਸ ਦੇ ਹਮਾਇਤੀ ਇਹੋ ਕਹਿੰਦੇ ਸਨ ਕਿ ਅਜਿਹਾ ਉਹ ਕਾਂਗਰਸ ਨੂੰ ਠਿੱਬੀ ਲਾਉਣ ਲਈ ਹੀ ਕਰ ਰਹੇ ਸਨ ਪਰ ਪੰਜਾਬ ਦੇ ਕਮਿਊਨਿਸਟਾਂ ਦੇ ਅਜਿਹੇ ਕਈ ਹੋਰ ਰਾਜਸੀ ਧੋਬੀ ਪਟੜੇ ਵੀ ਪੰਜਾਬ ਦੇ ਮਾੜੇ ਦਿਨਾਂ ਲਈ ਜ਼ਿੰਮੇਵਾਰ ਹਨ।

ਸੱਤਰਵਿਆਂ ਤੋਂ ਪਹਿਲਾਂ ਕਾਂਗਰਸ, ਪੰਜਾਬ 'ਚ ਅਕਾਲੀਆਂ ਦਾ ਆਧਾਰ ਤਾਂ ਖੋਰਨਾ ਚਾਹੁੰਦੀ ਸੀ ਪਰ ਇਸ ਦੇ ਨਾਲ ਉਹ ਆਪਣੀ ਧਰਮ ਨਿਰਪੱਖ ਦਿੱਖ ਵੀ ਨਹੀਂ ਸੀ ਵਿਗਾੜਨੀ ਚਾਹੁੰਦੀ। ਇਸ ਲਈ ਉਸ ਨੇ ਸਮੇਂ-ਸਮੇਂ ਅਕਾਲੀਆਂ ਦੇ ਖ਼ਿਲਾਫ਼ 'ਸੰਤ ਸਿਆਸਤ' ਖੇਡੀ ਅਤੇ ਕਈ ਸੰਤਾਂ ਨੂੰ ਉਭਾਰਿਆ ਜੋ ਅਕਾਲੀਆਂ ਨੂੰ ਖੋਰਾ ਲਾ ਸਕਦੇ ਸਨ; ਜਿਵੇਂ ਕਦੇ ਅਕਾਲੀਆਂ ਦੀਆਂ ਜੜ੍ਹਾਂ ਲਾਉਣ ਵਾਲੇ ਮਾਸਟਰ ਤਾਰਾ ਸਿੰਘ ਦੇ ਖ਼ਿਲਾਫ਼ ਸੰਤ ਫਤਿਹ ਸਿੰਘ ਨੂੰ ਉਭਾਰਿਆ ਗਿਆ ਸੀ। ਕਮਿਊਨਿਸਟਾਂ ਦੀ ਕਿਸੇ ਵੀ ਧਿਰ ਨੇ ਕਾਂਗਰਸ ਦੀ 'ਸੰਤ ਸਿਆਸਤ' ਦਾ ਸਮੇਂ ਸਿਰ ਵਿਰੋਧ ਨਹੀਂ ਕੀਤਾ। ਸ਼ਾਇਦ ਉਹ ਸੋਚਦੇ ਸਨ ਕਿ ਜੇਕਰ ਸੰਤਾਂ ਦੇ ਜ਼ਰੀਏ ਅਕਾਲੀ ਕਮਜ਼ੋਰ ਹੁੰਦੇ ਹਨ ਤਾਂ ਉਸ ਦਾ ਫਾਇਦਾ ਕਮਿਊਨਿਸਟਾਂ ਨੂੰ ਹੋਵੇਗਾ, ਪਰ ਕਮਿਊਨਿਸਟਾਂ ਨੂੰ ਇਸ ਦਾ ਫਾਇਦਾ ਹੋਣ ਦੀ ਬਜਾਏ ਨੁਕਸਾਨ ਹੀ ਹੋਇਆ। ਕਮਿਊਨਿਸਟਾਂ ਨੇ ਜਦੋਂ ਕਾਂਗਰਸ ਦੀ 'ਸੰਤ ਸਿਆਸਤ' ਦਾ ਵਿਰੋਧ ਕਰਨਾ ਸ਼ੁਰੂ ਕੀਤਾ ਤਾਂ ਬਹੁਤ ਦੇਰ ਹੋ ਚੁੱਕੀ ਸੀ!


ਸੱਤਰਵਿਆਂ 'ਚ ਜਦੋਂ ਗਿਆਨੀ ਜ਼ੈਲ ਸਿੰਘ ਪੰਜਾਬ ਦੇ ਮੁੱਖ ਮੰਤਰੀ ਬਣੇ ਤਾਂ ਉਨ੍ਹਾਂ ਨੇ ਧਰਮ ਨੂੰ ਰਾਜਸੀ ਹਥਿਆਰ ਬਣਾ ਕੇ ਅਕਾਲੀਆਂ ਦੇ ਖ਼ਿਲਾਫ ਅਜਿਹਾ ਮੋਰਚਾ ਖੋਲ੍ਹਿਆ ਜਿਸ ਦੀ ਚਾਂਦਮਾਰੀ ਨੇ ਪੂਰੇ ਪੰਜਾਬ ਨੂੰ ਲਾਂਬੂ ਲਾ ਦਿੱਤੇ। ਹਮੇਸ਼ਾ ਵਿਕਾਸ ਦੀ ਗੱਲ ਕਰਨ ਵਾਲੀ ਕਾਂਗਰਸ ਪਾਰਟੀ ਅਜਿਹੇ ਧਾਰਮਿਕ ਕੰਮ ਕਰਨ ਤੁਰ ਪਈ, ਜਿਹੜੇ ਕਦੇ ਅਕਾਲੀਆਂ ਨੇ ਵੀ ਨਹੀਂ ਕੀਤੇ ਸਨ। ਆਨੰਦਪੁਰ ਛੱਡਣ ਤੋਂ ਬਾਅਦ ਜਿਸ ਰਸਤੇ ਤੋਂ ਗੁਰੂ ਗੋਬਿੰਦ ਸਿੰਘ ਨੰਦੇੜ ਵੱਲ ਗਏ ਸਨ, ਉਸ ਰਸਤੇ ਨੂੰ ਗੁਰੂ ਗੋਬਿੰਦ ਸਿੰਘ ਮਾਰਗ ਐਲਾਨ ਕੇ ਉਸ 'ਤੇ ਗੁਰਦੁਆਰਿਆਂ ਦੇ ਗੁੰਬਦਾਂ ਵਰਗੀਆਂ ਬੁਰਜੀਆਂ ਲਾਈਆਂ ਗਈਆਂ। ਰਸਤੇ 'ਚ ਆਉਣ ਵਾਲੇ ਪਿੰਡਾਂ ਵਿਚ ਵਿਸ਼ੇਸ਼ ਗੇਟ ਬਣਾਏ ਗਏ ਤੇ ਫਿਰ ਉਸ ਰਸਤੇ 'ਤੇ ਜਲੂਸ ਕਢਿਆ ਗਿਆ ਅਤੇ ਰਸਤੇ ਵਿਚ ਪੈਂਦੇ ਹਰ ਪਿੰਡ 'ਚ ਜਲਸਾ ਕੀਤਾ ਗਿਆ; ਇੱਥੋਂ ਤਕ ਕਿ ਜਲੂਸ 'ਚ ਸ਼ਾਮਲ ਘੋੜਿਆਂ ਬਾਰੇ ਪ੍ਰਚਾਰ ਕੀਤਾ ਗਿਆ ਕਿ ਇਹ ਕਾਬੁਲ ਤੋਂ ਲਿਆਂਦੇ ਗਏ ਹਨ ਅਤੇ ਇਹ ਉਸ ਨਸਲ ਦੇ ਘੋੜੇ ਹਨ ਜਿਹੜਾ ਘੋੜਾ ਗੁਰੂ ਗੋਬਿੰਦ ਸਿੰਘ ਹੁਰਾਂ ਦਾ ਸੀ। ਭੋਲੇ-ਭਾਲੇ ਲੋਕ ਇੰਨੇ ਜਜ਼ਬਾਤੀ ਹੋ ਗਏ ਕਿ ਉਹ ਗੁਰੂ ਗੋਬਿੰਦ ਸਿੰਘ ਦੇ ਘੋੜੇ ਸਮਝ ਕੇ ਉਨ੍ਹਾਂ ਦੀ ਲਿੱਦ ਹੀ ਘਰਾਂ ਨੂੰ ਲਿਜਾਣ ਲੱਗੇ।



ਇੰਦਰਾ ਗਾਂਧੀ




ਹਰਕਿਸ਼ਨ ਸਿੰਘ ਸੁਰਜੀਤ



ਦਰਬਾਰਾ ਸਿੰਘ



ਗਿਆਨੀ ਜ਼ੈਲ ਸਿੰਘ



ਸੰਤ ਜਰਨੈਲ ਸਿੰਘ

**ਕਾਮਰੇਡ ਸੁਰਜੀਤ ਨੇ ਇਸ ਮੋਰਚੇ 'ਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ ਪਰ ਉਸ ਨੇ ਅਕਾਲੀਆਂ ਤੋਂ ਇਸ ਨਾਲ ਕਈ ਹੋਰ ਆਰਥਿਕ ਮੰਗਾਂ ਵੀ ਨਾਲ ਜੁੜਵਾ ਲਈਆਂ। ਇਨ੍ਹਾਂ ਮੰਗਾਂ 'ਚ ਪੰਜਾਬ ਤੋਂ ਬਾਹਰ ਹਿਮਾਚਲ ਤੇ ਹਰਿਆਣਾ 'ਚ ਪੰਜਾਬੀ ਬੋਲਦੇ ਇਲਾਕੇ ਮੁੜ ਪੰਜਾਬ 'ਚ ਸ਼ਾਮਲ ਕਰਨ ਵਰਗੇ ਮੁੱਦੇ ਵੀ ਜੋੜੇ ਗਏ। ਇਹ ਅਜਿਹੇ ਮੁੱਦੇ ਸਨ ਜਿਹੜੇ ਪੰਜਾਬੀ ਸੂਬਾ ਬਣਨ ਵੇਲੇ ਆਪਣੇ ਰਾਜਸੀ ਮੁਫ਼ਾਦਾਂ ਕਾਰਨ ਅਕਾਲੀਆਂ ਨੇ ਪੰਜਾਬ ਨੂੰ ਸਿੱਖ ਬਹੁ-ਗਿਣਤੀ ਸੂਬਾ ਬਣਾਉਣ ਲਈ ਖੁਦ ਮੰਨੇ ਸਨ।**

ਦੱਸਿਆ ਗਿਆ ਕਿ ਇਹ ਸਭ ਗੁਰੂ ਗੋਬਿੰਦ ਸਿੰਘ ਦੀ ਯਾਦ ਤਾਜ਼ਾ ਕਰਨ ਲਈ ਹੋ ਰਿਹਾ ਹੈ, ਜਦ ਕਿ ਇਹ ਰਾਜਸੀ ਡਰਾਮੇ ਤੋਂ ਵੱਧ ਕੁਝ ਨਹੀਂ ਸੀ। ਗੁਰੂ ਸਾਹਿਬ ਦੀ ਯਾਦ ਤਾਂ ਪੰਜਾਬੀ ਮਨਾਂ 'ਚੋਂ ਨਾ ਕਦੇ ਮੱਧਮ ਹੋਈ ਹੈ, ਤੇ ਨਾ ਹੋ ਸਕਦੀ ਹੈ। ਉਪਰੰਤ ਗਿਆਨੀ ਜੀ ਮੁੱਖ ਮੰਤਰੀ ਹੁੰਦਿਆਂ ਹਰਿਮੰਦਰ ਸਾਹਿਬ 'ਚੋਂ ਗਾਰ ਕੱਢਣ ਦੀ ਕਾਰ ਸੇਵਾ 'ਚ ਹਿੱਸਾ ਲੈਣ ਗਏ। ਇਹ ਚੰਗੀ ਗੱਲ ਤਾਂ ਹੈ ਪਰ ਹਰਿਮੰਦਰ ਸਾਹਿਬ ਦੀ ਗਾਰ ਨਾਲ ਲਿੱਬੜੀ ਪੱਗ ਅਤੇ ਅਚਕਨ ਲੈ ਕੇ ਰਾਜਸੀ ਲਾਹਾ ਲੈਣ ਲਈ ਪੰਜਾਬ ਦੇ ਪਿੰਡਾਂ 'ਚ ਕਈ ਦਿਨਾਂ ਤੱਕ ਕਾਨਫਰੰਸਾਂ ਕਰਦੇ ਰਹੇ।

ਅਕਾਲੀਆਂ ਵੱਲੋਂ 'ਪੰਜਾਬ' ਨੂੰ 'ਪੰਜਾਬੀ ਸੂਬਾ' ਬਣਾ ਲੈਣ ਦੇ ਬਾਵਜੂਦ ਪੰਜਾਬ ਦਾ ਰਾਜ-ਭਾਗ ਨਹੀਂ ਮਿਲ ਰਿਹਾ ਸੀ ਜਿਸ ਕਾਰਨ ਉਹ ਪਹਿਲਾਂ ਹੀ ਕਾਫ਼ੀ ਨਿਰਾਸ਼ ਸਨ। ਗਿਆਨੀ ਜੀ ਵਲੋਂ ਹੋਏ ਧਾਰਮਿਕ ਹਮਲੇ ਤੋਂ ਅਕਾਲੀ ਹੋਰ ਨਿਰਾਸ਼ ਹੋ ਗਏ। ਜਦੋਂ ਕਾਂਗਰਸ ਪੰਜਾਬ 'ਚ ਧਰਮ ਦਾ ਸਹਾਰਾ ਲੈਣ ਲੱਗੀ ਤਾਂ ਅਕਾਲੀਆਂ ਨੇ ਪੰਜਾਬ ਦੇ ਵਿਕਾਸ ਦੇ ਅਤੇ ਆਰਥਿਕ ਮੁੱਦੇ ਉਭਾਰਨੇ ਸ਼ੁਰੂ ਕਰ ਦਿੱਤੇ। ਰਾਜਾਂ ਨੂੰ ਵੱਧ ਅਧਿਕਾਰ ਦੇਣ ਦਾ ਮੁੱਦਾ ਉਠਾਇਆ ਗਿਆ। ਰਾਜਸੀ ਮੁਹਾਜ਼ 'ਤੇ ਹਾਰ ਦੇਖਦਿਆਂ ਹੀ ਅਕਾਲੀਆਂ ਨੇ ਆਨੰਦਪੁਰ ਮਤਾ ਲਿਆਂਦਾ। ਐਮਰਜੈਂਸੀ ਤੋਂ ਬਾਅਦ ਪੂਰੇ ਦੇਸ਼ ਵਿਚ ਕਾਂਗਰਸ ਜਦ ਬੁਰੀ ਤਰ੍ਹਾਂ ਹਾਰ ਗਈ ਤਾਂ ਅਕਾਲੀਆਂ ਨੂੰ ਭਰਮ ਹੋ ਗਿਆ ਕਿ ਹੁਣ ਪੰਜਾਬ ਦਾ ਰਾਜ-ਭਾਗ ਸਦਾ ਲਈ ਉਨ੍ਹਾਂ ਨੂੰ ਮਿਲ ਗਿਆ ਤੇ ਉਨ੍ਹਾਂ ਅਨੰਦਪੁਰ ਦਾ ਮਤਾ ਠੰਢੇ ਬਸਤੇ 'ਚ ਪਾ ਦਿੱਤਾ ਪਰ ਕੇਂਦਰ ਵਿਚ ਕਾਂਗਰਸ ਦੇ ਖ਼ਿਲਾਫ਼ ਬਣੀ ਰਾਜਸੀ ਖਿੱਚੜੀ ਖਿੱਲਰ ਗਈ। ਕਾਂਗਰਸ ਸੱਤਾ 'ਤੇ ਮੁੜ ਕਾਬਜ਼ ਹੋ ਗਈ ਅਤੇ ਇਸ ਨੇ ਸੂਬਾਈ ਸਰਕਾਰਾਂ 'ਤੇ ਕਬਜ਼ੇ ਲਈ ਹਰ ਸੂਬੇ 'ਚ ਵੱਖੋ-ਵੱਖਰਾ ਪੈਂਤੜਾ ਸ਼ੁਰੂ ਕੀਤਾ। ਪੰਜਾਬ 'ਚ ਮੁੜ ਅਕਾਲੀਆਂ ਦੇ ਖ਼ਿਲਾਫ਼ 'ਸੰਤ ਸਿਆਸਤ' ਖੇਡੀ ਗਈ। ਪੰਜਾਬ 'ਚ ਅਜਿਹੇ ਸੰਤ ਨੂੰ ਉਭਾਰਿਆ ਗਿਆ ਜਿਸ ਦਾ ਨਾ ਮੌਜੂਦਾ ਕਾਂਗਰਸ ਲੀਡਰਸ਼ਿਪ ਪ੍ਰਚਾਰ ਰਹੀ ਹੈ ਅਤੇ ਨਾ ਆਪਣੇ ਪਾਰਟੀ ਇਤਿਹਾਸ 'ਚ ਸ਼ਾਮਲ ਕੀਤਾ ਹੈ। ਇਹ 'ਸੰਤ ਸਿਆਸਤ' ਉਦੋਂ ਖੇਡੀ ਜਾ ਰਹੀ ਸੀ ਜਦੋਂ ਪੰਜਾਬ 'ਚ ਅਕਾਲੀ ਸਰਕਾਰ ਭੰਗ ਕਰਕੇ ਚੋਣਾਂ ਦੀ ਤਿਆਰੀ ਹੋ ਰਹੀ ਸੀ। ਇੰਦਰਾ ਗਾਂਧੀ ਨੇ ਮੁੜ ਸੱਤਾ 'ਚ ਆ ਕੇ ਵਿਕਾਸ ਦੀ ਨਾਅਰੇਬਾਜ਼ੀ ਕਰਨੀ ਸ਼ੁਰੂ ਕਰ ਦਿੱਤੀ। ਹਰਿਆਣੇ 'ਚ ਆਪਣੀ ਪੈਂਠ ਬਣਾਉਣ, ਖਾਸ ਕਰਕੇ ਹਰਿਆਣੇ ਦੇ ਸਿੱਖਾਂ ਨੂੰ ਨਾਲ ਜੋੜਨ ਲਈ ਨਵੀਂ ਨਹਿਰ ਬਣਾਉਣ ਦਾ ਐਲਾਨ ਕਰ ਦਿੱਤਾ। ਦੂਜੇ ਪਾਸੇ, ਅਕਾਲੀਆਂ ਨੂੰ ਪੰਜਾਬ ਦੀ ਕਿਸਾਨੀ ਨੂੰ ਭਰਮਾਉਣ ਦਾ ਮੌਕਾ ਮਿਲ ਗਿਆ। ਉਨ੍ਹਾਂ ਰਿਪੇਰੀਅਨ ਸੂਬੇ ਦੀ ਗੱਲ ਕਰਦਿਆਂ ਪੰਜਾਬ 'ਚ ਵਗਦੇ ਪਾਣੀ ਨੂੰ ਮੁਫ਼ਤ 'ਚ ਬਾਹਰ ਲੈ ਜਾਣ ਦੇ ਖ਼ਿਲਾਫ਼ ਮੋਰਚਾ ਲਾਉਣ ਦਾ ਐਲਾਨ ਕਰ ਦਿੱਤਾ। ਪੰਜਾਬ ਦੀ ਕਿਸਾਨੀ 'ਚ ਕਾਂਗਰਸ ਅਤੇ ਅਕਾਲੀਆਂ ਤੋਂ ਬਾਅਦ ਮਾਰਕਸੀ ਕਮਿਊਨਿਸਟ ਪਾਰਟੀ ਦਾ ਵੱਡਾ ਆਧਾਰ ਸੀ। ਮਾਰਕਸੀਆਂ ਨੂੰ ਲੱਗਾ ਕਿ ਜੇਕਰ ਉਹ ਨਾ ਬੋਲੇ ਤਾਂ ਪਹਿਲਾਂ ਹੀ ਕਿਸਾਨੀ 'ਚ ਘੱਟ ਰਿਹਾ ਆਧਾਰ ਹੋਰ ਘਟ ਜਾਵੇਗਾ। ਕਾਮਰੇਡ ਸੁਰਜੀਤ ਨੇ ਇਸ ਮੋਰਚੇ 'ਚ ਸ਼ਾਮਲ ਹੋਣ ਦਾ ਐਲਾਨ ਕਰਦਿਆਂ ਅਕਾਲੀਆਂ ਤੋਂ ਇਸ ਨਾਲ ਕਈ ਹੋਰ ਆਰਥਿਕ ਮੰਗਾਂ ਵੀ ਜੁੜਵਾ ਲਈਆਂ। ਇਨ੍ਹਾਂ ਮੰਗਾਂ 'ਚ ਪੰਜਾਬ ਤੋਂ ਬਾਹਰ ਹਿਮਾਚਲ ਤੇ ਹਰਿਆਣਾ 'ਚ ਪੰਜਾਬੀ ਬੋਲਦੇ ਇਲਾਕੇ ਮੁੜ ਪੰਜਾਬ 'ਚ ਸ਼ਾਮਲ ਕਰਨ ਵਰਗੇ ਮੁੱਦੇ ਵੀ ਸ਼ਾਮਲ ਸਨ। ਇਹ ਅਜਿਹੇ ਮੁੱਦੇ ਸਨ ਜਿਹੜੇ ਪੰਜਾਬੀ ਸੂਬਾ ਬਣਨ ਵੇਲੇ ਆਪਣੇ ਰਾਜਸੀ ਮੁਫ਼ਾਦ ਕਾਰਨ ਅਕਾਲੀਆਂ ਨੇ ਪੰਜਾਬ ਨੂੰ ਸਿੱਖ ਬਹੁ-ਗਿਣਤੀ ਸੂਬਾ ਬਣਾਉਣ ਲਈ ਖੁਦ ਮੰਨੇ ਸਨ। ਮਾਲਵੇ ਵਿਚ ਮੁਜਾਰਾ ਘੋਲ ਜਿੱਤਣ ਕਰਕੇ ਭਾਰਤੀ ਕਮਿਊਨਿਸਟ ਪਾਰਟੀ ਦਾ ਇਹ ਗੜ੍ਹ ਸੀ। ਉਨ੍ਹਾਂ ਸੋਚਿਆ ਕਿ ਇਸ ਮੋਰਚੇ ਨਾਲ ਉਨ੍ਹਾਂ ਦੇ ਮਾਲਵੇ ਵਿਚਲੇ ਆਧਾਰ ਨੂੰ ਕੋਈ ਫ਼ਰਕ ਨਹੀਂ ਪੈਣਾ, ਦੂਜਾ ਉਨ੍ਹਾਂ ਦੀ ਅੱਧੀ ਕੁ ਲੀਡਰਸ਼ਿਪ ਕਾਂਗਰਸ ਨਾਲ ਪੂਰੀ ਤਰ੍ਹਾਂ ਸਹਿਮਤ ਸੀ। ਇਸ ਸਹਿਮਤ ਧੜੇ ਦੇ ਹੀ ਇਕ ਹਿੱਸੇ ਨੇ ਬਾਅਦ 'ਚ ਯੂਨਾਈਟਿਡ ਕਮਿਊਨਿਸਟ ਪਾਰਟੀ ਬਣਾਈ ਜਿਸ ਦੀ ਦੱਖਣੀ ਰਾਜਾਂ 'ਚ ਕਾਂਗਰਸ ਨਾਲ ਭਾਈਵਾਲੀ ਹੈ।

ਇਸ ਸਮੁੱਚੇ ਵਰਤਾਰੇ ਦੌਰਾਨ ਪੰਜਾਬ ਵਿਚ ਪਹਿਲਾਂ ਹੀ ਕਮਜ਼ੋਰ ਭਾਜਪਾ ਹੱਥੋਂ ਸ਼ਹਿਰੀ ਹਿੰਦੂ ਵੋਟ ਖੁੱਸਣ ਲੱਗਾ ਤਾਂ ਉਨ੍ਹਾਂ ਪੰਜਾਬ 'ਚ ਅਜਿਹੀ ਫਿਰਕੂ ਬਿਆਨਬਾਜ਼ੀ ਸ਼ੁਰੂ ਕਰ ਦਿੱਤੀ ਜਿਸ ਨੇ ਪੰਜਾਬ ਦੀ ਫਿਜ਼ਾ 'ਚ ਫਿਰਕੂ ਜ਼ਹਿਰ ਹੋਰ ਗਾੜ੍ਹੀ ਕਰ ਦਿੱਤੀ। ਉਸ ਵਕਤ ਤਾਂ ਭਾਜਪਾ ਨੇ ਹੱਦ ਹੀ ਮੁਕਾ ਦਿੱਤੀ ਸੀ, ਜਦੋਂ ਇਸ ਦੇ ਲੀਡਰ ਕਹਿ ਰਹੇ ਸਨ ਕਿ ਪੰਜਾਬ 'ਚ ਸਰਹੱਦ ਨਾਲ ਲਗਦੇ 14 ਕਿਲੋਮੀਟਰ ਦੇ ਘੇਰੇ 'ਚ ਸਭ ਪਿੰਡ ਉਜਾੜ ਕੇ ਉਥੇ ਸਰਹੱਦੀ ਪੱਟੀ ਬਣਾ ਦਿੱਤੀ ਜਾਵੇ। ਅਕਾਲੀਆਂ ਨੇ ਮੋਰਚਾ ਸ਼ੁਰੂ ਕਰਨ ਤੋਂ ਪਹਿਲਾਂ ਕਈ ਅਜਿਹੀਆਂ ਬੱਜਰ ਗਲਤੀਆਂ ਕੀਤੀਆਂ ਜਿਸ ਦਾ ਨੁਕਸਾਨ ਅਕਾਲੀਆਂ ਨੂੰ ਤਾਂ ਹੋਣਾ ਹੀ ਸੀ, ਸਗੋਂ ਸਮੁੱਚਾ ਪੰਜਾਬ ਲਹੂ-ਲੁਹਾਣ ਹੋਇਆ। ਮਸਲਨ, ਨਿਰੰਕਾਰੀ ਕਾਂਡ 1978 'ਚ ਅਕਾਲੀਆਂ ਦੇ ਰਾਜ-ਭਾਗ 'ਚ ਹੋਇਆ। ਜੇਕਰ ਅਕਾਲੀ ਸਰਕਾਰ ਨੇ ਨਿਰੰਕਾਰੀ ਮੰਡਲ ਨੂੰ ਅੰਮ੍ਰਿਤਸਰ 'ਚ ਧਾਰਮਿਕ ਇਕੱਠ ਕਰਨ ਲਈ ਇਸ ਲਈ ਇਜਾਜ਼ਤ ਦਿੱਤੀ ਕਿ ਇਹ ਉਨ੍ਹਾਂ ਦਾ ਸੰਵਿਧਾਨਿਕ ਹੱਕ ਹੈ, ਤਾਂ ਉਥੇ ਸੁਰੱਖਿਆ ਦੇ ਪੁਖਤਾ ਬੰਦੋਬਸਤ ਕਰਨ ਦੀ ਜ਼ਿੰਮੇਵਾਰੀ ਵੀ ਤਾਂ ਸਰਕਾਰ ਦੀ ਸੀ ਕਿਉਂਕਿ ਸਿੱਖਾਂ ਅਤੇ ਨਿਰੰਕਾਰੀ ਮੰਡਲ ਦੇ ਇਕ ਧੜੇ ਵਿਚਕਾਰ ਲੰਮੇ ਸਮੇਂ ਤੋਂ ਵਿਵਾਦ ਚਲਿਆ ਆ ਰਿਹਾ ਸੀ। ਭਾਣਾ ਵਰਤਣ ਤੋਂ ਬਾਅਦ ਅਦਾਲਤ 'ਚ ਨਿਰੰਕਾਰੀ ਬਰੀ ਹੋ ਗਏ ਪਰ ਅਕਾਲੀ ਸਰਕਾਰ ਜਾਂ ਪਾਰਟੀ ਨੇ ਅੱਜ ਤੱਕ ਲੋਕਾਂ ਨੂੰ ਸਪੱਸ਼ਟ ਨਹੀਂ ਕੀਤਾ ਕਿ ਨਿਰੰਕਾਰੀਆਂ ਦੇ ਬਰੀ ਹੋਣ ਪਿੱਛੇ ਕਿਹੜੇ ਕਾਰਨ ਅਤੇ ਕਾਨੂੰਨੀ


(ਅਗਲੇ ਸਫੇ 'ਤੇ ਜਾਰੀ)

ਨੁਕਤੇ ਸਨ? ਅਕਾਲੀਆਂ ਨੇ ਇਸ ਸਾਰੇ ਕਾਂਡ ਨਾਲ ਦੋਹਰੀ ਨੀਤੀ ਅਪਨਾਈ ਰੱਖੀ।

ਅਕਾਲੀਆਂ ਦੀ ਇਹੀ ਦੋਹਰੀ ਨੀਤੀ ਬਾਅਦ 'ਚ ਉਨ੍ਹਾਂ ਖ਼ਿਲਾਫ਼ ਹਥਿਆਰ ਬਣੀ। 1980 ਦੀਆਂ ਚੋਣਾਂ 'ਚ ਅਕਾਲੀ ਸੱਤਾ ਤੋਂ ਬਾਹਰ ਹੋ ਗਏ ਤੇ ਪੰਜਾਬ 'ਚ ਕਾਂਗਰਸ ਦੀ ਸਰਕਾਰ ਬਣੀ। ਦੁਆਬੇ 'ਚ ਪਹਿਲੀ ਵਾਰ ਗਿਆਨੀ ਜ਼ੈਲ ਸਿੰਘ ਦਾ ਰਾਜਸੀ ਸ਼ਰੀਕ ਦਰਬਾਰਾ ਸਿੰਘ ਬਣਿਆ ਮੁੱਖ ਮੰਤਰੀ। ਕਾਂਗਰਸ ਦੀ ਕੇਂਦਰੀ ਟੀਮ ਦਾ ਇਕ ਧੜਾ ਗਿਆਨੀ ਜ਼ੈਲ ਸਿੰਘ ਰਾਹੀਂ ਅਕਾਲੀਆਂ ਨੂੰ ਥੱਲੇ ਲਾਈ ਰੱਖਣਾ ਚਾਹੁੰਦਾ ਸੀ ਪਰ ਜ਼ੈਲ ਸਿੰਘ ਇਸ ਦੇ ਨਾਲ ਹੀ ਦਰਬਾਰਾ ਸਿੰਘ ਨੂੰ ਨਖਿੱਧ ਮੁੱਖ ਮੰਤਰੀ ਵੀ ਸਾਬਤ ਕਰਨਾ ਚਾਹੁੰਦਾ ਸੀ। ਇਸੇ ਸਾਲ ਹੋਈਆਂ ਗੁਰਦੁਆਰਾ ਚੋਣਾਂ 'ਚ ਕਾਂਗਰਸ ਨੇ 'ਸੰਤ ਸਿਆਸਤ' ਖੇਡੀ। ਇਨ੍ਹਾਂ ਚੋਣਾਂ ਵਿਚ ਦਮਦਮੀ

ਵੱਖਰੀ ਜਥੇਬੰਦੀ ਨਿਕਲੀ।

ਦੂਜੇ ਪਾਸੇ, ਪੰਜਾਬ 'ਚ ਕਾਂਗਰਸ ਸਰਕਾਰ ਬਣਨ ਉਪਰੰਤ ਸ੍ਰੀਮਤੀ ਇੰਦਰਾ ਗਾਂਧੀ ਨੇ ਨਹਿਰ ਬਣਾਉਣ ਲਈ ਪਟਿਆਲਾ ਜ਼ਿਲ੍ਹੇ ਦੇ ਕਪੂਰੀ ਪਿੰਡ ਵਿਚ ਨੀਂਹ ਪੱਥਰ ਰੱਖਣ ਦਾ ਐਲਾਨ ਕੀਤਾ। ਉਧਰ, ਅਕਾਲੀਆਂ ਅਤੇ ਸੀ.ਪੀ.ਐਮ. ਨੇ ਇਸ ਦੇ ਖ਼ਿਲਾਫ਼ ਮੋਰਚਾ ਲਾ ਦਿੱਤਾ। ਕਾਮਰੇਡਾਂ ਅਤੇ ਅਕਾਲੀਆਂ ਦੇ ਏਕੇ ਨੇ ਸ਼ਾਂਤ ਰਹਿੰਦਿਆਂ ਜੇਲ੍ਹਾਂ ਭਰਨੀਆਂ ਸ਼ੁਰੂ ਕਰ ਦਿੱਤੀਆਂ। ਇਹ ਮੋਰਚਾ ਕੁਝ ਮੰਗਾਂ ਨੂੰ ਛੱਡ ਕੇ ਨਿਰਾ-ਪੁਰਾ ਆਰਥਿਕ ਮੰਗਾਂ ਨੂੰ ਲੈ ਕੇ ਚੱਲ ਰਿਹਾ ਸੀ। ਕੇਂਦਰੀ ਕਾਂਗਰਸ ਇਸ ਮੋਰਚੇ ਨੂੰ ਲਮਕਾ ਕੇ ਫੇਲ੍ਹ ਕਰਨ ਦੀ ਨੀਤੀ ਰੱਖਦੀ ਸੀ ਤੇ ਦੂਜਾ ਅਕਾਲੀਆਂ ਅਤੇ ਕਮਿਊਨਿਸਟਾਂ ਦਾ ਇਕੱਠ ਤੋੜਨਾ ਚਾਹੁੰਦੀ ਸੀ। ਇਸ ਨੀਤੀ ਤਹਿਤ ਸੰਤ ਜਰਨੈਲ ਸਿੰਘ


ਗੁਰਚਰਨ ਸਿੰਘ ਟੌਹੜਾ


ਹਰਚੰਦ ਸਿੰਘ ਲੌਂਗੋਵਾਲ


ਜਗਜੀਤ ਸਿੰਘ ਚੌਹਾਨ

ਟਕਸਾਲ ਨੇ ਅਕਾਲੀ ਦਲ ਦੇ ਖ਼ਿਲਾਫ਼ ਆਪਣੇ ਬੰਦੇ ਖੜ੍ਹੇ ਕੀਤੇ। ਕਾਂਗਰਸ ਨੇ ਖੁੱਲ੍ਹੇ ਰੂਪ 'ਚ ਦਮਦਮੀ ਟਕਸਾਲ ਦੇ ਬੰਦਿਆਂ ਦੀ ਮਦਦ ਕੀਤੀ ਅਤੇ ਨਿਰੰਕਾਰੀ ਕਾਂਡ ਨੂੰ ਮੁੱਖ ਮੁੱਦਾ ਬਣਾਇਆ। ਵਿਦਿਆਰਥੀ ਆਗੂ ਭਾਈ ਅਮਰੀਕ ਸਿੰਘ ਨੇ ਜਥੇਦਾਰ ਜੀਵਨ ਸਿੰਘ ਉਮਰਾਨੰਗਲ ਖ਼ਿਲਾਫ਼ ਚੋਣ ਲਈ। ਅਕਾਲੀਆਂ ਨੇ ਦਮਦਮੀ ਟਕਸਾਲ ਦਾ ਪ੍ਰਚਾਰ ਥੰਮ੍ਹਣ ਲਈ ਨਿਰੰਕਾਰੀ ਕਾਂਡ 'ਚ ਮਾਰੇ ਗਏ ਅਖੰਡ ਕੀਰਤਨੀ ਜਥੇ ਦੇ ਆਗੂ ਭਾਈ ਫੌਜਾ ਸਿੰਘ ਦੀ ਪਤਨੀ ਬੀਬੀ ਅਮਰਜੀਤ ਕੌਰ ਨੂੰ ਨਾਲ ਜੋੜਿਆ ਤੇ ਐਲਾਨ ਕਰ ਦਿੱਤਾ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨਿਰੰਕਾਰੀ ਕਾਂਡ ਦੇ ਸ਼ਹੀਦਾਂ ਦਾ ਨਾਂ ਵਰਤ ਕੇ ਪ੍ਰਸਿੱਧੀ ਹਾਸਲ ਕਰ ਰਹੇ ਹਨ; ਜੇਕਰ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਇੰਨਾ ਹੀ ਦਰਦ ਸੀ ਤਾਂ ਉਹ ਉਸ ਵਕਤ ਘਟਨਾ ਵਾਲੀ ਥਾਂ ਕਿਉਂ ਨਹੀਂ ਗਏ? ਜਦੋਂ ਇਹ ਭਾਣਾ ਵਾਪਰਿਆ ਸੀ ਤਾਂ ਉਹ ਉਦੋਂ ਸ੍ਰੀ ਹਰਿਮੰਦਰ ਸਾਹਿਬ ਵਿਚ ਸਨ। ਇਸ ਬਿਆਨ ਤੋਂ ਪਰਪੱਕ ਸਿੱਖ ਮੁੜ ਅਕਾਲੀਆਂ ਦੇ ਹੱਕ 'ਚ ਭੁਗਤੇ ਅਤੇ ਗੁਰਦੁਆਰਾ ਚੋਣਾਂ 'ਚ ਅਕਾਲੀ ਪੂਰੀ ਤਰ੍ਹਾਂ ਜਿੱਤੇ ਤੇ ਪ੍ਰਧਾਨ ਬਣੇ ਗੁਰਚਰਨ ਸਿੰਘ ਟੌਹੜਾ। ਇਨ੍ਹਾਂ ਚੋਣਾਂ ਦੌਰਾਨ ਦਮਦਮੀ ਟਕਸਾਲ ਅਤੇ ਅਖੰਡ ਕੀਰਤਨੀ ਜਥੇ 'ਚ ਦੂਰੀਆਂ ਵਧ ਗਈਆਂ। ਇਕ ਸਮਾਂ ਅਜਿਹਾ ਵੀ ਆਇਆ ਜਦੋਂ ਦੋਵਾਂ ਧਿਰਾਂ 'ਚ ਤਣਾਅ ਕਾਫੀ ਵਧ ਗਿਆ ਸੀ। ਖਾੜਕੂਵਾਦ ਦੇ ਸ਼ੁਰੂਆਤੀ ਦੌਰ ਵਿਚ ਹੀ ਅਖੰਡ ਕੀਰਤਨੀ ਜਥੇ 'ਚੋਂ ਬੱਬਰਾਂ ਦੀ

ਭਿੰਡਰਾਂਵਾਲਿਆਂ ਤੋਂ ਆਰਥਿਕ ਮੋਰਚੇ ਦੇ ਮੁਕਾਬਲੇ ਅੰਮ੍ਰਿਤਸਰ ਤੋਂ ਨਿਰੋਲ ਧਾਰਮਿਕ ਮੰਗਾਂ ਨੂੰ ਲੈ ਮੋਰਚਾ ਸ਼ੁਰੂ ਕਰਵਾਇਆ ਗਿਆ ਅਤੇ ਅੱਜ ਦੀ ਕਾਂਗਰਸ ਲੀਡਰਸ਼ਿਪ ਇਸ ਦੀ ਜ਼ਿੰਮੇਵਾਰੀ ਲੈ ਰਹੀ ਹੈ। ਜਦੋਂ ਧਰਮ ਨੂੰ ਖ਼ਤਰੇ ਦਾ ਨਾਅਰਾ ਦਿੱਤਾ ਗਿਆ ਤਾਂ ਭੋਲੇ-ਭਾਲੇ ਲੋਕ ਆਰਥਿਕ ਮੰਗਾਂ ਵਾਲਾ ਮੋਰਚਾ ਛੱਡ ਕੇ ਧਾਰਮਿਕ ਮੋਰਚੇ ਨਾਲ ਜੁੜਨੇ ਸ਼ੁਰੂ ਹੋ ਗਏ। ਅਕਾਲੀਆਂ ਨੂੰ ਲੱਗਾ ਕਿ ਉਨ੍ਹਾਂ ਦਾ ਮੋਰਚਾ ਠੁੱਸ ਹੁੰਦਾ ਜਾ ਰਿਹਾ ਹੈ, ਉਨ੍ਹਾਂ ਉਹੀ ਕੁਝ ਕਰ ਦਿੱਤਾ ਜੋ ਕਾਂਗਰਸ ਉਨ੍ਹਾਂ ਤੋਂ ਕਰਵਾਉਣਾ ਚਾਹੁੰਦੀ ਸੀ। ਉਨ੍ਹਾਂ ਸੰਤ ਭਿੰਡਰਾਂਵਾਲਿਆਂ ਦੇ ਮੋਰਚੇ ਨੂੰ ਆਪਣੇ ਨਾਲ ਮਿਲਾ ਲਿਆ ਜਿਸ ਕਾਰਨ ਕਮਿਊਨਿਸਟ, ਅਕਾਲੀਆਂ ਨਾਲ ਨਾਰਾਜ਼ ਹੋ ਗਏ ਅਤੇ ਨਾਲ ਹੀ ਉਹ ਮੋਰਚੇ ਤੋਂ ਵੱਖ ਹੋ ਗਏ। ਸੰਤ ਜੀਵਨ ਸਿੰਘ ਉਮਰਾਨੰਗਲ ਵਰਗੇ ਕਈ ਹੋਰ ਅਕਾਲੀ ਵੀ ਨਾਰਾਜ਼ ਹੋ ਗਏ। ਜਥੇਦਾਰ ਜਗਦੇਵ ਸਿੰਘ ਤਲਵੰਡੀ ਨੇ ਵੱਖਰਾ ਅਕਾਲੀ ਦਲ ਬਣਾ ਲਿਆ। ਤਲਵੰਡੀ ਨੂੰ ਤਾਂ ਬਾਅਦ 'ਚ ਹਰਚੰਦ ਸਿੰਘ ਲੌਂਗੋਵਾਲ ਨੇ ਮਨਾ ਲਿਆ ਪਰ ਸੰਤ ਉਮਰਾਨੰਗਲ ਕਦੇ ਰਾਜ਼ੀ ਨਾ ਹੋਇਆ। ਇਸੇ ਦੌਰਾਨ ਕਮਿਊਨਿਸਟ ਪਿਛੋਕੜ ਵਾਲੇ ਅਤੇ ਪੰਜਾਬ ਦੀ ਸਿਆਸਤ 'ਚ ਫੇਲ੍ਹ ਹੋ ਚੁੱਕੇ ਸਾਬਕਾ ਐਮ.ਐਲ.ਏ. ਤੇ ਐਮ.ਪੀ. ਡਾ. ਜਗਜੀਤ ਸਿੰਘ ਚੌਹਾਨ ਨੇ ਵਿਦੇਸ਼ਾਂ 'ਚ ਜਾ ਕੇ ਖਾਲਿਸਤਾਨ ਦਾ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਕਿਹਾ ਜਾਂਦਾ ਹੈ ਕਿ ਇਹ ਸਭ ਕੁਝ ਵੀ ਕਾਂਗਰਸ ਹੀ ਕਰਵਾ ਰਹੀ ਸੀ ਪਰ ਇਹ ਗੱਲ ਸੋਚਣ ਵਾਲੀ ਹੈ ਕਿ ਜਦੋਂ ਪਹਿਲੀ ਵਾਰ ਡਾ. ਚੌਹਾਨ ਨੇ ਦੁਨੀਆਂ ਭਰ ਦੇ ਮਹਿੰਗੇ ਮੀਡੀਏ 'ਚ ਖਾਲਿਸਤਾਨ ਦੇ ਹੱਕ 'ਚ ਲੱਖਾਂ ਡਾਲਰਾਂ ਦੇ ਇਸ਼ਤਿਹਾਰ ਛਪਵਾਏ ਸਨ ਤਾਂ ਉਹ ਪੈਸਾ ਕਿੱਥੋਂ ਆਇਆ ਸੀ? ਇਕ ਸਮਾਂ ਅਜਿਹਾ ਆਇਆ ਜਦੋਂ ਮੋਰਚੇ ਦਾ ਕੰਟਰੋਲ ਅਕਾਲੀਆਂ ਹੱਥੋਂ ਖਿਸਕਣ ਲੱਗਾ ਤੇ ਸ਼ਾਂਤਮਈ ਅੰਦੋਲਨ ਫਿਰਕੂ ਅਤੇ ਖਾੜਕੂ ਲਹਿਰ 'ਚ ਵੱਟਣ ਲੱਗ ਪਿਆ। ਜਦੋਂ ਪੰਜਾਬ 'ਚ ਇਹ ਸਭ ਕੁਝ ਚੱਲ ਰਿਹਾ ਸੀ ਤਾਂ ਕੌਮਾਂਤਰੀ ਸਿਆਸੀ ਪਿੜ 'ਚ ਚੱਲ ਰਿਹਾ ਸੀਤ ਯੁੱਧ ਆਪਣੇ ਸਿਖਰ ਦੇ ਅਖਰੀ ਪੜਾਅ 'ਤੇ ਸੀ। ਸਾਬਕਾ ਸੋਵੀਅਤ ਸੰਘ ਅਤੇ ਅਮਰੀਕੀ ਬਲਾਕ ਇਕ-ਦੂਜੇ ਨੂੰ ਸੁੱਟਣ ਲਈ ਪੂਰਾ ਟਿੱਲ ਲਾ ਰਹੇ ਸਨ। ਪਾਕਿਸਤਾਨ, ਸੋਵੀਅਤ ਸੰਘ ਅਤੇ ਚੀਨ ਸਮੇਤ ਕਈ ਹੋਰ ਅਹਿਮ ਦੇਸ਼ਾਂ ਦਾ ਖੁਫ਼ੀਆ ਤਾਣਾ-ਬਾਣਾ ਪੰਜਾਬ 'ਚ ਸਰਗਰਮ ਹੋ ਗਿਆ।

ਇਸ ਤੋਂ ਬਾਅਦ ਜੋ ਕੁਝ ਪੰਜਾਬ 'ਚ ਹੋਇਆ, ਇਕ ਦਹਾਕੇ ਦੀ ਪੀੜ੍ਹੀ ਨੂੰ ਛੱਡ ਕੇ ਸਮੁੱਚੇ ਪੰਜਾਬੀ ਉਸ ਦੇ ਚਸ਼ਮਦੀਦ ਗਵਾਹ ਵੀ ਹਨ ਅਤੇ ਫੱਟ ਖਾਣ ਵਾਲੇ ਵੀ ਹਨ। ਇਸ ਗੱਲ ਦਾ ਵੀ ਅਹਿਸਾਸ ਹੈ ਕਿ ਬਾਅਦ 'ਚ ਕਿਵੇਂ ਪੁਲਿਸ, ਸਿਵਲ ਪ੍ਰਸ਼ਾਸਨ ਅਤੇ ਰਾਜਸੀ ਪਾਰਟੀਆਂ ਤੇ ਆਗੂਆਂ ਸਮੇਤ ਕਈ ਹੋਰ ਧਿਰਾਂ ਦੇ ਨਿੱਜੀ ਮੁਫ਼ਾਦ ਇਸ ਸਮੱਸਿਆ ਨਾਲ ਜੁੜ ਗਏ। ਫਿਰ ਅਜਿਹੀ ਹਨ੍ਹੇਰਗਰਦੀ ਮਚੀ ਕਿ 'ਜਿਸ ਕੀ ਲਾਠੀ, ਉਸ ਕੀ ਭੈਂਸ' ਵਾਲੀ ਗੱਲ ਹੋ ਗਈ। ਜੰਗਲ ਦੇ ਉਸ ਰਾਜ ਵਿਚ ਕਈ ਧਿਰਾਂ ਖਾਲਿਸਤਾਨ ਦੇ ਹੱਕ 'ਚ ਬੋਲ ਕੇ ਪੈਸਾ ਬਣਾ ਰਹੀਆਂ ਸਨ ਅਤੇ ਕਈ ਇਸ ਦਾ ਵਿਰੋਧ ਕਰਕੇ। ਅਜਿਹੀਆਂ ਧਿਰਾਂ 'ਚ ਪੰਜਾਬ ਦੀਆਂ ਅਖ਼ਬਾਰਾਂ ਵੀ ਸ਼ਾਮਲ ਸਨ ਅਤੇ ਅਖਬਾਰਨਵੀਸ ਵੀ, ਬੁੱਧੀਜੀਵੀ ਵੀ ਤੇ ਅਫ਼ਸਰਸ਼ਾਹੀ ਵੀ। ਸਮਾਜ-ਸੇਵੀ ਧਾਰਮਿਕ ਤੇ ਰਾਜਸੀ ਆਗੂ ਵੀ ਇਨ੍ਹਾਂ ਵਿਚ ਸ਼ਾਮਲ ਸਨ।

ਇਕ ਧਿਰ ਪੁਲਿਸ ਹੱਥੋਂ ਮਰਨ ਵਾਲਿਆਂ ਦੇ ਅਤੇ ਦੂਜੀ ਧਿਰ ਮੁੰਡਿਆਂ ਹੱਥੋਂ ਮਰਨ ਵਾਲਿਆਂ ਦੇ ਅੱਥਰੂ ਵੇਚ ਰਹੀ ਸੀ। ਪੰਜਾਬ ਦੀ ਸਮੱਸਿਆ ਬਾਰੇ ਬਹੁਤ ਕੁਝ ਲਿਖਿਆ ਜਾ ਚੁੱਕਾ ਹੈ ਅਤੇ ਬਹੁਤ ਕੁਝ ਹੋਰ ਲਿਖਿਆ ਜਾਵੇਗਾ। ਇਸ ਨਾਲ ਬਹੁਤ ਸਾਰਾ ਸੱਚ-ਝੂਠ ਜੁੜਦਾ ਜਾਵੇਗਾ। ਇਸ ਨੂੰ ਦੇਖਣ-ਸਮਝਣ ਦਾ ਨਜ਼ਰੀਆ ਵੱਖੋ-ਵੱਖਰਾ ਹੋ ਸਕਦਾ ਹੈ ਪਰ ਕਿਸੇ ਇਕ ਧਿਰ ਨੂੰ ਦੋਸ਼ੀ ਮੰਨ ਕੇ ਬਾਕੀ ਧਿਰਾਂ ਨੂੰ ਬਰੀ ਕਰਨਾ ਇਸ ਸਮੱਸਿਆ ਨਾਲ ਇਕ ਹੋਰ ਬੱਜਰ ਗ਼ਲਤੀ ਜੋੜਨਾ ਹੋਵੇਗਾ। ਕਈ ਵਾਰ ਇਸ ਨੂੰ ਕੌਮਾਂਤਰੀ ਸਿਆਸਤ ਅਤੇ ਸਾਬਕਾ ਸੋਵੀਅਤ ਸੰਘ ਤੇ ਅਮਰੀਕੀ ਬਲਾਕ ਦੇ ਸੀਤ ਯੁੱਧ ਨਾਲ ਵੀ ਜੋੜ ਕੇ ਦੇਖਿਆ ਜਾਂਦਾ ਹੈ। ਬਿਨਾ ਸ਼ੱਕ, ਇਸ ਦੇ ਅਸਰ ਤੋਂ ਮੁਨੱਕਰ ਨਹੀਂ ਹੋਇਆ ਜਾ ਸਕਦਾ ਪਰ ਦੁਸ਼ਮਣ ਹਮੇਸ਼ਾ ਕਮਜ਼ੋਰੀਆਂ ਦਾ ਫਾਇਦਾ ਹੀ ਤਾਂ ਲੈਂਦਾ ਹੈ। ਪੰਜਾਬ ਸਮੱਸਿਆ ਨਾਲ ਜੁੜੇ ਸੂਤਰਧਾਰਾਂ 'ਚੋਂ ਇਕ ਅਹਿਮ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਬਾਰੇ ਜਿਹੜੀ ਗੱਲ ਅੱਜ ਕਾਂਗਰਸ ਦੀ ਨਵੀਂ ਲੀਡਰਸ਼ਿਪ ਕਹਿ ਰਹੀ ਹੈ, ਪੰਜਾਬ ਦੀਆਂ ਦੂਜੀਆਂ ਰਾਜਸੀ ਧਿਰਾਂ ਤਾਂ ਪਹਿਲਾਂ ਹੀ ਦੋਸ਼ ਲਾਉਂਦੀਆਂ ਸਨ। ਕਾਂਗਰਸ ਨੇ ਆਪਣਾ ਧਰਮਨਿਰਪੱਖਤਾ ਵਾਲਾ ਅਕਸ ਬਚਾਈ ਰੱਖਣ ਲਈ ਪੰਜਾਬ 'ਚ ਸ਼ੁਰੂ ਤੋਂ ਹੀ 'ਸੰਤ ਸਿਆਸਤ' ਕੀਤੀ ਹੈ। ਕਾਂਗਰਸ ਨੇ ਜੇਕਰ ਪੰਜਾਬ 'ਚ 'ਸੰਤ ਸਿਆਸਤ' ਕੀਤੀ ਹੈ ਤਾਂ ਦੂਸਰੀਆਂ ਪਾਰਟੀਆਂ ਨੇ ਕਾਂਗਰਸ ਨੂੰ ਅਜਿਹਾ ਕਰਨ ਦਾ ਜਿਹੜਾ ਆਧਾਰ ਦੇਣ ਲਈ ਗਲਤੀਆਂ ਕੀਤੀਆਂ, ਉਨ੍ਹਾਂ ਨੂੰ ਵੀ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ।

ਪੰਜਾਬ ਵਿਚ ਜੋ ਕੁਝ ਹੋਇਆ, ਜੇਕਰ ਕਾਂਗਰਸ ਇਸ ਲਈ ਆਪਣੀ ਪੁਰਾਣੀ ਲੀਡਰਸ਼ਿਪ ਨੂੰ ਦੋਸ਼ੀ ਮੰਨਦੀ ਹੈ ਤਾਂ 'ਖਾੜਕੂ ਜਥੇਬੰਦੀਆਂ' ਸਮੇਤ ਪੰਜਾਬ ਦੀਆਂ ਸਾਰੀਆਂ ਦੂਜੀਆਂ ਰਾਜਸੀ ਧਿਰਾਂ, ਕਈ ਸਮਾਜਿਕ ਤੇ ਧਾਰਮਿਕ ਜਥੇਬੰਦੀਆਂ, ਪੰਜਾਬੀ ਮੀਡੀਆ, ਪੰਜਾਬ ਦਾ ਬੁੱਧੀਜੀਵੀ ਵਰਗ ਅਤੇ ਅਫ਼ਸਰਸ਼ਾਹੀ ਆਪਣੇ-ਆਪ ਨੂੰ ਬਰੀ ਨਹੀਂ ਕਰ ਸਕਦੇ। ਅੱਜ ਦੀ ਕਾਂਗਰਸ ਸਭ ਕੁਝ ਮੰਨ ਕੇ ਸ਼ਾਇਦ ਆਪਣਾ ਅਕਸ ਸੁਧਾਰਨਾ ਚਾਹੁੰਦੀ ਹੋਵੇ, ਉਂਜ ਉਹ ਇਸ ਬਾਰੇ ਕਿੰਨਾ ਸੰਜੀਦਾ ਅਤੇ ਇਮਾਨਦਾਰ ਹੈ, ਇਸ ਬਾਰੇ ਕੁਝ ਕਹਿਣਾ ਅਜੇ ਮੁਸ਼ਕਲ ਹੈ ਪਰ ਸੰਤ ਭਿੰਡਰਾਂਵਾਲਿਆਂ ਨਾਲ ਸਹਿਮਤੀ ਰੱਖਣ ਵਾਲੀਆਂ ਧਿਰਾਂ ਦਾ ਕਹਿਣਾ ਹੈ ਕਿ ਕਾਂਗਰਸ ਸੰਤਾਂ ਦਾ ਅਕਸ ਵਿਗਾੜਨ ਦੀ ਕੋਸ਼ਿਸ਼ ਕਰ ਰਹੀ ਹੈ। ਕਿਸੇ ਇਕ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਮੂਲੋਂ ਹੀ ਵੱਖਰੀ ਗੱਲ ਹੈ। ਪੰਜਾਬ ਵਿਚ ਕਈ ਅਜਿਹੇ ਕਾਰਨ ਸਨ ਜਿਨ੍ਹਾਂ ਨੇ ਸੰਤ ਭਿੰਡਰਾਂਵਾਲਿਆਂ ਨੂੰ ਇੰਨਾ ਉਭਰਨ ਦਾ ਮੌਕਾ ਦਿੱਤਾ। ਜੇਕਰ ਪੰਜਾਬ 'ਚ ਅਜਿਹੇ ਕਾਰਨ ਨਾ ਹੁੰਦੇ ਤਾਂ ਕਿਸੇ ਵੀ ਪਾਰਟੀ ਦੇ ਯਤਨਾਂ ਦੇ ਬਾਵਜੂਦ ਕੋਈ ਬੰਦਾ ਇੰਨਾ ਨਹੀਂ ਉਭਰ ਸਕਦਾ ਸੀ।

ਸੰਤ ਭਿੰਡਰਾਂਵਾਲਿਆਂ ਨੂੰ ਕਿਸ ਨੇ ਕਿੰਨਾ ਉਭਾਰਿਆ, ਇਹ ਸਵਾਲ ਅੱਜ ਕੋਈ ਮਾਇਨੇ ਨਹੀਂ ਰੱਖਦਾ। ਲੋੜ ਇਹ ਸਮਝਣ ਦੀ ਹੈ ਕਿ ਪੰਜਾਬ 'ਚ ਬਹੁਤ ਸਾਰੇ ਆਰਥਿਕ, ਸਮਾਜਿਕ, ਸੱਭਿਆਚਾਰਕ ਅਤੇ ਧਾਰਮਿਕ ਮਸਲੇ ਹਨ ਜਿਨ੍ਹਾਂ ਕਰਕੇ ਪੰਜਾਬ 'ਚ ਦਸ-ਪੰਦਰਾਂ ਸਾਲਾਂ ਬਾਅਦ ਕੋਈ ਨਵੀਂ ਲਹਿਰ ਪੈਦਾ ਹੁੰਦੀ ਹੈ। ਇਨ੍ਹਾਂ ਮਸਲਿਆਂ ਨੇ ਕਦੇ ਅਕਾਲੀ ਮੋਰਚੇ ਪੈਦਾ ਕੀਤੇ, ਕਦੇ ਕਮਿਊਨਿਸਟਾਂ ਦਾ ਉਭਾਰ ਲਿਆਂਦਾ ਤੇ ਕਦੇ ਨਕਸਲਬਾੜੀ ਲਹਿਰ ਪੈਦਾ ਕੀਤੀ। ਆਜ਼ਾਦੀ ਤੋਂ ਵੀ ਪਹਿਲਾਂ ਦੇ ਪਏ ਇਹ ਮਸਲੇ ਕਦੇ ਭਖ ਪੈਂਦੇ ਹਨ ਅਤੇ ਕਦੇ ਠੰਢੇ ਪੈ ਜਾਂਦੇ ਹਨ। 'ਖਾੜਕੂ' ਲਹਿਰ ਪੈਦਾ ਹੋਣ ਦੇ ਵੀ ਉਹੀ ਕਾਰਨ ਸਨ ਜਿਨ੍ਹਾਂ ਕਰਕੇ ਪੰਜਾਬ 'ਚ ਪਹਿਲੀਆਂ ਲਹਿਰਾਂ ਪੈਦਾ ਹੋਈਆਂ ਸਨ। ਹਰ ਪੀੜ੍ਹੀ ਨਾਲ ਮਸਲਿਆਂ ਦੀ ਰੂਪ-ਰੇਖਾ ਭਾਵੇਂ ਥੋੜ੍ਹੀ-ਬਹੁਤੀ ਬਦਲ ਜਾਂਦੀ ਹੈ ਪਰ ਪੰਜਾਬ 'ਚ ਕਿਸੇ ਹੋਰ ਰੂਪ 'ਚ ਉਹ ਮਸਲੇ ਅੱਜ ਵੀ ਪਏ ਹਨ ਜਿਵੇਂ ਉਹ 'ਖਾੜਕੂ' ਜਾਂ ਨਕਸਲੀ ਲਹਿਰ ਤੋਂ ਪਹਿਲਾਂ ਪਏ ਸਨ।

ਜੇਕਰ ਇਹ ਮਸਲੇ ਹੱਲ ਨਾ ਹੋਏ ਤਾਂ ਆਉਣ ਵਾਲੇ ਸਮੇਂ ਦੌਰਾਨ ਕੋਈ ਹੋਰ ਲਹਿਰ ਕਿਸੇ ਹੋਰ ਰੂਪ 'ਚ ਉਭਰੇਗੀ। ਦੁਖਦਾਈ ਪਹਿਲੂ ਹੈ ਕਿ ਇਸ ਬਾਰੇ ਅਜੇ ਵੀ ਸਿਆਸੀ ਲੋਕ ਗੰਭੀਰ ਨਹੀਂ ਹਨ। ਜੇਕਰ ਸਭ ਧਿਰਾਂ ਸੰਜੀਦਾ ਹਨ ਤਾਂ ਬੀਤੀਆਂ ਗਲਤੀਆਂ ਮੰਨ ਕੇ ਅੱਗੇ ਤੁਰਨ। ਕਾਂਗਰਸ ਨੇ ਭਾਵੇਂ ਕਿਸੇ ਰਾਜਸੀ ਮੁਫ਼ਾਦ ਖਾਤਿਰ ਹੀ ਗਲਤੀ ਮੰਨੀ ਹੋਵੇ ਪਰ ਇਸ ਨੂੰ ਚੰਗਾ ਕਦਮ ਕਿਹਾ ਜਾ ਸਕਦਾ ਹੈ। ਜੋ ਗਲਤੀਆਂ ਦੂਜੀਆਂ ਧਿਰਾਂ ਨੇ ਅੰਦਰਖਾਤੇ ਜਾਂ ਬਾਹਰੀ ਰੂਪ ਵਿਚ ਕੀਤੀਆਂ ਜਾਂ ਜਾਣੇ-ਅਣਜਾਣੇ ਹੋਈਆਂ, ਉਨ੍ਹਾਂ ਨੂੰ ਮੰਨਣ ਦੀ ਹਿੰਮਤ ਕਰਨੀ ਚਾਹੀਦੀ ਹੈ ਤਾਂ ਕਿ ਪੰਜਾਬ ਉਸ ਸੰਤਾਪ ਤੋਂ ਸਦਾ ਲਈ ਬਚ ਸਕੇ ਜਿਸ ਦਾ ਲਾਵਾ ਪੰਜਾਬੀ ਭਾਈਚਾਰੇ ਦੇ ਮਨਾਂ 'ਚ ਅਜੇ ਵੀ ਅਚੇਤ ਪਿਆ ਹੈ। ਪੰਜਾਬ ਸਮੱਸਿਆ ਬਾਰੇ ਬੜੀਆਂ ਗੱਲਾਂ ਕਰਨ, ਲਿਖਣ ਅਤੇ ਵਿਚਾਰਨ ਵਾਲੀਆਂ ਹਨ, ਪਰ ਇਨ੍ਹਾਂ ਨੂੰ ਕਰਨ ਤੋਂ ਪਹਿਲਾਂ ਸੁਰਜੀਤ ਪਾਤਰ ਦਾ ਸ਼ੇਅਰ ਯਾਦ ਆ ਜਾਂਦਾ ਹੈ:

ਕੁਝ ਕਿਹਾ ਤਾਂ ਹਨ੍ਹੇਰਾ ਜਰੇਗਾ ਕਿਵੇਂ,
ਚੁੱਪ ਰਿਹਾ ਤਾਂ ਸਮ੍ਹਾਂਦਾਨ ਕੀ ਕਹਿਣਗੇ।

*ਜੋ ਕੁਝ ਪੰਜਾਬ 'ਚ ਹੋਇਆ, ਇਕ ਦਹਾਕੇ ਦੀ ਪੀੜ੍ਹੀ ਨੂੰ ਛੱਡ ਕੇ ਸਮੁੱਚੇ ਪੰਜਾਬੀ ਉਸ ਦੇ ਚਸ਼ਮਦੀਦ ਗਵਾਹ ਵੀ ਹਨ ਅਤੇ ਫੱਟ ਖਾਣ ਵਾਲੇ ਹਨ। ਇਸ ਗੱਲ ਦਾ ਵੀ ਅਹਿਸਾਸ ਹੈ ਕਿ ਬਾਅਦ 'ਚ ਕਿਵੇਂ ਪੁਲਿਸ, ਸਿਵਲ ਪ੍ਰਸ਼ਾਸਨ ਅਤੇ ਰਾਜਸੀ ਪਾਰਟੀਆਂ ਤੇ ਆਗੂਆਂ ਸਮੇਤ ਕਈ ਹੋਰ ਧਿਰਾਂ ਦੇ ਨਿੱਜੀ ਮੁਫ਼ਾਦ ਇਸ ਸਮੱਸਿਆ ਨਾਲ ਜੁੜ ਗਏ। ਫਿਰ ਅਜਿਹੀ ਹਨ੍ਹੇਰਗਰਦੀ ਮਚੀ ਕਿ 'ਜਿਸ ਕੀ ਲਾਠੀ, ਉਸ ਕੀ ਭੈਂਸ' ਵਾਲੀ ਗੱਲ ਹੋ ਗਈ। ਜੰਗਲ ਦੇ ਉਸ ਰਾਜ ਵਿਚ ਕਈ ਧਿਰਾਂ ਖਾਲਿਸਤਾਨ ਦੇ ਹੱਕ 'ਚ ਬੋਲ ਕੇ ਪੈਸਾ ਬਣਾ ਰਹੀਆਂ ਸਨ ਅਤੇ ਕਈ ਇਸ ਦਾ ਵਿਰੋਧ ਕਰਕੇ ਪੈਸਾ ਬਣਾ ਰਹੇ ਸਨ। ਅਜਿਹੀਆਂ ਧਿਰਾਂ 'ਚ ਪੰਜਾਬ ਦੀਆਂ ਅਖ਼ਬਾਰਾਂ ਵੀ ਸ਼ਾਮਲ ਸਨ ਅਤੇ ਅਖਬਾਰ ਨਵੀਸ ਵੀ, ਬੁੱਧੀਜੀਵੀ ਵੀ ਤੇ ਅਫ਼ਸਰਸ਼ਾਹ ਵੀ। ਸਮਾਜ-ਸੇਵੀ ਧਾਰਮਿਕ ਤੇ ਰਾਜਸੀ ਆਗੂ ਵੀ ਇਨ੍ਹਾਂ ਵਿਚ ਸ਼ਾਮਲ ਸਨ। ਇਕ ਧਿਰ ਪੁਲਿਸ ਹੱਥੋਂ ਮਰਨ ਵਾਲਿਆਂ ਦੇ ਅਤੇ ਦੂਜੀ ਧਿਰ ਮੁੰਡਿਆਂ ਹੱਥੋਂ ਮਰਨ ਵਾਲਿਆਂ ਦੇ ਅੱਥਰੂ ਵੇਚ ਰਹੀ ਸੀ।*

# ਹਵਾ ਨਾਲ ਗੱਲਾਂ ਕਰਦਾ ਟੈਂਪੂ ਭੁੱਟੋ ਦਾ

**ਇਕਬਾਲ ਜੱਬੋਵਾਲੀਆ***

ਭੁੱਟੋ ਦਾ ਟੈਂਪੂ ਹਰ ਰੋਜ਼ ਧੂੜਾਂ ਪੱਟਦਾ ਪਿੰਡਾਂ 'ਚ ਘੁੰਮਦਾ। ਦੂਰੋਂ ਹੀ ਘੱਰਾਟ ਵਰਗੀ ਆਵਾਜ਼ ਸੁਣ ਕੇ ਲੋਕੀਂ ਘਰਾਂ 'ਚੋਂ ਨਿਕਲ ਕੇ ਬਾਹਰ ਆ ਖੜ੍ਹਦੇ। ਟੈਂਪੂ ਫੜ੍ਹ ਕੇ ਕੋਈ ਆਪਣੀ ਰਿਸ਼ਤੇਦਾਰੀ ਅਤੇ ਕੋਈ ਨਵਾਂ ਸ਼ਹਿਰ ਜਾਂਦਾ। ਪਿੰਡਾਂ ਵਿਚੋਂ ਹੀ ਘਰ ਦੇ ਕੰਮ-ਕਾਰ ਤੋਂ ਡਰਦਾ ਵਿਹਲੜ ਸੁੱਚਾ ਲੰਬੜ ਚਿੱਟੇ ਕੱਪੜੇ ਪਾ ਮੁੱਛਾਂ ਨੂੰ ਤਾਅ ਦਿੰਦਾ ਟੈਂਪੂ ਆ ਫੜ੍ਹਦਾ। ਲੰਬੜਦਾਰੀ ਦੀ ਮੋਹਰ ਜੇਬ 'ਚ ਪਾਈ ਉਹ ਕਚਹਿਰੀਆਂ ਜਾਂਦਾ, ਲੋਕਾਂ ਦੀਆਂ ਰਜਿਸਟਰੀਆਂ 'ਤੇ ਗਵਾਹੀਆਂ ਦੀਆਂ ਮੋਹਰ ਲਾਉਂਦਾ ਤੇ ਹੋਰ ਕੰਮ ਕਰਵਾ ਕੇ ਚੰਗਾ ਜੇਬ ਖਰਚਾ ਬਣਾ ਲੈਂਦਾ। ਸ਼ਾਮ ਨੂੰ ਜਾਣ ਲੱਗਾ ਘੁਟ ਵੀ ਲਾ ਲੈਂਦਾ। ਭੁੱਟੋ ਨਾਲ ਯਾਰੀ ਕਰਕੇ ਕਈ ਵਾਰ ਉਹਦੇ ਨਾਲ ਹੀ ਘੁੰਮਦਾ ਰਹਿੰਦਾ। ਅੱਡਿਆਂ 'ਚ ਜਾ ਕੇ ਸਵਾਰੀਆਂ ਨੂੰ 'ਵਾਜ਼ਾ ਵੀ ਮਾਰਦਾ। ਜਦੋਂ ਟੈਂਪੂ ਸਵਾਰੀਆਂ ਨਾਲ ਭਰਿਆ ਹੁੰਦਾ ਤਾਂ ਉਹ ਟੈਂਪੂ ਦੇ ਪਿਛੇ ਜਾ ਖੜ੍ਹਦਾ, ਘੱਟ ਹੋਣ 'ਤੇ ਭੁੱਟੋ ਦੀ ਨਾਲ ਦੀ ਸੀਟ 'ਤੇ ਆ ਬਹਿੰਦਾ।

ਪੰਜ ਕੁ ਫੁੱਟਾ ਸੁੱਚਾ ਲੰਬੜ ਛੋਟੀ ਛੋਟੀ ਕੱਟਵੀ ਦਾੜ੍ਹੀ ਤੇ ਮੁੱਛਾਂ ਚੱਕ ਕੇ ਰੱਖਦਾ। ਨਸਵਾਰ ਲੈਣ ਦਾ ਸ਼ੌਕੀਨ, ਨਸਵਾਰ ਦੀ ਡੱਬੀ ਹਮੇਸ਼ਾ ਜੇਬ 'ਚ। ਪਕੌੜੇ ਵਰਗੀਆਂ ਨਾਸਾਂ 'ਚ ਘੰਟੇ ਘੰਟੇ ਬਾਅਦ ਨਸਵਾਰ ਤੁੰਨੀ ਰੱਖਦਾ। ਜਦੋਂ ਵੀ ਕੋਈ ਗੱਡੀ ਜਾਂ ਹੋਰ ਕੁਝ ਮੋਹਰਿਉਂ ਆਉਂਦਾ ਤਾਂ ਉਹ ਰੌਲਾ ਪਾਉਣ ਲੱਗ ਜਾਂਦਾ, ਦੇਖੀਂ ਗੱਡਾ, ਦੇਖੀਂ ਕੁੱਤੀ।

'ਓ ਗਡੀਰਨਿਆ ਜਿਹਿਆ, 'ਰਾਮ ਨਾ ਬੈਠਿਆ ਕਰ। ਜੇ ਨਹੀਂ ਵੀ ਕੁੱਤੀ ਮਰਨੀ ਫਿਰ ਵੀ ਮਰਨੀ ਆ।' ਭੁੱਟੋ ਉਹਨੂੰ ਗੁੱਸੇ ਨਾਲ ਕਹਿੰਦਾ।

'ਚਲਾਈ ਜਾਹ ਭਰਾਵਾ...ਮੈਂ ਤੈਨੂੰ ਕੁਝ ਨੀ ਕਹਿੰਦਾ।'

'ਚਲਦੇ ਤੇ ਹੱਥ ਘੁੰਮ ਗਿਆ ਤਾਂ... ਤੂੰ ਵੀ ਮਰੇਂਗਾ, ਸਾਨੂੰ ਵੀ ਮਾਰੇਂਗਾ। ਟਿਕ ਕੇ ਬੈਠਿਆ ਕਰ।'

'ਦੇਖੀਂ...ਦੇਖੀਂ...।'

'ਹੁਣ ਕੀ ਹੋ ਗਿਆ?'

'ਮੋਹਰਿਉਂ ਗੱਡਾ ਆਉਂਦਾ।'

'ਮੈਨੂੰ ਦੀਹਦਾ, ਚੁੱਪ ਕਰ ਕੇ ਬਹਿ ਜਾ।'

ਚੇਤਾ ਆਉਣ 'ਤੇ ਸੁੱਚੇ ਨੇ ਨਸਵਾਰ ਦੀ ਚੂੱਟਕੀ ਲਈ ਤੇ ਮਾਰੀ ਜ਼ੋਰ ਦੀ ਨਿੱਛ।

'ਮੁੜ ਮੁੜ ਨਾਸਾਂ 'ਚ ਕਿਉਂ ਲਈ ਜਾਨੈਂ ਮਾਸੀ ਨੂੰ...ਸਾਨੂੰ ਵੀ ਬੀਮਾਰ ਕਰੇਂਗਾ।'

'ਚੱਲ, ਕੋਈ ਨੀਂ ਦੱਬੀ ਚੱਲ...ਦੱਬੀ ਚਲ... ਬਣਾ ਦੇ ਮਿਰਜ਼ੇ ਦੀ ਬੱਕੀ।'

'ਚੱਕਿਆ ਮਿਰਜ਼ੇ ਦਾ...ਬਣਿਆ ਫਿਰਦੈ ਵੱਡਾ...ਤੇਰੀ ਰੰਨ ਨਾ ਕੰਨ ਨਾ, ਛੜਾ ਛਟਾਂਕ ਘੁੰਮੀ ਜਾਨਾਂ।'

ਦੋਨਾਂ ਦੀ ਨੋਕ-ਝੋਕ ਸੁਣ ਕੇ ਸਵਾਰੀਆਂ ਹੱਸਦੀਆਂ ਰਹਿੰਦੀਆਂ। ਢੋਲੇ ਦੀਆਂ ਲਾਉਂਦਾ ਸਵਾਰੀਆਂ ਨਾਲ ਭਰਿਆ ਟੈਂਪੂ ਭਜਾਉਂਦਾ ਭੁੱਟੋ ਕਾਹਮਾ, ਕਰੀਹਾ, ਛੋਟੀਆਂ ਭੰਗਲਾਂ, ਵੱਡੀਆਂ ਭੰਗਲਾਂ 'ਚ ਹੁੰਦਾ ਹੋਇਆ ਕਰਿਆਮ ਅੱਡੇ ਵੱਲ ਨੂੰ ਸ਼ੂਟਾਂ ਵੱਟੀ ਜਾ ਰਿਹਾ ਸੀ। ਦੂਰੋਂ ਹੀ ਅੱਡੇ 'ਚ ਲੱਗਾ ਪੁਲਿਸ-ਨਾਕਾ ਦੇਖ ਕੇ ਭੁੱਟੋ ਬੁੜਬੁੜਾਇਆ, 'ਲੈ ਬਈ ਸੁੱਚਿਆ ਅੱਜ ਫਿਰ ਮਾਰੇ ਗਏ.. ਖੜ੍ਹੇ ਆ ਪਤੰਦਰ।'

'ਕੌਣ?'

'ਤੈਨੂੰ ਦੀਹਦਾ ਨੀਂ?'

'ਲੈ ਬਈ ਆ ਗਏ ਭੱਜੇ।'

'ਰੁਕ ਓਏ, ਇਨ੍ਹਾਂ ਨੂੰ ਤੂੜੀ ਮਾਂਗੂੰ ਕਿਧਰ ਲੱਦੀ ਫਿਰਦੈਂ। ਜੇ ਕੋਈ ਊਨੀ-ਇੱਕੀ ਹੋ ਗਈ ਤਾਂ ਕੌਣ ਜੁੰਮੇਵਾਰ?' ਹਰਕੇਵਲ ਹੌਲਦਾਰ ਡੰਡਾ ਘੁਮਾਉਂਦਾ ਭੱਜਾ ਆਇਆ।



'ਜੇ ਕੋਈ ਮਰ ਗਿਆ ਤਾਂ ਪੁਲਿਸ ਨੂੰ ਬਿਪਤਾ।' ਸਿਪਾਹੀ ਬਲਕਾਰ ਨੇ ਆਉਂਦੇ ਹੀ ਗੁੱਸੇ 'ਚ ਟੈਂਪੂ ਦੇ ਹੁੱਡ 'ਤੇ ਡੰਡਾ ਮਾਰਦੇ ਹੋਏ ਕਿਹਾ।

'ਇਹ ਜਨਾਬ ਉਸ ਦਿਨ ਵਾਲਾ ਮੁਜ਼ਰਮ ਐ, ਜਿਹੜਾ ਟੈਂਪੂ ਭਜਾ ਕੇ ਲੈ ਗਿਆ ਸੀ।' ਸਿਪਾਹੀ ਮਨਜੀਤ ਨੇ ਜਾ ਕੇ ਠਾਣੇਦਾਰ ਹਰਬੰਸ ਸਿੰਘ ਦੇ ਕੰਨ 'ਚ ਹੌਲੀ ਦੇਣੀ ਕਿਹਾ।

'ਉਏ ਮੁੰਡਿਓ, ਕੱਟੋ ਏਹਦਾ ਚਲਾਨ, ਗੌਰਮਿੰਟ ਨਾਲ ਸ਼ਤਾਨੀਆਂ ਕਰਦੈ।' ਠਾਣੇਦਾਰ ਹਰਬੰਸ ਸਿੰਘ ਨੇ ਮੁੱਛਾਂ ਨੂੰ ਤਾਅ ਦਿੰਦੇ ਆਉਂਦੇ ਨੇ ਕਿਹਾ।

'ਜਨਾਬ, ਜਾਣ ਦਿਉ।'

'ਤੈਨੂੰ ਜਾਣ ਦਈਏ, ਅਸੀਂ ਰੋਟੀ ਕਿਥੋਂ ਖਾਣੀ ਆ? ਸਰਕਾਰ ਸਾਨੂੰ ਪੈਸੇ ਕਾਹਦੇ ਦਿੰਦੀ ਆ? ਚੱਲ ਦੱਸ ਤੂੰ ਆਇਐਂ ਕਿਥੋਂ ਤੇ ਚੱਲਿਐਂ ਕਿਥੇ? ਠਾਣੇਦਾਰ ਹਰਬੰਸ ਸਿੰਘ ਫਿਰ ਗੜਕਿਆ।

'ਜਨਾਬ, ਪਿੰਡਾਂ 'ਚੋਂ ਧੱਕੇ ਖਾਂਦਾ ਆਇਆਂ, ਨਵੇਂ ਸ਼ਹਿਰ ਚੱਲਿਆਂ।'

'ਜਨਾਬ, ਹਟੋ ਇਹਦੇ ਨਾਲ ਮੈਂ ਗੱਲ ਕਰਦਾਂ।' ਸਿਪਾਹੀ ਬਲਕਾਰ ਨੇ ਕੋਲ ਜਾ ਕੇ ਠਾਣੇਦਾਰ ਨੂੰ ਕਿਹਾ।

'ਦੱਸ ਤੇਰੇ ਕੀ ਮੱਖ ਲੜਦੀ ਉਏ।'

'ਸਰਦਾਰ ਜੀ ਮੱਖ ਕਾਹਦੀ ਲੜਨੀ ਆ...ਚਾਹ ਪਾਣੀ ਲਉ ਤੇ ਮੈਨੂੰ ਜਾਣ ਦਿਉ।'

(ਬਾਕੀ ਸਫਾ 35 'ਤੇ)

ਕਹਾਣੀ

# ਸਿਆਣਿਆਂ ਦੇ ਤੋਹਫੇ

***ਮੁਹੱਬਤ ਦਾ ਜਜ਼ਬਾ ਇਨਸਾਨੀ ਜੀਵਨ ਦਾ ਕੇਂਦਰੀ ਧੁਰਾ ਹੈ। ਸਦੀਆਂ ਤੋਂ ਇਨਸਾਨ ਇਸ ਜਜ਼ਬੇ ਦੀ ਥਾਹ ਪਾਉਣ ਲਈ ਯਤਨਸ਼ੀਲ ਹੈ। ਅਫਲਾਤੂਨ ਤੋਂ ਲੈ ਕੇ ਸਿਗਮੰਡ ਫਰਾਇਡ ਵਰਗੇ ਮਹਾਨ ਚਿੰਤਕਾਂ ਨੇ ਇਸ ਜਜ਼ਬੇ ਦੇ ਰਹੱਸ ਨੂੰ ਖੋਲ੍ਹਣ ਲਈ ਕੋਸਿਸ਼ਾਂ ਕੀਤੀਆਂ। ਕਾਲੀਦਾਸ, ਸੋਫੋਕਲੀਜ, ਵਾਰਸ ਸ਼ਾਹ ਅਤੇ ਤਾਲਸਤਾਏ ਜਿਹੇ ਮਹਾਨ ਲਿਖਾਰੀਆਂ ਨੇ ਇਸ ਜਜ਼ਬੇ ਦੀ ਮਹਿਮਾ ਵਿਚ ਵੱਡਮੁਲੇ ਸਾਹਿਤ ਦੀ ਰਚਨਾ ਕੀਤੀ। ਅਮਰੀਕਨ ਲਿਖਾਰੀ ਓ. ਹੈਨਰੀ ਦੀ ਇਹ ਛੋਟੀ ਜਿਹੀ ਪ੍ਰੰਤੂ ਅਤਿ ਅਹਿਮ ਕਹਾਣੀ ਇਸੇ ਜਜ਼ਬੇ ਦੀ ਥਾਹ ਪਾਉਣ ਦਾ ਯਤਨ ਹੈ। ਅਸੀਂ ਇਹ ਕਹਾਣੀ ਪ੍ਰੋ. ਹਰਪਾਲ ਸਿੰਘ ਪੰਨੂ ਕੋਲੋਂ ਅਨੁਵਾਦ ਕਰਵਾ ਕੇ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। ਕਹਾਣੀ ਦਾ ਨਾਮ ਹੈ-ਗਿਫਟ ਆਫ਼ ਦ ਮੈਜਈ। ਮੈਜਈ ਹਿਬਰੂ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਅਰਥ ਹੈ ਸਿਆਣੇ ਬੰਦੇ। ਮੈਜਈ ਪੂਰਬ ਦੇ ਉਹ ਤਿੰਨ ਫਕੀਰ ਸਨ ਜਿਨ੍ਹਾਂ ਨੇ ਯਸੂ ਮਸੀਹ ਦੇ ਜਨਮ ਉਪਰੰਤ ਅਸਮਾਨ ਵਿਚ ਨਵਾਂ ਤਾਰਾ ਚੜ੍ਹਿਆ ਦੇਖ ਕੇ ਜਾਣਿਆ ਕਿ ਪੈਗੰਬਰ ਦਾ ਜਨਮ ਹੋਇਆ ਹੈ। ਇਨ੍ਹਾਂ ਨੇ ਯਸੂ ਵਾਸਤੇ ਰਸਤੇ ਵਿਚੋਂ ਤੋਹਫੇ ਖਰੀਦੇ। ਇਸ ਘਟਨਾ ਤੋਂ ਬਾਅਦ ਕ੍ਰਿਸਮਿਸ ਦੇ ਤਿਉਹਾਰ ਉਤੇ ਤੋਹਫੇ ਦੇਣ ਦਾ ਰਿਵਾਜ ਚਲਿਆ। -ਸੰਪਾਦਕ***

ਲੇਖਕ: ਓ .ਹੈਨਰੀ
ਅਨੁਵਾਦ: ਹਰਪਾਲ ਸਿੰਘ ਪੰਨੂ

ਇਕ ਡਾਲਰ ਸੱਤਾਸੀ ਸੈਂਟ। ਕੁੱਲ ਏਨੀ ਰਕਮ। ਇਹ ਪੈਸੇ ਤਾਂ ਇਕ ਇਕ ਨਿਕੇ ਪੈਸੇ ਦੇ, ਦੋ ਦੋ ਪੈਸੇ ਦੇ ਸਿੱਕੇ ਸਨ ਜਿਹੜੇ ਮਸਾਂ ਬਚਾਏ ਸਨ, ਕਦੀ ਸਬਜੀ ਵਾਲੇ ਨਾਲ ਝਗੜਾ ਕੀਤਾ, ਕਦੀ ਰਾਸ਼ਣ ਵਾਲੇ ਨਾਲ। ਭਾਅ ਕਰਦੇ ਕਰਦੇ ਕਦੇ ਕਦੇ ਤਾਂ ਇਉਂ ਲਗਦਾ ਕਿ ਔਰਤ ਬੜੀ ਕੰਜੂਸ ਅਤੇ ਲੀਚੜ ਹੈ। ਤਿੰਨ ਵਾਰ ਡੈਲਾ ਨੇ ਰਕਮ ਗਿਣੀ। ਉਹੀ, ਇਕ ਡਾਲਰ ਸੱਤਾਸੀ ਸੈਂਟ। ਅਗਲੇ ਦਿਨ ਸੀ ਕ੍ਰਿਸਮਿਸ ਦਾ ਤਿਉਹਾਰ।

ਕਰਦੀ ਵੀ ਕੀ ਉਹ। ਛੋਟੇ, ਮੈਲੇ ਜਿਹੇ ਸੋਫੇ ਉਪਰ ਡਿਗ ਕੇ ਰੋ ਹੀ ਸਕਦੀ ਸੀ ਬਸ। ਇਹੀ ਉਸ ਨੇ ਕੀਤਾ। ਇਹੋ ਕੁਝ ਹੁੰਦਾ ਹੈ ਇਹੋ ਜਿਹੇ ਸਮੇਂ। ਸਿਸਕਣਾ, ਨੱਕ ਸੁਕੇੜਨਾ ਜਾਂ ਕਦੇ ਮੁਸਕਰਾਉਣਾ, ਇਸੇ ਨੂੰ ਜ਼ਿੰਦਗੀ ਕਹਿੰਦੇ ਨੇ ਨਾ। ਏਨਾ ਕੁ ਫਰਕ ਹੋਰ ਲਾ ਲਵੋ ਕਿ ਰੋਣਾ ਜ਼ਿਆਦਾ ਹੁੰਦਾ ਹੈ, ਹੱਸਣਾ ਘੱਟ।

ਘਰ ਦੀ ਮਾਲਕਣ, ਸਾਡੀ ਨਾਇਕਾ, ਪਹਿਲੀ ਮੰਜ਼ਲ ਵਲ ਵਧ ਰਹੀ ਹੈ, ਰੋਣ ਵਾਲੀ ਮੰਜ਼ਲ ਵਲ। ਆਓ ਘਰ ਉਪਰ ਇਕ ਨਿਗਾਹ ਮਾਰੀਏ। ਅੱਠ ਡਾਲਰ ਪ੍ਰਤੀ ਹਫਤਾ ਕਿਰਾਇਆ। ਤਨਖਾਹ ਹੈ, 30 ਡਾਲਰ। ਘਰ ਬਾਰੇ ਕੀ ਗੱਲ ਕਰੀਏ। ਚਾਰੇ ਪਾਸੇ ਗਰੀਬੀ ਦੇ ਦੀਦਾਰ ਹੋ ਰਹੇ ਹਨ। ਹੇਠਾਂ ਦਰਵਾਜੇ ਦੇ ਬਾਹਰ ਘੰਟੀ ਵਾਲਾ ਬਟਣ ਲੱਗਾ ਤਾਂ ਹੋਇਆ ਹੈ ਪਰ ਕਿਸੇ ਦੀ ਉਂਗਲ ਕਦੀ ਉਸ ਤੱਕ ਨਹੀਂ ਪੁੱਜੀ। ਇਕ ਤਖਤੀ ਹੈ ਜਿਸ ਉਪਰ ਲਿਖਿਆ ਹੈ, ਮਿਸਟਰ ਜੇਮਜ਼ ਡਿਲਿੰਘਮ ਯੰਗ।

ਕਿਸੇ ਜ਼ਮਾਨੇ 'ਚ ਇਸ ਮਕਾਨ ਮਾਲਕ ਦੀ ਹਾਲਤ ਕੁਝ ਚੰਗੀ ਸੀ। ਉਦੋਂ ਤਖਤੀ ਉਪਰ ਡਿਲਿੰਘਮ ਸ਼ਬਦ ਕੁਝ ਜ਼ਿਆਦਾ ਚਮਕਦਾ ਹੁੰਦਾ ਸੀ। ਹੁਣ ਸੁੰਗੜ ਕੇ ਤਨਖਾਹ 30 ਡਾਲਰ ਰਹਿ ਗਈ ਤਾਂ ਡਿਲਿੰਘਮ ਦੇ ਅੱਖਰ ਧੁੰਦਲੇ ਪੈ ਗਏ। ਡਿਲਿੰਘਮ ਦੀ ਹੁਣ ਤਾਂ ਸਿਰਫ ਡੀ ਠੀਕ ਤਰ੍ਹਾਂ ਦਿਸਦੀ ਹੈ ਪਰ ਜਦੋਂ ਮਿਸਟਰ ਜੇਮਜ਼ ਡਿਲਿੰਘਮ ਯੰਗ ਘਰ ਪਰਤਦੇ ਤਾਂ ਉਨ੍ਹਾਂ ਦੀ ਪਤਨੀ, ਸ੍ਰੀਮਤੀ ਜੇਮਜ਼ ਡਿਲਿੰਘਮ, ਜੀਹਨੂੰ ਹੁਣ ਅਸੀ ਡੈਲਾ ਕਹਿੰਦੇ ਹਾਂ, ਪਤੀ ਨੂੰ ਗਲਵਕੜੀ ਵਿਚ ਘੁੱਟ ਲੈਂਦੀ, ਉਹਨੂੰ ਜੇਮਜ਼ ਕਹਿ ਕੇ ਬੁਲਾਉਂਦੀ। ਇਹ ਸਭ ਉਸ ਨੂੰ ਬੜਾ ਚੰਗਾ ਲਗਦਾ।

ਡੈਲਾ ਰੋਣ ਤੋਂ ਹਟੀ। ਗੱਲ੍ਹਾਂ ਉਪਰ ਰਤਾ ਕੁ ਪਾਊਡਰ ਮਲਿਆ। ਖਿੜਕੀ ਕੋਲ ਖਲੋਤੀ, ਵਾੜ ਉਪਰ ਚੜ੍ਹਦੀ ਭੂਰੀ ਬਿਲੀ ਨੂੰ ਦੇਖਣ ਲੱਗੀ। ਕੱਲ੍ਹ ਨੂੰ ਹੈ ਕ੍ਰਿਸਮਿਸ ਦਾ ਤਿਉਹਾਰ ਤੇ ਕੋਲ ਹਨ ਇਕ ਡਾਲਰ ਸੱਤਾਸੀ ਸੈਂਟ। ਇਸ ਰਕਮ ਨਾਲ ਉਹ ਜਿਮ ਵਾਸਤੇ ਕਿਹੜਾ ਤੁਹਫਾ ਖਰੀਦੇ? ਕਿੰਨਿਆਂ ਮਹੀਨਿਆਂ ਤੋਂ ਇਕ ਇਕ ਪੈਸਾ ਬਚਾ ਰਹੀ ਸੀ। ਨਤੀਜਾ ਕੀ ਨਿਕਲਿਆ? ਤੀਹ ਡਾਲਰ ਹਫਤਾ ਤਾਂ ਤਨਖਾਹ ਹੈ। ਇਹਦੇ ਨਾਲ ਬਣਦਾ ਕੀ ਐ? ਜਿੰਨਾ ਕੁ ਸੋਚਦੀ, ਖਰਚਾ ਉਸ ਤੋਂ ਜ਼ਿਆਦਾ ਹੋ ਜਾਂਦਾ। ਹਮੇਸ਼ ਇਹੀ ਹੁੰਦਾ। ਜਿਮ ਦੇ ਤੋਹਫੇ ਲਈ ਇਕ ਡਾਲਰ ਸੱਤਾਸੀ ਸੈਂਟ, ਪਿਆਰਾ ਜਿਮ। ਉਸ ਵਾਸਤੇ ਕੁੱਝ ਸੁਹਣਾ ਖਰੀਦਣ ਦੀ ਯੋਜਨਾ ਲਈ ਕਿੰਨੇ ਕਿੰਨੇ ਸੁਹਾਵਣੇ ਘੰਟੇ ਬਿਤਾਏ ਸਨ। ਕੋਈ ਅਜਿਹੀ ਚੀਜ਼ ਜਿਹੜੀ ਸੁਹਣੀ ਹੋਵੇ, ਅਜੀਬ ਹੋਵੇ, ਦਿਲ-ਖਿਚਵੀਂ ਹੋਵੇ, ਜਿਹੜੀ ਜਿਮ ਲਾਇਕ ਹੋਵੇ ਬਸ। ਖਿੜਕੀਆਂ ਵਿਚਕਾਰ ਕੰਧ ਉਪਰ ਸ਼ੀਸ਼ਾ ਟੰਗਿਆ ਹੋਇਆ ਸੀ। ਅੱਠ ਡਾਲਰ ਕਿਰਾਏ ਵਾਲੇ ਮਕਾਨ ਵਿਚ ਤੁਸੀਂ ਅਜਿਹਾ ਸ਼ੀਸ਼ਾ ਦੇਖਿਆ ਹੋਣੈ। ਇਕ ਕਮਜ਼ੋਰ ਪਤਲਾ ਜਿਹਾ ਬੰਦਾ ਸ਼ੀਸ਼ੇ ਨਾਮ ਦੀ ਇਸ ਚੀਜ਼ ਵਿਚੋਂ ਆਪਣੀ ਸ਼ਕਲ ਦਾ ਠੀਕ ਅੰਦਾਜ਼ਾ ਲਾ ਲੈਂਦਾ ਸੀ।

ਅਚਾਨਕ ਉਹ ਖਿੜਕੀ ਵਲੋਂ ਮੁੜ ਕੇ ਸ਼ੀਸ਼ੇ ਅਗੇ ਜਾ ਖਲੋਤੀ। ਚਿਹਰੇ ਦਾ ਰੰਗ ਤਾਂ ਵੀਹ ਸਕਿੰਟਾਂ ਵਿਚ ਉਡ ਗਿਆ ਪਰ ਅੱਖਾਂ ਵਿਚ ਚਮਕ ਰਹੀ। ਛੇਤੀ ਉਸ ਨੇ ਆਪਣੇ ਵਾਲ ਖੋਲ੍ਹ ਦਿਤੇ ਜੋ ਹੇਠਾਂ ਵੱਲ ਦੂਰ ਤਕ ਖਿਸਕ ਗਏ।

ਜੇਮਜ਼ ਡਿਲਿੰਘਮ ਯੰਗ ਖਾਨਦਾਨ ਪਾਸ ਦੋ ਅਜਿਹੀਆਂ ਚੀਜ਼ਾਂ ਸਨ ਜਿਨ੍ਹਾਂ ਦੀ ਮਾਲਕੀ ਕਾਰਨ ਉਹ ਫਖਰ ਕਰਿਆ ਕਰਦੇ ਸਨ। ਇਕ ਸੀ ਸੋਨੇ ਦੀ ਘੜੀ ਜਿਹੜੀ ਪਹਿਲਾਂ ਉਨ੍ਹਾਂ ਦੇ ਪਿਤਾ ਪਾਸ ਸੀ ਤੇ ਉਸ ਤੋਂ ਪਹਿਲਾਂ ਦਾਦਾ ਜੀ ਪਾਸ। ਦੂਜੀ ਅਮੁੱਲ ਵਸਤੂ ਸਨ ਡੈਲਾ ਦੇ ਕੇਸ। ਈਰਾਨ ਦੀ ਸਭ ਤੋਂ ਸੁਹਣੀ ਮਹਾਰਾਣੀ ਸ਼ੀਬਾ ਜੇ ਕਿਤੇ ਡੈਲਾ ਦੇ ਫਲੈਟ ਸਾਹਮਣੇ ਰਹਿੰਦੀ ਹੁੰਦੀ ਤਾਂ ਆਪਣੇ ਕੇਸ ਸੁਕਾਉਣ ਲੱਗਿਆਂ ਡੈਲਾ, ਸ਼ੀਬਾ ਦੇ ਬੇਸ਼ਕੀਮਤੀ ਹੀਰਿਆਂ ਨੂੰ ਮੱਧਮ ਪਾ ਦਿੰਦੀ। ਇਵੇਂ ਹੀ ਸਮਰਾਟ ਸੁਲੇਮਾਨ ਜੇ ਇਸ ਇਮਾਰਤ ਦਾ ਚੌਕੀਦਾਰ ਹੁੰਦਾ, ਉਸ ਨੇ ਆਪਣਾ ਸਾਰਾ ਖਜ਼ਾਨਾ ਇਸ ਦੇ ਤਹਿਖਾਨੇ ਵਿਚ ਦੱਬਿਆ ਹੁੰਦਾ ਅਤੇ ਜਿਮ ਉਸ ਨੇੜੇ ਦੀ ਲੰਘਦਾ ਹੋਇਆ ਆਪਣੀ ਘੜੀ ਤੋਂ ਸਮਾਂ ਦੇਖਦਾ ਤਾਂ ਸੁਲੇਮਾਨ ਨੇ ਈਰਖਾਵਸ ਆਪਣੀ ਦਾਹੜੀ ਖੁਰਚਣ ਲੱਗ ਜਾਣਾ ਸੀ।

ਡੈਲਾ ਦੇ ਖੂਬਸੂਰਤ ਕੇਸ ਲਹਿਰਾਉਂਦੇ ਚਮਚਮਾਉਂਦੇ ਇਉਂ ਲਮਕ ਰਹੇ ਸਨ ਜਿਵੇਂ ਕੋਈ ਝਰਨਾ ਹੇਠਾਂ ਉਤਰ ਰਿਹਾ ਹੋਵੇ। ਗੋਡਿਆਂ ਤੱਕ ਲੰਮੇ ਵਾਲ, ਇਉਂ ਲਗਦਾ ਸੀ ਜਿਵੇਂ ਉਸ ਦਾ ਲਿਬਾਸ ਇਹੀ ਹੋਵੇ। ਘਬਰਾ ਕੇ ਵਾਲਾਂ ਨੂੰ ਉਸ ਨੇ ਛੇਤੀ ਦੇ ਕੇ ਫੇਰ ਬੰਨ੍ਹ ਲਿਆ। ਪਲ ਭਰ ਸੁੰਨ ਜਿਹੀ ਖਲੋਤੀ ਰਹੀ ਤੇ ਫਿਰ ਅਚਾਨਕ ਉਸ ਦੀ ਅੱਖ ਵਿਚੋਂ ਇਕ ਹੰਝੂ ਘਸੇ ਕਾਲੀਨ ਉਪਰ ਜਾ ਡਿੱਗਾ। ਉਸ ਨੇ ਪੁਰਾਣੀ ਭੂਰੀ ਜਾਕਟ ਪਹਿਨੀ ਤੇ ਪੁਰਾਣਾ ਭੂਰਾ ਟੋਪ ਸਿਰ 'ਤੇ ਰੱਖਿਆ। ਅੱਖਾਂ ਵਿਚ ਲਿਸ਼ਕ, ਧੜਾਧੜ ਸਖਤ ਕਦਮਾਂ ਨਾਲ ਪੌੜੀ ਤੋਂ ਹੇਠਾਂ ਉਤਰੀ ਤੇ ਜਦੋਂ ਤੇਜ਼ੀ ਨਾਲ ਮੁੜੀ ਤਾਂ ਸਕਰਟ ਲਹਿਰਾਇਆ। ਜਿਸ ਦੁਕਾਨ ਸਾਹਮਣੇ ਜਾ ਕੇ ਰੁਕੀ ਉਸ ਉਪਰ ਬੋਰਡ ਲੱਗਾ ਹੋਇਆ ਸੀ, ਮੈਡਮ ਸੋਫਰਾਨੀ-ਵਾਲਾਂ ਤੋਂ ਬਣੀਆਂ ਵਸਤਾਂ। ਭਜਦੀ ਹੋਈ ਉਹ ਦੁਕਾਨ ਦੀਆਂ ਪੌੜੀਆਂ ਚੜ੍ਹੀ, ਰੁਕੀ ਤਾਂ ਹਫ ਰਹੀ ਸੀ। ਉਚੀ ਲੰਮੀ ਮੈਡਮ ਸੋਫਰਾਨੀ ਸਹਿਜ ਮਜਾਜ਼, ਦਿਲ ਨੂੰ ਠੰਢ ਪਾਉਣ ਵਾਲੀ ਔਰਤ ਸੀ।

ਡੈਲਾ ਨੇ ਪੁੱਛਿਆ, ਮੇਰੇ ਵਾਲ ਖਰੀਦੋਗੇ?

ਮੈਡਮ ਨੇ ਕਿਹਾ, ਇਹੋ ਤਾਂ ਮੇਰਾ ਕਾਰੋਬਾਰ ਹੈ। ਟੋਪ ਉਤਾਰੋ। ਪਹਿਲਾਂ ਦੇਖ ਲਵਾਂ ਕਿਹੋ ਜਿਹੇ ਹਨ ਤੁਹਾਡੇ ਵਾਲ।

ਸੁਨਹਿਰੀ ਵਾਲਾਂ ਦਾ ਝਰਨਾ ਜ਼ਮੀਨ ਵਲ ਦੌੜਿਆ। ਮੈਡਮ ਨੇ ਆਪਣੇ ਤਜਰਬੇਕਾਰ ਹੱਥਾਂ ਨਾਲ ਵਾਲਾਂ ਨੂੰ ਤੋਲਦਿਆਂ ਕਿਹਾ, ਵੀਹ ਡਾਲਰ। ਹੌਲੀ ਦੇ ਕੇ ਡੈਲਾ ਨੇ ਕਿਹਾ, ਦਿਉ।

ਅਗਲੇ ਦੋ ਘੰਟੇ ਗੁਲਾਬੀ ਖੰਭਾਂ ਉਪਰ ਸਵਾਰ ਹੋ ਕੇ ਉਡ ਗਏ। ਸਿਆਣਾ ਪਾਠਕ ਮੇਰੇ ਘਸੇ ਪਿੱਟੇ ਅਲੰਕਾਰਾਂ ਵਲ ਬੇਸ਼ਕ ਧਿਆਨ ਨਾ ਵੀ ਦੇਵੇ। ਡੈਲਾ ਨੇ ਇਹ ਸਮਾਂ ਦੁਕਾਨਾਂ ਵਿਚ ਰਖੇ ਸਮਾਨ ਦੀ ਫੋਲਾ ਫਾਲੀ ਕਰਦਿਆਂ ਬਿਤਾਇਆ। ਜਿਸ ਚੀਜ਼ ਦੀ ਉਸ ਨੂੰ ਤਲਾਸ਼ ਸੀ ਆਖਰ ਉਹ ਮਿਲ ਹੀ ਗਈ। ਇਹੀ ਤਾਂ ਉਹ ਲੱਭ ਰਹੀ ਸੀ। ਇਹੀ ਤਾਂ ਸੀ ਜਿਮ ਵਾਸਤੇ, ਸਿਰਫ ਜਿਮ ਵਾਸਤੇ। ਸਾਰੀਆਂ ਦੁਕਾਨਾਂ ਛਾਣ ਮਾਰੀਆਂ ਸਨ ਪਰ ਕਿਤੇ ਇਹ ਨਹੀਂ ਸੀ-ਇਹ ਸੀ ਜੇਬ ਵਿਚ ਰੱਖਣ ਵਾਲੀ ਜਿਮ ਦੀ ਘੜੀ ਵਾਸਤੇ ਪਲਾਟੀਨਮ ਦੀ ਜੰਜੀਰ। ਡਿਜ਼ਾਇਨ ਸਾਦਾ ਪਰ ਦਿਲ ਖਿਚਵਾਂ। ਡਿਜ਼ਾਇਨ ਦੀ ਥੋੜ੍ਹੀ, ਕੀਮਤ ਤਾਂ ਇਸ ਦੀ ਧਾਤ ਦੀ ਸੀ। ਹਰੇਕ ਵਧੀਆ ਚੀਜ ਉਹ ਹੁੰਦੀ ਹੈ ਜਿਸ ਦਾ ਅਸਲਾ ਵਧੀਆ ਹੋਵੇ। ਬਾਹਰਲੀ ਦਿਖਾਵਟ ਤੋਂ ਕੀ ਲੈਣਾ ਦੇਣਾ। ਪਹਿਲੀ ਨਜ਼ਰ ਹੀ ਜਾਣ ਗਈ ਸੀ ਕਿ ਇਹ ਚੇਨੀ ਬਣੀ ਹੀ ਜਿਮ ਦੀ ਘੜੀ ਵਾਸਤੇ ਹੈ। ਜਿਮ ਵੀ ਇਹੋ ਜਿਹਾ ਸੀ, ਸਾਦਾ ਜਿਹਾ ਪਰ ਅਮੁੱਲ। ਲਉ ਜੀ ਜਿਹੋ ਜਿਹੀ ਜੰਜੀਰ ਉਹੋ ਜਿਹਾ ਜਿਮ। ਬਣ ਗਈ ਗੱਲ।

ਜਦੋਂ ਡੈਲਾ ਘਰ ਪੁੱਜੀ ਤਾਂ ਉਸ ਦੀ ਮਸਤੀ ਥੋੜੀ ਕੁ ਘਟ ਹੋ ਗਈ। ਹੁਣ ਉਹ ਵਿਹਾਰਕ, ਅਕਲਵੰਦ ਬੰਦਿਆਂ ਵਾਂਗ ਸੋਚਣ ਲੱਗੀ। ਅਲਮਾਰੀ ਵਿਚੋਂ ਉਹ ਸੂਈਆਂ ਕਲਿੱਪ ਕੱਢੇ ਜਿਨ੍ਹਾਂ ਨੂੰ ਗਰਮ ਕਰਕੇ ਵਾਲ ਘੁੰਗਰਾਲੇ ਕਰੀਦੇ ਹਨ। ਸੂਈਆਂ ਕਲਿੱਪ ਚੁੱਲ੍ਹੇ ਉਪਰ ਗਰਮ ਕਰਨ ਲੱਗੀ ਤੇ ਫਿਰ ਲੱਗ ਗਈ ਸਿਰ ਦੀ ਉਸ ਬਰਬਾਦੀ ਨੂੰ ਸੰਵਾਰਨ ਵਿਚ, ਜਿਹੜੀ ਬਰਬਾਦੀ ਪਿਆਰ ਵਿਚ ਅਕਸਰ ਹੋਇਆ ਹੀ ਕਰਦੀ ਹੈ। ਇਹੋ ਜਿਹੀ ਬਰਬਾਦੀ ਖਾਸੀ ਕਸ਼ਟਦਾਇਕ ਹੋਇਆ ਕਰਦੀ ਹੈ।

ਚਾਲੀ ਮਿੰਟ ਲੱਗੇ। ਡੈਲਾ ਦਾ ਸਿਰ ਛੋਟੇ ਛੋਟੇ ਘੁੰਗਰਾਲੇ ਵਾਲਾਂ ਨਾਲ ਸਜ ਗਿਆ। ਇਉਂ ਲਗਦਾ ਸੀ ਜਿਵੇਂ ਸਕੂਲੋਂ ਭੱਜੀ ਬੱਚੀ ਹੋਵੇ ਕੋਈ। ਸ਼ੀਸ਼ੇ ਅੱਗੇ ਖਲੋ ਕੇ ਫਿਰ ਉਸ ਨੇ ਪੂਰੇ ਧਿਆਨ ਨਾਲ ਆਪਣੀ ਸ਼ਕਲ ਦਾ ਆਲੋਚਨਾਤਮਕ ਜਾਇਜ਼ਾ ਲਿਆ-ਪਹਿਲੀ ਨਜ਼ਰ ਦੇਖਣ ਸਾਰ ਜੇ ਜਿਮ ਨੇ ਮੈਨੂੰ ਜਾਨੋ ਨਾ ਮਾਰਿਆ ਤਾਂ ਕਹੇਗਾ ਕਿ ਤੂੰ ਕ੍ਰਿਸਮਸ ਦੇ ਗੱਵਈਆਂ ਵਰਗੀ ਲਗਦੀ ਹੈਂ। ਪਰ ਮੈਂ ਕੀ ਕਰਦੀ ਬਈ? ਇਕ ਡਾਲਰ ਸੱਤਾਸੀ ਸੈਂਟਾਂ ਨਾਲ ਕੀ ਖਰੀਦਦੀ ਆਪਣੇ ਜਿਮ ਵਾਸਤੇ?

ਠੀਕ ਸੱਤ ਵਜੇ ਉਸ ਨੇ ਕਾਫੀ ਬਣਾਈ। ਸਟੋਵ 'ਤੇ ਕੜਾਹੀ ਰੱਖੀ। ਜਿਮ ਆਉਣ ਹੀ ਵਾਲਾ ਹੈ ਨਾ। ਗਰਮਾ ਗਰਮ ਪਕੌੜੇ ਬਣਾਵਾਂਗੀ। ਲੇਟ ਹੁੰਦਾ ਹੀ ਨਹੀਂ ਕਦੀ। ਚੇਨੀ ਦਾ ਗੋਲ ਛੱਲਾ ਬਣਾ ਕੇ ਉਸ ਨੇ ਮੁਠੀ ਵਿਚ ਬੰਦ ਕਰ ਲਿਆ ਤੇ ਦਰਵਾਜੇ ਨੇੜੇ ਰੱਖੇ ਸਟੂਲ 'ਤੇ ਬੈਠ ਕੇ ਉਡੀਕਣ ਲੱਗੀ। ਪੌੜੀਆਂ ਚੜ੍ਹਦੇ ਕਦਮਾਂ ਦੀ ਆਵਾਜ਼ ਸੁਣੀ। ਪਲ ਭਰ ਲਈ ਉਸ ਦਾ ਚਿਹਰਾ ਸ਼ਾਂਤ ਹੋਇਆ। ਜੀਵਨ ਦੀਆਂ ਨਿਕੀਆਂ ਨਿਕੀਆਂ ਚੀਜ਼ਾਂ ਹਾਸਲ ਕਰਨ ਵਾਸਤੇ ਪ੍ਰਾਰਥਨਾ ਕਰੀ ਜਾਣੀ ਉਸ ਦੀ ਆਦਤ ਸੀ। ਇਸ ਪਲ ਵੀ ਫੁਸਫੁਸਾਈ, ਹੇ ਪ੍ਰਭੂ, ਮਿਹਰ ਰੱਖੀਂ, ਹੁਣ ਵੀ ਮੈਂ ਜਿਮ ਨੂੰ ਸੁਹਣੀ ਈ ਲੱਗਾਂ।



ਦਰਵਾਜਾ ਖੁਲ੍ਹਿਆ। ਜਿਮ ਅੰਦਰ ਆਇਆ। ਦਰਵਾਜਾ ਬੰਦ ਕੀਤਾ। ਪਤਲਾ ਜਿਹਾ ਕਮਜ਼ੋਰ ਜਿਹਾ ਲੱਗ ਰਿਹਾ ਸੀ ਵਿਚਾਰਾ। ਉਮਰ ਕੇਵਲ ਬਾਈ ਸਾਲ ਪਰ ਮੋਢਿਆਂ 'ਤੇ ਪਰਿਵਾਰ ਦਾ ਬੋਝ ਪੂਰਾ। ਉਸ ਨੂੰ ਨਵਾਂ ਓਵਰਕੋਟ ਚਾਹੀਦਾ ਸੀ। ਉਹਦੇ ਕੋਲ ਤਾਂ ਦਸਤਾਨੇ ਵੀ ਨਹੀਂ ਸਨ। ਜਿਮ ਅੰਦਰ ਲੰਘਿਆ। ਜਿਵੇਂ ਕੋਈ ਬੰਦਾ ਸ਼ਿਕਾਰੀ ਕੁੱਤੇ ਨੂੰ ਦੇਖ ਕੇ ਅਡੋਲ ਖਲੋ ਜਾਂਦਾ ਹੈ ਉਸੇ ਤਰ੍ਹਾਂ ਅਹਿਲ ਹੋ ਗਿਆ। ਉਸ ਦੀ ਨਜ਼ਰ ਡੈਲਾ ਉਪਰ ਪੈ ਚੁਕੀ ਸੀ। ਉਹ ਇਸ ਤਰ੍ਹਾਂ ਕਿਉਂ ਦੇਖ ਰਿਹਾ ਸੀ-ਡੈਲਾ ਨੂੰ ਪਤਾ ਨਾ ਲੱਗਾ। ਉਹ ਡਰ ਗਈ ਜਿਮ ਦੀਆਂ ਅੱਖਾਂ ਵਿਚ ਨਾ ਗੁੱਸਾ ਸੀ, ਨਾ ਹੈਰਾਨੀ, ਨਾ ਨਫ਼ਰਤ। ਉਸ ਦਾ ਹਾਵ ਭਾਵ ਭਿਆਨਕ ਨਹੀਂ ਸੀ, ਨਾ ਹੀ ਅਜਿਹੀ ਕੋਈ ਭਾਵਨਾ ਸੀ ਜਿਸ ਵਾਸਤੇ ਡੈਲਾ ਆਪਣੇ ਆਪ ਨੂੰ ਤਿਆਰ ਕਰੀ ਬੈਠੀ ਸੀ। ਜਿਮ ਲਗਾਤਾਰ ਡੈਲਾ ਦੇ ਚਿਹਰੇ ਵਲ ਦੇਖੀ ਗਿਆ ਤੇ ਜਿਹੜੇ ਭਾਵ ਜਿਮ ਦੇ ਚਿਹਰੇ ਉਪਰ ਉਕਰੇ ਹੋਏ ਸਨ, ਡੈਲਾ ਨੂੰ ਸਮਝ ਵਿਚ ਨਾ ਆਏ।

ਡੈਲਾ ਨੇ ਉਸ ਵਲ ਸਰਕਦਿਆਂ ਕਿਹਾ, ਜਿਮ, ਪਿਆਰੇ ਜਿਮ, ਮੈਨੂੰ ਇਉਂ ਨਾ ਦੇਖ। ਮੈਂ ਆਪਣੇ ਵਾਲ ਕਟਵਾ ਕੇ ਵੇਚ ਦਿਤੇ ਕਿਉਂਕਿ ਮੈਂ ਤੁਹਾਨੂੰ ਕ੍ਰਿਸਮਸ ਸੁਗਾਤ ਦਿਤੇ ਬਗੈਰ ਰਹਿ ਨਹੀਂ ਸਕਦੀ ਸੀ। ਵਾਲ ਤਾਂ ਛੇਤੀ ਫੇਰ ਲੰਮੇ ਹੋ ਜਾਣੇ ਨੇ। ਮੈਨੂੰ ਵਿਸ਼ਵਾਸ ਹੈ ਤੁਸੀਂ ਬੁਰਾ ਨਹੀ ਮਨਾਉਗੇ। ਸੁਗਾਤ ਤਾਂ ਦੇਣੀ ਸੀ। ਮੇਰੇ ਵਾਲ ਤੇਜੀ ਨਾਲ ਵਧਦੇ ਨੇ। ਮੈਨੂੰ ਸ਼ੁਭ ਕ੍ਰਿਸਮਸ ਕਹੋ ਜਿਮ। ਆਉ ਜਿਮ। ਮੌਜ ਮਸਤੀ ਕਰੀਏ। ਤੁਹਾਨੂੰ ਪਤਾ ਨਹੀਂ ਮੈਂ ਕਿਹੋ ਜਿਹੀ ਸੁਗਾਤ ਤੁਹਾਡੇ ਲਈ ਖਰੀਦ ਕੇ ਲਿਆਈ ਆਂ।

ਤੂੰ ਆਪਣੇ ਵਾਲ ਕਟਵਾ ਦਿੱਤੇ, ਜਿਮ ਬੋਲਿਆ। ਉਸ ਨੇ ਇਹ ਸ਼ਬਦ ਏਨੇ ਸਹਿਜੇ ਸਹਿਜੇ ਬੋਲੇ ਜਿਵੇਂ ਕਿ ਬਹੁਤ ਜੋਰ ਲਾਉਣ ਬਾਦ ਵੀ ਕਿਸੇ ਨੂੰ ਗੱਲ ਸਮਝ ਨਾ ਆਈ ਹੋਵੇ।

ਕਟਵਾ ਹੀ ਨਹੀਂ ਦਿਤੇ, ਵੇਚ ਵੀ ਦਿਤੇ, ਡੈਲਾ ਨੇ ਕਿਹਾ, ਕੀ ਬਿਨਾ ਵਾਲਾਂ ਤੋਂ ਮੈਨੂੰ ਪਿਆਰ ਨਹੀਂ ਕਰੋਗੇ? ਬਗੈਰ ਵਾਲਾਂ ਦੇ ਵੀ ਮੈਂ ਤਾਂ ਮੈਂ ਈ ਹਾਂ ਨਾਂ। ਹੈਰਾਨ ਜਿਹੀ ਨਜ਼ਰ ਜਿਮ ਨੇ ਕਮਰੇ ਵਿਚ ਦੌੜਾਈ। ਜਿਵੇਂ ਕੋਈ ਸ਼ੈਦਾਈ ਵਿਹਾਰ ਕਰਦਾ ਹੈ। ਜਿਮ ਫਿਰ ਬੋਲਿਆ, ਕੀ ਆਖਿਐ ਤੂੰ? ਕਿ ਤੇਰੇ ਕੇਸ ਚਲੇ ਗਏ?

ਡੈਲਾ ਬੋਲੀ, ਹੁਣ ਨੀ ਲੱਭਣੇ ਉਹ। ਮੈਂ ਦੱਸਿਐ ਨਾ। ਵਿਕ ਵੀ ਗਏ। ਚਲੇ ਗਏ। ਉਮਰ ਹੀ ਏਨੀ ਸੀ ਮੇਰੇ ਕੇਸਾਂ ਦੀ। ਡੈਲਾ ਦੀ ਆਵਾਜ਼ ਹੁਣ ਗੰਭੀਰ ਅਤੇ ਮਿਠਾਸਪੂਰਨ ਹੋ ਗਈ ਪਰ ਤੁਹਾਡੇ ਬਾਰੇ ਮੇਰੇ ਪਿਆਰ ਦੀ ਗਿਣਤੀ ਕੋਈ ਨੀ ਕਰ ਸਕਦਾ। ਪਿਆਰੇ ਜਿਮ, ਪਕੌੜੇ ਬਣਾਵਾਂ?

ਸੁੰਨ-ਮਸੁੰਨ ਜਿਹੀ ਹਾਲਤ ਵਿਚੋਂ ਜਿਮ ਹੁਣ ਬਾਹਰ ਨਿਕਲਿਆ। ਉਸ ਨੇ ਡੈਲਾ ਨੂੰ ਗਲਵਕੜੀ ਵਿਚ ਘੁਟ ਲਿਆ।

ਆਓ ਪਾਠਕੋ, ਦਸ ਸਕਿੰਟਾਂ ਵਾਸਤੇ ਆਪਾਂ ਆਪਣਾ ਧਿਆਨ ਕਿਸੇ ਹੋਰ ਮਾਮੂਲੀ ਜਿਹੀ ਚੀਜ਼ ਵਲ ਕਰੀਏ। ਹਫ਼ਤੇ ਦੇ ਅੱਠ ਡਾਲਰ ਜਾਂ ਦਸ ਲੱਖ, ਫਰਕ ਕੀ ਹੈ? ਗਣਿਤ ਸ਼ਾਸਤਰੀ ਅਤੇ ਗਿਆਨੀ ਧਿਆਨੀ ਗਲਤ ਮਲਤ ਉਤਰ ਦੇਣਗੇ। ਮੈਜਈ ਦਰਵੇਸ, ਯਕੀਨਨ ਬੇਸ਼ੁਮਾਰ ਕੀਮਤ ਦੇ ਤੋਹਫੇ ਲੈ ਕੇ ਆਏ ਸਨ ਪਰ ਇਹ ਗੱਲ ਉਨ੍ਹਾਂ ਵਿਚ ਵੀ ਨਹੀਂ ਸੀ। ਗੱਲ ਤਾਂ ਤੁਹਾਨੂੰ ਅਜੇ ਦੱਸਣੀ ਹੈ।

ਓਵਰਕੋਟ ਦੀ ਜੇਬ ਵਿਚੋਂ ਜਿਮ ਨੇ ਇਕ ਲਿਫਾਫਾ ਕੱਢਿਆ ਤੇ ਮੇਜ ਉਪਰ ਸੁੱਟ ਦਿੱਤਾ। ਜਿਮ ਨੇ ਕਿਹਾ, ਗਲਤ ਨਾ ਸਮਝੀਂ ਡੈਲਾ। ਤੂੰ ਵਾਲਾਂ ਦਾ ਸਟਾਈਲ ਬਦਲ ਦਿਤਾ ਜਾਂ ਸ਼ੈਪੂ ਬਦਲ ਦਿਤਾ, ਇਸ ਗੱਲ ਨਾਲ ਮੇਰੇ ਪ੍ਰੇਮ ਨੂੰ ਫਰਕ ਨਹੀ ਪੈਂਦਾ। ਇਉਂ ਹੋ ਈ ਨਹੀ ਸਕਦਾ ਕਦੀ। ਪਰ ਜਦੋਂ ਤੂੰ ਇਹ ਲਿਫਾਫਾ ਖੋਲ੍ਹੇਂਗੀ ਤਾ ਤੈਨੂੰ ਮੇਰੀ ਪ੍ਰੇਸ਼ਾਨੀ ਦਾ ਪਤਾ ਲੱਗੇਗਾ।

ਗੋਰੀਆਂ ਉਂਗਲਾਂ ਨੇ ਲਿਫਾਫੇ ਦਾ ਧਾਗਾ ਉਧੇੜਿਆ। ਉਫ, ਇਕ ਦਰਦਨਾਕ ਚੀਕ। ਹੁਣ ਸ਼ੁਰੂ ਹੋਈ ਜਨਾਨੀਆਂ ਵਾਲੀ ਹਰਕਤ, ਹਿਰਦੇਵੇਧਕ ਵਿਰਲਾਪ। ਮੋਟੇ ਮੋਟੇ ਹੰਝੂ। ਧਰਵਾਸ ਦੇਣ ਵਾਸਤੇ ਘਰ ਦੇ ਮਾਲਕ ਨੂੰ ਖਾਸੀ ਤਾਕਤ ਲਾਉਣੀ ਪਈ।

ਲਉ ਜੀ ਪੈਕਟ ਵਿਚੋਂ ਨਿਕਲਿਆ ਬੇਅੰਤ ਸੁਹਣੀਆਂ ਕੰਘੀਆਂ ਅਤੇ ਕਲਿੱਪਾਂ ਦਾ ਪੂਰਾ ਸੈਟ। ਉਹੀ ਸੈਟ ਜਿਹੜਾ ਬਰਾਡਵੇ ਦੀ ਵੱਡੀ ਦੁਕਾਨ ਵਿਚ ਡੈਲਾ ਨੇ ਇਕ ਵੇਰ ਵਾਰ ਵਾਰ ਦੇਖਿਆ ਸੀ ਤੇ ਉਸ ਦੀ ਤੱਕਣੀ ਵਿਚੋਂ ਇਸ ਨੂੰ ਖਰੀਦਣ ਦੀ ਇੱਛਾ ਜਿਮ ਨੇ ਪੜ੍ਹ ਲਈ ਸੀ। ਐਨੀਆਂ ਖੂਬਸੂਰਤ ਕੰਘੀਆਂ? ਕੱਛੂ ਦੀ ਖੋਪਰੀ ਦੇ ਬਣੇ ਹੋਏ ਤੇ ਮੋਤੀਆਂ ਨਾਲ ਮੜ੍ਹੇ ਕਿਨਾਰੇ, ਲਿਸ਼ਕਾਰੇ ਮਾਰਦੇ ਹੋਏ ਕਲਿੱਪ। ਐਨੇ ਸੁਹਣੇ ਰੰਗ, ਡੈਲਾ ਦੇ ਵਾਲਾਂ ਦੀ ਰੰਗਤ ਦੇ, ਉਨ੍ਹਾਂ ਵਾਲਾਂ ਵਰਗੇ ਜਿਹੜੇ ਕਟ ਗਏ ਤੇ ਵਿਕ ਗਏ। ਬੜੀਆਂ ਮਹਿੰਗੀਆਂ ਕੰਘੀਆਂ ਡੈਲਾ ਕਿਹੜਾ ਜਾਣਦੀ ਨਹੀਂ ਸੀ। ਉਹ ਜਾਣਦੀ ਸੀ, ਕਦੀ ਨਹੀਂ ਖਰੀਦ ਸਕੇਗੀ ਇਹ ਕੰਘੀਆਂ ਤੇ ਕਲਿੱਪ, ਕਦੀ ਨਹੀਂ ਸਜਾ ਸਕੇਗੀ। ਪਰ ਆਪਣੇ ਦਿਲ ਦਾ ਕੀ ਕਰਦੀ ਉਹ? ਕਲਿੱਪਾਂ ਦੀ ਖਾਹਸ਼, ਬੇਸਬਰੀ, ਉਨ੍ਹਾਂ ਨੂੰ ਪ੍ਰਾਪਤ ਕਰਨ ਦੀ ਤੀਬਰ ਇੱਛਾ ਸੁਭਾਵਕ ਸੀ। ਉਹੀ ਕੰਘੀਆਂ ਕਲਿੱਪ ਹੁਣ ਉਹਦੇ ਸਨ, ਪਰ ਉਹ ਲੰਮੇ ਕੇਸ ਜਿਨ੍ਹਾਂ ਦਾ ਸ਼ਿੰਗਾਰ ਇਨ੍ਹਾਂ ਕਲਿੱਪਾਂ ਨੇ ਬਣਨਾ ਸੀ, ਉਹ ਚਲੇ ਗਏ ਸਨ ਦੂਰ।

ਜਿਹੜਾ ਤੁਹਫਾ ਡੈਲਾ ਨੇ ਲਿਆਂਦਾ ਸੀ ਉਹ ਜਿਮ ਨੇ ਅਜੇ ਨਹੀਂ ਦੇਖਿਆ ਸੀ। ਖੁੱਲ੍ਹੀ ਹਥੇਲੀ ਉਪਰ ਚੇਨੀ ਰੱਖ ਕੇ ਡੈਲਾ ਨੇ ਜਿਮ ਨੂੰ ਦਿਖਾਈ ਤੇ ਬਹੁਤ ਉਤਸੁਕਤਾ ਨਾਲ ਜਿਮ ਵੱਲ ਦੇਖਣ ਲੱਗੀ। ਚੇਨੀ ਤਾਂ ਲਿਸ਼ਕਾਰੇ ਮਾਰ ਹੀ ਰਹੀ ਸੀ ਡੈਲਾ ਦੀਆਂ ਅੱਖਾਂ ਵਿਚ ਕਿਹੜਾ ਘੱਟ ਚਮਕ ਆਈ? ਬਹੁਤ ਗਜ਼ਬ ਦੀ ਹੈ ਕਿ ਨਹੀਂ ਜਿਮ? ਇਹ ਖਰੀਦਣ ਲਈ ਮੈਂ ਸਾਰਾ ਸ਼ਹਿਰ ਫਰੋਲ ਮਾਰਿਆ। ਤੂੰ ਹੁਣ ਦਿਨ ਵਿਚ ਸੌ ਸੌ ਵਾਰ ਟਾਈਮ ਦੇਖਿਆ ਕਰੇਂਗਾ। ਲਿਆਉ, ਇਧਰ ਕਰੋ ਆਪਣੀ ਘੜੀ। ਦੇਖੀਏ ਕਿਵੇਂ ਲੱਗੇਗੀ ਉਸ ਨਾਲ ਇਹ।

ਡੈਲਾ ਦੀ ਗੱਲ ਮੰਨਣ ਦੀ ਥਾਂ ਜਿਮ ਸੋਫੇ 'ਤੇ ਲੁੜ੍ਹਕ ਗਿਆ। ਸਿਰ ਹੇਠਾਂ ਹੱਥ ਰੱਖ ਕੇ ਮੁਸਕਰਾਇਆ, ਡੈਲਾ ਥੋੜੀ ਦੇਰ ਲਈ ਆਪਾਂ ਕ੍ਰਿਸਮਸ ਦੇ ਤੋਹਫੇ ਇਕ ਪਾਸੇ ਰੱਖ ਦੇਈਏ। ਇਹ ਇਨੇ ਸੁਹਣੇ ਨੇ ਕਿ ਆਪਾਂ ਇਨ੍ਹਾਂ ਨੂੰ ਪਹਿਨਣ ਦੇ ਕਾਬਲ ਨਹੀਂ ਬਸ। ਤੇਰੇ ਵਾਸਤੇ ਕੰਘੀਆਂ ਕਲਿੱਪ ਖਰੀਦਣ ਵਾਸਤੇ ਮੈਂ ਉਹ ਘੜੀ ਵੇਚ ਆਇਆਂ। ਚਲੋ ਠੀਕ ਹੋਇਆ। ਹੁਣ ਇਉਂ ਕਰ, ਪਕੌੜੇ ਤਲ।

ਤੁਹਾਨੂੰ ਪਤਾ ਈ ਐ ਪਾਠਕੋ, ਇਹ ਮੈਜਈ ਬੜੇ ਦੂਰੰਦੇਸ਼ ਸਨ। ਯਕੀਨਨ ਦੂਰੰਦੇਸ਼। ਪੰਘੂੜੇ ਵਿਚ ਲੇਟੇ ਯਸੂ ਵਾਸਤੇ ਤੋਹਫੇ ਲੈ ਕੇ ਆਏ ਸਨ ਉਹ। ਉਨ੍ਹਾਂ ਦੇ ਤੋਹਫੇ ਕਿਹੜਾ ਘੱਟ ਕੀਮਤੀ ਸਨ? ਪਰ ਇਕ ਫਰਕ ਹੈ। ਜੇ ਚਾਹੁੰਦੇ, ਮੈਜਈ ਆਪਣੇ ਤੋਹਫੇ ਬਦਲ ਸਕਦੇ ਸਨ, ਦੁਕਾਨਦਾਰ ਬਦਲ ਕੇ ਹੋਰ ਦੇ ਦਿੰਦਾ। ਇਥੇ ਮੈਂ ਆਪਣੇ ਟੁੱਟੇ-ਫੁਟੇ ਅੰਦਾਜ਼ ਵਿਚ ਨਿਕੇ ਫਲੈਟ ਵਿਚ ਰਹਿੰਦੇ ਦੋ ਮੂਰਖ ਬੱਚਿਆਂ ਦੀ ਕਹਾਣੀ ਸੁਣਾਈ ਹੈ ਜਿਨ੍ਹਾਂ ਨੇ ਆਪਣੇ ਸਭ ਤੋਂ ਕੀਮਤੀ ਖਜ਼ਾਨਿਆਂ ਦੀ ਰਾਖ ਬਣਾ ਦਿਤੀ। ਤਾਂ ਵੀ, ਇਸ ਕਲਯੁਗ ਵਿਚ ਅਕਲਵੰਦ ਲੋਕਾਂ ਲਈ ਮੇਰੇ ਇਹ ਦੋ ਸ਼ਬਦ ਸੁਣੋ, ਜਿੰਨੇ ਲੋਕ ਸੁਗਾਤਾਂ ਦਿੰਦੇ ਹਨ, ਉਨ੍ਹਾਂ ਵਿਚੋਂ ਇਹੋ ਦੋ ਸਭ ਤੋਂ ਵਧੀਕ ਅਕਲਮੰਦ ਹਨ। ਲੋਕ ਤੋਹਫੇ ਲੈਣਗੇ/ਦੇਣਗੇ ਪਰ ਸਾਰਿਆਂ ਵਿਚੋਂ ਵਧੀਕ ਸਿਆਣੇ ਡੈਲਾ ਤੇ ਜਿਮ ਹਨ। ਹਰ ਥਾਂ, ਉਹੀ ਸਿਆਣੇ ਸਾਬਤ ਹੋਣਗੇ। ਮੇਰੇ ਲਈ ਤਾਂ ਉਹੀ ਮੈਜਈ ਹਨ।

#

# ਭੁਜੀਆ, ਭਜੀਆ, ਭਾਜੀ, ਭੂਜੀ...

## ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-454-4958

ਉਪਰ ਸਿਰਲੇਖ ਵਿਚ ਭੁਜੀਆ ਭਜੀਆ ਸ਼ਬਦ ਇਕੱਠੇ ਲਿਖੇ ਗਏ ਹਨ। ਕਈਆਂ ਨੂੰ ਭੁਲੇਖਾ ਲੱਗ ਸਕਦਾ ਹੈ ਕਿ ਮੈਂ ਏਥੇ ਭੁਜੀਆ ਸ਼ਬਦ ਦਾ ਨਿਰਾਰਥਕ ਵਧਾਣ ਕੀਤਾ ਹੈ ਜਿਵੇਂ ਇਸ ਫਿਕਰੇ ਵਿਚ, 'ਮੈਂ ਨਹੀਂ ਤੇਰਾ ਭੁਜੀਆ ਭਜੀਆ ਖਾਣਾ।' ਪਰ ਜਨਾਬ ਭਜੀਆ ਇਕ ਸੁਤੰਤਰ ਸ਼ਬਦ ਹੈ ਤੇ ਇਹ ਪੰਜਾਬੀ ਪਕੌੜੇ ਦਾ ਗੁਜਰਾਤੀ ਸਾਂਢੂ ਹੈ। ਕਿਸੇ ਵਾਕਿਫ਼ ਗੁਜਰਾਤੀ ਨੂੰ



ਗੁਜਰਾਤੀ ਭੁਜੀਆ

ਆਖੋ ਕਿ ਉਹ ਭਜੀਆ ਖਿਲਾਏ, ਉਹ ਘਰੋਂ ਪਕੌੜੇ ਬਣਵਾ ਕੇ ਲੈ ਆਵੇਗਾ। ਮੈਨੂੰ ਅਮਰੀਕਾ ਆ ਕੇ ਹੀ ਆਪਣੇ ਹਮਵਤਨੀ ਗੁਜਰਾਤੀਆਂ ਦੇ ਇਸ ਖਾਜੇ ਦੀ ਅਸਲੀਅਤ ਦਾ ਪਤਾ ਲੱਗਾ। ਸ਼ਾਇਦ ਸੰਪਾਦਕ 'ਪੰਜਾਬ ਟਾਈਮਜ਼' ਨੂੰ ਭੁਲੇਖਾ ਲੱਗਾ, ਉਸ ਨੇ ਮੇਰੇ ਪਕੌੜਿਆਂ ਵਾਲੇ ਲੇਖ ਵਿਚ ਭਜੀਆ ਸ਼ਬਦ ਨੂੰ 'ਦਰੁਸਤ' ਕਰਕੇ ਭੁਜੀਆ ਕਰ ਦਿੱਤਾ! ਹੋਰ ਦਿਲਚਸਪ ਗੱਲ ਦੱਸਾਂ, ਭਾਜੀ ਦੇ ਨਾਲ ਲੱਗਾ ਭੂਜੀ ਸ਼ਬਦ ਵੀ 'ਨਿਰਾਰਥਕ' ਨਹੀਂ, ਕਈ ਇਲਾਕਿਆਂ ਵਿਚ ਭੁਜੀਏ ਨੂੰ ਭੂਜੀ ਆਖਦੇ ਹਨ। ਮਰਾਠੀ ਵਿਚ ਭਜੀਏ ਯਾਨਿ ਪਕੌੜਿਆਂ ਨੂੰ ਭੱਜੀ ਤੇ ਤੈਲਗੂ ਵਿਚ ਬੱਜੀ ਆਖਦੇ ਹਨ। ਪਕੌੜਿਆਂ ਦੀ ਤਰ੍ਹਾਂ ਹੀ ਭਜੀਆ ਵੀ ਹੁਣ ਅਕਸਰ ਹੀ ਆਪਣੀ ਤਾਰੀਫ਼ ਕਰਾਉਣ ਲੱਗ ਪਿਆ ਹੈ ਜਿਵੇਂ, ਆਲੂ ਭਜੀਆ, ਪਿਆਜ਼ ਭਜੀਆ, ਮਿਰਚ ਭਜੀਆ।

ਭੁਜੀਆ ਬੀਕਾਨੇਰ ਦੀ ਨਿਆਮਤ ਹੈ। ਸਾਡੇ ਭਾਪਾ ਜੀ ਰਾਜਸਥਾਨ ਦੇ ਸ਼ਹਿਰ ਸ੍ਰੀ ਗੰਗਾਨਗਰ ਦੀ ਕਪੜੇ ਦੀ ਮਿੱਲ ਵਿਚ ਕੰਮ ਕਰਦੇ ਸਨ। ਅਸੀਂ ਉਥੇ ਵਾਢੀਆਂ ਦੀਆਂ ਛੁੱਟੀਆਂ ਮਨਾਉਣ ਲਈ ਭੁੱਜਦੀ ਹੋਈ ਰਾਜਸਥਾਨੀ ਗਰਮੀ ਝਾਗਦੇ ਹੁਮ ਹੁਮਾ ਕੇ ਅਪੜਦੇ ਸਾਂ। ਉਥੇ ਖਾਣ ਵਾਲੀ ਜਿਹੜੀ ਨਵੀਂ ਚੀਜ਼ ਲੱਗੀ ਉਹ ਸੀ ਭੁਜੀਆ, ਸਹੀ ਕਹਾਂ ਤਾਂ ਬੀਕਾਨੇਰੀ ਭੁਜੀਆ। ਅਸੀਂ ਮੁੱਠਾਂ ਭਰ ਭਰ ਭੁਜੀਆ ਖਾਂਦੇ ਸਾਂ। ਇਹ ਜਾਣ ਕੇ ਹੈਰਾਨੀ ਹੁੰਦੀ ਕਿ ਇਸ ਦਾ ਵਿਸ਼ੇਸ਼ ਸਵਾਦ ਇਸ ਵਿਚ ਮਿਲਾਈ ਏਥੋਂ ਦੀ ਮਿੱਟੀ ਕਰਕੇ ਹੈ। ਇਸ ਤਰ੍ਹਾਂ ਭਜੀਏ ਦੀ ਤਰ੍ਹਾਂ ਹੀ ਭੁਜੀਏ ਦਾ ਵੀ ਮੈਨੂੰ ਆਪਣੀ ਪੰਜਾਬ ਦੀ ਧਰਤੀ ਤੋਂ ਬਾਹਰ ਜਾ ਕੇ ਹੀ ਪਤਾ ਲੱਗਾ। ਵਿਸ਼ੇਸ਼ ਬੀਕਾਨੇਰੀ ਭੁਜੀਏ ਦੀ ਦਸਤਕਾਰੀ ਬੀਕਾਨੇਰ ਦੇ ਰਾਜਾ ਸ੍ਰੀ ਰਾਜ ਰਾਜੇਸ਼ਵਰ ਮਹਾਰਾਜਅਧਿਰਾਜ ਨਰੇਂਦਰ ਮਹਾਰਾਜਾ ਸ਼ਿਰੋਮਣੀ ਸ੍ਰੀ ਡੂੰਗਰ ਸਿੰਘ ਬਹਾਦਰ ਦੇ ਰਾਜ ਕਾਲ ਵਿਚ 1877 ਵਿਚ ਸ਼ੁਰੂ ਹੋਈ। ਉਸ ਨੇ ਆਪਣੇ ਖਾਸ ਮਹਿਮਾਨਾਂ ਦੀ ਸੇਵਾ ਲਈ ਇਹ ਖਾਸ ਡੂੰਗਰਸ਼ਾਹੀ ਪਕਵਾਨ ਤਿਆਰ ਕਰਾਇਆ। ਇਸ ਵਿਚ ਵੇਸਣ ਤੋਂ ਬਿਨਾ ਮੋਠਾਂ ਦਾ ਆਟਾ ਤੇ ਹੋਰ ਬਹੁਤ ਸਾਰੇ ਮਸਾਲੇ ਪਾਏ ਜਾਂਦੇ ਹਨ। ਕਈ ਕਿਸਮਾਂ ਵਿਚ ਮਿੱਟੀ ਵੀ ਮਿਲਾਈ ਜਾਂਦੀ ਹੈ। ਬੀਕਾਨੇਰ ਵਿਚ ਇਹ ਘਰ ਘਰ ਬਣਾਇਆ ਜਾਂਦਾ ਹੈ। ਪੈਪਸੀ ਕੰਪਨੀ ਨੇ ਭੁਜੀਏ ਦੀ ਵਿਆਪਕ ਪਸੰਦਗੀ ਦੇਖ ਕੇ ਲਾਲਾਂ ਸੁਟੀਆਂ ਤੇ ਇਸ ਦਾ ਪੇਟੈਂਟ ਲੈਣਾ ਚਾਹਿਆ ਪਰ ਜ਼ਬਰਦਸਤ ਕਾਨੂੰਨੀ ਲੜਾਈ ਪਿਛੋਂ ਵੀ ਕਾਮਯਾਬ ਨਾ ਹੋ ਸਕੀ। ਆਖਰ ਭੁਜੀਆ ਕਾਰੋਬਾਰ 'ਚ ਲੱਗੇ ਪੱਚੀ ਲੱਖ ਰਾਜਸਥਾਨੀਆਂ ਦੇ ਰੁਜ਼ਗਾਰ ਦਾ ਸਵਾਲ ਸੀ।

ਕਹਿੰਦੇ ਹਨ, ਕੋਹ ਕੋਹ 'ਤੇ ਭਾਸ਼ਾ ਬਦਲ ਜਾਂਦੀ ਹੈ। ਕਈ ਇਲਾਕਿਆਂ ਵਿਚ ਸੁੱਕ-ਭੁੰਨੀ ਸਬਜ਼ੀ ਨੂੰ ਭੁਜੀਆ ਆਖਿਆ ਜਾਂਦਾ ਹੈ ਤੇ ਕਈਆਂ ਵਿਚ ਭੁੱਜੇ ਚੌਲ ਭੁਜੀਆ ਹਨ। ਸਬਜ਼ੀ ਲਈ ਵਰਤਿਆ ਜਾਂਦਾ ਸ਼ਬਦ 'ਭਾਜੀ' ਵੀ ਮੁਢਲੇ ਤੌਰ 'ਤੇ ਬਿਨਾਂ ਤਰੀ ਵਾਲੀ ਭੁੰਨ ਕੇ ਬਣਾਈ ਤਰਕਾਰੀ ਹੀ ਸੀ ਪਰ ਹੁਣ ਹਰ ਸਬਜ਼ੀ ਹੀ ਭਾਜੀ ਹੈ। ਸਬਜ਼ੀ-ਭਾਜੀ ਸਮਾਸ ਨੇ ਤਾਂ ਗੱਲ ਹੋਰ ਸਾਫ਼ ਕਰ ਦਿੱਤੀ ਹੈ। ਨੇਪਾਲੀ ਵਿਚ ਤੁੜਕੇ ਹੋਏ ਵਤਾਊਂ ਦੇ ਕਤਲਿਆਂ ਨੂੰ ਭਾਜੀ ਕਿਹਾ ਜਾਂਦਾ ਹੈ। ਵਿਆਹ ਵਿਚ ਵੰਡੀ ਜਾਣ ਵਾਲੀ ਨਿਸ਼ਾਨੀ ਨੂੰ ਵੀ ਅਸੀਂ ਭਾਜੀ ਆਖਦੇ ਹਾਂ। ਭਾਵੇਂ ਇਸ ਵਿਚ ਵੀ ਤਲੇ ਜਾਂ ਪਕਾਏ ਪਕਵਾਨ ਹੀ ਹੁੰਦੇ ਹਨ ਪਰ ਭਾਸ਼ਾ ਵਿਗਿਆਨੀਆਂ ਨੇ ਇਸ ਸ਼ਬਦ ਦੀ ਵਿਉਤਪਤੀ ਸੰਸਕ੍ਰਿਤ ਸ਼ਬਦ 'ਭਾਜਯ' (ਵੰਡਣਾ) ਤੋਂ ਕੀਤੀ ਹੈ। ਇਨ੍ਹਾਂ ਤਿੰਨਾਂ ਸ਼ਬਦਾਂ ਦਾ ਚਾਲਕ ਸੰਸਕ੍ਰਿਤ ਧਾਤੂ ਹੈ 'ਭ੍ਰਜ' ਜਿਸ ਦਾ ਅਰਥ ਭੁੰਨਣਾ, ਰਾੜ੍ਹਨਾ ਹੈ। 'ਭੁਜਿਆ' ਸ਼ਬਦ ਦਾ ਸੰਸਕ੍ਰਿਤ ਰੂਪ ਹੈ 'ਭਰਜਿਤ'। 'ਭ੍ਰਜ' ਧਾਤੂ ਤੋਂ ਵਿਉਤਪਤ ਸ਼ਬਦਾਂ ਵਿਚ ਇਹ ਕਈ ਪਲਸੇਟੇ ਮਾਰਦਾ ਹੈ ਜਿਵੇਂ ਭਜ, ਭੁਜ, ਭ੍ਰਜ, ਭਾਜ ਆਦਿ। ਬਰੀਕ ਬਰੀਕ ਕੱਟ ਕੇ ਅਤੇ ਤੁੜਕਾ ਲਾ ਕੇ ਬਣਾਈਆਂ ਆਮ ਤੌਰ 'ਤੇ ਪੱਤਿਆਂ ਵਾਲੀਆਂ ਸਬਜ਼ੀਆਂ ਨੂੰ ਭੁਰਜੀ ਕਹਿ ਦਿੱਤਾ ਜਾਂਦਾ ਹੈ। ਪਰ ਕਿਸੇ ਸ਼ਬਦ ਦੇ ਅਰਥ ਟਿਕ ਕੇ ਨਹੀਂ ਰਹਿੰਦੇ। ਹੁਣ ਤਾਂ ਅਸੀਂ ਪਨੀਰ ਜਾਂ ਆਂਡਿਆਂ ਦੀ ਵੀ ਭੁਰਜੀ ਬਣਾ ਲੈਂਦੇ ਹਾਂ। ਇਸ ਤਰ੍ਹਾਂ ਭੁਰਜੀ ਦੀ ਵਿਸ਼ੇਸ਼ਤਾ ਇਸ ਗੱਲ ਵਿਚ ਹੈ ਕਿ ਇਸ ਵਿਚ ਵਰਤੀ ਗਈ ਵਥ ਦੇ ਚੀਥੜੇ ਚੀਥੜੇ ਕਰ ਦਿੱਤੇ ਜਾਂਦੇ ਹਨ ਅਤੇ ਇਸ ਨੂੰ ਘਿਉ ਆਦਿ ਵਿਚ ਤਲੇ ਜਾਣ ਦੀ ਥਾਂ ਤੜਕਾ ਲਾਇਆ ਜਾਂਦਾ ਹੈ।

ਭੜਥਾ ਜਾਂ ਭੁੜਥਾ ਸ਼ਬਦ ਵੀ ਸੰਸਕ੍ਰਿਤ 'ਭਰਜਿਤ' ਦਾ ਪੰਜਾਬੀ ਰੂਪ ਹੈ। ਹਿੰਦੀ ਵਿਚ ਭੜਥੇ ਨੂੰ 'ਭਰਤਾ' ਜਾਂ 'ਭੁਰਤਾ' ਕਿਹਾ ਜਾਂਦਾ ਹੈ ਇਸ ਲਈ ਕਈ ਹਿੰਦੀ ਕੋਸ਼ਾਂ ਨੇ ਇਸ ਦੀ ਵਿਉਤਪਤੀ ਭੁਰਕਣਾ ਜਾਂ ਭੁਰਭਰਾ ਤੋਂ ਕੀਤੀ ਹੈ। ਉਨ੍ਹਾਂ ਅਨੁਸਾਰ ਭੁੜਥਾ ਦੱਬ ਕੁਚਲ ਕੇ ਵਿਕ੍ਰਿਤ ਅਵਸਥਾ ਵਿਚ ਲਿਆਂਦੇ ਪਦਾਰਥ ਨੂੰ ਆਖਦੇ ਹਨ। ਇਸ ਤਰ੍ਹਾਂ ਉਹ ਭੁੜਥੇ ਨੂੰ ਦਲਿਤਾਂ ਦੇ ਤੁਲ ਖਿਆਲਦੇ ਹਨ। ਭੁੜਥਾ ਕਰਨਾ ਇਕ ਮੁਹਾਵਰਾ ਵੀ ਹੈ ਜਿਸ ਦਾ ਮਤਲਬ ਕਿਸੇ ਨੂੰ ਮਸਲ ਸੁਟਣਾ ਹੈ। ਉਂਜ ਗੱਲ ਸੱਚੀ ਹੈ, ਅੱਗ ਤੋਂ ਲਾਹਿਆ ਵਤਾਊਂ ਲੋਥ ਹੀ ਤਾਂ ਲਗਦੀ ਹੈ, ਇਹ ਤਾਂ ਟਮਾਟਰ ਅਦਰਕ ਆਦਿ ਦਾ ਤੜਕਾ ਅਤੇ ਉਤੇ ਭੁਰਕਿਆ ਹਰਾ ਧਨੀਆ ਹੈ ਜੋ ਇਸ ਲੋਥ ਵਿਚ ਮੁੜ ਜਾਨ ਫੂਕਦਾ ਹੈ। ਉਂਜ ਕਈਆਂ ਲਈ ਭੁੜਥਾ ਗ਼ਲੀਜ਼ ਹੈ, ਕਈਆਂ ਲਈ ਲਜ਼ੀਜ਼। ਭਾਈ ਕਾਹਨ ਸਿੰਘ ਅਨੁਸਾਰ ਭੜਥਾ ਹੈ, "ਭਿਰਜਤ ਹੋਇਆ ਪਦਾਰਥ। ਕੇਵਲ ਅਗਨਿ ਅਥਵਾ ਭੁਬਲ ਵਿਚ ਭੁਜਿਆ।" ਭਾਵੇਂ ਭੜਥੇ ਦਾ ਬਿੰਬ ਇਕ ਦੱਬੀ ਕੁਚਲੀ ਚੀਜ਼ ਹੀ ਹੈ ਪਰ ਇਸ ਦਾ ਅਸਲ ਸੰਸਕ੍ਰਿਤ 'ਭਰਜਿਤ' ਹੀ ਹੈ।

'ਭ੍ਰਜ' ਧਾਤੂ ਤੋਂ ਹੀ ਭੱਠ, ਭੱਠਾ, ਭੱਠੀ ਤੇ ਅੱਗੇ ਭਠਿਆਰਾ ਤੇ ਭਠਿਆਰਨ ਸ਼ਬਦ ਬਣੇ। ਇਸ ਦਾ ਸੰਸਕ੍ਰਿਤ ਰੂਪ ਹੈ 'ਭ੍ਰਾਸ਼ਟਰ' ਜਿਸ ਤੋਂ ਪ੍ਰਾਕ੍ਰਿਤ ਰੂਪ ਹੋਇਆ 'ਭੱਠ। ਭੱਠੀ ਲਾਉਣਾ ਦਾ ਮਤਲਬ ਸ਼ਰਾਬ ਕਢਣਾ ਹੈ। ਪਿੰਡ ਵਿਚ ਜਿਸ ਗੱਲ ਦਾ ਬਾਜ਼ਾਰ ਗਰਮ ਹੋਵੇ ਉਸ ਬਾਰੇ ਕਹਿ ਦਿੱਤਾ ਜਾਂਦਾ ਹੈ ਕਿ ਇਸ ਦੀ ਚਰਚਾ ਤਾਂ ਹੱਟੀ ਭੱਠੀ 'ਤੇ ਹੋ ਰਹੀ ਹੈ। ਏਥੋਂ ਦਾਣੇ ਭੁੰਨਣ ਵਾਲੀ



ਬੀਕਾਨੇਰੀ ਭੁਜੀਆ

ਭੱਠੀ ਦੀ ਰੌਣਕ ਅਤੇ ਨਿੰਦਿਆ ਚੁਗਲੀ ਦੇ ਕੇਂਦਰ ਵਜੋਂ ਅਹਿਮੀਅਤ ਦਾ ਪਤਾ ਲਗਦਾ ਹੈ। ਭੱਠ ਪਿਆ ਸੋਨਾ ਜਿਹੜਾ ਕੰਨਾਂ ਨੂੰ ਖਾਵੇ, ਭੱਠ ਰੰਨਾਂ ਦੀ ਦੋਸਤੀ, ਭੱਠ ਝੋਕਣਾ, ਭੱਠੇ 'ਚ ਜਾਵੇ ਆਦਿ ਮੁਹਾਵਰਿਆਂ ਤੋਂ ਪੰਜਾਬੀ ਲੋਕ ਜੀਵਨ ਵਿਚ ਇਸ ਸ਼ਬਦ ਦੀ ਮਹੱਤਤਾ ਮੂੰਹ ਬੋਲਦੀ ਹੈ। ਗੁਰੂ ਅਰਜਨ ਦੇਵ ਫਰਮਾਉਂਦੇ ਹਨ:

ਜਿਤੁ ਘਰਿ ਹਰਿ ਕੰਤੁ ਨ ਪ੍ਰਗਟਈ
ਭਠਿ ਨਗਰ ਸੇ ਗ੍ਰਾਮ॥

ਭੁੰਨਣਾ ਤੇ ਭੁਜਣਾ ਸਮਾਨਾਰਥਕ ਸ਼ਬਦ ਹਨ, ਵਿਆਕਰਣਕ ਤੌਰ 'ਤੇ ਭੁੰਨਣਾ ਸਕਰਮਕ ਤੇ ਭੁੱਜਣਾ ਅਕਰਮਕ ਹੈ। ਅਸਲ ਵਿਚ ਭੁਜਣਾ ਜਾਂ ਭੁੰਨਣਾ ਸ਼ਬਦ ਸੁੱਕੀ ਚੀਜ਼ ਨੂੰ ਤਪਾਉਣ ਵੱਲ ਸੰਕੇਤ ਕਰਦੇ ਹਨ ਜਿਵੇਂ ਦਾਣੇ ਭੁੰਨਾਉਣਾ ਆਦਿ ਵਿਚ। ਪਰ ਹੌਲੀ ਹੌਲੀ ਥੋੜਾ ਘਿਉ ਪਾ ਕੇ ਗਰਮਾਉਣਾ ਜਾਂ ਤੜਕਣਾ ਵੀ ਇਨ੍ਹਾਂ ਸ਼ਬਦਾਂ ਦੇ ਅਰਥ ਦਾਇਰੇ ਵਿਚ ਆ ਗਿਆ। ਭੁੰਨਣਾ ਤੋਂ ਬਹੁਤੇ ਸ਼ਬਦ ਵਿਉਤਪਤ ਨਹੀਂ ਹੋਏ. ਹਾਂ, ਮੁਹਾਵਰਾ ਹੈ, ਗੌਂ ਭੁੰਨਾਏ ਜੌਂ। ਭੁੰਨ ਕੇ ਖਾਧੀ ਜਾਣ ਵਾਲੀ ਲੈਰੀ ਛੱਲੀ ਲਈ ਵਰਤਿਆ ਜਾਂਦਾ ਸ਼ਬਦ ਭੁੱਟਾ ਵੀ ਇਸੇ ਅਰਥ ਪਸਾਰੇ ਵਿਚ ਆਉਂਦਾ ਹੈ। ਇਸ ਦਾ ਸੰਸਕ੍ਰਿਤ ਰੂਪ 'ਭ੍ਰਿਸ਼ਟ' ਹੈ। ਭੜਭੂੰਜਾ (ਭਾੜਾ+ਭੂੰਜਾ) ਸ਼ਬਦ ਵੀ ਇਸੇ ਸਿਲਸਿਲੇ ਵਿਚ ਆਉਂਦਾ ਹੈ।

ਉਪਰ ਚਰਚਾ ਵਿਚ ਆਏ ਸ਼ਬਦਾਂ ਦੇ ਸਕੇ-ਸੋਹਦਰੇ ਹੋਰ ਆਰਿਆਈ ਭਾਸ਼ਾਵਾਂ ਵਿਚ ਵੀ ਖੂਬ ਮਿਲਦੇ ਹਨ। ਭਾਸ਼ਾ ਵਿਗਿਆਨੀਆਂ ਨੇ ਇਕ ਭਾਰੋਪੀ ਮੂਲ 'ਭਰਿਊ' bhreu- ਲਭਿਆ ਹੈ ਜੋ ਇਨ੍ਹਾਂ ਸਭਨਾਂ ਸ਼ਬਦਾਂ ਦੀ ਕੜੀ ਬਣਿਆ ਹੋਇਆ ਹੈ। ਇਸ ਮੂਲ ਦਾ ਅਰਥ ਹੈ, ਭੁੰਨਣਾ, ਤਪਾਉਣਾ, ਰਾੜ੍ਹਨਾ। ਕਈ ਹਾਲਤਾਂ ਵਿਚ ਸਾਡੀਆਂ 'ਪ, ਬ, ਭ' ਧੁਨੀਆਂ ਅੰਗਰੇਜ਼ੀ ਦੇ 'ਫ' ਵਿਚ ਬਦਲ ਜਾਂਦੀਆਂ ਹਨ। ਇਸ ਤਰ੍ਹਾਂ ਅੰਗਰੇਜ਼ੀ ਸ਼ਬਦ ਫ਼ਰਾਈ (fry) ਸਾਡੇ ਭੁੱਜਣਾ ਦਾ ਸੁਜਾਤੀ ਹੈ। ਇਹ ਸ਼ਬਦ ਵੀ ਫਰਾਂਸੀਸੀ ਰਾਹੀਂ ਲਾਤੀਨੀ ਦੇ frigere ਤੋਂ ਵਿਕਸਿਤ ਹੋਇਆ ਹੈ। ਲਾਤੀਨੀ ਦੇ ਇਸ ਸ਼ਬਦ ਦਾ ਅਰਥ ਭੁੰਨਣਾ, ਰਾੜਨਾ ਹੀ ਹੈ ਪਰ ਅੰਗਰੇਜ਼ੀ ਵਿਚ ਆ ਕੇ ਇਸ ਦਾ ਅਰਥ ਤੇਲ ਆਦਿ ਵਿਚ ਤਲਣਾ ਹੋ ਗਿਆ। ਫਰਾਈ ਸ਼ਬਦ ਢਾਬਿਆਂ ਰਾਹੀਂ ਪੰਜਾਬੀ ਦੀ ਆਮ ਬੋਲਚਾਲ ਵਿਚ ਵੀ ਆ ਗਿਆ ਹੈ। ਢਾਬਿਆਂ ਵਾਲੇ ਤੁੜਕੀ ਦਾਲ ਨੂੰ ਫਰਾਈ ਆਖਦੇ ਹਨ, 'ਲਿਆਈਂ ਮੁੰਡਿਆ ਦੋ ਦਾਲ ਫਰਾਈਆਂ!" ਯੂ ਕੇ ਦਾ ਹਰਮਨਪਿਆਰਾ ਬਰੇਕਫਾਸਟ ਫਰਾਈਡ-ਐਗ (fried egg) ਵਿਚ ਘੱਟ ਤੋਂ ਘਟ ਮਸਾਲੇ ਪਾਏ ਜਾਂਦੇ ਹਨ ਤੇ ਭੁੰਨਣ ਲੱਗਿਆ ਖਿਆਲ ਰੱਖਿਆ ਜਾਂਦਾ ਹੈ ਕਿ ਆਂਡੇ ਦੀ ਗੋਲੀ ਨਾ ਟੁੱਟੇ। ਜੇ ਦਾਲ ਦੀ ਤਰ੍ਹਾਂ ਆਂਡਿਆਂ ਨੂੰ ਫਰਾਈ ਕੀਤਾ ਜਾਵੇ ਤਾਂ ਬਣੇ ਹੋਏ ਪਕਵਾਨ ਦੀ ਪਰਿਭਾਸ਼ਾ ਬਦਲ ਜਾਵੇਗੀ, ਇਹ ਆਂਡਿਆਂ ਦੀ ਭੁਰਜੀ ਕਹਾਵੇਗੀ। ਪਰ ਫਰਾਂਸ ਤੇ ਫਰਾਂਸੀਸੀ ਰਾਹੀਂ ਪ੍ਰਚਲਤ ਹੋਈ 'ਫਰਾਈ' ਜਾਂ 'ਫਰੈਂਚ ਫਰਾਈ' ਆਲੂ ਦੇ ਤਲੇ ਹੋਏ ਕਤਲੇ ਹਨ ਜੋ ਫਾਸਟ ਫੂਡਾਂ ਵਿਚ ਆਮ ਹੀ ਮਿਲਦੇ ਹਨ।

ਅਮਰੀਕਾ ਵਿਚ ਫਰਾਈ ਦਾ ਮਤਲਬ ਬਿਜਲਈ ਕੁਰਸੀ 'ਤੇ ਬਿਠਾ ਕੇ ਮਾਰ ਦੇਣਾ ਵੀ ਹੈ ਦੂਜੇ ਪਾਸੇ ਪੰਜਾਬੀ 'ਭੁੰਨ ਦੇਣਾ' ਦਾ ਅਰਥ ਗੋਲੀਆਂ ਆਦਿ ਮਾਰ ਕੇ ਪਾਰ ਬੁਲਾਉਣਾ ਹੈ। ਏਥੇ ਇਕ ਹੋਰ ਸਬੰਧਤ ਸ਼ਬਦ ਫ਼ਰਿਟਰ (fritter) ਦਾ ਜ਼ਿਕਰ ਕਰਨਾ ਵੀ ਜ਼ਰੂਰੀ ਹੈ। ਅਸਲ ਵਿਚ ਜੇ ਤੁਸੀਂ ਅੰਗਰੇਜ਼ੀ ਪੁਸਤਕਾਂ ਵਿਚ ਪਕੌੜੇ ਦਾ ਅਰਥ ਖੋਜੋ ਤਾਂ ਤੁਹਾਨੂੰ ਫ਼ਰਿਟਰ ਸ਼ਬਦ ਦੇ ਦਰਸ਼ਨ ਹੋਣਗੇ। ਅਮਰੀਕੀਆਂ ਤੇ ਅੰਗਰੇਜ਼ਾਂ ਦੇ ਫਰਿਟਰਾਂ ਵਿਚ ਫਰਕ ਹੈ। ਅਮਰੀਕੀ ਫ਼ਰਿਟਰ ਆਂਡੇ ਤੇ ਦੁਧ ਵਿਚ ਹੋਰ ਨਿਕ-ਸੁਕ ਮਿਲਾ ਕੇ ਤਲਿਆ ਡੋਨਟ ਵਰਗਾ ਪਕਵਾਨ ਹੈ ਜਦ ਕਿ ਅੰਗਰੇਜ਼ਾਂ ਦਾ ਫ਼ਰਿਟਰ ਆਲੂ, ਪਿਆਜ਼, ਸੇਬ ਆਦਿ ਦੀਆਂ ਫਰਾਈ ਕੀਤੀਆਂ ਕਤਲੀਆਂ ਹਨ.

ਫਾਰਸੀ ਵਿਚ 'ਭਰਿਊ' ਮੂਲ ਤੋਂ ਵਿਕਸਿਤ ਹੋਇਆ ਸ਼ਬਦ ਹੈ 'ਬਰਿਸ਼ਤਨ' ਜਿਸ ਦਾ ਅਰਥ ਵੀ ਭੁੰਨਣਾ, ਰਾੜ੍ਹਨਾ ਹੈ। 'ਬਰਿਸ਼ਤਨ' ਦਾ ਭੂਤਕਾਲੀ ਰੂਪ ਹੈ 'ਬਰਿਆਨ' ਜਿਸ ਤੋਂ ਫਾਰਸ ਦੇਸ਼ (ਇਰਾਨ) ਦੇ ਖਾਸ ਪਕਵਾਨ ਲਈ ਵਰਤੀਂਦਾ ਸ਼ਬਦ ਬਣਿਆ 'ਬਰਿਆਨੀ'। ਫਾਰਸ ਅਰਬ ਦੇਸ਼ਾਂ ਵਿਚ ਪਕਵਾਨ 'ਦਮ' ਦੇ ਕੇ ਬਣਾਏ ਜਾਂਦੇ ਹਨ। ਭਾਰਤ ਵਿਚ ਬਰਿਆਨੀ ਜਾਂ ਤਾਂ ਅਫਗਾਨਿਸਤਾਨ ਰਾਹੀਂ ਉਤਰੀ ਭਾਰਤ ਵਿਚ ਦਾਖਿਲ ਹੋਈ ਜਾਂ ਅਰਬੀ ਸੌਦਾਗਰਾਂ ਨੇ ਇਸ ਨੂੰ ਪਹਿਲਾਂ ਕਾਲੀਕਟ ਪਹੁੰਚਾਇਆ। ਭਾਰਤ ਵਿਚ ਇਸ ਦੇ ਪ੍ਰਚਲਤ ਹੋਣ ਬਾਰੇ ਕਈ ਦੰਦ-ਕਥਾਵਾਂ ਹਨ। ਇਕ ਅਨੁਸਾਰ ਰਾਜਾ ਤੈਮੂਰਲੰਗ ਨੇ ਇਸ ਨੂੰ ਕਜ਼ਾਖਸਤਾਨ ਤੋਂ ਭਾਰਤ ਲਿਆਂਦਾ। ਇਕ ਹੋਰ ਕਥਾ ਅਨੁਸਾਰ ਮੁਮਤਾਜ਼ ਮਹਲ ਨੇ ਮੁਗਲ ਫੌਜਾਂ ਲਈ ਇਕ ਸੰਪੂਰਨ ਭੋਜਨ ਵਜੋਂ ਇਸ ਦੀ ਕਾਢ ਕੱਢੀ। ਕਈ ਕਹਿੰਦੇ ਹਨ ਕਿ ਮਾਰੂਥਲ ਵਿਚ ਵਿਚਰਦੇ



ਹੈਦਰਾਬਾਦੀ ਬਰਿਆਨੀ

ਪਛਮੀ ਏਸ਼ੀਆ ਦੇ ਘੁਮਕੜ ਕਬੀਲਿਆਂ ਨੇ ਆਪਣੀ ਲੋੜ ਤੋਂ ਇਸ ਦੀ ਕਾਢ ਕੱਢੀ। ਉਹ ਤੌੜੀ ਵਿਚ ਚੌਲ, ਗੋਸ਼ਤ ਤੇ ਹੋਰ ਮਸਾਲੇ ਭਰ ਕੇ ਭੁਬਲ ਵਿਚ ਦੱਬ ਦੇਂਦੇ ਤੇ ਕੁਝ ਸਮੇਂ ਬਾਅਦ ਬਣੀ ਬਣਾਈ ਬਰਿਆਨੀ ਕਢ ਲੈਂਦੇ। ਮੁਗਲ ਰਾਜ ਨੇ ਇਸ ਖਾਣੇ ਨੂੰ ਖੂਬ ਪ੍ਰਵਾਨ ਚੜ੍ਹਾਇਆ। ਇਸੇ ਲਈ ਇਸਦੀਆਂ ਕਈ ਮੁਗਲਈ ਸ਼ੈਲੀਆਂ ਹਨ ਜਿਵੇਂ ਅਵਧੀ ਬਰਿਆਨੀ, ਕਲਕੱਤਾ ਬਰਿਆਨੀ, ਹੈਦਰਾਬਾਦੀ ਬਰਿਆਨੀ।

ਮੇਰਾ ਖਿਆਲ ਹੈ ਏਨੀਆਂ ਖਾਣ ਪੀਣ ਵਾਲੀਆਂ ਚੀਜ਼ਾਂ ਦਾ ਜ਼ਿਕਰ ਸੁਣ ਕੇ ਤੁਹਾਡੇ ਮੂੰਹ ਵਿਚ ਪਾਣੀ ਆ ਗਿਆ ਹੋਵੇਗਾ। ਘਰ ਜਾਓ, ਇਨ੍ਹਾਂ ਵਿਚੋਂ ਕੋਈ ਚੀਜ਼, ਖਾਸ ਤੌਰ 'ਤੇ ਬਰਿਆਨੀ ਬਣਾਉ, ਖਾਣ ਪਿਛੋਂ ਬਚੇ ਤਾਂ ਮੇਰੇ ਲਈ ਰੱਖ ਲੈਣਾ। ਇਕ ਉਮਦਾ ਰੈਸਪੀ ਮੈਂ ਦੱਸ ਦਿੰਦਾ ਹਾਂ। ਇਕ ਹਾਂਡੀ ਲੈ ਕੇ ਇਸ ਵਿਚ ਹਿਸਾਬ ਜਿਹੇ ਨਾਲ ਚੌਲ ਤੇ ਹਿਸਾਬ ਜਿਹੇ ਨਾਲ ਮਨ ਪਸੰਦ ਮਸਾਲੇ ਸਬਜ਼ੀਆਂ ਆਦਿ ਪਾ ਕੇ, ਹਿਸਾਬ ਜਿਹੇ ਨਾਲ ਇਸ ਨੂੰ ਭੁੰਨ ਲਵੋ। ਫਿਰ ਇਸ ਦੀਆਂ ਕਈ ਤਹਿਆਂ ਵਿਚ ਪਹਿਲਾਂ ਹਿਸਾਬ ਜਿਹੇ ਨਾਲ ਤਿਆਰ ਕੀਤਾ ਮਨ ਮਰਜ਼ੀ ਦਾ ਮੀਟ ਪਾ ਦਿਉ। ਫਿਰ ਹਿਸਾਬ ਜਿਹੇ ਦੀ ਅੱਗ 'ਤੇ ਰੱਖ ਕੇ ਜਦੋਂ ਲੱਗੇ ਕਿ ਤਿਆਰ ਹੋ ਗਿਆ, ਭੁੰਜੇ ਲਾਹ ਲਵੋ। ਤਿਆਰ ਕਰਨ ਤੋਂ ਪਹਿਲਾਂ ਬੰਦਿਆਂ ਦਾ ਹਿਸਾਬ ਜ਼ਰੂਰ ਰੱਖ ਲੈਣਾ, ਮੇਰੇ ਸਮੇਤ!

# ਟੈਂਪੂ ਭੁੱਟੋ ਦਾ

(ਸਫਾ 33 ਦੀ ਬਾਕੀ)

'ਤੂੰ ਸਾਨੂੰ ਬੇਵਕੂਫ਼ ਨਾ ਬਣਾ...ਸਾਨੂੰ ਸਾਰਾ ਪਤੈ...ਉਸ ਦਿਨ ਵੀ ਸਾਡੇ ਹੱਥ 'ਤੇ ਹੱਥ ਮਾਰ ਕੇ ਭੱਜ ਗਿਆ ਸੈਂ।'

'ਮਾਰਾਜ, ਉਹ ਕਿਵੇਂ?'

'ਚਾਹ ਦੇ ਕੇ ਪਾਣੀ ਨਾਲੇ ਲੈ ਗਿਆ ਸੀ।'

'ਜਨਾਬ, ਮੈਂ ਸਮਝਿਆ ਨਈਂ।'

'ਦੋ ਸੌ ਦਾ ਇਸ਼ਾਰਾ ਕਰਕੇ ਸੌ ਰੁਪਿਆ ਫੜ੍ਹਾ ਕੇ ਭੱਜ ਗਿਆ ਸੀ।'

'ਨਹੀਂ ਮਾਈ ਬਾਪ...ਇਹ ਨਹੀਂ ਹੋ ਸਕਦਾ।'

'ਤੈਨੂੰ ਯਾਦ ਐ...ਤੈਂ ਸਾਨੂੰ ਦੋਹਾਂ ਅੱਖਾਂ ਦੇ ਇਸ਼ਾਰੇ ਕੀਤੇ ਸਨ...ਇਕ ਦਾ ਕਰਦਾ ਸੌ ਹੋਣਾ ਸੀ, ਦੋਹਾਂ ਦਾ ਦੋ ਸੌ।'

'ਮੋਤੀਆਂ ਆਲਿਓ, ਮੇਰੀਆਂ ਅੱਖਾਂ ਖਰਾਬ ਨੇ, ਬੰਗਿਆਂ ਦੇ ਬੇਰੀ ਆਲੇ ਡਾਕਟਰ ਕੋਲ 'ਲਾਜ ਚਲਦੈ ਜੀ, ਪੁਛ ਲੋ ਭਾਵੇਂ ਜਾ ਕੇ।'

'ਸਾਨੂੰ ਨੀਂ ਪਤਾ ਬੇਰੀ ਆਲੇ, ਪਿੱਪਲ ਆਲੇ ਦਾ, ਸਿੱਧਾ ਹੋ ਕੇ ਚਲਾਨ ਕਟਾ।'

'ਜੇ ਨਹੀ ਮੰਨਦਾ ਤਾਂ ਦੂਜੇ ਲੋਟ ਕਰੀਏ' ਕਹਿੰਦਾ ਹੋਇਆ ਠਾਣੇਦਾਰ ਹਰਬੰਸ ਸਿੰਘ ਮੁੱਛਾਂ 'ਤੇ ਹੱਥ ਫੇਰਨ ਲੱਗਾ।

'ਤੇਰਾ ਨਾਂ ਕੀ ਆ ਉਏ?'

'ਜੀ ਭੁੱਟੋ।'

'ਅੱਛਾ ਇਹ ਦੱਸ, ਬੇਨਜ਼ੀਰ ਭੁੱਟੋ ਤੇਰੀ ਕੀ ਲੱਗਦੀ ਆ?'

'ਜੀ, ਕੁਝ ਵੀ ਨਹੀਂ।'

'ਸਾਡੇ ਨਾਲ ਚੁਸਤੀ ਨਾ ਕਰ, ਸਾਨੂੰ ਸਾਰਾ ਪਤੈ, ਤੜੈਂ-ਫੜੈਂ ਕੀਤੀ ਤਾਂ ਜਾਸੂਸੀ ਦਾ ਕੇਸ ਪਾ ਕੇ ਜੇਲ੍ਹ ਧੱਕ ਦੂੰ।'

'ਜਾਣ ਦਿਉ ਮਾਰਾਜ, ਸਵਾਰੀਆਂ ਟੈਂਪੂ 'ਚ ਧੁੱਪੇ ਬੈਠੀਆਂ, ਬੁਰਾ ਹਾਲ ਹੋਇਆ ਪਿਐ।' ਭੁੱਟੋ ਨੇ ਤਰਲਾ ਕੀਤਾ।

'ਚੱਲ ਅੱਜ ਤੈਨੂੰ ਛੱਡਿਆ, ਜੇ ਮੁੜ ਕੇ ਐਨੀਆਂ ਸਵਾਰੀਆਂ ਬਹਾਈਆਂ ਤਾਂ ਹਵਾਲਾਤ 'ਚ ਦੇ ਦੂੰ। ਅੰਦਰ ਬੈਠਾ ਮਾਹਾਂ ਦੀ ਦਾਲ ਖਾਵੇਂਗਾ, ਸਮਝਿਆ?'

'ਜੀ, ਜਨਾਬ।' ਕਹਿੰਦਾ ਹੋਇਆ ਭੁੱਟੋ ਟੈਂਪੂ ਸਟਾਰਟ ਕਰਕੇ ਨਵੇਂ ਸ਼ਹਿਰ ਨੂੰ ਤੁਰ ਪਿਆ।

'ਅੱਜ ਤਾਂ ਰੱਬ ਨੇ ਬਚਾ ਲਏ ਨਹੀਂ ਤਾਂ ਖੂਹ 'ਚ ਡਿੱਗੀ ਇੱਟ ਸੁੱਕੀ ਨੀਂ ਨਿਕਲਦੀ।' ਸੁੱਚੇ ਨੇ ਭੁੱਟੋ ਨਾਲ ਹਮਦਰਦੀ ਜਾਹਰ ਕਰਨ ਦੀ ਕੋਸ਼ਿਸ਼ ਕੀਤੀ।

'ਚੁੱਪ ਕਰ ਉਏ, ਪਹਿਲਾਂ ਤਾਂ ਕਹਿੰਦਾ ਸੀ ਪੁਲਿਸ ਆਲੇ ਮੈਨੂੰ ਜਾਣਦੇ ਆ, ਫਿਰ ਬੋਲਿਆ ਨੀਂ।'

'ਭਰਾਵਾ ਚੁੱਪ ਈ ਭਲੀ ਆ।'

'ਚੱਲ ਛੱਡ, ਆ ਤੈਨੂੰ ਲੱਸੀ ਪਿਆਵਾਂ।' ਸਵਾਰੀਆਂ ਅੱਡੇ 'ਚ ਲਾਹੁੰਦਾ ਹੋਇਆ ਭੁੱਟੋ ਸੁੱਚੇ ਲੰਬੜ ਨੂੰ ਕਹਿਣ ਲੱਗਾ। ਟੈਂਪੂ ਅੱਡੇ 'ਚ ਲਾ ਕੇ ਦੋਵੇਂ ਜਣੇ ਮੋਢਿਆਂ 'ਤੇ ਰੱਖੇ ਪਰਨਿਆਂ ਦੀਆਂ ਝੱਲਾਂ ਮਾਰਦੇ ਹੋਏ ਮੋਹਣ ਦੇ ਢਾਬੇ ਵੱਲ ਨੂੰ ਤੁਰ ਪਏ।

*ਫੋਨ:917-375-6395

# ਮੌਤ ਦੀ ਸਜ਼ਾ ਦੇ ਖ਼ਾਤਮੇ ਵਾਸਤੇ ਲਾਮਬੰਦੀ ਕਰੋ

## ਸੰਪਾਦਕ ਦੀ ਡਾਕ

ਅੱਜ ਦੁਨੀਆਂ ਦੇ ਅੱਧੇ ਤੋਂ ਵੱਧ ਮੁਲਕਾਂ ਵਿਚ ਮੌਤ ਦੀ ਸਜ਼ਾ ਖ਼ਤਮ ਹੋ ਚੁਕੀ ਹੈ। ਇਹ ਸਜ਼ਾ ਵਰਤਮਾਨ ਇਨਸਾਨੀ ਸਭਿਅਤਾ ਦੇ ਵਿਰੁਧ ਹੈ ਜਿਸ ਵਿਚ ਬੰਦੇ ਵੱਲੋਂ ਬੰਦੇ ਦੀ ਜਾਨ ਲੈਣਾ ਨਾ ਸੋਚੇ ਜਾ ਸਕਣ ਵਾਲਾ ਅਪਰਾਧ ਹੈ। ਅੱਜ ਹਰ ਕਤਲ ਪਾਪ ਹੈ, ਕਾਤਲ ਦਾ ਕਤਲ ਵੀ। ਤੇ ਫਾਂਸੀ ਵੀ ਇਕ ਕਤਲ ਹੈ। ਜਿਨ੍ਹਾਂ ਮੁਲਕਾਂ ਵਿਚ ਮੌਤ ਦੀ ਸਜ਼ਾ ਖ਼ਤਮ ਹੋ ਚੁਕੀ ਹੈ, ਉਥੇ ਸਾਰੀ ਉਮਰ ਜੇਲ੍ਹ ਵਿਚ ਬਿਤਾਉਣੀ ਹੀ ਸਭ ਤੋਂ ਵੱਡੀ ਸਜ਼ਾ ਗਿਣੀ ਜਾਂਦੀ ਹੈ। ਇਸ ਨਾਲ ਬੰਦਾ ਸਰੀਰਕ ਤੌਰ 'ਤੇ ਹੀ ਜਿੰਦਾ ਰਹਿੰਦਾ ਹੈ, ਸਮਾਜਿਕ ਤੌਰ ਤੇ ਨਹੀਂ। ਇਹ ਸਜ਼ਾ ਦੋਸ਼ੀ ਨੂੰ ਦੱਸਦੀ ਹੈ ਕਿ ਉਹ ਜਿੰਦਾ ਰਹਿਣ ਦਾ ਹੱਕ ਖੋ ਚੁਕਾ ਹੈ ਪਰ ਇਨਸਾਨੀ ਸਭਿਅਤਾ ਉਸ ਨੂੰ ਜਾਨੋਂ ਨਹੀਂ ਮਾਰ ਸਕਦੀ। ਇਹ ਕਰੂਰਤਾ ਹੈ, ਕ੍ਰਿਤਘਣਤਾ ਹੈ।

ਮੌਤ ਜਾਂ ਫਾਂਸੀ ਨਾਲ ਪੀੜਤਾਂ ਨੂੰ ਰਾਹਤ ਦਾ ਅਹਿਸਾਸ ਗੈਰ ਇਨਸਾਨੀ ਵਤੀਰਾ ਹੈ। ਚੋਟੀ ਦੇ ਅੰਤਰਰਾਸ਼ਟਰੀ ਸਮਾਜ ਵਿਗਿਆਨੀਆਂ ਦਾ ਕਹਿਣਾ ਹੈ ਕਿ ਹਿੰਸਕ ਅਪਰਾਧਾਂ ਤੇ ਕਤਲਾਂ ਉਪਰ ਕਾਬੂ ਵਾਸਤੇ ਵੀ ਮੌਤ ਦੀ ਸਜ਼ਾ ਦਾ ਖ਼ਾਤਮਾ ਜ਼ਰੂਰੀ ਹੈ। ਇਸ ਨਾਲ ਹਿੰਸਾ ਦੀ ਵਿਆਪਕ ਨਿੰਦਾ ਦਾ ਮਾਹੌਲ ਬਣਦਾ ਹੈ। ਲੇਖਕ ਸਮਾਜ ਦੀਆਂ ਅੱਖਾਂ ਹੁੰਦੇ ਹਨ। ਅੱਜ ਲੇਖਕ ਭਾਈਚਾਰੇ ਦਾ ਫਰਜ਼ ਬਣਦਾ ਹੈ ਕਿ ਦੁਨੀਆਂ ਦੇ ਅੱਧੇ ਤੋਂ ਵੱਧ ਦੇਸ਼ਾਂ ਦੀ ਤਰ੍ਹਾਂ ਮਹਾਤਮਾ ਬੁੱਧ ਤੇ ਗਾਂਧੀ ਦੇ ਇਸ ਦੇਸ਼ ਵਿਚੋਂ ਵੀ ਮੌਤ ਦੀ ਸਜ਼ਾ ਖ਼ਤਮ ਕਰਨ ਵਾਸਤੇ ਆਪਣੀ ਕਲਮ ਰਾਹੀਂ ਲਾਮਬੰਦੀ ਕਰੇ।

ਇਨ੍ਹਾਂ ਹੀ ਦਿਨਾਂ ਵਿਚ ਰਾਸ਼ਟਰਪਤੀ ਵੱਲੋਂ ਦਵਿੰਦਰ ਸਿੰਘ ਭੁੱਲਰ ਤੇ ਮਹਿੰਦਰ ਨਾਥ ਨਾਂ ਦੇ ਦੋ ਵਿਅਕਤੀਆਂ ਦੀਆਂ ਰਹਿਮ ਦੀਆਂ ਅਪੀਲਾਂ ਖਾਰਜ ਕਰਕੇ ਫਾਂਸੀ ਦਾ ਰਾਹ ਪੱਧਰਾ ਕੀਤਾ ਗਿਆ ਹੈ। ਲੇਖਕ ਭਾਈਚਾਰੇ ਨੂੰ ਅਪੀਲ ਹੈ ਕਿ ਇਨ੍ਹਾਂ ਦੋਹਾਂ ਦੀਆਂ ਅਪੀਲਾਂ ਉਪਰ ਮੁੜ ਗੌਰ ਕਰਕੇ ਮੌਤ ਦੀਆਂ ਸਜ਼ਾਵਾਂ ਨੂੰ ਉਮਰ ਕੈਦ ਵਿਚ ਬਦਲਣ ਵਾਸਤੇ ਜਮਹੂਰੀ ਸਰਕਾਰ ਉਪਰ ਦਬਾਅ ਪਾਵੇ। ਉਮਰ ਕੈਦ ਫਾਂਸੀ ਤੋਂ ਵੱਡੀ ਸਜ਼ਾ ਹੈ। ਸਭਿਅਕ ਸਮਾਜ ਵਿਚ ਗੁਨਾਹਗਾਰਾਂ ਵਾਸਤੇ ਸਜ਼ਾਵਾਂ ਜ਼ਰੂਰੀ ਹਨ ਪਰ ਕਿਸੇ ਤਰ੍ਹਾਂ ਦੀ ਜਿਸਮਾਨੀ ਹਿੰਸਾ ਜਾਂ ਬੰਦੇ ਨੂੰ ਜਾਨੋ ਮਾਰਨਾ ਗੈਰ ਸਭਿਅਕ ਹੈ, ਵਹਿਸ਼ੀਪੁਣਾ ਹੈ।

-ਅਭੈ ਸਿੰਘ,
ਫੋਨ:91-98783-75903

# ਕਿਤਾਬਾਂ ਦੇ ਆਸ਼ਕਾਂ ਦਾ ਮੱਕਾ

## ਪਟਿਆਲੇ ਵਾਲੇ ਰਮੇਸ਼ ਦੀ ਦੁਕਾਨ

■ ਡਾ. ਸਵਰਾਜ ਰਾਜ



ਬੁੱਲਾ ਕੀ ਜਾਣਾ ਮੈਂ ਕੌਣ-ਮੇਰੇ ਸੈਲ ਫ਼ੋਨ ਦੀ ਰਿੰਗ ਟੋਨ ਵੱਜ ਉਠੀ। ਮੈਂ ਐਨਕ ਲਾ ਕੇ ਨੰਬਰ ਦੇਖਿਆ ਅਤੇ ਫ਼ੋਨ ਕੰਨ ਨੂੰ ਲਾ ਲਿਆ।

"ਨਮਸਕਾਰ ਪ੍ਰੋਫੈ'ਸਾਬ੍ਹ! ਕਿਤਨੇ ਦਿਨ ਸੇ ਆਪਸੇ ਕੋਈ ਬਾਤ ਨਹੀਂ ਥੀ ਹੁਈ। ਆਪ ਭੀ ਦੁਕਾਨ ਪਰ ਨਹੀਂ ਆਏ। ਇਸ ਲਿਏ ਮੈਨੇ ਸੋਚਾ ਆਪਕੋ ਫ਼ੋਨ ਹੀ ਕਰਲੂੰ।"

ਕਿਤਾਬਾਂ ਵਾਲੇ ਰਮੇਸ਼ ਦਾ ਗੋਲ-ਮਟੋਲ ਚਿਹਰਾ ਮੇਰੀਆਂ ਅੱਖਾਂ ਅੱਗੇ ਘੁੰਮ ਗਿਆ। ਸਾਂਵਲਾ ਰੰਗ, ਦਰਮਿਆਨਾ ਕੱਦ, ਮੱਥੇ 'ਤੇ ਅਕਸਰ ਲਾਲ ਤਿਲਕ, ਅਤੇ ਜੇ ਕਿਤੇ ਆਪਣੀ ਦੁਕਾਨ ਤੋਂ ਬਾਹਰ ਟੱਕਰ ਜਾਵੇ ਤਾਂ ਹੱਥ ਵਿਚ ਡਾਇਰੀ ਜਾਂ ਬੈਗ ਅਤੇ ਸਿਰੇ ਦਾ ਗਾਲੜੀ। ਸਾਡਾ ਕਿਤਾਬਾਂ ਵਾਲਾ ਰਮੇਸ਼ ਪਟਿਆਲੇ ਦੇ ਗੈਰ-ਰਸਮੀ ਅਕਾਦਮਿਕ ਹਲਕਿਆਂ ਵਿਚ ਵਿਸ਼ੇਸ਼ ਪਛਾਣ ਰੱਖਦਾ ਹੈ।

"ਹਾਂ ਬਈ ਰਮੇਸ਼, ਬਸ ਯਾਰ ਐਵੇਂ ਹੀ ਆਇਆ ਨਹੀਂ ਗਿਆ। ਖ਼ੈਰ, ਤੂੰ ਸੁਣਾ।" ਮੈਂ ਅੱਗਿਓਂ ਜਵਾਬ ਦਿੱਤਾ।

"ਵੋ ਤੋ ਪ੍ਰੋਫੈ'ਸਾਬ੍ਹ ਕੁੱਛ ਕਿਤਾਬੇਂ ਆਈ ਥੀਂ, ਮੈਨੇ ਸੋਚਾ ਆਪਕੋ ਬਤਾ ਦੂੰ। ਕਭੀ ਇਧਰ ਆਤੇ-ਜਾਤੇ ਚੱਕਰ ਲਗਾ ਜਾਨਾ।"

"ਭਾਈ ਕਿਹੜੀਆਂ ਕਿਤਾਬਾਂ ਨੇ ਨਵੀਆਂ ਤੇਰੇ ਕੋਲ?" ਮੈਨੂੰ ਜਗਿਆਸਾ ਜਿਹੀ ਹੋਣ ਲੱਗੀ ਸੀ।

"ਕਲਚਰ ਥੀਊਰੀ ਕੀ ਕਿਤਾਬੇਂ ਹੈਂ। ਵੋ ਏਕ ਲੜਕਾ ਬਠਿੰਡੇ ਸੇ ਆਇਆ ਥਾ। ਉਸਨੇ ਤੀਨ ਕਿਤਾਬੇਂ ਬਾਹਰ ਸੇ ਮੰਗਵਾਈ ਥੀਂ। ਅਬ ਉਸਕੇ ਕਾਮ ਕੀ ਨਹੀਂ। ਵਹੀ ਦੇ ਗਯਾ ਥਾ। ਨਈ ਹੈਂ ਤੀਨੋਂ। ਉਰਿਜਨਲ ਪ੍ਰਾਇਸ ਪਰ ਫਿਫਟੀ ਪਰਸੈਂਟ ਡਿਸਕਾਊਂਟ ਪੇ ਦੇ ਦੂੰਗਾ ਆਪ ਕੋ। ਵੀਵਾ ਔਰ ਵਰਲਡਵਿਊ ਵਾਲੋਂ ਕੀ ਨਈ ਕਿਤਾਬੇਂ ਭੀ ਆਈਂ ਹੈ ਇੰਡੀਅਨ ਪ੍ਰਾਇਸ ਪੇ। ਏਕ ਸਾਰਤ੍ਰ ਪੇ, ਏਕ ਬੌਦਰਿਲਾ ਪੇ ਔਰ ਤੀਨ ਜ਼ਿਜ਼ੇਕ ਪੇ ਹੈਂ। ਪੋਸਟਮਾਡਰਨਿਜ਼ਮ ਪਰ ਭੀ ਹੈਂ ਦੋ-ਏਕ। ਮੈਨੇ ਅਭੀ ਕਿਸੀ ਕੋ ਨਹੀਂ ਬਤਾਇਆ। ਸਰਹੰਦ ਵਾਲੇ ਮਾਸਟਰ ਜੀ ਮੁਝਸੇ ਜ਼ਿਜ਼ੇਕ ਕੀ ਕਿਤਾਬੇਂ ਮਾਂਗਤੇ ਥੇ। ਪਿਛਲੇ ਹਫਤੇ ਆਏ ਥੇ, ਪਰ ਮੈਨੇ ਉਨ੍ਹੇਂ ਅਭੀ ਨਹੀਂ ਬਤਾਇਆ। ਧਾਲੀਵਾਲ ਭੀ ਆਇਆ ਥਾ ਦੋ ਦਿਨ ਪਹਿਲੇ, ਪਰ ਅਬ ਵੋਹ ਭੀ ਆਪਕੀ ਤਰ੍ਹਾਂ ਕਮ ਹੀ ਆਤਾ ਹੈ। ਦੇਖ ਲੇਨਾ ਆਪ, ਆ ਜਾਨਾ ਕਲ ਕਭੀ ਯਾ ਆਜ।" ਰਮੇਸ਼ ਬਿਨਾ ਰੁਕੇ ਆਪਣੇ ਵਿਲੱਖਣ ਅੰਦਾਜ਼ 'ਚ ਤੇਜ਼ ਰਫਤਾਰ ਬੋਲੀ ਜਾ ਰਿਹਾ ਸੀ।

"ਚੰਗਾ ਰਮੇਸ਼ ਦੇਖੂੰਗਾ।" ਮੈਂ ਫੋਨ ਰੱਖ ਦਿੱਤਾ।

ਨਵੀਆਂ ਕਿਤਾਬਾਂ ਦੇਖਣ ਦੀ ਤਮੰਨਾ, ਉਨ੍ਹਾਂ ਨੂੰ ਹੱਥਾਂ ਨਾਲ ਮਹਿਸੂਸ ਕਰਨ ਦੀ ਤਾਂਘ ਅਤੇ ਉਨ੍ਹਾਂ ਵਿਚ ਵਗਦੇ ਵਿਚਾਰ-ਸਾਗਰਾਂ ਵਿਚ ਡੁਬਕੀਆਂ ਲਾਉਣ ਦੀ ਖਵਾਹਿਸ਼ ਅੱਜ ਵੀ ਬਹੁਤ ਪ੍ਰਬਲ ਹੈ। ਮੈਂ ਸ਼ਾਮ ਨੂੰ ਹੀ ਰੌਯਲ ਕੰਪਲੈਕਸ, ਸ਼ੇਰਾਂ ਵਾਲਾ ਗੇਟ ਵਿਖੇ ਰਮੇਸ਼ ਦੀ ਦੁਕਾਨ ਵੱਲ ਤੁਰ ਪਿਆ। ਕਹਿਰਾਂ ਦੀ ਗਰਮੀ ਦੇ ਬਾਵਜੂਦ ਲੋਕ ਸੜਕਾਂ 'ਤੇ ਕੁਰਬਲ-ਕੁਰਬਲ ਤੁਰੇ ਫਿਰਦੇ ਸਨ।

"ਆਈਏ ਪ੍ਰੋਫੈ'ਸਾਬ੍ਹ! ਬਹੁਤ ਦਿਨ ਬਾਦ ਆਨਾ ਹੁਆ।" ਰਮੇਸ਼ ਨੇ ਕਿਹਾ। ਉਸਦੀ ਜੀਵਨ ਸਾਥਣ ਜਿਹੜੀ ਹੁਣ ਬਹੁਤੀ ਵਾਰ ਉਸ ਨਾਲ ਦੁਕਾਨ 'ਤੇ ਹੀ ਬੈਠਦੀ ਹੈ, ਨੇ ਹੱਥ ਜੋੜ ਕੇ ਨਮਸਤੇ ਕਹੀ ਅਤੇ ਮੇਰੇ ਵਾਸਤੇ ਕੁਰਸੀ ਛੱਡ ਕੇ ਆਪ ਪਰ੍ਹਾਂ ਸਟੂਲ 'ਤੇ ਜਾ ਬੈਠੀ।

"ਬਸ ਯਾਰ, ਆਉਂਦੇ-ਆਉਂਦੇ ਹੀ ਰਹਿ ਜਾਈਦੈ। ਹੋਰ ਤੂੰ ਸੁਣਾ ਕੀ ਹਾਲ ਹੈ? ਲੋਕ ਕਿਤਾਬਾਂ-ਕਤੂਬਾਂ ਖਰੀਦਣ ਆਉਂਦੇ ਨੇ ਕਿ ਨਹੀਂ?" ਮੈਂ ਸੁਭਾਵਕ ਹੀ ਪੁੱਛਿਆ।

"ਕਹਾਂ ਪ੍ਰੋਫੈ'ਸਾਬ੍ਹ! ਆਪਕੋ ਤੋ ਮਾਲੂਮ ਹੀ ਹੈ। ਆਜ ਕਲ੍ਹ ਪੜ੍ਹਨੇ ਵਾਲੇ ਕਮ ਹੀ ਹੈਂ। ਮੁਸ਼ਕਿਲ ਸੇ ਗੁਜ਼ਾਰਾ ਹੋਤਾ ਹੈ।" ਰਮੇਸ਼ ਨੇ ਸ਼ਿਕਾਇਤ ਜਿਹੀ ਕੀਤੀ। "ਚਾਯ ਤੋ ਪੀਓਗੇ। ਮੰਗਵਾਊਂ ਕਯਾ, ਆਪ ਕੇ ਲਿਏ ਕਮ ਮੀਠੇ ਵਾਲੀ?"

"ਹਾਂ ਯਾਰ ਚਾਹ ਤਾਂ ਪੀ ਹੀ ਲਊਂਗਾ।"

"ਪ੍ਰੋਫੈ'ਸਾਬ੍ਹ, ਵੋ ਯੂਨੀਵਰਸਿਟੀ ਵਾਲੇ ਸ਼ਰਮਾ ਜੀ ਆਏ ਥੇ। ਕੋਈ ਦੋ ਹਜ਼ਾਰ ਕੀ ਕਿਤਾਬੇਂ ਲੇ ਗਏ ਥੇ ਪਰਸੋਂ। ਕਹਿ ਰਹੇ ਥੇ ਕਿ ਡਿਪਾਰਟਮੈਂਟ ਕੇ ਲਿਯੇ ਭੀ ਕੁਛ ਕਿਤਾਬੇਂ ਚਾਹੀਏਂ। ਯੇ ਦੇਖੋ ਆਰਡਰ ਕਰ ਗਏ ਥੇ। ਆਪ ਭੀ ਕਾਲਿਜ ਕੇ ਲਿਯੇ ਕੁਛ ਕਿਤਾਬੇਂ ਲੇ ਲੋ।" ਰਮੇਸ਼ ਨੇ ਪੰਜ-ਸਤ ਕੈਟਾਲਾਗ ਮੇਰੇ ਵੱਲ ਕਰ ਦਿੱਤੇ।

"ਯਾਰ ਸਾਡੇ ਕੋਲ ਤਾਂ ਜਦੋਂ ਕੋਈ ਗਰਾਂਟ ਆਊਗੀ, ਲੈ ਲਵਾਂਗੇ; ਤੈਨੂੰ ਪਤਾ ਤਾਂ ਹੈ ਕਾਲਜਾਂ ਦੀ ਤੰਗਹਾਲੀ ਦਾ।" ਮੈਂ ਅੱਗਿਓਂ ਜਵਾਬ ਦਿੱਤਾ।

ਰਮੇਸ਼ ਨੇ ਹੌਲੀ-ਹੌਲੀ, ਇਕ-ਇਕ ਕਰਕੇ ਕਾਊਂਟਰ ਦੇ ਥੱਲਿਓਂ ਕਿਤਾਬਾਂ ਕੱਢ ਕੇ ਕਾਊਂਟਰ 'ਤੇ ਰੱਖਣੀਆਂ ਸ਼ੁਰੂ ਕਰ ਦਿੱਤੀਆਂ। ਮੈਂ ਰੂਟਲੇਜ ਪ੍ਰੈਸ ਵੱਲੋਂ ਛਾਪੀ ਕਿਤਾਬ ਦੇਖਣ ਲੱਗ ਪਿਆ।

ਰਮੇਸ਼ ਤਾਂ ਰਮੇਸ਼ ਹੈ। ਚੁੱਪ ਕਿਵੇਂ ਰਹਿੰਦਾ। ਮੇਰੇ ਹੱਥ ਵਿਚ ਫੜੀ ਕਿਤਾਬ ਵੱਲ ਇਸ਼ਾਰਾ ਕਰਕੇ ਉਸ ਨੇ ਕਿਹਾ, "ਯੇ ਦੇਖੋ ਪ੍ਰੋਫੈ'ਸਾਬ੍ਹ! ਇਸ ਕਿਤਾਬ ਮੇਂ ਦਰੀਦਾ-ਫੂਕੋ-ਬੌਦਰੀਲਾ ਔਰ ਬਾਦੀਊ ਪਰ ਭੀ ਕੁਛ ਲਿਖਾ ਹੁਆ ਹੈ। ਆਪ ਦੇਖੋ ਤੋ ਸਹੀ। ਯੂਨੀਵਰਸਿਟੀ ਵਾਲੇ ਸ਼ਰਮਾ ਜੀ ਔਰ ਬਠਿੰਡਾ ਵਾਲੇ ਨਾਰੰਗ ਸਾਹਿਬ ਭੀ ਏਕ-ਏਕ ਕਾਪੀ ਲੇ ਗਏ ਹੈਂ। ਬਸ, ਏਕ ਹੀ ਬਚੀ ਹੈ। ਵੋ ਪੰਜਾਬੀ ਵਾਲੇ-ਕਯਾ ਨਾਮ ਹੈ ਉਨਕਾ-ਵੋ ਪੰਜਾਬੀ ਯੂਨੀਵਰਸਿਟੀ ਸੇ ਹੈਂ-ਭੀ ਮਾਂਗਤੇ ਥੇ। ਸੰਗੀਤਾ ਮੈਡਮ ਭੀ ਮਾਂਗਤੀ ਥੀਂ। ਮੈਨੇ ਬੱਸ ਆਪ ਕੇ ਲਿਯੇ ਰਖ ਛੋੜੀ ਹੈ। ਆਪ ਦੇਖੋ ਇਸ ਮੇਂ ਨੀਤਸ਼ੇ ਪਰ ਭੀ ਲਿਖਾ ਤੋ ਕੁਛ ਜ਼ਰੂਰ ਹੈ, ਕਯਾ ਹੈ ਯੇ ਤੋ ਮਾਲੂਮ ਨਹੀਂ ਪਰ ਬਠਿੰਡੇ ਵਾਲੇ ਕਹਿ ਰਹੇ ਥੇ...।" ਮੈਨੂੰ ਹਾਸਾ ਜਿਹਾ ਆ ਗਿਆ। ਕਿਤਾਬਾਂ ਵੇਚਣ ਲਈ ਰਮੇਸ਼ ਅਕਸਰ ਬੌਧਕ ਈਰਖਾ ਦੀ ਲੂਤੀ ਲਾਉਣ ਤੋਂ ਵੀ ਬਾਜ ਨਹੀਂ ਆਉਂਦਾ।

ਮੈਂ ਕਿਤਾਬ ਪਰ੍ਹਾਂ ਖਿਸਕਾ ਦਿੱਤੀ। ਰਮੇਸ਼ ਦੀਆਂ ਕਿਤਾਬਾਂ ਵੇਚਣ ਵਾਲੀਆਂ ਜੁਗਤਾਂ ਤੋਂ ਮੈਂ ਵਾਕਿਫ ਸੀ। ਜੇ ਰਮੇਸ਼ ਖ਼ਰੀਦਦਾਰ ਦੇ ਅੰਤਰਮਨ ਨੂੰ ਸਮਝਦਾ ਸੀ ਤਾਂ ਰਮੇਸ਼ ਨਾਲ ਪਿਛਲੇ ਤਕਰੀਬਨ ਪੈਂਤੀ ਵਰ੍ਹਿਆਂ ਦੇ ਸਾਥ ਨੇ ਮੈਨੂੰ ਵੀ ਰਮੇਸ਼ ਦੇ ਹਥਕੰਡਿਆਂ ਨੂੰ ਜਾਨਣ-ਸਮਝਣ ਦਾ ਮੌਕਾ ਦਿੱਤਾ ਸੀ। ਜੇ ਤੁਸੀਂ ਕਿਸੇ ਕਿਤਾਬ ਵਿਚ ਦਿਲਚਸਪੀ ਦਿਖਾਈ ਤਾਂ ਸਮਝੋ ਤੁਹਾਨੂੰ ਉਸ ਦੀ ਮੂੰਹ ਮੰਗੀ ਕੀਮਤ ਦੇਣੀ ਪਵੇਗੀ ਪਰ ਜੇ ਤੁਸੀਂ ਬੇਪਰਵਾਹੀ ਜ਼ਾਹਿਰ ਕੀਤੀ ਅਤੇ ਰਮੇਸ਼ ਨੇ ਉਹ ਕਿਤਾਬ ਵੇਚਣੀ ਹੀ ਹੋਈ ਤਾਂ ਸਮਝੋ ਤੁਹਾਡੀ ਬੇਰੁਖੀ ਦਾ ਇਜ਼ਹਾਰ ਚੰਗੇ ਚੋਖੇ ਡਿਸਕਾਊਂਟ ਦਾ ਬਾਇਸ ਬਣ ਸਕਦਾ ਹੈ।

ਰਮੇਸ਼ ਦੀ ਕੁਮੈਂਟਰੀ ਬੇਰੋਕ-ਟੋਕ ਜਾਰੀ ਸੀ। ਮੈਂ ਹੋਰ ਕਿਤਾਬਾਂ ਦੇ ਵਰਕੇ ਫੋਲਦਾ-ਫੋਲਦਾ ਕਿਤੇ ਦੂਰ ਅਤੀਤ ਵਿਚ ਪਹੁੰਚ ਗਿਆ। ਉਦੋਂ ਰਮੇਸ਼ ਕੋਲ ਪੱਕੀ ਦੁਕਾਨ ਨਹੀਂ ਸੀ ਹੁੰਦੀ। ਰਮੇਸ਼ ਜਿਹੜਾ ਆਪਣੀ ਕਾਲਜ ਦੀ ਪੜ੍ਹਾਈ ਅਧੂਰੀ ਛੱਡ ਕੇ 1972 ਵਿਚ ਰਾਜਸਥਾਨ ਦੇ ਪਿੰਡ ਨਾਦੀਆ (ਜ਼ਿਲ੍ਹਾ ਡੂੰਗਰਪੁਰ) ਤੋਂ ਪੰਜਾਬ ਆਇਆ ਸੀ, ਪਟਿਆਲੇ ਦਾ ਵਸਨੀਕ ਹੋ ਗਿਆ। ਉਹ ਪਹਿਲਾਂ ਸਟੇਟ ਬੈਂਕ ਆਫ ਪਟਿਆਲਾ ਦੇ ਮਾਲ ਰੋਡ ਵਾਲੇ ਹੈਡ ਆਫਿਸ ਦੇ ਬਾਹਰ ਪਟੜੀ 'ਤੇ ਕਿਤਾਬਾਂ ਵੇਚਣ ਲੱਗ ਪਿਆ ਅਤੇ ਫਿਰ ਉਥੋਂ ਹਟ ਕੇ ਸ਼ੇਰਾਂ ਵਾਲਾ ਗੇਟ ਕੋਲ ਪੁਰੀ ਰੇਡਿਓਜ਼ ਵਾਲੀ ਸਾਇਡ 'ਤੇ ਥੜ੍ਹੀ ਉਤੇ। ਇਹ ਸਮਾਂ ਉਸ ਲਈ ਜਦੋਜਹਿਦ ਦਾ ਸਮਾਂ ਸੀ। ਮੈਂ ਸੰਨ 1977 ਜਾਂ 1978 ਵਿਚ ਰਮੇਸ਼ ਕੋਲ ਜਾਣਾ ਸ਼ੁਰੂ ਕੀਤਾ।

ਭਲੇ ਜ਼ਮਾਨੇ ਸਨ। ਸ਼ਾਮ ਦੇ ਘੁਸਮੁਸੇ ਤੋਂ ਬਾਅਦ, ਜਦੋਂ ਹੋਰ ਕੁਝ ਕਰਨ ਨੂੰ ਨਾ ਹੁੰਦਾ ਤਾਂ ਸਾਇਕਲ 'ਤੇ ਲੱਤ ਮਾਰ ਕੇ ਰਮੇਸ਼ ਦੀ ਥੜ੍ਹੀ 'ਤੇ ਜਾ ਪਹੁੰਚਣਾ। ਕਿਤਾਬਾਂ ਨਾਲ ਦੋਸਤੀ ਦੀ ਸ਼ੁਰੂਆਤ ਸੀ। ਕਿਤਾਬਾਂ ਸਸਤੀਆਂ ਵੀ ਸਨ, ਖਾਸ ਕਰਕੇ ਪੁਰਾਣੀਆਂ। ਛਪਾਈ-ਪੂੰਜੀਵਾਦ ਤੋਂ ਅਜੇ ਤੱਕ ਅਕਾਦਮਿਕ ਖੇਤਰ ਅਣਛੋਹੇ ਸਨ। ਕਿਤਾਬਾਂ ਵਿਚਲੀ ਦੁਨੀਆਂ ਬਹੁਤ ਹੁਸੀਨ ਜਾਪਦੀ ਸੀ। ਰਮੇਸ਼ ਪਤਾ ਨਹੀਂ ਕਿੱਥੋਂ ਬੜੀਆਂ ਨਾਯਾਬ ਕਿਤਾਬਾਂ ਲੈ ਆਉਂਦਾ। ਹਰਮਨ ਹੈਸ, ਪਾਰ ਲਾਗਰਕਵਿਸਟ ਦੇ ਨਾਵਲ, ਡੋਰਾ ਡੰਕਨ ਦੀ ਜੀਵਨ ਗਾਥਾ 'ਤੇ ਆਧਾਰਤ ਕਿਤਾਬ, ਨਾਬੋਕੋਵ ਦੀ ਬਹੁਚਰਚਿਤ ਕਿਤਾਬ 'ਲੋਲੀਟਾ' ਅਤੇ ਡੀ.ਐਚ. ਲਾਰੈਂਸ ਅਤੇ ਥਾਮਸ ਹਾਰਡੀ ਦੀਆਂ ਕਵਿਤਾਵਾਂ ਦੀਆਂ ਕਿਤਾਬਾਂ, ਲਾਇਫ ਮੈਗਜ਼ੀਨ ਦੇ ਸਲਾਨਾ ਅੰਕ ਅਤੇ ਫੋਟੋਗ੍ਰਾਫੀ ਦੀ ਕਲਾ 'ਤੇ ਬੇਸ਼ੁਮਾਰ ਕਿਤਾਬਾਂ-ਇਨ੍ਹਾਂ ਸਾਰਿਆਂ ਨਾਲ ਤੁਆਰੁਫ ਵੀ ਰਮੇਸ਼ ਦੀ ਥੜ੍ਹੀ 'ਤੇ ਹੀ ਹੋਇਆ ਅਤੇ ਇਹ ਖਜ਼ਾਨਾ ਖਰੀਦਿਆ ਵੀ ਉਦੋਂ ਹੀ ਗਿਆ ਸੀ। ਹਰ ਕਿਤਾਬ ਦੀ ਕੀਮਤ, ਭਾਵੇਂ ਉਹ ਕੱਚੀ ਜਿਲਦ ਵਾਲੀ ਸੀ ਜਾਂ ਜੁਜ਼ਬੰਦੀ ਵਾਲੀ ਪੱਕੀ ਜਿਲਦ ਵਾਲੀ, ਪੰਜ ਰੁਪਈਏ ਤੋਂ ਵੀਹ-ਪੱਚੀ ਤੱਕ ਹੁੰਦੀ ਸੀ।

ਸ਼ੁਰੂ-ਸ਼ੁਰੂ ਵਿਚ ਤਾਂ ਰਮੇਸ਼ ਕੋਲ ਉਦੋਂ ਹੀ ਜਾਣਾ ਹੁੰਦਾ ਸੀ ਜਦੋਂ ਕੋਈ ਕਿਤਾਬ ਖਰੀਦਣੀ ਹੁੰਦੀ ਸੀ ਪਰ ਕੁੱਝ ਦੇਰ ਬਾਅਦ ਰਮੇਸ਼ ਦੀ ਥੜ੍ਹੀ ਦੇ ਦਰਸ਼ਨ ਦੀਦਾਰ ਜ਼ਿਆਰਤ ਦਾ ਰੂਪ ਅਖਤਿਆਰ ਕਰ ਗਏ ਸਨ। ਰਮੇਸ਼ ਦੀ ਥੜ੍ਹੀ 'ਤੇ ਕਈ ਪੁਸਤਕ ਪ੍ਰੇਮੀਆਂ ਦਾ ਇਤਫਾਕਨ ਹੀ ਮੇਲ ਹੋ ਜਾਂਦਾ ਅਤੇ ਉਨ੍ਹਾਂ ਦਰਮਿਆਨ ਅਗਲੀ ਮੁਲਾਕਾਤ ਦੇ ਕੌਲ ਕਰਾਰ ਵੀ ਉਥੇ ਹੀ ਹੋ ਜਾਂਦੇ। ਕਿਤਾਬਾਂ ਦੇ ਇਕ ਅਜਬ ਮਤਵਾਲੇ ਬਾਬਾ ਗੁਰਦਿਆਲ ਬਲ ਨਾਲ ਮੁਲਾਕਾਤ ਦਾ ਸਬੱਬ ਵੀ ਉਥੇ ਹੀ ਬਣਿਆ ਸੀ ਅਤੇ "ਲਾਇਫ਼ ਵਿਦ ਪਿਕਾਸੋ" ਬਲ ਬਾਬੇ ਦੀ ਸਿਫ਼ਾਰਸ਼ 'ਤੇ ਹੀ ਖ਼ਰੀਦੀ ਸੀ। ਚੰਡੀਗੜ੍ਹ ਵਾਲੇ ਮੇਰੇ ਰਾਹਨੁਮਾ ਦੋਸਤ ਸ. ਕਰਮਜੀਤ ਸਿੰਘ ਦੀਆਂ ਦੱਸੀਆਂ ਕਿਤਾਬਾਂ-ਸਿਰਦਾਰ ਕਪੂਰ ਸਿੰਘ ਦੀ "ਪਰਾਸਰਪ੍ਰਸ਼ਾਂ" ਅਤੇ ਨਿਤਸ਼ੇ ਦੀ "ਦਸ ਸਪੇਕ ਜਾ"-ਜਦੋਂ ਕਿਤੇ ਹੋਰ ਨਾ ਮਿਲੀਆਂ ਤਾਂ ਇਨ੍ਹਾਂ ਦੀਆਂ ਬਹੁਤ ਪੁਰਾਣੀਆਂ ਜਿਲਦਾਂ ਵੀ ਰਮੇਸ਼ ਕੋਲੋਂ ਹੀ ਲੱਭੀਆਂ ਸਨ।

ਦਿੱਲੀ ਅਤੇ ਜਲੰਧਰ ਦੂਰਦਰਸ਼ਨ ਦੇ ਪ੍ਰੋਗਰਾਮਾਂ ਨੇ ਅਜੇ ਤੱਕ ਲੋਕਾਂ ਦੇ ਮਨ ਨੂੰ ਪੂਰੀ ਤਰ੍ਹਾਂ ਆਪਣੇ ਨਾਗਵਲ ਵਿਚ ਨਹੀਂ ਸੀ ਲਿਆ। ਕਿਤਾਬਾਂ ਪੜ੍ਹਨ ਜੋਗਾ ਸਮਾਂ ਅਜੇ ਸ਼ਾਇਦ ਲੋਕਾਂ ਕੋਲ ਹੁੰਦਾ ਸੀ। ਸੜਕ ਦੇ ਕਿਨਾਰੇ ਖੜ੍ਹੇ-ਖੜ੍ਹੇ ਹੀ ਪੁਸਤਕਾਂ ਦੇ ਆਸ਼ਕਾਂ ਦਰਮਿਆਨ ਹੋਂਦਵਾਦ ਜਾਂ ਫੇਰ ਨਵੇਂ-ਨਵੇਂ ਪ੍ਰਚਲਿਤ ਹੋਏ ਸੰਰਚਨਾਵਾਦ ਦੇ ਚਿੰਤਕਾਂ ਦੀ ਗੱਲ ਅਕਸਰ ਤੁਰ ਪੈਂਦੀ। ਜਿੰਨੀ ਵੀ ਗੱਲ ਕਿਸੇ ਦੇ ਪੱਲੇ ਹੁੰਦੀ, ਉਹ ਦੂਜਿਆਂ ਨਾਲ ਸਾਂਝੀ ਕਰ ਛੱਡਦਾ।

ਰਮੇਸ਼ ਸਾਰੀ ਗੱਲਬਾਤ ਧਿਆਨ ਨਾਲ ਸੁਣਦਾ ਅਤੇ ਕੁੱਝ ਚਿੰਤਕਾਂ ਦੇ ਨਾਂ ਸਾਡੇ ਤੋਂ ਸੁਣ ਕੇ ਕਿਸੇ ਹੋਰ ਦੇ ਕੰਨੀ ਪਾ ਛੱਡਦਾ ਅਤੇ ਉਨ੍ਹਾਂ ਤੋਂ ਕੁੱਝ ਹੋਰ ਸੁਣ ਕੇ ਸਾਨੂੰ ਦੱਸ ਦਿੰਦਾ। ਉਹ ਉਦੋਂ ਵੀ ਬਹੁਤ ਤੇਜ਼ ਬੋਲਦਾ ਸੀ, ਗੋਲੀ ਦੀ ਰਫਤਾਰ ਵਾਂਗ-"ਆਪ ਦੇਖੋ ਇਸ ਕਿਤਾਬ ਮੇਂ ਕੇਮਸ ਕੇ ਬਾਰੇ ਕੁਛ ਲਿਖਾ ਹੈ।" (ਉਸ ਵੇਲੇ ਅਸੀਂ ਸਾਰੇ ਕਾਮੂ ਨੂੰ ਕੇਮਸ ਹੀ ਕਹਿੰਦੇ ਸੀ ਅਤੇ ਸਾਰਤ੍ਰ ਨੂੰ ਸਾਰਤਰੇ)।

ਰਮੇਸ਼ ਨਾਲ ਉਧਾਰ ਵੀ ਚਲਦਾ ਸੀ। ਉਹ ਕਦੇ ਵੀ ਆਪਣੇ ਪੱਕੇ ਗਾਹਕਾਂ ਨੂੰ ਉਧਾਰ ਚੁਕਾਉਣ ਦੀ ਤਾਕੀਦ ਨਹੀਂ ਸੀ ਕਰਦਾ। ਕਦੇ-ਕਦੇ ਸਾਲ-ਛਿਮਾਹੀ, ਬੱਸ ਉਧਾਰ ਦੀ ਯਾਦ ਸੰਕੇਤਾਂ ਨਾਲ ਜ਼ਰੂਰ ਕਰਵਾ ਦਿੰਦਾ ਸੀ। ਉਧਾਰ ਕਿੰਨਾ ਵੀ ਹੋ ਜਾਂਦਾ, ਹੋਰ ਕਿਤਾਬਾਂ ਉਧਾਰ ਦੇਣ ਤੋਂ ਗੁਰੇਜ਼ ਨਹੀਂ ਸੀ ਕਰਦਾ।

ਸਹਿਜੇ-ਸਹਿਜੇ ਰਮੇਸ਼ ਸਿਆਣਾ ਦੁਕਾਨਦਾਰ ਹੋ ਗਿਆ। ਪਹਿਲਾਂ ਸ਼ੇਰਾਂ ਵਾਲੇ ਗੇਟ ਦੇ ਨਜ਼ਦੀਕ ਗਰੋਵਰ ਸੰਨਜ਼ ਕੈਮਿਸਟ ਦੁਕਾਨ ਉਤੇ ਦੁਕਾਨ ਪਾਈ; ਫਿਰ ਉਹ ਆਪਣੇ ਹੁਣ ਵਾਲੇ ਟਿਕਾਣੇ 'ਤੇ ਪਹੁੰਚ ਗਿਆ। ਪੁਰਾਣੀਆਂ ਕਿਤਾਬਾਂ ਦੇ ਪਿੱਛੇ ਹੱਥ ਨਾਲ ਕੀਮਤ ਲਿਖ ਛੱਡਦਾ ਜਿਵੇਂ ਬਰੈਂਡਡ ਕੱਪੜਿਆਂ ਉਤੇ ਟੈਗ ਲੱਗੇ ਹੁੰਦੇ ਹਨ। ਉਸਦੇ ਗਾਹਕਾਂ ਵਲੋਂ ਕਿਤਾਬ ਦੀ ਕੀਮਤ ਬਾਰੇ ਸੌਦੇਬਾਜ਼ੀ ਦੀ ਆਜ਼ਾਦੀ ਸੌੜੀ ਹੋ ਗਈ ਸੀ। ਹੁਣ ਇਹ ਸੌਦੇਬਾਜ਼ੀ ਲਿਖੀ ਹੋਈ ਕੀਮਤ 'ਤੇ ਦਸ ਜਾਂ ਪੰਦਰਾਂ ਪਰਸੈਂਟ ਡਿਸਕਾਊਂਟ ਤਕ ਹੀ ਮਹਿਦੂਦ ਹੋ ਕੇ ਰਹਿ ਗਈ ਸੀ। ਰਮੇਸ਼ ਨੂੰ ਪੱਕੇ ਦੁਕਾਨਦਾਰਾਂ ਵਾਲੀਆਂ ਚਾਲਾਂ ਵੀ ਆ ਗਈਆਂ ਸਨ।

ਪਹਿਲਾਂ ਰਮੇਸ਼ ਦੀ ਥੜ੍ਹੀ 'ਤੇ ਸਜ਼ਦੇ ਦੇ ਭਾਵਾਂ ਨਾਲ ਚਲੇ ਜਾਈਦਾ ਸੀ। ਕਿਤਾਬ ਕੋਈ ਮਿਲੇ ਜਾਂ ਨਾ ਮਿਲੇ, ਪਰ ਥੜ੍ਹੀ ਦਾ ਸਜਦਾ ਆਪਣੇ-ਆਪ ਵਿਚ ਹੀ ਜਜ਼ਾ ਦਾ ਫ਼ਰਮਾਨ ਹੁੰਦਾ ਸੀ।

ਸੌਦਾਗਿਰੀ ਨਹੀਂ ਹੈ,
ਇਬਾਦਤ ਖ਼ੁਦਾ ਕੀ ਹੈ
ਐ ਮੁਸਾਫ਼ਿਰ ਜਜ਼ਾ ਕੀ
ਤਮੰਨਾ ਭੀ ਛੋੜ ਦੇ।

ਰਮੇਸ਼ ਵੀ ਇਸ ਗੱਲ ਤੋਂ ਵਾਕਫ ਸੀ ਕਿ ਸਾਡੀਆਂ ਫੇਰੀਆਂ ਅਕਸਰ ਸਜ਼ਦੇ ਦੇ ਭਾਵ ਨਾਲ ਹੀ ਹੁੰਦੀਆਂ ਸਨ, ਪਰ ਹੁਣ ਪਹਿਲਾਂ ਨਾਲੋਂ ਕਾਫ਼ੀ ਕੁੱਝ ਵੱਖਰਾ ਹੋ ਗਿਆ ਸੀ।

"ਪ੍ਰੋਫੈ'ਸਾਬ੍ਹ ਲੋ ਚਾਯ ਆ ਗਈ।"

ਮੈਂ ਤ੍ਰਭਕ ਕੇ ਵਰਤਮਾਨ ਵਿਚ ਪਰਤ ਆਇਆ।

"ਲੋ ਮਾਸਟਰ ਜੀ ਭੀ ਆ ਗਏ।"

"ਨਮਸਕਾਰ ਮਾਸਟਰ ਜੀ। ਹੋਰ ਕੀ ਹਾਲ-ਚਾਲ ਨੇ ਤੁਹਾਡੇ।" ਮੈਂ ਮਾਸਟਰ ਜੀ ਨੂੰ ਮੁਖ਼ਾਤਬ ਹੋ ਕੇ ਪੁੱਛਿਆ।

"ਪ੍ਰੋਫੈਸਰ ਸਾਹਿਬ ਸਭ ਰਾਜ਼ੀ ਖੁਸ਼ੀ ਹੈ। ਪਰਮਾਤਮਾ ਦੀ ਮਿਹਰ ਹੈ। ਰਮੇਸ਼ ਦਾ ਫੋਨ ਆਇਆ ਸੀ, ਅੱਜ ਸਵੇਰੇ ਕੁਝ ਨਵੀਆਂ ਕਿਤਾਬਾਂ ਬਾਰੇ। ਸੋਚਿਆ ਅੱਜ ਚੱਕਰ ਲਾ ਹੀ ਲਈਏ। ਵੈਸੇ ਇਸ ਗਰਮੀ ਵਿਚ ਸਰਹਿੰਦ ਤੋਂ ਆਉਣਾ ਕਾਫੀ ਮੁਸ਼ਕਲ ਹੀ ਹੈ ਪਰ ਰਮੇਸ਼ ਦੇ ਨਿਉਤੇ ਨੂੰ ਭਲਾ ਕੌਣ ਟਾਲੇ।"

ਮਾਸਟਰ ਜੀ ਸਟੂਲ 'ਤੇ ਨਾਲ ਆ ਕੇ ਬਹਿ ਗਏ।

ਰਮੇਸ਼ ਸ਼ਰਮਿੰਦਾ ਜਿਹਾ ਹੋ ਕੇ ਬੋਲਿਆ, "ਮੈਨੇ ਮਾਸਟਰ ਜੀ ਕੋ ਭੀ ਫੋਨ ਕਰ ਦਿਯਾ ਥਾ। ਆਪ ਤੋ ਕਿਤਾਬੇਂ ਕਮ ਹੀ ਖਰੀਦਤੇ ਹੋ ਅਬ। ਆਪ ਤੋ ਇੰਟਰਨੈਟ ਸੇ ਨਿਕਾਲ ਲੇਤੇ ਹੋ ਨਾ।"

ਮੈਂ ਮੁਸਕੁਰਾਇਆ ਪਰ ਬੋਲਿਆ ਕੁਝ ਨਹੀਂ।

"ਹੋਰ ਪ੍ਰੋਫੈਸਰ ਸਾਹਿਬ ਕੋਈ ਜ਼ਿਜ਼ੇਕ ਦੀ ਨਵੀਂ ਕਿਤਾਬ ਪੜ੍ਹੀ। ਮੈਂ ਤਾਂ ਰਮੇਸ਼ ਤੋਂ "ਲਾਕਾਂ ਕ੍ਰਿਟੀਕਲ ਰੀਡਰ" ਲੈ ਗਿਆ ਸੀ ਪਿਛਲੀ ਵਾਰ। ਲਾਕਾਂ ਉਤੇ ਬਹੁਤ ਵਧੀਆ ਕਿਤਾਬ ਹੈ।" ਮਾਸਟਰ ਜੀ ਨੇ ਦੱਸਿਆ।

"ਹਾਂ ਜੀ ਮਾਸਟਰ ਜੀ, ਐਧਰ ਵੀ ਕੁਝ ਨਾ ਕੁਝ ਤਾਂ ਚੱਲਦਾ ਹੀ ਰਹਿੰਦੈ।" ਮੈ ਜਵਾਬ ਦਿੱਤਾ। ਜ਼ਿਜ਼ੇਕ ਨਾਲ ਮੇਰੀ ਸਾਂਝ ਰਾਜਪੁਰੇ ਵਾਲੇ ਮਨਮੋਹਨ ਨੇ ਪਵਾਈ ਸੀ।

"ਜਿਉਂਦਾ ਰਵ੍ਹੇ ਸਾਡਾ ਰਮੇਸ਼ ਜਿਹੜਾ ਸਾਡੀ ਪਸੰਦ ਵੀ ਜਾਣਦਾ ਹੈ, ਸਾਡੀ ਪਸੰਦ ਦੀਆਂ ਕਿਤਾਬਾਂ ਵੀ ਲੈ ਆਉਂਦਾ ਹੈ ਅਤੇ ਸਾਨੂੰ ਫੋਨ ਵੀ ਖੜਕਾ ਛੱਡਦਾ ਹੈ। ਕਲ੍ਹ ਸ਼ਾਮ ਨੂੰ ਨਿੱਪੀ ਵੀ ਇਸ ਤੋਂ ਕੋਈ ਸੱਤ-ਅੱਠ ਸੌ ਰੁਪਏ ਦੀਆਂ ਕਿਤਾਬਾਂ ਲੈ ਗਿਆ ਸੀ। ਉਹਨੇ ਮੈਨੂੰ ਅੱਜ ਹੀ ਫੋਨ 'ਤੇ ਦੱਸਿਆ ਸੀ। ਰਮੇਸ਼ ਨੇ ਨਿੱਪੀ ਨੂੰ ਵੀ ਫੋਨ ਕਰ ਦਿੱਤਾ ਸੀ।" ਮਾਸਟਰ ਜੀ ਨੇ ਖੁਲਾਸਾ ਕੀਤਾ।

"ਮਾਸਟਰ ਜੀ ਇਹ ਰਮੇਸ਼ ਸਾਡਾ ਹੁਣ ਹੋ ਗਿਐ ਬਹੁਤ ਖ਼ਚਰਾ। ਇਹਨੂੰ ਸਾਰਾ ਪਤੈ, ਬਈ ਕਿਹੜਾ ਬੰਦਾ ਕਿਹੜੀ ਕਿਤਾਬ ਖਰੀਦੇਗਾ ਅਤੇ ਕਿੰਨੇ ਪੈਸੇ ਖਰਚੇਗਾ?" ਮੈਂ ਹੱਸ ਕੇ ਕਿਹਾ।

"ਪ੍ਰੋਫੈ'ਸਾਬ੍ਹ, ਕਯਾ ਬਾਤ ਕਰਤੇ ਹੋ ਆਪ?" ਰਮੇਸ਼ ਖਿੜ-ਖਿੜ ਕੇ ਹੱਸਿਆ ਤੇ ਫੇਰ ਸੰਜੀਦਾ ਹੋ ਕੇ ਕਹਿਣ ਲੱਗਿਆ, "ਆਜ ਕਲ ਕਿਤਾਬੇਂ ਬੇਚਨੇ ਮੇਂ ਰੱਖਾ ਹੀ ਕਯਾ ਹੈ? ਗੁਜ਼ਾਰਾ ਤਕ ਨਹੀਂ ਹੋਤਾ। ਆਪ ਜੈਸੇ ਲੋਗ ਅਗਰ ਇਧਰ ਨਾ ਆਏਂ, ਤੋ ਹਮ ਜੈਸੇ ਤੋ ਭੂਖੇ ਮਰ ਜਾਏਂ। ਆਜ ਕਲ੍ਹ ਕਿਤਾਬੇਂ ਪੜ੍ਹਤਾ ਹੀ ਕੌਨ ਹੈ? ਕਾਮੂ-ਸਾਰਤ੍ਰ ਔਰ ਦਰੀਦਾ ਕੀ ਤਰਫ ਤੋ ਦੇਖਤਾ ਭੀ ਨਹੀਂ ਕੋਈ। ਵੋ ਦੇਖੋ ਗੁੰਟਰ ਗ੍ਰਾਸ ਕੀ ਸਾਰੀ ਕਿਤਾਬੋਂ ਕਾ ਸੈਟ ਮੰਗਵਾਇਆ ਥਾ, ਵੈਸੇ ਕਾ ਵੈਸਾ ਹੀ ਪੜਾ ਹੈ। ਹਾਕਮ ਸਿੰਘ ਥੇ ਤੋ ਵੋਹ ਸਬਕੋ ਫ੍ਰਾਇਡ ਔਰ ਜੁੰਗ ਪੜ੍ਹਵਾਤੇ ਥੇ। ਅਬ ਵੋਹ ਭੀ ਨਹੀਂ ਰਹੇ। ਬੱਲ ਸਾਹਿਬ ਭੀ ਕੰਮ ਹੀ ਆਤੇ ਹੈਂ। ਰਾਮ ਸਿੰਘ ਮਿਸਟੀਸਿਜ਼ਮ ਕੀ ਕਿਤਾਬੇਂ ਪੜ੍ਹਤੇ ਹੈਂ ਔਰ ਹਰਪਾਲ ਸਿੰਘ ਪੌਲਿਯੂਸ਼ਨ ਪਰ ਕਿਤਾਬੇਂ ਮਾਂਗਤੇ ਹੈਂ। ਲੋਗ ਤੋ ਬਸ ਸ਼ਿਵ ਖੇੜਾ, ਦੀਪਕ ਚੋਪੜਾ ਯਾ ਫਿਰ ਕੰਪਿਊਟਰ ਕੀ ਕਿਤਾਬੇਂ ਮਾਂਗਤੇ ਹੈ। ਅੰਗਰੇਜ਼ੀ ਵਾਲੇ ਭੀ ਉਰੀਜਨਲ ਟੈਕਸਟ ਨਹੀਂ ਮਾਂਗਤੇ, ਰਾਮ ਜੀ ਲਾਲ ਯਾ ਤਿਲਕ ਕੀ ਕਿਤਾਬੇਂ ਹੀ ਮਾਂਗਤੇ ਹੈਂ।" ਰਮੇਸ਼ ਦੀ ਆਵਾਜ਼ ਵਿਚ ਤਲਖ਼ੀ ਅਤੇ ਉਦਾਸੀ ਸੀ। ਉਸ ਦੀ ਉਦਾਸੀ ਦਾ ਸਬੱਬ ਅੱਜ ਦੇ ਜ਼ਮਾਨੇ ਵਿਚ ਕਿਤਾਬਾਂ ਨਾਲ ਬੇਮੁਖੀ ਤੋਂ ਜਨਮੇ ਉਸ ਦੇ ਮਾਲੀ ਫਿਕਰ ਨਹੀਂ ਸਨ। ਉਸ ਦੀ ਉਦਾਸੀ ਸ਼ਾਇਦ ਮੌਜੂਦਾ ਹਾਲਾਤ ਬਾਰੇ ਵਿਆਪਕ ਸੰਤਾਪ ਵੱਲ ਹੀ ਸੰਕੇਤ ਸੀ।

ਜ਼ਮਾਨਾ ਬਹੁਤ ਤੇਜ਼ ਰਫਤਾਰੀ ਨਾਲ ਬਦਲ ਰਿਹਾ ਹੈ। ਰਮੇਸ਼ ਵੀ ਜ਼ਮਾਨੇ ਦੇ ਮੁਤਾਬਕ ਬਦਲ ਗਿਆ ਸੀ। ਸਾਹਿਤ ਅਤੇ ਫਿਲਾਸਫੀ ਦੀਆਂ ਕਿਤਾਬਾਂ ਕਿਸੇ ਪਰਲੇ ਖੂੰਜੇ ਵਿਚ ਰੱਖ ਕੇ ਉਸ ਨੇ ਚਲੰਤ ਸਾਹਿਤ, ਸਵੈ-ਮਦਦ ਅਤੇ ਸ਼ਖ਼ਸੀਅਤ ਦੇ ਵਿਕਾਸ ਦੇ ਮਜ਼ਮੂਨ ਵਾਲੀਆਂ ਕਿਤਾਬਾਂ ਕਾਊਂਟਰ 'ਤੇ, ਅਤੇ ਅਲਮਾਰੀਆਂ ਵਿਚ ਚਿਣ ਦਿੱਤੀਆਂ ਹਨ ਪਰ ਹੁਣ ਵੀ ਜਦੋਂ ਵੀ ਉਹ ਦਿੱਲੀ ਜਾਂਦਾ ਹੈ ਤਾਂ ਚੰਗੀਆਂ ਕਿਤਾਬਾਂ ਲੈ ਹੀ ਆਉਂਦਾ ਹੈ।

ਮਾਸਟਰ ਜੀ ਨਾਲ ਗੱਲਾਂ ਕਰਦਿਆਂ ਅਤੇ ਰਮੇਸ਼ ਨਾਲ ਛੇੜ-ਛਾੜ ਕਰਦਿਆਂ ਕਾਫੀ ਸਮਾਂ ਬੀਤ ਗਿਆ ਸੀ। ਮੈਂ ਜਾਣ ਲਈ ਉਠਿਆ। ਰਮੇਸ਼ ਨੇ ਮੈਨੂੰ ਰੋਕ ਕੇ ਕਿਹਾ, "ਪ੍ਰੋਫੈ'ਸਾਬ੍ਹ ਕੋਈ ਕਿਤਾਬ ਨਹੀਂ ਲੋਗੇ ਆਪ?"

ਮੈਂ ਹੱਸ ਕੇ ਕਿਹਾ, "ਹਾਂ ਭਾਈ ਤੇਰੀ ਚਾਹ ਪੀਤੀ ਐ ਹੁਣੇ, ਕਿਤਾਬ ਤਾਂ ਲੈਣੀ ਹੀ ਪਊ ਨਾ



ਆਪਣੀ ਦੁਕਾਨ ਅੰਦਰ ਬੈਠਾ ਰਮੇਸ਼।

*(ਬਾਕੀ ਅਗਲੇ ਸਫੇ 'ਤੇ)*

## ਗਾਇਕੀ ਮੁਕਾਬਲਿਆਂ ਦਾ ਅਸਲ ਸੱਚ

# 'ਪੁੰਨ' ਦੀ ਥਾਂ 'ਫ਼ਲੀਆਂ' ਵੱਲ ਧਿਆਨ ਦਿੰਦੇ ਨੇ ਚੈਨਲਾਂ ਵਾਲੇ



### ਕੀ ਮੈਂ ਝੂਠ ਬੋਲਿਐ...

ਸਵਰਨ ਸਿੰਘ ਟਹਿਣਾ*
*ਫੋਨ:91-98141-78883

ਕਿਸੇ ਖੇਤਰ ਵਿਚ ਪ੍ਰਾਪਤ ਹੋਇਆ ਸਨਮਾਨ ਜੇ ਅਗਲੇਰੇ ਸਫ਼ਰ ਲਈ ਸਹਾਈ ਹੋਵੇ ਤਾਂ ਮੁਕਾਬਲੇਬਾਜ਼ ਨੂੰ ਆਪਣੀਆਂ ਸਧਰਾਂ ਪੂਰੀਆਂ ਹੁੰਦੀਆਂ ਜਾਪਣ ਲੱਗਦੀਆਂ ਨੇ ਪਰ ਜੇ ਮੁਕਾਬਲੇਬਾਜ਼ਾਂ 'ਚੋਂ ਇੱਕ ਨੂੰ ਜਿੱਤ ਦੀ ਝੰਡੀ ਫੜਾ ਕੇ ਕਿਹਾ ਜਾਵੇ, 'ਸਾਡਾ ਕੰਮ ਸਿਰਫ਼ ਏਨਾ ਕੁ ਸੀ...ਹੁਣ ਤੇਰਾ ਰੱਬ ਰਾਖਾ...', ਤਾਂ ਬਹੁਤੀ ਵਾਰ ਉਹ ਵਿਚਾਰਾ ਘਰ ਤੇ ਘਾਟ ਦੋਹਾਂ ਵੱਲੋਂ ਜਾਂਦਾ ਲੱਗਦਾ ਹੈ। ਲੋਕ ਉਸ ਨੂੰ ਜੇਤੂ ਨਜ਼ਰਾਂ ਨਾਲ ਦੇਖਦੇ ਨੇ ਪਰ ਅੰਦਰੋਂ ਉਹ ਹਾਰ ਜਾਂਦਾ ਹੈ। ਇਹ ਮੁਸੀਬਤ ਉਦੋਂ ਹੋਰ ਪ੍ਰੇਸ਼ਾਨ ਕਰਦੀ ਹੈ ਜਦੋਂ ਜਿੱਤਣ ਵਾਲਾ ਮੰਦੀ ਆਰਥਿਕਤਾ 'ਚੋਂ ਲੰਘ ਰਿਹਾ ਹੋਵੇ।

ਪਿਛਲੇ ਕਈ ਸਾਲਾਂ ਤੋਂ ਬਹੁਤ ਸਾਰੇ ਟੀ.ਵੀ. ਚੈਨਲਾਂ ਵੱਲੋਂ ਕਰਾਏ ਜਾ ਰਹੇ ਗਾਇਕੀ ਦੇ ਮਹਾਂ ਮੁਕਾਬਲਿਆਂ ਦੀ ਹਾਲਤ ਉਪਰੋਕਤ ਕਥਨ ਦੀ ਪੁਸ਼ਟੀ ਕਰਦੀ ਹੈ। ਜੇਤੂ ਨੂੰ ਫੁੱਲਾਂ ਦੇ ਗੁਲਦਸਤੇ, ਮੋਮੈਂਟੋ ਤੇ ਸਪਾਂਸਰਾਂ ਵੱਲੋਂ ਭੇਟ ਤਿਲ-ਫੁੱਲ ਰਾਸ਼ੀ ਦੇ ਦਿੱਤੀ ਜਾਂਦੀ ਹੈ। ਜਿੱਤਣ ਮਗਰੋਂ ਜਦੋਂ ਉਹ ਆਪਣੇ ਪਿੰਡ, ਸ਼ਹਿਰ ਮੁੜਦੇ ਨੇ ਤਾਂ ਲੋਕ ਅੱਖਾਂ 'ਤੇ ਬਿਠਾ ਲੈਂਦੇ ਨੇ ਪਰ ਹੌਲੀ-ਹੌਲੀ ਹਾਲਾਤ ਆਡੀਸ਼ਨ ਦੇਣ ਤੋਂ ਪਹਿਲਾਂ ਵਾਲੇ ਬਣਨ ਲੱਗਦੇ ਨੇ।

ਚੈਨਲਾਂ ਨੂੰ ਜਦੋਂ ਤੋਂ ਸਮਝ ਪਈ ਹੈ ਕਿ ਗਾਇਕੀ ਮੁਕਾਬਲੇ ਕਰਾਉਣ ਨਾਲ ਦਰਸ਼ਕਾਂ 'ਚ 'ਪੁੰਨ' ਵਾਲਾ ਪ੍ਰਭਾਵ ਬਣਦਾ ਹੈ, ਪਰ ਧਨਾਢਾਂ ਕੋਲੋਂ 'ਫ਼ਲੀਆਂ' ਪਰਦੇ ਨਾਲ ਮਿਲ ਜਾਂਦੀਆਂ ਨੇ, ਉਦੋਂ ਤੋਂ 'ਵਾਇਸ ਆਫ ਪੰਜਾਬ', 'ਅਵਾਜ਼ ਪੰਜਾਬ ਦੀ', 'ਨੰਨ੍ਹੇ ਉਸਤਾਦ', 'ਸੁਰ ਸਮਰਾਟ' ਤੇ ਇਹੋ ਜਿਹੇ ਦਰਜਨਾਂ ਹੋਰ ਮੁਕਾਬਲਿਆਂ ਦੀ ਪਿਰਤ ਪੈ ਗਈ ਹੈ। ਪਹਿਲਾਂ ਵੱਖ-ਵੱਖ ਸ਼ਹਿਰਾਂ ਵਿਚ ਆਡੀਸ਼ਨ ਲਏ ਜਾਂਦੇ ਨੇ। ਗਾਇਕ ਬਣਨ ਦੇ ਚਾਹਵਾਨਾਂ ਦੀਆਂ ਲੰਮੀਆਂ ਕਤਾਰਾਂ ਚੈਨਲ 'ਤੇ ਦਿਖਾ ਕੇ ਦੱਸਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਉਨ੍ਹਾਂ ਵੱਲੋਂ ਕਰਾਏ ਜਾ ਰਹੇ ਮੁਕਾਬਲੇ ਲਈ ਕਿੰਨੀ ਖਿੱਚ ਪਾਈ ਜਾ ਰਹੀ ਹੈ। ਉਪਰੰਤ ਆਡੀਸ਼ਨਾਂ ਨੂੰ ਦਿਖਾਉਣਾ ਸ਼ੁਰੂ ਕੀਤਾ ਜਾਂਦੈ, ਜਿਸ ਵਿਚ ਬੈਠੇ ਜੱਜ ਸੁਰ ਤੋਂ ਭਟਕਣ ਵਾਲਿਆਂ ਨੂੰ ਇਸ ਕਦਰ ਜ਼ਲੀਲ ਕਰਦੇ ਨੇ ਕਿ ਪੁੱਛੋ ਕੁੱਝ ਨਾ। ਇਨ੍ਹੀਂ ਦਿਨੀਂ ਇੱਕ ਚੈਨਲ 'ਤੇ ਚੱਲ ਰਹੇ ਆਡੀਸ਼ਨ ਦੌਰਾਨ ਜੱਜਾਂ ਦੀ ਕੁਰਸੀ 'ਤੇ ਬੈਠੇ ਦੋ ਜਣੇ ਮਾੜਾ ਗਾਉਣ ਵਾਲੇ ਨੂੰ ਮੋਢਿਆਂ 'ਤੇ ਚੁੱਕ ਕੇ ਬਾਹਰ ਛੱਡ ਆਏ। ਇਹ ਨਹੀਂ ਸੋਚਿਆ ਕਿ ਆਡੀਸ਼ਨ ਦੇਣ ਆਏ ਕਲਾਕਾਰ 'ਤੇ ਕੀ ਬੀਤੇਗੀ।

ਆਡੀਸ਼ਨਾਂ ਤੋਂ ਬਾਅਦ ਵੱਡੀਆਂ ਕੰਪਨੀਆਂ ਸਪਾਂਸਰ ਬਣਦੀਆਂ ਨੇ ਤੇ ਹਰ ਮੁਕਾਬਲੇਬਾਜ਼ ਤੋਂ ਪੇਸ਼ਕਾਰੀ ਉਪਰੰਤ ਅਖਵਾਇਆ ਜਾਂਦੈ, 'ਜੇ ਤੁਹਾਨੂੰ ਮੇਰਾ ਗਾਣਾ ਪਸੰਦ ਹੈ ਤਾਂ ਕ੍ਰਿਪਾ ਕਰਕੇ ਮੈਨੂੰ ਫ਼ਲਾਣੇ ਨੰਬਰ 'ਤੇ ਵੋਟ ਕਰੋ...।' ਲੱਖਾਂ-ਕਰੋੜਾਂ ਲੋਕ ਐਸ.ਐਮ.ਐਸ. ਜ਼ਰੀਏ ਵੋਟ ਕਰਦੇ ਨੇ, ਪਰ ਬਹੁਤ ਘੱਟ ਨੂੰ ਪਤਾ ਹੁੰਦੈ ਕਿ ਐਸ.ਐਮ.ਐਸ. ਦੇ ਅੱਧੇ ਪੈਸੇ ਚੈਨਲ ਤੇ ਅੱਧੇ ਮੋਬਾਈਲ ਕੰਪਨੀ ਦੀ ਜੇਬ 'ਚ ਚਲੇ ਜਾਂਦੇ ਨੇ।

ਬਹੁਤੀ ਵਾਰ ਜੱਜਾਂ ਵੱਲੋਂ ਮੁਕਾਬਲੇਬਾਜ਼ਾਂ 'ਤੇ ਪ੍ਰਤੀਕ੍ਰਿਆ ਕਰਨ ਵਾਲੀ ਕਾਰਵਾਈ ਪਹਿਲਾਂ ਹੀ ਘੜੀ ਹੁੰਦੀ ਹੈ। ਪਿੱਛੇ ਜਿਹੇ ਇੱਕ ਪੰਜਾਬੀ ਚੈਨਲ 'ਤੇ ਸਭ ਨੇ ਦੇਖਿਆ ਕਿ ਇੱਕ ਕੁੜੀ ਦੇ ਗਾਉਣ ਮਗਰੋਂ ਸਾਹਮਣੇ ਬੈਠੇ ਤਿੰਨ ਜੱਜਾਂ 'ਚੋਂ ਦੋ ਆਪਸ 'ਚ ਲੜ ਪਏ। ਇੱਕ ਕਹਿੰਦਾ, 'ਇਹਨੇ ਮਾੜਾ ਗਾਇਐ, ਡੇਂਜਰ ਜ਼ੋਨ 'ਚ ਜਾਣਾ ਪਵੇਗਾ ਇਹਨੂੰ...।' ਦੂਜਾ ਕਹਿੰਦਾ, 'ਵਧੀਆ ਗਾਇਐ, ਮੈਨੂੰ ਕੋਈ ਨੁਕਸ ਨਜ਼ਰ ਨਹੀਂ ਆਇਆ...।' ਦੋਹਾਂ ਨੇ ਨਾਟਕੀ 'ਤੂੰ-ਤੂੰ, ਮੈਂ-ਮੈਂ' ਕੀਤੀ ਤੇ ਬਾਅਦ 'ਚ ਇੱਕ ਜਣਾ ਕੁਰਸੀ ਤੋਂ ਉਠ ਕੇ ਚਲਾ ਗਿਆ। ਫੇਰ ਉਸ ਨੂੰ ਇੰਜ ਮਨਾ ਕੇ ਵਾਪਸ ਲਿਆਂਦਾ, ਜਿਵੇਂ ਜਿੱਦੀ ਨਿਆਣੇ ਨੂੰ ਟਾਫ਼ੀਆਂ ਦੇ ਕੇ ਮਨਾਇਆ ਜਾਂਦੈ।

ਜਿਉਂ-ਜਿਉਂ ਇਹ ਮੁਕਾਬਲੇ ਅੱਗੇ ਵਧਦੇ ਨੇ, ਤਿਉਂ-ਤਿਉਂ ਅੱਗੇ ਵਧਣ ਵਾਲੇ ਮੁੰਡੇ-ਕੁੜੀਆਂ ਦੀ ਪਛਾਣ ਗੂੜ੍ਹੀ ਹੋਣ ਲੱਗਦੀ ਏ। ਇਲਾਕੇ ਦੇ ਲੋਕ 'ਆਪਣਿਆਂ' ਨੂੰ ਜਿਤਾਉਣ ਲਈ ਵਧ-ਚੜ੍ਹ ਕੇ ਵੋਟਿੰਗ ਕਰਦੇ ਨੇ ਪਰ ਅਖੀਰ 'ਤੇ ਕਿਸੇ ਨੂੰ ਕੁੱਝ ਪਤਾ ਨਹੀਂ ਹੁੰਦਾ ਕਿ ਵੋਟਿੰਗ ਕਿਸ ਦੇ ਹੱਕ 'ਚ ਜ਼ਿਆਦਾ ਹੋਈ ਤੇ ਕਿਸ ਦੇ 'ਚ ਘੱਟ। ਕਈ ਮੁਕਾਬਲਿਆਂ 'ਚ ਜੇਤੂ ਰਹਿਣ ਵਾਲਿਆਂ 'ਤੇ ਹੋਈ ਕਿੰਤੂ ਬਾਅਦ ਆਖਿਆ ਗਿਆ, 'ਇਹਦੇ ਹੱਕ 'ਚ ਵੋਟਿੰਗ ਸਭ ਤੋਂ ਜ਼ਿਆਦਾ ਹੋਈ', ਪਰ ਲੋਕ ਹੈਰਾਨ ਰਹੇ ਕਿ ਇਹਦੀ ਵੋਟਿੰਗ ਕਿਵੇਂ ਵਧ ਗਈ।

ਫਾਈਨਲ ਵਾਲੇ ਦਿਨ ਜਿਹੜਾ ਮਜ਼ਮਾ ਲਾਇਆ ਜਾਂਦੈ, ਉਹਦਾ ਪ੍ਰਚਾਰ ਇਸ ਕਦਰ ਕੀਤਾ ਜਾਂਦੈ ਕਿ ਅੱਜ ਭਾਰਤ ਦਾ ਅਜਿਹਾ ਹੀਰਾ ਸਾਹਮਣਾ ਆਵੇਗਾ, ਜਿਹੜਾ ਗਾਇਕੀ ਦੀ ਦੁਨੀਆਂ ਦੀ ਨਵੇਂ ਸਿਰਿਓਂ ਅਗਵਾਈ ਕਰੇਗਾ। ਜਿੱਤਣ ਵਾਲੇ ਨੂੰ ਥਾਪੀ ਦੇ ਕੇ ਘਰ ਤੋਰ ਦਿੱਤਾ ਜਾਂਦੈ ਤੇ ਬਾਅਦ ਵਿਚ ਉਸ ਲਈ ਦੁਸ਼ਵਾਰੀਆਂ ਦਾ ਜਿਹੜਾ ਸਫ਼ਰ ਸ਼ੁਰੂ ਹੁੰਦੈ, ਉਹਦੇ ਬਾਰੇ ਦੋ-ਤਿੰਨ ਮਿਸਾਲਾਂ ਹੀ ਪੇਸ਼ ਕਰਾਂਗੇ।

ਕਿਸੇ ਵੇਲੇ 'ਐਮ.ਐਚ.ਵੰਨ ਚੈਨਲ' ਨੇ ਰੁਪਿੰਦਰ ਹਾਂਡਾ ਨੂੰ 'ਆਵਾਜ਼ ਪੰਜਾਬ ਦੀ' ਦੀ ਜੇਤੂ ਐਲਾਨਿਆ ਸੀ ਪਰ ਉਸ ਨੂੰ ਅੱਜ ਤੱਕ ਗਾਇਕੀ 'ਚ ਕਿੰਨੀ ਕੁ ਬ੍ਰੇਕ ਮਿਲੀ, ਇਹ ਸਭ ਜਾਣਦੇ ਨੇ। ਉਹ ਵੀ ਕੈਸਿਟਾਂ ਕਰਨ ਲਈ ਓਦਾਂ ਹੀ ਸੰਘਰਸ਼ ਕਰ ਰਹੀ ਏ, ਜਿਵੇਂ ਬਾਕੀ ਨਵੀਆਂ ਕੁੜੀਆਂ ਕਰਦੀਆਂ ਨੇ। ਚੈਨਲ ਵਾਲਿਆਂ ਉਸ ਦੀ ਕੈਸਿਟ ਤਾਂ ਕੀ ਕਰਨੀ ਸੀ, ਬਾਅਦ 'ਚ ਕਦੇ ਉਚੇਚ ਨਾਲ ਉਸ ਦਾ ਜ਼ਿਕਰ ਕਰਨਾ ਵੀ ਜਾਇਜ਼ ਨਹੀਂ ਸਮਝਿਆ। ਏਸੇ ਤਰ੍ਹਾਂ ਕਿਸੇ ਵੇਲੇ ਮਹਾਸ਼ਾ ਅਲੀ ਨੂੰ ਚੈਨਲ ਵਾਲਿਆਂ ਜੇਤੂ ਕਰਾਰ ਦਿੱਤਾ ਸੀ ਪਰ ਅੱਜ ਉਹ ਮਹਾਸ਼ਾ ਪੰਜਾਬ ਦੇ ਸੈਂਕੜੇ ਗਾਇਕਾਂ ਵਾਂਗ ਸਫ਼ਲਤਾ ਲਈ ਹੱਥ-ਪੈਰ ਮਾਰ ਰਿਹੈ। ਪਹਿਲੀ ਵਾਰ 'ਆਵਾਜ਼ ਪੰਜਾਬ ਦੀ' ਬਣੇ ਰੌਸ਼ਨ ਪ੍ਰਿੰਸ ਦੀ ਕੈਸਿਟ ਜ਼ਰੂਰ ਹੋਈ ਪਰ ਬਾਅਦ ਵਿਚ ਕੈਸਿਟ ਨੂੰ ਝੰਜਟ ਦਾ ਘਰ ਮੰਨਦਿਆਂ ਚੈਨਲ ਵਾਲਿਆਂ ਇਹ ਇਕਰਾਰ ਕਰਨਾ ਹੀ ਬੰਦ ਕਰ ਦਿੱਤਾ ਕਿ ਜਿੱਤਣ ਮਗਰੋਂ ਤੁਹਾਡੇ ਲਈ ਕੁੱਝ ਕੀਤਾ ਜਾਵੇਗਾ।

ਪਿਛਲੀ ਵਾਰ 'ਪੀ.ਟੀ.ਸੀ ਪੰਜਾਬੀ' ਵੱਲੋਂ 'ਵਾਇਸ ਆਫ਼ ਪੰਜਾਬ' ਵਿਚ ਜਿਹੜੇ ਮੁੰਡੇ ਨੂੰ ਜੇਤੂ ਬਣਾਇਆ ਗਿਆ, ਉਸ ਤੋਂ ਕਿੰਨੇ ਕੁ ਲੋਕ ਖੁਸ਼ ਸਨ, ਇਸ ਦਾ ਪਤਾ ਆਲਿਓਂ-ਦੁਆਲਿਓਂ ਕੀਤਾ ਜਾ ਸਕਦੈ। ਪੂਰਾ ਸਾਲ ਉਹ ਕਦੇ ਚੈਨਲ 'ਤੇ ਨਾ ਦਿਸਿਆ ਤੇ ਹੁਣ ਜਦੋਂ 'ਵਾਇਸ ਆਫ



ਪੰਜਾਬ' ਦੁਬਾਰਾ ਸ਼ੁਰੂ ਕਰਨਾ ਸੀ ਤਾਂ ਉਸ ਦਾ ਇੱਕ ਗਾਣਾ ਜੇਤੂ ਰਹਿਣ ਵਾਲੀ ਕੁੜੀ ਨਾਲ ਫ਼ਿਲਮਾ ਕੇ ਦਿਖਾਉਣਾ ਸ਼ੁਰੂ ਕਰ ਦਿੱਤਾ ਗਿਆ ਤਾਂ ਜੋ ਆਡੀਸ਼ਨ ਦੇਣ ਵਾਲਿਆਂ 'ਤੇ ਪ੍ਰਭਾਵ ਜਾਵੇ ਕਿ ਜਿੱਤਣ ਵਾਲਿਆਂ ਲਈ ਚੈਨਲ ਬਹੁਤ ਕੁੱਝ ਸੋਚਦੈ।

ਬੇਗਾਨੇ ਪੈਸਿਆਂ ਨਾਲ ਸ਼ੋਹਰਤ ਚੈਨਲ ਖੱਟ ਜਾਂਦੈ ਪਰ ਜਿਨ੍ਹਾਂ ਦੇ ਨਾਂਵਾਂ 'ਤੇ ਖੇਡ ਖੇਡੀ ਜਾਂਦੀ ਹੈ, ਉਨ੍ਹਾਂ ਨੂੰ ਅੱਖੋਂ ਪਰੋਖੇ ਕੀਤਾ ਜਾਂਦੈ। ਪਿਛਲੇ ਸਾਲ ਇੱਕ ਪ੍ਰੋਗਰਾਮ 'ਚ ਉਪ ਜੇਤੂ ਰਹਿਣ ਵਾਲੇ ਮੁਕਾਬਲੇਬਾਜ਼ ਦਾ ਕਹਿਣੈ, 'ਜਿੱਤਣ ਵਾਲੇ ਨੂੰ ਮੈਂ ਖੂਬ ਟੱਕਰ ਦਿੱਤੀ, ਹਰ ਕੋਈ ਮੈਨੂੰ ਜੇਤੂ ਐਲਾਨੇ ਜਾਣ ਦੀ ਉਡੀਕ ਕਰ ਰਿਹਾ ਸੀ, ਪਰ ਜਦੋਂ ਦੂਜੇ ਦਾ ਨਾਂ ਐਲਾਨ ਦਿੱਤਾ ਗਿਆ ਤਾਂ ਮੈਂ ਰੋ ਪਿਆ...ਅਗਲੇ ਹੀ ਪਲ ਚੈਨਲ ਵਾਲਿਆਂ ਕਹਿ ਦਿੱਤਾ, 'ਆਪਣਾ ਜੁੱਲੀ-ਬਿਸਤਰਾ ਚੁੱਕ ਤੇ ਕਮਰਾ ਖਾਲੀ ਕਰ...ਘਰ ਜਾਹ।' ਅੱਧੀ ਰਾਤ ਨੂੰ ਮੈਂ ਕਿੱਥੇ ਜਾਂਦਾ। ਉਨ੍ਹਾਂ ਮੈਨੂੰ ਰੋਟੀ ਵੀ ਨਾ ਪੁੱਛੀ ਤੇ ਮੈਨੂੰ ਲੱਗਾ ਜਿਵੇਂ ਮੇਰੇ ਨਾਲ ਬਹੁਤ ਵੱਡੀ ਠੱਗੀ ਮਾਰੀ ਗਈ ਹੋਵੇ...।'

ਜਿਵੇਂ ਪੰਜਾਬ ਸਰਕਾਰ ਵੱਲੋਂ ਪਿਛਲੇ ਸਾਲ ਕਰਾਇਆ ਗਿਆ ਕਬੱਡੀ ਕੱਪ ਸ਼ਰਾਬ ਕੰਪਨੀਆਂ ਦੇ ਨੋਟਾਂ ਨਾਲ ਨੇਪਰੇ ਚੜ੍ਹਿਆ ਸੀ, ਪਰ ਬੱਲੇ-ਬੱਲੇ ਸਰਕਾਰ ਦੀ ਝੋਲੀ ਪੈ ਗਈ ਸੀ, ਬਿਲਕੁਲ ਉਵੇਂ ਗਾਇਕੀ ਮਹਾਂ ਮੁਕਾਬਲਿਆਂ ਵਿਚ ਨੋਟ ਬਿਸਕੁਟ, ਬੁਨੈਣਾਂ, ਮੋਟਰ ਸਾਈਕਲ ਤੇ ਹੋਰ ਤਕੜੀਆਂ ਕੰਪਨੀਆਂ ਦੇ ਲੱਗਦੇ ਨੇ, ਪਰ ਸ਼ਾਬਾਸ਼ ਚੈਨਲ ਹਾਸਲ ਕਰ ਜਾਂਦੇ ਨੇ। ਚੈਨਲਾਂ ਵੱਲੋਂ ਕੀਤੇ ਜਾਂਦੇ ਇਹ ਉਦਮ ਭਾਵੇਂ ਇਸ ਗੱਲੋਂ ਸਹੀ ਨੇ ਕਿ ਇਨ੍ਹਾਂ ਵੱਲੋਂ ਲੁਕੇ ਬੈਠੇ ਕਲਾਵਾਨਾਂ ਨੂੰ ਮੰਚ ਪ੍ਰਦਾਨ ਕਰ ਦਿੱਤਾ ਜਾਂਦੈ, ਉਨ੍ਹਾਂ ਦੀ ਗਾਇਕੀ ਬਾਰੇ ਕੁੱਲ ਦੁਨੀਆਂ ਜਾਨਣ ਲੱਗਦੀ ਏ।

ਕੁੱਝ ਸਾਲ ਪਹਿਲਾਂ 'ਕੋਕਾ ਕੋਲਾ-ਜੋੜੀ ਨੰਬਰ ਵੰਨ' 'ਚ ਜੇਤੂ ਰਹਿਣ ਵਾਲੀ ਲਖਵੀਰ ਲੱਖਾ ਤੇ ਗੁਰਿੰਦਰ ਨਾਜ਼ ਦੀ ਜੋੜੀ ਦੀ ਚੈਨਲ ਵਾਲਿਆਂ ਬਾਅਦ 'ਚ ਕਿੰਨੀ ਕੁ ਪੁੱਛ-ਗਿੱਛ ਕੀਤੀ, ਇਹ ਕਦੇ ਉਨ੍ਹਾਂ ਨੂੰ ਹੀ ਪੁੱਛ ਕੇ ਦੇਖਿਓ। ਜਿਵੇਂ ਕਿ ਨਾਂ ਤੋਂ ਜ਼ਾਹਰ ਹੈ, 'ਕੋਕ' ਵਾਲਿਆਂ ਪ੍ਰੋਗਰਾਮ ਸਪਾਂਸਰ ਕੀਤਾ ਤੇ ਲੱਖਾ-ਨਾਜ਼ ਜੇਤੂ ਬਣ ਗਏ ਪਰ ਉਹ ਅੱਜ ਵੀ ਪੰਜਾਬ ਦੀਆਂ ਬਾਕੀ ਜੋੜੀਆਂ ਵਾਂਗ ਕੈਸਿਟ ਕਰਨ ਲਈ ਸੰਘਰਸ਼ ਕਰਦੇ ਦਿਸ ਰਹੇ ਨੇ।

ਇਹ ਹਾਲ ਸਿਰਫ਼ ਗਾਇਕੀ ਮੁਕਾਬਲਿਆਂ ਦਾ ਨਹੀਂ, ਸਗੋਂ ਡਾਂਸ ਅਤੇ ਕਾਮੇਡੀ ਮੁਕਾਬਲੇ ਵੀ ਇਹੋ ਜਿਹੇ ਹੀ ਨੇ। ਪਿੱਛੇ ਜਿਹੇ ਇੱਕ ਚੈਨਲ ਵੱਲੋਂ ਜਿਹੜੇ ਮੁੰਡਿਆਂ ਨੂੰ ਕਾਮੇਡੀ ਮੁਕਾਬਲੇ ਵਿਚ ਲਿਆ ਕੇ ਪਛਾਣ ਦਿੱਤੀ ਗਈ ਸੀ, ਬਾਅਦ 'ਚ ਉਹ ਮੇਲਿਆਂ 'ਤੇ ਇੱਕੀ-ਇੱਕੀ ਸੌ 'ਚ ਸਕਿੱਟਾਂ ਸੁਣਾਉਣ ਜੋਗੇ ਰਹਿ ਗਏ ਸਨ। ਫੇਰ ਜਦੋਂ 'ਸਟਾਰ ਵੰਨ' ਨੇ 'ਲਾਫ਼ਟਰ ਚੈਲਿੰਜ' ਸ਼ੁਰੂ ਕੀਤਾ ਤਾਂ ਉਹ ਉਧਰ ਚਲੇ ਗਏ ਤੇ ਉਨ੍ਹਾਂ ਦੀ ਥੋੜ੍ਹੀ ਵੁੱਕਤ ਪੈ ਗਈ।

ਚੈਨਲਾਂ ਵੱਲੋਂ ਗਲੀਆਂ-ਮੁਹੱਲਿਆਂ ਤੇ ਪਿੰਡਾਂ-ਕਸਬਿਆਂ 'ਚ ਰੁਲਦੀ ਕਲਾ ਨੂੰ ਅੱਗੇ ਲਿਆਉਣ ਦੀਆਂ ਕੋਸ਼ਿਸ਼ਾਂ ਭਾਵੇਂ ਚੰਗੀਆਂ ਨੇ ਪਰ ਇਨ੍ਹਾਂ ਕੋਸ਼ਿਸ਼ਾਂ ਪਿਛਲਾ ਸੱਚ ਓਨਾ ਵਧੀਆ ਨਹੀਂ, ਜਿੰਨਾ ਪਰਦੇ ਦੀ ਚਮਕ ਦੇਖ ਕੇ ਜਾਪਦਾ ਹੈ। ਚੈਨਲਾਂ ਜ਼ਰੀਏ ਬਣੀ ਪਛਾਣ ਉਦੋਂ ਹੀ ਸਫ਼ਲ ਦਿੰਦੀ ਹੈ, ਜੇ ਮੁਕਾਬਲੇਬਾਜ਼ ਦੀ ਆਰਥਿਕਤਾ 'ਚ ਵੀ ਸੁਧਾਰ ਹੋਵੇ। ਇੱਕ ਚੈਨਲ ਦੇ ਮੁਕਾਬਲੇ 'ਚ ਜੇਤੂ ਰਹਿਣ ਵਾਲੇ ਮੁੰਡੇ ਨੇ ਪਿਛਲੇ ਦਿਨੀਂ ਸਾਨੂੰ ਦੁੱਖੜਾ ਸੁਣਾਇਆ ਸੀ, 'ਜਦੋਂ ਦਾ ਮੈਂ ਜਿੱਤ ਕੇ ਆਇਆਂ, ਬੱਸ 'ਚ ਸਫ਼ਰ ਨਹੀਂ ਕਰ ਸਕਦਾ ਕਿਉਂਕਿ ਲੋਕ ਪਛਾਣ ਲੈਂਦੇ ਨੇ, ਮੈਂ ਰੁਮਾਲ ਨਾਲ ਮੂੰਹ ਢਕ ਕੇ ਬੈਠਦਾਂ...ਆਪਣੇ ਵਹੀਕਲ ਜੋਗੇ ਪੈਸੇ ਨਹੀਂ ਤੇ ਚੈਨਲ ਵਾਲਿਆਂ ਬਾਅਦ 'ਚ ਕੁੱਝ ਸੋਚਿਆ ਨਹੀਂ। ਸਾਡੀ ਅੰਗੀਠੀ 'ਤੇ ਚੈਨਲ ਵੱਲੋਂ ਦਿੱਤਾ ਮੋਮੈਂਟੋ ਪਿਐ, ਪਰ ਉਹਦੇ ਨਾਲ ਰੋਟੀ ਨਹੀਂ ਚੱਲਦੀ।'

ਜਿੱਤਣ ਵਾਲਿਆਂ 'ਚੋਂ ਜ਼ਿਆਦਾਤਰ ਦਾ ਇਹੀ ਹਾਲ ਹੈ। ਚੰਗਾ ਹੋਵੇ ਜੇ ਚੈਨਲ

## ਚੱਲਦੇ ਚੱਲਦੇ

ਵਿਦੇਸ਼ੀ ਬੈਂਕਾਂ 'ਚ ਪਏ ਕਾਲੇ ਧਨ ਖਿਲਾਫ਼ ਬਾਬੇ ਰਾਮਦੇਵ ਦੀ ਲੜਾਈ ਪਿਛਲੇ ਕਈ ਹਫ਼ਤਿਆਂ ਤੋਂ ਚੱਲ ਰਹੀ ਹੈ। ਇਸੇ ਦੌਰਾਨ ਸੰਗੀਤ ਚੈਨਲਾਂ 'ਤੇ ਕਬੀਰ ਨਾਂ ਦੇ ਇੱਕ ਗਾਇਕ ਦਾ ਗੀਤ ਵੱਜਣ ਲੱਗਾ ਤਾਂ ਕਈਆਂ ਨੂੰ ਜਾਪਿਆ ਕਿ ਉਹ ਬਿਨਾਂ ਵਜ੍ਹਾ ਬਲਾ ਆਪਣੇ ਗਲ ਪੁਆ ਰਿਹੈ। 'ਰੀਅਲ ਨਵਾਬ' ਨਾਮੀ ਗਾਣੇ ਵਿਚ ਆਪਣੀਆਂ ਕਾਰਾਂ, ਕੋਠੀਆਂ, ਬੈਂਕ ਬੈਲੇਂਸ ਅਤੇ ਉਚ ਪਛਾਣ ਦੇ ਮਾਣ ਵਿਚ ਵਾਹਵਾ ਕੁੱਝ ਆਖਦਾ ਹੈ :

ਸਵਿਸ ਬੈਂਕ ਵਿਚ
ਸਾਡੇ ਚੱਲਦੇ ਅਕਾਊਂਟ ਨੀਂ,
ਪਤਾ ਹੀ ਨਹੀਂ
ਉਥੇ ਕਿੰਨੀ ਪਈ ਏ ਅਮਾਊਂਟ ਨੀਂ,
ਸੀ.ਏ. ਕੋਲੋਂ ਵੀ ਨਾ
ਜੀਹਦਾ ਹੁੰਦਾ ਏ ਹਿਸਾਬ,
ਰੀਅਲ ਨਵਾਬ...ਮੁੰਡਾ ਰੀਅਲ ਨਵਾਬ।

ਜੇ ਕਿਤੇ ਬਾਬਾ ਰਾਮਦੇਵ ਨੂੰ ਇਸ ਗਾਣੇ ਦੀ ਸਮਝ ਪੈ ਗਈ, ਉਹਨੇ ਦਿਗਵਿਜੈ ਸਿੰਘ, ਕਪਿਲ ਸਿੱਬਲ, ਸੁਬੋਧਕਾਂਤ ਸਹਾਏ ਤੇ ਹੋਰ ਵਜ਼ੀਰਾਂ ਦਾ ਖਹਿੜਾ ਛੱਡ ਇਸ ਗਾਇਕ ਪਿੱਛੇ ਜ਼ਰੂਰ ਪੈ ਜਾਣੈ!

# ਕਿਤਾਬਾਂ ਦੇ ਆਸ਼ਕਾਂ ਦਾ ਮੱਕਾ

ਹੁਣ।'' ਮੈਂ ਰੁਟਲੇਜ ਵਾਲੀ ਕਿਤਾਬ ਦੀ ਕੀਮਤ ਪੁੱਛੀ ਪਰ ਰਮੇਸ਼ ਦੇ ਆਜਿਜ਼ੀ ਅੰਦਾਜ਼ ਵਾਲੇ ਸਵਾਲ ਤੋਂ ਬਾਅਦ ਉਸ ਨਾਲ ਡਿਸਕਾਊਂਟ ਦੀ ਗੱਲ ਕਰਨ ਨੂੰ ਚਿੱਤ ਨਾ ਕੀਤਾ। ਮੈਂ ਉਹ ਕਿਤਾਬ ਲੈ ਲਈ ਅਤੇ ਕਿਹਾ, ''ਦੇਖ ਭਾਈ ਰਮੇਸ਼, ਮਹੀਨੇ ਦੇ ਆਖਰੀ ਦਿਨ ਨੇ, ਪੈਸੇ-ਪੂਸੇ ਤਾਂ ਹੈ ਨੀ ਮੇਰੇ ਕੋਲ। ਅਗਲੇ ਮਹੀਨੇ ਦਊਂਗਾ।''

''ਪ੍ਰੋਫੈ'ਸਾਬ੍ਹ, ਕਯਾ ਬਾਤ ਕਰਤੇ ਹੋ। ਆਪਸੇ ਪੈਸੇ ਕਬ ਮਾਂਗੇ ਹੈਂ ਮੈਨੇ। ਕਿਤਾਬ ਲੇ ਜਾਓ। ਔਰ ਭੀ ਕੋਈ ਲੇ ਜਾਓ। ਜਬ ਪੈਸੇ ਹੋਂਗੇ ਦੇ ਦੇਨਾ। ਆਪਕਾ ਪਹਿਲਾ ਹਿਸਾਬ ਤੋ ਚੁਕਤਾ ਹੋ ਗਯਾ ਥਾ ਨਾ।'' ਉਸ ਨੇ ਕਿਹਾ।

''ਮੈਂ ਯਾਰ ਤੈਨੂੰ ਪਿਛਲੀ ਵਾਰ ਤੇਰੇ ਸਾਰੇ ਪੈਸੇ ਦੇ ਤਾਂ ਗਿਆ ਸੀ। ਆਪਣੀ ਕਾਪੀ ਜ਼ਰਾ ਚੈਕ ਕਰ ਲੈ, ਕਿਤੇ ਅਗਲੀ ਵਾਰੀ ਮੇਰੇ ਗਲ ਪਿਛਲੇ ਪੈਸਿਆਂ ਦਾ ਫਾਹਾ ਨਾ ਪਾ ਦਵੀਂ।''

''ਹਾਂ ਯਾਦ ਆ ਗਯਾ, ਆਪ ਪਿਛਲੀ ਬਾਰ ਚੈਕ ਦੇ ਗਯੇ ਥੇ। ਮੈਨੇ ਤੋ ਵੈਸੇ ਹੀ ਪੂਛ ਲੀਆ।''

ਰਮੇਸ਼ ਨੂੰ ਬਹੁਤਾ ਪੜ੍ਹਿਆ-ਲਿਖਿਆ ਨਾ ਹੋਣ ਦੇ ਬਾਵਜੂਦ ਕਿਤਾਬਾਂ ਬਾਰੇ ਬੜੀ ਤਿੱਖੀ ਨਜ਼ਰ ਵਾਲੀ ਪਛਾਣ ਹੈ। ਬਹੁਤ ਸਾਰੇ ਲੋਕਾਂ ਨੂੰ ਕਿਤਾਬਾਂ ਦੀ ਚਾਟ ਲਾਉਣ ਵਾਲੇ ਰਮੇਸ਼ ਦਾ ਪਟਿਆਲੇ ਦੀ ਅਕਾਦਮਿਕ ਪੱਖ ਤੋਂ ਜ਼ਰਖੇਜ਼ ਸਰਜ਼ਮੀਂ 'ਤੇ ਅੱਜ ਵੀ ਅਹਿਮ ਸੰਸਥਾ ਵਾਲਾ ਸਥਾਨ ਹੈ। ਦਰਅਸਲ, ਜਾਪਦਾ ਇਉਂ ਹੈ ਕਿ ਇਸ ਸੰਸਾਰ ਦੇ ਮੰਡੀਕਰਨ ਨੇ ਤਕਰੀਬਨ ਸਾਰਿਆਂ ਨੂੰ ਹੀ ਦੁਕਾਨਦਾਰੀ ਵਾਲੀ ਫਿਤਰਤ ਨਾਲ ਨਿਵਾਜਿਆ ਹੈ, ਇਕੱਲੇ ਰਮੇਸ਼ ਨੂੰ ਹੀ ਨਹੀਂ, ਪਰ ਫਿਰ ਵੀ ਉਹ ਕਿਤਾਬਾਂ ਦੀ ਕਦਰ ਕਰਨ ਵਾਲਿਆਂ ਦਾ ਕਦਰਦਾਨ ਅੱਜ ਵੀ ਹੈ। ਪਟਿਆਲੇ ਦੇ ਮਸ਼ਹੂਰ ਭੁਤਵਾੜੇ ਦੀ ਗਾਥਾ ਤਾਂ ਲੋਕਾਂ ਨੂੰ ਵਿਸਰਦੀ ਜਾ ਰਹੀ ਹੈ ਪਰ ਰਮੇਸ਼ ਦੀ ਦੁਕਾਨ 'ਤੇ ਅੱਜ ਵੀ ਵਕਤ-ਬੇਵਕਤ ਫਲਸਫੇ ਦੇ ਪ੍ਰੇਤ ਆਸ਼ਕਾਂ ਦੀਆਂ ਮਜਲਿਸਾਂ ਬੈਠਦੀਆਂ ਹਨ। ਪਟਿਆਲੇ ਦੇ ਉਹ ਕਿਤਾਬਾਂ ਦੇ ਪ੍ਰੇਮੀ ਜਿਹੜੇ ਪੇਸ਼ੇਵਾਰਾਨਾ ਅਕਾਦਮਿਕ ਘੇਰੇ ਤੋਂ ਬਾਹਰ ਰਹੇ ਪਰ ਜਿਨ੍ਹਾਂ ਨੇ ਕਿਤਾਬਾਂ ਨਾਲ ਰੱਜ ਕੇ ਪਿਆਰ ਕੀਤਾ ਹੈ, ਉਹ ਰਮੇਸ਼ ਦੇ ਸਦਾ ਹੀ ਕਰਜ਼ਈ ਰਹਿਣਗੇ-ਉਧਾਰ ਦਾ ਕਰਜ਼ਾ ਚੁਕਾਉਣ ਤੋਂ ਬਾਅਦ ਵੀ।

*(ਲੇਖਕ ਪਟਿਆਲਾ ਦੇ ਸਰਕਾਰੀ ਮਹਿੰਦਰਾ ਕਾਲਜ 'ਚ ਅੰਗਰੇਜ਼ੀ ਦਾ ਅਧਿਆਪਕ ਹੈ)*

## ਕਾਵਿ-ਕਿਆਰੀ

### ਰਾਵੀ ਦਿਆ ਪਾਣੀਆ

ਰਾਵੀ ਦਿਆ ਪਾਣੀਆ,
ਤੂੰ ਨਹੀਉਂ ਜਾਣਦਾ।
ਤੇਰੀ ਗੋਦੀ ਵਿਚ ਸੁੱਤਾ,
ਵਾਲੀ ਦੋ ਜਹਾਨ ਦਾ।

ਵੇਖੀਂ ਨਾ ਜਗਾਵੀਂ ਸੂ,
ਨੀਂਦ ਮਿਠੀ ਆਈ ਵੇ।
ਜ਼ਾਲਮਾਂ ਨੇ ਜ਼ੁਲਮ ਦੀ,
ਅੱਤ ਡਾਢੀ ਚਾਈ ਵੇ।
ਵੇਖੀਂ ਕਿਤੇ ਲੈ ਬੈਠੇਂ,
ਉਲਾਹਮਾ ਵੇ ਜਹਾਨ ਦਾ।

ਸੁਣ ਨੀ ਹਵਾਏ ਤੂੰ ਵੀ,
ਹੌਲੀ ਹੌਲੀ ਚੱਲ ਨੀ।
ਦਿਤਾ ਕੀ ਸੁਨੇਹਾ ਮਾਹੀ,
ਸੁਣ ਮੇਰੀ ਗੱਲ ਨੀ।
ਸੱਚੀਂ ਸੱਚੀਂ ਦੱਸੀਂ ਮੈਨੂੰ,
ਵਾਸਤਾ ਈ ਜਾਨ ਦਾ।

ਉਠੋ ਜਾਗੋ ਪੰਛੀਓ ਵੇ,
ਗੀਤ ਮਿਠੇ ਗਾਵੋ ਵੇ।
ਵਾਲੀ ਦੋ ਜਹਾਨ ਦੇ ਨੂੰ,
ਲੋਰੀਆਂ ਸੁਣਾਵੋ ਵੇ।
ਸ਼ਾਂਤੀ ਦਾ ਪੁੰਜ, ਚਸ਼ਮਾ,
ਨਾਮ ਤੇ ਗਿਆਨ ਦਾ।

ਤੂੰ ਵੀ ਸੁਣ ਮੇਘਲਿਆ,
ਕੁਝ ਤਾਂ ਵਿਚਾਰ ਵੇ।
ਭੇਠ ਲੂਹੰਦੇ ਸੂਰਜ ਨੂੰ,
ਤੂੰ ਹੀ ਕੁਝ ਠਾਰ ਵੇ।
ਰਵ੍ਹਾਂਗਾ ਮੈਂ ਰਿਣੀ ਸਦਾ,
ਤੇਰੇ ਅਹਿਸਾਨ ਦਾ।

ਸੋਹਲ ਜਿਹੀ ਜਿੰਦੜੀ,
ਤਵੀ ਉਤੇ ਰੜ੍ਹ ਗਈ।
ਕਾਇਨਾਤ ਸਾਰੀ,
ਦੁੱਖਾਂ ਗ਼ਮਾਂ 'ਚ ਹੜ ਗਈ।
ਬੁਰਾ ਹਾਲ ਹੋਇਆ,
ਰੋ ਰੋ ਸਾਰੇ ਜਹਾਨ ਦਾ।
ਰਾਵੀ ਦਿਆ ਪਾਣੀਆਂ...।

ਦੇਂਦਾ ਸੀ ਤਸੀਹੇ,
ਪਾਪੀ ਰੱਬ ਦੇ ਸਰੂਪ ਨੂੰ।
ਤੂੰ ਵੀ ਕਿਵੇਂ ਵੇਖੀ ਗਿਉਂ,
ਬਣਕੇ ਵੇ ਮੂਕ ਤੂੰ।
ਭਾਗਾਂ ਵਾਲਾ ਵੇਲਾ ਸੀ,
ਤੇਰੇ ਇਮਤਿਹਾਨ ਦਾ।

ਸਬਰ ਦੇ ਸਾਹਮਣੇ ਵੇ,
ਜਬਰ ਗਿਆ ਹਾਰ ਵੇ।
ਤੋੜਕੇ ਜਹਾਂਗੀਰੀ,
ਹੋਈ ਬੈਠੀ ਸ਼ਰਮਸਾਰ ਵੇ।
ਸਿਰ ਝੁਕ ਗਿਆ ਵੱਡੇ,
ਮਾਨ ਤੇ ਗੁਮਾਨ ਦਾ।

ਜਿੰਦ ਵਾਰ ਪਾਏ ਐਸੇ,
ਸ਼ਹੀਦੀ ਵਾਲੇ ਪੂਰਨੇ।
ਸ਼ਹੀਦੀਆਂ ਲਈ ਉਤਾਵਲੇ,
ਪੂਰਾਂ ਦੇ ਪੂਰ ਨੇ।
ਬੁਲੰਦ ਇਕਬਾਲ 'ਚੰਨ',
ਸਿੱਖੀ ਦੀ ਸ਼ਾਨ ਦਾ।
ਰਾਵੀ ਦਿਆ ਪਾਣੀਆਂ,
ਤੂੰ ਨਹੀਉਂ ਜਾਣਦਾ।
ਤੇਰੀ ਗੋਦੀ ਵਿਚ ਸੁੱਤਾ,
ਵਾਲੀ ਦੋ ਜਹਾਨ ਦਾ।

**-ਚੰਨ,**
*ਫੋਨ:908-788-8427*

### ਬੁਰਾ ਇਹ ਜ਼ਮਾਨਾ ਆ ਗਿਆ

ਬੁਰਾ ਇਹ ਜ਼ਮਾਨਾ ਆ ਗਿਆ,
ਘੁੰਮ ਦੁਨੀਆਂ ਵੇਖ'ਲੀ ਸਾਰੀ।
ਭਾਈਆਂ ਦੇ ਭਾਈ ਵੈਰੀ ਹੋ ਗਏ,
ਤੀਜੇ ਥਾਂ ਨੇ ਨਿਭਾਏ ਪਾ ਕੇ ਯਾਰੀ।


ਆਖਦੇ ਸਿਆਣੇ ਸੀ ਕਦੇ,
ਭਾਈ ਹੁੰਦੇ ਨੇ ਭਾਈਆਂ ਦੀਆਂ ਬਾਹਾਂ।
ਭੁੱਲਗੇ ਉਹ ਹਾਲ ਵੇਖਣਾ,
ਚਾਹੁੰਦੇ ਇਕ-ਦੂਜੇ ਦਾ ਨੀ ਪਛਾਵਾਂ।
ਚਿੱਟਾ ਹੋ ਗਿਆ ਲਹੂ ਮਿੱਤਰੋ,
ਲਾਲ ਰੰਗ ਦੀ ਦਿਸੇ ਨਾ ਵਿਚ ਧਾਰੀ
ਬੁਰਾ ਇਹ ਜ਼ਮਾਨਾ ਆ ਗਿਆ...।

ਲਾਲਚ ਬਲਾ ਇਹ ਚੰਦਰੀ,
ਭਲੀ-ਭਾਂਤ ਨੇ ਜਾਣਦੇ ਸਾਰੇ।
ਟੀ.ਵੀ., ਅਖ਼ਬਾਰ ਪੜ੍ਹ ਲੋ,
ਨਿੱਤ ਨਵੇਂ ਹੀ ਸੁਣੀਂਦੇ ਕਾਰੇ।
ਝੂਠ ਪ੍ਰਧਾਨ ਹੋ ਗਿਆ,
ਸੱਚ ਦੂਰ ਕਿਤੇ ਮਾਰ ਲੀ ਉਡਾਰੀ।
ਬੁਰਾ ਇਹ ਜ਼ਮਾਨਾ ਆ ਗਿਆ...।

ਖਾਲੀ ਹੱਥ ਆਏ ਮਿੱਤਰੋ,
ਖਾਲੀ ਹੱਥ ਹੋ ਅਖੀਰ ਏਥੋਂ ਜਾਣਾ।
ਪੈਸੇ ਪਿੱਛੇ ਭੱਜੇ ਫਿਰਦੇ,
ਗੱਲ ਸਮਝੇ ਕੋਈ ਨਾ ਬਣ ਸਿਆਣਾ।
ਸ਼ੋਹਰਤਾਂ ਦੀ ਭੁੱਖੀ ਦੁਨੀਆਂ,
ਨੀਵਾਂ ਹੋ ਕੇ ਨਾ ਕੱਟੇ ਕੋਈ ਪਲ ਚਾਲੀ।
ਬੁਰਾ ਇਹ ਜ਼ਮਾਨਾ ਆ ਗਿਆ...।

ਧੀਆਂ ਢਿੱਡਾਂ ਵਿਚ ਮਾਰਦੇ,
ਪੁੱਤ ਆਖਦੇ ਹੁੰਦਾ ਏ ਮਿੱਠਾ ਮੇਵਾ।
ਪੱਥਰਾਂ ਨੂੰ ਸਾਰੇ ਪੂਜਦੇ,
ਮਾਂ-ਪਿਉ ਦੀ ਕਰੇ ਨਾ ਕੋਈ ਸੇਵਾ।
ਡੇਰੇ ਜਾ ਪਖੰਡੀਆਂ ਦੇ,
ਮੱਤੇ ਵਾਲਿਆ ਫਰੂਟ ਜਾਂਦੇ ਚਾੜ੍ਹੀ।
ਬੁਰਾ ਇਹ ਜ਼ਮਾਨਾ ਆ ਗਿਆ...।

**-ਜੱਸੀ ਮੱਤੇਵਾਲਾ**




# ਅਮਿਤਾਭ ਬੱਚਨ

## ਬਾਲੀਵੁੱਡ ਦਾ ਸ਼ਹਿਨਸ਼ਾਹ

*ਬਾਲੀਵੁਡ ਦਾ ਇਹ ਅਜ਼ੀਮ ਸ਼ਹਿਨਸ਼ਾਹ ਆਪਣੀ ਹੀ ਕੰਪਨੀ ਏ.ਬੀ.ਸੀ. ਵੱਲੋਂ ਤਿਆਰ ਨਵੀਂ ਫ਼ਿਲਮ 'ਬੁੱਢਾ ਹੋਗਾ ਤੇਰਾ ਬਾਪ' ਰਾਹੀਂ ਆਪਣੀ 'ਐਂਗਰੀ ਯੰਗਮੈਨ' ਵਾਲੀ ਇਮੇਜ਼ ਨੂੰ ਫਿਰ ਤੋਂ ਜੀਵਤ ਕਰਨ ਵਾਸਤੇ ਸਿਲਵਰ ਸਕਰੀਨ 'ਤੇ ਧੁੰਮਾਂ ਮਚਾਉਣ ਲਈ ਆ ਰਿਹਾ ਹੈ। ਭਾਰਤੀ ਫ਼ਿਲਮ ਉਦਯੋਗ ਨੇ ਭਾਵੇਂ ਬਹੁਤ ਸਾਰੇ ਚੋਟੀ ਦੇ ਅਦਾਕਾਰ ਪੈਦਾ ਕੀਤੇ ਹਨ ਪਰ ਅਭਿਨੈ ਦੇ ਇਸ ਸ਼ਾਹ ਸਿਕੰਦਰ ਦਾ ਅੱਜ ਵੀ ਕੋਈ ਸਾਨੀ ਨਹੀਂ। ਪੁੱਤਰੀ ਸ਼ਵੇਤਾ ਬੱਚਨ ਅਤੇ ਪੁੱਤਰ ਅਭਿਸ਼ੇਕ ਬੱਚਨ ਦਾ ਇਹ ਬਾਪ 'ਬੁੱਢਾ ਹੋਗਾ ਤੇਰਾ ਬਾਪ' ਦੀ ਰਿਲੀਜ਼ ਤੋਂ ਪਿੱਛੋਂ ਜ਼ਮਾਨਤ, ਬੈਜੂ ਔਰ ਤਾਨਸੇਨ, ਹੈਪੀ ਨਿਊ ਈਅਰ, ਐਵਰੀਬਾਡੀ ਵਾਂਟਸ ਟੂ ਬੀ ਗ੍ਰੇਟ, ਅਦਾ, ਆਰਕਸ਼ਣ ਫ਼ਿਲਮਾਂ ਜ਼ਰੀਏ ਜਲਦੀ ਹੀ ਫਿਰ ਜਲਵਾ ਦਿਖਾਉਣ ਆ ਰਿਹਾ ਹੈ...*

ਅਮਿਤਾਭ ਬੱਚਨ ਅੱਜ ਵੀ ਬਾਲੀਵੁੱਡ ਦਾ ਸ਼ਹਿਨਸ਼ਾਹ ਹੈ। ਅਮਿਤਾਭ ਸੁਪਰ ਸ਼ੋਅਮੈਨ ਰਾਜ ਕਪੂਰ, ਟ੍ਰੈਜਿਡੀ ਕਿੰਗ ਦਲੀਪ ਕੁਮਾਰ ਤੇ ਜੁਬਲੀ ਸਟਾਰ ਰਾਜਿੰਦਰ ਕੁਮਾਰ ਵਾਂਗ ਜਦ ਵੀ ਪਰਦੇ 'ਤੇ ਆਇਆ ਹੈ, ਦਰਸ਼ਕਾਂ ਨੇ ਉਸ ਨੂੰ ਅੱਖਾਂ 'ਤੇ ਬਿਠਾਇਆ। ਭਾਰਤੀ ਫ਼ਿਲਮ ਉਦਯੋਗ ਦਾ ਇਹ ਮਹਾਂਨਾਇਕ 11 ਅਕਤੂਬਰ 1942 ਨੂੰ ਪ੍ਰਸਿੱਧ ਹਿੰਦੀ ਲੇਖਕ ਡਾ. ਹਰਿਵੰਸ਼ ਰਾਏ ਬੱਚਨ ਤੇ ਪੰਜਾਬਣ ਮਾਂ ਤੇਜੀ ਬੱਚਨ ਦੇ ਗ੍ਰਹਿ ਅਲਾਹਾਬਾਦ ਵਿਖੇ 'ਅਮਿਤ ਸ੍ਰੀਵਾਸਤਵ' ਨਾਂ ਲੈ ਕੇ ਪੈਦਾ ਹੋਇਆ। ਸ਼ੇਰਵੁੱਡ ਕਾਲਜ ਨੈਨੀਤਾਲ ਤੇ ਕਰੋੜੀ ਮੱਲ ਕਾਲਜ ਦਿੱਲੀ ਤੋਂ ਡਬਲ ਐਮ. ਏ. ਕਰਨ ਪਿੱਛੋਂ ਅਮਿਤ ਨੇ ਪਹਿਲਾਂ-ਪਹਿਲ ਸਟੇਜ ਅਦਾਕਾਰੀ ਤੇ ਫਿਰ ਟਰਾਂਸਪੋਰਟ ਕੰਪਨੀ 'ਚ ਨੌਕਰੀ ਕੀਤੀ। ਬਾਅਦ 'ਚ ਉਸ ਨੇ ਕੁਝ ਸਮਾਂ ਬਤੌਰ ਰੇਡੀਉ ਅਨਾਊਂਸਰ ਵੀ ਕੰਮ ਕੀਤਾ। ਅਦਾਕਾਰੀ ਦਾ ਸ਼ੌਂਕ ਉਸ ਨੂੰ ਮੁੰਬਈ ਲੈ ਆਇਆ ਜਿਥੇ ਖਵਾਜ਼ਾ ਅਹਿਮਦ ਅੱਬਾਸ ਨੇ 5000 ਰੁਪਏ ਵਿਚ ਸਾਈਨ ਕਰਕੇ 'ਅਮਿਤਾਭ ਬੱਚਨ' ਨਾਂ ਤਹਿਤ ਪਹਿਲੀ ਵਾਰ ਉਸ ਨੂੰ ਫ਼ਿਲਮ 'ਸਾਤ ਹਿੰਦੋਸਤਾਨੀ' ਜ਼ਰੀਏ 1969 'ਚ ਵੱਡੇ ਪਰਦੇ 'ਤੇ ਪੇਸ਼ ਕੀਤਾ। ਬੇਸ਼ੱਕ ਸ਼ਾਇਰ ਦੇ ਰੂਪ 'ਚ ਫ਼ਿਲਮ ਵਿਚਲੀ ਉਸ ਦੀ ਭੂਮਿਕਾ ਨੂੰ ਖ਼ੂਬ ਸਲਾਹਿਆ ਗਿਆ ਪਰ ਸੌਦਾਗਰ ਤੇ ਅਭਿਮਾਨ ਵਰਗੀਆਂ ਉਸ ਦੀਆਂ ਮੁੱਢਲੀਆਂ ਫ਼ਿਲਮਾਂ ਬਾਕਸ ਆਫਿਸ 'ਤੇ ਵਧੇਰੇ ਕਮਾਲ ਨਾ ਵਿਖਾ ਸਕੀਆਂ।

3 ਜੂਨ, 1973 ਨੂੰ ਉਹ ਫ਼ਿਲਮੀ ਅਦਾਕਾਰਾ ਜਯਾ ਭਾਦੁੜੀ ਨਾਲ ਵਿਆਹ ਦੇ ਪਵਿੱਤਰ ਬੰਧਨ 'ਚ ਬੱਝ ਗਿਆ। ਇਸ ਵਰ੍ਹੇ ਹੀ ਪ੍ਰਕਾਸ਼ ਮਹਿਰਾ ਦੇ ਨਿਰਦੇਸ਼ਨ ਹੇਠ ਉਸ ਦੀ ਫ਼ਿਲਮ 'ਜ਼ੰਜੀਰ' ਨੇ ਕਾਮਯਾਬੀ ਦੇ ਅਜਿਹੇ ਝੰਡੇ ਗੱਡੇ ਕਿ 'ਐਂਗਰੀ ਯੰਗਮੈਨ' ਦੇ ਖ਼ਿਤਾਬ ਨਾਲ ਨਿਵਾਜ਼ ਕੇ ਉਸ ਨੂੰ ਨਿਰੰਤਰ ਬੁਲੰਦੀਆਂ ਵੱਲ ਤੋਰ ਦਿੱਤਾ। ਜ਼ੰਜੀਰ ਪਿੱਛੋਂ ਅਮਿਤਾਭ ਬੱਚਨ ਨੇ ਮੁੜ ਕੇ ਪਿੱਛੇ ਨਹੀਂ ਵੇਖਿਆ ਤੇ ਇਕ ਤੋਂ ਬਾਅਦ ਇਕ ਸੁਪਰਹਿੱਟ ਫ਼ਿਲਮਾਂ ਦੀ ਝੜੀ ਲਾ ਦਿੱਤੀ। ਅਦਾਕਾਰੀ ਦੇ ਸੁਹਾਵਣੇ ਸਫ਼ਰ ਦੌਰਾਨ ਦੀਵਾਰ, ਤ੍ਰਿਸ਼ੂਲ, ਸ਼ਕਤੀ, ਪਰਵਰਿਸ਼, ਸੁਹਾਗ, ਰਾਸਤੇ ਕਾ ਪੱਥਰ, ਚੁਪਕੇ-ਚੁਪਕੇ, ਸ਼ਾਨ, ਕਭੀ-ਕਭੀ, ਦੇਸ਼-ਪ੍ਰੇਮੀ, ਕਾਲੀਆ, ਡਾਨ, ਲਾਵਾਰਿਸ, ਸ਼ਰਾਬੀ, ਰਾਮ-ਬਲਰਾਮ, ਦੋਸਤਾਨਾ, ਕਾਲਾ ਪੱਥਰ, ਯਾਰਾਨਾ, ਸੱਤੇ ਪੇ ਸੱਤਾ, ਸ਼ੋਅਲੇ, ਅਮਰ ਅਕਬਰ ਐਂਥੋਨੀ, ਮਰਦ, ਪੁਕਾਰ ਵਰਗੀਆਂ ਸੁਪਰਹਿੱਟ ਫ਼ਿਲਮਾਂ ਜ਼ਰੀਏ ਉਸ ਦੀ ਅਦਾਕਾਰੀ ਦਾ ਦਮਦਾਰ ਜਾਦੂ ਦਰਸ਼ਕਾਂ ਦੇ ਸਿਰ ਚੜ੍ਹ ਕੇ ਬੋਲਦਾ ਰਿਹਾ। ਛੇ ਫੁੱਟ ਤਿੰਨ ਇੰਚ ਕੱਦ-ਕਾਠ, ਬੁਲੰਦ ਆਵਾਜ਼, ਨਿੱਗਰ ਅਦਾਕਾਰੀ ਤੇ ਮਨਮੋਹਕ



ਸ਼ਖ਼ਸੀਅਤ ਵਾਲਾ ਇਹ ਪ੍ਰਤਿਭਾਸ਼ਾਲੀ ਕਲਾਕਾਰ ਦਲੀਪ ਕੁਮਾਰ ਵਾਂਗ ਆਪਣੇ ਜ਼ਮਾਨੇ ਦਾ ਸਭ ਤੋਂ ਮਹਿੰਗਾ ਕਲਾਕਾਰ ਹੋ ਨਿੱਬੜਿਆ। 'ਆਜ ਕਾ ਅਰਜੁਨ' ਲਈ ਪੂਰੀ ਫ਼ਿਲਮ ਇੰਡਸਟਰੀ 'ਚ ਪਹਿਲੀ ਵਾਰ ਕੇ.ਸੀ. ਬੋਕਾਡੀਆ ਨੇ ਉਸ ਨੂੰ ਇਕ ਕਰੋੜ ਰੁਪਏ ਵਿਚ ਸਾਈਨ ਕੀਤਾ ਸੀ। ਉਸ ਮਗਰੋਂ ਬਹੁਤ ਸਾਰੇ ਨਿਰਮਾਤਾਵਾਂ ਨੇ ਉਸ ਨੂੰ 5 ਤੋਂ 10 ਕਰੋੜ 'ਚ ਸਾਈਨ ਕਰਕੇ ਦਰਜਨਾਂ ਯਾਦਗਾਰੀ ਫ਼ਿਲਮਾਂ ਦਾ ਨਿਰਮਾਣ ਕਰਵਾਇਆ। 1983 'ਚ ਮਨਮੋਹਨ ਦੇਸਾਈ ਦੀ ਫ਼ਿਲਮ ਕੁਲੀ ਦੀ ਸ਼ੂਟਿੰਗ ਦੌਰਾਨ ਪੁਨੀਤ ਈਸਰ ਨਾਲ ਫ਼ਾਈਟਿੰਗ ਦੇ ਦ੍ਰਿਸ਼ ਦੌਰਾਨ ਵੱਖੀ 'ਚ ਲੋਹੇ ਦੇ ਮੇਜ਼ ਦੀ ਤਿੱਖੀ ਨੁੱਕਰ ਖੁੱਭਣ ਕਾਰਨ ਉਸ ਨੂੰ ਭਿਆਨਕ ਹਾਲਾਤ ਨਾਲ ਜੂਝਣਾ ਪਿਆ। ਇਲਾਜ ਦੌਰਾਨ 19 ਖ਼ੂਨ ਦੀਆਂ ਬੋਤਲਾਂ ਦੀ ਜ਼ਰੂਰਤ ਪਈ ਪਰ ਖ਼ੂਨ ਦੇਣ ਵਾਲੇ ਉਸ ਦੇ ਪ੍ਰਸ਼ੰਸਕਾਂ ਦਾ ਤਾਂਤਾ ਲੱਗ ਗਿਆ। ਆਪਣੇ ਜ਼ਮਾਨੇ ਦੀ ਨੰਬਰ ਵਨ ਅਭਿਨੇਤਰੀ ਰੇਖ਼ਾ ਨਾਲ ਉਸ ਦੇ ਪ੍ਰੇਮ-ਸਬੰਧਾਂ ਦਾ ਚਰਚਾ ਵੀ ਫ਼ਿਲਮ ਨਗਰੀ 'ਚ ਲੰਬਾ ਸਮਾਂ ਭਖ਼ਦਾ ਰਿਹਾ। ਆਪਣੇ ਛੋਟੇ ਭਰਾ ਅਜਿਤਾਭ ਬੱਚਨ ਦੇ ਕਾਫੀ ਸਮਾਂ ਬੋਫ਼ੋਰਜ਼ ਤੋਪ ਕੇਸ ਵਿਚ ਘਿਰੇ ਰਹਿਣ ਕਾਰਨ ਵੀ ਅਮਿਤਾਭ ਨੂੰ ਕਾਫੀ ਦੁਖਦਾਇਕ ਰੁਝੇਵਿਆਂ ਵਿਚੋਂ ਗੁਜ਼ਰਨਾ ਪਿਆ। ਰੁਝੇਵਿਆਂ ਤੋਂ ਸੁਰਖਰੂ ਹੁੰਦਿਆਂ ਹੀ ਉਸ ਨੇ ਗੰਗਾ ਯਮੁਨਾ ਸਰਸਵਤੀ, ਅਕੇਲਾ, ਆਜ਼ਾਦ, ਇਨਸਾਨੀਅਤ, ਅਗਨੀਪਥ, ਹਮ, ਤੂਫ਼ਾਨ, ਖ਼ੁਦਾ ਗਵਾਹ, ਸ਼ਹਿਨਸ਼ਾਹ, ਮ੍ਰਿਤਯੂਦਾਤਾ, ਮੇਜਰ ਸਾਹਬ ਜਿਹੀਆਂ ਫ਼ਿਲਮਾਂ ਜ਼ਰੀਏ ਬਾਲੀਵੁਡ 'ਚ ਧਮਾਕੇਦਾਰ ਪੁਨਰ ਪ੍ਰਵੇਸ਼ ਕੀਤਾ।

ਤਕਰੀਬਨ 180 ਫ਼ਿਲਮਾਂ ਬਣਾ ਚੁੱਕਾ ਬਿੱਗ ਬੀ 15 ਫ਼ਿਲਮਾਂ 'ਚ ਡਬਲ ਤੇ ਟ੍ਰਿਪਲ ਰੋਲ ਅਦਾ ਕਰ ਚੁੱਕਾ ਹੈ। ਬਹੁਤ ਸਾਰੀਆਂ ਫ਼ਿਲਮਾਂ 'ਚ ਬਤੌਰ ਪਿੱਠਵਰਤੀ ਗਾਇਕ ਗੀਤ ਰਿਕਾਰਡ ਕਰਵਾ ਕੇ ਉਸ ਨੇ ਆਪਣੀ ਸੰਗੀਤਕ ਕਾਬਲੀਅਤ, ਨਿੱਗਰ ਗਾਇਨ-ਸ਼ੈਲੀ ਤੇ ਪੁਖ਼ਤਾ ਆਵਾਜ਼ ਦਾ ਬਿਹਤਰੀਨ ਸਬੂਤ ਪੇਸ਼ ਕੀਤਾ ਹੈ। ਉਸ ਦੀ ਦਮਦਾਰ ਗਾਇਨ-ਸ਼ੈਲੀ ਤੇ ਆਵਾਜ਼ ਵਿਚਲੀ ਪੁਖ਼ਤਗੀ ਦੀ ਤਾਂ ਲਤਾ ਮੰਗੇਸ਼ਕਰ ਵੀ ਪ੍ਰਸ਼ੰਸਕ ਹੈ।

ਪਹਿਲੀ ਵਾਰ ਸੰਨ 2000 ਵਿਚ ਜਦ ਉਸ ਨੇ ਛੋਟੇ ਪਰਦੇ ਵਾਸਤੇ 'ਕੌਨ ਬਨੇਗਾ ਕਰੋੜਪਤੀ' ਰਾਹੀਂ ਦਰਸ਼ਕਾਂ ਦੇ ਸਨਮੁੱਖ ਪੇਸ਼ਕਾਰੀ ਕੀਤੀ ਤਾਂ ਸਿੱਟੇ ਵਜੋਂ ਇਹ ਟੀ. ਵੀ. ਦੇ ਇਤਿਹਾਸ ਦਾ ਸਭ ਤੋਂ ਵੱਧ ਹਰਮਨ-ਪਿਆਰਾ ਪ੍ਰੋਗਰਾਮ ਹੋ ਨਿਬੜਿਆ। ਅਭਿਨੈ ਦੇ ਇਸ ਸਿਕੰਦਰ ਨੂੰ ਹੁਣ ਤੀਕ ਕਈ ਕੌਮੀ ਤੇ ਕੌਮਾਂਤਰੀ ਪੁਰਸਕਾਰਾਂ ਤੇ ਵੱਕਾਰੀ ਖ਼ਿਤਾਬਾਂ ਨਾਲ ਨਵਾਜਿਆ ਜਾ ਚੁੱਕਾ ਹੈ। 1972 ਵਿਚ ਫ਼ਿਲਮ 'ਆਨੰਦ' ਤੇ 1974 'ਚ 'ਨਮਕ ਹਰਾਮ' ਵਾਸਤੇ ਫ਼ਿਲਮ ਫ਼ੇਅਰ ਵੱਲੋਂ ਉਸ ਨੂੰ ਬੈਸਟ ਸੁਪੋਰਟਿੰਗ ਐਵਾਰਡ ਦਿੱਤੇ ਗਏ। 1973 ਵਿਚ ਫ਼ਿਲਮ ਫ਼ੇਅਰ ਐਵਾਰਡ ਤੋਂ ਇਲਾਵਾ 1978 'ਚ ਅਮਰ ਅਕਬਰ ਐਂਥੋਨੀ, 1979 'ਚ ਡਾਨ ਤੇ 1992 'ਚ ਹਮ ਲਈ ਉਸ ਨੂੰ ਬੈਸਟ ਐਕਟਰ ਦੇ ਤੌਰ 'ਤੇ ਪੁਰਸਕਾਰਤ ਕੀਤਾ ਗਿਆ। ਸੰਨ 2000 ਵਿਚ ਉਸ ਨੂੰ 'ਸੁਪਰ ਸਟਾਰ ਆਫ਼ ਮਿਲੇਨੀਅਮ' ਤੇ 2002 'ਚ 'ਪਰਸਨੈਲਿਟੀ ਆਫ਼ ਦਿ ਯੀਅਰ' ਦੇ ਵਿਸ਼ੇਸ਼ ਐਵਾਰਡ ਦਿੱਤੇ ਗਏ। 1995 ਦੀ ਮਿਸ ਵਰਲਡ ਪ੍ਰਤੀਯੋਗਤਾ ਵਿਚ ਅਮਿਤਾਭ ਬੱਚਨ ਨੇ ਬਤੌਰ ਜਿਊਰੀ ਮੈਂਬਰ ਸ਼ਿਰਕਤ ਕੀਤੀ। ਵਿਸ਼ਵ ਦੇ ਚੋਣਵੇਂ ਸੁਪਰ ਸਟਾਰਜ਼ ਵਿਚੋਂ ਲਗਾਤਾਰ ਪੰਜ ਵਾਰ ਉਸ ਨੂੰ ਸ਼ੁੱਧ ਵੈਸ਼ਨੋ ਅਦਾਕਾਰ ਚੁਣਿਆ ਜਾ ਚੁੱਕਿਆ ਹੈ। ਆਪਣੇ 69ਵੇਂ ਜਨਮ-ਦਿਨ ਦੇ ਮੌਕੇ 'ਕੌਨ ਬਨੇਗਾ ਕਰੋੜਪਤੀ' ਦਾ ਚੌਥਾ ਅਧਿਆਇ ਉਸ ਨੇ ਸਫ਼ਲਤਾ ਨਾਲ ਦਰਸ਼ਕਾਂ ਦੇ ਰੂਬਰੂ ਕੀਤਾ ਹੈ।

# ਬਾਲ ਕਲਾਕਾਰ ਤੋਂ ਬਾਲੀਵੁੱਡ ਸਟਾਰ ਬਣੀ ਉਰਮਿਲਾ


ਬਾਲ ਕਲਾਕਾਰ ਦੇ ਤੌਰ 'ਤੇ ਕੈਰੀਅਰ ਸ਼ੁਰੂ ਕਰਨ ਵਾਲੇ ਘੱਟ ਹੀ ਕਲਾਕਾਰਾਂ ਨੂੰ ਸਟਾਰ ਦਾ ਦਰਜਾ ਮਿਲ ਸਕਿਆ ਹੈ ਪਰ ਉਰਮਿਲਾ ਮਾਤੋਂਡਕਰ ਨੂੰ ਇਹ ਮਾਣ ਹਾਸਲ ਹੈ। ਫ਼ਿਲਮ 'ਕਲਯੁੱਗ' (1980) 'ਚ ਸਿਰਫ 6 ਸਾਲ ਦੀ ਉਮਰ 'ਚ ਹੀ ਪਹਿਲੀ ਵਾਰ ਕੈਮਰੇ ਦਾ ਸਾਹਮਣਾ ਕਰਨ ਵਾਲੀ ਉਰਮਿਲਾ ਭਾਵੇਂ ਮਾਇਆਨਗਰੀ ਦੀ ਨੰਬਰ ਇਕ ਹੀਰੋਇਨ ਦੀ ਦੌੜ 'ਚ ਨਾ ਜਿੱਤ ਸਕੀ ਹੋਵੇ ਪਰ ਇਕ ਸਟਾਰ ਦਾ ਦਰਜਾ ਹਾਸਲ ਕਰਨ 'ਚ ਉਹ ਸਫਲ ਹੈ। ਬਾਲ ਕਲਾਕਾਰ ਦੇ ਤੌਰ 'ਤੇ ਉਸ ਦੀ ਸਭ ਤੋਂ ਚਰਚਿਤ ਫ਼ਿਲਮ 'ਮਾਸੂਮ' (1983) ਰਹੀ। ਇਸ ਤੋਂ ਇਲਾਵਾ ਉਸ ਨੇ 'ਸੁਰ ਸੰਗਮ', 'ਡਕੈਤ', 'ਜ਼ਿੰਦਗੀ', 'ਬੜੇ ਘਰ ਕੀ ਬੇਟੀ' ਆਦਿ ਫ਼ਿਲਮਾਂ 'ਚ ਵੀ ਬਾਲ ਕਲਾਕਾਰ ਦੇ ਤੌਰ 'ਤੇ ਅਦਾਕਾਰੀ ਕੀਤੀ। 4 ਫਰਵਰੀ 1974 ਨੂੰ ਮੁੰਬਈ 'ਚ ਪੈਦਾ ਹੋਈ ਉਰਮਿਲਾ ਨੇ ਫ਼ਿਲਮ 'ਨਰਸਿਮ੍ਹਾ' (1991) ਨਾਲ 17 ਸਾਲ ਦੀ ਉਮਰ 'ਚ ਬਤੌਰ ਲੀਡ ਹੀਰੋਇਨ ਆਪਣੀ ਸ਼ੁਰੂਆਤ ਕਰ ਦਿੱਤੀ ਸੀ ਪਰ ਉਸ ਨੂੰ ਅਸਲ ਸਫਲਤਾ ਫ਼ਿਲਮ 'ਰੰਗੀਲਾ' (1995) ਨੇ ਦਿਵਾਈ।



'ਰੰਗੀਲਾ' 'ਚ ਨਿਰਦੇਸ਼ਕ ਰਾਮ ਗੋਪਾਲ ਵਰਮਾ ਨੇ ਉਰਮਿਲਾ ਨੂੰ ਬਿਲਕੁਲ ਨਵੇਂ ਰੂਪ 'ਚ ਪੇਸ਼ ਕੀਤਾ ਸੀ। ਫ਼ਿਲਮ ਨੇ 'ਗਰਲ ਨੈਕਸਟ ਡੋਰ' ਵਾਲੀ ਉਸ ਦੀ ਇਮੇਜ਼ ਨੂੰ ਰਾਤੋ-ਰਾਤ ਬਦਲ ਦਿੱਤਾ। 'ਰੰਗੀਲਾ' ਤੋਂ ਬਾਅਦ ਉਰਮਿਲਾ ਨੇ ਰਾਮ ਗੋਪਾਲ ਵਰਮਾ ਨਾਲ ਕਈ ਫ਼ਿਲਮਾਂ ਕੀਤੀਆਂ। ਉਸ ਨਾਲ ਉਰਮਿਲਾ ਦੇ ਰੋਮਾਂਸ ਦੀਆਂ ਖ਼ਬਰਾਂ ਵੀ ਉਡਦੀਆਂ ਰਹੀਆਂ। ਉਸ ਨੇ ਸ਼ਾਹਰੁਖ ਖਾਨ ਨਾਲ ਫ਼ਿਲਮ 'ਚਮਤਕਾਰ' 'ਚ ਵੀ ਕਾਫੀ ਲੋਕਪ੍ਰਿਯਤਾ ਹਾਸਲ ਕੀਤੀ। ਭਾਵੇਂ ਕੈਰੀਅਰ ਦੀ ਸ਼ੁਰੂਆਤ 'ਚ ਉਰਮਿਲਾ ਨੇ ਜ਼ਿਆਦਾਤਰ ਗਲੈਮਰਸ ਕਿਰਦਾਰ ਨਿਭਾਏ ਪਰ ਇਕ ਵਾਰ ਮਾਇਆਨਗਰੀ 'ਚ ਪੈਰ ਪੱਕੇ ਕਰ ਲੈਣ ਪਿੱਛੋਂ ਉਸ ਨੇ ਵੱਖ-ਵੱਖ ਤਰ੍ਹਾਂ ਦੇ ਕਿਰਦਾਰਾਂ 'ਚ ਵੀ ਹੱਥ ਅਜ਼ਮਾਉਣੇ ਸ਼ੁਰੂ ਕਰ ਦਿੱਤੇ। ਫ਼ਿਲਮ 'ਜੁਦਾਈ' ਇਕ ਵੱਡੀ ਹਿੱਟ ਰਹੀ ਜਿਸ 'ਚ ਉਸ ਦੀ ਦਮਦਾਰ ਅਦਾਕਾਰੀ ਲਈ ਕਾਫੀ ਸਿਫਤ ਵੀ ਹੋਈ। ਇਸੇ ਤਰ੍ਹਾਂ ਦੀ ਸਿਫਤ ਉਸ ਨੂੰ 'ਸਤਿਆ' 'ਚ ਆਪਣੇ ਨਾਨ-ਗਲੈਮਰਸ ਕਿਰਦਾਰ ਲਈ ਵੀ ਮਿਲੀ। 'ਕੌਨ' 'ਚ ਇਕ ਸਾਈਕੋਪੈਥ ਦੇ ਉਸ ਦੇ ਕਿਰਦਾਰ ਲਈ ਉਸ ਨੇ ਵਾਹ-ਵਾਹ ਤਾਂ ਖੱਟੀ ਹੀ, 'ਜਾਨਮ ਸਮਝਾ ਕਰੋ', 'ਹਮ ਤੁਮ ਪੇ ਮਰਤੇ ਹੈਂ' ਤੇ 'ਖ਼ੂਬਸੂਰਤ' ਨੇ ਵੀ ਬਾਕਸ ਆਫਿਸ 'ਤੇ ਚੰਗਾ ਬਿਜ਼ਨੈਸ ਕੀਤਾ। ਸਾਲ 2000 ਤੋਂ ਬਾਅਦ ਉਰਮਿਲਾ ਨੇ ਹੋਰ ਵਧੀਆ ਅਦਾਕਾਰੀ ਦਾ ਸਬੂਤ ਦਿੱਤਾ ਜਿਨ੍ਹਾਂ 'ਚ 'ਪਿਆਰ ਤੂਨੇ ਕਯਾ ਕੀਆ' ਖਾਸ ਤੌਰ 'ਤੇ ਜ਼ਿਕਰਯੋਗ ਹੈ ਜਿਸ 'ਚ ਉਸ ਨੇ ਨਾਕਾਰਾਤਮਕ ਕਿਰਦਾਰ ਨਿਭਾਇਆ ਸੀ।

ਸਾਲ 2003 'ਚ ਉਸ ਨੇ ਦੇਸ਼ ਦੀ ਵੰਡ 'ਤੇ ਬਣੀ ਫ਼ਿਲਮ 'ਪਿੰਜਰ' 'ਚ ਆਪਣੀ ਕਮਾਲ ਦੀ ਅਦਾਕਾਰੀ ਨਾਲ ਸਭ ਨੂੰ ਹੈਰਾਨ ਕਰ ਦਿੱਤਾ। ਇਸੇ ਦੌਰਾਨ 'ਤਹਿਜ਼ੀਬ' ਤੇ 'ਭੂਤ' 'ਚ ਪ੍ਰੇਤ ਆਤਮਾ ਦੇ ਕਾਬੂ 'ਚ ਆਈ ਕੁੜੀ ਦੇ ਕਿਰਦਾਰ ਉਸ ਨੇ ਨਿਭਾਏ। ਅਗਲੇ ਸਾਲ 2004 'ਚ ਰਾਮ ਗੋਪਾਲ ਵਰਮਾ ਦੀ ਫ਼ਿਲਮ 'ਏਕ ਹਸੀਨਾ ਥੀ' 'ਚ ਉਰਮਿਲਾ ਨੇ ਧੋਖਾ ਦੇਣ ਵਾਲੇ ਪ੍ਰੇਮੀ ਤੋਂ ਬਦਲਾ ਲੈਣ ਵਾਲੀ ਪ੍ਰੇਮਿਕਾ ਦਾ ਕਿਰਦਾਰ ਬਾਖ਼ੂਬੀ ਨਿਭਾਇਆ ਸੀ। ਸਾਲ 2005 'ਚ 'ਮੈਨੇ ਗਾਂਧੀ ਕੋ ਨਹੀਂ ਮਾਰਾ' 'ਚ ਵੀ ਉਰਮਿਲਾ ਦੀ ਅਦਾਕਾਰੀ ਨੂੰ ਕਾਫੀ ਸਰਾਹਿਆ ਗਿਆ। ਸਾਲ 2008 'ਚ ਹਿਮੇਸ਼ ਰੇਸ਼ਮੀਆ ਨਾਲ ਅਦਾਕਾਰੀ ਕੀਤੀ। ਹੁਣ ਉਰਮਿਲਾ 37 ਸਾਲਾਂ ਦੀ ਹੋ ਚੁੱਕੀ ਹੈ। ਇਸ ਸਾਲ ਸੁਨਹਿਰੀ ਪਰਦੇ 'ਤੇ ਸ਼ਾਇਦ ਉਹ ਨਜ਼ਰ ਨਹੀਂ ਆਏਗੀ ਪਰ 'ਅਬ ਦਿੱਲੀ ਦੂਰ ਨਹੀਂ' ਨਾਮੀ ਐਨੀਮੇਟਿਡ ਫ਼ਿਲਮ 'ਚ ਉਸ ਦੀ ਆਵਾਜ਼ ਜ਼ਰੂਰ ਸੁਣਨ ਨੂੰ ਮਿਲੇਗੀ।

ਅੱਜਕਲ ਉਹ ਛੋਟੇ ਪਰਦੇ ਦੇ ਪ੍ਰੋਗਰਾਮਾਂ 'ਚ ਵੀ ਅਕਸਰ ਨਜ਼ਰ ਆਉਂਦੀ ਰਹਿੰਦੀ ਹੈ। ਉਰਮਿਲਾ ਨੇ ਹਮੇਸ਼ਾ ਤੋਂ ਬੇਹਤਰੀਨ ਨ੍ਰਿਤ ਨਾਲ ਦਰਸ਼ਕਾਂ ਨੂੰ ਆਪਣੇ ਦੀਵਾਨੇ ਬਣਾਇਆ ਹੈ। ਇਹੀ ਕਾਰਨ ਹੈ ਕਿ ਅਦਾਕਾਰੀ 'ਚ ਇਕ ਸਫਲ ਕੈਰੀਅਰ ਦੇ ਨਾਲ-ਨਾਲ ਇਕ ਬੇਹਤਰੀਨ ਨ੍ਰਿਤਕੀ ਦੇ ਰੂਪ 'ਚ ਵੀ ਉਹ ਪ੍ਰਸਿੱਧ ਹੈ। ਉਸ ਨੇ ਕਈ ਆਈਟਮ ਨੰਬਰਾਂ 'ਚ ਆਪਣੇ ਰੂਪ ਤੇ ਨ੍ਰਿਤ ਦੇ ਜਲਵਿਆਂ ਨਾਲ ਦਰਸ਼ਕਾਂ ਨੂੰ ਮੰਤਰ-ਮੁਗਧ ਕੀਤਾ ਹੈ ਜਿਨ੍ਹਾਂ 'ਚ 'ਚਾਈਨਾ ਗੇਟ' ਦਾ 'ਛੰਮਾ-ਛੰਮਾ' ਤੇ 'ਲੱਜਾ' ਦਾ 'ਆਈਏ ਆ ਜਾਈਏ' ਸ਼ਾਮਲ ਹਨ।




Vista CCTV TECHNOLOGY
A leader of worldwide CCTV surveillance
Now buy Vista Products
Www.ezchase.com
(Division of vista cctv tech.)
Protect Your home and Business
Now 700 T.V. Line HD Camera available
PRO PACKAGE
$599
ADVANCE PACKAGE
$1199
14 years old experience in cctv tech.
We install anywhere in California
*H.264 Network DVR
*D1 Resolution
*Real Time Recording
*Dual Streaming Multiplex
*Remote Control
*CMS Central Station
*DDNS Supported
*HDD/DVD-RW/USB Backup
*PTZ Control
BEST PRICE GUARANTEE
View CCTV on your iPhone!
3G Mobile Monitoring
Call Direct: Sukhpal@661-586-5080
Customer Service: 1-800-235-1391
Email: commvision@sbcglobal.net


ਇੰਡੀਆ ਕਾਲ ਕਰਨ ਲਈ ਸਭ ਤੋਂ
ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25
2000
MINUTES*
* SOME RESTRICTIONS APPLY
✓ No Pin Needed
✓ No Connection Fee
✓ No Monthly Fee
USE FROM HOME OR CELL PHONE
GlobeTel Comm.
ਇਹ ਸਰਵਿਸ ਹਰ ਦੇਸ਼ ਲਈ ਵਰਤੋ।
ਪੰਜਾਬੀ, ਹਿੰਦੀ ਜਾਂ ਅੰਗਰੇਜ਼ੀ ਵਿਚ ਹੋਰ ਜਾਣਕਾਰੀ ਲਈ ਕਾਲ ਕਰੋ:
1.800.914.1013


WRONGFUL DEATH | AUTO | PEDESTRIAN | BICYCLE | DOG BITES | TRUCK ACCIDENTS
LAW OFFICES OF | MARK COHEN
ਪਿਛਲੇ 27 ਸਾਲ ਤੋਂ ਫਰੀਮਾਂਟ, ਨਿਊਆਰਕ,
ਯੂਨੀਅਨ ਸਿਟੀ ਅਤੇ ਬੇ-ਏਰੀਆ ਦੀ ਸੇਵਾ ਵਿਚ
"I take your accident personally"
Free initial consultation. No fee if no recovery.
ਮੁਢਲਾ ਸਲਾਹ ਮਸ਼ਵਰਾ ਬਿਲਕੁਲ ਮੁਫਤ, ਕੋਈ ਮੁਆਵਜ਼ਾ ਨਹੀਂ ਕੋਈ ਫੀਸ ਨਹੀਂ
Please visit our web site for more information
www. markcohenlaw.com or call us at 510.792.4008
ਕਾਨੂੰਨ ਪ੍ਰਤੀ ਸਮੁਚਿਤ ਪਹੁੰਚ ਵਾਲੀ ਪਰਸਨਲ ਇੰਜਰੀ ਲਾਅ ਪ੍ਰੈਕਟਿਸ। ਪਰਸਨਲ ਇੰਜਰੀ ਲਾਅ, ਫਾਰ ਪ੍ਰਾਫਿਟ, ਨਾਨ ਪ੍ਰਾਫਿਟ ਅਤੇ ਧਾਰਮਿਕ ਕਾਰਪੋਰੇਸ਼ਨਾਂ, ਅਤੇ ਭੂਮੀ ਦੀ ਵਰਤੋਂ 'ਤੇ ਜ਼ੋਨਿੰਗ ਲਾਅ ਵਿਚ 27 ਸਾਲ ਦਾ ਤਜ਼ਰਬਾ। "ਕਿਉਂਕਿ ਕਾਨੂੰਨ ਦੇ ਇਕ ਖੇਤਰ ਬਾਰੇ ਹੀ ਜਾਣਕਾਰੀ ਕਾਫੀ ਨਹੀਂ ਹੈ।"
STOP

# ਗਦਰ ਮੈਮੋਰੀਅਲ ਫਾਊਂਡੇਸ਼ਨ ਆਫ ਅਮਰੀਕਾ, ਸੈਕਰਾਮੈਂਟੋ

# ਗਦਰ ਮੈਮੋਰੀਅਲ ਕਾਨਫਰੰਸ ਅਤੇ ਸੱਭਿਆਚਾਰਕ ਮੇਲਾ

**2 ਜੁਲਾਈ 2011 ਦਿਨ ਸ਼ਨੀਵਾਰ ਨੂੰ ਸਵੇਰੇ 11 ਵਜੇ ਤੋਂ ਸ਼ਾਮ 7 ਵਜੇ ਤੱਕ**

ਸਥਾਨ : Performing Art Center, Sheldon High School, 8333 Kings bridge Dr. Sacramento CA 95829
Directions : From Hwy 99, Exit (289) Calvin Road, Left at Kings Bridge Rd, Performing Art Center on right

ਨਾਟਕ ਦਾ ਮੰਚਨ : **ਪਤਣਾਂ ਤੇ ਰੋਣ ਖੜੀਆਂ** – ਡਾਇਰੈਕਟਰ : ਸੁਰਿੰਦਰ ਧਨੋਆ

**Free : Entry, Parking, Food and Tea**

11 ਵਜੇ ਤੋਂ 12:30 ਤੱਕ – ਦੇਸ਼ ਭਗਤ ਵਿਰਾਸਤ ਦੀ ਪੇਸ਼ਕਾਰੀ, ਕਵਿਤਾ, ਸੂਫੀਕਲਾਮ, ਸ਼ਿਵ, ਸੰਤਰਾਮ ਉਦਾਸੀ ਅਤੇ ਪਾਸ਼ ਦੇ ਗੀਤ

ਕਲਾਕਾਰ :

ਗੀਤਕਾਰ ਕੁਮਾਰ ਖਟਕੜ, ਸੁਲਤਾਨ ਅਖਤਰ, ਪੰਮੀ ਮਾਨ, ਪ੍ਰਿੰਸੀਪਲ ਹਰਜਿੰਦਰ ਸਿੰਘ ਮੱਟੂ, ਰਾਜ ਬਰਾੜ, ਪ੍ਰੋ ਜਿਉਤੀ ਸਿੰਘ, ਹਰਜਿੰਦਰ ਸਿੰਘ ਕੰਗ, ਹਰਜਿੰਦਰ ਸਿੰਘ, ਨੀਲਮ, ਤਾਰਾ ਸਾਗਰ, ਤ੍ਰਿਪਤ ਸਿੰਘ ਭੱਟੀ ਅਤੇ ਕੁਲਦੀਪ ਸਿੰਘ ਢੀਂਡਸਾ, ਕੁਲਵਿੰਦਰ, ਜਗਜੀਤ ਨੌਸ਼ਹਿਰਵੀ, ਸੁਰਿੰਦਰ ਸ਼ੀਰਤ, ਰੇਸ਼ਮ ਸਿੰਘ ਅਤੇ ਦਲਬੀਰ ਨਿੱਝਰ

ਉਦਘਾਟਨ ਕਾਨਫਰੰਸ : ਡਾ: ਗੁਰਮੇਲ ਸਿੰਘ ਸਿੱਧੂ, ਫਰਿਜ਼ਨੋ ਸਟੇਟ ਯੂਨੀਵਰਸਿਟੀ, ਪਰਮੁੱਖ ਸਾਹਿਤਕਾਰ ਅਤੇ ਅਲੋਚਕ
ਮੁਖ ਮਹਿਮਾਨ ਅਤੇ ਪ੍ਰਧਾਨਗੀ ਭਾਸ਼ਣ : ਡਾ: ਜਸਵਿੰਦਰ ਸਿੰਘ ਮੁਖੀ ਪੰਜਾਬੀ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ, ਪ੍ਰਿੰਸੀਪਲ ਵੀਰ ਸਿੰਘ ਰੰਧਾਵਾ
ਪੇਪਰ ਪੇਸ਼ ਕਰਨਗੇ : ਡਾ: ਰਘਬੀਰ ਸਿੰਘ ਸਿਰਜਣਾ ਪੰਜਾਬੀ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ, ਉਜਾਗਰ ਸਿੰਘਠ ਡੀ.ਈ.ਓ.
ਬਹਿਸ ਸ਼ੁਰੂ ਕਰਨਗੇ : ਡਾ: ਧਨਵੰਤ ਕੌਰ ਮੁਖੀ ਵਿਓਂਤ ਵਿਕਾਸ ਵਿਭਾਗ, ਡਾ: ਮਨਮੋਹਨ ਦੀਪਕ ਸਿੰਘ ਡਾਇਰੈਕਟਰ ਵਰਲਡ ਪੰਜਾਬੀ ਸੈਂਟਰ ਪਟਿਆਲਾ
ਪ੍ਰੋ: ਡਾ: ਸਾਧੂ ਸਿੰਘ ਸਾਬਕਾ ਪੀ. ਏ. ਯੂ. ਲੁਧਿਆਣਾ, ਹਰਪਾਲ ਸਿੰਘ ਗਿੱਲ ਟ੍ਰਿਪਲ ਐਮ. ਏ., ਉਜਾਗਰ ਸਿੰਘ ਡੀ. ਈ. ਓ.

## ਕਾਨਫਰੰਸ ਦਾ ਵਿਸ਼ਾ : ਗਦਰ ਲਹਿਰ ਦੀ ਸਮਕਾਲੀ ਸਮੇਂ ਵਿੱਚ ਪ੍ਰਸੰਗਿਕਤਾ

**ਆਪ ਜੀ ਨੂੰ ਪਰਿਵਾਰ ਸਮੇਤ ਇਸ ਪ੍ਰੋਗਰਾਮ ਵਿੱਚ ਸ਼ਾਮਿਲ ਹੋਣ ਲਈ ਹਾਰਦਿਕ ਸੱਦਾ ਦਿੱਤਾ ਜਾਂਦਾ ਹੈ**

ਭਾਰਤ ਦੀ ਆਜ਼ਾਦੀ ਦੇ ਸੰਗਰਾਮ ਸਬੰਧੀ ਬੁੱਕ ਦੇ ਸਪਾਂਸਰ : ਕੁਲਦੀਪ ਸਿੰਘ ਅਟਵਾਲ, ਸੁਰਜੀਤ ਸਿੰਘ ਅਟਵਾਲ, ਨਿੱਝਰ ਬ੍ਰਦਰਜ਼, ਗੁਰਇਕਬਾਲ ਸਿੰਘ ਕੰਗ, ਸਰਬਜੀਤ ਸਿੰਘ KTX, ਡਾ: ਉਪਿੰਦਰ ਸਿੰਘ, ਸੁੱਚਾ ਸਿੰਘ ਵਾਈਸੇਲੀਆ, ਬਲਵਿੰਦਰ ਸਿੰਘ ਲੈਥਰੋਪ, ਬਲਰਾਜ ਸਿੰਘ ਪੰਨੂੰ, ਨਿਰਮਲ ਸਿੰਘ ਵਿਰਕ, ਬਹਾਦਰ ਸਿੰਘ ਪ੍ਰਧਾਨ, ਦਲਜੀਤ ਸਿੰਘ ਔਰੇਗਨ, ਦਰਸ਼ਨ ਸਿੰਘ ਢੋਟ, ਮੁਖਤਿਆਰ ਸਿੰਘ ਮਰੋਕ, ਮੁਖਤਿਆਰ ਸਿੰਘ LA

ਮੁੱਖ ਸਪਾਂਸਰ : ਡਾ: ਦਲਜੀਤ ਸਿੰਘ, ਕੰਵਰ ਕਸ਼ਮੀਰ ਸਿੰਘ, ਹੈਰੀ ਗਿੱਲ, ਅਵਤਾਰ ਗਿੱਲ, ਬਲਕਾਰ ਸਿੰਘ, ਸੁਖਵਿੰਦਰ ਕੰਬੋਜ਼, ਹਰਜਿੰਦਰ ਸਿੰਘ ਮੱਟੂ, ਇੰਦਰਜੀਤ ਸਿੰਘ ਗਿੱਲ, ਅਵਤਾਰ ਸਿੰਘ ਡੋਡ, ਅਮਰੀਕ ਸਿੰਘ ਲੋਡਾਈ, ਸੁਖਦੇਵ ਸਿੰਘ ਗਿੱਲ, ਕੁਲਵਿੰਦਰ ਸਿੰਘ ਸੰਨੀ, ਤਰਲੋਚਨ ਸਿੰਘ ਨਾਗਰਾ, ਮਹਿੰਦਰ ਸਿੰਘ ਦੋਸਾਂਝ, ਬਲਿਹਾਰ ਸਿੰਘ ਦੋਸਾਂਝ, ਬੁਲੀਨਾ ਬ੍ਰਦਰਜ਼, ਪਰਮਜੀਤ ਭੁੱਟਾ, ਜਸਕਰਨ ਸਿੰਘ ਬੋਪਾਰਾਏ, ਗੁਰਬਖਸ਼ੀਸ਼ ਸਿੰਘ ਗਰੇਵਾਲ, ਕਰਨੈਲ ਸਿੰਘ, ਅਜੀਤ ਸਿੰਘ ਟਰਲਕ, ਤਰਲੋਚਨ ਸਿੰਘ, ਨਿਰਮਲ ਸਿੰਘ, ਜਸਵੀਰ ਸਿੰਘ, ਗੁਰਦੀਪ ਸਿੰਘ ਨਿੱਝਰ ਫਰਿਜ਼ਨੋ, ਕੁਲਵੰਤ ਸਿੰਘ ਜਸਪਾਲ ਸਿੰਘ, ਜਗਮੋਹਨ ਸਿੰਘ, ਜਸਵੀਰ ਸਿੰਘ, ਬਲਵੀਰ ਸਿੰਘ ਟੂਲੇਰੀ, ਸੰਤੋਖ ਸਿੰਘ ਜੱਜ, ਸੁਰਜੀਤ ਸਿੰਘ, ਹਰਜਿੰਦਰ ਸਿੰਘ, ਦਵਿੰਦਰ ਸਿੰਘ, ਸੁਖਜਿੰਦਰ ਸਿੰਘ ਲਿਵਰਮੋਰ, ਮੱਖਣ ਸਿੰਘ ਜੱਜ, ਦੀਦਾਰ ਸਿੰਘ, ਬਲਵੀਰ ਸਿੰਘ, ਅਜੀਤ ਸਿੰਘ, ਮਨਜੀਤ ਸਿੰਘ, ਮੋਹਣ ਸਿੰਘ, ਸਵਰਨ ਸਿੰਘ, ਅਮਰਜੀਤ ਸਿੰਘ, ਹਰਦੇਵ ਸਿੰਘ, ਮੁਖਤਿਆਰ ਸਿੰਘ ਟਰੇਸੀ, ਜਰਨੈਲ ਸਿੰਘ, ਹਰੀ ਸਿੰਘ, ਸੁੱਚਾ ਸਿੰਘ, ਗੁਰਮੀਤ ਸਿੰਘ ਮਨਟੀਕਾ, ਬਲਵਿੰਦਰ ਸਿੰਘ, ਕਸ਼ਮੀਰ ਸਿੰਘ, ਬਲਬੀਰ ਸਿੰਘ, ਅਜੀਤ ਸਿੰਘ, ਬਲਜਿੰਦਰ ਸਿੰਘ, ਗੁਰਚਰਨ ਸਿੰਘ ਮੋਤੀ, ਬਖਸ਼ੀਸ਼ ਸਿੰਘ, ਕੁਲਦੀਪ ਸਿੰਘ, ਬਲਜੀਤ ਸਿੰਘ ਮੁੱਤੀ, ਬਲਜਿੰਦਰ ਸਿੰਘ ਅਤੇ ਗੁਰਮੀਤ ਸਿੰਘ ਸ਼ਾਫਟਰ, ਹਰਵਿੰਦਰ ਸਿੰਘ Indio, ਟੇਕ ਸਿੰਘ ਸੁਖਵੀਰ ਸਿੰਘ ਔਰੇਗਨ, ਗੁਲਜ਼ਾਰ ਸਿੰਘ, ਸਰਪੰਚ ਰਤਨ ਸਿੰਘ, ਗੁਰਦੀਸ਼ ਸਿੰਘ ਮੋਮੀ, ਪ੍ਰੋਸ਼ਤਮ ਸਿੰਘ ਅਤੇ ਰਾਣਾ LA, ਦਿਲਬਾਗ ਸਿੰਘ ਸ਼ਿਆਟਲ, Charnjit Counties Bank

### ਰਿਸੈਪਸ਼ਨ ਕਮੇਟੀ

ਡਾ: ਦਲਜੀਤ ਸਿੰਘ, ਗੁਰਇਕਬਾਲ ਕੰਗ, ਇੰਦਰਜੀਤ ਗਿੱਲ, ਅਵਤਾਰ ਡੋਡ, ਸਰਬਜੀਤ KTX, ਤਰਲੋਚਨ ਨਾਗਰਾ, ਜੱਸੀ ਬੰਗਾ, ਜਨਕ ਰਾਜ, ਜਸਕਰਨ ਬੋਪਾਰਾਏ

### ਲੰਗਰ ਕਮੇਟੀ

ਜਥੇਦਾਰ ਬਲਬੀਰ ਸਿੰਘ, ਸਤਬੀਰ ਸਿੰਘ ਬਾਜਵਾ, ਹਰਪਾਲ ਸਿੰਘ ਮਾਨ, ਯਾਦਵਿੰਦਰ ਸਿੰਘ ਗਿੱਲ ਸਤਿੰਦਰ ਪਾਲ ਸਿੰਘ ਸਰਹੱਦੀ, ਰਮਨਦੀਪ ਸਿੰਘ ਸੰਧੂ ਗਾਲਟ

### ਪ੍ਰਬੰਧਕ ਕਮੇਟੀ

ਸਲਾਹਕਾਰ : ਡਾ: ਗੁਰਮੇਲ ਸਿੰਘ ਸਿੱਧੂ, ਡਾ: ਗੁਰਦੇਵ ਖੁਸ਼, ਡਾ: ਉਪਿੰਦਰ ਸਿੰਘ, ਸੁੱਚਾ ਸਿੰਘ ਵਾਈਸੇਲੀਆ, ਗੁਰਇਕਬਾਲ ਸਿੰਘ ਕੰਗ, ਕੁਲਦੀਪ ਸਿੰਘ ਯੂਬਾ ਸਿਟੀ, ਚਰਨ ਸਿੰਘ ਜੱਜ, ਸੁਰਜੀਤ ਸਿੰਘ ਅਟਵਾਲ (ਮੀਤ ਪ੍ਰਧਾਨ), ਕੁਲਦੀਪ ਸਿੰਘ ਅਟਵਾਲ (ਵਾਇਸ ਚੇਅਰਮੈਨ), ਜਨਕਰਾਜ ਸਿਪਰਾ (ਡਾਇਰੈਕਟਰ), ਬਲਕਾਰ ਸਿੰਘ (ਨਿਊ ਟੈਕ ਕਮੇਟੀ ਮੈਂਬਰ) ਜਗਜੀਤ ਸਿੰਘ ਕੰਦੋਲਾ (ਸਕੱਤਰ), ਜਰਨੈਲ ਸਿੰਘ ਮੰਡੇਰ (ਚੇਅਰਮੈਨ), ਕੰਵਰ ਕਸ਼ਮੀਰ ਸਿੰਘ (ਖਜ਼ਾਨਚੀ), ਸੁਖਵਿੰਦਰ ਸਿੰਘ (ਇੰਚਾਰਜ ਮੀਡੀਆ), ਜਥੇ: ਬਲਬੀਰ ਸਿੰਘ (ਕਮੇਟੀ ਮੈਂਬਰ)

**916-968-0901, 209-769-4784, 916-698-4245, 925-435-7329**

**Food from : INDIA SWEETS AND CATERING, FLAMING BANQUET HALL**
7900 Florm Rd, Sacramento CA Tel : 916-392-9999

Quik Signs 661-703-8795 661-900-7357